ਰੂਸੀ
ਲੋਕ ਕਹਾਣੀਆਂ

ਰੂਮੀ

ਲੋਕ ਕਹਾਣੀਆਂ

Русские народные сказки

ИЗДАТЕЛЬСТВО «РАДУГА»
МОСКВА

ਰੂਸੀ
ਲੋਕ ਕਹਾਣੀਆਂ



ਰਾਦੂਗਾ ਪ੍ਰਕਾਸ਼ਨ
ਮਾਸਕੋ

ਤਤਕਰਾ
ਪਾਠਕ ਨੂੰ

ਅਨੁਵਾਦਕ : ਕਰਨਜੀਤ ਸਿੰਘ

ਰੂਪਕਾਰ : ਓਗਰਿਨ

РУССКИЕ НАРОДНЫЕ СКАЗКИ
На языке панджаби

Russian Folk Tales
in Punjabi

© ਪੰਜਾਬੀ ਅਨੁਵਾਦ, ਰਾਦੂਗਾ ਪ੍ਰਕਾਸ਼ਨ, ਮਾਸਕੋ, ੧੯੮੪
ਸੋਵੀਅਤ ਯੂਨੀਅਨ ਵਿਚ ਛਪਿਆ

P $\frac{48030000000-651}{031(01)-84}$ 318-84

ਤਤਕਰਾ

	ਪੰਨਾ
ਪ੍ਰਕਾਸ਼ਕ ਵਲੋਂ	੭
ਆਟੇ ਦਾ ਲੱਡੂ	੧੩
ਕੁਕੜ ਤੇ ਦਾਣਾ	੧੮
ਥੀਬਾ ਕੁਕੜ	੨੧
ਲੂੰਬੜ ਤੇ ਬਘਿਆੜ	੨੬
ਲੂੰਬੜ ਤੇ ਸਾਰਸ	੩੦
ਠਕੜ-ਲੱਤਾ ਰਿੱਛ	੩੨
ੇਕਸਾਨ ਤੇ ਰਿੱਛ	੩੫
ਾਨੌਰਾਂ ਦਾ ਸਿਆਲ-ਨਿਵਾਸ	੩੭
ਖੱਦਰਾ ਕਿਸਾਂਨ	੪੩
ਸੱਤ-ਵਰ੍ਹਿਆਂ-ਦੀ	੪੮
ਕੁਹਾੜੇ ਦਾ ਦਲੀਆ	੫੩
ੰਤ ਤੇ ਫੌਜੀ	੫੫
ਤਲਾਧੜ ਵਹੁਟੀ	੬੯
ਤਵੱਬ ਆਦਮੀ ਨੇ ਆਪਣੇ ਮਾਲਕ ਨਾਲ ਰੋਟੀ ਕਿਵੇਂ ਖਾਧੀ	੭੪
ੁਵਾਚੀ	੭੬
ਵਾੂ ਕੱਕਰ	੮੩
ਹੰਸ ਤੇ ਬਾਲੜੀ	੮੯
ਨੰਨ੍ਹੀ ਜਿਹੀ ਹਾਵਰੋਸ਼ੇਚਕਾ	੯੩

ਭੈਣ ਅਲੀਓਨੂਸ਼ਕਾ ਤੇ ਭਰਾ ਇਵਾਨੂਸ਼ਕਾ	੯੮
ਡੱਡ ਰਾਜਕੁਮਾਰੀ	੧੦੩
ਚਤਰ-ਸੁਜਾਨ ਵਸਿਲੀਸਾ	੧੧੩
ਸੁਣੱਖਾ ਸ਼ਿਕਰਾ	੧੩੨
ਸੁਰੰਗ-ਸਲੇਟੀ	੧੪੩
ਇਵਾਨ ਰਾਜ ਕੁਮਾਰ ਅਤੇ ਬੱਗਾ ਬਘਿਆੜ	੧੫੧
'ਮੈਨੂੰ ਨਹੀਂ ਪਤਾ ਕਿਥੇ' ਜਾ ਅਤੇ 'ਮੈਨੂੰ ਨਹੀਂ ਪਤਾ ਕੀ' ਲਿਆ	੧੬੧
ਛੋਟਾ ਇਵਾਨ ਹੁਸ਼ਿਆਰ ਜ਼ਵਾਨ	੧੮੩
ਐਮੇਲੀਆ ਅਤੇ ਪਾਈਕ	੨੧੦
ਖਟੀਕ ਨਿਕੀਤਾ	੨੧੯
ਮੂਰੋਮ ਦੇ ਇਲੀਆ ਦਾ ਪਹਿਲਾ ਹੱਲਾ	੨੨੨
ਮੂਰੋਮ ਦਾ ਇਲੀਆ ਤੇ ਸੀਟੀ ਵਜਾਉਣ ਵਾਲਾ ਡਾਕੂ ਸਾਲੋਵੇਈ	੨੨੮
ਨਿਕੀਤਾ ਦਾ ਪੁਤ, ਦੋਬਰੀਨੀਯਾ ਤੇ ਜ਼ਮੇਈ ਗੋਰੀਨਿਚ	੨੩੪
ਪਾਦਰੀ ਦਾ ਪੁਤ, ਅਲੀਓਸ਼ਾ ਪਾਪੋਵਿਚ	੨੪੫
ਹਾਲੀ ਮੀਕੂਲਾ	੨੫੦

ਪ੍ਰਕਾਸ਼ਕ ਵਲੋਂ

ਜਦੋਂ ਤੁਸੀਂ ਹਾਲੇ ਛੋਟੇ ਜਿਹੇ ਬੱਚੇ ਸੀ ਤੇ ਪੜ੍ਹ ਵੀ ਨਹੀਂ ਸੀ ਸਕਦੇ, ਓਦੋਂ ਵੀ ਤੁਹਾਨੂੰ ਉਹ ਪਰੀ-ਕਹਾਣੀਆਂ ਚੰਗੀਆਂ ਲਗਦੀਆਂ ਸਨ ਜਿਹੜੀਆਂ ਤੁਹਾਡੀ ਮਾਂ ਜਾਂ ਦਾਦੀ ਤੁਹਾਨੂੰ ਸੁਣਾਇਆ ਕਰਦੀ ਸੀ।

ਜਦੋਂ ਤੁਸੀਂ ਵੱਡੇ ਹੋ ਗਏ ਤਾਂ ਤੁਹਾਡੀਆਂ ਮਨਪਸੰਦ ਕਹਾਣੀਆਂ ਦੇ ਕੁਲੀਨ ਤੇ ਨਿਧੜਕ ਤੇ ਕਈ ਵਾਰੀ ਖ਼ੁਸ਼ਦਿਲ ਤੇ ਮੌਜੀ ਨਾਇਕਾਂ ਨੇ ਤੁਹਾਡਾ ਸਾਥ ਨਹੀਂ ਸੀ ਛਡਿਆ। ਤੁਸੀਂ ਉਹਨਾਂ ਨੂੰ ਸਿਨਮਾ ਦੇ ਪਰਦਿਆਂ ਤੇ, ਥੇਟਰਾਂ ਵਿਚ ਵੇਖਦੇ ਸੀ। ਉਹ ਤੁਹਾਨੂੰ ਕਿਤਾਬਾਂ ਦੇ ਪੰਨਿਆਂ ਤੇ ਲਭਦੇ ਮਿਲਦੇ ਸਨ।

ਤੁਹਾਨੂੰ ਪਤਾ ਲੱਗਾ ਕਿ ਸਭਨਾਂ ਲੋਕਾਂ ਦੀਆਂ ਆਪੋ ਆਪਣੀਆਂ ਪਰੀ-ਕਹਾਣੀਆਂ ਹੁੰਦੀਆਂ ਹਨ ਜਿਹੜੀਆਂ ਇਕ ਦੂਜੀ ਨਾਲ ਮਿਲਦੀਆਂ ਵੀ ਹਨ ਅਤੇ, ਨਾਲ ਹੀ, ਬਹੁਤ ਵਖਰੀਆਂ ਵੀ ਹਨ। ਤੁਸੀਂ ਅੰਗ੍ਰੇਜ਼ੀ, ਇਥੋਪੀਅਨ, ਭਾਰਤੀ, ਜਰਮਨ ਅਤੇ ਰੂਸੀ ਪਰੀ-ਕਹਾਣੀਆਂ ਨੂੰ ਸੌਖਿਆਂ ਹੀ ਨਿਖੇੜ ਸਕਦੇ ਹੋ ਕਿਉਂਕਿ ਹਰ ਪਰੀ-ਕਹਾਣੀ ਵਿਚ ਉਸ ਦੇਸ ਦੀ ਕੁਦਰਤ ਤੇ ਉਸ ਦੇਸ ਦੇ ਜੀਵਨ ਦਾ ਚਿਤਰਣ ਹੁੰਦਾ ਹੈ ਜਿਸ ਦੇਸ ਵਿਚ ਢੇਰ ਚਿਰ ਪਹਿਲਾਂ ਉਸ ਦੀ ਰਚਨਾ ਹੋਈ ਸੀ ਅਤੇ ਜਿਥੇ ਉਹ ਬੱਚਿਆਂ ਨੂੰ ਪੀੜ੍ਹੀ ਦਰ ਪੀੜ੍ਹੀ ਸੁਣਾਈ ਗਈ ਹੈ। ਅਤੇ ਇਹ ਗੱਲ ਅਜ ਸਾਡੇ ਜੁਗ ਵਿਚ ਵੀ ਹੋ ਰਹੀ ਹੈ। ਜਦੋਂ ਤੁਸੀਂ ਵੱਡੇ ਹੋ ਜਾਓਗੇ ਤੁਸੀਂ ਜ਼ਰੂਰ ਆਪ ਵੀ ਉਹ ਪਰੀ-ਕਹਾਣੀਆਂ ਛੋਟੇ ਬੱਚਿਆਂ ਨੂੰ ਸੁਣਾਓਗੇ ਜਿਹੜੀਆਂ ਬਚਪਨ ਵਿਚ ਤੁਸੀਂ ਸੁਣਦੇ ਹੋ।

ਰੂਸੀ ਲੋਕਾਂ ਨੇ ਬਹੁਤ ਸਾਰੇ ਕਾਵਮਈ ਗੀਤਾਂ, ਸੂਝ ਭਰੀਆਂ ਅਖੌਤਾਂ, ਗੁੰਝਲਦਾਰ ਬੁਝਾਰਤਾਂ ਤੇ ਦਿਲਚਸਪ ਪਰੀ-ਕਹਾਣੀਆਂ ਦੀ ਰਚਨਾ ਕੀਤੀ ਹੈ।

ਇਸ ਪੁਸਤਕ ਵਿਚ ਤੁਸੀਂ ਉਹ ਪਰੀ-ਕਹਾਣੀਆਂ ਪੜ੍ਹੋਗੇ ਜਿਹੜੀਆਂ ਰੂਸੀ ਲੋਕਾਂ ਨੇ ਵਿਸ਼ਾਲ ਦਰਿਆਵਾਂ ਦੇ ਕੰਢਿਆਂ ਉਤੇ, ਅਨੰਤ ਸਟੇਪੀ ਮੈਦਾਨਾਂ ਵਿਚ, ਸੰਘਣੇ ਜੰਗਲਾਂ ਤੇ ਉੱਚੇ ਪਰਬਤਾਂ ਤੇ ਵਿਚਰਦਿਆਂ ਰਚੀਆਂ।

ਲਗਪਗ ਸਾਰੀਆਂ ਹੀ ਪਰੀ-ਕਹਾਣੀਆਂ ਦੀ ਰਚਨਾ ਢੇਰ ਚਿਰ ਪਹਿਲਾਂ, ਪ੍ਰਾਚੀਨ ਕਾਲ ਵਿਚ ਹੋਈ ਸੀ। ਹਰ ਕੱਥਕ ਨੇ ਆਪਣੇ ਵਿਚਾਰਾਂ ਤੇ ਸੁਹਜ-ਸਵਾਦ ਅਨੁਸਾਰ ਏਹਨਾਂ ਵਿਚ ਨਵੇਂ ਵਾਧੇ ਤੇ ਤਬਦੀਲੀਆਂ ਕਰਕੇ ਆਪਣੇ ਹੀ ਅੰਦਾਜ਼ ਨਾਲ ਏਹਨਾਂ ਨੂੰ ਸੁਣਾਇਆ। ਆਪਣੀ ਲੰਮੀ ਉਮਰਾ ਦੌਰਾਨ ਪਰੀ-ਕਹਾਣੀਆਂ ਹੋਰ ਹੋਰ ਦਿਲਚਸਪ ਬਣਦੀਆਂ ਗਈਆਂ ਕਿਉਂਕਿ ਸਦੀਆਂ ਤੱਕ ਲੋਕਾਂ ਨੇ ਏਹਨਾਂ ਨੂੰ ਸਵਾਰਿਆ, ਨਿਖਾਰਿਆ ਤੇ ਨਿਪੁੰਨ ਬਣਾਇਆ।

ਏਹ ਪਰੀ-ਕਹਾਣੀਆਂ ਏਡੀਆਂ ਕਾਵਮਈ ਤੇ ਏਡੀਆਂ ਦਿਲਚਸਪ ਹਨ ਕਿ ਚੰਗੇ ਤੋਂ ਚੰਗੇ ਰੂਸੀ ਲੇਖਕਾਂ, ਕਲਾਕਾਰਾਂ ਅਤੇ ਸਵਰਕਾਰਾਂ ਨੇ ਏਹਨਾਂ ਦੀ ਵਰਤੋਂ ਕੀਤੀ। ਇਸ ਪ੍ਰਕਾਰ ਮਹਾਨ ਰੂਸੀ ਕਵੀ ਅਲੈਕਸਾਂਦਰ ਸੇਰਗੇਯੇਵਿਚ ਪੂਸ਼ਕਿਨ (੧੭੯੯-੧੮੩੭) ਉਹਨਾਂ ਪਰੀ-ਕਹਾਣੀਆਂ ਨੂੰ ਬਹੁਤ ਪਿਆਰ ਕਰਦਾ ਸੀ ਜਿਹੜੀਆਂ ਉਸ ਦੀ ਆਯਾ ਨੇ ਉਸ ਨੂੰ ਸੁਣਾਈਆਂ ਸਨ ਜਿਹੜੀ ਬਹੁਤ ਵਧੀਆ ਕਥਕ ਸੀ। "ਏਹ ਪਰੀ-ਕਹਾਣੀਆਂ ਕੈਸੀ ਅਦਭੁਤ ਵਸਤੂ ਹਨ!" ਉਸ ਨੇ ਲਿਖਿਆ ਸੀ। "ਹਰ ਕਹਾਣੀ ਇਕ ਕਵਿਤਾ ਹੈ।"

ਵਿਸ਼ੇ-ਵਸਤੂ ਅਤੇ ਸੁਭਾਅ ਦੇ ਪਖੋਂ ਰੂਸੀ ਪਰੀ-ਕਹਾਣੀਆਂ ਬਹੁਤ ਭਿੰਨ ਭਿੰਨ ਹਨ। ਰੂਸੀ ਬਚਿਆਂ ਨੂੰ ਜਾਨਵਰਾਂ ਬਾਰੇ ਬਹੁਤ ਸਾਰੀਆਂ ਕਹਾਣੀਆਂ ਆਉਂਦੀਆਂ ਹਨ। ਢੇਰ ਚਿਰ ਪਹਿਲਾਂ, ਪ੍ਰਾਚੀਨ ਕਾਲ ਵਿਚ ਉਹਨਾਂ ਸ਼ਿਕਾਰੀਆਂ ਨੇ ਏਹਨਾਂ ਪਰੀ-ਕਹਾਣੀਆਂ ਦੀ ਰਚਨਾ ਕੀਤੀ ਜਿਹੜੇ ਜਾਨਵਰਾਂ ਦੀਆਂ ਆਦਤਾਂ ਤੇ ਸੁਭਾਅ ਨੂੰ ਜਾਣਦੇ ਸਨ। ਆਦਿ-ਕਾਲੀਨ ਲੋਕ ਜਾਨਵਰਾਂ ਨਾਲ ਜਾਦੂ ਟੂਣੇ ਨੂੰ ਸ਼ੰਬੰਧਤ ਕਰਦੇ ਸਨ। ਕਈਆਂ ਜਾਨਵਰਾਂ ਦਾ ਉਹਨਾਂ ਦੀ ਬਹਾਦਰੀ ਕਰਕੇ ਬਹੁਤ ਸਤਿਕਾਰ ਕੀਤਾ ਜਾਂਦਾ ਸੀ। ਅਤੇ ਕਈਆਂ ਦੀ ਉਹਨਾਂ ਦੀ ਬੁਜ਼ਦਿਲੀ ਤੇ ਮਕਾਰੀ ਕਰਕੇ ਨਿਖੇਧੀ ਕੀਤੀ ਜਾਂਦੀ ਸੀ। ਅੱਜ ਏਹ ਪਰੀ-ਕਹਾਣੀਆਂ, ਪਰੋਖ ਰੂਪ ਵਿਚ, ਮਕਾਰ, ਬੁਧੂ ਜਾਂ ਲਾਲਚੀ ਬੰਦਿਆਂ ਦੀ ਬਾਤ ਪਾਉਂਦੀਆਂ ਹਨ, ਉਹਨਾਂ ਦੇ ਐਬਾਂ ਦਾ ਭਾਂਡਾ ਭੰਨਦੀਆਂ ਹਨ ਅਤੇ ਮਸ਼ਕਰੀਆਂ ਨਾਲ ਉਹਨਾਂ ਦਾ ਮੌਜੂ ਉਡਾਉਂਦੀਆਂ ਹਨ।

ਸੂਖਮ ਪਰੀ-ਕਹਾਣੀਆਂ ਅਤਿ ਦਰਜੇ ਦੀਆਂ ਕਾਵਿਕ ਹਨ। ਉਹ ਸਾਨੂੰ ਅਨੋਖੀ ਧਰਤੀ ਤੇ ਲੈ ਜਾਂਦੀਆਂ ਹਨ। ਜਾਪਦਾ ਹੈ ਕਿ ਏਹਨਾਂ ਪਰੀ-ਕਹਾਣੀਆਂ ਦੀ ਹਰ ਚੀਜ਼ ਬਸ ਇਕ ਮਨਘੜਤ ਗੱਲ ਜਾਂ ਕਲਪਨੀ ਦੀ ਉਡਾਰੀ ਮਾਤਰ ਹੈ। ਬਦੀ ਦੀਆਂ ਕਰੂਰ ਤਾਕਤਾਂ ਦੇ ਖ਼ਿਲਾਫ ਬਹਾਦਰੀ ਨਾਲ ਜੂਝਦੇ ਨਾਇਕਾਂ ਦਾ ਜੀਵਨ ਪਰੀ-ਕਹਾਣੀ ਦੇ ਖਾਸ ਨੇਮਾਂ ਦਾ ਪਾਲਣ ਕਰਦਾ ਹੈ। ਪਰ, ਇਹ ਪਰੀ-ਕਹਾਣੀਆਂ ਸੁਖ ਤੇ ਖ਼ੁਸ਼ੀ ਬਾਰੇ ਮਨੁਖ ਦੇ ਅਸਲ ਸੁਪਨੇ ਦਾ ਪ੍ਰਤਿਬਿੰਬ ਵੀ ਪੇਸ਼ ਕਰਦੀਆਂ

ਹਨ। ਪਰੀ-ਕਹਾਣੀ ਦਾ ਨਾਇਕ ਲੋਕ-ਪਿਆਰੇ ਆਦਰਸ਼ਾਂ ਦਾ ਸਾਕਾਰ ਰੂਪ ਹੁੰਦਾ ਹੈ। ਉਹ ਹਮੇਸ਼ਾ ਹੀ ਬਹਾਦਰ ਤੇ ਨਿਡਰ ਹੁੰਦਾ ਹੈ ਅਤੇ ਉਹ ਹਮੇਸ਼ਾ ਹੀ ਬਦੀ ਨੂੰ ਹਰਾਉਂਦਾ ਹੈ!

ਰੂਸੀ ਕੱਥਕ ਰੋਜ਼ਾਨਾ ਜੀਵਨ ਦਾ ਪ੍ਰਤਿਬਿੰਬ ਪੇਸ਼ ਕਰਨ ਵਾਲੀਆਂ ਕਹਾਣੀਆਂ ਅਤੇ ਲਤੀਫਿਆਂ ਨੂੰ ਬਹੁਤ ਪਸੰਦ ਕਰਦੇ ਹਨ।

ਇਸ ਹਕੀਕਤ ਦੇ ਬਾਵਜੂਦ ਕਿ ਏਹ ਪਰੀ-ਕਹਾਣੀਆਂ ਉਹਨਾਂ ਪੁਰਾਣੇ ਵਕਤਾਂ ਵਿਚ ਰਚੀਆਂ ਗਈਆਂ ਜਦੋਂ ਜਾਗੀਰਦਾਰ ਆਪਣੇ ਖੇਤ-ਗੁਲਾਮ ਦਾ ਪੂਰੀ ਤਰ੍ਹਾਂ ਮਾਲਕ ਹੁੰਦਾ ਸੀ, ਉਹ ਆਪਣੀ ਮਨਮਰਜ਼ੀ ਨਾਲ ਆਪਣੇ ਖੇਤ-ਗੁਲਾਮ ਨੂੰ ਵੇਚ ਸਕਦਾ ਸੀ, ਫੌਜ ਵਿਚ ਭਰਤੀ ਕਰਵਾ ਸਕਦਾ ਸੀ ਜਾਂ ਇਕ ਕੁੱਤੇ ਨਾਲ ਵਟਾ ਸਕਦਾ ਸੀ, ਪਰੀ-ਕਹਾਣੀ ਵਿਚ ਇਕ ਗਰੀਬ ਕਿਸਾਨ ਜਾਂ ਇਕ ਫੌਜੀ ਸਿਪਾਹੀ ਹਮੇਸ਼ਾ ਹੀ ਜ਼ਾਲਮ, ਲਾਲਚੀ ਅਤੇ ਬੇਹੂਦਾ ਜਾਗੀਰਦਾਰ ਨੂੰ ਜਾਂ ਉਸ ਦੀ ਗੁਸੈਲ ਤੇ ਖਬਤਣ ਵਹੁਟੀ ਨੂੰ ਪਛਾੜ ਦੇਂਦਾ ਹੈ।

ਇਸ ਪੁਸਤਕ ਵਿਚ ਤੁਹਾਨੂੰ ਏਹ ਸਾਰੀਆਂ ਕਹਾਣੀਆਂ ਮਿਲਣਗੀਆਂ।

ਇਸ ਤੋਂ ਇਲਾਵਾ, ਪੁਸਤਕ ਦੇ ਅਖੀਰ ਵਿਚ ਇਕ ਰੂਸੀ ਬੀਲੀਨਾ, ਪਰੰਪਰਾਗਤ ਬੀਰ ਕਵਿਤਾ (ਮੂਰੋਮ ਦਾ ਇਲੀਆ ਤੇ ਡਾਕੋ ਸਾਲੋਵੇਈ) ਦਾ ਬਿਰਤਾਂਤ ਪੜ੍ਹੋਗੇ। ਬੀਲੀਨਾ ਪੁਰਾਤਨ ਨਾਟਕੀ ਗੀਤ ਹਨ ਜਿਹੜੇ ਖਾਸ ਮਧਮ ਗਤੀ ਨਾਲ ਪੇਸ਼ ਕੀਤੇ ਜਾਂਦੇ ਹਨ। ਸੋਵੀਅਤ ਯੂਨੀਅਨ ਦੇ ਉਤਰੀ ਇਲਾਕਿਆਂ ਵਿਚ ਇਹ ਵਿਧੀ ਅਜੇ ਵੀ ਵੇਖਣ ਵਿਚ ਆਉਂਦੀ ਹੈ। ਬੀਲੀਨਾ ਵਿਚ ਸ਼ਾਨਦਾਰ ਰੂਸੀ ਬਹਾਦਰਾਂ ਦੀ ਕਹਾਣੀ ਪੇਸ਼ ਕੀਤੀ ਜਾਂਦੀ ਹੈ ਜਿਨ੍ਹਾਂ ਨੇ ਬੇਗਰਜ਼ ਹੋ ਕੇ ਬਹਾਦਰੀ ਨਾਲ ਆਪਣੀ ਮਾਤਭੂਮੀ ਦੀ ਰਖਿਆ ਕੀਤੀ।

ਕੇਵਲ ਬਚਿਆਂ ਨੂੰ ਹੀ ਨਹੀਂ, ਵਡਿਆਂ ਨੂੰ ਵੀ ਪਰੀ-ਕਹਾਣੀਆਂ ਚੰਗੀਆਂ ਲਗਦੀਆਂ ਹਨ। ਇਸ ਦਾ ਕਾਰਨ ਏਹ ਹੈ ਕਿ ਪਰੀ-ਕਹਾਣੀ ਦੇ ਬਿੰਬਾਂ ਦੀ ਖਿੱਚ ਵੱਲ ਬੇਮੁਖ ਹੋ ਸਕਣਾ ਮੁਸ਼ਕਲ ਹੈ। ਲੋਕ ਭਾਸ਼ਾ ਦੀ ਖਿੱਚ ਅਤੇ ਪਰੀ-ਕਹਾਣੀ ਦੀ ਸ਼ਕਤੀ ਵਲੋਂ ਬੇਮੁਖ ਹੋਣਾ ਮੁਸ਼ਕਲ ਹੈ ਜਿਹੜੀ ਬਦੀ ਉਤੇ ਨੇਕੀ ਦੀ ਅੰਤਮ ਜਿੱਤ ਬਾਰੇ ਮਨੁਖ ਦੇ ਸੁਫਨਿਆਂ ਨੂੰ ਪ੍ਰਤਿਬਿੰਬਤ ਕਰਦੀ ਹੈ, ਜਿਸ ਵਿਚੋਂ ਉਜਲੇ ਭਵਿਖ ਵਿਚ ਲੋਕਾਂ ਦੇ ਵਿਸ਼ਵਾਸ ਤੋਂ ਜਨਮਿਆਂ ਮਾਤਭੂਮੀ ਲਈ ਪਿਆਰ ਡੁਲ੍ਹ ਡੁਲ੍ਹ ਪੈਂਦਾ ਹੈ।

ਐ. ਪੋਮੇਰਾਨਤਸੇਵਾ

ਰੂਸੀ
ਲੋਕ ਕਹਾਣੀਆਂ

ਆਟੇ ਦਾ ਲੱਡੂ

ਇਕ ਵਾਰ ਦੀ ਗੱਲ ਹੈ। ਇਕ ਬੁਢਾ ਤੇ ਉਹਦੀ ਵਹੁਟੀ ਰਹਿੰਦੇ ਸਨ।

ਇਕ ਦਿਨ ਕੀ ਹੋਇਆ, ਬੁੱਢੇ ਨੇ ਆਪਣੀ ਵਹੁਟੀ ਨੂੰ ਆਖਿਆ :

"ਉਠ ਭਲੀਏ ਲੋਕੇ, ਆਟੇ ਵਾਲੇ ਪੀਪੇ ਨੂੰ ਝਾੜ ਤੇ ਦਾਣਿਆਂ ਵਾਲੇ ਭੜੋਲੇ ਨੂੰ ਬੁਹਾਰ ਤੇ ਝਾੜ ਝੂੜ ਕੇ ਕੁਝ ਆਟਾ ਕੱਠਾ ਕਰ ਤੇ ਸਾਡੇ ਲਈ ਲਡੂ ਬਣਾ।"

ਸੋ ਬੁਢੜੀ ਨੇ ਕੁਕੜ ਦਾ ਇਕ ਖੰਭ ਫੜਿਆ, ਆਟੇ ਵਾਲਾ ਪੀਪਾ ਝਾੜਿਆ ਤੇ ਦਾਣਿਆਂ ਵਾਲਾ ਭੜੋਲਾ ਬੁਹਾਰਿਆ ਤੇ ਉਹਨੇ ਦੋ ਕੁ ਮੁਠਾਂ ਆਟਾ ਝਾੜ ਲਿਆ।

ਉਹਨੇ ਬਹੀ ਮਲਾਈ ਪਾ ਕੇ ਆਟਾ ਗੁੰਨ੍ਹਿਆ, ਗੋਲ ਲੱਡੂ ਬਣਾਇਆ, ਘਿਓ ਵਿਚ ਤਲਿਆ ਅਤੇ ਠੰਡਾ ਹੋਣ ਵਾਸਤੇ ਬਾਰੀ ਵਿਚ ਰੱਖ ਦਿੱਤਾ।

ਥੋੜਾ ਚਿਰ ਤਾਂ ਲੱਡੂ ਬਿਨਾਂ ਹਿਲਿਆਂ ਜੁਲਿਆਂ ਓਥੇ ਪਿਆ ਰਿਹਾ, ਪਰ ਫੇਰ ਉਹ ਹਿਲਿਆ ਤੇ ਰਿੜ੍ਹਨ ਲਗ ਪਿਆ। ਬਾਰੀ ਵਿਚੋਂ ਰਿੜ੍ਹਕੇ ਉਹ ਬੈਂਚ ਤੇ ਆ ਗਿਆ, ਬੈਂਚ ਤੋਂ ਰਿੜ੍ਹਿਆ ਤੇ ਹੇਠਾਂ ਫਰਸ਼ ਤੇ ਆ ਗਿਆ, ਫਰਸ਼ ਤੇ ਰਿੜ੍ਹਦਾ ਰਿੜ੍ਹਦਾ ਉਹ ਬੂਹੇ ਕੋਲ ਆ ਗਿਆ, ਫੇਰ ਉਸ

ਨੇ ਛੜੱਪਾ ਮਾਰਿਆ ਤੇ ਦਹਿਲੀਜ਼ਾਂ ਤੋਂ ਬਾਹਰ ਲਾਂਘੇ ਵਿਚ, ਫੇਰ ਉਹ ਦਰਵਾਜ਼ੇ ਦੀਆਂ ਪੌੜੀਆਂ ਉਤਰ ਕੇ ਵਿਹੜੇ ਵਿਚ ਆ ਗਿਆ ਤੇ ਵਿਹੜੇ ਵਿਚੋਂ ਫਾਟਕ ਪਾਰ ਕਰਕੇ ਉਹ ਦੂਰ, ਬਹੁਤ ਦੂਰ ਰਿੜ੍ਹਦਾ ਗਿਆ।

ਉਹ ਸੜਕ ਤੇ ਰਿੜ੍ਹਦਾ ਗਿਆ, ਰਿੜ੍ਹਦਾ ਗਿਆ ਤੇ ਅਖੀਰ ਉਹਨੂੰ ਇਕ ਖ਼ਰਗੋਸ਼ ਮਿਲ ਪਿਆ।

"ਲੱਡੂਆ, ਲੱਡੂਆ, ਮੈਂ ਤੈਨੂੰ ਖਾ ਜਾਊਂ", ਖ਼ਰਗੋਸ਼ ਨੇ ਆਖਿਆ।

"ਨਾ, ਖ਼ਰਗੋਸ਼ਾ ਤੂੰ ਮੈਨੂੰ ਨਾ ਖਾ! ਮੈਂ ਤੈਨੂੰ ਇਕ ਗੌਣ ਸੁਣਾਉਂਦਾਂ:



"ਮੈਂ ਹਾਂ ਲੱਡੂ ਗੋਲ ਜਿਹਾ
ਰੜ੍ਹ ਕੇ ਹੋਇਆ ਰੰਗ ਭੂਰਾ
ਪੀਪਾ ਝਾੜ ਕੇ ਆਟੇ ਵਾਲਾ
ਹੂੰਝ ਭੜੋਲਾ ਦਾਣਿਆਂ ਵਾਲਾ
ਮੇਰੇ ਵਿਚ ਮਲਾਈ ਪਾਈ
ਫੇਰ ਘਿਓ ਵਿਚ ਹੋਈ ਤਲਾਈ
ਠੰਡਾ ਹੋਣ ਲਈ ਰੱਖ ਦਿੱਤਾ।
ਮੈਂ ਵੀ ਨਹੀਂ ਹਾਂ ਪਰ ਬੇਅਕਲਾ!
ਬਾਬੇ ਤੋਂ ਮੈਂ ਗਿਆ ਨਾ ਫੜਿਆ
ਦਾਦੀ ਤੋਂ ਮੈਂ ਗਿਆ ਨਾ ਫੜਿਆ
ਤੇਰੇ ਹੱਥ ਵੀ ਮੈਂ ਨਹੀਂ ਆਉਣਾ,
ਭਈ ਖ਼ਰਗੋਸ਼ਾ!"

ਅਤੇ ਖ਼ਰਗੋਸ਼ ਨੇ ਅਜੇ ਅੱਖ ਵੀ ਨਹੀਂ ਸੀ ਝਮਕੀ ਕਿ ਉਹ ਅਗਾਂਹ ਰਿੜ੍ਹ ਗਿਆ।
ਉਹ ਰਿੜ੍ਹਦਾ ਗਿਆ, ਰਿੜ੍ਹਦਾ ਗਿਆ ਤੇ ਅਖੀਰ ਉਹਨੂੰ ਇਕ ਬਘਿਆੜ ਮਿਲ ਪਿਆ।
"ਲੱਡੂਆ, ਲੱਡੂਆ, ਮੈਂ ਤੈਨੂੰ ਖਾ ਜਾਊਂ", ਬਘਿਆੜ ਨੇ ਆਖਿਆ।
"ਨਾ ਚਿਟਿਆ ਬਘਿਆੜਾ, ਮੈਨੂੰ ਨਾ ਖਾ! ਮੈਂ ਤੈਨੂੰ ਇਕ ਗੌਣ ਸੁਣਾਉਂਦਾਂ:

"ਮੈਂ ਹਾਂ ਲਡੂ ਗੋਲ ਜਿਹਾ
ਰੜ੍ਹ ਕੇ ਹੋਇਆ ਰੰਗ ਭੂਰਾ

ਪੀਪਾ ਝਾੜ ਕੇ ਆਟੇ ਵਾਲਾ
ਹੂੰਝ ਭੜੋਲਾ ਦਾਣਿਆਂ ਵਾਲਾ
ਮੇਰੇ ਵਿਚ ਮਲਾਈ ਪਾਈ
ਫੇਰ ਘਿਓ ਵਿਚ ਹੋਈ ਤਲਾਈ
ਠੰਡਾ ਹੋਣ ਲਈ ਰੱਖ ਦਿੱਤਾ।
ਮੈਂ ਵੀ ਨਹੀਂ ਹਾਂ ਪਰ ਬੇਅਕਲਾ!
ਬਾਬੇ ਤੋਂ ਮੈਂ ਗਿਆ ਨਾ ਫੜਿਆ
ਦਾਦੀ ਤੋਂ ਮੈਂ ਗਿਆ ਨਾ ਫੜਿਆ
ਮੈਂ ਖਰਗੋਸ਼ ਤੋਂ ਗਿਆ ਨਾ ਫੜਿਆ
ਤੇਰੇ ਹੱਥ ਵੀ ਮੈਂ ਨਹੀਂ ਆਉਣਾ,
ਭਈ ਬਘਿਆੜਾ!"

ਬਘਿਆੜ ਨੇ ਅਜੇ ਅੱਖ ਵੀ ਨਹੀਂ ਸੀ ਝਮਕੀ ਕਿ ਉਹ ਅਗਾਂਹ ਰਿੜ੍ਹ ਗਿਆ। ਉਹ ਰਿੜ੍ਹਦਾ ਗਿਆ, ਰਿੜ੍ਹਦਾ ਗਿਆ ਤੇ ਅਖੀਰ ਉਹਨੂੰ ਇਕ ਰਿੱਛ ਮਿਲ ਪਿਆ।
"ਲੱਡੂਆ, ਲੱਡੂਆ, ਮੈਂ ਤੈਨੂੰ ਖਾ ਜਾਊਂ," ਰਿੱਛ ਨੇ ਆਖਿਆ।
"ਨਾ ਡੁਡਿਆ, ਮੈਨੂੰ ਨਾ ਖਾ! ਮੈਂ ਤੈਨੂੰ ਇਕ ਗੌਣ ਸੁਣਾਉਂਦਾਂ:"

"ਮੈਂ ਹਾਂ ਲੱਡੂ ਗੋਲ ਜਿਹਾ
ਰੜ੍ਹ ਕੇ ਹੋਇਆ ਰੰਗ ਭੂਰਾ
ਪੀਪਾ ਝਾੜ ਕੇ ਆਟੇ ਵਾਲਾ
ਹੂੰਝ ਭੜੋਲਾ ਦਾਣਿਆਂ ਵਾਲਾ
ਮੇਰੇ ਵਿਚ ਮਲਾਈ ਪਾਈ
ਫੇਰ ਘਿਓ ਵਿਚ ਹੋਈ ਤਲਾਈ
ਠੰਡਾ ਹੋਣ ਲਈ ਰੱਖ ਦਿੱਤਾ।
ਮੈਂ ਵੀ ਨਹੀਂ ਹਾਂ ਪਰ ਬੇਅਕਲਾ!
ਬਾਬੇ ਤੋਂ ਮੈਂ ਗਿਆ ਨਾ ਫੜਿਆ
ਦਾਦੀ ਤੋਂ ਮੈਂ ਗਿਆ ਨਾ ਫੜਿਆ
ਮੈਂ ਖ਼ਰਗੋਸ਼ ਤੋਂ ਗਿਆ ਨਾ ਫੜਿਆ

ਮੈਂ ਬਘਿਆੜ ਤੋਂ ਗਿਆ ਨਾ ਫੜਿਆ
ਤੇਰੇ ਹੱਥ ਵੀ ਮੈਂ ਨਹੀਂ ਆਉਣਾ,
ਸੁਣਿਆ ਰਿੱਛਾ!"

ਅਤੇ ਰਿੱਛ ਨੇ ਅਜੇ ਅੱਖ ਵੀ ਨਹੀਂ ਸੀ ਝਮਕੀ ਕਿ ਉਹ ਅਗਾਂਹ ਰਿੜ੍ਹ ਗਿਆ। ਉਹ ਰਿੜ੍ਹਦਾ ਗਿਆ, ਰਿੜ੍ਹਦਾ ਗਿਆ, ਤੇ ਅਖੀਰ ਉਹਨੂੰ ਇਕ ਲੂੰਬੜ ਮਿਲ ਪਿਆ।

"ਲੱਡੂਆ, ਲੱਡੂਆ, ਕਿੱਥੇ ਰਿੜ੍ਹਦਾ ਜਾਂਦਾ ਏਂ?"
"ਔਧਰ ਸੜਕ ਵੱਲ, ਵੇਖਦਾ ਈ ਏਂ।"
"ਲੱਡੂਆ, ਲੱਡੂਆ, ਮੈਨੂੰ ਇਕ ਗੌਣ ਸੁਣਾ!"
ਤੇ ਲੱਡੂ ਗਾਉਣ ਲਗ ਪਿਆ:

"ਮੈਂ ਹਾਂ ਲੱਡੂ ਗੋਲ ਜਿਹਾ
ਰੜ੍ਹ ਕੇ ਹੋਇਆ ਰੰਗ ਭੂਰਾ
ਪੀਪਾ ਝਾੜ ਕੇ ਆਟੇ ਵਾਲਾ
ਹੂੰਝ ਭੜੋਲਾ ਦਾਣਿਆਂ ਵਾਲਾ
ਮੇਰੇ ਵਿਚ ਮਲਾਈ ਪਾਈ
ਫੇਰ ਘਿਓ ਵਿਚ ਹੋਈ ਤਲਾਈ
ਠੰਡਾ ਹੋਣ ਲਈ ਰੱਖ ਦਿੱਤਾ।
ਮੈਂ ਵੀ ਨਹੀਂ ਹਾਂ ਪਰ ਬੇਅਕਲਾ!
ਬਾਬੇ ਤੋਂ ਮੈਂ ਗਿਆ ਨਾ ਫੜਿਆ
ਦਾਦੀ ਤੋਂ ਮੈਂ ਗਿਆ ਨਾ ਫੜਿਆ
ਮੈਂ ਖ਼ਰਗੋਸ਼ ਤੋਂ ਗਿਆ ਨਾ ਫੜਿਆ
ਮੈਂ ਬਘਿਆੜ ਤੋਂ ਗਿਆ ਨਾ ਫੜਿਆ
ਰਿੱਛ ਕੋਲੋਂ ਮੈਂ ਗਿਆ ਨਾ ਫੜਿਆ
ਤੇਰੇ ਹੱਥ ਵੀ ਮੈਂ ਨਹੀਂ ਆਉਣਾ,
ਭਈ ਲੂੰਬੜਾ!"
ਤੇ ਲੂੰਬੜ ਨੇ ਆਖਿਆ:

"ਵਾਹ, ਕਿੰਨਾ ਵਧੀਆ ਗੌਣ ਏ। ਅਫ਼ਸੋਸ ਦੀ ਗੱਲ ਏ ਕਿ ਮੈਨੂੰ ਚੰਗੀ ਤਰ੍ਹਾਂ ਸੁਣਾਈ ਨਹੀਂ ਦੇਂਦਾ। ਪਿਆਰੇ ਲੱਡੂਆ, ਮੇਰੇ ਨੱਕ ਤੇ ਚੜ੍ਹ ਬਹੁ, ਤੇ ਰਤਾ ਉੱਚੀ ਸੁਣਾ ਤਾਂ ਮੈਂ ਸੁਣ ਸਕੂੰ।"

ਲੱਡੂ ਭੁੜਕ ਕੇ ਲੂੰਬੜ ਦੇ ਨੱਕ ਤੇ ਜਾ ਬੈਠਾ ਤੇ ਉਹ ਗੌਣ ਰਤਾ ਉੱਚੀ ਉੱਚੀ ਗਾਉਣ ਲੱਗਾ। ਪਰ ਲੂੰਬੜ ਨੇ ਕਿਹਾ:

"ਪਿਆਰੇ ਲੱਡੂਆ, ਮੇਰੀ ਜ਼ਬਾਨ ਤੇ ਬਹਿ ਤੇ ਆਪਣਾ ਗੌਣ ਗਾ, ਤੈਨੂੰ ਬਹੁਤਾ ਚਿਰ ਨਹੀਂ ਲਗਣਾ!"

ਲੱਡੂ ਛੜੱਪਾ ਮਾਰਕੇ ਲੂੰਬੜ ਦੀ ਜ਼ਬਾਨ ਤੇ ਜਾ ਬੈਠਾ, ਤੇ—ਹਪ!—ਲੂੰਬੜ ਉਹਨੂੰ ਹਪੂੰ ਹਪੂੰ ਕਰਕੇ ਖਾ ਗਿਆ।



ਕੁੱਕੜ ਤੇ ਦਾਣਾ

ਇਕ ਵਾਰ ਦੀ ਗੱਲ ਹੈ, ਇਕ ਕੁਕੜ ਤੇ ਕੁਕੜੀ ਰਹਿੰਦੇ ਸਨ। ਇਕ ਦਿਨ ਕੁਕੜ ਬਾਗ਼ ਵਿਚ ਮਿਟੀ ਅੰਦਰ ਚੁੰਝਾਂ ਮਾਰ ਰਿਹਾ ਸੀ ਤੇ ਉਹਨੇ ਇਕ ਦਾਣਾ ਪੁਟ ਕਢਿਆ।

"ਕੁੜ, ਕੁੜ, ਕੁੜ, ਕੁਕੜੀਏ ਦਾਣਾ ਖਾ ਲੈ," ਕੁਕੜ ਨੇ ਆਖਿਆ।

"ਕੁੜ, ਕੁੜ, ਕੁੜ, ਸ਼ੁਕਰੀਆ ਤੇਰਾ, ਕੁਕੜਾ," ਕੁਕੜੀ ਨੇ ਜਵਾਬ ਦਿੱਤਾ। "ਤੂੰ ਆਪ ਹੀ ਖਾ ਲੈ।"

ਕੁਕੜ ਨੇ ਚੁੰਝ ਮਾਰ ਕੇ ਦਾਣਾ ਚੁਕਿਆ ਤੇ ਇਕੋ ਵਾਰੀ ਨਿਗਲ ਲਿਆ। ਦਾਣਾ ਉਹਦੇ ਸੰਘ ਵਿਚ ਫਸ ਗਿਆ।

"ਕੁਕੜੀਏ," ਉਸ ਆਵਾਜ਼ ਦਿੱਤੀ, "ਮਿਹਰਬਾਨੀ ਕਰਕੇ ਜਾ, ਤੇ ਦਰਿਆ ਕੋਲੋਂ ਮੇਰੇ ਵਾਸਤੇ ਦੋ ਘੁਟ ਪਾਣੀ ਲਿਆ।"

ਕੁਕੜੀ ਨੇ ਕੀ ਕੀਤਾ, ਉਹ ਭੱਜੀ ਭੱਜੀ ਦਰਿਆ ਕੋਲ ਗਈ।

"ਦਰਿਆਵਾ, ਦਰਿਆਵਾ, ਦੋ ਘੁਟ ਪਾਣੀ ਦੇ ਦੇ ਕੁਕੜ ਵਾਸਤੇ। ਉਹਦੇ ਸੰਘ ਵਿਚ ਦਾਣਾ ਫਸ ਗਿਐ।"

ਪਰ ਦਰਿਆ ਨੇ ਆਖਿਆ :

"ਪਹਿਲਾਂ ਲਾਈਮ ਦੇ ਰੁੱਖ ਕੋਲ ਜਾ ਤੇ ਉਹਦੇ ਕੋਲੋਂ ਇਕ ਪੱਤਾ ਮੰਗ ਲਿਆ, ਫੇਰ ਮੈਂ ਤੈਨੂੰ ਪਾਣੀ ਦੇ ਦਊਂ।"

ਸੋ ਕੁਕੜੀ ਨੇ ਕੀ ਕੀਤਾ, ਉਹ ਭੱਜੀ ਭੱਜੀ ਲਾਈਮ ਦੇ ਰੁਖ ਕੋਲ ਗਈ।

"ਰੁੱਖਾ, ਰੁੱਖਾ, ਮੈਨੂੰ ਇਕ ਪੱਤਾ ਦੇ! ਮੈਂ ਇਹ ਪੱਤਾ ਦਰਿਆ ਨੂੰ ਦੇ ਦਊਂ, ਤੇ ਦਰਿਆ ਮੈਨੂੰ ਦੋ ਘੁਟ ਪਾਣੀ ਦੇ ਦਊ ਕੁਕੜ ਵਾਸਤੇ। ਉਹਦੇ ਸੰਘ ਵਿਚ ਦਾਣਾ ਫਸ ਗਿਐ।"

ਪਰ ਲਾਈਮ ਦੇ ਰੁੱਖ ਨੇ ਆਖਿਆ :

"ਪਹਿਲਾਂ ਕਿਸਾਨ ਦੀ ਧੀ ਕੋਲ ਜਾ ਤੇ ਉਹਦੇ ਕੋਲੋਂ ਧਾਗਾ ਮੰਗ ਲਿਐ।"

ਸੋ ਕੁਕੜੀ ਨੇ ਕੀ ਕੀਤਾ, ਉਹ ਭੱਜੀ ਭੱਜੀ ਕਿਸਾਨ ਦੀ ਧੀ ਕੋਲ ਗਈ।

"ਕਿਸਾਨ ਦੀਏ ਧੀਏ, ਕਿਸਾਨ ਦੀਏ ਧੀਏ, ਮੈਨੂੰ ਧਾਗਾ ਦੇ। ਧਾਗਾ ਮੈਂ ਲਾਈਮ ਦੇ ਰੁੱਖ ਨੂੰ ਦੇ ਦਊਂ। ਲਾਈਮ ਦਾ ਰੁਖ ਮੈਨੂੰ ਪੱਤਾ ਦੇ ਦਊ ਦਰਿਆ ਨੂੰ ਦੇਣ ਲਈ ਤੇ ਦਰਿਆ ਮੈਨੂੰ ਦੋ ਘੁਟ ਪਾਣੀ ਦੇ ਦਊ ਕੁਕੜ ਵਾਸਤੇ। ਉਹਦੇ ਸੰਘ ਵਿਚ ਦਾਣਾ ਫਸ ਗਿਐ।"

ਕਿਸਾਨ ਦੀ ਧੀ ਨੇ ਆਖਿਆ :

ਪਹਿਲਾਂ ਤੂੰ ਕੰਘੀ–ਸਾਜ਼ਾਂ ਕੋਲ ਜਾ ਤੇ ਇਕ ਕੰਘੀ ਮੰਗ ਲਿਆ, ਫੇਰ ਮੈਂ ਤੈਨੂੰ ਧਾਗਾ ਦੇ ਦਊਂ।"

ਸੋ ਕੁਕੜੀ ਨੇ ਕੀ ਕੀਤਾ, ਉਹ ਭੱਜੀ ਭੱਜੀ ਕੰਘੀ–ਸਾਜ਼ਾਂ ਕੋਲ ਗਈ।

"ਕੰਘੀ–ਸਾਜ਼ੋ, ਕੰਘੀ–ਸਾਜ਼ੋ, ਮੈਨੂੰ ਇਕ ਕੰਘੀ ਦਿਓ! ਕੰਘੀ ਮੈਂ ਕਿਸਾਨ ਦੀ ਧੀ ਨੂੰ ਦੇ ਦਊਂ। ਕਿਸਾਨ ਦੀ ਧੀ ਮੈਨੂੰ ਧਾਗਾ ਦੇ ਦਊ ਲਾਈਮ ਦੇ ਰੁਖ ਨੂੰ ਦੇਣ ਲਈ। ਲਾਈਮ ਦਾ ਰੁਖ ਮੈਨੂੰ ਪੱਤਾ ਦੇ ਦਊ ਦਰਿਆ ਨੂੰ ਦੇਣ ਲਈ, ਤੇ ਦਰਿਆ ਮੈਨੂੰ ਦੋ ਘੁਟ ਪਾਣੀ ਦੇ ਦਊ ਕੁਕੜ ਵਾਸਤੇ। ਉਹਦੇ ਸੰਘ ਵਿਚ ਦਾਣਾ ਫਸ ਗਿਐ।

ਕੰਘੀ–ਸਾਜ਼ਾਂ ਨੇ ਆਖਿਆ :

"ਪਹਿਲਾਂ ਤੂੰ ਨਾਨਬਾਈਆਂ ਕੋਲ ਜਾ ਤੇ ਥੋੜੇ ਜਿਹੇ ਬੰਨ ਲਿਆ ਦੇ, ਫੇਰ ਅਸੀਂ ਤੈਨੂੰ ਕੰਘੀ ਦੇ ਦਿਆਂਗੇ।"

ਸੋ ਕੁਕੜੀ ਨੇ ਕੀ ਕੀਤਾ, ਉਹ ਭੱਜੀ ਭੱਜੀ ਨਾਨਬਾਈਆਂ ਕੋਲ ਗਈ।

"ਨਾਨਬਾਈਓ, ਨਾਨਬਾਈਓ, ਮੈਨੂੰ ਥੋੜੇ ਜਿਹੇ ਬੰਨ ਦਿਓ। ਬੰਨ ਮੈਂ ਕੰਘੀ–ਸਾਜ਼ਾਂ ਨੂੰ ਦੇ ਦਊਂ। ਕੰਘੀ–ਸਾਜ਼ ਮੈਨੂੰ ਇਕ ਕੰਘੀ ਦੇ ਦੇਣਗੇ ਕਿਸਾਨ ਦੀ ਧੀ ਨੂੰ ਦੇਣ ਲਈ। ਕਿਸਾਨ ਦੀ ਧੀ ਮੈਨੂੰ ਧਾਗਾ ਦੇ ਦਊ ਲਾਈਮ ਦੇ ਰੁਖ ਨੂੰ ਦੇਣ ਲਈ। ਲਾਈਮ ਦਾ ਰੁਖ ਮੈਨੂੰ ਇਕ ਪੱਤਾ ਦੇ ਦਊ ਦਰਿਆ ਨੂੰ ਦੇਣ ਲਈ, ਤੇ ਦਰਿਆ ਮੈਨੂੰ ਦੋ ਘੁਟ ਪਾਣੀ ਦੇ ਦਊ ਕੁਕੜ ਵਾਸਤੇ। ਉਹਦੇ

ਸੰਘ ਵਿਚ ਦਾਣਾ ਫਸ ਗਿਐ।"

ਨਾਨਬਾਈਆਂ ਨੇ ਆਖਿਆ:

"ਪਹਿਲਾਂ ਲਕੜਹਾਰਿਆਂ ਕੋਲ ਜਾ ਤੇ ਸਾਨੂੰ ਥੋੜੀਆਂ ਜਿਹੀਆਂ ਲਕੜਾਂ ਲਿਆ ਦੇ!"

ਸੋ ਕੁਕੜੀ ਨੇ ਕੀ ਕੀਤਾ, ਉਹ ਭੱਜੀ ਭੱਜੀ ਲਕੜਹਾਰਿਆਂ ਕੋਲ ਗਈ।

"ਲਕੜਹਾਰਿਓ, ਲਕੜਹਾਰਿਓ, ਮੈਨੂੰ ਥੋੜੀਆਂ ਜਿਹੀਆਂ ਲਕੜਾਂ ਦਿਓ ਨਾਨਬਾਈਆਂ ਨੂੰ ਦੇਣ ਲਈ। ਨਾਨਬਾਈ ਮੈਨੂੰ ਥੋੜੇ ਜਿਹੇ ਬੰਨ ਦੇ ਦੇਣਗੇ ਕੰਘੀ-ਸਾਜ਼ਾਂ ਨੂੰ ਦੇਣ ਲਈ। ਕੰਘੀ-ਸਾਜ਼ ਮੈਨੂੰ ਇਕ ਕੰਘੀ ਦੇ ਦੇਣਗੇ ਕਿਸਾਨ ਦੀ ਧੀ ਨੂੰ ਦੇਣ ਲਈ। ਕਿਸਾਨ ਦੀ ਧੀ ਮੈਨੂੰ ਧਾਗਾ ਦੇ ਦਊ ਲਾਈਮ ਦੇ ਰੁਖ ਨੂੰ ਦੇਣ ਲਈ। ਲਾਈਮ ਦਾ ਰੁਖ ਮੈਨੂੰ ਇਕ ਪੱਤਾ ਦੇ ਦਊ ਦਰਿਆ ਨੂੰ ਦੇਣ ਲਈ, ਤੇ ਦਰਿਆ ਮੈਨੂੰ ਦੋ ਘੁਟ ਪਾਣੀ ਦੇ ਦਊ ਕੁਕੜ ਵਾਸਤੇ। ਉਹਦੇ ਸੰਘ ਵਿਚ ਦਾਣਾ ਫਸ ਗਿਐ।"

ਲਕੜਹਾਰਿਆਂ ਨੇ ਕੁਕੜੀ ਨੂੰ ਥੋੜੀਆਂ ਜਿਹੀਆਂ ਲਕੜਾਂ ਦੇ ਦਿੱਤੀਆਂ।

ਕੁਕੜੀ ਨੇ ਲਕੜਾਂ ਨਾਨਬਾਈਆਂ ਨੂੰ ਦੇ ਦਿੱਤੀਆਂ। ਨਾਨਬਾਈਆਂ ਨੇ ਉਹਨੂੰ ਥੋੜੇ ਜਿਹੇ ਬੰਨ ਦੇ ਦਿਤੇ ਕੰਘੀ-ਸਾਜ਼ਾਂ ਨੂੰ ਦੇਣ ਲਈ। ਕੰਘੀ-ਸਾਜ਼ਾਂ ਨੇ ਉਹਨੂੰ ਇਕ ਕੰਘੀ ਦੇ ਦਿੱਤੀ ਕਿਸਾਨ ਦੀ ਧੀ ਨੂੰ ਦੇਣ ਲਈ। ਕਿਸਾਨ ਦੀ ਧੀ ਨੇ ਉਹਨੂੰ ਧਾਗਾ ਦੇ ਦਿੱਤਾ ਲਾਈਮ ਰੁੱਖ ਨੂੰ ਦੇਣ ਲਈ। ਲਾਈਮ ਰੁਖ ਨੇ ਉਹਨੂੰ ਇਕ ਪੱਤਾ ਦੇ ਦਿੱਤਾ ਦਰਿਆ ਨੂੰ ਦੇਣ ਲਈ। ਤੇ ਦਰਿਆ ਨੇ ਉਹਨੂੰ ਦੋ ਘੁਟ ਪਾਣੀ ਦੇ ਦਿੱਤਾ ਕੁਕੜ ਵਾਸਤੇ।

ਕੁਕੜ ਨੇ ਪਾਣੀ ਪੀਤਾ ਤੇ ਦਾਣਾ ਸੰਘੋਂ ਹੇਠਾਂ ਲਹਿ ਗਿਆ।

"ਕੁਕੜ-ਘੜੂੰ!" ਕੁਕੜ ਨੇ ਬਾਂਗ ਦਿੱਤੀ।



ਬੀਬਾ ਕੁੱਕੜ

ਇਕ ਵਾਰੀ ਦੀ ਗੱਲ ਹੈ, ਇਕ ਬਿੱਲੀ, ਇਕ ਮੈਨਾ ਤੇ ਇਕ ਬੀਬਾ ਕੁੱਕੜ ਜੰਗਲ ਵਿਚ ਇਕ ਛੋਟੇ ਜਿਹੇ ਘਰ ਵਿਚ ਰਿਹਾ ਕਰਦੇ ਸਨ। ਹਰ ਰੋਜ਼ ਬਿੱਲੀ ਤੇ ਮੈਨਾ ਲਕੜਾਂ ਵੱਢਣ ਲਈ ਦੂਰ ਜੰਗਲ ਵਿਚ ਜਾਂਦੀਆਂ, ਤੇ ਕੁੱਕੜ ਨੂੰ ਘਰ ਛਡ ਜਾਂਦੀਆਂ। ਜਾਣ ਤੋਂ ਪਹਿਲਾਂ ਉਹ ਕੁੱਕੜ ਨੂੰ ਤਾੜਨਾ ਕਰਦੀਆਂ :

"ਅਸੀਂ ਦੂਰ ਜਾ ਰਹੇ ਹਾਂ, ਤੂੰ ਘਰੇ ਰਹੀਂ ਤੇ ਸੰਭਾਲ ਕਰੀਂ। ਪਰ ਰੌਲਾ ਨਾ ਪਾਈਂ, ਤੇ ਜੇ ਲੂੰਮੜੀ ਆਵੇ, ਤਾਂ ਬਾਰੀਉਂ ਬਾਹਰ ਨਾ ਝਾਕੀਂ।"

ਜਦੋਂ ਲੂੰਮੜੀ ਨੂੰ ਪਤਾ ਲਗ ਗਿਆ, ਬਿੱਲੀ ਤੇ ਮੈਨਾ ਚਲੀਆਂ ਗਈਆਂ ਹਨ, ਉਹਨੇ ਛੋਟੇ ਜਿਹੇ ਘਰ ਵੱਲ ਆਉਣ ਦੀ ਕੀਤੀ। ਉਹ ਬਾਰੀ ਹੇਠ ਬਹਿ ਗਈ ਤੇ ਗਾਉਣ ਲਗ ਪਈ :

"ਬੀਬੇ ਕੁੱਕੜਾ,
ਖੰਭ ਤੇਰੇ ਸੁਹਣੇ,

ਕਲਗ਼ੀ ਰੱਤੀ,
ਧੌਣ ਚਮਕੀਲੀ,
ਬਾਰੀ ਵਿਚੋਂ ਮਾਰ ਖਾਂ ਝਾਤੀ,
ਦੇਵਾਂ ਤੈਨੂੰ ਲਪ ਮਟਰਾਂ ਦੀ।"

ਬੀਬੇ ਕੁੱਕੜ ਨੇ ਬਾਰੀ ਵਿਚੋਂ ਬਾਹਰ ਝਾਕਿਆ, ਤੇ ਲੂੰਮੜੀ ਨੇ ਉਹਨੂੰ ਫੜ ਲਿਆ ਤੇ ਉਹਨੂੰ ਆਪਣੇ ਘੁਰਨੇ ਵੱਲ ਲੈ ਗਈ।
ਬੀਬਾ ਕੁੱਕੜ ਚੀਕਾਂ ਮਾਰਨ ਲਗਾ:

"ਲੂੰਮੜੀ ਮੈਨੂੰ ਲੈ ਜੇ ਚੱਲੀ,
ਪਾਰ ਡੂੰਘੇ ਦਰਿਆਵੋਂ,
ਪਾਰ ਉਚੇ ਪਹਾੜੋਂ,
ਬੂਹੜੋ, ਬੂਹੜੋ,
ਮੈਨਾ ਤੇ ਬਿੱਲੀਏ!"

ਬਿੱਲੀ ਤੇ ਮੈਨਾ ਨੇ ਬੀਬੇ ਕੁੱਕੜ ਦੀ ਆਵਾਜ਼ ਸੁਣ ਲਈ। ਉਹ ਲੂੰਮੜੀ ਮਗਰ ਭੱਜੀਆਂ ਤੇ ਉਹਦੇ ਤੋਂ ਉਹਨਾਂ ਬੀਬੇ ਕੁੱਕੜ ਨੂੰ ਛੁਡਾ ਲਿਆਂਦਾ।

ਜਦੋਂ ਬਿੱਲੀ ਤੇ ਮੈਨਾ ਲੱਕੜਾਂ ਵੱਢਣ ਲਈ ਫੇਰ ਜਾਣ ਲੱਗੀਆਂ ਤਾਂ ਉਹਨਾਂ ਬੀਬੇ ਕੁੱਕੜ ਨੂੰ ਤਾੜਨਾ ਕੀਤੀ:

"ਬੀਬੇ ਕੁੱਕੜਾ, ਬਾਰੀ ਵਿਚੋਂ ਬਾਹਰ ਨਾ ਝਾਕੀਂ। ਅਜ ਅਸੀਂ ਬਹੁਤ ਦੂਰ ਜਾਣਾ ਏ। ਹੋ ਸਕਦੈ, ਸਾਨੂੰ ਤੇਰੀ ਆਵਾਜ਼ ਹੀ ਨਾ ਪਹੁੰਚ ਸਕੇ।"

ਜਦੋਂ ਉਹ ਚਲੇ ਗਈਆਂ ਲੂੰਮੜੀ ਨੇ ਛੋਟੇ ਘਰ ਵੱਲ ਆਉਣ ਦੀ ਕੀਤੀ ਤੇ ਆ ਕੇ ਗਾਉਣ ਲਗ ਪਈ:

"ਬੀਬੇ ਕੁੱਕੜਾ,
ਖੰਭ ਤੇਰੇ ਸੁਹਣੇ,
ਕਲਗ਼ੀ ਰੱਤੀ,
ਧੌਣ ਚਮਕੀਲੀ,
ਬਾਰੀ ਵਿਚੋਂ ਮਾਰ ਖਾਂ ਝਾਤੀ,
ਦੇਵਾਂ ਤੈਨੂੰ ਲਪ ਮਟਰਾਂ ਦੀ।"

ਬੀਬਾ ਕੁੱਕੜ ਚੁੱਪ ਕਰਕੇ ਬੈਠਾ ਰਿਹਾ। ਲੂੰਮੜੀ ਫੇਰ ਗਾਉਣ ਲਗ ਪਈ :

"ਨਸ–ਭੱਜ ਮੁੰਡੇ–ਕੁੜੀਆਂ ਸਾਰੀ
ਰਾਹ ਵਿੱਚ ਏ ਕਣਕ ਖਿਲਾਰੀ,
ਠੂੰਗਣ ਸਭੋ ਕੁੱਕੜੀਆਂ ਆਪੇ,
ਚੁੰਜ ਭਰ ਵੇਖੀ ਨਾ ਕੁੱਕੜਾਂ ਨੇ।"

ਬੀਬੇ ਕੁੱਕੜ ਨੇ ਬਾਰੀ ਵਿਚੋਂ ਬਾਹਰ ਝਾਕਿਆ ਤੇ ਪੁੱਛਣ ਲਗਾ :
"ਇਹ ਕੀ ਹੋਇਐ, ਦੱਸ ਲੂੰਮੜੀਏ, ਚੁੰਜ ਭਰ ਵੇਖੀ ਨਾ ਕੁੱਕੜਾਂ ਨੇ?"
ਫੇਰ ਲੂੰਮੜੀ ਨੇ ਬੀਬੇ ਕੁੱਕੜ ਨੂੰ ਫੜ ਲਿਆ, ਤੇ ਆਪਣੇ ਘੁਰਨੇ ਵੱਲ ਲੈ ਗਈ। ਬੀਬਾ ਕੁੱਕੜ ਚੀਕਾਂ ਮਾਰਨ ਲਗਾ :

"ਲੂੰਮੜੀ ਮੈਨੂੰ ਲੈ ਜੇ ਚੱਲੀ,
ਪਾਰ ਡੂੰਘੇ ਦਰਿਆਵੋਂ,
ਪਾਰ ਉਚੇ ਪਹਾੜੋਂ,
ਬੁਹੜੋ, ਬੁਹੜੋ,
ਮੈਨਾ ਤੇ ਬਿੱਲੀਏ!"

ਬਿੱਲੀ ਤੇ ਮੈਨਾ ਨੇ ਬੀਬੇ ਕੁੱਕੜ ਦੀ ਆਵਾਜ਼ ਸੁਣ ਲਈ ਤੇ ਉਹ ਲੂੰਮੜੀ ਪਿੱਛੇ ਹੋ ਪਈਆਂ। ਬਿੱਲੀ ਨੱਸੀ ਤੇ ਮੈਨਾ ਉੱਡੀ। ਉਹ ਲੂੰਮੜੀ ਨੂੰ ਜਾ ਰਲੀਆਂ। ਬਿੱਲੀ ਨੇ ਨਹੁੰਦਰਾਂ ਤੇ ਮੈਨਾ ਨੇ ਚੁੰਜਾਂ ਮਾਰੀਆਂ, ਤੇ ਉਹਨਾਂ ਬੀਬੇ ਕੁੱਕੜ ਨੂੰ ਬਚਾ ਲਿਆ।

ਬਿੱਲੀ ਤੇ ਮੈਨਾ ਲੱਕੜ ਵੱਢਣ ਲਈ ਜੰਗਲ ਦੇ ਧੁਰ ਅੰਦਰ ਜਾਣ ਦੀ ਤਿਆਰੀ ਕਰਨ ਲਗੀਆਂ। ਉਹਨਾਂ ਬੀਬੇ ਕੁੱਕੜ ਨੂੰ ਸਮਝਾਇਆ :
"ਲੂੰਮੜੀ ਦੀ ਗੱਲ ਨਾ ਸੁਣੀਂ, ਤੇ ਬਾਰੀ ਵਿਚੋਂ ਬਾਹਰ ਨਾ ਝਾਕੀਂ। ਅਜ ਅਸੀਂ ਬਹੁਤ ਦੂਰ ਜਾਣਾ ਏਂ, ਤੇ ਤੇਰੀਆਂ ਚੀਕਾਂ ਸਾਡੇ ਤੱਕ ਨਹੀਂ ਪਹੁੰਚ ਸਕਣ ਲੱਗੀਆਂ।"
ਤੇ ਬਿੱਲੀ ਤੇ ਮੈਨਾ ਲੱਕੜ ਵੱਢਣ ਲਈ ਜੰਗਲ ਦੇ ਧੁਰ ਅੰਦਰ ਚਲੇ ਗਈਆਂ। ਏਧਰ ਲੂੰਮੜੀ ਆ ਨਿਕਲੀ। ਉਹ ਬਾਰੀ ਹੇਠ ਬਹਿ ਗਈ ਤੇ ਗੌਣ ਲਗੀ :

"ਬੀਬੇ ਕੁੱਕੜਾ,
ਖੰਭ ਤੇਰੇ ਸੁਹਣੇ,
ਕਲਗ਼ੀ ਰੱਤੀ,
ਧੌਣ ਚਮਕੀਲੀ,
ਬਾਰੀ ਵਿਚੋਂ ਮਾਰ ਖਾਂ ਝਾਤੀ,
ਦੇਵਾਂ ਤੈਨੂੰ ਲਪ ਮਟਰਾਂ ਦੀ।"

ਬੀਬਾ ਕੁੱਕੜ ਚੁਪ ਕਰਕੇ ਬੈਠਾ ਰਿਹਾ। ਤੇ ਲੂੰਮੜੀ ਫੇਰ ਗਾਉਣ ਲਗ ਪਈ :

"ਨਸ–ਭੱਜ ਮੁੰਡੇ–ਕੁੜੀਆਂ ਸਾਰੀ,
ਰਾਹ ਵਿਚ ਏ ਕਣਕ ਖਿਲਾਰੀ,
ਠੂੰਗਣ ਸਭੋ ਕੁੱਕੜੀਆਂ ਆਪੇ,
ਚੁੰਜ ਭਰ ਵੇਖੀ ਨਾ ਕੁੱਕੜਾਂ ਨੇ।"

ਬੀਬਾ ਕੁੱਕੜ ਚੁਪ ਕਰ ਕੇ ਬੈਠਾ ਰਿਹਾ। ਤੇ ਲੂੰਮੜੀ ਫੇਰ ਗਾਉਣ ਲਗ ਪਈ :

"ਚੋਖੀਆਂ ਅਜ ਸਵਾਰੀਆਂ ਗਈਆਂ,
ਰਾਹ 'ਚ ਸੁੱਟੀਆਂ ਉਹਨਾਂ ਗਿਰੀਆਂ,
ਸੱਭੋ ਕੁੱਕੜੀਆਂ ਨੇ ਚੁੱਗ ਲਈਆਂ,
ਕੁੱਕੜਾਂ ਦੀ ਚੁੰਝੇ ਨਾ ਪਈਆਂ।"

ਬੀਬੇ ਕੁੱਕੜ ਨੇ ਬਾਰੀ ਵਿਚੋਂ ਝਾਕਿਆ ਤੇ ਪੁੱਛਣ ਲਗਾ :
"ਇਹ ਕੀ ਹੋਇਆ, ਦਸ ਲੂੰਮੜੀਏ, ਚੁੰਝ ਭਰ ਵੇਖੀ ਨਾ ਕੁੱਕੜਾਂ ਨੇ?"
ਲੂੰਮੜੀ ਨੇ ਬੀਬੇ ਕੁੱਕੜ ਨੂੰ ਫੜ ਲਿਆ ਤੇ ਉਹਨੂੰ ਡੂੰਘੇ ਦਰਿਆਵਾਂ ਤੋਂ ਪਾਰ, ਉਚੇ ਪਹਾੜਾਂ ਤੋਂ ਪਾਰ, ਆਪਣੇ ਘੁਰਨੇ ਬੀਬੇ ਲੈ ਗਈ।
ਬਾਬੇ ਕੁੱਕੜ ਨੇ ਬੜੀਆਂ ਕੂਕਾਂ ਮਾਰੀਆਂ, ਬੜੀਆਂ ਚੀਕਾਂ ਛਡੀਆਂ, ਪਰ ਉਹਦੀ ਆਵਾਜ਼ ਬਿੱਲੀ ਤੇ ਮੈਨਾ ਤੱਕ ਨਾ ਪਹੁੰਚੀ। ਜਦੋਂ ਉਹ ਘਰ ਪਰਤੀਆਂ, ਉਹਨਾਂ ਨੂੰ ਓਥੇ ਬੀਬਾ ਕੁੱਕੜ ਨਾ ਲੱਭਾ।

ਬਿੱਲੀ ਤੇ ਮੈਨਾ ਲੂੰਮੜੀ ਦੇ ਪੈਰਾਂ ਦੇ ਨਿਸ਼ਾਨ ਵੇਖਦੀਆਂ ਚੱਲਣ ਲਗੀਆਂ। ਬਿੱਲੀ ਭੱਜੀ ਤੇ ਮੈਨਾ ਉੱਡੀ। ਤੇ ਅਖ਼ੀਰ ਉਹ ਲੂੰਮੜੀ ਦੇ ਘੁਰਨੇ ਕੋਲ ਜਾ ਪੁੱਜੀਆਂ। ਬਿੱਲੀ ਗੂਸਲੀ* ਵਜਾਣ ਤੇ ਗਾਉਣ ਲਗ ਪਈ :

"ਸੁਹਣੀ ਮੈਂ ਇਕ ਤਰਜ਼ ਵਜਾਵਾਂ,
ਨਾਲੇ, ਇਕ ਮੈਂ ਗਾਣਾ ਗਾਵਾਂ,
ਭੈਣ ਲੂੰਮੜੀ ਦਾ ਦਿਲ ਪਰਚਾਵਾਂ।
ਭੈਣ ਮੇਰੀ ਕੀ ਸੈਰਾਂ ਉਤੇ,
ਜਾਂ ਸੁੱਤੀ ਏ ਘਰੇ ਆਪਣੇ?"

ਲੂੰਮੜੀ ਨੇ ਗਾਣਾ ਸੁਣਿਆ ਤੇ ਸੋਚਣ ਲੱਗੀ :

"ਕੌਣ ਏ ਏਨਾ ਸੁਹਣਾ ਵਜਾਣ ਵਾਲਾ, ਤੇ ਏਨਾ ਮਿੱਠਾ ਗਾਉਣ ਵਾਲਾ। ਜਾ ਕੇ ਵੇਖਾਂ ਤਾਂ ਸਹੀਂ।"

ਲੂੰਮੜੀ ਆਪਣੇ ਘੁਰਨੇ ਵਿਚੋਂ ਬਾਹਰ ਨਿਕਲ ਆਈ। ਬਿੱਲੀ ਤੇ ਮੈਨਾ ਨੇ ਲੂੰਮੜੀ ਨੂੰ ਫੜ ਲਿਆ ਤੇ ਉਹਨੂੰ ਕੁੱਟਣ ਲਗ ਪਈਆਂ। ਉਹਨਾਂ ਉਹਨੂੰ ਏਨਾ ਮਾਰਿਆ, ਏਨਾ ਮਾਰਿਆ ਕਿ ਉਹ ਨੱਠ ਉਠੀ, ਜਿੰਨੀ ਵੀ ਤੇਜ਼ ਉਹ ਨੱਠ ਸਕਦੀ ਸੀ।

ਬਿੱਲੀ ਤੇ ਮੈਨਾ ਨੇ ਬੀਬੇ ਕੁੱਕੜ ਨੂੰ ਚੁਕਿਆ, ਉਹਨੂੰ ਟੋਕਰੀ ਵਿਚ ਪਾ ਲਿਆ, ਤੇ ਉਹਨੂੰ ਘਰ ਲੈ ਆਈਆਂ।

ਤੇ ਅਜ ਤੱਕ ਉਹ ਸਾਰੇ ਜੰਗਲ 'ਚ ਆਪਣੇ ਛੋਟੇ ਜਿਹੇ ਘਰ ਵਿਚ ਖ਼ੁਸ਼ੀ-ਖ਼ੁਸ਼ਾਈਂ ਰਹਿ ਰਹੇ ਹਨ।

---

* ਇਕ ਰੂਸੀ ਸਾਜ਼ ਜਿਸ ਨੂੰ ਪੋਟੀਆਂ ਨਾਲ ਵਜਾਇਆ ਜਾਂਦਾ ਹੈ।—**ਅਨੁ :**

ਲੂੰਬੜ ਤੇ ਬਘਿਆੜ

ਇਕ ਸੀ ਬੁਢਾ ਤੇ ਇਕ ਸੀ ਉਹਦੀ ਵਹੁਟੀ। ਬੁਢੇ ਨੇ ਆਪਣੀ ਵਹੁਟੀ ਨੂੰ ਆਖਿਆ : "ਮੈਨੂੰ ਥੋੜੇ ਜਿਹੇ ਪੂੜੇ ਪਕਾ ਦੇ, ਭਲੀਏ ਲੋਕੇ, ਤੇ ਮੈਂ ਬਰਫ਼–ਗੱਡੀ ਨੂੰ ਘੋੜਾ ਜੋੜ ਲਵਾਂ। ਮੈਂ ਮੱਛੀਆਂ ਫੜਨ ਚਲਿਆਂ।"

ਬੁਢੇ ਨੇ ਢੇਰ ਸਾਰੀਆਂ ਮੱਛੀਆਂ ਫੜੀਆਂ। ਉਹਦੀ ਸਾਰੀ ਗੱਡੀ ਮੱਛੀਆਂ ਨਾਲ ਭਰ ਗਈ। ਘਰ ਨੂੰ ਮੁੜਦਿਆਂ ਅਚਾਨਕ ਉਹਦੀ ਨਜ਼ਰ ਇਕ ਲੂੰਬੜ ਤੇ ਪਈ ਜਿਹੜਾ ਗੇਂਦ ਵਾਂਗ ਕੱਠਾ ਹੋਇਆ ਰਾਹ ਵਿਚ ਪਿਆ ਸੀ।

ਬੁੱਢਾ ਆਪਣੀ ਬਰਫ਼–ਗੱਡੀ ਤੋਂ ਉਤਰਿਆ ਤੇ ਲੂੰਬੜ ਕੋਲ ਗਿਆ, ਪਰ ਲੂੰਬੜ ਟਸ ਤੋਂ ਮਸ ਨਹੀਂ ਹੋਇਆ। ਉਹ ਇਉਂ ਪਿਆ ਸੀ ਜਿਵੇਂ ਮੁਰਦਾ ਹੋਵੇ।

"ਕਮਾਲ ਦੀ ਚੀਜ਼ ਲਭ ਪਈ! ਹੁਣ ਮੇਰੀ ਘਰਵਾਲੀ ਆਪਣੇ ਗਰਮ ਕੋਟ ਨੂੰ ਕਾਲਰ ਲਵਾ ਲਏਗੀ।"

ਸੋ ਉਹਨੇ ਲੂੰਬੜ ਨੂੰ ਚੁਕਿਆ ਤੇ ਬਰਫ਼–ਗੱਡੀ ਉਤੇ ਰਖ ਲਿਆ, ਤੇ ਆਪ ਉਹ ਘੋੜੇ ਦੇ ਨਾਲ ਨਾਲ ਪੈਦਲ ਤੁਰ ਪਿਆ।

ਪਰ ਲੂੰਬੜ ਆਪਣੇ ਮੌਕੇ ਦੀ ਤਾੜ ਵਿਚ ਸੀ ਤੇ ਉਹ ਚੁਪ ਚਾਪ ਮੱਛੀਆਂ ਨੂੰ ਇਕ ਇਕ ਕਰਕੇ, ਬਰਫ–ਗੱਡੀ ਵਿਚੋਂ ਹੇਠਾਂ ਸੁੱਟਣ ਲਗ ਪਿਆ।

ਜਦੋਂ ਉਹਨੇ ਸਾਰੀਆਂ ਮੱਛੀਆਂ ਹੇਠਾਂ ਸੁੱਟ ਲਈਆਂ, ਉਹ ਆਪ ਵੀ ਮਲਕੜੇ ਜਿਹੇ ਖਿਸਕ ਗਿਆ।

ਬੁਢੇ ਨੇ ਜਿਵੇਂ ਹੀ ਘਰ ਵਿਚ ਪੈਰ ਪਾਇਆ, ਉਹਨੇ ਆਪਣੀ ਵਹੁਟੀ ਨੂੰ ਵਾਜ ਮਾਰੀ:

"ਭਲੀਏ ਲੋਕੇ, ਮੈਂ ਤੇਰੇ ਗਰਮ ਕੋਟ ਵਾਸਤੇ ਇਕ ਵਧੀਆ ਕਾਲਰ ਲੈ ਆਇਆਂ!"

ਬੁਢੜੀ ਬਰਫ–ਗੱਡੀ ਕੋਲ ਪਹੁੰਚੀ, ਪਰ ਉਥੇ ਕੱਖ ਵੀ ਨਹੀਂ ਸੀ—ਨਾ ਕੋਈ ਮੱਛੀ, ਨਾ ਕਾਲਰ, ਕੱਖ ਵੀ ਨਾ। ਉਹ ਬੁਢੇ ਨੂੰ ਡਾਂਟਣ ਲਗ ਪਈ।

"ਤੂੰ ਉਤਾ! ਤੂੰ ਝੁਡੂਆ ਕਿਸੇ ਥਾਂ ਦਿਆ! ਤੂੰ ਮੈਨੂੰ ਝੇੜਾਂ ਕਰਦਾ ਏਂ!"

ਫੇਰ ਬੁਢੇ ਨੂੰ ਸਮਝ ਆ ਗਈ ਕਿ ਲੂੰਬੜ ਮਰਿਆ ਹੋਇਆ ਬਿਲਕੁਲ ਨਹੀਂ ਸੀ। ਉਹ ਬੜਾ ਦੁਖੀ ਹੋਇਆ, ਪਰ ਜੋ ਹੋ ਗਿਆ ਸੀ ਉਸ ਨੂੰ ਹੁਣ ਬਦਲਿਆ ਨਹੀਂ ਸੀ ਜਾ ਸਕਦਾ।

ਉਧਰ ਲੂੰਬੜ ਨੇ ਸੜਕ ਤੋਂ ਸਾਰੀਆਂ ਮੱਛੀਆਂ ਕੱਠੀਆਂ ਕਰਕੇ ਇਕ ਢੇਰ ਲਾ ਲਿਆ ਤੇ ਰਾਤ ਦਾ ਖਾਣਾ ਖਾਣ ਬਹਿ ਗਿਆ।

ਓਧਰੋਂ ਇਕ ਬਘਿਆੜ ਆ ਗਿਆ।

"ਬੜੀ ਭੁਖ ਲਗੀ ਆ, ਭਰਾਵਾ! ਮੇਰੀ ਜਾਚੇ, ਤੂੰ ਵੀ ਖਾ ਹੀ ਰਿਹਾ ਏਂ।"

"ਮੇਰੇ ਕੋਲ ਜੋ ਖਾਣ ਨੂੰ ਏ, ਮੇਰੀ ਆਪਣੀ ਖਾਤਰ ਏ। ਤੇ ਮੈਂ ਇਹ ਕੱਲਾ ਹੀ ਖਾਊਂ, ਤੂੰ ਕਿਰਪਾ ਕਰ।"

"ਮੈਨੂੰ ਇਕ ਨਿੱਕੀ ਜਿਹੀ ਮੱਛੀ ਵੀ ਨਹੀਂ ਦਏਂਗਾ?"

"ਨਹੀਂ, ਬਿਲਕੁਲ ਨਹੀਂ। ਆਪ ਜਾ ਕੇ ਫੜ ਲੈ ਮੱਛੀਆਂ।"

"ਪਰ ਮੈਨੂੰ ਤਾਂ ਮੱਛੀਆਂ ਫੜਨ ਦੀ ਜਾਚ ਨਹੀਂ ਆਉਂਦੀ।"

"ਵਾਹ, ਜੇ ਮੈਂ ਫੜ ਸਕਦਾਂ, ਤੂੰ ਜ਼ਰੂਰ ਹੀ ਫੜ ਸਕਦੈਂ। ਦਰਿਆ ਤੇ ਚਲਾ ਜਾ, ਭਰਾਵਾ, ਬਰਫ ਵਿੱਚ ਮਘੋਰਾ ਕਰਕੇ ਆਪਣੀ ਪੂਛ ਅੰਦਰ ਲਮਕਾ ਦੇ ਤੇ ਆਖੀ ਜਾ: 'ਘੁਟ ਕੇ ਹੱਥ ਮਛੀਏ ਪਾ, ਸ਼ੂ ਕਰਕੇ ਬਾਹਰ ਆ ਜਾ! ਘੁਟ ਕੇ ਹੱਥ ਮੱਛੀਏ ਪਾ, ਸ਼ੂ ਕਰਕੇ ਬਾਹਰ ਆ ਜਾ!' ਤੇ ਮੱਛੀ ਤੇਰੀ ਪੂਛ ਨੂੰ ਘੁਟ ਕੇ ਫੜ ਲਵੇਗੀ। ਜਿੰਨਾ ਬਹੁਤਾ ਚਿਰ ਬੈਠਾ ਰਹੇਂਗਾ, ਓਨੀਆਂ ਬਹੁਤੀਆਂ ਮੱਛੀਆਂ ਫੜ ਲਵੇਂਗਾ।"

ਸੋ ਬਘਿਆੜ ਦਰਿਆ ਤੇ ਚਲਾ ਗਿਆ। ਉਹਨੇ ਆਪਣੀ ਪੂਛ ਬਰਫ ਦੇ ਮਘੋਰੇ ਵਿਚ ਲਮਕਾ ਦਿੱਤੀ ਤੇ ਉਥੇ ਬਹਿ ਗਿਆ। ਉਹ ਮੁੜ ਮੁੜ ਕੇ ਏਹੋ ਆਖੀ ਜਾ ਰਿਹਾ ਸੀ:

"ਘੁਟ ਕੇ ਹੱਥ ਮਛੀਏ ਪਾ,
ਸੂੰ ਕਰਕੇ ਬਾਹਰ ਆ ਜਾ!
ਘੁਟ ਕੇ ਹੱਥ ਮਛੀਏ ਪਾ,
ਸੂੰ ਕਰਕੇ ਬਾਹਰ ਆ ਜਾ!"

ਅਤੇ ਲੂੰਬੜ ਬਘਿਆੜ ਦੇ ਆਸੇ ਪਾਸੇ ਫਿਰੀ ਜਾਵੇ ਤੇ ਗੁਣਗੁਣਾਈ ਜਾਵੇ:

"ਕਰੋ ਤਾਰਿਓ ਝਿਲਮਿਲ ਝਿਲਮਿਲ
ਯਖ਼ ਕਰੋ ਬਘਿਆੜ ਦੀ ਪੂਛਲ!"

"ਤੂੰ ਕੀ ਬੁੜ ਬੁੜ ਕਰਦਾ ਏਂ, ਭਰਾਵਾ!" ਬਘਿਆੜ ਨੇ ਲੂੰਬੜ ਨੂੰ ਪੁਛਿਆ।

"ਮੈਂ ਦੁਆ ਕਰ ਰਿਹਾਂ ਕਿ ਤੇਰੀ ਪੂਛ ਨਾਲ ਬਹੁਤ ਸਾਰੀਆਂ ਮੱਛੀਆਂ ਆ ਜਾਣ।" ਲੂੰਬੜ ਨੇ ਆਖਿਆ, ਤੇ ਫੇਰ ਗੁਣਗੁਣਾਉਣ ਲਗ ਪਿਆ:

"ਕਰੋ ਤਾਰਿਓ ਝਿਲਮਿਲ ਝਿਲਮਿਲ
ਯਖ਼ ਕਰੋ ਬਘਿਆੜ ਦੀ ਪੂਛਲ!"

ਬਘਿਆੜ ਸਾਰੀ ਰਾਤ ਬਰਫ ਦੇ ਮਘੋਰੇ ਕੋਲ ਬੈਠਾ ਰਿਹਾ, ਅਤੇ ਯਕੀਨ ਜਾਣੋ ਉਹਦੀ ਪੂਛ ਜੰਮ ਕੇ ਬਰਫ ਹੋ ਗਈ। ਦਿਨ ਚੜ੍ਹਿਆ ਤਾਂ ਉਹਨੇ ਉਠਣ ਦੀ ਕੋਸ਼ਿਸ਼ ਕੀਤੀ, ਪਰ ਉਹਦੇ ਕੋਲੋਂ ਉਠਿਆ ਨਾ ਗਿਆ। "ਵਾਹ, ਕਿੰਨੀਆਂ ਮੱਛੀਆਂ ਮੈਂ ਫੜ ਲਈਆਂ," ਉਹਨੇ ਸੋਚਿਆ। "ਮੈਥੋਂ ਤਾਂ ਇਹ ਬਾਹਰ ਨਹੀਂ ਖਿੱਚੀਆਂ ਜਾਂਦੀਆਂ।"

ਏਨੇ ਨੂੰ ਇਕ ਔਰਤ ਬਾਲਟੀਆਂ ਚੁੱਕੀ ਪਾਣੀ ਲੈਣ ਆ ਗਈ। "ਬਘਿਆੜ, ਬਘਿਆੜ!" ਉਹ ਚਾਂਗਰਾਂ ਮਾਰਨ ਲੱਗੀ। "ਮਾਰੋ ਬਘਿਆੜ ਨੂੰ।"

ਬਘਿਆੜ ਨੇ ਬਥੇਰਾ ਜ਼ੋਰ ਲਾਇਆ ਪਰ ਉਹਦੇ ਕੋਲੋਂ ਆਪਣੀ ਪੂਛ ਬਾਹਰ ਨਾ ਖਿੱਚੀ ਗਈ। ਔਰਤ ਨੇ ਆਪਣੀਆਂ ਬਾਲਟੀਆਂ ਓਥੇ ਰੱਖੀਆਂ ਤੇ ਆਪਣੀ ਵਹਿੰਗੀ ਲੈਕੇ ਉਹਦੇ ਵੱਲ ਹੋ ਗਈ। ਔਰਤ ਨੇ ਬੀਘਆੜ ਨੂੰ ਕੁਟਣਾ ਸ਼ੁਰੂ ਕਰ ਦਿੱਤਾ। ਉਹ ਕੁਟਦੀ ਰਹੀ, ਕੁਟਦੀ ਰਹੀ ਤੇ ਬਘਿਆੜ ਦਾ ਆਪਣਾ ਆਪ ਧੂਹ ਧੂਹ ਕੇ ਸਾਹ ਚੜ੍ਹ ਗਿਆ। ਉਹ ਬੜਾ ਹਫ ਗਿਆ ਤੇ ਅਖੀਰ ਉਹਦੀ ਪੂਛ ਬਾਹਰ ਆ ਗਈ ਤੇ ਉਹ ਉਥੋਂ ਪਤੇਤੋੜ ਹੋ ਗਿਆ।

"ਰਤਾ ਸਹਾਰਾ ਕਰ, ਭਰਾਵਾ ਲੂੰਬੜਾ," ਉਹਨੇ ਆਪਣੇ ਆਪ ਨੂੰ ਆਖਿਆ, "ਤੈਨੂੰ ਕੀਤੀ ਦਾ ਫਲ ਚਖਾਊਂ।"

ਹੁਣ ਕੀ ਹੋਇਆ ਕਿ ਲੂੰਬੜ ਦੱਬੇ ਪੈਰੀਂ ਉਸ ਝੁੱਗੀ ਵਿਚ ਜਾ ਵੜਿਆ ਜਿਥੇ ਇਹ ਔਰਤ ਰਹਿੰਦੀ ਸੀ। ਉਹਦੀ ਪਰਾਤ ਵਿਚੋਂ ਢਿੱਡ ਭਰਕੇ ਉਹਦੀ ਤੌਣ ਖਾ ਲਈ, ਕੁਝ ਗੁੰਨ੍ਹਿਆ ਆਟਾ ਸਿਰ ਮੂੰਹ ਤੇ ਮਲ ਲਿਆ ਤੇ ਫੇਰ ਭਜ ਗਿਆ, ਜਾ ਕੇ ਸੜਕ ਤੇ ਟੇਢਾ ਹੋ ਗਿਆ ਤੇ ਲੰਮਾ ਪਿਆ ਹੂੰਘਣ ਲਗ ਪਿਆ।

ਓਧਰੋਂ ਬਘਿਆੜ ਆ ਗਿਆ ਤੇ ਆਖਣ ਲੱਗਾ: "ਚੰਗੀ ਜਾਚ ਦੱਸੀ ਤੂੰ ਮੱਛੀਆਂ ਫੜਨ ਦੀ, ਭਰਾਵਾ ਲੂੰਬੜਾ? ਵੇਖ, ਮੇਰਾ ਅੰਗ ਅੰਗ ਨੀਲਾ ਕਾਲਾ ਹੋਇਆ ਪਿਐ।"

ਤੇ ਲੂੰਬੜ ਨੇ ਆਖਿਆ: "ਓਹ, ਭਰਾਵਾ, ਤੇਰੀ ਤਾਂ ਪੂਛ ਹੀ ਗਈ, ਪਰ ਤੇਰਾ ਸਿਰ ਤਾਂ ਬਚਿਆ ਰਿਹਾ, ਮੇਰਾ ਤਾਂ ਕਚੂਮਰ ਨਿਕਲ ਗਿਆ। ਵੇਖ, ਮਾਰ ਮਾਰ ਕੇ ਮੇਰੀ ਮਿੱਝ ਕੱਢ ਛਡੀ ਉਹਨਾਂ ਨੇ, ਤੇ ਮੈਂ ਤਾਂ ਹੁਣ ਆਖਰੀ ਸਾਹਾਂ ਤੇ ਆਂ।"

"ਇਹ ਗੱਲ ਏ, ਭਰਾਵਾ," ਬਘਿਆੜ ਨੇ ਆਖਿਆ। "ਚੜ੍ਹ ਮੇਰੇ ਕੰਧਾੜੇ ਤੇ ਮੈਂ ਤੈਨੂੰ ਲੈ ਚਲਦਾਂ, ਵਿਚਾਰਿਆ।"

ਲੂੰਬੜ ਬਘਿਆੜ ਦੇ ਕੰਧਾੜੇ ਚੜ੍ਹ ਬੈਠਾ ਤੇ ਉਹ ਤੁਰ ਪਏ।

ਲੂੰਬੜ ਬਘਿਆੜ ਦੇ ਕੰਧਾੜੇ ਚੜ੍ਹਿਆ ਜਾਂਦਾ ਸੀ ਅਤੇ ਗੁਣਗੁਣਾਈ ਜਾਂਦਾ ਸੀ:

"ਇਕ ਰੋਗੀ ਦੀ ਕੰਡ ਦੇ ਉਤੇ
ਤੰਦਰੁਸਤ ਨੇ ਕਾਠੀ ਪਾਈ,
ਇਕ ਰੋਗੀ ਦੀ ਕੰਡ ਦੇ ਉਤੇ
ਤੰਦਰੁਸਤ ਨੇ ਕਾਠੀ ਪਾਈ!"

"ਇਹ ਕੀ ਬੁੜ ਬੁੜ ਕਰਦਾ ਏਂ, ਭਰਾਵਾ?" ਬਘਿਆੜ ਨੇ ਪੁਛਿਆ।

"ਇਹ ਭਰਾਵਾ ਟੂਣਾ ਏ ਤੇਰੀ ਪੀੜ ਖਿਚਣ ਦਾ," ਲੂੰਬੜ ਨੇ ਆਖਿਆ, ਅਤੇ ਫੇਰ ਗੁਣਗੁਣਾਉਣ ਲਗ ਪਿਆ:

"ਇਕ ਰੋਗੀ ਦੀ ਕੰਡ ਦੇ ਉਤੇ
ਤੰਦਰੁਸਤ ਨੇ ਕਾਠੀ ਪਾਈ,
ਇਕ ਰੋਗੀ ਦੀ ਕੰਡ ਦੇ ਉਤੇ
ਤੰਦਰੁਸਤ ਨੇ ਕਾਠੀ ਪਾਈ!"



ਲੂੰਬੜ ਤੇ ਸਾਰਸ

ਲੂੰਬੜ ਤੇ ਸਾਰਸ ਦੀ ਗੂੜ੍ਹੀ ਦੋਸਤੀ ਹੋ ਗਈ।

ਇਕ ਦਿਨ ਲੂੰਬੜ ਨੇ ਸਾਰਸ ਨੂੰ ਰੋਟੀ ਦਾ ਸੱਦਾ ਦੇਣ ਦਾ ਫ਼ੈਸਲਾ ਕੀਤਾ।

"ਆ, ਮੇਰੇ ਘਰ ਰੋਟੀ ਖਾ, ਪਿਆਰੇ ਦੋਸਤ," ਉਸ ਨੇ ਆਖਿਆ। "ਮੈਂ ਤੈਨੂੰ ਸ਼ਾਨਦਾਰ ਦਾਅਵਤ ਦਿਆਂਗਾ।"

ਸੋ ਸਾਰਸ ਦਾਅਵਤ ਖਾਣ ਚਲਾ ਗਿਆ। ਲੂੰਬੜ ਨੇ ਥੋੜਾ ਜਿਹਾ ਦਲੀਆ ਚਾੜ੍ਹਿਆ ਹੋਇਆ ਸੀ ਜਿਹੜਾ ਉਸ ਨੇ ਇਕ ਪਲੇਟ ਵਿਚ ਪਾ ਲਿਆ। ਉਸ ਨੇ ਪਲੇਟ ਰੱਖੀ ਤੇ ਆਪਣੇ ਪ੍ਰਾਹੁਣੇ ਨੂੰ ਪਿਆਰ ਨਾਲ ਆਖਿਆ: "ਮੈਨੂੰ ਆਸ ਏ ਕਿ ਤੈਨੂੰ ਸਵਾਦ ਲਗੂ, ਦੋਸਤ। ਮੈਂ ਆਪਣੇ ਹੱਥੀਂ ਪਕਾਇਐ।"

ਸਾਰਸ ਨੇ ਆਪਣੀ ਤਿੱਖੀ ਚੁੰਝ ਨਾਲ ਪਲੇਟ ਵਿੱਚ ਠੂੰਗੇ ਮਾਰੇ, ਪਰ ਉਹ ਇਕ ਬੁਰਕੀ ਵੀ ਦਲੀਆ ਨਾ ਖਾ ਸਕਿਆ।

ਓਧਰ ਲੂੰਬੜ ਓਨਾ ਚਿਰ ਦਲੀਆ ਚੱਟੀ ਗਿਆ ਜਿੰਨਾ ਚਿਰ ਉਹ ਸਾਰਾ ਮੁਕ ਨਹੀਂ ਗਿਆ।

ਫੇਰ ਉਹ ਬੋਲਿਆ : "ਮੈਨੂੰ ਅਫਸੋਸ ਏ, ਪਿਆਰੇ, ਮੇਰੇ ਕੋਲ ਹੋਰ ਕੁਝ ਵੀ ਨਹੀਂ ਤੇਰੇ ਅੱਗੇ ਰਖਣ ਨੂੰ।"

ਤੇ ਸਾਰਸ ਨੇ ਜਵਾਬ ਦਿੱਤਾ : "ਫਿਰ ਵੀ ਤੇਰਾ ਸ਼ੁਕਰੀਆ। ਬਥੇਰਾ ਖਾ ਲਿਐ ਮੈਂ। ਹੁਣ ਤੂੰ ਆਵੀਂ ਮੇਰੇ ਘਰ ਰੋਟੀ ਖਾਣ।"

ਅਗਲੇ ਦਿਨ ਲੂੰਬੜ ਸਾਰਸ ਦੇ ਘਰ ਗਿਆ। ਸਾਰਸ ਨੇ ਖਾਣ ਵਾਸਤੇ ਥੋੜਾ ਜਿਹਾ ਸੂਪ ਬਣਾਇਆ ਸੀ ਜਿਹੜਾ ਉਸ ਨੇ ਤੰਗ ਮੂੰਹ ਵਾਲੇ ਇਕ ਜੱਗ ਵਿੱਚ ਪਰੋਸ ਦਿੱਤਾ। ਸਾਰਸ ਨੇ ਆਖਿਆ :

"ਹਿੰਮਤ ਕਰ, ਦੋਸਤ। ਮੈਨੂੰ ਅਫਸੋਸ ਏ ਦਸਦਿਆਂ ਕਿ ਮੇਰੇ ਕੋਲ ਏਹੋ ਕੁਝ ਹੀ ਏ।"

ਲੂੰਬੜ ਨੇ ਜੱਗ ਨਾਲ ਆਪਣਾ ਨੱਕ ਰਗੜਿਆ, ਜੱਗ ਨੂੰ ਚੱਟਿਆ ਤੇ ਇਸ ਨੂੰ ਸੁਰੜ ਸੁਰੜ ਕਰਕੇ ਸੰਘਿਆ, ਪਰ ਉਹ ਇਕ ਭੋਰਾ ਵੀ ਸੂਪ ਨਾ ਖਾ ਸਕਿਆ। ਉਹਦਾ ਨੱਕ ਏਡਾ ਵੱਡਾ ਸੀ ਕਿ ਜੱਗ ਵਿਚ ਉਹ ਮੂੰਹ ਨਹੀਂ ਸੀ ਮਾਰ ਸਕਦਾ।

ਪਰ ਸਾਰਸ ਚੁੰਝਾਂ ਮਾਰੀ ਗਿਆ ਤੇ ਅਖੀਰ ਉਸ ਨੇ ਸਾਰਾ ਸੂਪ ਚਟਮ ਕਰ ਲਿਆ।

"ਅਫਸੋਸ ਏ, ਦੋਸਤਾ। ਪਰ ਮੇਰੇ ਕੋਲ ਹੋਰ ਕੁਝ ਹੈ ਨਹੀਂ ਤੇਰੇ ਅੱਗੇ ਰਖਣ ਨੂੰ।"

ਲੂੰਬੜ ਬੜਾ ਨਾਰਾਜ਼ ਸੀ। ਉਹ ਸੋਚ ਕੇ ਆਇਆ ਸੀ ਕਿ ਅੱਜ ਉਹ ਏਨਾ ਖਾ ਲਵੇਗਾ ਜੋ ਹਫਤਾ ਭਰ ਖਾਣ ਦੀ ਲੋੜ ਨਾ ਪਵੇ, ਪਰ ਹੁਣ ਉਹ ਪਹਿਲਾਂ ਨਾਲੋਂ ਵੀ ਬਹੁਤਾ ਭੁਖਾ ਵਾਪਸ ਆਇਆ ਸੀ। ਇਹਨੂੰ ਕਹਿੰਦੇ ਨੇ ਇੱਟ ਦਾ ਜਵਾਬ ਪੱਥਰ।

ਅਤੇ ਇਹਦੇ ਨਾਲ ਹੀ ਲੂੰਬੜ ਤੇ ਸਾਰਸ ਦੀ ਦੋਸਤੀ ਦਾ ਭੋਗ ਪੈ ਗਿਆ।

ਲਕੜ-ਲੱਤਾ ਰਿੱਛ

ਇਕ ਵਾਰ ਇਕ ਬੁਢਾ ਤੇ ਉਹਦੀ ਵਹੁਟੀ ਰਹਿੰਦੇ ਸਨ।

ਉਹਨਾਂ ਨੇ ਥੋੜੇ ਜਿਹੇ ਗੋਂਗਲੂ ਬੀਜੇ, ਤੇ ਇਕ ਚੰਦਰਾ ਰਿੱਛ ਉਹਨਾਂ ਦੀ ਚੋਰੀ ਕਰਨ ਲਗ ਪਿਆ। ਇਕ ਦਿਨ ਬੁਢਾ ਬਾਹਰ ਆਪਣੇ ਗੋਂਗਲੂਆਂ ਤੇ ਝਾਤੀ ਮਾਰਨ ਗਿਆ ਤੇ ਕੀ ਵੇਖਦਾ ਹੈ!— ਕਿੰਨੇ ਸਾਰੇ ਗੋਂਗਲੂ ਪੁਟੇ ਹੋਏ ਨੇ ਤੇ ਥਾਂ ਥਾਂ ਖਿੰਡੇ ਹੋਏ ਨੇ।

ਉਹ ਘਰ ਆਇਆ ਤੇ ਆਕੇ ਸਾਰੀ ਗੱਲ ਬੁਢੀ ਨੂੰ ਦੱਸੀ। "ਇਹ ਕਾਰਾ ਭਲਾ ਕੀਹਦਾ ਹੋ ਸਕਦੈ?" ਉਹ ਬੋਲੀ। "ਜੇ ਗੋਂਗਲੂ ਪੁਟਣ ਵਾਲਾ ਕੋਈ ਆਦਮ ਜਾਤ ਦਾ ਹੁੰਦਾ, ਤਾਂ ਉਹ ਇਹਨਾਂ ਨੂੰ ਲੈ ਜਾਂਦਾ। ਹੋਵੇ ਨਾ ਹੋਵੇ ਤਾਂ ਇਹ ਰਿੱਛ ਦੀ ਸ਼ਰਾਰਤ ਏ। ਜਾ ਭਲਿਆ ਲੋਕਾ, ਚੋਰ ਚਕਾਰ ਦਾ ਧਿਆਨ ਰੱਖ।"

ਬੁਢੇ ਨੇ ਇਕ ਟਕੂਆ ਚੁਕਿਆ ਤੇ ਰਾਤ ਭਰ ਪਹਿਰਾ ਦੇਣ ਲਈ ਬਾਹਰ ਚਲਾ ਗਿਆ। ਉਹ ਟਹਿਣੀਆਂ ਦੀ ਵਾੜ ਦੇ ਕੋਲ ਕਰਕੇ ਪੈ ਗਿਆ ਤੇ ਚੂਹੇ ਵਾਂਗ ਦੜ ਵੱਟ ਰੱਖੀ। ਚਾਨਚੱਕ ਇਕ ਰਿੱਛ ਆਇਆ ਤੇ ਗੋਂਗਲੂ ਪੁਟਣ ਲੱਗ ਪਿਆ।

ਉਹਨੇ ਮਗਰਾ ਸਾਰਾ ਗੋਂਗਲੂ ਪੁਟ ਸੁੱਟੇ ਤੇ ਵਾੜ ਟਪ ਕੇ ਵਾਪਸ ਮੁੜ ਪਿਆ।

ਬੁਢਾ ਭੁੜਕ ਕੇ ਉਠਿਆ, ਉਹਨੇ ਆਪਣਾ ਟਕੂਆ ਵਗਾਹ ਕੇ ਰਿੱਛ ਨੂੰ ਮਾਰਿਆ ਤੇ ਉਹਦੀ ਇਕ ਲੱਤ ਵੱਢ ਸੁੱਟੀ। ਫੇਰ ਉਹ ਝਾੜੀਆਂ ਵਿਚ ਲੁਕ ਗਿਆ।

ਰਿੱਛ ਪੀੜ ਨਾਲ ਗੜਗੜਾਇਆ ਤੇ ਤਿੰਨਾਂ ਲੱਤਾਂ ਭਾਰ ਲੰਗ ਮਾਰਦਾ ਜੰਗਲ ਵਿਚ ਜਾ ਵੜਿਆ।

ਬੁਢੇ ਨੇ ਕੱਟੀ ਹੋਈ ਲੱਤ ਚੁੱਕੀ ਤੇ ਘਰ ਲੈ ਆਂਦੀ।

"ਆਹ ਲੈ, ਭਲੀਏ ਲੋਕੇ," ਉਸ ਨੇ ਆਖਿਆ, "ਰਿੰਨ੍ਹ ਪਕਾ ਲੈ ਇਹਨੂੰ।"

ਬੁਢੜੀ ਨੇ ਰਿੱਛ ਦੀ ਲੱਤ ਉਤੋਂ ਖੱਲ ਲਾਹੀ ਤੇ ਉਹਨੂੰ ਉਬਲਣਾ ਰੱਖ ਦਿੱਤਾ। ਫੇਰ ਉਹਨੇ ਖੱਲ ਨਾਲੋਂ ਵਾਲ ਲਾਹੇ, ਖੱਲ ਦੇ ਉਤੇ ਬਹਿ ਗਈ ਤੇ ਉਨ੍ਹਂ ਕਤਣ ਲੱਗ ਪਈ।

ਓਧਰ ਰਿੱਛ ਨੇ ਆਪਣੇ ਵਾਸਤੇ ਲਕੜ ਦੀ ਲੱਤ ਬਣਵਾ ਲਈ ਅਤੇ ਬੁੱਢੀ ਬੁਢੇ ਤੋਂ ਆਪਣਾ ਬਦਲਾ ਲੈਣ ਤੁਰ ਪਿਆ।

ਜਦੋਂ ਉਹ ਤੁਰਦਾ ਤਾਂ ਉਹਦੀ ਲੱਕੜ ਦੀ ਲੱਤ ਠੱਕ ਠੱਕ ਕਰਦੀ ਸੀ ਤੇ ਉਹ ਆਪਣੇ ਆਪ ਨਾਲ ਹੀ ਬੁੜ ਬੁੜ ਕਰੀ ਜਾਂਦਾ ਸੀ:

"ਘੁਰ, ਘੁਰ, ਘੁਰ,
ਲੱਕੜ–ਲੱਤਾ ਰਿੱਛ ਘੁਰ ਘੁਰ
ਸੁੱਤੇ ਪਏ ਨੇ ਸਾਰੇ ਲੋਕ
ਇਕ ਬੁਢੜੀ ਨਾ ਲੈਂਦੀ ਝੋਕ
ਮੇਰੇ ਵਾਲਾਂ ਨੂੰ ਉਹ ਕੱਤਦੀ
ਉਨ੍ਹਂ ਦੀ ਨਿੱਘੀ ਤੰਦ ਲੱਥਦੀ
ਉਸ ਨੇ ਮੇਰਾ ਮਾਸ ਪਕਾਇਆ
ਘਰ ਵਾਲੇ ਨੂੰ ਉਸ ਖੁਆਇਆ।"

ਬੁੱਢੀ ਨੇ ਇਹ ਸੁਣਿਆ ਤੇ ਆਖਣ ਲੱਗੀ: "ਭਲਿਆ ਲੋਕਾ, ਉਠਕੇ ਬਾਹਰ ਜਾ ਤੇ ਬੂਹੇ ਦੀ ਕੁੰਡੀ ਲਾ ਦੇ। ਰਿੱਛ ਆ ਰਿਹਾ ਈ।"

ਪਰ ਰਿੱਛ ਤਾਂ ਲਾਂਘੇ ਵਿਚ ਆ ਗਿਆ ਹੋਇਆ ਸੀ। ਉਹਨੇ ਬੂਹਾ ਖੋਹਲਿਆ ਤੇ ਬੁੜ ਬੁੜ ਕੀਤਾ:

"ਘੁਰ, ਘੁਰ, ਘੁਰ,
ਲੱਕੜ–ਲੱਤਾ ਰਿੱਛ ਘੁਰ ਘੁਰ

3–541

ਸੁੱਤੇ ਪਏ ਨੇ ਸਾਰੇ ਲੋਕ
ਇਕ ਬੁਢੜੀ ਨਾ ਲੈਂਦੀ ਝੋਕ
ਮੇਰੇ ਵਾਲਾਂ ਨੂੰ ਉਹ ਕੱਤਦੀ
ਉਨੰ ਦੀ ਨਿੱਘੀ ਤੰਦ ਲੱਥਦੀ
ਉਸ ਨੇ ਮੇਰਾ ਮਾਸ ਪਕਾਇਆ
ਘਰ ਵਾਲੇ ਨੂੰ ਉਸ ਖੁਆਇਆ।"

ਬੁੱਢੇ ਤੇ ਬੁੱਢੀ ਦਾ ਡਰ ਨਾਲ ਤ੍ਰਾਹ ਨਿਕਲ ਗਿਆ। ਬੁੱਢਾ ਪੱੜਛਤੀ ਉਤੇ ਟੱਪ ਹੇਠਾਂ ਲੁਕ ਗਿਆ ਤੇ ਬੁੱਢੀ ਸਟੋਵ ਉਤੇ ਲੁਕ ਗਈ।

ਰਿੱਛ ਮਕਾਨ ਅੰਦਰ ਆਇਆ ਤੇ ਬੁੱਢੇ ਬੁੱਢੀ ਨੂੰ ਲਭਣ ਲਗ ਪਿਆ। ਪਰ ਉਸ ਚੋਰ ਦਰਵਾਜ਼ੇ ਵਿਚ ਪੈਰ ਧਰ ਲਿਆ ਤੇ ਹੇਠਾਂ ਭੋਰੇ ਵਿਚ ਜਾ ਡਿੱਗਾ।

ਫੇਰ ਗੁਆਂਢੀ ਭੱਜੇ ਆਏ ਤੇ ਉਹਨਾਂ ਰਿੱਛ ਨੂੰ ਮਾਰ ਦਿਤਾ।

ਕਿਸਾਨ ਤੇ ਰਿੱਛ

ਇਕ ਕਿਸਾਨ ਜੰਗਲ ਵਿੱਚ ਗੋਂਗਲੂ ਬੀਜਣ ਗਿਆ। ਜਦੋਂ ਉਹ ਹੱਲ ਵਾਹ ਰਿਹਾ ਸੀ, ਇਕ ਰਿੱਛ ਉਹਦੇ ਕੋਲ ਆਇਆ ਤੇ ਆਖਣ ਲੱਗਾ:

"ਕਿਸਾਨਾ, ਮੈਂ ਤੇਰੀਆਂ ਹੱਢੀਆਂ ਤੋੜ ਦੇਣੀਆਂ ਨੇ।"

"ਨਾ ਲਧੂਆ, ਮੇਰੀਆਂ ਹੱਢੀਆਂ ਨਾ ਤੋੜ। ਸਗੋਂ ਗੋਂਗਲੂ ਬੀਜਣ ਵਿਚ ਮੇਰਾ ਹਥ ਵਟਾ। ਮੈਂ ਆਪ ਜੜ੍ਹਾਂ, ਲੈ ਲਊਂ ਤੇ ਤੂੰ ਉਪਰਲਾ ਹਿੱਸਾ ਲੈ ਲਈਂ।"

"ਬਹੁਤ ਹੱਛਾ," ਰਿੱਛ ਨੇ ਆਖਿਆ। "ਪਰ ਜੇ ਮੇਰੇ ਨਾਲ ਠੱਗੀ ਕਰਦਾ ਏਂ, ਤਾਂ ਮੁੜਕੇ ਤਦੇ ਮੇਰੇ ਮੱਥੇ ਨਾ ਲੱਗੀਂ।"

ਏਨਾ ਆਖ ਕੇ ਉਹ ਹਰੇ ਭਰੇ ਜੰਗਲ ਵਿਚ ਚਲਾ ਗਿਆ।

ਗੋਂਗਲੂ ਵੱਡੇ ਹੋ ਗਏ। ਪਤਝੜ ਦੀ ਰੁਤ ਆਈ ਤਾਂ ਕਿਸਾਨ ਗੋਂਗਲੂ ਪੁਟਣ ਗਿਆ। ਤੇ ਹਰੇ ਭਰੇ ਜੰਗਲ ਵਿਚੋਂ ਰਿੱਛ ਵੀ ਆ ਗਿਆ ਤੇ ਆਖਣ ਲੱਗਾ:

"ਆ ਕਿਸਾਨਾ, ਆਪਾਂ ਗੋਂਗਲੂ ਵੰਡ ਲਈਏ।"

"ਬਹੁਤ ਹੱਛਾ, ਲਧੂਆ। ਉਪਰਲੇ ਹਿੱਸੇ ਤੇਰੇ ਤੇ ਜੜ੍ਹਾਂ ਮੇਰੀਆਂ।"

ਅਤੇ ਕਿਸਾਨ ਨੇ ਸਾਰੇ ਪੱਤੇ ਰਿੱਛ ਨੂੰ ਦੇ ਦਿੱਤੇ। ਗੋਗਲੂ ਉਹਨੇ ਆਪ ਆਪਣੇ ਗੱਡੇ ਤੇ ਲੱਦ ਲਏ ਅਤੇ ਸ਼ਹਿਰ ਵੇਚਣ ਤੁਰ ਪਿਆ।

ਰਾਹ ਵਿਚ ਉਹਨੂੰ ਰਿੱਛ ਆ ਮਿਲਿਆ।

"ਕਿਥੇ ਚਲਿਆ ਏਂ?" ਰਿੱਛ ਨੇ ਪੁਛਿਆ।

"ਸ਼ਹਿਰ ਚਲਿਆਂ, ਲਧੂਆ, ਜੜ੍ਹਾਂ ਵੇਚਣ।"

"ਵਖਾ ਖਾਂ ਭਲਾ, ਤੇਰੀਆਂ ਜੜ੍ਹਾਂ ਦਾ ਕਿਹੋ ਜਿਹਾ ਸਵਾਦ ਏ।"

ਕਿਸਾਨ ਨੇ ਉਹਨੂੰ ਇਕ ਗੋਗਲੂ ਦੇ ਦਿੱਤਾ। ਜਿਉਂ ਹੀ ਰਿੱਛ ਨੇ ਉਹਦਾ ਸਵਾਦ ਚੱਖਿਆ ਉਹ ਗੁਰਾਇਆ: "ਅੱਛਾ! ਤੂੰ ਮੇਰੇ ਨਾਲ ਠੱਗੀ ਕੀਤੀ ਏ! ਤੇਰੀਆਂ ਜੜ੍ਹਾਂ ਮੇਰੇ ਪੱਤਿਆਂ ਨਾਲੋਂ ਕਿਤੇ ਵਧ ਮਿੱਠੀਆਂ ਨੇ। ਮੁੜਕੇ ਕਦੇ ਬਾਲਣ ਲਈ ਲਕੜਾਂ ਲੈਣ ਮੇਰੇ ਜੰਗਲ ਵਿਚ ਆਉਣ ਦੀ ਹਿੰਮਤ ਨਾ ਕਰੀਂ, ਨਹੀਂ ਤੇ ਮੈਂ ਤੇਰੀਆਂ ਹੱਡੀਆਂ ਤੋੜ ਦੇਣੀਆਂ ਨੇ।"

ਅਗਲੇ ਸਾਲ ਕਿਸਾਨ ਨੇ ਉਸੇ ਥਾਂ ਰਾਈ ਬੀਜ ਦਿੱਤੀ। ਜਦੋਂ ਉਹ ਵੱਢਣ ਵਾਸਤੇ ਆਇਆ, ਤਾਂ ਰਿੱਛ ਬੈਠਾ ਉਹਨੂੰ ਉਡੀਕ ਰਿਹਾ ਸੀ।

"ਐਤਕੀਂ ਨਾ ਤੂੰ ਮੇਰੇ ਨਾਲ ਠੱਗੀ ਕਰੀਂ, ਜਣਿਆ," ਰਿੱਛ ਨੇ ਆਖਿਆ। "ਮੇਰਾ ਹਿੱਸਾ ਮੈਨੂੰ ਦੇ ਦੇ!"

ਅਤੇ ਕਿਸਾਨ ਨੇ ਕਿਹਾ:

"ਏਦਾਂ ਹੀ ਹੋਵੇਗਾ। ਐਤਕੀਂ ਜੜ੍ਹਾਂ ਤੇਰੀਆਂ ਹੋਈਆਂ, ਲਧੂਆ, ਤੇ ਮੈਂ ਉਪਰਲੇ ਹਿੱਸੇ ਨਾਲ ਹੀ ਸਬਰ ਕਰ ਲਊਂ।"

ਉਹਨਾਂ ਰਾਈ ਕੱਠੀ ਕੀਤੀ। ਕਿਸਾਨ ਨੇ ਜੜ੍ਹਾਂ ਰਿੱਛ ਨੂੰ ਦੇ ਦਿੱਤੀਆਂ। ਦਾਣੇ ਆਪਣੇ ਗੱਡੇ ਤੇ ਲੱਦੇ ਤੇ ਘਰ ਲੈ ਆਂਦੇ।

ਰਿੱਛ ਨੇ ਜੜ੍ਹਾਂ ਦਾ ਬੁਰਕ ਮਾਰਿਆ ਪਰ ਇਉਂ ਸਵਾਦ ਆਇਆ ਜਿਵੇਂ ਕੋਈ ਲਕੜ ਖਾਂਦਾ ਹੋਵੇ।

ਇਸ ਗੱਲ ਤੋਂ ਉਹ ਕਿਸਾਨ ਨਾਲ ਬਹੁਤ ਗੁੱਸੇ ਹੋ ਗਿਆ। ਉਹ ਦਿਨ ਗਿਆ ਤੇ ਆਹ ਦਿਨ ਆਇਆ ਰਿੱਛ ਤੇ ਕਿਸਾਨ ਦੀ ਦੁਸ਼ਮਣੀ ਚਲੀ ਆਉਂਦੀ ਹੈ।

ਜਨੌਰਾਂ ਦਾ ਸਿਆਲ-ਨਿਵਾਸ

ਇਕ ਸੀ ਬੁਢਾ ਤੇ ਇਕ ਸੀ ਉਹਦੀ ਵਹੁਟੀ। ਉਹਨਾਂ ਕੋਲ ਇਕ ਬੌਲਦ, ਇਕ ਭੇਡੂ, ਇਕ ਹੰਸ, ਇਕ ਕੁਕੜ ਅਤੇ ਇਕ ਸੂਰ ਸੀ।

ਬੁਢੇ ਨੇ ਆਪਣੀ ਵਹੁਟੀ ਨੂੰ ਆਖਿਆ:

“ਕੁਕੜ ਨੂੰ ਕਾਹਦੇ ਲਈ ਸਾਂਭ ਛਡੀਏ, ਭਲੀਏ ਲੋਕੇ? ਚਲ ਏਹਨੂੰ ਤਿਓਹਾਰ ਵਾਸਤੇ ਝਟਕਾ ਸੁਟੀਏ।”

“ਠੀਕ ਏ, ਝਟਕਾ ਸੁਟਦੇ ਆਂ,” ਬੁੱਢੀ ਨੇ ਆਖਿਆ।

ਕੁਕੜ ਨੇ ਇਹ ਗੱਲ ਸੁਣ ਲਈ, ਤੇ ਜਦੋਂ ਰਾਤ ਪਈ ਤਾਂ ਉਹ ਜੰਗਲ ਵਿਚ ਭੱਜ ਗਿਆ। ਅਗਲੀ ਸਵੇਰ ਬੁਢੇ ਨੇ ਏਧਰ ਓਧਰ ਹੇਠਾਂ ਉਤੇ ਸਭ ਥਾਂ ਲਭਿਆ, ਪਰ ਕੁਕੜ ਕਿਤੇ ਨਾ ਦਿਸਿਆ।

ਤ੍ਰਿਕਾਲਾਂ ਨੂੰ ਉਹਨੇ ਆਪਣੀ ਵਹੁਟੀ ਨੂੰ ਆਖਿਆ: “ਕੁਕੜ ਤਾਂ ਮੈਨੂੰ ਲਭਾ ਨਹੀਂ ਕਿਤੋਂ, ਮੈਂ ਸੂਰ ਨੂੰ ਹੀ ਸੀਖ਼ ਚੋਭ ਦੇਂਦਾ ਆਂ।”

“ਚੰਗਾ, ਸੂਰ ਨੂੰ ਚੋਭ ਦੇ,” ਬੁਢੀ ਨੇ ਆਖਿਆ।

ਸੂਰ ਨੇ ਇਹ ਗੱਲ ਸੁਣ ਲਈ, ਤੇ ਜਦੋਂ ਰਾਤ ਪਈ ਤਾਂ ਉਹ ਭੱਜਕੇ ਜੰਗਲ ਵਿਚ ਜਾ ਵੜਿਆ।

ਬੁਢੇ ਨੇ ਏਧਰ ਓਧਰ ਹੇਠਾਂ ਉਤੇ ਸਭ ਥਾਂ ਲਭਾ ਪਰ ਸੂਰ ਕਿਤੇ ਨਾ ਦਿਸਿਆ।

"ਸਾਨੂੰ ਭੇਡੂ ਈ ਮਾਰਨਾ ਪੈਣੈ," ਉਹਨੇ ਆਖਿਆ।

"ਤੇਰੀ ਖ਼ੁਸ਼ੀ, ਮਾਰ ਸੁਟ," ਉਹਦੀ ਵਹੁਟੀ ਨੇ ਕਿਹਾ।

ਭੇਡੂ ਨੇ ਇਹ ਗੱਲ ਸੁਣ ਲਈ ਤੇ ਹੰਸ ਨੂੰ ਆਖਿਆ:

"ਚਲ ਆਪਾਂ ਭਜਕੇ ਜੰਗਲ ਵਿਚ ਜਾ ਵੜੀਏ, ਨਹੀਂ ਤਾਂ ਉਹਨਾਂ ਸਾਨੂੰ ਦੋਵਾਂ ਨੂੰ ਮਾਰ ਦੇਣੈ।"

ਸੋ ਭੇਡੂ ਤੇ ਹੰਸ ਭਜਕੇ ਜੰਗਲ ਵਿਚ ਜਾ ਵੜੇ।

ਬੁਢਾ ਵਾੜੇ ਵਿਚ ਆਇਆ, ਤੇ ਵੇਖਿਆ: ਭੇਡੂ ਤੇ ਹੰਸ ਦੋਵੇਂ ਗ਼ਾਇਬ। ਉਹਨੇ ਏਧਰ ਓਧਰ ਹੇਠਾਂ ਉਤੇ ਸਭ ਥਾਂ ਲਭਿਆ ਪਰ ਉਹ ਕਿਤੇ ਨਾ ਦਿਸੇ।

"ਖ਼ੈਰ, ਕੋਈ ਗੱਲ ਨਹੀਂ! ਸਾਰੇ ਜਨੌਰ ਭਜ ਗਏ ਨੇ, ਸਿਰਫ ਬੌਲਦ ਰਹਿ ਗਿਐ। ਲਗਦੈ ਹੁਣ ਸਾਨੂੰ ਬੌਲਦ ਹੀ ਮਾਰਨਾ ਪਊ।"

"ਠੀਕ ਏ, ਮਾਰ ਸੁਟ." ਬੁੱਢੀ ਨੇ ਆਖਿਆ।

ਬੌਲਦ ਨੇ ਇਹ ਗੱਲ ਸੁਣ ਲਈ ਤੇ ਉਹ ਭਜਕੇ ਜੰਗਲ ਵਿਚ ਜਾ ਵੜਿਆ।

ਗਰਮੀਆਂ ਦੇ ਮੌਸਮ ਵਿਚ ਜੰਗਲ ਵਿਚ ਸੁਹਾਵਣਾ ਸਮਾਂ ਹੁੰਦਾ ਹੈ ਤੇ ਭਗੌੜਿਆਂ ਦਾ ਉਥੇ ਵਾਹਵਾ ਜੀਅ ਲਗ ਗਿਆ। ਪਰ ਹੁਨਾਲ ਬੀਤਿਆ ਤੇ ਸਿਆਲ ਆਇਆ।

ਬੌਲਦ ਭੇਡੂ ਕੋਲ ਗਿਆ ਤੇ ਆਖਣ ਲਗਾ:

"ਕਿਉਂ, ਮਿਤਰਾ ਕੀ ਆਂਹਦਾ ਏਂ? ਸਿਆਲ ਦੀ ਰੁਤ ਸਿਰ ਤੇ ਆਈ ਖੜੀ ਆ, ਸਾਨੂੰ ਗੇਲੀਆਂ ਦੀ ਝੁਗੀ ਪਾ ਲੈਣੀ ਚਾਹੀਦੀ ਏ।"

ਪਰ ਭੇਡੂ ਨੇ ਜਵਾਬ ਦਿੱਤਾ: "ਮੇਰੇ ਕੋਲ ਗਰਮ ਕੋਟ ਐ, ਸਿਆਲ ਮੈਨੂੰ ਕੀ ਆਖੂ।"

ਸੋ ਬੌਲਦ ਸੂਰ ਕੋਲ ਗਿਆ।

"ਆਪਾਂ ਆਪਣੇ ਲਈ ਗੇਲੀਆਂ ਦੀ ਝੁੱਗੀ ਪਾ ਲਈਏ, ਸੂਰਾ।" ਉਹਨੇ ਆਖਿਆ।

"ਜਿੰਨਾ ਮਰਜ਼ੀ ਪਾਲਾ ਹੋਵੇ ਮੈਨੂੰ ਕੀ ਪ੍ਰਵਾਹ ਏ," ਸੂਰ ਨੇ ਆਖਿਆ। "ਮੈਂ ਜ਼ਮੀਨ ਵਿਚ ਧਸ ਕੇ ਬੈਠਾ ਰਹੂੰ ਤੇ ਝੁੱਗੀ ਤੋਂ ਬਿਨਾਂ ਬੜਾ ਸੁਹਣਾ ਸਾਰ ਲਊਂ।"

ਇਸ ਤੋਂ ਮਗਰੋਂ ਬੌਲਦ ਹੰਸ ਕੋਲ ਗਿਆ।

"ਹੰਸਾ, ਚਲ ਆਪਾਂ ਆਪਣੇ ਲਈ ਇਕ ਝੁੱਗੀ ਪਾ ਲਈਏ।"

"ਨਹੀਂ, ਮਿਹਰਬਾਨੀ। ਇਕ ਖੰਭ ਮੇਰਾ ਉਤੇ ਲੈਣ ਲਈ ਕੰਬਲ, ਦੂਜਾ ਹੇਠਾਂ ਵਿਛਾਉਣ

ਲਈ ਬਿਸਤਰਾ, ਤੇ ਕੱਕਰ ਵਿਚ ਵੀ ਮੈਨੂੰ ਪਾਲਾ ਨਹੀਂ ਲਗਣਾ।"

ਫੇਰ ਬੌਲਦ ਕੁਕੜ ਕੋਲ ਗਿਆ।

"ਚਲ ਆਪਾਂ ਆਪਣੇ ਲਈ ਗੇਲੀਆਂ ਦੀ ਝੁੱਗੀ ਪਾ ਲਈਏ।"

"ਨਹੀਂ, ਮਿਹਰਬਾਨੀ। ਮੈਂ ਫਰ ਦੇ ਰੁਖ ਹੇਠ ਸਿਆਲ ਵਿਚ ਵੀ ਬਾਹਰ ਈ ਬੈਠਾ ਰਹਿ ਸਕਦਾਂ।"

ਬੌਲਦ ਨੇ ਵੇਖਿਆ ਕਿ ਉਹਨੂੰ ਆਪਣੇ ਵਾਸਤੇ ਆਪ ਹੀ ਕੁਝ ਕਰਨਾ ਪਊ।

"ਬਹੁਤ ਹੱਛਾ," ਉਸ ਨੇ ਕਿਹਾ, "ਜਿਵੇਂ ਤੁਹਾਡੀ ਮਰਜ਼ੀ, ਪਰ ਮੈਂ ਤਾਂ ਆਪਣੇ ਵਾਸਤੇ ਗੇਲੀਆਂ ਦੀ ਝੁੱਗੀ ਪਾਉਣ ਲਗਿਆਂ।"

ਤੇ ਉਹਨੇ ਆਪਣੇ ਵਾਸਤੇ ਗੇਲੀਆਂ ਦੀ ਝੁੱਗੀ ਖੜੀ ਕਰ ਲਈ। ਜਦੋਂ ਇਹ ਕੰਮ ਮੁਕ ਗਿਆ ਤਾਂ ਉਹਨੇ ਸਟੋਵ ਬਾਲਿਆ ਤੇ ਨਿੱਘਾ ਹੋਕੇ ਪੈ ਗਿਆ ਤੇ ਕੱਕਰ ਪਾਲੇ ਤੋਂ ਬਚਿਆ ਰਿਹਾ।

ਹੋਇਆ ਇਹ ਕਿ ਉਸ ਸਾਲ ਪਾਲਾ ਅਗੇਤਾ ਹੋ ਗਿਆ, ਤੇ ਕੱਕਰ ਵੀ ਬਹੁਤ ਹੀ ਕੜਾਕੇ ਕਢਣ ਵਾਲਾ ਸੀ।

ਭੇਡੂ ਏਧਰ ਓਧਰ ਭੁੜਕਿਆ ਕੁੱਦਿਆ, ਪਰ ਉਹਦਾ ਸਰੀਰ ਨਿੱਘਾ ਨਾ ਹੋਇਆ। ਇਸ ਕਰਕੇ ਉਹ ਬੌਲਦ ਕੋਲ ਗਿਆ।

"ਮੈਂ... ਮੈਂ... ਮੈਨੂੰ ਆਪਣੀ ਝੁੱਗੀ ਵਿਚ ਆ ਲੈਣ ਦੇ!"

"ਨਾ, ਭੇਡੂਆ। ਮੈਂ ਤੈਨੂੰ ਆਖਿਆ ਸੀ ਨਾ ਝੁੱਗੀ ਪਾਉਣ ਵਿਚ ਮੇਰਾ ਹੱਥ ਵਟਾ, ਪਰ ਤੂੰ ਆਖਿਆ ਸੀ ਕਿ ਤੇਰੇ ਕੋਲ ਗਰਮ ਕੋਟ ਏ ਤੇ ਸਿਆਲ ਤੈਨੂੰ ਕੀ ਆਖੂ।"

"ਮੈਨੂੰ ਅੰਦਰ ਆਉਣ ਦੇ ਨਹੀਂ ਤਾਂ ਮੈਂ ਬੂਹਾ ਤੋੜ ਦਊਂ ਤੇ ਤੈਨੂੰ ਪਾਲੇ ਮਾਰੂੰ।"

ਬੌਲਦ ਨੇ ਸੋਚਿਆ: "ਜੇ ਮੈਂ ਏਹਨੂੰ ਅੰਦਰ ਨਾ ਆਉਣ ਦਿੱਤਾ, ਤਾਂ ਇਹ ਮੈਨੂੰ ਪਾਲੇ ਮਾਰੂ।"

ਇਸ ਕਰਕੇ ਉਹਨੇ ਆਖਿਆ: "ਠੀਕ ਐ, ਆ ਜਾ ਅੰਦਰ।"

ਭੇਡੂ ਝੁੱਗੀ ਦੇ ਅੰਦਰ ਆ ਗਿਆ ਅਤੇ ਸਟੋਵ ਦੇ ਸਾਮ੍ਹਣੇ ਬੈਂਚ ਉਤੇ ਲੰਮਾ ਪੈ ਗਿਆ।

ਇਸ ਤੋਂ ਮਗਰੋਂ ਸੂਰ ਭਜਾ ਭੱਜਾ ਆਇਆ।

"ਘੁਰ, ਘੁਰ! ਮੈਨੂੰ ਅੰਦਰ ਆਕੇ ਨਿੱਘਾ ਹੋ ਲੈਣ ਦੇ, ਬੌਲਦਾ!"

"ਨਹੀਂ, ਸੂਰਾ। ਮੈਂ ਤੈਨੂੰ ਆਖਿਆ ਸੀ ਨਾ, ਝੁੱਗੀ ਖੜੀ ਕਰਨ ਵਿਚ ਮੇਰਾ ਹੱਥ ਵਟਾ, ਪਰ ਤੂੰ ਆਖਿਆ ਜਿੰਨਾ ਮਰਜ਼ੀ ਪਾਲਾ ਹੋਵੇ ਤੈਨੂੰ ਕੀ ਪ੍ਰਵਾਹ ਏ। ਤੂੰ ਜ਼ਮੀਨ ਵਿਚ ਧਸ ਕੇ ਬੈਠਾ ਰਹੇਂਗਾ।"

"ਮੈਨੂੰ ਅੰਦਰ ਆ ਲੈਣ ਦੇ ਨਹੀਂ ਮੈਂ ਆਪਣੀ ਥੂਥਣੀ ਨਾਲ ਸਾਰੀਆਂ ਨੁਕਰਾਂ ਫਰੋਲ ਕੇ ਪੋਲੀਆਂ ਕਰ ਦੇਣੀਆਂ ਤੇ ਤੇਰੀ ਝੁੱਗੀ ਹੇਠਾਂ ਆ ਪੈਣੀ ਏ।"

ਬੌਲਦ ਨੇ ਇਸ ਗੱਲ ਤੇ ਵਿਚਾਰ ਕੀਤੀ : "ਸੂਰ ਨੇ ਝੁੱਗੀ ਢਾਹ ਦੇਣੀ ਏ।"
ਸੋ ਉਹਨੇ ਆਖਿਆ : "ਠੀਕ ਏ, ਆ ਜਾ ਅੰਦਰ।"
ਸੂਰ ਭੱਜਕੇ ਝੁੱਗੀ ਵਿਚ ਆ ਗਿਆ ਅਤੇ ਭੋਰੇ ਨੂੰ ਆਪਣਾ ਘਰ ਬਣਾ ਕੇ ਬਹਿ ਗਿਆ।

ਇਸ ਤੋਂ ਮਗਰੋਂ ਹੰਸ ਆ ਗਿਆ।

"ਘੀਂ ਘੀਂ ਕੈਂ ਕੈਂ! ਮੈਨੂੰ ਅੰਦਰ ਆਕੇ ਨਿੱਘਾ ਹੋ ਲੈਣ ਦੇ, ਬੌਲਦਾ!"

"ਨਹੀਂ, ਹੰਸਾ, ਝੂਠੀ ਗੱਲ। ਤੇਰੇ ਦੋ ਖੰਭ ਨੇ—ਇਕ ਹੇਠਾਂ ਵਿਛਾਉਣ ਨੂੰ, ਇਕ ਉਤੇ ਨੂੰ ਕੰਬਲ, ਤੇ ਤੇਰਾ ਝੁੱਗੀ ਤੋਂ ਬਿਨਾਂ ਹੀ ਝੱਟ ਲੰਘ ਸਕਦੈ।"

"ਮੈਨੂੰ ਅੰਦਰ ਆ ਲੈਣ ਦੇ ਨਹੀਂ ਤਾਂ ਮੈਂ ਗੇਲੀਆਂ ਦੇ ਵਿਚੋਂ ਸਾਰਾ ਗਾਰਾ ਕੱਢ ਦੇਣੈ ਤੇ ਵਿਰਲਾਂ ਵਿਚੋਂ ਦੀ ਪਾਲਾ ਆਊ।"

ਬੌਲਦ ਨੇ ਇਸ ਤੇ ਵਿਚਾਰ ਕੀਤਾ ਤੇ ਹੰਸ ਨੂੰ ਅੰਦਰ ਆ ਜਾਣ ਦਿਤਾ। ਹੰਸ ਅੰਦਰ ਆਇਆ ਤੇ ਸਟੋਵ ਦੇ ਸਾਮ੍ਹਣੇ ਬਹਿ ਗਿਆ।

ਕੁਝ ਚਿਰ ਲੰਘਿਆ ਤੇ ਕੁਕੜ ਭੱਜਾ ਭੱਜਾ ਆ ਗਿਆ।

"ਕੁਕੜੂੰ-ਘੂੰ! ਮੈਨੂੰ ਝੁਗੀ ਵਿਚ ਆ ਲੈਣ ਦੇ, ਬੌਲਦਾ।"

"ਮੈਂ ਨਹੀਂ ਆਉਣ ਦੇਣਾ। ਫਰ ਦੇ ਰੁਖ ਹੇਠਾਂ ਆਪਣੇ ਖੁੱਡੇ ਵਿਚ ਚਲਾ ਜਾ।"

"ਮੈਨੂੰ ਅੰਦਰ ਆ ਲੈਣ ਦੇ, ਨਹੀਂ ਤਾਂ ਮੈਂ ਛੱਤ ਉਤੇ ਚੜ੍ਹ ਜਾਊਂ ਤੇ ਖੁਰਚ ਖੁਰਚ ਕੇ ਮੋਰੀਆਂ ਕਰ ਦੇਊਂ ਜਿਨ੍ਹਾਂ ਵਿਚੋਂ ਠੰਡੀ ਵਾ ਆਊ।"

ਸੋ ਬੌਲਦ ਨੇ ਕੁਕੜ ਨੂੰ ਅੰਦਰ ਆ ਜਾਣ ਦਿੱਤਾ। ਕੁਕੜ ਫੜਕਾ ਮਾਰਕੇ ਝੁਗੀ ਵਿਚ ਆਇਆ ਤੇ ਇਕ ਬਾਲੇ ਉਤੇ ਟਿਕ ਕੇ ਬਹਿ ਗਿਆ।

ਤੇ ਇਸ ਤਰ੍ਹਾਂ ਉਹ ਕੱਠੇ ਰਹਿਣ ਲਗ ਪਏ, ਪੰਜ ਜਣਿਆਂ ਦਾ ਸੁਖੀ ਪਰਵਾਰ, ਨਾ ਕੋਈ ਫਿਕਰ ਨਾ ਫਾਕਾ। ਪਰ ਬਘਿਆੜ ਤੇ ਰਿੱਛ ਨੂੰ ਇਹਨਾਂ ਦਾ ਪਤਾ ਲਗ ਗਿਆ।

"ਚਲ ਆਪਾਂ ਝੁੱਗੀ ਨੂੰ ਚਲੀਏ," ਉਹਨਾਂ ਇਕ ਦੂਜੇ ਨੂੰ ਕਿਹਾ, "ਤੇ ਏਹਨਾਂ ਸਾਰਿਆਂ ਨੂੰ ਖਾ ਜਾਈਏ, ਤੇ ਅਸੀਂ ਆਪ ਉਥੇ ਰਹੀਏ।"

ਉਹ ਝੁਗੀ ਕੋਲ ਆ ਗਏ।

"ਤੂੰ ਜਾ ਪਹਿਲਾਂ ਅੰਦਰ, ਤੂੰ ਵੱਡਾ ਏਂ ਤੇ ਤਕੜਾ ਵੀ," ਬਘਿਆੜ ਨੇ ਰਿੱਛ ਨੂੰ ਆਖਿਆ।

"ਨਹੀਂ, ਮੈਂ ਫੋਸੜ ਆਂ। ਤੂੰ ਮੇਰੇ ਨਾਲੋਂ ਫੁਰਤੀਲਾ ਏਂ। ਤੂੰ ਪਹਿਲਾਂ ਜਾ।"

ਸੋ ਬਘਿਆੜ ਝੁੱਗੀ ਅੰਦਰ ਵੜ ਗਿਆ। ਜਿਸ ਵੇਲੇ ਉਹ ਅੰਦਰ ਵੜਿਆ ਉਸੇ ਵੇਲੇ ਬੌਲਦ ਨੇ ਉਹਨੂੰ ਆਪਣੇ ਸਿੰਗਾਂ ਵਿਚ ਕਾਬੂ ਕਰ ਲਿਆ ਤੇ ਕੰਧ ਵਿਚ ਤੁੰਨ ਲਿਆ। ਭੇਡੂ ਬਘਿਆੜ ਤੇ

ਝਪਟਿਆ ਤੇ ਉਹਦੀਆਂ ਵੱਖੀਆਂ ਵਿੱਚ ਢੁਡ ਮਾਰਨ ਲਗਾ—ਠਾਹ, ਠਾਹ! ਹੇਠਾਂ ਭੋਰੇ ਵਿਚੋਂ ਸੂਰ ਪੂਰਾ ਜ਼ੋਰ ਲਾਕੇ ਹਵਾਂਕਣ ਲੱਗ ਪਿਆ।

"ਘੁਰ, ਘੁਰ, ਘੁਰ, ਘੁਰ
ਮੇਰਾ ਚਾਕੂ ਤਿੱਖਾ ਹੈ
ਮੇਰਾ ਟਕੂਆ ਤਿੱਖਾ ਹੈ
ਫੜ ਕੇ ਰਖਿਓ ਏਦਾਂ ਇਸ ਨੂੰ
ਮੈਂ ਏਸ ਦੇ ਡਕਰੇ ਕਰ ਦਊਂ!"

ਹੰਸ ਨੇ ਉਹਦੀਆਂ ਵੱਖੀਆਂ ਵਿਚ ਚੂੰਢੀਆਂ ਵੱਢੀਆਂ ਅਤੇ ਕੁਕੜ ਆਪਣੇ ਅੱਡੇ ਤੇ ਬੈਠਾ ਭੁੜਕੀ ਗਿਆ ਤੇ ਉੱਚੀ ਉੱਚੀ ਬੋਲੀ ਗਿਆ:

"ਕੁੜ, ਕੁੜ, ਘੂੰ ਘੂੰ
ਕਾਹਨੂੰ ਫੜਦੇ ਓ ਮੈਨੂੰ
ਮੈਂ ਓਸ ਦੀ ਖੱਲ ਲਾਹ ਦਿਆਂ
ਪੰਜ ਗਿਣਨੇ ਨਹੀਂ ਅਜੇ ਤੁਸਾਂ!"

ਰਿੱਛ ਨੇ ਰੌਲਾ ਗੌਲਾ ਸੁਣਿਆ ਅਤੇ ਸਿਰ ਤੇ ਪੈਰ ਰਖਕੇ ਭੱਜ ਗਿਆ। ਅਤੇ ਬਘਿਆੜ ਨੇ ਬੜੀ ਮੁਸ਼ਕਲ ਨਾਲ ਆਪਣੇ ਆਪ ਨੂੰ ਛੁਡਾਇਆ। ਉਹ ਰਿੱਛ ਨੂੰ ਜਾ ਮਿਲਿਆ ਤੇ ਉਹਨੂੰ ਆਖਣ ਲਗਾ:

"ਕਿਵੇਂ ਵਾਲ ਵਾਲ ਬਚਿਆਂ ਮੈਂ! ਉਹਨਾਂ ਨੇ ਮੈਨੂੰ ਜਾਨੋਂ ਹੀ ਮਾਰ ਦੇਣਾ ਸੀ। ਇਕ ਚਮਕਦਾਰ ਕਾਲੇ ਕੋਟ ਵਾਲੇ ਵੱਡੇ ਸਾਰੇ ਭਾਈਬੰਦ ਨੇ ਤੰਦੂਰ ਵਾਲੀ ਦੁਸਾਂਗ ਨਾਲ ਮੈਨੂੰ ਕੰਧ ਵਿਚ ਤੁੰਨ ਰਖਿਆ। ਨਰਮ ਨਰਮ ਸਲੇਟੀ ਕੋਟ ਵਾਲਾ ਛੋਟਾ ਭਾਈਬੰਦ ਪੂਰੇ ਜ਼ੋਰ ਨਾਲ ਮੇਰੇ ਉਤੇ ਟੁਟ ਪਿਆ। ਮੇਰਾ ਖਿਆਲ ਏ ਉਹਨੇ ਤਾਂ ਮੇਰੀਆਂ ਹੱਢੀਆਂ ਤੋੜ ਦਿੱਤੀਆਂ ਨੇ। ਅਤੇ ਉਸ ਤੋਂ ਵੀ ਛੋਟੇ ਖੰਭਾਂ ਦੇ ਚਿੱਟੇ ਕੋਟ ਵਾਲੇ ਨੇ ਮੇਰੀਆਂ ਵੱਖੀਆਂ ਵਿਚ ਚੂੰਢੀਆਂ ਵੱਢੀਆਂ। ਅਤੇ ਸਾਰਿਆਂ ਨਾਲੋਂ ਨਿਕੜਾ, ਚਮਕੀਲੇ ਲਾਲ ਕੋਟ ਵਾਲਾ, ਇਕ ਬਾਲੇ ਉਤੇ ਟੱਪੀ ਜਾਵੇ ਤੇ ਚਿਲਾਈ ਜਾਵੇ:

"ਕੁੜ, ਕੁੜ, ਘੂੰ ਘੂੰ
ਕਾਹਨੂੰ ਫੜਦੇ ਓ ਮੈਨੂੰ

ਮੈਂ ਓਸ ਦੀ ਖੱਲ ਲਾਹ ਦਿਆਂ
ਪੰਜ ਗਿਣਨੇ ਨਹੀਂ ਅਜੇ ਤੁਸਾਂ!"

ਤੇ ਭੇਰੇ ਵਿਚੋਂ ਕੋਈ ਆਖ ਰਿਹਾ ਸੀ:

"ਘੁਰ, ਘੁਰ, ਘੁਰ, ਘੁਰ
ਮੇਰਾ ਚਾਕੂ ਤਿਖਾ ਹੈ
ਮੇਰਾ ਟਕੂਆ ਤਿੱਖਾ ਹੈ
ਫੜ ਕੇ ਰਖਿਓ ਏਦਾਂ ਇਸ ਨੂੰ
ਮੈਂ ਏਸ ਦੇ ਡਕਰੇ ਕਰ ਦਊਂ!"

ਉਹ ਦਿਨ ਗਿਆ ਤੇ ਆਹ ਦਿਨ ਆਇਆ, ਬਘਿਆੜ ਤੇ ਰਿੱਛ ਗੋਲੀਆਂ ਦੀ ਝੁੱਗੀ ਦੇ ਨੇੜੇ ਨਹੀਂ ਗਏ।

ਤੇ ਬੌਲਦ, ਭੇਡੂ, ਹੰਸ, ਕੁਕੜ ਤੇ ਸੂਰ ਅੱਜ ਤੱਕ ਉਥੇ ਰਹਿੰਦੇ ਹਨ ਤੇ ਹਸਦੇ ਖੇਡਦੇ ਦਿਨ ਕਟ ਰਹੇ ਹਨ।

ਖਚਰਾ ਕਿਸਾਨ

ਇਕ ਵਾਰ ਦੀ ਗੱਲ ਹੈ, ਇਕ ਬੁੱਢੀ ਸੀ ਜਿਸ ਦੇ ਦੋ ਪੁਤ ਸਨ। ਇਕ ਪੁਤ ਮਰ ਗਿਆ, ਤੇ ਦੂਜਾ ਦੂਰ ਪ੍ਰਦੇਸ ਚਲਾ ਗਿਆ। ਉਹਨੂੰ ਗਏ ਨੂੰ ਅਜੇ ਤਿੰਨ ਦਿਨ ਵੀ ਨਹੀਂ ਸੀ ਹੋਏ ਕਿ ਇਕ ਫੌਜੀ ਸਿਪਾਹੀ ਬੁੱਢੀ ਕੋਲ ਆਇਆ ਤੇ ਆਖਣ ਲਗਾ :

"ਮੈਨੂੰ ਰਾਤ ਕੱਟ ਲੈਣ ਦੇ, ਬੇਬੇ।"

"ਆ ਜਾ, ਸੁਹਣਿਆ। ਕਿਥੋਂ ਆਇਐਂ?"

"ਮੈਂ ਦੂਜੀ ਦੁਨੀਆਂ ਵਿਚੋਂ ਆਇਆਂ।"

"ਹਲਾ! ਮੇਰਾ ਪੁਤ ਮੋਏ ਨੂੰ ਅਜੇ ਬਹੁਤਾ ਚਿਰ ਨਹੀਂ ਹੋਇਆ। ਕਿਤੇ ਸਬੱਬ ਨਾਲ ਤੂੰ ਵੇਖਿਆ ਤੇ ਨਹੀਂ ਉਹਨੂੰ, ਕੀ ਆਂਹਦੈ?"

"ਹਾਂ, ਵੇਖਿਐ। ਅਸੀਂ ਦੋਵੇਂ ਇਕੋ ਕੋਠੜੀ ਵਿੱਚ ਰਹਿੰਦੇ ਆਂ।"

"ਹਲਾ। ਲੈ ਦਸ!"

"ਉਹ ਦੂਜੀ ਦੁਨੀਆਂ ਵਿਚ ਸਾਰਸਾਂ ਦਾ ਪਾਲੀ ਆ, ਬੇਬੇ।"

"ਹਾਏ, ਵਿਚਾਰਾ ਗਭਰੂ, ਇਹ ਤਾਂ ਬੜੀ ਬਿਪਤਾ ਵਾਲਾ ਕੰਮ ਹੋਣੈ।"

"ਹੈ ਈ ਆ, ਬੇਬੇ। ਤੈਨੂੰ ਪਤਾ ਆ ਸਾਰਸਾਂ ਦਾ—ਕੰਡਿਆਲੀਆਂ ਝਾੜੀਆਂ ਵਿੱਚ ਭੌਂਦੇ ਰਹਿੰਦੇ ਨੇ ਸਦਾ।"

"ਤੇ ਉਹਦੇ ਨਾ ਗਲ ਝੱਗਾ ਹੋਣੈ ਨਾ ਪੈਰੀਂ ਜੁਤੀ, ਮੈਨੂੰ ਯਕੀਨ ਏ?"

"ਉਹਦੀਆਂ ਲੀਰਾਂ ਲਮਕਦੀਆਂ ਵੇਖ ਕੇ ਤੂੰ ਹੈਰਾਨ ਰਹਿ ਜਾਏਂ।"

"ਮੇਰੇ ਕੋਲ ਚਾਲੀ ਕੁ ਗਜ਼ ਕਪੜਾ ਹੈਗਾ ਏ, ਸੁਹਣਿਆ, ਤੇ ਕਰੀਬਨ ਦਸ ਰੂਬਲ। ਲੈ ਜਾ ਖਾਂ ਮੇਰੇ ਪੁਤ ਲਈ।"

"ਖੁਸ਼ੀ ਨਾਲ, ਬੇਬੇ।"

ਕੁਝ ਦਿਨ ਬੀਤੇ ਤੇ ਬੁੱਢੀ ਦਾ ਪੁਤਰ ਪ੍ਰਦੇਸੋਂ ਮੁੜ ਆਇਆ।

"ਸਲਾਮ ਆਹਨਾ, ਮਾਂ।"

"ਜਿਊਂਦਾ ਰਹੁ, ਪੁਤ। ਵੇਖੇ ਨਾ ਜਦੋਂ ਤੂੰ ਬਾਹਰ ਗਿਆ ਹੋਇਆ ਸੈਂ, ਦੂਜੀ ਦੁਨੀਆਂ ਵਿਚੋਂ ਇਕ ਬੰਦਾ ਆਇਆ ਸੀ ਏਥੇ। ਉਹਨੇ ਮੈਨੂੰ ਤੇਰੇ ਮਰ ਗਏ ਭਰਾ ਬਾਰੇ ਸਭ ਕੁਝ ਦਸਿਆ ਸੀ। ਇਹ ਬੰਦਾ ਦੂਜੀ ਦੁਨੀਆਂ ਵਿਚ ਉਹਦੇ ਨਾਲ ਇਕੋ ਕੋਠੜੀ ਵਿਚ ਰਹਿੰਦਾ ਸੀ। ਮੈਂ ਉਹਨੂੰ ਕਪੜੇ ਦਾ ਥਾਨ ਤੇ ਦਸ ਰੂਬਲ ਦੇ ਦਿਤੇ ਤੇਰੇ ਭਰਾ ਨੂੰ ਦੇਣ ਵਾਸਤੇ।"

"ਹਛਾ, ਜੇ ਇਹ ਗੱਲ ਏ, ਤਾਂ ਅਲਵਿਦਾ, ਮਾਂ," ਉਹਦੇ ਪੁਤਰ ਨੇ ਆਖਿਆ। "ਮੈਂ ਇਸ ਵਿਸ਼ਾਲ ਸੰਸਾਰ ਵਿਚ ਨਿਕਲ ਚਲਿਆਂ, ਤੇ ਜੇ ਤਾਂ ਮੈਨੂੰ ਤੈਥੋਂ ਵਡਾ ਮੂਰਖ ਕੋਈ ਮਿਲ ਗਿਆ ਤਾਂ ਮੈਂ ਘਰ ਮੁੜ ਆਊਂ, ਜੇ ਨਾ ਮਿਲਿਆ, ਤਾਂ ਮੈਂ ਘਰ ਨਹੀਂ ਵੜਨਾ।"

ਤੇ ਉਸ ਮੂੰਹ ਭੁਆਇਆ ਤੇ ਨਿਕਲ ਗਿਆ।

ਉਹ ਇਕ ਪਿੰਡ ਵਿਚ ਆ ਗਿਆ ਤੇ ਜਾਗੀਰਦਾਰ ਦੀ ਹਵੇਲੀ ਦੇ ਵਾੜੇ ਦੇ ਨੇੜੇ ਰੁਕ ਗਿਆ ਜਿਥੇ ਇਕ ਸੂਰਨੀ ਤੇ ਉਹਦੇ ਬੱਚੇ ਚਰ ਰਹੇ ਸਨ। ਕਿਸਾਨ ਗੋਡਿਆਂ ਪਰਨੇ ਹੋ ਗਿਆ ਤੇ ਸੂਰਨੀ ਦੇ ਸਾਮ੍ਹਣੇ ਮੱਥਾ ਟੇਕਣ ਲਗ ਪਿਆ। ਮਾਲਕਣ ਨੇ ਬਾਰੀ ਵਿਚੋਂ ਉਹਨੂੰ ਵੇਖ ਲਿਆ ਤੇ ਆਪਣੀ ਨੌਕਰਾਣੀ ਨੂੰ ਆਖਿਆ :

"ਜਾ ਉਸ ਕਿਸਾਨ ਨੂੰ ਪੁਛ ਕਿ ਉਹ ਮੱਥਾ ਕਿਉਂ ਟੇਕ ਰਿਹਾ ਏ!"

ਨੌਕਰਾਣੀ ਗਈ ਤੇ ਪੁਛਣ ਲਗੀ :

"ਤੂੰ ਗੋਡਿਆਂ ਪਰਨੇ ਕਿਉਂ ਹੋਇਆ ਪਿਆ ਏਂ, ਕਿਸਾਨਾ, ਤੇ ਤੂੰ ਸਾਡੀ ਸੂਰਨੀ ਅੱਗੇ ਮੱਥਾ ਕਿਉਂ ਟੇਕ ਰਿਹਾ ਏਂ?"

"ਬੀਬੀ, ਮਾਲਕਣ ਨੂੰ ਆਖ ਤੁਹਾਡੀ ਸੂਰਨੀ ਮੇਰੀ ਵਹੁਟੀ ਦੀ ਏ ਸਾਕ-ਸ਼ਰੀਕਣੀ, ਇਸ ਕਰਕੇ ਮੈਂ ਏਹਨੂੰ ਭਲਕੇ ਆਪਣੇ ਪੁਤ ਦੇ ਵਿਆਹ ਤੇ ਚਲਣ ਲਈ ਆਖ ਰਿਹਾਂ। ਉਹ ਸੂਰਨੀ ਨੂੰ

ਜਾਣ ਦੇਵੇਗੀ ਤੇ ਉਸ ਨੂੰ ਘਰ ਦੀ ਸਿਆਣੀ ਤੇ ਉਹਦੇ ਬੱਚਿਆਂ ਨੂੰ ਲਾੜੀ ਦੇ ਨੌਕਰ ਨੌਕਰਾਣੀਆਂ ਬਣਨ ਦੇਵੇਗੀ ?"

ਜਦੋਂ ਮਾਲਕਣ ਨੇ ਇਹ ਗੱਲ ਸੁਣੀ ਤਾਂ ਉਹਨੇ ਆਪਣੀ ਨੌਕਰਾਣੀ ਨੂੰ ਆਖਿਆ :

"ਚੰਗਾ ਮੂਰਖ ਏ, ਸੂਰਨੀ ਤੇ ਉਹਦੇ ਬੱਚਿਆਂ ਨੂੰ ਵਿਆਹ ਦਾ ਨਿਉਂਦਾ ਦੇ ਰਿਹੈ ! ਚਲ ਸਾਨੂੰ ਕੀ, ਆਪੇ ਲੋਕ ਹਸਣਗੇ। ਸੂਰਨੀ ਉਤੇ ਮੇਰਾ ਫਰ ਦਾ ਕੋਟ ਪਾ ਦੇ ਅਤੇ ਬੱਘੀ ਨੂੰ ਦੋ ਘੋੜੇ ਜੋੜਨ ਲਈ ਆਖ ਦੇ। ਉਹ ਸ਼ਾਹੀ ਠਾਠ ਨਾਲ ਵਿਆਹ ਤੇ ਜਾਣਗੇ।"

ਸੋ ਉਹਨਾਂ ਨੇ ਬੱਘੀ ਨੂੰ ਘੋੜੇ ਜੋੜ ਦਿੱਤੇ, ਸੂਰਨੀ ਤੇ ਉਹਦੇ ਬੱਚਿਆਂ ਨੂੰ ਬੱਘੀ ਵਿਚ ਬਿਠਾ ਦਿੱਤਾ, ਤੇ ਕਿਸਾਨ ਨੂੰ ਵਾਪਸ ਤੋਰ ਦਿੱਤਾ। ਉਹ ਬੱਘੀ ਵਿਚ ਬੈਠਾ ਤੇ ਘਰ ਨੂੰ ਮੁੜ ਪਿਆ।

ਜਦੋਂ ਮਾਲਕ ਘਰ ਆਇਆ (ਉਹ ਸ਼ਿਕਾਰ ਖੇਡਣ ਗਿਆ ਹੋਇਆ ਸੀ), ਤਾਂ ਉਹਦੀ ਵਹੁਟੀ ਅਗੋਂ ਹਸ ਹਸ ਦੂਹਰੀ ਹੁੰਦੀ ਉਹਨੂੰ ਮਿਲੀ।

"ਓਹ, ਪਿਆਰੇ, ਕਿਤੇ ਤੁਸੀਂ ਘਰ ਹੁੰਦੇ ਤਾਂ ਕਿੱਨਾ ਹਸਦੇ ! ਏਥੇ ਇਕ ਕਿਸਾਨ ਆ ਗਿਆ ਤੇ ਸਾਡੀ ਸੂਰਨੀ ਅੱਗੇ ਮੱਥਾ ਟੇਕਣ ਲੱਗ ਪਿਆ। ਆਖਣ ਲਗਾ, 'ਤੁਹਾਡੀ ਸੂਰਨੀ ਮੇਰੀ ਵਹੁਟੀ ਦੀ ਸਾਕ-ਸ਼ਰੀਕਣੀ ਏ।' ਇਸ ਕਰਕੇ ਉਹਨੇ ਉਹਨੂੰ ਸੱਦਾ ਦਿੱਤਾ ਕਿ ਉਹਦੇ ਪੁਤ ਦੇ ਵਿਆਹ ਤੇ ਘਰ ਦੀ ਸਿਆਣੀ ਬਣੇ ਤੇ ਓਹਦੇ ਬੱਚੇ ਲਾੜੀ ਦੇ ਨੌਕਰ ਨੌਕਰਾਣੀਆਂ।"

"ਮੈਨੂੰ ਪਤਾ ਏ ਤੂੰ ਕੀ ਕੀਤਾ," ਮਾਲਕ ਨੇ ਆਖਿਆ। "ਤੂੰ ਸੂਰਨੀ ਤੇ ਬੱਚੇ ਉਹਦੇ ਹਥ ਫੜਾਏ, ਹੈ ਨਾ?"

"ਹਾਂ, ਮੇਰੀ ਜਾਨ। ਮੈਂ ਸੂਰਨੀ ਉਤੇ ਆਪਣਾ ਫਰ ਦਾ ਕੋਟ ਪਾਇਆ ਤੇ ਦੋ ਘੋੜੇ ਜੋੜਕੇ ਬੱਘੀ ਵੀ ਦਿੱਤੀ।"

"ਕਿਥੋਂ ਸੀ ਉਹ ਕਿਸਾਨ?"

"ਪਤਾ ਨਹੀਂ, ਪ੍ਰੀਤਮ।"

"ਨਤੀਜਾ ਇਹ ਹੋਇਆ ਕਿ ਮੂਰਖ ਤੂੰ ਏਂ, ਉਹ ਨਹੀਂ!"

ਮਾਲਕ ਨੂੰ ਆਪਣੀ ਵਹੁਟੀ ਤੇ ਬੜਾ ਗੁੱਸਾ ਆਇਆ ਕਿ ਉਹ ਮੂਰਖ ਬਣ ਗਈ। ਉਹ ਘਰੋਂ ਬਾਹਰ ਦੌੜਿਆ, ਆਪਣੇ ਘੋੜੇ ਤੇ ਪਲਾਕੀ ਮਾਰੀ ਤੇ ਕਿਸਾਨ ਦੇ ਮਗਰ ਭਜਾ ਲਿਆ। ਕਿਸਾਨ ਨੇ ਕਿਸੇ ਦੀ ਆਪਣੇ ਪਿਛੇ ਆਉਣ ਦੀ ਆਵਾਜ਼ ਸੁਣੀ। ਇਸ ਕਰਕੇ ਉਹਨੇ ਘੋੜਿਆਂ ਸਮੇਤ ਬੱਘੀ ਨੂੰ ਸੰਘਣੇ ਜੰਗਲ ਵਿਚ ਮੋੜ ਲਿਆ ਤੇ ਉਹਨਾਂ ਨੂੰ ਉਥੇ ਛਡ ਦਿੱਤਾ। ਫੇਰ ਉਸ ਨੇ ਆਪਣੀ ਟੋਪੀ ਲਾਹੀ, ਇਸ ਨੂੰ ਭੁੰਜੇ ਟਿਕਾਇਆ ਤੇ ਇਹਦੇ ਲਾਗੇ ਬਹਿ ਗਿਆ।

"ਓਏ, ਦਾੜ੍ਹੀ ਵਾਲਿਆ!" ਮਾਲਕ ਕੜਕਿਆ। "ਤੂੰ ਕੋਈ ਨੇੜੇ ਤੇੜੇ ਕਿਸਾਨ ਤਾਂ ਨਹੀਂ ਵੇਖਿਆ, ਦੋ ਘੋੜਿਆਂ ਦੀ ਬੱਘੀ ਵਾਲਾ ਜਿਸ ਵਿਚ ਸੁਆਣੀ ਤੇ ਉਹਦੇ ਬੱਚੇ ਨੇ?"

"ਹਾਂ, ਹਜ਼ੂਰ, ਵੇਖਿਐ। ਘੰਟਾ ਹੋ ਗਿਆ ਉਹਨੂੰ ਏਥੋਂ ਲੰਘੇ ਨੂੰ।"

"ਕਿਧਰ ਨੂੰ ਗਿਐ? ਮੈਂ ਉਹਨੂੰ ਫੜਨੈ।"

"ਉਹ ਨਾ ਫੜਿਆ ਗਿਆ। ਵਾਹ ਵਾਹ ਦੂਰ ਨਿਕਲ ਗਿਐ। ਤੁਸੀਂ ਔਝੜੇ ਵੀ ਪੈ ਸਕਦੇ ਓ। ਤੁਸੀਂ ਏਹਨਾਂ ਇਲਾਕਿਆਂ ਦੇ ਜਾਣੂ ਜੇ?"

"ਵੇਖ ਬਈ ਸਜਣਾ, ਤੂੰ ਜਾ ਤੇ ਉਸ ਕਿਸਾਨ ਨੂੰ ਫੜ ਕੇ ਲਿਆ ਮੇਰੇ ਕੋਲ।"

"ਨਹੀਂ ਹਜ਼ੂਰ, ਮੈਂ ਨਹੀਂ ਇਹ ਕੰਮ ਕਰ ਸਕਦਾ। ਮੇਰਾ ਸ਼ਿਕਰਾ ਐਥੇ ਮੇਰੀ ਟੋਪੀ ਹੇਠ ਬੈਠਾ ਹੋਇਐ।"

"ਮੈਂ ਤੇਰੇ ਸ਼ਿਕਰੇ ਦਾ ਧਿਆਨ ਰਖੂੰ।"

"ਵੇਖਿਓ, ਕਿਤੇ ਨਿਕਲ ਨਾ ਜਾਵੇ ਏਹ। ਬੜਾ ਵਡਮੁਲਾ ਪੰਛੀ ਏ। ਜੇ ਮੈਂ ਏਹਨੂੰ ਗੁਆ ਬੈਠਾ ਮੇਰੇ ਮਾਲਕ ਨੇ ਮੇਰਾ ਜਿਊਣਾ ਹਰਾਮ ਕਰ ਛਡਣੈ।"

"ਕਿੰਨੇ ਕੁ ਮੁਲ ਦਾ ਹੋਊ ਏਹ?"

"ਕੁਲ ਤਿੰਨ ਸੌ ਰੂਬਲ ਦਾ।"

"ਫਿਕਰ ਨਾ ਕਰ ਜੇ ਮੈਥੋਂ ਨਿਕਲ ਗਿਆ, ਮੈਂ ਤੈਨੂੰ ਰਕਮ ਤਾਰ ਦਊਂ।"

"ਕਹਿ ਲੈਣਾ ਸੌਖਾ ਏ, ਸਰਕਾਰ।"

"ਮੇਰੀ ਜਾਚੇ ਤੈਨੂੰ ਮੇਰੇ ਤੇ ਇਤਬਾਰ ਨਹੀਂ। ਆ ਲੈ ਫੜ ਤਿੰਨ ਸੌ ਰੂਬਲ। ਕੋਈ ਖਤਰੇ ਵਾਲੀ ਗੱਲ ਹੀ ਨਾ ਰਹੇ।"

ਕਿਸਾਨ ਨੇ ਰੁਪੈ ਫੜੇ, ਜਾਗੀਰਦਾਰ ਦੇ ਘੋੜੇ ਤੇ ਬੈਠਾ ਅਤੇ ਘੋੜੇ ਨੂੰ ਜੰਗਲ ਵੱਲ ਭਜਾ ਲਿਆ, ਤੇ ਮਾਲਕ ਪਿਛੇ ਸਖਣੇ ਟੋਪ ਦੀ ਰਾਖੀ ਖਲੋਤਾ ਰਿਹਾ। ਉਹ ਘੰਟਿਆਂ ਬੱਧੀ ਬੈਠਾ ਉਹਨੂੰ ਉਡੀਕਦਾ ਰਿਹਾ। ਸੂਰਜ ਅਸਤ ਹੋਣ ਲਗ ਪਿਆ ਸੀ, ਪਰ ਕਿਸਾਨ ਦਾ ਅਜੇ ਕਿਧਰੇ ਕੋਈ ਨਾਂ ਨਿਸ਼ਾਨ ਨਹੀਂ ਸੀ।

"ਵੇਖਾਂ ਤੇ ਸਹੀ, ਇਸ ਟੋਪ ਹੇਠਾਂ ਕੋਈ ਸ਼ਿਕਰਾ ਵੀ ਹੈ। ਜੇ ਤਾਂ ਸ਼ਿਕਰਾ ਹੋਇਆ ਤਾਂ ਉਹ ਜ਼ਰੂਰ ਮੁੜੇਗਾ, ਜੇ ਨਾ ਹੋਇਆ ਤਾਂ ਉਡੀਕਣ ਦਾ ਕੋਈ ਫ਼ਾਇਦਾ ਨਹੀਂ।"

ਉਹਨੇ ਟੋਪ ਚੁਕਿਆ, ਪਰ ਇਹਦੇ ਹੇਠ ਕੋਈ ਸ਼ਿਕਰਾ ਨਹੀਂ ਸੀ।

"ਬਦਮਾਸ਼! ਇਹ ਜ਼ਰੂਰ ਓਹੋ ਕਿਸਾਨ ਹੋਣੈ ਜਿਨ੍ਹੇ ਮੇਰੀ ਸੁਆਣੀ ਨੂੰ ਬੁਧੂ ਬਣਾਇਆ ਸੀ।"

ਉਸ ਨੇ ਨਿਰਾਸ਼ ਹੋਕੇ ਜ਼ਮੀਨ ਤੇ ਥੁੱਕਿਆ ਤੇ ਪੈਦਲ ਘਰ ਨੂੰ ਤੁਰ ਪਿਆ। ਕਿਸਾਨ ਉਸ ਤੋਂ ਢੇਰ ਚਿਰ ਪਹਿਲਾਂ ਘਰ ਪਹੁੰਚ ਗਿਆ ਹੋਇਆ ਸੀ।

"ਸੁਣ ਮਾਂ," ਉਸ ਨੇ ਬੁਢੜੀ ਨੂੰ ਆਖਿਆ, "ਆਪਾਂ ਕੱਠੇ ਹੀ ਰਹਿੰਦੇ ਆਂ। ਤੂੰ ਦੁਨੀਆਂ ਵਿਚ ਸਭ ਤੋਂ ਵਧ ਮੂਰਖ ਨਹੀਂ। ਵੇਖ, ਉਹਨਾਂ ਮੈਨੂੰ ਤਿੰਨ ਘੋੜੇ ਦਿੱਤੇ ਨੀ ਤੇ ਇਕ ਬੱਘੀ, ਤਿੰਨ ਸੌ ਰੂਬਲ ਤੇ ਸਣੇ ਬੱਚਿਆਂ ਦੇ ਇਕ ਸੂਰਨੀ। ਤੇ ਇਹ ਸਭ ਕੁਝ ਮੁਫਤ ਵਿਚ ਹੀ।"

ਸੱਤ-ਵਰ੍ਹਿਆਂ-ਦੀ

ਦੋ ਭਰਾ ਸਫਰ ਤੇ ਗਏ। ਉਹਨਾਂ ਵਿਚੋਂ ਇਕ ਗਰੀਬ ਸੀ ਤੇ ਦੂਜਾ ਰੱਜਾ ਪੁਜਾ। ਦੋਵਾਂ ਕੋਲ ਹੀ ਆਪਣਾ ਆਪਣਾ ਘੋੜਾ ਸੀ। ਗਰੀਬ ਭਰਾ ਕੋਲ ਘੋੜੀ ਸੀ ਤੇ ਅਮੀਰ ਭਰਾ ਕੋਲ ਖੱਸੀ ਘੋੜਾ। ਕੁਝ ਚਿਰ ਲੰਘਿਆ ਤੇ ਉਹ ਇਕ ਥਾਂ ਰਾਤ ਆਰਾਮ ਕਰਨ ਲਈ ਰੁਕ ਗਏ।

ਰਾਤ ਸਮੇਂ ਗਰੀਬ ਆਦਮੀ ਦੀ ਘੋੜੀ ਸੂ ਪਈ। ਵਛੇਰਾ ਰਿੜ੍ਹ ਕੇ ਅਮੀਰ ਆਦਮੀ ਦੀ ਗੱਡੀ ਹੇਠ ਚਲਾ ਗਿਆ। ਅਗਲੀ ਸਵੇਰ ਅਮੀਰ ਆਦਮੀ ਨੇ ਆਪਣੇ ਗਰੀਬ ਭਰਾ ਨੂੰ ਜਗਾਇਆ।

"ਉਠ ਓਏ, ਭਰਾਵਾ, ਮੇਰੀ ਗੱਡੀ ਨੇ ਰਾਤ ਵਛੇਰਾ ਦਿਤੈ," ਉਹਨੇ ਆਖਿਆ।

ਵਿਚਾਰਾ ਗਰੀਬ ਆਦਮੀ ਉਠਿਆ ਤੇ ਕਹਿਣ ਲਗਾ:

"ਗੱਡੀ ਵਛੇਰਾ ਕਿਵੇਂ ਦੇ ਸਕਦੀ ਏ? ਇਹ ਵਛੇਰਾ ਮੇਰੀ ਘੋੜੀ ਨੇ ਦਿਤਾ ਏ।"

"ਜੇ ਉਹਨੇ ਦਿੱਤਾ ਹੁੰਦਾ ਤਾਂ ਏਹ ਉਹਦੇ ਲਾਗੇ ਪਿਆ ਹੁੰਦਾ।"

ਸੋ ਉਹ ਝਗੜ ਪਏ ਤੇ ਅਦਾਲਤ ਵਿਚ ਪਹੁੰਚ ਗਏ। ਅਮੀਰ ਆਦਮੀ ਨੇ ਜੱਜ ਨੂੰ ਰਿਸ਼ਵਤ ਵਿਚ ਰੁਪਏ ਦੇ ਦਿੱਤੇ, ਪਰ ਗਰੀਬ ਆਦਮੀ ਕੋਲ ਸੱਚ ਤੋਂ ਬਿਨਾਂ ਜੱਜ ਨੂੰ ਦੇਣ ਵਾਸਤੇ ਕੁਝ ਨਹੀਂ ਸੀ।

ਅਖ਼ੀਰ ਮਾਮਲਾ ਖ਼ੁਦ ਜ਼ਾਰ ਕੋਲ ਪਹੁੰਚ ਗਿਆ।

ਜ਼ਾਰ ਨੇ ਦੋਵਾਂ ਭਰਾਵਾਂ ਨੂੰ ਆਪਣੇ ਕੋਲ ਸੱਦਿਆ ਤੇ ਉਹਨਾਂ ਅੱਗੇ ਚਾਰ ਬੁਝਾਰਤਾਂ ਪਾਈਆਂ।

"ਸੰਸਾਰ ਵਿੱਚ ਸਭ ਤੋਂ ਤਕੜੀ ਤੇ ਛੋਹਲੀ ਚੀਜ਼ ਕਿਹੜੀ ਏ, ਸਭ ਤੋਂ ਵਧ ਮੋਟਾ ਤਾਜ਼ਾ ਕੌਣ ਹੈ. ਸਭ ਤੋਂ ਵਧ ਨਰਮ ਕੂਲਾ ਕੌਣ ਹੈ ਅਤੇ ਸਭ ਤੋਂ ਵਧ ਪਿਆਰੀ ਚੀਜ਼ ਕਿਹੜੀ ਹੈ?"

ਅਤੇ ਉਸ ਨੇ ਉਹਨਾਂ ਨੂੰ ਸੋਚਣ ਵਾਸਤੇ ਤਿੰਨ ਦਿਨ ਦਿੱਤੇ।

"ਚੌਥੇ ਦਿਨ ਆਓ," ਜ਼ਾਰ ਨੇ ਆਖਿਆ, "ਤੇ ਆਪੋ ਆਪਣੇ ਜਵਾਬ ਦਸੋ।"

ਅਮੀਰ ਆਦਮੀ ਨੇ ਥੋੜਾ ਚਿਰ ਵਿਚਾਰ ਕੀਤੀ ਤੇ ਫਿਰ ਉਹਨੂੰ ਆਪਣੀ ਇਕ ਦੋਸਤ ਦਾ ਚੇਤਾ ਆ ਗਿਆ ਤੇ ਉਹ ਉਸ ਦੀ ਸਲਾਹ ਲੈਣ ਚਲਾ ਗਿਆ।

ਜਦੋਂ ਉਹ ਆਇਆ ਉਸ ਨੇ ਉਹਨੂੰ ਰੋਟੀ ਖਾਣ ਲਈ ਆਖਿਆ ਤੇ ਉਹਦਾ ਸਵਾਗਤ ਕੀਤਾ। ਤੇ ਫੇਰ ਉਹਨੇ ਉਸ ਨੂੰ ਪੁਛਿਆ:

"ਐਨਾ ਉਦਾਸ ਕਿਉਂ ਏਂ, ਪਿਆਰੇ ਦੋਸਤ?"

"ਉਫ, ਜ਼ਾਰ ਨੇ ਚਾਰ ਬੁਝਾਰਤਾਂ ਪਾਈਆਂ ਨੇ ਤੇ ਤਿੰਨਾਂ ਦਿਨਾਂ ਮਗਰੋਂ ਉਹਨਾਂ ਦਾ ਜਵਾਬ ਮੰਗਿਐ।"

"ਦਸ ਖਾਂ ਭਲਾ ਕੀ ਨੇ ਬੁਝਾਰਤਾਂ?"

"ਸੁਣ ਪਹਿਲੀ ਬੁਝਾਰਤ। ਸੰਸਾਰ ਵਿਚ ਸਭ ਤੋਂ ਤਕੜੀ ਤੇ ਛੋਹਲੀ ਚੀਜ਼ ਕਿਹੜੀ ਏ?"

"ਵੱਡੀ ਬੁਝਾਰਤ! ਇਹ ਮੇਰੇ ਖਾਵੰਦ ਦੀ ਲਾਖੀ ਘੋੜੀ ਆ—ਉਹਦੇ ਨਾਲੋਂ ਛੋਹਲੀ ਹੋਰ ਕੋਈ ਚੀਜ਼ ਹੋ ਹੀ ਨਹੀਂ ਸਕਦੀ—ਰਤਾ ਕੁ ਚਾਬਕ ਲਾਓ ਤਾਂ ਉਹ ਖ਼ਰਗੋਸ਼ ਨੂੰ ਜਾ ਫੜੇ।"

"ਸੁਣ ਫੇਰ ਦੂਜੀ। ਸੰਸਾਰ ਵਿਚ ਸਭ ਤੋਂ ਮੋਟੀ ਤਾਜ਼ੀ ਚੀਜ਼ ਕਿਹੜੀ ਏ?"

"ਦੋ ਵਰ੍ਹਿਆਂ ਦਾ ਸੂਰ ਜਿਹੜਾ ਅਸੀਂ ਪਾਲ ਰਹੇ ਆਂ ਏਡਾ ਮੋਟਾ ਤਾਜ਼ਾ ਹੋ ਗਿਐ ਕਿ ਆਪਣੇ ਪੈਰਾਂ ਤੇ ਖਲੋ ਨਹੀਂ ਸਕਦਾ।"

"ਤੇ ਹੁਣ ਸੁਣ ਤੀਜੀ ਬੁਝਾਰਤ। ਸੰਸਾਰ ਵਿਚ ਸਭ ਤੋਂ ਨਰਮ ਕੂਲੀ ਚੀਜ਼ ਕਿਹੜੀ ਏ?"

"ਲੈ, ਬਿਨਾਂ ਸ਼ਕ, ਖੰਭਾਂ ਦਾ ਬਿਸਤਰਾ, ਏਹਦੇ ਨਾਲੋਂ ਕੂਲੀ ਚੀਜ਼ ਦਾ ਸੁਫਨਾ ਵੀ ਲੈ ਸਕਦਾ ਏਂ?"

"ਹੱਛਾ, ਤੇ ਹੁਣ ਅਖੀਰਲੀ। ਸਾਰੇ ਸੰਸਾਰ ਵਿਚ ਸਭ ਤੋਂ ਪਿਆਰੀ ਚੀਜ਼ ਕਿਹੜੀ ਏ?"

"ਮੇਰਾ ਪੋਤਰਾ ਇਵਾਨੁਸ਼ਕਾ, ਉਹ ਏ ਸਭ ਤੋਂ ਪਿਆਰਾ।"

"ਰੱਬ ਤੇਰਾ ਭਲਾ ਕਰੇ, ਨੇਕਬਖਤੇ, ਹੁਣ ਮੈਨੂੰ ਸਮਝ ਆ ਗਈ ਕਿ ਕੀ ਆਖਣੇ।"

ਤੇ ਗਰੀਬ ਭਰਾ, ਉਹ ਜ਼ਾਰ ਜ਼ਾਰ ਰੋਣ ਲੱਗਾ ਤੇ ਘਰ ਚਲਾ ਗਿਆ। ਬੂਹੇ ਵਿਚ ਉਸ ਨੂੰ

ਉਹਦੀ ਸੱਤਾਂ ਵਰ੍ਹਿਆਂ ਦੀ ਧੀ ਮਿਲ ਪਈ। ਉਹਦਾ ਪਰਵਾਰ ਏਡਾ ਕੁ ਹੀ ਸੀ। ਸੱਤ–ਵਰ੍ਹਿਆਂ–ਦੀ ਨੇ ਪੁਛਿਆ :

"ਤੂੰ ਹੌਕੇ ਕਿਉਂ ਲੈਂਦਾ ਏਂ ਤੇ ਰੋਂਦਾਂ ਕਿਉਂ ਏਂ, ਬਾਪੂ ?"

"ਕਿੱਦਾਂ ਨਾ ਹੌਕੇ ਲਵਾਂ ਤੇ ਰੋਵਾਂ ਜਦੋਂ ਜ਼ਾਰ ਨੇ ਚਾਰ ਬੁਝਾਰਤਾਂ ਪਾ ਦਿੱਤੀਆਂ ਨੇ, ਤੇ ਮੈਥੋਂ ਉਮਰ ਭਰ ਉਹਨਾਂ ਦਾ ਜਵਾਬ ਨਹੀਂ ਦਿੱਤਾ ਜਾਣਾ !"

"ਦਸ ਖਾਂ ਮੈਨੂੰ ਕੀ ਬੁਝਾਰਤਾਂ ਨੇ।"

"ਲੈ ਸੁਣ ਧੀਏ, ਏਹ ਨੀ ਬੁਝਾਰਤਾਂ। ਦੁਨੀਆਂ ਵਿਚ ਸਭ ਤੋਂ ਤਕੜੀ ਤੇ ਛੋਹਲੀ ਚੀਜ਼ ਕਿਹੜੀ ਏ, ਸਭ ਤੋਂ ਮੋਟੀ ਤਾਜ਼ੀ ਕਿਹੜੀ ਏ, ਸਭ ਤੋਂ ਨਰਮ ਤੇ ਕੂਲੀ ਕਿਹੜੀ ਏ, ਤੇ ਸਭ ਤੋਂ ਪਿਆਰੀ ਕਿਹੜੀ ਏ ?"

"ਜਾ, ਜ਼ਾਰ ਕੋਲ ਜਾ ਬਾਪੂ ਤੇ ਉਹਨੂੰ ਆਖ : ਸਭ ਤੋਂ ਤਕੜੀ ਤੇ ਛੋਹਲੀ ਚੀਜ਼ ਏ ਹਵਾ ; ਸਭ ਤੋਂ ਮੋਟੀ ਤਾਜ਼ੀ ਧਰਤੀ ਕਿਉਂਕਿ ਇਹ ਸਭ ਜੀਵਾਂ ਤੇ ਬਨਸਪਤੀ ਨੂੰ ਪਾਲਦੀ ਏ ; ਸਭ ਤੋਂ ਨਰਮ ਤੇ ਕੂਲੀ ਚੀਜ਼ ਹੱਥ ਕਿਉਂਕਿ ਬੰਦਾ ਭਾਵੇਂ ਕਿਸੇ ਵੀ ਚੀਜ਼ ਤੇ ਲੰਮਾ ਪੈ ਜਾਏ, ਉਹ ਆਪਣਾ ਹੱਥ ਹਮੇਸ਼ਾ ਆਪਣੇ ਸਿਰ ਹੇਠ ਕਰ ਲੈਂਦੈ। ਅਤੇ ਸੰਸਾਰ ਵਿਚ ਸਭ ਤੋਂ ਪਿਆਰੀ ਚੀਜ਼ ਏ ਨੀਂਦ।"

ਤੇ ਫੇਰ ਦੋਵੇਂ ਭਰਾ, ਅਮੀਰ ਵੀ ਤੇ ਗਰੀਬ ਵੀ, ਜ਼ਾਰ ਅੱਗੇ ਪੇਸ਼ ਹੋਏ। ਤੇ ਜ਼ਾਰ ਨੇ ਉਹਨਾਂ ਕੋਲੋਂ ਜਵਾਬ ਸੁਣੇ ਤੇ ਉਸ ਨੇ ਗਰੀਬ ਆਦਮੀ ਨੂੰ ਆਖਿਆ :

"ਇਹ ਜਵਾਬ ਤੂੰ ਆਪੇ ਬੁੱਝੇ, ਜਾਂ ਕਿਸੇ ਨੇ ਤੇਰੀ ਮਦਦ ਕੀਤੀ ਏ ?"

"ਸ੍ਰੀ ਹਜ਼ੂਰ, ਮੇਰੀ ਇਕ ਧੀ ਏ, ਸੱਤਾਂ–ਵਰ੍ਹਿਆਂ–ਦੀ, ਤੇ ਇਹ ਜਵਾਬ ਮੈਨੂੰ ਉਸ ਦਸੇ ਨੇ।"

"ਜੇ ਤੇਰੀ ਧੀ ਏਡੀ ਸਿਆਣੀ ਏ, ਤਾਂ ਇਹ ਥੋੜਾ ਜਿਹਾ ਰੇਸ਼ਮੀ ਧਾਗਾ ਲੈ ਜਾ ਤੇ ਉਹਨੂੰ ਆਖ ਭਲਕ ਸਵੇਰ ਤੱਕ ਮੈਨੂੰ ਇਕ ਸੁਹਣਾ ਜਿਹਾ ਤੌਲੀਆ ਬੁਣ ਦੇਵੇ।"

ਗਰੀਬ ਆਦਮੀ ਨੇ ਥੋੜਾ ਜਿਹਾ ਰੇਸ਼ਮੀ ਧਾਗਾ ਲੈ ਲਿਆ ਤੇ ਉਹ ਘੋਰ ਉਦਾਸੀ ਤੇ ਘੋਰ ਨਿਰਾਸ਼ਾ ਵਿਚ ਡੁੱਬਾ ਘਰ ਮੁੜ ਆਇਆ।

"ਬਿਪਤਾ ਪੈ ਗਈ, ਲਾਡਲੀ ਧੀਏ," ਉਹਨੇ ਆਖਿਆ, "ਜ਼ਾਰ ਨੇ ਹੁਕਮ ਦਿਤੈ ਕਿ ਇਸ ਥੋੜੇ ਜਿਹੇ ਰੇਸ਼ਮੀ ਧਾਗੇ ਦਾ ਉਹਨੂੰ ਤੌਲੀਆ ਬੁਣ ਦੇ।"

"ਤੂੰ ਝੁਰ ਨਾ, ਬਾਪੂ," ਸੱਤ–ਵਰ੍ਹਿਆਂ–ਦੀ ਨੇ ਆਖਿਆ।

ਉਹਨੇ ਬਹੁਕਰ ਨਾਲੋਂ ਇਕ ਤੀਲਾ ਤੋੜਿਆ, ਆਪਣੇ ਪਿਓ ਨੂੰ ਫੜਾਇਆ ਤੇ ਆਖਿਆ :

"ਆਹ ਜ਼ਾਰ ਕੋਲ ਲੈ ਜਾ ਤੇ ਉਹਨੂੰ ਆਖ ਕੋਈ ਦਸਤਕਾਰ ਲਭੇ ਜਿਹੜਾ ਤੌਲੀਆ ਬੁਣਨ ਲਈ ਏਹਦੀ ਖੱਡੀ ਬਣਾ ਦੇਵੇ।"

ਉਹ ਜ਼ਾਰ ਕੋਲ ਗਿਆ ਤੇ ਉਹਨੂੰ ਆਪਣੀ ਧੀ ਦੀ ਇੱਛਾ ਦਸੀ। ਫੇਰ ਜ਼ਾਰ ਨੇ ਉਸ ਨੂੰ ਡੇੜ ਸੌ ਆਂਡੇ ਦਿੱਤੇ ਤੇ ਆਖਿਆ :

"ਇਹ ਆਂਡੇ ਆਪਣੀ ਧੀ ਨੂੰ ਦੇ ਤੇ ਉਹਨੂੰ ਆਖ ਭਲਕ ਸਵੇਰ ਤੱਕ ਇਹਨਾਂ ਵਿਚੋਂ ਮੈਨੂੰ ਡੇੜ ਸੌ ਚੂਚੇ ਕਢਵਾ ਦੇਵੇ।"

ਉਹ ਵਿਚਾਰਾ ਹੋਰ ਵੀ ਉਦਾਸ ਤੇ ਹੋਰ ਵੀ ਨਿਰਾਸ਼ ਹੋਇਆ ਘਰ ਨੂੰ ਮੁੜਿਆ।

"ਓਹ ਮੇਰੀਏ ਧੀਏ, ਇਕ ਬਿਪਤਾ ਮੁਕਦੀ ਏ ਦੂਜੀ ਉਠ ਖੜੀ ਹੁੰਦੀ ਏ।" ਤੇ ਉਹਨੇ ਸਾਰੀ ਗੱਲ ਧੀ ਨੂੰ ਦਸੀ।

"ਤੂੰ ਰਤੀ ਫਿਕਰ ਨਾ ਕਰ, ਬਾਪੂ," ਸਤ-ਵਰ੍ਹਿਆਂ-ਦੀ ਨੇ ਆਖਿਆ।

ਉਹਨੇ ਸਾਰੇ ਆਂਡੇ ਪਕਾ ਲਏ ਅਤੇ ਆਪਣੇ ਖਾਣ ਵਾਸਤੇ ਸਾਂਭ ਲਏ। ਇਸ ਪਿਛੋਂ ਉਹਨੇ ਆਪਣੇ ਪਿਓ ਨੂੰ ਫੇਰ ਜ਼ਾਰ ਕੋਲ ਭੇਜਿਆ।

"ਉਹਨੂੰ ਆਖ ਕਿ ਚੂਚਿਆਂ ਨੂੰ ਖਾਣ ਵਾਸਤੇ ਇਕ ਦਿਨ ਦਾ ਬਾਜਰਾ ਚਾਹੀਦੈ। ਇਕੋ ਦਿਨ ਵਿੱਚ ਹੀ ਖੇਤ ਵਿੱਚ ਹਲ ਵਾਹਿਆ ਜਾਏ, ਬਾਜਰਾ ਬੀਜਿਆ ਜਾਏ, ਵਢਿਆ ਤੇ ਗਾਹਿਆ ਜਾਏ। ਨਹੀਂ ਤਾਂ ਚੂਚੇ ਇਸ ਨੂੰ ਚੁੰਝ ਵੀ ਨਹੀਂ ਮਾਰਨਗੇ।"

ਜ਼ਾਰ ਨੇ ਉਸ ਦੀ ਗੱਲ ਸੁਣੀ ਤੇ ਉਹਨੂੰ ਆਖਿਆ :

"ਜੇ ਤੇਰੀ ਧੀ ਏਡੀ ਸਿਆਣੀ ਏ, ਤਾਂ ਉਹਨੂੰ ਆਖ ਭਲਕੇ ਸਵੇਰੇ ਆਪ ਏਥੇ ਪਹੁੰਚੇ—ਨਾ ਨੰਗੀ, ਨਾ ਕੱਜੀ ਹੋਈ, ਨਾ ਪੈਦਲ, ਨਾ ਘੋੜੇ ਤੇ, ਨਾ ਸੁਗਾਤ ਲੈਕੇ, ਨਾ ਤੁਹਫੇ ਤੋਂ ਬਿਨਾਂ।"

"ਹੱਛਾ," ਗਰੀਬ ਆਦਮੀ ਨੇ ਸੋਚਿਆ, "ਮੇਰੀ ਧੀ ਏਡੀ ਚਲਾਕ ਨਹੀਂ ਕਿ ਇਹ ਕੰਮ ਕਰ ਸਕੇ। ਸਭ ਕੀਤਾ ਕਰਾਇਆ ਖੂਹ ਵਿਚ ਪੈ ਗਿਆ।"

ਪਰ ਸਤ-ਵਰ੍ਹਿਆਂ-ਦੀ ਨੇ ਆਖਿਆ :

"ਗ਼ਮ ਨਾ ਲਾ, ਬਾਪੂ। ਸ਼ਿਕਾਰੀਆਂ ਕੋਲ ਜਾ ਤੇ ਮੈਨੂੰ ਇਕ ਜਿਊਂਦਾ ਖ਼ਰਗੋਸ਼ ਤੇ ਇਕ ਜਿਊਂਦਾ ਬਟੇਰਾ ਲਿਆ ਦੇ ਖਰੀਦ ਕੇ।"

ਉਹ ਗਿਆ ਤੇ ਇਕ ਖ਼ਰਗੋਸ਼ ਤੇ ਬਟੇਰਾ ਖਰੀਦ ਲਿਆਇਆ।

ਅਗਲੀ ਸਵੇਰ ਤੜਕੇ ਹੀ ਸਤ-ਵਰ੍ਹਿਆਂ-ਦੀ ਨੇ ਆਪਣੇ ਸਾਰੇ ਕਪੜੇ ਲਾਹ ਦਿੱਤੇ, ਮੱਛੀਆਂ ਫੜਨ ਵਾਲਾ ਜਾਲ ਉਤੇ ਕਰ ਲਿਆ, ਹੱਥਾਂ ਵਿਚ ਬਟੇਰਾ ਫੜ ਲਿਆ, ਖ਼ਰਗੋਸ਼ ਉਤੇ ਬੈਠੀ, ਤੇ ਮਹਿਲ ਨੂੰ ਤੁਰ ਪਈ।

ਜ਼ਾਰ ਉਸ ਨੂੰ ਮਹਿਲ ਦੇ ਫਾਟਕ ਤੇ ਮਿਲਿਆ ਅਤੇ ਉਹਨੇ ਝੁਕ ਕੇ ਸਲਾਮ ਕੀਤਾ ਤੇ ਆਖਿਆ :

"ਆਹ ਤੇਰੇ ਲਈ ਸੁਗਾਤ ਏ, ਮਹਾਰਾਜ," ਅਤੇ ਉਹਨੇ ਬਟੇਰਾ ਉਹਦੇ ਵੱਲ ਵਧਾਇਆ। ਤੇ ਜ਼ਾਰ ਅਜੇ ਉਹਨੂੰ ਫੜਨ ਹੀ ਲਗਾ ਸੀ ਕਿ—ਫੁਰ—ਉਹ ਉਡ ਗਿਆ।

"ਬਹੁਤ ਅੱਛਾ," ਜ਼ਾਰ ਨੇ ਆਖਿਆ, "ਤੂੰ ਇਹ ਸਭ ਕੁਝ ਉਵੇਂ ਹੀ ਕੀਤੈ ਜਿਵੇਂ ਮੈਂ ਹੁਕਮ ਦਿੱਤਾ ਸੀ। ਹੁਣ ਮੈਨੂੰ ਇਹ ਗੱਲ ਦਸ। ਮੈਨੂੰ ਪਤਾ ਏ ਕਿ ਤੇਰਾ ਪਿਓ ਗਰੀਬ ਆਦਮੀ ਏ, ਸੋ ਤੁਹਾਡਾ ਰੋਟੀ ਪਾਣੀ ਕਿਵੇਂ ਚਲਦੈ?"

"ਮੇਰਾ ਪਿਓ ਸੁੱਕੀ ਜ਼ਮੀਨ ਤੋਂ ਮੱਛੀਆਂ ਫੜਦੈ, ਦਰਿਆ ਵਿਚ ਉਹ ਜਾਲ ਨਹੀਂ ਲਾਉਂਦਾ। ਮੈਂ ਮੱਛੀਆਂ ਪੱਲੇ ਬੰਨ੍ਹ ਕੇ ਘਰ ਲੈ ਆਉਂਦੀ ਹਾਂ, ਤੇ ਤੇਰੇ ਮੂਹੋਂ ਨਾ ਲੱਥੇ ਜੋ ਸੂਪ ਬਣਾਉਂਦੀ ਹਾਂ।"

"ਕੀ ਆਖਿਆ, ਮੂਰਖ ਕੁੜੀਏ, ਸੁੱਕੀ ਜ਼ਮੀਨ ਤੇ ਮੱਛੀਆਂ ਕਿਥੇ ਹੁੰਦੀਆਂ ਨੇ? ਉਹ ਤਾਂ ਪਾਣੀ ਵਿਚ ਰਹਿੰਦੀਆਂ ਨੇ, ਕਿ ਨਹੀਂ?"

"ਤੇ ਤੂੰ, ਵਡਿਆ ਸਿਆਣਿਆ, ਕਿਥੇ ਵੇਖਿਆ ਏ ਪਈ ਗੱਡੀ ਦੇ ਵਛੇਰਾ ਹੋਵੇ? ਵਛੇਰੇ ਘੋੜੀ ਦੇਂਦੀ ਏ, ਗੱਡੀ ਨਹੀਂ।"

ਇਸ ਤੋਂ ਮਗਰੋਂ ਜ਼ਾਰ ਨੇ ਵਛੇਰਾ ਗਰੀਬ ਆਦਮੀ ਨੂੰ ਮੁੜਵਾ ਦਿੱਤਾ।

ਕੁਹਾੜੇ ਦਾ ਦਲੀਆ

ਇਕ ਵਾਰ ਦੀ ਗੱਲ ਏ, ਇਕ ਬੁੱਢਾ ਫ਼ੌਜੀ ਛੁੱਟੀ ਮਨਾਣ ਲਈ ਘਰ ਜਾ ਰਿਹਾ ਸੀ, ਤੇ ਥਕਿਆ ਉਹ ਬਹੁਤ ਹੋਇਆ ਸੀ ਤੇ ਭੁੱਖ ਉਹਨੂੰ ਡਾਢੀ ਲਗੀ ਹੋਈ ਸੀ। ਉਹ ਇਕ ਪਿੰਡ ਅਪੜਿਆ ਤੇ ਉਹਨੇ ਪਹਿਲੀ ਹੀ ਝੁੱਗੀ ਦਾ ਬੂਹਾ ਜਾ ਖੜਕਾਇਆ।

"ਰਾਹੀ ਨੇ ਰਾਤ ਕਟਣੀ ਏ," ਉਹਨੇ ਆਖਿਆ।

ਬੂਹਾ ਇਕ ਬੁੱਢੀ ਤੀਵੀਂ ਨੇ ਖੋਲ੍ਹਿਆ।

"ਅੰਦਰ ਲੱਘ ਆ, ਫ਼ੌਜੀਆ," ਉਹਨੇ ਸੱਦਾ ਦਿਤਾ।

"ਮਾਲਕਣੇਂ, ਭੁੱਖੇ ਲਈ ਗਰਾਹੀ ਰੋਟੀ ਹੈ ਈ?" ਫ਼ੌਜੀ ਨੇ ਪੁਛਿਆ।

ਏਧਰ ਬੁੱਢੀ ਕੋਲ ਹੈ ਸਾਰਾ ਕੁਝ ਚੰਗਾ-ਚੋਖਾ ਸੀ, ਪਰ ਉਹ ਸੀ ਕੰਜੂਸ, ਤੇ ਬਹੁਤ ਹੀ ਗ਼ਰੀਬੜੀ ਬਣ-ਬਣ ਬਹਿੰਦੀ ਸੀ।

"ਭਲਿਆ ਲੋਕਾ, ਅਜ ਤਾਂ ਮੈਂ ਆਪ ਵੀ ਕੁਝ ਨਹੀਂ ਖਾਧਾ, ਗਰੀਬੜੀ ਦੇ, ਘਰ 'ਚ ਹੈ ਏ ਕੁਝ ਨਹੀਂ," ਉਹ ਕੁਰਲਾਣ ਲਗੀ।

"ਠੀਕ ਏ, ਜੇ ਤੇਰੇ ਕੋਲ ਕੁਝ ਨਹੀਂ, ਤਾਂ ਕੁਝ ਨਹੀਂ," ਫ਼ੌਜੀ ਨੇ ਆਖਿਆ। ਫੇਰ ਬੈਂਚ ਥੱਲੇ ਪਿਆ ਹੱਥੀਉਂ ਬਿਨਾਂ ਇਕ ਕੁਹਾੜਾ ਵੇਖ ਕੇ ਉਹ ਕਹਿਣ ਲਗਾ:

"ਜੇ ਕੋਈ ਹੋਰ ਚੀਜ਼ ਨਹੀਂ ਹੈਗੀ, ਤਾਂ ਅਸੀਂ ਓਸ ਕੁਹਾੜੇ ਦਾ ਦਲੀਆ ਬਣਾ ਲੈਨੇ ਆਂ।"

ਬੁੱਢੀ ਨੇ ਹੈਰਾਨੀ ਨਾਲ ਦੋਵੇਂ ਹਥ ਉਲਾਰ ਲਏ।

"ਕੁਹਾੜੇ ਦਾ ਦਲੀਆ? ਕਦੀ ਸੁਣਿਆ ਏ ਕਿਸੇ!"

"ਮੈਂ ਤੈਨੂੰ ਬਣਾ ਕੇ ਵਿਖਾਨਾਂ। ਬਸ ਮੈਨੂੰ ਇਕ ਤਾਂਬੀਆ ਦੇ ਦੇ।"

ਬੁੱਢੀ ਤਾਂਬੀਆ ਲੈ ਆਈ, ਤੇ ਫ਼ੌਜੀ ਨੇ ਕੁਹਾੜੇ ਨੂੰ ਧੋਤਾ, ਉਹਨੂੰ ਤਾਂਬੀਏ ਵਿਚ ਰਖਿਆ, ਤੇ ਤਾਂਬੀਏ ਨੂੰ ਪਾਣੀ ਨਾਲ ਭਰ ਕੇ ਚੁਲ੍ਹੇ ਉਤੇ ਰੱਖ ਦਿਤਾ।

ਬੁੱਢੀ ਨੇ ਫ਼ੌਜੀ ਉਤੇ ਨਿਗਾਹ ਰਖੀ ਅਤੇ ਆਪਣੀ ਨਜ਼ਰ ਉਹਦੇ ਉਤੋਂ ਏਧਰ-ਓਧਰ ਨਾ ਹੋਣ ਦਿਤੀ।

ਫ਼ੌਜੀ ਨੇ ਇਕ ਕੜਛੀ ਕੱਢੀ ਤੇ ਪਾਣੀ ਨੂੰ ਹਿਲਾਇਆ ਤੇ ਫੇਰ ਉਹਨੂੰ ਚਖਿਆ।

"ਤਿਆਰ ਹੋ ਚਲਿਐ ਬਸ," ਉਹਨੇ ਆਖਿਆ। "ਜੇ ਰਤਾ ਕੁ ਲੂਣ ਲਭ ਪਏ ਨਾ।"

"ਹਾਂ, ਲੂਣ ਮੇਰੇ ਕੋਲ ਹੈਗਾ। ਐਹ ਵੇਖ, ਪਾ ਲੈ।"

ਫ਼ੌਜੀ ਨੇ ਪਾਣੀ ਵਿਚ ਕੁਝ ਲੂਣ ਪਾਇਆ ਤੇ ਇਕ ਵਾਰੀ ਫੇਰ ਚਖਿਆ।

"ਜੇ ਕਦੀ ਮੁਠ ਕੁ ਦਾਣੇ ਪਾ ਸਕਦੇ ਨਾ," ਉਹਨੇ ਆਖਿਆ।

ਬੁੱਢੀ ਰਸਦ ਵਾਲੀ ਥਾਂ ਤੋਂ ਦਾਣਿਆਂ ਦੀ ਇਕ ਨਿਕੀ ਥੈਲੀ ਚੁਕ ਲਿਆਈ।

"ਐਹ ਲੈ, ਜਿੰਨੇ ਮਰਜ਼ੀ ਆ ਪਾ ਲੈ," ਬੁੱਢੀ ਨੇ ਕਿਹਾ।

ਫ਼ੌਜੀ ਨੇ ਚਾੜ੍ਹਨ ਤੇ ਚਾੜ੍ਹੇ ਨੂੰ ਹਿਲਾਣ ਤੇ ਕਦੀ ਕਦੀ ਚੱਖਣ ਦਾ ਕੰਮ ਜਾਰੀ ਰਖਿਆ। ਤੇ ਬੁੱਢੀ ਵੇਖਦੀ ਰਹੀ ਤੇ ਉਹਦੇ ਕੋਲੋਂ ਧਿਆਨ ਹੋਰ ਪਾਸੇ ਕੀਤਾ ਹੀ ਨਹੀਂ ਸੀ ਜਾ ਰਿਹਾ।

"ਵਾਹ, ਕਿੰਨਾ ਸੁਆਦਲਾ ਦਲੀਆ ਬਣਿਐ," ਦਲੀਏ ਦੀਆਂ ਸਿਫ਼ਤਾਂ ਕਰਦਿਆਂ, ਫ਼ੌਜੀ ਨੇ ਕਿਹਾ। "ਜੇ ਰਤਾ ਜਿਹਾ ਮੱਖਣ ਪੈ ਜਾਏ, ਤਾਂ ਏਸ ਤੋਂ ਸੁਆਦੀ ਚੀਜ਼ ਕਦੀ ਕੋਈ ਬਣੀ ਨਹੀਂ ਹੋਣੀ।"

ਬੁੱਢੀ ਨੇ ਕੁਝ ਮੱਖਣ ਵੀ ਲਭ ਲਿਆਂਦਾ, ਤੇ ਉਹਨਾਂ ਦਲੀਏ ਵਿਚ ਪਾ ਦਿਤਾ।

"ਤੇ ਹੁਣ, ਮਾਲਕਣੇਂ, ਚਮਚਾ ਲੈ ਆ, ਤੇ ਆ ਜਾ ਖਾਈਏ!" ਫ਼ੌਜੀ ਨੇ ਆਖਿਆ।

ਉਹ ਦਲੀਆ ਖਾਂਦੇ ਜਾਣ ਤੇ ਉਹਦੀਆਂ ਸਿਫ਼ਤਾਂ ਕਰਦੇ ਜਾਣ।

"ਮੈਨੂੰ ਨਹੀਂ ਸੀ ਖ਼ਿਆਲ, ਕੁਹਾੜੇ ਦਾ ਦਲੀਆ ਵੀ ਏਨਾ ਸੁਆਦੀ ਬਣਦੈ।" ਬੁੱਢੀ ਨੇ ਦੰਗ ਹੁੰਦਿਆਂ ਆਖਿਆ।

ਤੇ ਫ਼ੌਜੀ ਖਾਂਦਾ ਰਿਹਾ ਤੇ ਅੰਦਰ ਹੀ ਅੰਦਰ ਹਸਦਾ ਰਿਹਾ।

ਮੌਤ ਤੇ ਫ਼ੌਜੀ

ਪੰਝੀ ਸਾਲ ਨੌਕਰੀ ਕਰਨ ਮਗਰੋਂ ਇਕ ਫ਼ੌਜੀ ਦੀ ਮੌਕੂਫੀ ਹੋਈ।

"ਤੂੰ ਆਪਣੀ ਨੌਕਰੀ ਦੀ ਮਿਆਦ ਪੂਰੀ ਕਰ ਲਈ ਏ, ਫ਼ੌਜੀਆ, ਹੁਣ ਤੈਨੂੰ ਖੁਲ੍ਹੀ ਛੁਟੀ ਏ. ਜਿਧਰ ਮਰਜ਼ੀ ਏ ਜਾ।"

ਫ਼ੌਜੀ ਤੁਰ ਪਿਆ ਤੇ ਸੋਚੀ ਜਾਵੇ : "ਮੈਂ ਪੰਝੀ ਵਰ੍ਹੇ ਜ਼ਾਰ ਦੀ ਸੇਵਾ ਕੀਤੀ ਏ ਤੇ ਏਹਦੇ ਬਦਲੇ ਵਿਚ ਵਿਖਾਉਣ ਨੂੰ ਮੇਰੇ ਕੋਲ ਪੰਝੀ ਗੋਗਲੂ ਤੱਕ ਵੀ ਨਹੀਂ। ਉਹਨਾਂ ਮੈਨੂੰ ਰਾਹ ਵਾਸਤੇ ਸਿਰਫ ਰੋਟੀ ਦੇ ਤਿੰਨ ਸੁੱਕੇ ਹੋਏ ਟੁਕੜੇ ਦਿੱਤੇ ਨੇ। ਮੈਂ ਕੀ ਕਰਾਂ ? ਫ਼ੌਜੀ ਦੀ ਸਮਾਈ ਕਿਥੇ ਹੋ ਸਕਦੀ ਏ। ਉਫ. ਖੈਰ, ਮੈਂ ਘਰ ਚਲਦਾਂ ਤੇ ਆਪਣੇ ਮਾਂ ਪਿਓ ਦੇ ਦਰਸ਼ਨ ਕਰਦਾ ਆਂ, ਤੇ ਜੇ ਉਹ ਚਲਾਣਾ ਕਰ ਗਏ ਹੋਏ ਤਾਂ ਘਟੋ ਘਟ ਘੜੀ ਪਲ ਉਹਨਾਂ ਦੀ ਕਬਰ ਤੇ ਹੀ ਬੈਠਾਂਗਾ।"

ਸੋ ਫ਼ੌਜੀ ਘਰ ਨੂੰ ਤੁਰ ਪਿਆ। ਉਹ ਤੁਰਦਾ ਗਿਆ, ਤੁਰਦਾ ਗਿਆ ਤੇ ਉਸ ਨੇ ਆਪਣੇ ਦੋ ਟੁਕੜੇ ਖਾ ਲਏ। ਸਿਰਫ ਇਕ ਟੁਕੜਾ ਉਹਦੇ ਕੋਲ ਰਹਿ ਗਿਆ ਤੇ ਹਾਲੇ ਲੰਮਾ ਪੰਧ ਉਹਨੇ ਪੂਰਾ ਕਰਨਾ ਸੀ।

ਤੁਰਿਆਂ ਜਾਂਦਿਆਂ ਉਹਨੂੰ ਇਕ ਮੰਗਤਾ ਮਿਲ ਗਿਆ। ਉਹ ਆਖਣ ਲਗਾ :

"ਵਿਚਾਰੇ ਲੂਲ੍ਹੇ ਲੰਗੜੇ ਗਰੀਬ ਨੂੰ ਕੁਝ ਖਾਣ ਨੂੰ ਦੇ, ਫ਼ੌਜੀਆ ?"

ਫ਼ੌਜੀ ਨੇ ਆਪਣਾ ਆਖ਼ਰੀ ਟੁਕੜਾ ਕਢਿਆ ਤੇ ਇਹ ਸੋਚਦਿਆਂ ਬੁਢੇ ਮੰਗਤੇ ਨੂੰ ਫੜਾ ਦਿੱਤਾ : "ਮੈਂ ਕਰ ਲਊਂ ਗੁਜ਼ਾਰਾ ਕਿਸੇ ਤਰ੍ਹਾਂ। ਫ਼ੌਜੀ ਤਾਂ ਕਿਸੇ ਨਾ ਕਿਸੇ ਤਰ੍ਹਾਂ ਆਪਣਾ ਢਿੱਡ ਭਰ ਸਕਦੈ, ਪਰ ਇਹ ਕੀ ਕਰ ਸਕਦਾ ਏ—ਵਿਚਾਰਾ ਲਾਚਾਰ ਲੂਲ੍ਹਾ ਲੰਗੜਾ ?"

ਸੋ ਉਹਨੇ ਆਪਣੇ ਪਾਈਪ ਵਿਚ ਤਮਾਕੂ ਪਾਇਆ, ਇਸ ਨੂੰ ਅੱਗ ਦਿੱਤੀ ਤੇ ਅਗਾਂਹ ਤੁਰ ਪਿਆ। ਆਪਣੇ ਪਾਈਪ ਦੇ ਸੂਟੇ ਲਾਉਂਦਾ ਉਹ ਤੁਰਦਾ ਗਿਆ।

ਉਹ ਤੁਰਦਾ ਗਿਆ, ਤੁਰਦਾ ਗਿਆ ਤੇ ਅਖ਼ੀਰ ਉਹ ਸੜਕ ਦੇ ਇਕ ਪਾਸੇ ਇਕ ਝੀਲ ਤੇ ਆ ਗਿਆ। ਕੰਢੇ ਦੇ ਨੇੜੇ ਹੀ ਜੰਗਲੀ ਹੰਸ ਤਰ ਰਹੇ ਸਨ। ਫ਼ੌਜੀ ਹੌਲੀ ਹੌਲੀ ਘਿਸਰਦਾ ਕੰਢੇ ਦੇ ਲਾਗੇ ਪਹੁੰਚ ਗਿਆ, ਸ਼ਹਿ ਲਾਕੇ ਬਹਿ ਗਿਆ, ਤੇ ਉਹਨੇ ਤਿੰਨ ਹੰਸ ਮਾਰ ਲਏ।

"ਹੁਣ ਮੇਰੇ ਕੋਲ ਖਾਣ ਨੂੰ ਬਥੇਰਾ ਕੁਝ ਏ!"

ਉਹ ਸੜਕੇ ਪੈ ਗਿਆ ਤੇ ਥੋੜੇ ਚਿਰ ਵਿਚ ਹੀ ਇਕ ਸ਼ਹਿਰ ਵਿਚ ਆਣ ਪਹੁੰਚਾ। ਉਹਨੇ ਇਕ ਸਰਾਂ ਲਭੀ, ਤਿੰਨ ਹੰਸ ਸਰਾਂ ਵਾਲੇ ਨੂੰ ਫੜਾਏ, ਤੇ ਆਖਿਆ :

"ਆਹ ਫੜ ਤਿੰਨ ਹੰਸ। ਇਕ ਮੇਰੇ ਵਾਸਤੇ ਭੁੰਨ ਦੇ, ਦੂਜਾ ਆਪਣੇ ਵੇਲੇ ਕੁਵੇਲੇ ਲਈ ਰਖ ਲੈ, ਤੇ ਤੀਜੇ ਦੇ ਬਦਲੇ ਮੈਨੂੰ ਥੋੜੀ ਸ਼ਰਾਬ ਦੇ ਦੇ।"

ਜਿੰਨੇ ਚਿਰ ਨੂੰ ਫ਼ੌਜੀ ਨੇ ਆਪਣਾ ਪਿਠੂ ਲਾਹ ਕੇ ਰਖਿਆ ਤੇ ਰਤਾ ਕੁ ਆਪਣੇ ਆਪ ਨੂੰ ਸਸਤਾਇਆ, ਓਨੇ ਚਿਰ ਵਿਚ ਖਾਣਾ ਤਿਆਰ ਹੋ ਗਿਆ।

ਭੁੰਨਿਆ ਹਇਆ ਇਕ ਹੰਸ ਪਰੋਸ ਦਿੱਤਾ ਗਿਆ ਤੇ ਨਾਲ ਹੀ ਸ਼ਰਾਬ ਦੀ ਇਕ ਬੋਤਲ ਰਖ ਦਿੱਤੀ ਗਈ। ਫ਼ੌਜੀ ਰੋਟੀ ਖਾਣ ਲਗਾ—ਪਹਿਲਾਂ ਇਕ ਘੁਟ ਸ਼ਰਾਬ, ਤੇ ਫੇਰ ਇਕ ਬੁਰਕੀ ਭੁੰਨੇ ਹੋਏ ਹੰਸ ਦੀ। ਸਵਾਦ ਆ ਗਿਆ!

ਉਹਨੇ ਬੜੇ ਆਰਾਮ ਨਾਲ ਰੋਟੀ ਖਾਧੀ। "ਔਹ ਸੜਕ ਦੇ ਪਾਰ ਨਵੀਂ ਹਵੇਲੀ ਕੀਹਦੀ ਏ ?" ਉਹਨੇ ਸਰਾਂ ਵਾਲੇ ਨੂੰ ਪੁਛਿਆ।

"ਸ਼ਹਿਰ ਦੇ ਸਭ ਤੋਂ ਅਮੀਰ ਵਪਾਰੀ ਨੇ ਆਪਣੇ ਵਾਸਤੇ ਬਣਵਾਈ ਸੀ, ਪਰ ਇਹਦੇ ਵਿਚ ਵਸ ਨਾ ਸਕਿਆ, ਜਿਵੇਂ ਉਹ ਚਾਹੁੰਦਾ ਸੀ," ਸਰਾਂ ਵਾਲੇ ਨੇ ਜਵਾਬ ਦਿੱਤਾ।

"ਉਹ ਕਿਉਂ ?"

"ਇਸ ਥਾਂ ਬਦਰੂਹਾਂ ਰਹਿੰਦੀਆਂ ਨੇ। ਇਹ ਥਾਂ ਭੂਤਾਂ ਪ੍ਰੇਤਾਂ ਨਾਲ ਭਰੀ ਹੋਈ ਏ—ਰਾਤ ਵੇਲੇ ਉਹ ਚੀਕਾਂ ਮਾਰਦੇ ਤੇ ਨਚਦੇ ਨੇ ਤੇ ਭਿਆਨਕ ਰੌਲਾ ਪਾਉਂਦੇ ਨੇ। ਹਨੇਰਾ ਹੋਏ ਪਿਛੋਂ ਲੋਕ ਇਹਦੇ ਨੇੜੇ ਜਾਣ ਤੋਂ ਡਰਦੇ ਨੇ।"

ਫ਼ੌਜੀ ਨੇ ਸਰਾਂ ਵਾਲੇ ਨੂੰ ਪੁਛਿਆ ਕਿ ਵਪਾਰੀ ਉਹਨੂੰ ਕਿੱਥੇ ਮਿਲ ਸਕਦੈ।

"ਮੈਂ ਉਹਨੂੰ ਮਿਲਣਾ ਚਾਹੁੰਨਾਂ ਤੇ ਉਹਦੇ ਨਾਲ ਗੱਲ ਕਰਨਾ ਚਾਹੁੰਨਾਂ। ਖਬਰੇ ਮੈਂ ਉਹਦੀ ਮਦਦ ਕਰ ਸਕਾਂ।"

ਰੋਟੀ ਖਾਕੇ ਉਹ ਠੌਂਕਾ ਲਾਉਣ ਪੈ ਗਿਆ, ਤੇ ਜਦੋਂ ਘੁਸਮੁਸਾ ਹੋਣ ਲਗ ਪਿਆ ਤਾਂ ਉਹ ਬਾਹਰ ਚਲਾ ਗਿਆ। ਉਹ ਵਪਾਰੀ ਨੂੰ ਜਾ ਮਿਲਿਆ। ਵਪਾਰੀ ਕਹਿਣ ਲਗਾ :

"ਮੈਂ ਤੇਰੀ ਕੀ ਸੇਵਾ ਕਰਾਂ, ਫ਼ੌਜੀਆ?"

"ਮੈਂ ਇਕ ਰਾਹੀ ਆਂ। ਆਪਣੇ ਨਵੇਂ ਮਕਾਨ ਵਿਚ ਇਕ ਰਾਤ ਕਟ ਲੈਣ ਦਿਓਗੇ? ਸੁਣਿਆ ਉਹ ਖਾਲੀ ਪਿਐ।"

"ਤੂੰ ਪਾਗਲ ਹੋ ਗਿਆ ਲਗਦੈਂ," ਵਪਾਰੀ ਨੇ ਆਖਿਆ। "ਜ਼ਿੰਦਗੀ ਤੋਂ ਅੱਕ ਤਾਂ ਨਹੀਂ ਗਿਆ? ਕੋਈ ਹੋਰ ਥਾਂ ਲਭ ਲੈ। ਸ਼ਹਿਰ ਵਿਚ ਘਰਾਂ ਦਾ ਘਾਟਾ ਨਹੀਂ। ਮੇਰਾ ਨਵਾਂ ਮਕਾਨ ਜਦੋਂ ਦਾ ਬਣਿਆ, ਇਹਦੇ ਵਿਚ ਭੂਤਾਂ ਪ੍ਰੇਤਾਂ ਨੇ ਡੇਰਾ ਲਾਇਆ ਹੋਇਐ। ਕੋਈ ਉਹਨਾਂ ਨੂੰ ਓਥੋਂ ਭਜਾ ਨਹੀਂ ਸਕਦਾ।"

"ਖਬਰੇ ਮੈਂ ਭੂਤਾਂ ਪ੍ਰੇਤਾਂ ਨੂੰ ਓਥੋਂ ਕੱਢ ਦਿਆਂ। ਕੌਣ ਜਾਣਦੈ, ਹੋ ਸਕਦੈ ਬਦਰੂਹਾਂ ਬੁਢੇ ਫ਼ੌਜੀ ਦਾ ਹੁਕਮ ਮੰਨ ਲੈਣ।"

"ਦੂਜੇ ਸੂਰਮਿਆਂ ਨੇ ਵਾਹ ਲਾ ਲਈ, ਪਰ ਵਿਅਰਥ। ਕੁਝ ਨਹੀਂ ਹੋ ਸਕਦਾ। ਪਿਛਲੇ ਸਾਲ ਇਕ ਮੁਸਾਫਰ ਨੇ, ਤੇਰੇ ਵਾਂਗ ਹੀ, ਮਕਾਨ ਬਦਰੂਹਾਂ ਤੋਂ ਖਾਲੀ ਕਰਾਉਣ ਦੀ ਕੋਸ਼ਿਸ਼ ਕੀਤੀ ਸੀ ਤੇ ਓਥੇ ਰਾਤ ਕਟਣ ਦੀ ਹਿੰਮਤ ਕਰ ਲਈ ਸੀ। ਪਰ ਅਗਲੇ ਦਿਨ ਸਿਰਫ ਉਹਦੀਆਂ ਹੱਡੀਆਂ ਹੀ ਲਭੀਆਂ ਸਨ। ਬਦਰੂਹਾਂ ਨੇ ਉਸ ਨੂੰ ਮਾਰ ਮੁਕਾਇਆ ਸੀ।

"ਰੂਸੀ ਫ਼ੌਜੀ ਨੂੰ ਨਾ ਅੱਗ ਖਾ ਸਕੇਗੀ, ਨਾ ਪਾਣੀ ਡੋਬ ਸਕੇਗਾ। ਮੈਂ ਪੰਝੀ ਸਾਲ ਨੌਕਰੀ ਕੀਤੀ ਏ, ਸਭ ਤਰ੍ਹਾਂ ਦੀਆਂ ਲੜਾਈਆਂ ਤੇ ਮੁਹਿੰਮਾਂ ਵਿਚ ਲੜਿਆਂ, ਤੇ ਹਾਲੇ ਵੀ ਜਿਊਂਦਾ ਆਂ ਤੇ ਉਹਨਾਂ ਦੀਆਂ ਕਹਾਣੀਆਂ ਸੁਣਾ ਸਕਦਾਂ। ਇਸ ਕਰਕੇ ਮੈਂ ਦਾਅਵੇ ਨਾਲ ਕਹਿਨਾਂ ਕਿ ਮੈਂ ਸਭਨਾਂ ਭੂਤਾਂ ਪ੍ਰੇਤਾਂ ਨੂੰ ਕਾਬੂ ਕਰ ਲਵਾਂਗਾ।"

"ਚੰਗਾ, ਤੂੰ ਜਾਣ," ਵਪਾਰੀ ਨੇ ਆਖਿਆ। "ਡਰ ਨਹੀਂ ਆਉਂਦਾ ਤਾਂ ਰਹਿ ਲੈ ਫੇਰ। ਜੇ ਤੂੰ ਬਦਰੂਹਾਂ ਨੂੰ ਮਕਾਨ ਵਿਚੋਂ ਕੱਢ ਦਿੱਤਾ ਤਾਂ ਮੈਂ ਤੈਨੂੰ ਚੰਗਾ ਚੋਖਾ ਇਨਾਮ ਦਿਆਂਗਾ।"

"ਮੈਨੂੰ ਕੁਝ ਦੀਵੇ ਦੇ ਦਿਓ, ਥੋੜੇ ਜਿਹੇ ਭੁੱਜੇ ਹੋਏ ਬਦਾਮ ਤੇ ਇਕ ਸੇਕਿਆ ਹੋਇਆ ਗੋਂਗਲੂ — ਵੱਡੇ ਤੋਂ ਵੱਡਾ ਜਿਹੜਾ ਤੁਹਾਡੇ ਕੋਲ ਹੈ," ਫ਼ੌਜੀ ਨੇ ਆਖਿਆ।

"ਦੁਕਾਨ ਅੰਦਰ ਆ ਜਾ ਤੇ ਜੋ ਚਾਹੀਦੈ ਆਪੇ ਲੈ ਲੈ।"

ਫੌਜੀ ਦੁਕਾਨ ਅੰਦਰ ਚਲਾ ਗਿਆ। ਉਹਨੇ ਇਕ ਦਰਜਨ ਦੀਵੇ ਤੇ ਤਿੰਨ ਪਾਊਂਡ ਭੁੱਜੇ ਹੋਏ ਬਦਾਮ ਲੈ ਲਏ। ਫੇਰ ਉਹ ਵਪਾਰੀ ਦੀ ਰਸੋਈ ਵਿਚ ਗਿਆ ਤੇ ਜਿਹੜਾ ਵੱਡੇ ਤੋਂ

ਵੱਡਾ ਸੇਕਿਆ ਹੋਇਆ ਗੋਂਗਲੂ ਉਹਨੂੰ ਲਭਾ ਉਹਨੇ ਚੁਕ ਲਿਆ ਅਤੇ ਨਵੇਂ ਮਕਾਨ ਵੱਲ ਤੁਰ ਪਿਆ।

ਅੱਧੀ ਰਾਤ ਹੋਈ ਤੇ ਅਚਨਚੇਤ ਇਕ ਹੋ-ਹੱਲਾ ਮੱਚ ਪਿਆ। ਦਰਵਾਜ਼ਿਆਂ ਨੇ ਖੜ ਖੜ ਕੀਤਾ, ਫ਼ਰਸ਼ ਦੇ ਫਟੇ ਕੜ ਕੜ ਕਰਨ ਲੱਗੇ, ਦਗੜ ਦਗੜ ਸ਼ੁਰੂ ਹੋਈ ਤੇ ਏਡੀ ਉੱਚੀ ਚੀਕਾਂ ਚਾਂਗਰਾਂ ਦੀ ਆਵਾਜ਼ ਆਉਣ ਲਗੀ ਜਿਸ ਨਾਲ ਮੁਰਦੇ ਵੀ ਜਾਗ ਪੈਣ। ਪੂਰੇ ਮਕਾਨ ਵਿਚ ਹੇਠਲੀ ਉੱਤੇ ਆ ਗਈ।

ਪਰ ਫੌਜੀ ਪੂਰੀ ਧੀਰਜ ਨਾਲ ਬੈਠਾ ਹੋਇਆ ਸੀ। ਉਹ ਬਦਾਮ ਤੋੜ ਤੋੜ ਖਾਂਦਾ ਜਾਵੇ ਤੇ ਪਾਈਪ ਦੇ ਸੂਟੇ ਲਾਈ ਜਾਵੇ।

ਅਚਾਨਕ ਬੂਹਾ ਖੁਲ੍ਹਿਆ ਤੇ ਇਕ ਨਿਕੇ ਜਿਹੇ ਭੂਤਨੇ ਨੇ ਆਪਣਾ ਸਿਰ ਅੰਦਰ ਕੀਤਾ, ਫੌਜੀ ਨੂੰ ਵੇਖਿਆ ਤੇ ਚਾਂਗਰ ਮਾਰੀ :

"ਆਦਮ ਬੋ! ਆਦਮ ਬੋ! ਆ ਜਾਓ, ਖਾਣ ਨੂੰ ਲਭ ਗਿਆ!"

ਸਾਰੇ ਭੂਤ ਪ੍ਰੇਤ ਦਗੜ ਦਗੜ ਕਰਦੇ ਕਮਰੇ ਵਿਚ ਆ ਗਏ ਜਿਥੇ ਫੌਜੀ ਬੈਠਾ ਹੋਇਆ ਸੀ। ਉਹ ਬੂਹੇ ਵਿਚ ਜਮ੍ਹਾਂ ਹੋ ਗਏ, ਫੌਜੀ ਨੂੰ ਚੋਰ-ਅੱਖ ਨਾਲ ਵੇਖਿਆ ਤੇ ਇਕ ਦੂਜੇ ਨੂੰ ਅਰਕਾਂ ਮਾਰਦੇ ਚੀਕਣ ਲੱਗੇ : "ਅਸੀਂ ਏਹਦੀਆਂ ਬੋਟੀਆਂ ਕਰ ਦਿਆਂਗੇ! ਅਸੀਂ ਏਹਨੂੰ ਖਾ ਜਾਵਾਂਗੇ!"

"ਏਡਾ ਪੱਕ ਨਾ ਸਮਝਿਓ," ਫੌਜੀ ਨੇ ਕਿਹਾ। "ਮੈਂ ਆਪਣੇ ਵੇਲੇ ਬੜੇ ਬੜੇ ਨਾਢੂ ਖਾਂ ਵੇਖੇ ਹੋਏ ਨੇ, ਤੇ ਉਹਨਾਂ ਦੇ ਵਾਹਵਾ ਹੜਬੁੱਚ ਸੇਕੇ ਹੋਏ ਨੇ। ਵੇਖ ਲਓ ਕਿਤੇ ਮੈਂ ਤੁਹਾਡੇ ਸੰਘ ਵਿਚ ਹੀ ਨਾ ਫਸ ਜਾਵਾਂ!"

ਇਹ ਸੁਣਕੇ ਸਭ ਤੋਂ ਛੋਟਾ ਭੂਤ—ਧੁਸ ਦੇਕੇ ਅੱਗੇ ਵਧਿਆ ਤੇ ਕਹਿਣ ਲੱਗਾ :

"ਚਲ ਵੇਖੀਏ ਭਲਾ ਸਾਡੇ ਵਿਚੋਂ ਕਿਹੜਾ ਤਕੜੈ?"

"ਠੀਕ ਏ, ਵੇਖ ਲਓ," ਫੌਜੀ ਨੇ ਆਖਿਆ। "ਤੁਹਾਡੇ ਵਿਚੋਂ ਕੋਈ ਜਣਾ ਹੈ ਜਿਹੜਾ ਪੱਥਰ ਨਚੋੜ ਕੇ ਪਾਣੀ ਕੱਢ ਦੇਵੇ?"

ਸਰਦਾਰ ਭੂਤ ਨੇ ਹੁਕਮ ਕੀਤਾ ਕਿ ਸੜਕ ਤੋਂ ਇਕ ਪੱਕਾ ਪੱਥਰ ਲਿਆਂਦਾ ਜਾਵੇ। ਇਕ ਭੂਤਨਾ ਦੌੜਕੇ ਗਿਆ ਤੇ ਪੱਥਰ ਲੈ ਆਇਆ। ਉਹਨੇ ਪੱਥਰ ਫੌਜੀ ਨੂੰ ਫੜਾਇਆ ਤੇ ਕਿਹਾ :

"ਲੈ ਫੜ, ਕਰ ਕੋਸ਼ਿਸ਼!"

"ਪਹਿਲਾਂ ਤੁਹਾਡੇ ਵਿਚੋਂ ਕੋਈ ਕਰ ਵੇਖੇ। ਮੇਰੀ ਵਾਰੀ ਮਗਰੋਂ ਸਹੀ।"

ਛੋਟੇ ਭੂਤ ਨੇ ਪੱਥਰ ਫੜਿਆ ਤੇ ਉਹਨੂੰ ਏਡੇ ਜ਼ੋਰ ਨਾਲ ਘੁਟਿਆ ਕਿ ਉਹ ਰੇਤ ਦੀ ਮੁਠ ਬਣਕੇ ਰਹਿ ਗਿਆ।

"ਵੇਖ ਐਧਰ!"

ਫੌਜੀ ਨੇ ਆਪਣੇ ਪਿਠੂ ਵਿਚੋਂ ਗੋਂਗਲੂ ਕਢਿਆ।

"ਵੇਖੋ, ਮੇਰਾ ਪੱਥਰ ਤੁਹਾਡੇ ਪੱਥਰ ਨਾਲੋਂ ਵੱਡਾ ਜੇ।"

ਤੇ ਉਹਨੇ ਗੋਂਗਲੂ ਨੂੰ ਨਪਿਆ ਘੁੱਟਿਆ ਤੇ ਉਹਦੇ ਵਿਚੋਂ ਪਾਣੀ ਕੱਢ ਦਿੱਤਾ।

"ਵੇਖੋ ਐਧਰ!"

ਭੂਤ ਪ੍ਰੇਤ ਹੈਰਾਨ ਪ੍ਰੇਸ਼ਾਨ ਖੜੇ ਸਨ। ਜਦੋਂ ਉਹ ਬੋਲਣ ਜੋਗੇ ਹੋਏ ਤਾਂ ਉਹਨਾਂ ਪੁਛਿਆ:

"ਇਹ ਕੀ ਖਾਈ ਜਾ ਰਿਹੈਂ ਤੂੰ?"

"ਬਦਾਮ!" ਫੌਜੀ ਨੇ ਆਖਿਆ। "ਪਰ ਤੁਹਾਡੇ ਵਿਚੋਂ ਕੋਈ ਵੀ ਮੇਰੇ ਬਦਾਮ ਨਹੀਂ ਤੋੜ ਸਕਦਾ।"

ਅਤੇ ਉਹਨੇ ਸਰਦਾਰ ਭੂਤ ਨੂੰ ਇਕ ਗੋਲੀ ਫੜਾ ਦਿੱਤੀ।

"ਲੈ, ਵੇਖ ਫੌਜੀ ਦਾ ਬਦਾਮ ਤੋੜ ਕੇ।"

ਭੂਤ ਨੇ ਗੋਲੀ ਮੂੰਹ ਵਿਚ ਸੁਟ ਲਈ। ਉਹਨੇ ਇਸ ਨੂੰ ਦੰਦਾਂ ਹੇਠ ਚਿਥਿਆ ਤੇ ਉਹ ਪੱਧਰੀ ਹੋ ਗਈ, ਪਰ ਉਹ ਇਸ ਨੂੰ ਤੋੜ ਨਾ ਸਕਿਆ। ਤੇ ਫੌਜੀ ਆਪਣੇ ਬਦਾਮ ਇਕ ਇਕ ਕਰਕੇ ਮੂੰਹ ਵਿਚ ਸੁੱਟੀ ਗਿਆ ਤੇ ਤੋੜ ਤੋੜ ਖਾਈ ਗਿਆ।

ਭੂਤ ਬੜੇ ਸ਼ਰਮਿੰਦੇ ਹੋਏ। ਉਹ ਬੇਚੈਨ ਜਿਹੇ ਡਾਵਾਂਡੋਲ ਖੜੇ ਫੌਜੀ ਵੱਲ ਵੇਖੀ ਗਏ।

"ਮੈਂ ਸੁਣਿਐ ਤੁਸੀਂ ਝਾਂਸੇ ਦੇਣ ਵਿਚ ਬੜੇ ਉਸਤਾਦ ਜੇ," ਫੌਜੀ ਨੇ ਆਖਿਆ। "ਤੁਸੀਂ ਨਿੱਕੇ ਤੋਂ ਵੱਡੇ ਬਣ ਜਾਂਦੇ ਓ ਤੇ ਵੱਡੇ ਤੋਂ ਨਿੱਕੇ ਬਣ ਜਾਂਦੇ ਓ, ਤੇ ਮਹੀਨ ਜਿਹੀਆਂ ਦਰਾੜਾਂ ਝੀਥਾਂ ਵਿਚੋਂ ਲੰਘ ਜਾਂਦੇ ਓ।"

"ਹਾਂ, ਅਸੀਂ ਇਸ ਤਰ੍ਹਾਂ ਕਰ ਸਕਦੇ ਆਂ!" ਭੂਤਾਂ ਨੇ ਆਖਿਆ।

"ਵੇਖਾਂ ਤਾਂ ਸਹੀ ਭਲਾ ਤੁਸੀਂ ਮੇਰੇ ਪਿਠੂ ਵਿੱਚ ਘੁਸੜ ਸਕਦੇ ਓ, ਸਾਰੇ ਦੇ ਸਾਰੇ।"

ਭੂਤ ਡਾਢੀ ਕਾਹਲੀ ਵਿਚ ਇਕ ਦੂਜੇ ਨਾਲ ਧੱਕਾ ਮੁੱਕੀ ਕਰਦੇ ਹੋਏ, ਪਿਠੂ ਵਿਚ ਵੜਨ ਦੀ ਖਿਚੋਤਾਣ ਕਰਨ ਲੱਗੇ। ਮਿੰਟ ਵੀ ਨਹੀਂ ਲੱਗਾ ਕਿ ਸਾਰਾ ਮਕਾਨ ਖਾਲੀ ਹੋ ਗਿਆ। ਸਾਰੇ ਭੂਤ ਪ੍ਰੇਤ ਪਿਠੂ ਵਿਚ ਸਮੇਟੇ ਗਏ ਸਨ।

ਫੌਜੀ ਨੇ ਪਿਠੂ ਬੰਦ ਕੀਤਾ, ਇਹਨੂੰ ਆਰ ਪਾਰ ਪੇਟੀਆਂ ਪਾਈਆਂ, ਉਹਨਾਂ ਨੂੰ ਘੁਟਿਆ ਕੱਸਿਆ ਤੇ ਬਕਸੂਏ ਬੰਦ ਕਰ ਦਿੱਤੇ।

"ਹੁਣ ਮੈਂ ਇਕ ਠੌਂਕਾ ਲਾ ਸਕਦਾਂ," ਉਹਨੇ ਆਪਣੇ ਆਪ ਨੂੰ ਆਖਿਆ।

ਉਹ ਫ਼ੌਜੀਆਂ ਵਾਂਗ ਲੰਮਾ ਪੈ ਗਿਆ। ਉਹਦਾ ਵੱਡਾ ਕੋਟ ਹੀ ਉਹਦਾ ਹੇਠਲਾ ਉਤਲਾ ਬਿਸਤਰਾ ਸੀ ਤੇ ਕੁਝ ਚਿਰ ਮਗਰੋਂ ਉਹ ਸੁਤਾ ਪਿਆ ਸੀ।

ਅਗਲੀ ਸਵੇਰ ਵਪਾਰੀ ਨੇ ਆਪਣੇ ਕਰਿੰਦੇ ਭੇਜੇ।

''ਜਾਓ ਭਈ ਵੇਖੋ, ਫੌਜੀ ਜਿਊਂਦੈ ਕਿ ਨਹੀਂ। ਜੇ ਮਰ ਮੁਕਾ ਏ ਤਾਂ ਉਹਦੀਆਂ ਹੱਢੀਆਂ ਕੱਠੀਆਂ ਕਰੋ।''

ਕਰਿੰਦੇ ਆਏ ਤੇ ਉਹਨਾਂ ਵੇਖਿਆ ਕਿ ਫੌਜੀ ਪਾਈਪ ਦੇ ਸੂਟੇ ਲਾਉਂਦਾ ਹੋਇਆ ਕਮਰਿਆਂ ਵਿਚ ਟਹਿਲ ਰਿਹਾ ਸੀ।

''ਸ਼ੁਭ ਪ੍ਰਭਾਤ, ਫੌਜੀਆ। ਸਾਨੂੰ ਤਾਂ ਆਸ ਨਹੀਂ ਸੀ ਕਿ ਤੂੰ ਜਿਊਂਦਾ ਤੇ ਨੌਂ ਬਰ ਨੌਂ ਮਿਲੇਂ। ਵੇਖ, ਅਸੀਂ ਤੇਰੀਆਂ ਹੱਢੀਆਂ ਕੱਠੀਆਂ ਕਰਨ ਨੂੰ ਬਕਸਾ ਲੈ ਕੇ ਆਏ ਆਂ।''

ਫੌਜੀ ਮੁਸਕੜੀਏ ਹਸ ਪਿਆ।

''ਮੈਨੂੰ ਮਾਰਨਾ ਖਾਲਾ ਜੀ ਦਾ ਵਾੜਾ ਨਹੀਂ। ਆਓ ਰਤਾ ਹੱਥ ਪੁਆਓ, ਇਸ ਪਿਠੂ ਨੂੰ ਪਹਾਰੇ ਤੇ ਲੈ ਚਲੀਏ। ਪਹਾਰਾ ਏਥੋਂ ਦੂਰ ਤੇ ਨਹੀਂ?''

''ਨਹੀਂ, ਨੇੜੇ ਹੀ ਐ,'' ਕਰਿੰਦਿਆਂ ਨੇ ਜਵਾਬ ਦਿੱਤਾ।

ਤੇ ਉਹਨਾਂ ਨੇ ਪਿਠੂ ਚੁਕਿਆ ਤੇ ਪਹਾਰੇ ਤੇ ਲੈ ਆਂਦਾ। ਫੌਜੀ ਨੇ ਮਿਸਤ੍ਰੀਆਂ ਨੂੰ ਆਖਿਆ:

''ਲਓ ਭਈ ਜਵਾਨੋ, ਇਸ ਪਿਠੂ ਨੂੰ ਅਹਿਰਣ ਤੇ ਰੱਖੋ ਤੇ ਚੰਗੀ ਕੁਟਾਈ ਕਰੋ ਹਥੌੜਿਆਂ ਨਾਲ।''

ਮਿਸਤ੍ਰੀ ਤੇ ਉਹਦੇ ਸ਼ਾਗਿਰਦ ਨੇ ਜੋਸ਼ ਖ਼ਰੋਸ਼ ਨਾਲ ਵਦਾਣ ਤੇ ਹਥੌੜਾ ਆਪਣੇ ਹੱਥਾਂ ਵਿਚ ਫੜ ਲਏ।

ਭੂਤਾਂ ਪ੍ਰੇਤਾਂ ਨੂੰ ਨਾਨੀ ਯਾਦ ਆ ਗਈ। ਤੁਸੀਂ ਸਮਝ ਹੀ ਸਕਦੇ ਓ।

''ਰਹਿਮ ਕਰ, ਫੌਜੀਆ, ਸਾਨੂੰ ਬਾਹਰ ਨਿਕਲਣ ਦੇ!'' ਉਹ ਉੱਚੀ ਉੱਚੀ ਚੀਕ ਪਏ।

ਪਰ ਮਿਸਤ੍ਰੀ ਕੁਟਾਈ ਕਰਦੇ ਗਏ ਅਤੇ ਫੌਜੀ ਉਹਨਾਂ ਨੂੰ ਹਲਾਸ਼ੇਰੀ ਦੇਂਦਾ ਗਿਆ:

''ਸ਼ਾਬਾਸ਼, ਜਵਾਨੋ, ਰਤਾ ਹੋਰ ਜ਼ੋਰ ਨਾਲ, ਜ਼ੋਰ ਨਾਲ! ਅਸੀਂ ਏਹਨਾਂ ਨੂੰ ਸਬਕ ਸਿਖਾ ਕੇ ਛਡਾਂਗੇ ਪਈ ਲੋਕਾਂ ਨੂੰ ਕਿਵੇਂ ਦੁਖੀ ਕਰੀਦੈ!''

''ਅਸੀਂ ਜਿੱਨਾ ਚਿਰ ਜਿਊਂਦੇ ਆਂ ਓਸ ਘਰ ਵਿਚ ਮੁੜਕੇ ਪੈਰ ਨਹੀਂ ਪਾਉਂਦੇ!'' ਭੂਤ ਕੁਰਲਾਏ। ''ਤੇ ਅਸੀਂ ਦੂਜਿਆਂ ਸਭਨਾਂ ਨੂੰ ਤਾੜਾਂਗੇ ਕਿ ਉਹ ਇਸ ਸ਼ਹਿਰ ਵਿਚੋਂ ਨਿਕਲ ਜਾਣ। ਜੇ ਤੂੰ ਸਾਡੀਆਂ ਜਾਨਾਂ ਬਖ਼ਸ਼ ਦਿੱਤੀਆਂ ਅਸੀਂ ਤੇਰਾ ਬਦਲਾ ਚੁਕਾ ਦਿਆਂਗੇ!''

''ਹੁਣ ਹੋਸ਼ ਆ ਗਈ! ਅਗਾਂਹ ਤੋਂ ਕੰਨ ਹੋ ਗਏ ਨਾ ਪਈ ਰੂਸੀ ਫ਼ੌਜੀ ਨਾਲ ਕਿਵੇਂ ਤਕਰਾਰ ਕਰੀਦੈ!''

ਉਹਨੇ ਮਿਸਤ੍ਰੀਆਂ ਨੂੰ ਬਸ ਕਰ ਦੇਣ ਲਈ ਆਖਿਆ। ਫਿਰ ਉਸ ਨੇ ਪਿੱਠੂ ਦੀਆਂ ਪੇਟੀਆਂ ਢਿੱਲੀਆਂ ਕੀਤੀਆਂ ਤੇ ਸਰਦਾਰ ਭੂਤ ਤੋਂ ਬਿਨਾਂ ਸਾਰਿਆਂ ਭੂਤਾਂ ਪ੍ਰੇਤਾਂ ਨੂੰ ਇਕ ਇਕ ਕਰਕੇ ਬਾਹਰ ਆ ਜਾਣ ਦਿੱਤਾ ਤੇ ਕਿਹਾ:

"ਏਹਨੂੰ ਨਹੀਂ ਮੈਂ ਛਡਣਾ ਜਿੰਨਾ ਚਿਰ ਤੁਸੀਂ ਬਦਲਾ ਨਹੀਂ ਚੁਕਾਉਂਦੇ।"

ਅਜੇ ਉਹਨੇ ਆਪਣਾ ਪਾਈਪ ਮਸਾਂ ਮੁਕਾਇਆ ਹੀ ਸੀ ਕਿ ਉਸ ਨੇ ਇਕ ਭੂਤਨੇ ਨੂੰ ਪੁਰਾਣਾ ਝੋਲਾ ਹੱਥ ਵਿਚ ਫੜੀ ਭੱਜੇ ਆਉਂਦਿਆਂ ਵੇਖਿਆ।

"ਆਹ ਏ ਤੇਰਾ ਇਨਾਮ!" ਭੂਤਨੇ ਨੇ ਆਖਿਆ।

ਫੌਜੀ ਨੇ ਝੋਲਾ ਫੜਿਆ ਤੇ ਉਹਨੂੰ ਇਹ ਹੌਲਾ ਜਿਹਾ ਲਗਾ। ਉਸ ਨੇ ਝੋਲਾ ਖੋਹਲਿਆ, ਅੰਦਰ ਨਜ਼ਰ ਮਾਰੀ ਤੇ ਵੇਖਿਆ ਕਿ ਉਹ ਖਾਲੀ ਸੀ।

"ਮੈਨੂੰ ਮੂਰਖ ਬਣਾਉਣ ਦੀ ਕੋਸ਼ਿਸ਼ ਕਰਦੈਂ?" ਫੌਜੀ ਭੂਤਨੇ ਉਤੇ ਟੁਟ ਪਿਆ। "ਠਹਿਰ ਜਾ, ਅਸੀਂ ਦੋ ਕੁ ਸੱਟਾਂ ਨਾਲ ਹੀ ਤੇਰੇ ਸਰਦਾਰ ਨੂੰ ਸਬਕ ਸਿਖਾ ਦਿਆਂਗੇ!"

ਇਹ ਸੁਣਕੇ ਸਰਦਾਰ ਪਿੱਠੂ ਦੇ ਅੰਦਰੋਂ ਹੀ ਚੀਕਿਆ।

"ਮਾਰੀਂ ਨਾ ਫੌਜੀਆ, ਮੈਨੂੰ ਸੱਟ ਨਾ ਮਾਰੀਂ, ਸਗੋਂ ਮੇਰੀ ਗੱਲ ਸੁਣ ਮੈਂ ਕੀ ਆਖਦਾ ਆਂ। ਇਹ ਝੋਲਾ ਉਹ ਚੀਜ਼ ਨਹੀਂ ਜੋ ਵੇਖਣ ਨੂੰ ਲਗਦੀ ਏ। ਇਹ ਤਾਂ ਮਨੋਕਾਮਨਾ ਪੂਰੀ ਕਰਨ ਵਾਲਾ ਝੋਲਾ ਏ—ਇਹਦੇ ਨਾਲ ਦਾ ਦੁਨੀਆਂ ਵਿੱਚ ਹੋਰ ਕੋਈ ਝੋਲਾ ਨਹੀਂ। ਆਪਣੇ ਮਨ ਵਿਚ ਕੁਝ ਧਾਰ ਤੇ ਫੇਰ ਏਹਦੇ ਅੰਦਰ ਨਜ਼ਰ ਮਾਰ ਤੇ ਤੂੰ ਵੇਖੇਂਗਾ ਕਿ ਤੇਰੀ ਕਾਮਨਾ ਪੂਰੀ ਹੋ ਗਈ। ਤੂੰ ਕੋਈ ਪੰਛੀ ਫੜਨਾ ਚਾਹੇਂ ਜਾਂ ਸੂਰ ਜਾਂ ਕੋਈ ਹੋਰ ਚੀਜ਼ ਹਾਸਲ ਕਰਨਾ ਚਾਹੇਂ, ਬਸ ਝੋਲੇ ਨੂੰ ਹਿਲਾ ਤੇ, ਤਿੰਨ ਲਫ਼ਜ਼ ਆਖ: 'ਚਲ ਝੋਲੇ ਵਿੱਚ!'—ਤੇ ਤੈਨੂੰ ਉਹ ਚੀਜ਼ ਝੋਲੇ ਵਿਚੋਂ ਮਿਲ ਜਾਊ।"

"ਵੇਖਦੇ ਆਂ ਭਲਾ ਤੂੰ ਸੱਚ ਆਖਦੈਂ ਕਿ ਝੂਠ," ਫੌਜੀ ਨੇ ਆਖਿਆ ਤੇ ਮਨ ਵਿਚ ਧਾਰਿਆ:

"ਮੇਰੀ ਕਾਮਨਾ ਕਿ ਝੋਲੇ ਵਿਚ ਸ਼ਰਾਬ ਦੀਆਂ ਤਿੰਨ ਬੋਤਲਾਂ ਹੋਣ।" ਅਜੇ ਉਹਨੇ ਮਨ ਵਿਚ ਧਾਰਿਆ ਹੀ ਸੀ ਕਿ ਉਸ ਮਹਿਸੂਸ ਕੀਤਾ ਝੋਲਾ ਪਹਿਲਾਂ ਨਾਲੋਂ ਭਾਰਾ ਸੀ। ਉਸ ਨੇ ਝੋਲੇ ਦਾ ਮੂੰਹ ਖੋਹਲਿਆ ਤੇ ਕੀ ਵੇਖਦਾ ਹੈ ਕਿ ਉਹਦੇ ਵਿਚ ਸ਼ਰਾਬ ਦੀਆਂ ਤਿੰਨ ਬੋਤਲਾਂ ਸਨ! ਉਹਨੇ ਬੋਤਲਾਂ ਮਿਸਤ੍ਰੀਆਂ ਨੂੰ ਫੜਾ ਦਿੱਤੀਆਂ।

"ਲਓ ਪੀਓ, ਮੇਰੇ ਸਜਣੋ!"

ਉਹ ਬਾਹਰ ਗਿਆ ਤੇ ਚੁਫੇਰੇ ਝਾਤ ਮਾਰੀ। ਉਹਨੇ ਛੱਤ ਉਤੇ ਬੈਠੀ ਇਕ ਚਿੜੀ ਵੇਖੀ। ਉਹਨੇ ਆਪਣਾ ਝੋਲਾ ਹਿਲਾਇਆ ਤੇ ਕਿਹਾ:

"ਚਲ ਝੋਲੇ ਵਿੱਚ।"

ਬੋਲ ਮਸਾਂ ਮੂੰਹੋਂ ਨਿਕਲੇ ਹੀ ਸਨ ਕਿ ਚਿੜੀ ਉਡ ਕੇ ਸਿਧੀ ਝੋਲੇ ਵਿੱਚ ਆ ਗਈ।

ਫੌਜੀ ਪਹਾਰੇ ਵਿੱਚ ਵਾਪਸ ਆਇਆ ਤੇ ਆਖਿਆ:

"ਤੂੰ ਸੱਚ ਆਖਿਐ। ਮੇਰੇ ਨਾਲ ਤੂੰ ਇਮਾਨਦਾਰੀ ਵਰਤੀ ਏ। ਏਦਾਂ ਦਾ ਝੋਲਾ ਪੁਰਾਣੇ ਫੌਜੀ ਦੇ ਕੰਮ ਆਊ।"

ਉਸ ਨੇ ਪਿੱਠੂ ਖੋਹਲਿਆ ਤੇ ਸਰਦਾਰ ਭੂਤ ਨੂੰ ਬਾਹਰ ਕੱਢ ਦਿੱਤਾ।

"ਹੁਣ ਚਲਾ ਜਾ ਏਥੋਂ, ਪਰ ਇਕ ਗੱਲ ਯਾਦ ਰੱਖੀਂ: ਜੇ ਮੁੜਕੇ ਮੈਂ ਤੈਨੂੰ ਕਿਤੇ ਵੇਖ ਲਿਆ ਨਾ, ਫੇਰ ਜੋ ਕੁਝ ਵੀ ਹੋਇਆ ਉਹਦਾ ਜ਼ੁਮਾ ਤੇਰਾ ਈ।"

ਅੱਖ ਪਲਕਾਰੇ ਵਿਚ ਭੂਤ ਤੇ ਭੂਤਨੇ ਸਭ ਚਲੇ ਗਏ। ਫੌਜੀ ਨੇ ਆਪਣਾ ਪਿਠੂ ਤੇ ਮਨੋਕਾਮਨਾ ਪੂਰੀ ਕਰਨ ਵਾਲਾ ਝੋਲਾ ਚੁਕਿਆ, ਮਿਸਤ੍ਰੀਆਂ ਨੂੰ ਅਲਵਿਦਾ ਆਖੀ, ਤੇ ਵਪਾਰੀ ਕੋਲ ਵਾਪਸ ਆ ਗਿਆ।

"ਹੁਣ ਤੁਸੀਂ ਆਪਣੇ ਨਵੇਂ ਮਕਾਨ ਵਿਚ ਜਾਕੇ ਰਹਿ ਸਕਦੇ ਓ," ਉਹ ਬੋਲਿਆ। "ਤੁਹਾਨੂੰ ਕੋਈ ਕੁਝ ਨਹੀਂ ਆਖਣ ਲੱਗਾ।"

ਵਪਾਰੀ ਨੇ ਅੱਖਾਂ ਟੱਡ ਕੇ ਫੌਜੀ ਵੱਲ ਵੇਖਿਆ। ਉਹਨੂੰ ਆਪਣੀਆਂ ਅੱਖਾਂ ਤੇ ਇਤਬਾਰ ਨਹੀਂ ਸੀ ਆ ਰਿਹਾ।

"ਸਚਮੁਚ ਹੀ, ਰੂਸੀ ਫੌਜੀ ਨੂੰ ਨਾ ਅੱਗ ਫੂਕ ਸਕਦੀ ਏ, ਨਾ ਪਾਣੀ ਡੋਬ ਸਕਦੈ। ਰਤਾ ਦਸ ਤਾਂ ਸਹੀ ਤੂੰ ਬਦਰੂਹਾਂ ਨੂੰ ਕਿਵੇਂ ਕਾਬੂ ਕੀਤਾ ਤੇ ਸਹੀ ਸਲਾਮਤ ਕਿਵੇਂ ਬੱਚ ਗਿਓਂ।"

ਫੌਜੀ ਨੇ ਜੋ ਕੁਝ ਹੋਇਆ ਬੀਤਿਆ ਸੀ ਉਸ ਨੂੰ ਸੁਣਾ ਦਿੱਤਾ, ਤੇ ਕਰਿੰਦਿਆਂ ਨੇ ਇਸ ਦੀ ਪੁਸ਼ਟੀ ਕਰ ਦਿੱਤੀ। ਵਪਾਰੀ ਨੇ ਸੋਚਿਆ:

"ਮਕਾਨ ਵਿਚ ਜਾ ਵਸਣ ਤੋਂ ਪਹਿਲਾਂ ਇਕ ਦੋ ਦਿਨ ਅਟਕ ਲਵਾਂ ਤਾਂ ਠੀਕ ਏ। ਚੰਗਾ ਏਹੋ ਆ ਕਿ ਪਹਿਲਾਂ ਪੱਕ ਕਰ ਲਵਾਂ ਪਈ ਥਾਂ ਬਿਲਕੁਲ ਠੀਕ ਠਾਕ ਏ ਤੇ ਬਦਰੂਹਾਂ ਮੁੜਕੇ ਵਾਪਸ ਤਾਂ ਨਹੀਂ ਆ ਜਾਣਗੀਆਂ।"

ਉਸ ਸ਼ਾਮ ਉਸ ਨੇ ਉਹਨਾਂ ਹੀ ਬੰਦਿਆਂ ਨੂੰ ਜਿਹੜੇ ਸਵੇਰੇ ਮਕਾਨ ਵਿਚ ਗਏ ਸਨ ਫੌਜੀ ਦੇ ਨਾਲ ਹੀ ਓਥੇ ਜਾਣ ਲਈ ਆਖਿਆ।

"ਰਾਤ ਓਥੇ ਕੱਟੋ," ਉਸ ਨੇ ਉਹਨਾਂ ਨੂੰ ਆਖਿਆ। "ਕੋਈ ਗੱਲ ਹੋਈ ਤਾਂ ਫੌਜੀ ਤੁਹਾਨੂੰ ਬਚਾ ਲਏਗਾ।"

ਉਹਨਾਂ ਨੇ ਬੜੇ ਆਰਾਮ ਨਾਲ ਰਾਤ ਕੱਟੀ ਤੇ ਅਗਲੀ ਸਵੇਰ ਸਹੀ ਸਲਾਮਤ ਹਸਦੇ ਖੇਡਦੇ ਵਾਪਸ ਆ ਗਏ।

ਤੀਜੀ ਰਾਤ ਵਪਾਰੀ ਨੇ ਉਹਨਾਂ ਦੇ ਨਾਲ ਰਾਤ ਓਥੇ ਕੱਟਣ ਦਾ ਦਿਲ ਕਢਿਆ। ਸਭ ਕੁਝ ਠੀਕ ਠਾਕ ਰਿਹਾ। ਉਹ ਬੜੇ ਸੁਖ ਦੀ ਨੀਂਦ ਸੁੱਤੇ। ਇਸ ਤੋਂ ਮਗਰੋਂ ਵਪਾਰੀ ਨੇ ਮਕਾਨ ਦੀ ਸਫਾਈ ਕਰਵਾਈ, ਰੰਗ ਰੋਗਨ ਕਰਵਾਇਆ ਅਤੇ ਚੱਠ ਕਰਨ ਦੀਆਂ ਤਿਆਰੀਆਂ ਕੀਤੀਆਂ। ਢੇਰ ਸਾਰੇ ਪਕਵਾਨ ਪਕਾਏ ਗਏ, ਸੇਕੇ, ਉਬਾਲੇ ਤੇ ਭੁੰਨੇ ਗਏ। ਜਦੋਂ ਮਹਿਮਾਨ ਆਏ ਤਾਂ ਮੇਜ਼ ਖਾਣ ਦੀਆਂ ਚੀਜ਼ਾਂ ਤੇ ਸ਼ਰਾਬਾਂ ਨਾਲ ਇਉਂ ਲੱਦੇ ਪਏ ਸਨ ਕਿ ਉਹਨਾਂ ਦੇ ਮੂੰਹਾਂ ਚੋਂ ਲਾਲਾਂ ਡਿਗਣ ਲੱਗੀਆਂ।

ਜੋ ਮਰਜ਼ੀ ਏ ਖਾਣ ਤੇ ਜੋ ਜੀਅ ਕਰੇ ਪੀਣ!

ਵਪਾਰੀ ਨੇ ਫੌਜੀ ਨੂੰ ਸਨਮਾਨ ਦੀ ਥਾਂ ਤੇ ਬਿਠਾਇਆ ਤੇ ਸਭ ਤੋਂ ਪਿਆਰੇ ਮਹਿਮਾਨ ਦੇ ਤੌਰ ਤੇ ਉਹਦੀ ਸੇਵਾ ਕੀਤੀ।

"ਖਾ ਪੀ, ਮਿਤਰਾ," ਉਸ ਨੇ ਕਿਹਾ। "ਤੂੰ ਜੋ ਮੇਰੇ ਤੇ ਅਹਿਸਾਨ ਕੀਤੈ ਮੈਂ ਉਮਰ ਭਰ ਉਹਨੂੰ ਭੁਲਾ ਨਹੀਂ ਸਕਾਂਗਾ।"

ਜਦੋਂ ਦਾਅਵਤ ਖਤਮ ਹੋਈ ਤਾਂ ਲੋਅ ਲੱਗ ਚੁਕੀ ਸੀ ਤੇ ਉਹ ਬਿਸਤਰਿਆਂ ਵਿਚ ਜਾ ਪਏ। ਜਦੋਂ ਉਹ ਸੌਂ ਕੇ ਉਠੇ, ਤਾਂ ਫੌਜੀ ਨੇ ਆਪਣੇ ਰਾਹੇ ਪੈਣ ਦੀ ਤਿਆਰੀ ਕਰ ਲਈ। ਵਪਾਰੀ ਨੇ ਉਹਨੂੰ ਹੋਰ ਰਹਿਣ ਲਈ ਆਖਿਆ।

"ਕਾਹਲੀ ਕਾਹਦੀ ਏ? ਰਹਿ ਸਾਡੇ ਕੋਲ। ਘਟੋ ਘਟ ਇਕ ਹਫਤਾ ਤਾਂ ਹੋਰ ਠਹਿਰ।"

"ਨਹੀਂ, ਸ਼ੁਕਰੀਆ। ਮੈਨੂੰ ਅੱਗੇ ਹੀ ਬੜੇ ਦਿਨ ਲਗ ਗਏ ਨੇ। ਮੈਨੂੰ ਘਰ ਅਪੜਨਾ ਚਾਹੀਦੈ।"

ਵਪਾਰੀ ਨੇ ਫੌਜੀ ਦਾ ਪਿਠੂ ਚਾਂਦੀ ਨਾਲ ਭਰ ਦਿੱਤਾ।

"ਆਪਣਾ ਕੰਮ ਧੰਦਾ ਸ਼ੁਰੂ ਕਰਨ ਦੇ ਕੰਮ ਆਵੇਗਾ।"

ਪਰ ਫੌਜੀ ਨੇ ਆਖਿਆ:

"ਮੈਨੂੰ ਨਹੀਂ ਲੋੜ ਤੇਰੀ ਚਾਂਦੀ ਦੀ। ਮੈਂ ਕੱਲਾ ਬੰਦਾ ਆਂ ਤੇ ਨੈਣ ਪ੍ਰੈਣ ਅਜੇ ਨਰੋਏ ਨੇ। ਮੈਂ ਹੱਥੀਂ ਕਮਾ ਕੇ ਖਾ ਸਕਦਾਂ।"

ਉਹ ਵਪਾਰੀ ਤੋਂ ਵਿਦਾ ਹੋਇਆ, ਆਪਣਾ ਕਾਮਨਾ ਪੂਰੀ ਕਰਨ ਵਾਲਾ ਝੋਲਾ ਤੇ ਖਾਲੀ ਪਿਠੂ ਆਪਣੇ ਮੋਢੇ ਤੇ ਲਮਕਾਇਆ ਤੇ ਆਪਣੇ ਰਾਹੇ ਪੈ ਗਿਆ।

ਇਹ ਕਹਿਣਾ ਮੁਸ਼ਕਲ ਹੈ ਕਿ ਉਸ ਨੇ ਕਿੰਨਾ ਕੁ ਪੈਂਡਾ ਕੀਤਾ, ਪਰ ਅਖੀਰ ਉਹ ਆਪਣੇ ਦੇਸ ਪਹੁੰਚ ਗਿਆ। ਇਕ ਪਹਾੜੀ ਤੋਂ ਉਹਨੂੰ ਆਪਣਾ ਪਿੰਡ ਨਜ਼ਰ ਆਇਆ, ਤੇ ਉਹਦਾ ਦਿਲ ਖਿੜਕੇ ਹੌਲਾ ਫੁਲ ਹੋ ਗਿਆ। ਉਹ ਕਦੇ ਸੱਜੇ ਕਦੇ ਖੱਬੇ ਵੇਖਦਾ ਹੋਇਆ ਤੇਜ਼ ਤੇਜ਼ ਤੁਰਨ ਲਗਾ। "ਕਿੰਨਾ ਸੁਹਣਾ ਏ ਚਾਰ ਚੁਫੇਰਾ। ਮੈਂ ਕਈਆਂ ਦੇਸਾਂ ਵਿਚ ਗਿਆ, ਕਈ ਸ਼ਹਿਰ ਤੇ ਪਿੰਡ ਵੇਖੇ, ਪਰ ਇਸ ਵਿਸ਼ਾਲ ਸੰਸਾਰ ਵਿਚ ਆਪਣੇ ਘਰ ਵਰਗੀ ਕਿਤੇ ਰੀਸ ਨਹੀਂ।"

ਫੌਜੀ ਆਪਣੇ ਘਰ ਪਹੁੰਚਾ, ਡਿਉੜੀ ਦੀਆਂ ਪੌੜੀਆਂ ਚੜ੍ਹਿਆ ਤੇ ਬੂਹਾ ਖੜਕਾਇਆ। ਇਕ ਬਿਰਧ ਜ਼ਨਾਨੀ ਨੇ ਬੂਹਾ ਖੋਹਲਿਆ, ਅਤੇ ਫੌਜੀ ਨੇ ਪਿਆਰ ਨਾਲ ਉਹਨੂੰ ਕਲਾਵੇ ਵਿੱਚ ਲੈ ਲਿਆ।

ਬਿਰਧ ਜ਼ਨਾਨੀ ਨੇ ਆਪਣੇ ਪੁਤਰ ਨੂੰ ਪਛਾਣ ਲਿਆ ਸੀ। ਉਹਦੀਆਂ ਅੱਖਾਂ ਵਿੱਚੋਂ ਖੁਸ਼ੀ ਦੇ ਅਥਰੂ ਵਗਣ ਲੱਗੇ।

"ਤੇਰਾ ਬੁਢਾ ਪਿਓ ਤੇਰੀਆਂ ਗੱਲਾਂ ਕਰਦਾ ਰਿਹਾ, ਪੁਤਾ, ਪਰ ਅਫਸੋਸ! ਉਹ ਆਹ ਦਿਨ ਵੇਖਣ ਤੋਂ ਪਹਿਲਾਂ ਹੀ ਤੁਰ ਗਿਆ। ਪੰਜ ਸਾਲ ਹੋ ਗਏ ਉਹਨੂੰ ਕਬਰ ਵਿੱਚ ਸੁੱਤੇ ਨੂੰ।" ਫੇਰ

ਬਿਰਧ ਜ਼ਨਾਨੀ ਗੱਲਾਂ ਵਿੱਚੇ ਛਡ ਕੇ ਕੰਮ ਜਾ ਲੱਗੀ ਤੇ ਫੌਜੀ ਉਹਨੂੰ ਧੀਰਜ ਦਿਲਾਸਾ ਦੇਂਦਾ ਰਿਹਾ :

"ਹੁਣ ਤੈਨੂੰ ਕੋਈ ਫਿਕਰ ਚਿੰਤਾ ਕਰਨ ਦੀ ਲੋੜ ਨਹੀਂ। ਤੇਰੇ ਸੁਖ ਆਰਾਮ ਦਾ ਧਿਆਨ ਰਖਣਾ ਹੁਣ ਮੇਰਾ ਕੰਮ ਏ।"

ਉਸ ਨੇ ਝੋਲੇ ਦਾ ਮੂੰਹ ਖੋਹਲਿਆ ਤੇ ਸਭ ਪ੍ਰਕਾਰ ਦੀਆਂ ਖਾਣ ਪੀਣ ਦੀਆਂ ਚੀਜ਼ਾਂ ਦੀ ਕਾਮਨਾ ਕੀਤੀ।

ਸਾਰੀਆਂ ਚੀਜ਼ਾਂ ਉਹਨੇ ਝੋਲੇ ਵਿੱਚੋਂ ਬਾਹਰ ਕਢੀਆਂ, ਤੇ ਮੇਜ਼ ਉਤੇ ਰੱਖ ਦਿੱਤੀਆਂ ਤੇ ਆਪਣੀ ਮਾਂ ਨੂੰ ਆਖਿਆ :

"ਲੈ ਜਿੱਨਾ ਜੀਅ ਕਰੇ ਖਾ ਤੇ ਪੀ!"

ਅਗਲੇ ਦਿਨ ਉਹਨੇ ਝੋਲੇ ਦਾ ਮੂੰਹ ਫੇਰ ਖੋਹਲਿਆ ਤੇ ਮਨ ਵਿਚ ਧਾਰਿਆ ਕਿ ਇਹ ਚਾਂਦੀ ਨਾਲ ਭਰ ਜਾਵੇ। ਇਸ ਤੋਂ ਮਗਰੋਂ ਉਹ ਕੰਮ ਜੁਟ ਪਿਆ। ਉਸ ਨੇ ਇਕ ਨਵਾਂ ਮਕਾਨ ਬਣਾਇਆ, ਇਕ ਗਊ ਤੇ ਇਕ ਘੋੜਾ ਖਰੀਦਿਆ ਤੇ ਹਰ ਉਹ ਚੀਜ਼ ਲਈ ਜਿਸ ਦੀ ਘਰ ਵਿਚ ਲੋੜ ਸੀ। ਫੇਰ ਉਹਨੇ ਇਕ ਮੁਟਿਆਰ ਨਾਲ ਪ੍ਰੇਮ ਪਾ ਲਿਆ, ਉਹਦੇ ਨਾਲ ਵਿਆਹ ਕੀਤਾ ਤੇ ਆਪਣੇ ਖੇਤ ਵਿਚ ਕੰਮ ਕਰਨ ਲਗ ਪਿਆ। ਉਹਦੀ ਬੁਢੀ ਮਾਂ ਆਪਣੇ ਪੋਤੇ ਪੋਤੀਆਂ ਨੂੰ ਪਾਲਦੀ ਤੇ ਆਪਣੇ ਪੁਤ ਦੇ ਚੰਗੇ ਭਾਗਾਂ ਨੂੰ ਉਹਦੀ ਖੁਸ਼ੀ ਦਾ ਕੋਈ ਪਾਰਾਵਾਰ ਨਹੀਂ ਸੀ।

ਕੋਈ ਛੇ ਜਾਂ ਸੱਤ ਸਾਲ ਇਸ ਤਰ੍ਹਾਂ ਹੀ ਲੰਘ ਗਏ। ਫੇਰ ਇਕ ਦਿਨ ਫੌਜੀ ਬਿਮਾਰ ਪੈ ਗਿਆ। ਤਿੰਨ ਦਿਨ ਉਹ ਮੰਜੇ ਤੋਂ ਨਾ ਉਠਿਆ। ਨਾ ਉਸ ਨੇ ਕੁਝ ਖਾਧਾ ਨਾ ਪੀਤਾ। ਹਾਲਤ ਜ਼ਿਆਦਾ ਹੀ ਵਿਗੜਦੀ ਗਈ। ਤੀਜੇ ਦਿਨ ਉਹਨੇ ਵੇਖਿਆ ਕਿ ਮੌਤ ਉਹਦੇ ਸਿਰਹਾਣੇ ਖੜੀ ਆਪਣੀ ਦਾਤੀ ਤਿਖੀ ਕਰ ਰਹੀ ਸੀ ਤੇ ਵਿੱਚ ਵਿੱਚ ਫੌਜੀ ਵੱਲ ਨਜ਼ਰ ਮਾਰ ਲੈਂਦੀ ਸੀ।

"ਚਲ, ਫੌਜੀਆ," ਮੌਤ ਨੇ ਆਖਿਆ, "ਮੈਂ ਤੈਨੂੰ ਲੈਣ ਆਈ ਆਂ। ਮੈਂ ਤੈਨੂੰ ਝਪੱਟਾ ਮਾਰ ਕੇ ਲੈ ਜਾਣੈ।"

"ਕਾਹਦੀ ਕਾਹਲ ਏ," ਫੌਜੀ ਨੇ ਕਿਹਾ। "ਹੋਰ ਤੀਹ ਕੁ ਵਰ੍ਹੇ ਜਿਊ ਲੈਣ ਦੇ। ਮੈਂ ਆਪਣੇ ਨਿਆਣੇ ਪਾਲ ਲਊਂ, ਆਪਣੇ ਪੁਤਾਂ ਧੀਆਂ ਨੂੰ ਵਿਆਹ ਲਊਂ, ਪੋਤੇ ਪੋਤੀਆਂ ਦਾ ਮੂੰਹ ਵੇਖ ਲਊਂ, ਸਾਲ ਖੰਡ ਉਹਨਾਂ ਨਾਲ ਬਹਿ ਖੇਡ ਲਊਂ। ਉਹਦੇ ਮਗਰੋਂ ਤੂੰ ਮੈਨੂੰ ਲੈ ਜਾਈਂ। ਹਾਲੇ ਨਹੀਂ ਮੈਂ ਮਰ ਸਕਦਾ।"

"ਨਹੀਂ, ਫੌਜੀਆ, ਮੈ ਤਾਂ ਤਿੰਨ ਘੰਟੇ ਵੀ ਹੋਰ ਜ਼ਿੰਦਗੀ ਨਾ ਦਿਆਂ।"

"ਚਲ ਹਛਾ, ਜੇ ਤੀਹ ਵਰ੍ਹੇ ਨਹੀਂ ਮਿਲ ਸਕਦੇ, ਘਟੋ ਘਟ ਤਿੰਨ ਵਰ੍ਹੇ ਤਾਂ ਦੇ ਦੇ। ਅਜੇ ਬੜੇ ਕੰਮ ਨੇ ਮੇਰੇ ਨਿਬੇੜਨ ਵਾਲੇ।"

"ਮੈਂ ਤੈਨੂੰ ਤਿੰਨ ਮਿੰਟ ਵੀ ਨਹੀਂ ਦੇਣੇ," ਮੌਤ ਨੇ ਜਵਾਬ ਦਿਤਾ।

ਫੌਜੀ ਨੇ ਹੋਰ ਮਿੰਨਤਾਂ ਨਹੀਂ ਕੀਤੀਆਂ, ਪਰ ਉਹ ਮਰਨ ਲਈ ਬਿਲਕੁਲ ਤਿਆਰ ਨਹੀਂ ਸੀ।

ਉਸ ਨੇ ਮਨੋਕਾਮਨਾ ਪੂਰੀ ਕਰਨ ਵਾਲਾ ਝੋਲਾ ਸਿਰਹਾਣੇ ਹੇਠੋਂ ਕਢਿਆ ਅਤੇ ਇਸ ਨੂੰ ਲਹਿਰਾਉਂਦਿਆਂ, ਗਰਜਿਆ :

"ਚਲ ਝੋਲੇ ਵਿਚ!"

ਲਫਜ਼ ਮੂਹੋਂ ਨਿਕਲਣ ਦੀ ਦੇਰ ਸੀ ਕਿ ਉਹਦੀ ਹਾਲਤ ਚੰਗੀ ਹੋ ਗਈ। ਉਸ ਨੇ ਉਸ ਥਾਂ ਵੱਲ ਨਜ਼ਰ ਮਾਰੀ ਜਿਥੇ ਮੌਤ ਖੜੀ ਸੀ, ਪਰ ਹੁਣ ਉਹ ਉਸ ਥਾਂ ਨਹੀਂ ਸੀ। ਫੇਰ ਉਸ ਨੇ ਝੋਲੇ ਵਿਚ ਨਿਗਾਹ ਮਾਰੀ ਤੇ ਕੀ ਵੇਖਦਾ ਹੈ, ਮੌਤ ਉਹਦੇ ਵਿਚ ਬੈਠੀ ਹੈ।

ਫੌਜੀ ਨੇ ਝੋਲੇ ਨੂੰ ਕੱਸ ਕੇ ਬੰਨ੍ਹ ਦਿਤਾ ਤੇ ਫੇਰ ਨੌਂ ਬਰ ਨੌਂ ਹੋ ਗਿਆ। ਹੁਣ ਸਗੋਂ ਉਹਨੂੰ ਭੁਖ ਵੀ ਲੱਗ ਗਈ।

ਉਹ ਬਿਸਤਰੇ ਤੋਂ ਉਠਿਆ, ਰੋਟੀ ਦਾ ਇਕ ਟੁਕੜਾ ਕੱਟਿਆ, ਲੂਣ ਲਾਇਆ ਤੇ ਖਾ ਲਿਆ। ਫੇਰ ਉਹਨੇ ਕਵਾਸ* ਦਾ ਇਕ ਮੱਘ ਪੀਤਾ ਤੇ ਹੁਣ ਉਹ ਬਿਲਕੁਲ ਪਹਿਲਾਂ ਵਾਂਗ ਹੀ ਹੋ ਗਿਆ ਸੀ।

"ਸੋ ਫੀਨੀਏ, ਤੂੰ ਮੇਰੇ ਨਾਲ ਸਮਝੌਤਾ ਨਹੀਂ ਕਰਨਾ ਚਾਹੁੰਦੀ। ਅਗਾਂਹ ਤੋਂ ਤੈਨੂੰ ਕੰਨ ਹੋ ਜਾਣਗੇ ਪਈ ਰੂਸੀ ਫੌਜੀ ਨਾਲ ਮੱਥਾ ਕਿਵੇਂ ਲਾਈਦੈ!"

"ਕੀ ਕਰਨ ਲਗਾ ਏਂ ਤੂੰ ਮੇਰੇ ਨਾਲ?" ਝੋਲੇ ਵਿਚੋਂ ਇਕ ਆਵਾਜ਼ ਆਈ।

"ਮੈਨੂੰ ਬੜਾ ਦੁਖ ਹੋ ਰਿਹੈ ਕਿ ਇਹ ਝੋਲਾ ਮੇਰੇ ਕੋਲ ਨਹੀਂ ਰਹਿਣਾ, ਪਰ ਹੋਰ ਕੋਈ ਚਾਰਾ ਵੀ ਨਹੀਂ," ਫੌਜੀ ਨੇ ਜਵਾਬ ਦਿੱਤਾ। "ਮੈਂ ਤੈਨੂੰ ਦਲਦਲ ਵਿਚ ਦੱਬਣ ਲਗਿਆਂ, ਤੇ ਜਿੰਨਾ ਚਿਰ ਤੂੰ ਜਿਉਂਦੀ ਏਂ ਤੂੰ ਝੋਲੇ ਵਿਚੋਂ ਬਾਹਰ ਨਹੀਂ ਆ ਸਕਣਾ।"

"ਮੈਨੂੰ ਬਾਹਰ ਆ ਜਾਣ ਦੇ, ਫੌਜੀਆ। ਮੈਂ ਤੈਨੂੰ ਤਿੰਨ ਵਰ੍ਹੇ ਹੋਰ ਜਿਊ ਲੈਣ ਦਊਂ।"

"ਡਰ ਨਾ, ਮੈਂ ਹੁਣ ਤੈਨੂੰ ਬਾਹਰ ਨਾ ਆਉਣ ਦਿਤਾ।"

"ਆ ਲੈਣ ਦੇ ਮੈਨੂੰ ਬਾਹਰ," ਮੌਤ ਨੇ ਤਰਲਾ ਲਿਆ। "ਜੇ ਤੂੰ ਮੈਨੂੰ ਬਾਹਰ ਆ ਜਾਣ ਦੇਵੇਂ, ਮੈਂ ਤੈਨੂੰ ਤੀਹ ਵਰ੍ਹੇ ਹੋਰ ਜਿਊਣ ਦਊਂ।"

"ਠੀਕ ਏ," ਫੌਜੀ ਨੇ ਆਖਿਆ, "ਮੈਂ ਤੈਨੂੰ ਇਕ ਸ਼ਰਤ ਉਤੇ ਛਡ ਦਊਂ—ਮੇਰੇ ਨਾਲ ਵਾਅਦਾ ਕਰ ਕਿ ਇਹਨਾਂ ਤੀਹਾਂ ਵਰ੍ਹਿਆਂ ਵਿਚ ਤੂੰ ਕਿਸੇ ਦੀ ਜਾਨ ਨਹੀਂ ਲਵੇਂਗੀ।"

"ਏਹ ਵਾਅਦਾ ਨਹੀਂ ਮੈਂ ਕਰ ਸਕਦੀ," ਮੌਤ ਨੇ ਕਿਹਾ। "ਜੇ ਮੈਂ ਕਿਸੇ ਦੀ ਜਾਨ ਨਾ ਲਵਾਂ ਤਾਂ ਜੀਵਾਂ ਕਿੱਦਾਂ?"

---

* ਕਾਲੀ ਰੋਟੀ ਨੂੰ ਖ਼ਮੀਰ ਦੇ ਕੇ ਬਣਾਇਆ ਤਰਲ ਜਿਸ ਨੂੰ ਪਾਣੀ ਵਾਂਗ ਪੀਤਾ ਜਾਂਦਾ ਹੈ।—**ਸੰਪਾ:**

"ਇਹ ਤੀਹ ਵਰ੍ਹੇ ਕੰਦ ਮੂਲ, ਸੱਕ ਛਿੱਲਕੇ ਤੇ ਬੀਜ ਗਿਟਕਾਂ ਖਾ ਕੇ ਜਿਊਂ।

ਮੌਤ ਨੇ ਕੋਈ ਜਵਾਬ ਨਹੀਂ ਦਿੱਤਾ। ਸੋ ਫੌਜੀ ਨੇ ਕਪੜੇ ਪਾਏ, ਆਪਣੇ ਬੂਟ ਕੱਸੇ ਤੇ ਕਿਹਾ :

"ਕਿਉਂਕਿ ਤੈਨੂੰ ਮੇਰੀ ਤਜਵੀਜ਼ ਮਨਜ਼ੂਰ ਨਹੀਂ, ਇਸ ਕਰਕੇ ਮੈਂ ਤੈਨੂੰ ਦਲਦਲ ਵਿਚ ਡੋਬਣ ਚਲਿਆਂ।"

ਤੇ ਇਹਦੇ ਨਾਲ ਹੀ ਉਹਨੇ ਝੋਲਾ ਚੁੱਕ ਲਿਆ।

ਓਸੇ ਵੇਲੇ ਮੌਤ ਬੋਲੀ :

"ਚੱਲ ਹਛਾ, ਮੰਨ ਲਈ ਤੇਰੀ ਗੱਲ। ਮੈਂ ਤੀਹ ਵਰ੍ਹੇ ਕਿਸੇ ਦੀ ਜਾਨ ਨਹੀਂ ਲੈਂਦੀ। ਮੈਂ ਖੇਤਾਂ ਵਿਚੋਂ ਕੰਦ ਮੂਲ, ਸੱਕ ਛਿੱਲਕੇ ਤੇ ਬੀਜ ਗਿਟਕਾਂ ਨਾਲ ਗੁਜ਼ਾਰਾ ਕਰ ਲਊਂ, ਪਰ ਮੈਨੂੰ ਬਾਹਰ ਆਉਣ ਦੇ।"

"ਵੇਖ ਲੈ, ਠੱਗੀ ਨਾ ਕਰੀਂ," ਫੌਜੀ ਨੇ ਆਖਿਆ।

ਉਹ ਮੌਤ ਨੂੰ ਪਿੰਡੋਂ ਬਾਹਰ ਲੈ ਗਿਆ ਤੇ ਝੋਲੇ ਦਾ ਮੂੰਹ ਖੋਹਲ ਦਿੱਤਾ।

"ਇਸ ਤੋਂ ਪਹਿਲਾਂ ਕਿ ਮੇਰਾ ਮਨ ਬਦਲ ਜਾਏ ਚਲੀ ਜਾ!" ਉਸ ਨੇ ਆਂਖਿਆ।

ਮੌਤ ਨੇ ਆਪਣੀ ਦਾਤੀ ਨੂੰ ਝਪੱਟਾ ਮਾਰਿਆ ਤੇ ਦੁੜੰਗੇ ਮਾਰਦੀ ਜੰਗਲ ਨੂੰ ਭਜ ਗਈ ਜਿਥੇ ਉਹ ਜਿਊਂਦੀ ਰਹਿਣ ਲਈ ਕੰਦ ਮੂਲ, ਸੱਕ ਛਿੱਲਕੇ ਤੇ ਬੀਜ ਗਿਟਕਾਂ ਲਭਣ ਲਗੀ। ਹੋਰ ਕੀ ਕਰ ਸਕਦੀ ਸੀ ਉਹ?

ਲੋਕ ਏਡੇ ਸੁਖੀ ਕਦੇ ਵੀ ਨਹੀਂ ਹੋਏ। ਨਾ ਕੋਈ ਬਿਮਾਰ ਪਿਆ, ਨਾ ਕੋਈ ਮਰਿਆ।

ਤਕਰੀਬਨ ਤੀਹ ਵਰ੍ਹੇ ਇਸ ਤਰ੍ਹਾਂ ਹੀ ਚਲਦਾ ਰਿਹਾ।

ਓਧਰ ਫੌਜੀ ਦੇ ਨਿਆਣੇ ਵੱਡੇ ਹੋ ਗਏ। ਉਹਦੇ ਧੀਆਂ ਪੁਤ ਵਿਆਹੇ ਗਏ। ਪਰਵਾਰ ਵੱਡਾ ਹੋ ਗਿਆ। ਕਿਸੇ ਦਾ ਉਹ ਹੱਥ ਵਟਾਉਂਦਾ, ਕਿਸੇ ਨੂੰ ਸਲਾਹ ਮੱਤ ਦੇਂਦਾ, ਤੀਜੇ ਨੂੰ ਦਸਦਾ ਕੋਈ ਕੰਮ ਕਿਵੇਂ ਕਰਨਾ ਏ। ਹਰ ਇਕ ਨੂੰ ਕੁਝ ਨਾ ਕੁਝ ਸਮਝਾਉਂਦਾ ਰਹਿੰਦਾ।

ਇਉਂ ਫੌਜੀ ਰੁਝਾ ਰਹਿੰਦਾ ਅਤੇ ਖੁਸ਼ ਰਹਿੰਦਾ। ਉਹ ਹਰ ਪਖੋਂ ਕਾਮਯਾਬ ਸੀ। ਜ਼ਿੰਦਗੀ ਰਵਾਂ ਰਵੀਂ ਚਲ ਰਹੀ ਸੀ। ਕੰਮ ਕਾਰ ਲਈ ਬੇਅੰਤ ਚਾਅ ਸੀ। ਮੌਤ ਦਾ ਚਿੱਤ ਚੇਤਾ ਵੀ ਨਹੀਂ ਸੀ।

ਪਰ ਮੌਤ ਸਾਮ੍ਹਣੇ ਆ ਖੜੀ ਹੋਈ।

"ਅੱਜ ਤੀਹ ਸਾਲ ਪੂਰੇ ਹੋ ਗਏ ਨੇ। ਮਿਆਦ ਪੁਗ ਗਈ ਏ। ਤਿਆਰ ਹੋ ਜਾ। ਮੈਂ ਤੈਨੂੰ ਲੈਣ ਆਈ ਆਂ।"

ਫੌਜੀ ਨੇ ਇਤਰਾਜ਼ ਨਹੀਂ ਕੀਤਾ।

"ਮੈਂ ਫੌਜੀ ਆਂ, ਖਤਰੇ ਦੀ ਘੰਟੀ ਵਜਣ ਤੇ ਤਿਆਰ ਰਹਿਣ ਦੀ ਮੈਨੂੰ ਆਦਤ ਏ। ਜੇ ਮਿਆਦ ਪੁਗ ਗਈ ਏ ਤਾਂ ਤਾਬੂਤ ਲੈ ਆ।"

ਮੌਤ ਨੇ ਸ਼ੀਸ਼ਮ ਦਾ ਤਾਬੂਤ ਲਿਆਂਦਾ ਜਿਸ ਨੂੰ ਲੋਹੇ ਦੇ ਕੜੇ ਲੱਗੇ ਹੋਏ ਸਨ। ਉਸ ਦਾ ਢੱਕਣ ਲਾਹਿਆ :

"ਪੈ ਜਾ ਇਹਦੇ ਵਿਚ, ਫੌਜੀਆ।"

ਫੌਜੀ ਗੁੱਸੇ ਵਿਚ ਆ ਗਿਆ ਤੇ ਕੜਕ ਕੇ ਬੋਲਿਆ :

"ਕੀ ਆਖਦੀ ਏਂ ਤੂੰ? ਤੈਨੂੰ ਨੇਮਾਂ ਦਾ ਪਤਾ ਨਹੀਂ? ਏਹ ਕਿਧਰ ਦਾ ਕਾਨੂੰਨ ਏ ਕਿ ਬੁੱਢਾ ਫੌਜੀ ਕੋਈ ਕੰਮ ਆਪਣੇ ਆਪ ਕਰੇ! ਮੈਨੂੰ ਨੌਕਰੀ ਦੇ ਦਿਨ ਯਾਦ ਨੇ ਜਦੋਂ ਪਲਟਣ ਦੇ ਕਮਾਂਡਰ ਨੇ ਕੋਈ ਨਵੀਂ ਗੱਲ ਸਿਖਾਉਣੀ ਹੁੰਦੀ ਸੀ ਤਾਂ ਉਹ ਸਭ ਤੋਂ ਪਹਿਲਾਂ ਆਪ ਕਰਕੇ ਵਿਖਾਉਂਦਾ ਸੀ, ਮਗਰੋਂ ਸਾਨੂੰ ਕਰਨ ਦਾ ਹੁਕਮ ਦੇਂਦਾ ਸੀ। ਹੁਣ ਵੀ ਉਹੋ ਗੱਲ ਏ; ਪਹਿਲਾਂ ਤੂੰ ਕਰ ਕੇ ਵਿਖਾ ਤੇ ਫੇਰ ਕਰਨ ਦਾ ਹੁਕਮ ਦੇਵੀਂ।"

ਮੌਤ ਤਾਬੂਤ ਵਿਚ ਲੰਮੀ ਪੈ ਗਈ।

"ਵੇਖ ਫੌਜੀਆ, ਇਉਂ ਲੰਮੇ ਪੈਣਾ ਏ ਤੂੰ। ਲੱਤਾਂ ਸਿਧੀਆਂ ਲੰਮਿਆਰ ਕੇ ਅਤੇ ਆਪਣੇ ਹੱਥ ਛਾਤੀ ਉਤੇ ਰਖ ਕੇ।"

ਫੌਜੀ ਬਸ ਏਸੇ ਗੱਲ ਦੀ ਉਡੀਕ ਵਿਚ ਸੀ। ਉਸ ਨੇ ਢੱਕਣ ਬੰਦ ਕਰ ਦਿੱਤਾ ਅਤੇ ਕੜਿਆਂ ਨਾਲ ਬੰਨ੍ਹ ਦਿੱਤਾ।

"ਪਈ ਰਹਿ ਏਥੇ ਤੇ ਮੈਂ ਏਥੇ ਖੁਸ਼ ਆਂ।"

ਫੇਰ ਉਸ ਨੇ ਤਾਬੂਤ ਛਕੜੇ ਉਤੇ ਰਖਿਆ ਤੇ ਦਰਿਆ ਦੇ ਢਾਲਵੇਂ ਕੰਢੇ ਉਤੇ ਲੈ ਆਂਦਾ ਤੇ ਚਟਾਨ ਤੋਂ ਰੇੜ੍ਹ ਕੇ ਦਰਿਆ ਵਿਚ ਸੁਟ ਦਿੱਤਾ।

ਦਰਿਆ ਨੇ ਤਾਬੂਤ ਨੂੰ ਚੁਕਿਆ ਤੇ ਰੋੜ੍ਹਕੇ ਸਮੁੰਦਰ ਵਿਚ ਲੈ ਆਂਦਾ। ਕਈ ਵਰ੍ਹੇ ਮੌਤ ਸਮੁੰਦਰ ਉਤੇ ਫਿਰਦੀ ਰਹੀ।

ਲੋਕ ਖੁਸ਼ ਸਨ ਤੇ ਫੌਜੀ ਦੀ ਪ੍ਰਸੰਸਾ ਦੇ ਗੀਤ ਗਾਉਂਦੇ ਸਨ। ਫੌਜੀ ਆਪ ਵੀ ਬੁੱਢਾ ਨਹੀਂ ਹੋਇਆ। ਉਸ ਨੇ ਆਪਣੇ ਪੋਤੇ ਪੋਤੀਆਂ ਵੇਖੇ, ਵਿਆਹੇ ਤੇ ਉਸ ਨੇ ਆਪਣੇ ਪੜਪੋਤਿਆਂ ਨੂੰ ਸਿਖਿਆ ਦਿੱਤੀ ਕਿ ਉਹਨਾਂ ਨੂੰ ਕੀ ਕੁਝ ਕਰਨਾ ਚਾਹੀਦਾ ਹੈ। ਸਵੇਰ ਤੋਂ ਲੈਕੇ ਰਾਤ ਤੱਕ ਉਹ ਘਰ ਤੇ ਖੇਤ ਦੇ ਕੰਮਾਂ ਵਿਚ ਲਗਾ ਰਹਿੰਦਾ ਤੇ ਥਕੇਵਾਂ ਉਹਦੇ ਨੇੜੇ ਨਾ ਆਉਂਦਾ।

ਹੁਣ ਕੀ ਹੋਇਆ ਕਿ ਸਮੁੰਦਰ ਵਿਚ ਇਕ ਜ਼ੋਰ ਦਾ ਤੂਫਾਨ ਆ ਗਿਆ। ਲਹਿਰਾਂ ਨੇ ਤਾਬੂਤ ਨੂੰ ਚਟਾਨਾਂ ਨਾਲ ਮਾਰ ਮਾਰ ਕੇ ਚੂਰ ਕਰ ਦਿੱਤਾ। ਸਹਿਕਦੀ ਮੌਤ ਹਵਾ ਵਿਚ ਲੜਖੜਾਉਂਦੀ, ਤੜਫਦੀ ਖੁੜ੍ਹਦੀ ਕੰਢੇ ਆ ਗਈ।

ਥੋੜਾ ਚਿਰ ਸਮੁੰਦਰ ਕੰਢੇ ਪਈ ਰਹੀ। ਜਦੋਂ ਸਾਹ ਵਿਚ ਸਾਹ ਆਇਆ ਤਾਂ ਉਹ ਡਗਮਗਾਉਂਦੀ ਹੋਈ ਪਿੰਡ ਨੂੰ ਤੁਰ ਪਈ ਜਿਥੇ ਫੌਜੀ ਰਹਿੰਦਾ ਸੀ। ਉਹ ਫੌਜੀ ਦੇ ਵਾੜੇ ਵਿਚ ਚਲੀ ਗਈ ਤੇ ਲੁਕ

ਗਈ। ਉਹ ਫੌਜੀ ਦੇ ਬਾਹਰ ਨਿਕਲਣ ਦੀ ਤਾੜ ਵਿਚ ਸੀ।

ਫੌਜੀ ਖੇਤ ਵਿਚ ਬਿਜਾਈ ਕਰਨ ਜਾਣ ਲਈ ਤਿਆਰ ਹੋ ਰਿਹਾ ਸੀ। ਉਸ ਇਕ ਖਾਲੀ ਬੋਰੀ ਚੁੱਕੀ ਅਤੇ ਬੀਜ ਲੈਣ ਲਈ ਗੁਦਾਮ ਵੱਲ ਤੁਰ ਪਿਆ। ਉਹ ਗੁਦਾਮ ਕੋਲ ਪਹੁੰਚਿਆ ਹੀ ਸੀ ਕਿ ਮੌਤ ਉਸ ਥਾਂ ਤੋਂ ਬਾਹਰ ਆ ਗਈ ਜਿਥੇ ਉਹ ਲੁਕੀ ਹੋਈ ਸੀ।

"ਐਤਕੀਂ ਨਹੀਂ ਤੂੰ ਮੇਰੇ ਕੋਲੋਂ ਬਚਣ ਲੱਗਾ!" ਮੌਤ ਨੇ ਖਿਸਿਆਣਾ ਹਾਸਾ ਹਸ ਕੇ ਕਿਹਾ।

ਫੌਜੀ ਨੇ ਵੇਖਿਆ ਕਿ ਉਹ ਅੜਿਕੇ ਆ ਗਿਆ ਸੀ। ਸੋ ਉਸ ਨੇ ਸੋਚਿਆ :

"ਠੀਕ ਏ, ਸਾਨੂੰ ਦੋ ਹੱਥ ਕਰਨੇ ਹੀ ਚਾਹੀਦੇ ਨੇ। ਜੇ ਮੈਂ ਏਸ ਫੀਨੀ ਤੋਂ ਪਿੱਛਾ ਨਹੀਂ ਛੁਡਾ ਸਕਦਾ, ਤਾਂ ਘਟੋ ਘਟ ਏਹਨੂੰ ਡਰਾ ਤਾਂ ਸਕਦਾ ਈ ਆਂ।"

ਤੇ ਉਹਨੇ ਆਪਣੇ ਕੋਟ ਹੇਠੋਂ ਸਹਿਜ ਨਾਲ ਖਾਲੀ ਬੋਰੀ ਕੱਢੀ ਤੇ ਉੱਚੀ ਸਾਰੀ ਕੜਕਿਆ :

"ਸੋ ਤੈਨੂੰ ਫੇਰ ਝੋਲਾ ਚਾਹੀਦੈ, ਹੈ ਨਾ? ਮਾੜਾ ਜਿਹਾ ਦਲਦਲ ਦਾ ਸਵਾਦ, ਹੈਂ?"

ਮੌਤ ਨੇ ਫੌਜੀ ਦੇ ਹੱਥਾਂ ਵਿਚ ਖਾਲੀ ਬੋਰੀ ਵੇਖੀ ਤੇ ਉਹਦਾ ਤ੍ਰਾਹ ਨਿਕਲ ਗਿਆ। ਉਹਨੇ ਸਮਝਿਆ ਇਹ ਮਨੋਕਾਮਨਾ ਪੂਰੀ ਕਰਨ ਵਾਲਾ ਝੋਲਾ ਏ ਤੇ ਵਾਹੋਦਾਹੀ ਭੱਜ ਗਈ।

ਉਹਨੂੰ ਬਸ ਏਨਾ ਹੀ ਡਰ ਸੀ ਪਈ ਫੌਜੀ ਉਹਨੂੰ ਵੇਖ ਨਾ ਲਵੇ। "ਜੇ ਮੈਨੂੰ ਉਹਨੇ ਵੇਖ ਲਿਆ, ਤਾਂ ਦਲਦਲ ਵਿਚ ਡੋਬ ਕੇ ਛੱਡੂ," ਉਹਨੇ ਸੋਚਿਆ।

ਤੇ ਉਸ ਦਿਨ ਤੋਂ ਪਿਛੋਂ, ਮੌਤ ਲੁਕ ਕੇ ਲੋਕਾਂ ਦੀ ਜਾਨ ਲੈਣ ਲਗ ਪਈ।

ਫੌਜੀ ਉਸ ਤੋਂ ਮਗਰੋਂ ਖ਼ੁਸ਼ੀ ਖ਼ੁਸ਼ੀ ਰਹਿਣ ਲਗ ਪਿਆ, ਤੇ ਲੋਕ ਕਹਿੰਦੇ ਨੇ ਉਹ ਅਜੇ ਵੀ ਜਿਊਂਦਾ ਏ ਤੇ ਮੌਜਾਂ ਮਾਣ ਰਿਹਾ ਏ।

ਗਲਾਧੜ ਵਹੁਟੀ

ਇਕ ਸੀ ਕਿਸਾਨ ਤੇ ਇਕ ਸੀ ਉਹਦੀ ਵਹੁਟੀ। ਇਸ ਔਰਤ ਨਾਲ ਦੀ ਗਲਾਧੜ ਅੱਜ ਤੱਕ ਨਹੀਂ ਸੀ ਹੋਈ। ਕਦੇ ਕੋਈ ਗੱਲ ਉਹ ਆਪਣੇ ਢਿੱਡ ਵਿਚ ਨਹੀਂ ਸੀ ਪਚਾ ਸਕਦੀ। ਜਿਸ ਘੜੀ ਉਹਨੂੰ ਕਿਸੇ ਗੱਲ ਦਾ ਪਤਾ ਲਗਦਾ ਉਸੇ ਪਲ ਸਾਰੇ ਪਿੰਡ ਨੂੰ ਖਬਰ ਹੋ ਜਾਂਦੀ।

ਇਕ ਦਿਨ ਕਿਸਾਨ ਜੰਗਲ ਵਿਚ ਗਿਆ। ਜਿਸ ਵੇਲੇ ਉਹ ਬਘਿਆੜ ਫਾਹੁਣ ਲਈ ਕੜਿਕੀ ਫੜਣ ਵਾਸਤੇ ਟੋਆ ਪੁਟ ਰਿਹਾ ਸੀ, ਉਹਨੂੰ ਇਕ ਦੱਬਿਆ ਹੋਇਆ ਖ਼ਜ਼ਾਨਾ ਮਿਲ ਗਿਆ। ਉਸ ਆਪਣੇ ਮਨ ਵਿਚ ਸੋਚਿਆ। "ਹੁਣ ਮੈਂ ਕੀ ਕਰਾਂ? ਮੇਰੀ ਵਹੁਟੀ ਨੂੰ ਇਸ ਖਜ਼ਾਨੇ ਦਾ ਪਤਾ ਲਗਣ ਦੀ ਢਿੱਲ ਏ, ਉਹਨੇ ਥਾਂ ਥਾਂ ਖਬਰ ਪੁਚਾ ਦੇਣੀ ਏਂ। ਇਹ ਗੱਲ ਜਾਗੀਰਦਾਰ ਦੇ ਕੰਨੀਂ ਪੈ ਜਾਏਗੀ ਤੇ ਬਸ ਆਪਣੀ ਦੌਲਤ ਤੋਂ ਹੱਥ ਧੋਣੇ ਪੈ ਜਾਣਗੇ। ਉਹਨੇ ਇਹ ਸਾਰੀ ਦੌਲਤ ਸਾਂਭ ਲੈਣੀ ਏ।"

ਉਹ ਸੋਚਦਾ ਰਿਹਾ, ਸੋਚਦਾ ਰਿਹਾ, ਤੇ ਅਖੀਰ ਉਹਨੂੰ ਇਕ ਤਰਕੀਬ ਸੁਝੀ। ਉਹਨੇ ਖ਼ਜ਼ਾਨਾ ਦੱਬ ਦਿੱਤਾ, ਉਸ ਥਾਂ ਤੇ ਨਿਸ਼ਾਨ ਲਾ ਦਿੱਤਾ ਤੇ ਘਰ ਨੂੰ ਮੁੜ ਪਿਆ। ਜਦੋਂ ਉਹ ਦਰਿਆ ਤੇ ਅੱਪੜਿਆ ਤਾਂ ਉਹਨੇ ਆਪਣੇ ਜਾਲ ਤੇ ਨਿਗਾਹ ਮਾਰੀ ਤੇ ਵੇਖਿਆ ਕਿ ਪਾਈਕ ਮੱਛੀ ਜਾਲ ਵਿਚ

ਪਲਸੇਟੇ ਮਾਰ ਰਹੀ ਸੀ। ਕਿਸਾਨ ਨੇ ਮੱਛੀ ਫੜ ਲਈ ਤੇ ਅਗਾਂਹ ਤੁਰ ਪਿਆ। ਝੱਟ ਕੁ ਮਗਰੋਂ ਉਹ ਇਕ ਕੁੜਿਕੀ ਕੋਲ ਆਇਆ ਤੇ ਇਹਦੇ ਵਿਚ ਇਕ ਖ਼ਰਗੋਸ਼ ਕਾਬੂ ਆਇਆ ਵੇਖਿਆ।

ਕਿਸਾਨ ਨੇ ਖ਼ਰਗੋਸ਼ ਨੂੰ ਕੁੜਿਕੀ ਵਿਚੋਂ ਕਢਿਆ ਤੇ ਇਹਦੀ ਥਾਂ ਪਾਈਕ ਨੂੰ ਰੱਖ ਦਿੱਤਾ। ਫੇਰ ਉਸ ਨੇ ਖ਼ਰਗੋਸ਼ ਨੂੰ ਚੁੱਕਿਆ ਤੇ ਜਾਲ ਵਿਚ ਸੁਟ ਦਿੱਤਾ।

ਜਦੋਂ ਉਹ ਘਰ ਆਇਆ ਤਾਂ ਹਨੇਰਾ ਹੋ ਚੁੱਕਿਆ ਸੀ।

"ਸੁਣ, ਤਾਤੀਆਨਾ, ਸਟੋਵ ਭਖਾ ਤੇ ਫੇਰ ਸਾਰੇ ਪੂੜੇ ਤਲ।"

"ਉਹ ਕਿਉਂ? ਰਾਤ ਵੇਲੇ ਸਟੋਵ ਭਖਾਉਂਦਿਆਂ ਕਦੇ ਕਿਸੇ ਨੂੰ ਸੁਣਿਐ? ਤੇ ਐਡੇ ਕੁਵੇਲੇ ਭਲਾ ਪੂੜੇ ਕੌਣ ਤਲਦਾ ਏ? ਹੋਰ ਅੱਗੋਂ ਤੈਨੂੰ ਕੀ ਲੋੜ ਹੋਊ?"

"ਜਿਵੇਂ ਮੈਂ ਕਹਿਨਾਂ ਚੁਪ ਕਰਕੇ ਉਵੇਂ ਕਰੀ ਚਲ। ਮੈਨੂੰ ਦਬਿਆ ਹੋਇਆ ਖ਼ਜ਼ਾਨਾ ਲਭਿਐ, ਤਾਤੀਆਨਾ, ਤੇ ਅਸਾਂ ਇਸ ਨੂੰ ਰਾਤੋ ਰਾਤ ਘਰ ਲਿਆਉਣੈ।"

ਉਹਦੀ ਵਹੁਟੀ ਏਡੀ ਖ਼ੁਸ਼ ਹੋਈ ਜਿੰਨਾ ਕੋਈ ਖ਼ੁਸ਼ ਹੋ ਸਕਦੈ। ਉਹਨੇ ਛਿਣ ਭਰ ਵਿਚ ਸਟੋਵ ਭਖਾਇਆ ਤੇ ਪੂੜੇ ਤਲਣ ਲੱਗ ਪਈ।

"ਗਰਮ ਗਰਮ ਖਾ, ਭਲਿਆ ਲੋਕਾ," ਉਹਨੇ ਆਖਿਆ।

ਕਿਸਾਨ ਨੇ ਇਕ ਪੂੜਾ ਖਾਧਾ ਤੇ ਦੋ ਜਾਂ ਤਿੰਨ ਆਪਣੇ ਝੋਲੇ ਵਿਚ ਤਿਲਕਾ ਲਏ, ਇਕ ਹੋਰ ਖਾਧਾ ਤੇ ਦੋ ਤਿੰਨ ਫੇਰ ਆਪਣੀ ਵਹੁਟੀ ਕੋਲੋਂ ਅੱਖ ਬਚਾ ਕੇ ਆਪਣੇ ਝੋਲੇ ਵਿਚ ਤਿਲਕਾ ਲਏ।

"ਅੱਜ ਤਾਂ ਪੂੜੇ ਤੂੰ ਹੜਪੀ ਜਾਨੈਂ! ਮੈਥੋਂ ਹੋਰ ਛੇਤੀ ਛੇਤੀ ਨਹੀਂ ਤਲੇ ਜਾਂਦੇ," ਉਹਦੀ ਵਹੁਟੀ ਨੇ ਆਖਿਆ।

"ਅਸੀਂ ਬਹੁਤ ਦੂਰ ਜਾਣਾ ਏਂ ਤੇ ਖ਼ਜ਼ਾਨਾ ਵੀ ਭਾਰਾ ਏ। ਇਸ ਕਰਕੇ ਮੈਨੂੰ ਰੱਜਕੇ ਖਾ ਲੈਣਾ ਚਾਹੀਦੈ।"

ਕਿਸਾਨ ਨੇ ਆਪਣਾ ਝੋਲਾ ਪੂੜਿਆਂ ਨਾਲ ਭਰ ਲਿਆ ਤੇ ਆਖਣ ਲਗਾ:

"ਲੈ, ਮੇਰਾ ਤਾਂ ਢਿੱਡ ਭਰ ਗਿਐ। ਹੁਣ ਤੂੰ ਵੀ ਕੁਝ ਖਾ ਲੈ ਤੇ ਫੇਰ ਆਪਾਂ ਚਲੀਏ। ਛੇਤੀ ਚਲਣਾ ਚਾਹੀਦੈ।"

ਕਿਸਾਨ ਦੀ ਵਹੁਟੀ ਨੇ ਕਾਹਲੀ ਕਾਹਲੀ ਪੂੜੇ ਖਾਧੇ ਤੇ ਉਹ ਖ਼ਜ਼ਾਨਾ ਲੈਣ ਤੁਰ ਪਏ।

ਇਸ ਵੇਲੇ ਹਨੇਰਾ ਘੁਪ ਹੋ ਗਿਆ ਹੋਇਆ ਸੀ। ਕਿਸਾਨ ਆਪਣੀ ਵਹੁਟੀ ਦੇ ਅੱਗੇ ਅੱਗੇ ਤੁਰਿਆ ਗਿਆ ਤੇ ਉਹ ਆਪਣੇ ਝੋਲੇ ਵਿਚੋਂ ਪੂੜੇ ਕੱਢੀ ਗਿਆ ਤੇ ਉਹਨਾਂ ਨੂੰ ਰੁਖਾਂ ਦੀਆਂ ਟਾਹਣੀਆਂ ਨਾਲ ਅੜੁੰਗੀ ਗਿਆ।

ਥੋੜੇ ਚਿਰ ਮਗਰੋਂ ਉਹਦੀ ਵਹੁਟੀ ਨੇ ਪੂੜੇ ਵੇਖ ਲਏ।

"ਵੇਖੇਂ ਨਾ, ਰੁੱਖਾਂ ਨਾਲ ਪੂੜੇ ਲੱਗੇ ਹੋਏ ਨੇ!"

"ਵੇਖਾਂ ਕੀ?" ਉਹਦੇ ਘਰ ਵਾਲੇ ਨੇ ਆਖਿਆ। "ਤੂੰ ਵੇਖਿਆ ਨਹੀਂ ਸੀ ਹੁਣੇ ਪੂੜਿਆਂ ਦਾ ਮੀਂਹ ਵਰ੍ਹਿਆ ਸੀ?"

"ਨਹੀਂ, ਮੇਰੀ ਨਜ਼ਰ ਹੇਠਾਂ ਵੱਲ ਸੀ ਕਿ ਕਿਧਰੇ ਕਿਸੇ ਮੁੱਢੀ ਨਾਲ ਠੇਡਾ ਨਾ ਖਾ ਜਾਵਾਂ।"

"ਐਥੇ ਮੈਂ ਖ਼ਰਗੋਸ਼ਾਂ ਵਾਸਤੇ ਕੁੜਿਕੀ ਲਾਈ ਏ," ਕਿਸਾਨ ਨੇ ਆਖਿਆ। "ਚਲ ਰਤਾ ਵੇਖ ਚਲੀਏ।"

ਸੋ ਉਹ ਕੁੜਿਕੀ ਕੋਲ ਆ ਗਏ ਤੇ ਕਿਸਾਨ ਨੇ ਪਾਈਕ ਮੱਛੀ ਬਾਹਰ ਕੱਢੀ।

"ਏਸ ਕੁੜਿਕੀ ਵਿਚ ਮੱਛੀ ਕਿਵੇਂ ਆ ਗਈ?" ਉਹਦੀ ਵਹੁਟੀ ਨੇ ਪੁਛਿਆ।

"ਤੇਨੂੰ ਨਹੀਂ ਪਤਾ? ਪਾਣੀ ਦੀਆਂ ਪਾਈਕ ਵੀ ਹੁੰਦੀਆਂ ਨੇ ਤੇ ਜ਼ਮੀਨੀ ਵੀ।"

"ਅਜੀਬ ਗੱਲ ਏ! ਜੇ ਮੈਂ ਆਪਣੀ ਅੱਖੀਂ ਨਾ ਵੇਖਿਆ ਹੁੰਦਾ ਮੈਨੂੰ ਕਦੇ ਯਕੀਨ ਨਾ ਆਉਂਦਾ!"

ਉਹ ਦਰਿਆ ਤੇ ਆ ਗਏ। "ਐਥੇ ਕਿਤੇ ਤੇਰਾ ਜਾਲ ਲੱਗਾ ਹੋਣਾ ਏ," ਕਿਸਾਨ ਦੀ ਘਰ ਵਾਲੀ ਨੇ ਕਿਹਾ। "ਚਲ ਏਹਦੇ ਤੇ ਨਜ਼ਰ ਮਾਰ ਚਲੀਏ।"

ਸੋ ਉਹਨਾਂ ਨੇ ਜਾਲ ਬਾਹਰ ਖਿਚਿਆ ਤੇ ਇਹਦੇ ਵਿਚ ਇਕ ਖ਼ਰਗੋਸ਼ ਸੀ।

"ਹੇ ਪ੍ਰਮਾਤਮਾ!" ਉਹਦੀ ਘਰ ਵਾਲੀ ਕੂਕੀ। "ਕਿਹੋ ਜਿਹਾ ਅਲੋਕਾਰ ਦਿਨ ਏ ਅਜ ਦਾ! ਮੱਛੀ ਦੇ ਜਾਲ ਵਿਚ ਫਸਿਆ ਖ਼ਰਗੋਸ਼ ਕੋਈ ਸੋਚ ਸਕਦੈ!"

"ਟੈਂ ਟੈਂ ਕਿਉਂ ਕਰਦੀ ਐਂ? ਜਿਵੇਂ ਤੂੰ ਉਮਰ ਭਰ ਪਾਣੀ ਦੇ ਖ਼ਰਗੋਸ਼ ਹੀ ਨਾ ਵੇਖੇ ਹੋਣ!" ਉਹਦਾ ਘਰ ਵਾਲਾ ਬੋਲਿਆ।

"ਝੂਠ ਕੀ ਏ। ਮੈਂ ਤਾਂ ਕਦੇ ਨਹੀਂ ਵੇਖੇ।"

ਏਨੇ ਚਿਰ ਵਿਚ ਉਹ ਉਸ ਥਾਂ ਆ ਗਏ ਸਨ ਜਿਥੇ ਖ਼ਜ਼ਾਨਾ ਦਬਿਆ ਹੋਇਆ ਸੀ। ਕਿਸਾਨ ਨੇ ਮਿਟੀ ਪੁਟਕੇ ਸੋਨਾ ਕਢਿਆ, ਜਿੱਨਾ ਜਿੱਨਾ ਉਹ ਚੁਕ ਸਕਦੇ ਸੀ ਉਹਨਾਂ ਸਾਂਭ ਲਿਆ, ਤੇ ਉਹ ਘਰ ਨੂੰ ਤੁਰ ਪਏ।

ਰਾਹ ਜਾਗੀਰਦਾਰ ਦੇ ਘਰ ਦੇ ਕੋਲੋਂ ਦੀ ਲੰਘਦਾ ਸੀ। ਜਦੋਂ ਉਹ ਇਸ ਦੇ ਨੇੜੇ ਆਏ, ਤਾਂ ਉਹਨਾਂ ਨੇ ਇਕ ਭੇਡ ਨੂੰ ਮਮਿਆਉਂਦੇ ਸੁਣਿਆ: "ਬਾਂ... ਬਾਂ... ਬਾਂ..."

"ਹੈਂ, ਇਹ ਕੀ, ਮੇਰਾ ਤਾਂ ਸਾਹ ਹੀ ਸੁਕ ਗਿਐ!" ਕਿਸਾਨ ਦੀ ਵਹੁਟੀ ਨੇ ਙੁਸਰ ਙੁਸਰ ਕੀਤਾ।

"ਭਜ ਚਲ ਛੇਤੀ। ਭੂਤ ਸਾਡੇ ਮਾਲਕ ਦਾ ਗਲ ਘੁਟ ਰਹੇ ਨੇ। ਕਿਤੇ ਵੇਖ ਨਾ ਲੈਣ ਸਾਨੂੰ!"

ਤੇ ਉਹ ਸਾਹੋ ਸਾਹ ਹੋਏ ਘਰ ਆ ਗਏ।

ਕਿਸਾਨ ਨੇ ਸੋਨਾ ਲੁਕਾਇਆ ਤੇ ਉਹ ਮੰਜਿਆਂ ਤੇ ਪੈ ਗਏ।

"ਵੇਖੀਂ ਇਸ ਖ਼ਜ਼ਾਨੇ ਦੀ ਕਿਸੇ ਕੋਲ ਗੱਲ ਨਾ ਕਰੀਂ, ਤਾਤੀਆਨਾ, ਨਹੀਂ ਤਾਂ ਅਸੀਂ ਬਿਪਤਾ ਵਿਚ ਪੈ ਜਾਵਾਂਗੇ।"

"ਰੱਬ ਰੱਬ ਕਰ, ਭਲਿਆ ਲੋਕਾ, ਮਜਾਲ ਏ ਹਵਾੜ ਵੀ ਕੱਢ ਜਾਵਾਂ!"

ਅਗਲੇ ਦਿਨ ਉਹ ਚਿਰਾਕੇ ਸੌਂ ਕੇ ਉਠੇ।

ਕਿਸਾਨ ਦੀ ਵਹੁਟੀ ਨੇ ਸਟੋਵ ਭਖਾਇਆ, ਆਪਣੀਆਂ ਬਾਲਟੀਆਂ ਚੁੱਕੀਆਂ ਤੇ ਖੂਹ ਤੋਂ ਪਾਣੀ ਲੈਣ ਤੁਰ ਪਈ।

ਖੂਹ ਤੇ ਉਹਦੀਆਂ ਗੁਆਢਣਾਂ ਨੇ ਆਖਿਆ:

"ਅੱਜ ਏਡਾ ਚਿਰਾਕਾ ਕਿਉਂ ਭਖਾਇਆ ਸਟੋਵ, ਤਾਤੀਆਨਾ?"

"ਕੀ ਦੱਸਾਂ। ਸਾਰੀ ਰਾਤ ਮੈਂ ਬਾਹਰ ਰਹੀ, ਇਸ ਕਰਕੇ ਚਿਰਾਕੀ ਉਠੀ ਸੌਂ ਕੇ।"

"ਕੀ ਕਰਦੀ ਰਹੀ ਬਾਹਰ ਸਾਰੀ ਰਾਤ?"

"ਮੇਰੇ ਖੌਂਦ ਨੂੰ ਦਬਿਆ ਖਜ਼ਾਨਾ ਲਭਿਆ ਸੀ, ਸੋ ਅਸੀਂ ਰਾਤ ਖਜ਼ਾਨਾ ਲੈਣ ਚਲੇ ਗਏ।"

ਉਸ ਦਿਨ ਸਾਰੀ ਦਿਹਾੜੀ ਪਿੰਡ ਵਿਚ ਇਹੋ ਗੱਲਾਂ ਹੁੰਦੀਆਂ ਰਹੀਆਂ: "ਤਾਤੀਆਨਾ ਤੇ ਉਹਦੇ ਖੌਂਦ ਨੂੰ ਦਬਿਆ ਖਜ਼ਾਨਾ ਲਭਿਐ, ਤੇ ਉਹ ਦੋ ਵੱਡੀਆਂ ਬੋਰੀਆਂ ਵਿਚ ਦੌਲਤ ਭਰ ਕੇ ਘਰ ਲਿਆਏ ਨੇ।"

ਓਸੇ ਦਿਨ ਤ੍ਰਿਕਾਲਾਂ ਨੂੰ ਖਬਰ ਜਾਗੀਰਦਾਰ ਕੋਲ ਪਹੁੰਚ ਗਈ। ਉਸ ਨੇ ਕਿਸਾਨ ਨੂੰ ਸੱਦ ਘਲਿਆ।

"ਤੂੰ ਮੈਨੂੰ ਦਸਿਆ ਕਿਉਂ ਨਹੀਂ ਪਈ ਤੈਨੂੰ ਖਜ਼ਾਨਾ ਲਭਿਐ?"

"ਖਜ਼ਾਨਾ? ਮੈਨੂੰ ਤਾਂ ਕਿਸੇ ਖਜ਼ਾਨੇ ਦੀ ਖਬਰ ਨਹੀਂ," ਕਿਸਾਨ ਨੇ ਆਖਿਆ।

"ਸੱਚ ਸੱਚ ਦਸ ਦੇ!" ਮਾਲਕ ਕੜਕਿਆ। "ਮੈਨੂੰ ਸਭ ਕੁਝ ਪਤਾ ਏ—ਤੇਰੀ ਆਪਣੀ ਵਹੁਟੀ ਹਰ ਇਕ ਨੂੰ ਦਸਦੀ ਫਿਰਦੀ ਏ।"

"ਹੱਛਾ, ਪਰ ਉਹਦਾ ਤਾਂ ਦਿਮਾਗ਼ ਠੀਕ ਨਹੀਂ। ਉਹ ਏਹੋ ਜਿਹੀਆਂ ਗੱਲਾਂ ਦਸਦੀ ਏ ਕਿ ਬੰਦਾ ਕਦੇ ਸੁਫਨਾ ਨਹੀਂ ਲੈ ਸਕਦਾ।"

"ਵੇਖ ਲੈਨੇ ਆਂ ਅਸੀਂ!"

ਤੇ ਮਾਲਕ ਨੇ ਤਾਤੀਆਨਾ ਨੂੰ ਸਦ ਘਲਿਆ।

"ਤੇਰੇ ਖੌਂਦ ਨੂੰ ਖਜ਼ਾਨਾ ਲਭਿਐ?"

"ਹਾਂ, ਸਰਦਾਰ, ਲਭਿਐ।"

"ਤੁਸੀਂ ਦੋਵੇਂ ਰਾਤੀਂ ਖ਼ਜ਼ਾਨਾ ਘਰ ਲਿਆਉਣ ਗਏ ਸਓ?"

"ਹਾਂ, ਸਰਦਾਰ, ਗਏ ਸਾਂ।"

"ਸਾਰੀ ਗੱਲ ਦਸ ਮੈਨੂੰ ਏਹਦੇ ਬਾਰੇ।"

"ਪਹਿਲਾਂ ਅਸੀਂ ਜੰਗਲ ਵਿਚੋਂ ਲੰਘੇ, ਤੇ ਓਥੇ ਸਾਰੇ ਰੁੱਖਾਂ ਉਤੇ ਪੂੜੇ ਲੱਗੇ ਵੇਖੇ।"

"ਪੂੜੇ?"

"ਹਾਂ, ਸਰਦਾਰ। ਵੇਖੋ ਨਾ, ਪੂੜਿਆਂ ਦਾ ਮੀਂਹ ਵਰ੍ਹਿਆ ਸੀ। ਫੇਰ ਅਸੀਂ ਖ਼ਰਗੋਸ਼ ਦੀ ਕੁੜਿਕੀ ਵੇਖੀ ਤੇ ਏਹਦੇ ਵਿਚੋਂ ਇਕ ਪਾਈਕ ਮੱਛੀ ਲਭੀ। ਅਸੀਂ ਮੱਛੀ ਬਾਹਰ ਕੱਢ ਲਈ ਤੇ ਅਗਾਂਹ ਤੁਰ ਪਏ। ਫੇਰ ਅਸੀਂ ਦਰਿਆ ਤੇ ਆ ਗਏ ਤੇ ਜਾਲ ਨੂੰ ਬਾਹਰ ਖਿਚਿਆ ਤੇ ਵੇਖਿਆ, ਏਹਦੇ ਵਿੱਚ ਇਕ ਖ਼ਰਗੋਸ਼ ਫਸਿਆ ਹੋਇਆ ਸੀ। ਸੋ ਅਸੀਂ ਖ਼ਰਗੋਸ਼ ਨੂੰ ਬਾਹਰ ਕੱਢ ਲਿਆ। ਤੇ ਦਰਿਆ ਦੇ ਕੋਲ ਹੀ ਮੇਰੇ ਖੌਂਦ ਨੇ ਜ਼ਮੀਨ ਵਿਚੋਂ ਖ਼ਜ਼ਾਨਾ ਪੁਟ ਕਢਿਆ। ਅਸੀਂ ਸੋਨੇ ਦੀ ਭਰੀ ਇਕ ਇਕ ਬੋਰੀ ਚੁੱਕੀ ਤੇ ਵਾਪਸ ਆ ਗਏ, ਅਤੇ ਅਸੀਂ ਤੁਹਾਡੇ ਮਕਾਨ ਕੋਲੋਂ ਦੀ ਉਸ ਵੇਲੇ ਲੰਘੇ ਸਾਂ ਜਦੋਂ ਭੂਤ ਤੁਹਾਡਾ ਗਲਾ ਘੁਟ ਰਹੇ ਸੀ।"

ਇਹ ਸੁਣਕੇ ਮਾਲਕ ਨੂੰ ਗੁੱਸਾ ਆ ਗਿਆ। ਉਸ ਨੇ ਆਪਣਾ ਪੈਰ ਚੁਕ ਕੇ ਜ਼ੋਰ ਦੀ ਜ਼ਮੀਨ ਤੇ ਮਾਰਿਆ ਤੇ ਕੜਕਿਆ:

"ਦਫਾ ਹੋ ਜਾ ਏਥੋਂ, ਮੂਰਖੇ ਕਿਸੇ ਥਾਂ ਦੀਏ!"

"ਲਓ," ਉਹਦਾ ਘਰ ਵਾਲਾ ਬੋਲਿਆ, "ਵੇਖ ਲਿਆ ਜੇ ਨਾ ਇਹਦਾ ਦਿਮਾਗ਼ ਫਿਰ ਗਿਐ। ਜਿਊਣਾ ਹਰਾਮ ਹੋ ਗਿਐ ਮੇਰਾ ਤਾਂ।"

"ਯਕੀਨ ਕਰਨ ਵਾਲੀ ਗੱਲ ਏ। ਜਾ ਤੂੰ ਘਰ ਨੂੰ," ਮਾਲਕ ਨੇ ਉਸ ਨੂੰ ਹੱਥ ਹਿਲਾ ਕੇ ਅਲਵਿਦਾ ਆਖੀ।

ਕਿਸਾਨ ਘਰ ਆ ਗਿਆ ਤੇ ਖ਼ੁਸ਼ੀ ਖ਼ੁਸ਼ੀ ਰਹਿਣ ਲਗਾ। ਅੱਜ ਵੀ ਉਹ ਖ਼ੁਸ਼ ਏ ਤੇ ਜਾਗੀਰਦਾਰ ਨਾਲ ਕੀਤੇ ਮਖੌਲ ਦਾ ਸਵਾਦ ਲੈਂਦਾ ਰਹਿੰਦਾ ਏ।

ਗਰੀਬ ਆਦਮੀ ਨੇ ਆਪਣੇ ਮਾਲਕ ਨਾਲ ਰੋਟੀ ਕਿਵੇਂ ਖਾਧੀ

ਇਕ ਐਤਵਾਰ ਉਜਲੀ ਸਵੇਰ ਵੇਲੇ ਕੁਝ ਕਿਸਾਨ ਬਰੂਹਾਂ ਦੇ ਬਾਹਰ ਥੜੇ ਉਤੇ ਬੈਠੇ ਏਧਰ ਓਧਰ ਦੀਆਂ ਗੱਲਾਂ ਗੱਪਾਂ ਮਾਰ ਰਹੇ ਸਨ।

ਪਿੰਡ ਦਾ ਦੁਕਾਨਦਾਰ ਉਹਨਾਂ ਦੇ ਕੋਲ ਆ ਗਿਆ ਤੇ ਫੜਾਂ ਮਾਰਨ ਲੱਗਾ ਕਿ ਉਹ ਇਹ ਹੈ, ਔਹ ਹੈ, ਆਹ ਹੈ, ਤੇ ਉਹ ਮਾਲਕ ਦੇ ਆਪਣੇ ਕਮਰਿਆਂ ਵਿੱਚ ਵੀ ਜਾ ਚੁਕਿਆ ਹੈ।

ਉਥੇ ਬੈਠੇ ਕਿਸਾਨਾਂ ਵਿਚੋਂ, ਸਭ ਤੋਂ ਗਰੀਬ ਨੇ ਟਿੱਚਰ ਕੀਤੀ।

"ਹੂੰ, ਇਹ ਤਾਂ ਕੁਝ ਵੀ ਨਹੀਂ, ਮੈਂ ਜੇ ਚਾਹਵਾਂ ਤਾਂ ਮਾਲਕ ਨਾਲ ਬਹਿ ਕੇ ਰੋਟੀ ਖਾ ਸਕਦਾਂ।"

"ਕੀ ਕਿਹਾ—ਮਾਲਕ ਨਾਲ ਤੂੰ ਰੋਟੀ ਖਾ ਲਵੇਂ? ਆਪਣੀ ਸਾਰੀ ਉਮਰ ਵਿਚ ਕਦੇ ਵੀ ਨਾ!" ਅਮੀਰ ਦੁਕਾਨਦਾਰ ਚੀਕਿਆ।

"ਪਰ ਮੈਂ ਖਾ ਸਕਦਾਂ। ਇਹ ਗੱਲ ਸਾਬਤ ਕਰ ਸਕਦਾਂ।"

"ਨਹੀਂ, ਤੂੰ ਨਹੀਂ ਖਾ ਸਕਣ ਲਗਾ।"

ਉਹਨਾਂ ਦੀ ਬਹਿਸ ਛਿੜ ਪਈ ਤੇ ਅਖੀਰ ਗਰੀਬ ਆਦਮੀ ਬੋਲਿਆ :

"ਸ਼ਰਤ ਲਗ ਜਾਏ ! ਜੇ ਮੈਂ ਮਾਲਕ ਨਾਲ ਬਹਿਕੇ ਰੋਟੀ ਖਾ ਲਈ ਤਾਂ ਤੇਰਾ ਮੁਸ਼ਕੀ ਤੇ ਲਾਖਾ ਘੋੜਾ ਮੇਰੇ ਹੋਏ ; ਜੇ ਨਾ ਖਾਧੀ ਤਿੰਨ ਸਾਲ ਬਿਨਾਂ ਤਨਖਾਹ ਤੇਰੀ ਨੌਕਰੀ ਕਰੂੰ।"

ਦੁਕਾਨਦਾਰ ਢਾਡਾ ਖੁਸ਼ ਹੋਇਆ।

"ਬਹੁਤ ਹੱਛਾ। ਮੈਂ ਮੁਸ਼ਕੀ ਤੇ ਲਾਖਾ ਘੋੜਾ ਦੇ ਦਊਂ ਤੇ ਵਛੀ ਝੂੰਗੇ ਵਿਚ। ਆਹ ਸਾਰੇ ਭਲੇ ਮਾਣਸ ਗਵਾਹ ਰਹੇ।"

ਤੇ ਉਹਨਾਂ ਦੋਹਾਂ ਨੇ ਗਵਾਹਾਂ ਦੇ ਸਾਮ੍ਹਣੇ ਹੱਥ ਮਿਲਾਏ।

ਗਰੀਬ ਆਦਮੀ ਮਾਲਕ ਕੋਲ ਗਿਆ।

"ਇਕ ਗੱਲ ਪੁਛਣੀ ਸੀ ਤੁਹਾਡੇ ਕੋਲੋਂ ਓਹਲੇ ਨਾਲ—ਮੇਰੀ ਟੋਪੀ ਜੇਡੀ ਸੋਨੇ ਦੀ ਡਲੀ ਦਾ ਕੀ ਮੁਲ ਹੋਊ ਭਲਾ ?"

ਮਾਲਕ ਨੇ ਕੋਈ ਜਵਾਬ ਨਹੀਂ ਦਿਤਾ। ਉਹਨੇ ਸਿਰਫ ਆਪਣੇ ਹੱਥ ਤੇ ਹੱਥ ਮਾਰਿਆ।

"ਕੋਈ ਹੈ ਏਥੇ ! ਏਹਦੇ ਤੇ ਮੇਰੇ ਵਾਸਤੇ ਕੁਝ ਪੀਣ ਨੂੰ ਲਿਆਓ ! ਛੇਤੀ ਕਰੋ। ਤੇ ਰੋਟੀ ਵੀ ਰੱਖ ਦਿਓ ਸਾਡੇ ਲਈ। ਬਹਿ ਜਾ, ਬਹਿ ਜਾ, ਸਜਣਾ, ਆਪਣਾ ਘਰ ਸਮਝ। ਹਿੰਮਤ ਕਰ ਤੇ ਖਾ ਪੀ ਜੋ ਕੁਝ ਪਿਐ ਮੇਜ਼ ਉਤੇ !"

ਮਾਲਕ ਨੇ ਗਰੀਬ ਆਦਮੀ ਨੂੰ ਉਵੇਂ ਹੀ ਖੁਆਇਆ ਪਿਆਇਆ ਜਿਵੇਂ ਉਹ ਆਪਣੇ ਪਤਵੰਤੇ ਪ੍ਰਾਹੁਣਿਆਂ ਨੂੰ ਖੁਆਉਂਦਾ ਪਿਆਉਂਦਾ ਸੀ ਤੇ ਸਾਰਾ ਵਕਤ ਉਹਨੂੰ ਅਚਵੀ ਜਿਹੀ ਲਗੀ ਰਹੀ। ਉਹਦੀ ਬਸ ਏਹੋ ਇੱਛਾ ਸੀ ਕਿ ਸੋਨੇ ਦੀ ਡਲੀ ਉਹਦੇ ਹੱਥ ਆ ਜਾਵੇ।

"ਲੈ ਹੁਣ ਵਗਿਆ ਜਾ, ਜਵਾਨਾ, ਤੇ ਡਲੀ ਫੜ ਲਿਆ। ਮੈਂ ਤੈਨੂੰ ਇਕ ਪੂਡ ਆਟਾ ਦੇਵਾਂਗਾ ਤੇ ਨਾਲ ਕੁਝ ਚਾਂਦੀ ਦੇ ਸਿੱਕੇ ਵੀ।"

"ਪਰ ਮੇਰੇ ਕੋਲ ਤਾਂ ਕੋਈ ਡਲੀ ਨਹੀਂ। ਮੈਂ ਤਾਂ ਐਵੇਂ ਪੁਛ ਰਿਹਾ ਸਾਂ ਪਈ ਮੇਰੀ ਟੋਪੀ ਜੇਡੀ ਡਲੀ ਦਾ ਕੀ ਮੁਲ ਹੋਊ।"

ਮਾਲਕ ਲੋਹੇ ਲਾਖਾ ਹੋ ਗਿਆ।

"ਦਫਾ ਹੋ ਜਾ ਏਥੋਂ, ਉਲੂਆ ਕਿਸੇ ਥਾਂ ਦਿਆ !"

"ਮੈਂ ਕਿਵੇਂ ਉਲੂ ਹੋਇਆ ਜਦੋਂ ਤੁਸਾਂ ਆਪ ਮੇਰੇ ਨਾਲ ਪਤਵੰਤੇ ਪ੍ਰਾਹੁਣਿਆਂ ਵਰਗਾ ਸਲੂਕ ਕੀਤੈ ਤੇ ਦੁਕਾਨਦਾਰ ਨੂੰ ਇਸ ਖਾਣੇ ਦੇ ਬਦਲੇ ਵਿਚ ਦੋ ਘੋੜੇ ਤੇ ਵਛੀ ਮੈਨੂੰ ਦੇਣੇ ਪੈਣੇ ਨੇ ?"

ਤੇ ਖੁਸ਼ੀ ਨਾਲ ਘਰ ਮੁੜਕੇ ਕਿਸਾਨ ਦੀ ਜ਼ਮੀਨ ਤੇ ਅੱਡੀ ਨਹੀਂ ਸੀ ਲਗਦੀ।

ਮੁਥਾਜੀ

ਇਕ ਵਾਰ ਦੀ ਗੱਲ ਹੈ, ਇਕ ਛੋਟੇ ਜਿਹੇ ਪਿੰਡ ਵਿਚ ਦੋ ਕਿਸਾਨ ਰਹਿੰਦੇ ਸਨ। ਉਹ ਦੋਵੇਂ ਭਰਾ ਸਨ ਤੇ ਇਹਨਾਂ ਵਿਚੋਂ ਇਕ ਅਮੀਰ ਸੀ ਤੇ ਦੂਜਾ ਗਰੀਬ। ਅਮੀਰ ਭਰਾ ਸ਼ਹਿਰ ਚਲਾ ਗਿਆ ਤੇ ਉਥੇ ਉਹਨੇ ਆਪਣੇਂ ਵਾਸਤੇ ਇਕ ਵੱਡਾ ਸਾਰਾ ਮਕਾਨ ਬਣਵਾਇਆ ਤੇ ਵਪਾਰ ਕਰਨ ਲਗ ਪਿਆ। ਪਰ ਗਰੀਬ ਭਰਾ ਕੋਲ ਕਈ ਵਾਰੀ ਖਾਣ ਨੂੰ ਰੋਟੀ ਤੱਕ ਨਾ ਹੁੰਦੀ। ਤੇ ਉਹਦੇ ਨਿੱਕੇ ਨਿੱਕੇ ਨਿਆਣੇ ਸਦਾ ਕੁਝ ਖਾਣ ਨੂੰ ਮੰਗਦੇ, ਰੋਂਦੇ ਕੁਰਲਾਉਂਦੇ ਰਹਿੰਦੇ। ਸਵੇਰ ਤੋਂ ਲੈਕੇ ਰਾਤ ਤੱਕ ਗਰੀਬ ਆਦਮੀ ਬਰਫ ਨਾਲ ਟੱਕਰਾਂ ਮਾਰਦੀ ਮੱਛੀ ਵਾਂਗੂੰ ਜਦੋਜਹਿਦ ਕਰਦਾ, ਪਰ ਉਸ ਦੇ ਹੱਥ ਪੱਲੇ ਕੁਝ ਨਾ ਆਉਂਦਾ।

ਇਕ ਦਿਨ ਸਵੇਰੇ ਉਹਨੇ ਆਪਣੀ ਵਹੁਟੀ ਨੂੰ ਆਖਿਆ:

"ਮੈਂ ਸੋਚਦਾਂ, ਮੈਂ ਸ਼ਹਿਰ ਜਾਵਾਂ ਤੇ ਆਪਣੇ ਭਰਾ ਨੂੰ ਪੁਛਾਂ, ਸ਼ਾਇਦ ਉਹ ਸਾਡੀ ਕੋਈ ਸਦਦ ਕਰ ਸਕੇ।"

ਤੇ ਉਹ ਅਮੀਰ ਆਦਮੀ ਕੋਲ ਆ ਗਿਆ।

"ਹਾਏ, ਮੇਰਿਆ ਭਰਾਵਾ," ਉਸ ਨੇ ਆਖਿਆ, "ਲੋੜ ਵੇਲੇ ਮੇਰੀ ਕੁਝ ਮਦਦ ਕਰ! ਮੇਰੇ ਘਰ ਤਾਂ ਬਾਲ ਬੱਚੇ ਦੇ ਖਾਣ ਜੋਗਾ ਟੁੱਕਰ ਵੀ ਨਹੀਂ, ਤੇ ਉਹ ਕਈ ਦਿਨਾਂ ਦੇ ਭੁੱਖੇ ਬੈਠੇ ਹੋਏ ਆ।"

"ਆਹ ਹਫਤਾ ਮੇਰੇ ਕੋਲ ਕੰਮ ਕਰ, ਤੇ ਫੇਰ ਮੈਂ ਮਦਦ ਕਰੂੰ।"

ਖੈਰ, ਵਿਚਾਰਾ ਗਰੀਬ ਆਦਮੀ ਕੀ ਕਰਦਾ? ਉਹ ਕੰਮ ਕਰਨ ਜੁਟ ਪਿਆ। ਉਹ ਬਾਲਣ ਵਾਸਤੇ ਲਕੜਾਂ ਪਾੜਦਾ, ਤੇ ਪਾਣੀ ਭਰਦਾ, ਨਾਲੇ ਉਹ ਘੋੜਿਆਂ ਨੂੰ ਖਰਖਰਾ ਕਰਦਾ ਤੇ ਵਿਹੜੇ ਵਿਚ ਝਾੜੂ ਦੇਂਦਾ।

ਹਫਤੇ ਦੇ ਅਖੀਰ ਅਮੀਰ ਭਰਾ ਨੇ ਉਹਨੂੰ ਰੋਟੀ ਦਾ ਇਕ ਟੁਕੜਾ ਦੇ ਦਿਤਾ।

"ਆਹ ਏ ਤੇਰੇ ਕੰਮ ਦੀ ਮਜ਼ਦੂਰੀ," ਉਹਨੇ ਆਖਿਆ।

"ਸ਼ੁਕਰੀਆ, ਭਰਾਵਾ, ਕੁਝ ਨਾ ਹੋਣ ਨਾਲੋਂ ਤਾਂ ਚੰਗਾ ਏ।" ਗਰੀਬ ਆਦਮੀ ਨੇ ਝੁਕ ਕੇ ਸਲਾਮ ਕੀਤਾ ਤੇ ਉਹ ਜਾਣ ਹੀ ਲਗਾ ਸੀ ਕਿ ਅਮੀਰ ਆਦਮੀ ਨੇ ਉਹਨੂੰ ਵਾਜ ਮਾਰੀ:

"ਖਲੋ ਜਾਈਂ ਪਲ ਕੁ, ਭਰਾਵਾ! ਭਲਕੇ ਮੇਰੇ ਘਰ ਦਾਅਵਤ ਤੇ ਆਵੀਂ, ਨਾਲੇ ਆਪਣੀ ਵਹੁਟੀ ਨੂੰ ਵੀ ਲਿਆਵੀਂ। ਪਤਾ ਈ, ਭਲਕੇ ਮੇਰਾ ਜਨਮ ਦਿਨ ਏ।"

"ਅਫਸੋਸ, ਭਰਾਵਾ, ਮੈਂ ਕਿੱਦਾਂ ਆ ਸਕਦਾਂ! ਤੂੰ ਆਪ ਜਾਣਦਾ ਏਂ ਚੰਗੀ ਤਰ੍ਹਾਂ—ਤੇਰੇ ਜਨਮ ਦਿਨ ਤੇ ਵਪਾਰੀ ਆਉਣਗੇ, ਸਭਨਾਂ ਨੇ ਸੁਹਣੇ ਸੁਹਣੇ ਬੂਟ ਤੇ ਫਰ ਦੇ ਕੋਟ ਪਾਏ ਹੋਣਗੇ. ਤੇ ਮੈਂ ਤਾਂ ਪੱਠੇ ਦੀ ਜੁੱਤੀ ਤੇ ਪਾਟਾ ਪੁਰਾਣਾ ਕਾਫਤਾਨ ਪਾਈ ਫਿਰਦਾ ਆਂ।"

"ਓ, ਕੋਈ ਗੱਲ ਨਹੀਂ। ਆਵੀਂ ਤੂੰ, ਤੇ ਅਸੀਂ ਤੇਰੇ ਵਾਸਤੇ ਵੀ ਥਾਂ ਬਣਾ ਲਵਾਂਗੇ," ਅਮੀਰ ਆਦਮੀ ਨੇ ਆਖਿਆ।

"ਠੀਕ ਏ, ਪਿਆਰੇ ਭਰਾਵਾ, ਮੈਂ ਆਊਂ," ਉਹਦੇ ਭਰਾ ਨੇ ਜਵਾਬ ਦਿਤਾ।

ਗਰੀਬ ਆਦਮੀ ਘਰ ਆਇਆ, ਤੇ ਉਹਨੇ ਰੋਟੀ ਦਾ ਟੁਕੜਾ ਆਪਣੀ ਵਹੁਟੀ ਨੂੰ ਦਿਤਾ ਤੇ ਉਹਨੂੰ ਆਖਿਆ:

"ਸੁਣਦੀ ਏਂ, ਭਲੀਏ ਲੋਕੇ, ਸਾਨੂੰ ਭਲਕੇ ਜਨਮ ਦਿਨ ਤੇ ਸੱਦਿਆ ਨੇ।"

"ਕੀ ਮਤਲਬ? ਕੀਹਦਾ ਜਨਮ ਦਿਨ?"

"ਭਲਕੇ ਮੇਰੇ ਭਰਾ ਦਾ ਜਨਮ ਦਿਨ ਏ ਤੇ ਉਹਨੇ ਸਾਨੂੰ ਵੀ ਸੱਦਾ ਦਿਤੈ।"

"ਠੀਕ ਏ ਫੇਰ, ਆਪਾਂ ਚਲੀਏ।"

ਸੋ ਅਗਲੀ ਸਵੇਰ ਉਹ ਸੌਂ ਕੇ ਉਠੇ ਤੇ ਸ਼ਹਿਰ ਨੂੰ ਤੁਰ ਪਏ। ਉਹ ਅਮੀਰ ਆਦਮੀ ਦੇ ਘਰ ਪਹੁੰਚ ਗਏ, ਤੇ ਉਹਨੂੰ ਜਨਮ ਦਿਨ ਦੀ ਵਧਾਈ ਦਿਤੀ, ਤੇ ਇਕ ਬੈਂਚ ਉਤੇ ਬਹਿ ਗਏ। ਬਹੁਤ ਸਾਰੇ ਅਮੀਰ ਪ੍ਰਾਹੁਣੇ ਪਹਿਲਾਂ ਹੀ ਮੇਜ਼ ਦੁਆਲੇ ਬੈਠੇ ਸਨ, ਤੇ ਮੇਜ਼ਬਾਨ ਨੇ ਉਹਨਾਂ ਦੀ ਰੱਜ ਕੇ

ਸੇਵਾ ਕੀਤੀ। ਪਰ ਗਰੀਬ ਆਦਮੀ ਤੇ ਉਹਦੀ ਵਹੁਟੀ ਦਾ ਉਹਨੂੰ ਇਕ ਵਾਰ ਵੀ ਚੇਤਾ ਨਾ ਆਇਆ, ਤੇ ਉਹਨੇ ਉਹਨਾਂ ਨੂੰ ਖਾਣ ਪੀਣ ਨੂੰ ਕੁਝ ਵੀ ਨਾ ਦਿਤਾ। ਸੋ ਉਹ ਕੀ ਕਰਦੇ ਬਸ ਬੈਠੇ ਰਹੇ ਤੇ ਦੂਜਿਆਂ ਨੂੰ ਖਾਂਦਿਆਂ ਪੀਂਦਿਆਂ ਵੇਖਦੇ ਰਹੇ।

ਕੁਝ ਚਿਰ ਮਗਰੋਂ ਦਾਅਵਤ ਖਤਮ ਹੋਈ ਤੇ ਮਹਿਮਾਨ ਆਪਣੇ ਮੇਜ਼ਬਾਨ ਤੇ ਉਹਦੀ ਘਰ ਵਾਲੀ ਦਾ ਸ਼ੁਕਰੀਆ ਅਦਾ ਕਰਦੇ ਹੋਏ ਮੇਜ਼ ਤੋਂ ਉਠਣ ਲੱਗੇ। ਗਰੀਬ ਆਦਮੀ ਵੀ ਖੜਾ ਹੋ ਗਿਆ, ਤੇ ਉਹਨੇ ਆਪਣੇ ਭਰਾ ਅੱਗੇ ਨਿਮਰਤਾ ਨਾਲ ਸਿਰ ਨਿਵਾ ਕੇ ਸਲਾਮ ਕੀਤਾ।

ਅਮੀਰ ਪ੍ਰਾਹੁਣੇ ਹਸਦੇ ਖੇਡਦੇ ਤੇ ਸ਼ਰਾਬੀ ਹੋਏ ਆਪੋ ਆਪਣੀਆਂ ਬੱਘੀਆਂ ਵਿਚ ਘਰਾਂ ਨੂੰ ਤੁਰ ਪਏ। ਉਹ ਰੌਲਾ ਗੌਲਾ ਪਾਉਂਦੇ ਤੇ ਗਾਉਂਦੇ ਜਾਂਦੇ ਸਨ। ਪਰ ਗਰੀਬ ਆਦਮੀ ਭੁਖਣ ਭਾਣਾ ਉਹਨਾਂ ਦੇ ਪਿਛੇ ਪਿਛੇ ਤੁਰ ਪਿਆ।

"ਚਲ, ਅਸੀਂ ਵੀ ਕੋਈ ਗੌਣ ਸ਼ੁਰੂ ਕਰੀਏ," ਉਹਨੇ ਆਪਣੀ ਵਹੁਟੀ ਨੂੰ ਆਖਿਆ।

"ਮੂਰਖ ਨਾ ਬਣ! ਲੋਕ ਤਾਂ ਇਸ ਕਰਕੇ ਗਾਉਂਦੇ ਨੇ ਪਈ ਉਹਨਾਂ ਰੱਜ ਕੇ ਖਾਧਾ ਪੀਤਾ ਏ। ਪਰ ਤੈਨੂੰ ਗਾਉਣ ਦੀ ਕਿਉਂ ਲਿਲ੍ਹ ਲੱਗੀ ਏ?"

"ਕਿਉਂ, ਮੈਂ ਆਪਣੇ ਭਰਾ ਦੇ ਜਨਮ ਦਿਨ ਤੋਂ ਆਇਆਂ, ਕਿ ਨਹੀਂ? ਗੀਤ ਨਾ ਗਾਉਣਾ ਮੇਰੇ ਲਈ ਸ਼ਰਮ ਦੀ ਗੱਲ ਏ। ਤੇ ਨਾਲੇ, ਜੇ ਮੈਂ ਗਾਉਂਦਾ ਹਾਂ, ਲੋਕ ਸਮਝਣਗੇ ਕਿ ਬਾਕੀਆਂ ਵਾਂਗ ਮੇਰੀ ਵੀ ਚੰਗੀ ਸੇਵਾ ਹੋਈ ਏ।"

"ਚੰਗਾ ਫੇਰ, ਤੂੰ ਗੌਂ ਜੇ ਜੀਅ ਕਰਦਾ ਈ, ਮੈਂ ਤਾਂ ਨਹੀਂ ਗਾਉਂਦੀ।"

ਸੋ ਉਹਨੇ ਗਾਉਣਾ ਸ਼ੁਰੂ ਕਰ ਦਿਤਾ, ਪਰ ਉਹਨੂੰ ਲਗਾ ਕਿ ਉਸ ਨੇ ਦੋ ਆਵਾਜ਼ਾਂ ਸੁਣੀਆਂ ਨੇ ਤੇ ਉਹ ਚੁਪ ਹੋ ਗਿਆ।

"ਗੱਲ ਸੁਣ, ਭਲੀਏ ਲੋਕੇ," ਉਸ ਨੇ ਪੁਛਿਆ, "ਮੇਰੀ ਆਵਾਜ਼ ਨਾਲ ਤੇਰੀ ਆਵਾਜ਼ ਸੀ ਚੀਕਵੀਂ ਜਿਹੀ?"

"ਕੀ ਹੋ ਗਿਐ ਤੈਨੂੰ? ਮੈਂ ਤਾਂ ਸੋਚਿਆ ਵੀ ਨਹੀਂ ਗਾਉਣ ਬਾਰੇ।"

"ਫੇਰ ਇਹ ਕੀਹਦੀ ਆਵਾਜ਼ ਸੀ?"

"ਮੈਂ ਕੀ ਜਾਣਾ?" ਤ੍ਰੀਮਤ ਨੇ ਆਖਿਆ। "ਫੇਰ ਗੌਂ, ਤੇ ਮੈਂ ਸੁਣਾਂਗੀ।"

ਸੋ ਉਸ ਨੇ ਮੁੜਕੇ ਗਾਉਣਾ ਸ਼ੁਰੂ ਕੀਤਾ ਤੇ ਇਹ ਪੱਥਰ ਤੇ ਲੀਕ ਸੀ ਕਿ ਗਾਉਣ ਵਾਲਾ ਉਹ ਕੱਲਾ ਹੀ ਸੀ, ਪਰ ਆਵਾਜ਼ਾਂ ਹਾਲੇ ਵੀ ਦੋ ਸੁਣਦੀਆਂ ਸਨ। ਉਹ ਫੇਰ ਚੁਪ ਹੋ ਗਿਆ ਤੇ ਪੁਛਣ ਲਗਾ:

"ਮੁਥਾਜੀ, ਮੁਥਾਜੀ, ਤੂੰ ਗਾਉਂਦੀ ਏ ਮੇਰੇ ਨਾਲ ਰਲਕੇ?"

"ਹਾਂ, ਮਾਲਕ," ਮੁਥਾਜੀ ਨੇ ਜਵਾਬ ਦਿਤਾ, "ਮੈਂ ਆਂ।"

"ਆ, ਫੇਰ, ਸਾਡੇ ਨਾਲ ਰਹਿ।"

"ਮੈਂ ਰਹਾਂਗੀ, ਮਾਲਕ, ਤੇ ਮੈਂ ਕਦੇ ਵੀ ਤੁਹਾਡਾ ਸਾਥ ਨਹੀਂ ਛਡਾਂਗੀ।"

ਸੋ ਕੁਝ ਚਿਰ ਮਗਰੋਂ ਉਹ ਘਰ ਪਹੁੰਚ ਗਿਆ, ਤੇ ਮੁਥਾਜੀ ਉਹਨੂੰ ਠੇਕੇ ਚਲਣ ਲਈ ਆਖਣ ਲੱਗੀ।

"ਨਹੀਂ," ਉਹਨੇ ਆਖਿਆ, "ਮੇਰੇ ਕੋਲ ਪੈਸੇ ਨਹੀਂ।"

"ਕਿਉਂ, ਪੈਸੇ ਅਸੀਂ ਕੀ ਕਰਨੇ ਆਂ? ਔਹ ਭੇਡ ਦੀ ਖੱਲ ਦਾ ਕੋਟ ਤਾਂ ਵੇਖ ਆਪਣਾ। ਹੁਣ ਏਹਦੀ ਤੈਨੂੰ ਲੋੜ ਤਾਂ ਹੈ ਨਹੀਂ। ਗਰਮੀਆਂ ਆਉਣ ਵਾਲੀਆਂ ਨੇ, ਤੇ ਤੂੰ ਹੁਣ ਏਹਨੂੰ ਪਾਉਣਾ ਨਹੀਂ। ਚਲ ਠੇਕੇ ਚਲੀਏ ਤੇ ਏਹਦੀ ਸ਼ਰਾਬ ਪੀਏ।"

ਸੋ ਗਰੀਬ ਆਦਮੀ ਤੇ ਮੁਥਾਜੀ ਠੇਕੇ ਨੂੰ ਤੁਰ ਪਏ ਤੇ ਉਹਨਾਂ ਭੇਡ ਦੀ ਖੱਲ ਦੇ ਪੁਰਾਣੇ ਕੋਟ ਦੀ ਸ਼ਰਾਬ ਪੀ ਲਈ।

ਅਗਲੇ ਦਿਨ ਮੁਥਾਜੀ ਨੂੰ ਟੋਟ ਨਾਲ ਸਿਰ ਪੀੜ ਹੋਣ ਲਗ ਪਈ ਤੇ ਉਹ ਲੱਗੀ ਹੂੰਘਣ ਕਰਾਹੁਣ। ਤੇ ਉਸ ਫੇਰ ਆਪਣੇ ਮਾਲਕ ਨੂੰ ਠੇਕੇ ਚਲਕੇ ਘੁਟ ਪੀਣ ਲਈ ਆਖਿਆ।

"ਪੈਸਾ ਕੋਈ ਨਹੀਂ," ਉਹਨੇ ਆਖਿਆ।

"ਕਿਉਂ, ਪੈਸੇ ਅਸੀਂ ਕੀ ਕਰਨੇ ਆਂ?" ਮੁਥਾਜੀ ਨੇ ਕਿਹਾ। "ਆਪਣਾ ਗੱਡਾ ਤੇ ਬਰਫ–ਗੱਡੀ ਲੈ ਚਲ, ਤੇ ਉਹਨਾਂ ਨਾਲ ਸਾਡਾ ਕੰਮ ਸਰ ਜਾਣੈ।"

ਕੁਝ ਨਹੀਂ ਸੀ ਕੀਤਾ ਜਾ ਸਕਦਾ—ਗਰੀਬ ਆਦਮੀ ਮੁਥਾਜੀ ਉਤੇ ਕਾਬੂ ਨਾ ਪਾ ਸਕਿਆ। ਸੋ ਉਹਨੇ ਆਪਣਾ ਗੱਡਾ ਤੇ ਬਰਫ–ਗੱਡੀ ਧੱਕ ਧੂਹ ਕੇ ਠੇਕੇ ਲੈ ਆਂਦੇ, ਤੇ ਉਹਨੇ ਤੇ ਮੁਥਾਜੀ ਨੇ ਉਹਨਾਂ ਦੀ ਸ਼ਰਾਬ ਪੀ ਲਈ।

ਅਗਲੀ ਭਲਕ ਮੁਥਾਜੀ ਹੋਰ ਵੀ ਬਹੁਤਾ ਹੂੰਘਣ ਤੇ ਕਰਾਹੁਣ ਲੱਗੀ ਤੇ ਉਹਨੇ ਮਾਲਕ ਨੂੰ ਸਿਰ ਪੀੜ ਦਾ ਇਲਾਜ ਕਰਨ ਲਈ ਆਖਿਆ। ਸੋ ਗਰੀਬ ਆਦਮੀ ਉਹਦੇ ਨਾਲ ਠੇਕੇ ਗਿਆ ਤੇ ਆਪਣੇ ਕਰਾਹੇ ਤੇ ਲਕੜ ਦੇ ਹਲ ਦੀ ਸ਼ਰਾਬ ਪੀ ਆਇਆ।

ਮਹੀਨੇ ਤੋਂ ਵੀ ਘਟ ਸਮੇਂ ਵਿਚ ਉਹਨੇ, ਜੋ ਕੁਝ ਕੋਲ ਸੀ, ਉਜਾੜ ਛਡਿਆ। ਏਥੋਂ ਤੱਕ ਕਿ ਆਪਣੀ ਝੁੱਗੀ ਵੀ ਉਸ ਗੁਆਂਢੀ ਕੋਲ ਗਹਿਣੇ ਰੱਖ ਦਿੱਤੀ ਤੇ ਰੁਪਿਆ ਠੇਕੇ ਜਾਕੇ ਸ਼ਰਾਬ ਵਿਚ ਰੋੜ੍ਹ ਦਿੱਤਾ।

ਮੁਥਾਜੀ ਅਜੇ ਵੀ ਉਹਦਾ ਖਹਿੜਾ ਨਹੀਂ ਸੀ ਛਡਦੀ ਤੇ ਉਹਨੂੰ ਠੇਕੇ ਜਾਣ ਲਈ ਤੁਖਣੀਆਂ ਦੇਂਦੀ ਰਹਿੰਦੀ।

"ਨਹੀਂ, ਮੁਥਾਜੀਏ, ਜੋ ਮਰਜ਼ੀ ਪਈ ਆਖ, ਹੁਣ ਸ਼ਰਾਬ ਪੀਣ ਨੂੰ ਕੱਖ ਨਹੀਂ ਰਹਿ ਗਿਆ।"

"ਕੱਖ ਕਿਉਂ ਨਹੀਂ? ਤੇਰੀ ਘਰ ਵਾਲੀ ਕੋਲ ਦੋ ਸਰਾਫਾਨ* ਨਹੀਂ? ਤੂੰ ਇਕ ਉਹਦੇ ਕੋਲ ਰਹਿਣ ਦੇ, ਤੇ ਦੂਜੇ ਦੀ ਆਪਾਂ ਚਲਕੇ ਸ਼ਰਾਬ ਪੀਏ।"

ਸੋ ਗਰੀਬ ਆਦਮੀ ਨੇ ਇਕ ਸਰਾਫਾਨ ਚੁਕਿਆ ਤੇ ਉਹਦੀ ਸ਼ਰਾਬ ਪੀ ਲਈ, ਤੇ ਫੇਰ ਉਹਨੇ ਸੋਚਿਆ:

"ਚਲੋ, ਹੁਣ ਸਭ ਕੁਝ ਸਾਫ ਹੋ ਗਿਐ, ਨਾ ਮੇਰੇ ਕੋਲ ਤੇ ਨਾ ਮੇਰੀ ਘਰ ਵਾਲੀ ਕੋਲ ਕੋਈ ਕਪੜਾ ਲੀੜਾ, ਨਾ ਘਰ ਕੁੱਲਾ, ਨਾ ਪੈਸਾ ਟਕਾ।"

ਪਰ ਮੁਥਾਜੀ ਅਗਲੀ ਸਵੇਰ ਉਠੀ ਤੇ ਵੇਖਿਆ ਕਿ ਉਸ ਆਦਮੀ ਕੋਲੋਂ ਲੈਣ ਨੂੰ ਕੁਝ ਨਹੀਂ ਰਿਹਾ।

"ਮਾਲਕ," ਉਹ ਭਰੜਾਈ ਆਵਾਜ਼ ਵਿਚ ਬੋਲੀ।

"ਕੀ ਗੱਲ ਏ, ਮੁਥਾਜੀ?"

"ਗੱਲ ਏਹ ਆ: ਗੁਆਂਢੀ ਦੇ ਜਾ ਤੇ ਉਹਦਾ ਗੱਡਾ ਤੇ ਬੌਲਦ ਮੰਗ ਲਿਆ।"

ਸੋ ਗਰੀਬ ਆਦਮੀ ਆਪਣੇ ਗੁਆਂਢੀ ਦੇ ਗਿਆ ਤੇ ਆਖਿਆ:

"ਆਪਣਾ ਗੱਡਾ ਤੇ ਜੋਗ ਦੇ ਖਾਂ ਥੋੜੇ ਚਿਰ ਲਈ। ਮੈਨੂੰ ਆਖੇਂਗਾ ਤਾਂ ਹਫਤਾ ਕੰਮ ਕਰਾ ਦਊਂ ਤੇਰੇ ਨਾਲ।"

"ਗੱਡਾ ਤੇ ਜੋਗ ਤੂੰ ਕੀ ਕਰਨੇ ਆਂ?" ਉਹਦੇ ਗੁਆਂਢੀ ਨੇ ਪੁਛਿਆ।

"ਜੰਗਲ ਵਿਚੋਂ ਬਾਲਣ ਨੂੰ ਲਕੜਾਂ ਲਿਆਉਣੀਐਂ ਥੋੜੀਆਂ।"

"ਚੰਗਾ ਫੇਰ, ਲੈ ਜਾ, ਪਰ ਵੇਖੀਂ ਬਹੁਤਾ ਭਾਰ ਨਾ ਲੱਦੀਂ।"

"ਨਹੀਂ, ਨਹੀਂ, ਰੱਬ ਤੇਰਾ ਭਲਾ ਕਰੇ!"

ਤੇ ਉਹ ਬੌਲਦ ਆਪਣੀ ਝੁੱਗੀ ਨੂੰ ਹਿਕ ਲਿਆਇਆ। ਉਹ ਤੇ ਮੁਥਾਜੀ ਗੱਡੇ ਵਿਚ ਬਹਿ ਗਏ ਤੇ ਖੁਲ੍ਹੇ ਮੈਦਾਨਾਂ ਨੂੰ ਤੁਰ ਪਏ।

"ਮਾਲਕ," ਮੁਥਾਜੀ ਨੇ ਪੁਛਿਆ, "ਇਸ ਮੈਦਾਨ ਦੇ ਵਿਚਕਾਰ ਵਡੇ ਸਾਰੇ ਪੱਥਰ ਦਾ ਪਤਾ ਈ?"

"ਹਾਂ, ਪਤਾ ਏ।"

"ਠੀਕ ਆ ਫੇਰ। ਸਿੱਧਾ ਓਧਰ ਲੈ ਚਲ।"

ਲਓ ਜੀ, ਉਹ ਉਸ ਥਾਂ ਆ ਪਹੁੰਚੇ ਤੇ ਅਟਕ ਗਏ, ਤੇ ਉਹ ਗੱਡੇ ਤੋਂ ਹੇਠਾਂ ਲੱਥੇ, ਤੇ ਮੁਥਾਜੀ ਨੇ ਆਦਮੀ ਨੂੰ ਆਖਿਆ ਕਿ ਪੱਥਰ ਪਰੇ ਹਟਾ ਦੇਵੇ। ਆਦਮੀ ਨੂੰ ਸਾਹ ਚੜ੍ਹ ਗਿਆ,

---

* ਬਿਨਾਂ ਬਾਹਾਂ ਦੇ ਫਰਾਕ।—**ਅਨੁ:**

ਤੇ ਮੁਥਾਜੀ ਨੇ ਉਹਦਾ ਹੱਥ ਵਟਾਇਆ, ਤੇ ਅਖ਼ੀਰ ਉਹਨਾਂ ਪੱਥਰ ਚੁੱਕ ਦਿੱਤਾ। ਤੇ ਉਹਨਾਂ ਕੀ ਵੇਖਿਆ ਕਿ ਪੱਥਰ ਦੇ ਹੇਠਾਂ ਸੋਨੇ ਨਾਲ ਭਰਿਆ ਹੋਇਆ ਇਕ ਟੋਇਆ ਸੀ :

"ਇਉਂ ਖਲੋਤਾ ਝਾਕੀ ਨਾ ਜਾ," ਮੁਥਾਜੀ ਨੇ ਕਿਹਾ, "ਛੇਤੀ ਕਰ ਤੇ ਲੱਦ ਏਹਨੂੰ ਗੱਡੇ ਤੇ।"

ਗਰੀਬ ਆਦਮੀ ਜੁਟ ਪਿਆ ਤੇ ਉਹਨੇ ਸਾਰਾ ਸੋਨਾ ਗੱਡੇ ਤੇ ਲੱਦ ਲਿਆ। ਉਹਨੇ ਇਕ ਵੀ ਸਿੱਕਾ ਟੋਏ ਵਿਚ ਨਾ ਰਹਿਣ ਦਿੱਤਾ। ਜਦੋਂ ਉਹਨੇ ਵੇਖਿਆ ਕਿ ਟੋਇਆ ਖਾਲੀ ਹੋ ਗਿਐ, ਉਹਨੇ ਮੁਥਾਜੀ ਨੂੰ ਆਖਿਆ :

" ਇਕ ਨਜ਼ਰ ਮਾਰ ਲੈ, ਮੁਥਾਜੀਏ, ਮੇਰੀ ਜਾਚੇ ਥੋੜਾ ਬਹੁਤ ਧਨ ਰਹਿ ਗਿਐ।"

ਤੇ ਮੁਥਾਜੀ ਨੇ ਝੁਕ ਕੇ ਟੋਏ ਵਿਚ ਨਜ਼ਰ ਮਾਰੀ :

"ਕਿਥੇ ਆ? ਮੈਨੂੰ ਤਾਂ ਕੁਝ ਦਿਸਦਾ ਨਹੀਂ।"

"ਕਿਉਂ, ਔਹ ਵੇਖ, ਨੁਕਰ ਵਿਚ ਚਮਕਣ ਡਿਹੈ!"

"ਨਹੀਂ, ਮੈਨੂੰ ਨਹੀਂ ਦਿਸਦਾ।"

"ਹੇਠਾਂ ਉਤਰ ਟੋਏ ਵਿਚ, ਤੇ ਫੇਰ ਤੈਨੂੰ ਚੰਗੀ ਤਰ੍ਹਾਂ ਦਿਸੂ।"

ਮੁਥਾਜੀ ਟੋਏ ਵਿਚ ਉਤਰ ਗਈ, ਤੇ ਜਿਉਂ ਹੀ ਉਹ ਹੇਠਾਂ ਉਤਰੀ ਆਦਮੀ ਨੇ ਪੱਥਰ ਨਾਲ ਟੋਇਆ ਬੰਦ ਕਰ ਦਿੱਤਾ।

"ਏਥੇ ਚੰਗੀ ਰਹੇਂਗੀ," ਆਦਮੀ ਨੇ ਕਿਹਾ, "ਨਹੀਂ ਤਾਂ, ਜੇ ਮੈਂ ਤੈਨੂੰ ਲੈ ਜਾਂਦਾ ਤਾਂ ਤੂੰ, ਭਾਵੇਂ ਛੇਤੀ ਨਾ ਹੀ ਸਹੀ, ਇਹ ਸਾਰਾ ਧਨ ਵੀ ਸ਼ਰਾਬ ਤੇ ਰੋੜ੍ਹ ਦੇਣਾ ਸੀ, ਬੁਢੜ ਮੰਗਤੀਏ ਮੁਥਾਜੀਏ!"

ਫੇਰ ਉਹ ਘਰ ਮੁੜ ਆਇਆ, ਧਨ ਆਪਣੇ ਭੋਰੇ ਵਿੱਚ ਦੱਬ ਦਿੱਤਾ, ਆਪਣੇ ਗੁਆਂਢੀ ਦਾ ਗੱਡਾ ਤੇ ਬੌਲਦ ਮੋੜੇ ਤੇ ਲਗਾ ਸੋਚਣ ਕਿ ਕਿਵੇਂ ਆਪਣੇ ਆਪ ਨੂੰ ਪੈਰੀਂ ਖੜਾ ਕਰੇ। ਉਸ ਨੇ ਥੋੜੀਆਂ ਜਿਹੀਆਂ ਗੋਲੀਆਂ ਖਰੀਦੀਆਂ ਤੇ ਇਕ ਸੁਹਣਾ ਜਿਹਾ ਮਕਾਨ ਬਣਾਇਆ ਤੇ ਇਹਦੇ ਵਿਚ ਆਪਣੇ ਭਰਾ ਨਾਲੋਂ ਦੁਗਣਾ ਸੁਖੀ ਵਸਣ ਲਗਾ।

ਕੁਝ ਦਿਨ ਲੰਘੇ ਤਾਂ ਉਹ ਅਮੀਰ ਭਰਾ ਤੇ ਉਹਦੀ ਵਹੁਟੀ ਨੂੰ ਆਪਣੇ ਜਨਮ ਦਿਨ ਦਾ ਸੱਦਾ ਦੇਣ ਸ਼ਹਿਰ ਤੁਰ ਪਿਆ।

"ਕੀ ਆਖ ਰਿਹਾ ਏਂ ਤੂੰ?" ਅਮੀਰ ਆਦਮੀ ਨੇ ਆਪਣੇ ਭਰਾ ਨੂੰ ਆਖਿਆ। "ਘਰ ਤੇਰੇ ਖਾਣ ਨੂੰ ਨਹੀਂ ਤੇ ਜਨਮ ਦਿਨ ਕਿਵੇਂ ਮਨਾਵੇਂਗਾ?"

"ਕਦੇ ਵੇਲਾ ਸੀ ਜਦੋਂ ਨਹੀਂ ਸੀ, ਪਰ ਹੁਣ ਰੱਬ ਦੀ ਮਿਹਰ ਨਾਲ ਸਭ ਕੁਝ ਏ, ਤੇ ਤੇਰੇ ਨਾਲੋਂ ਘਟ ਨਹੀਂ। ਆ ਕੇ ਆਪਣੀ ਅੱਖੀਂ ਵੇਖ ਲੈ।"

"ਠੀਕ ਏ, ਮੈਂ ਆਵਾਂਗਾ।"

ਅਗਲੇ ਦਿਨ ਅਮੀਰ ਆਦਮੀ ਤੇ ਉਹਦੀ ਵਹੁਟੀ ਉਠੇ ਤੇ ਉਹਦੇ ਭਰਾ ਦੇ ਜਨਮ ਦਿਨ ਤੇ ਪਹੁੰਚ ਗਏ। ਤੇ ਕੀ ਵੇਖਦੇ ਨੇ ਕਿ ਓਸ ਨੰਗੇ ਭਿਖਾਰੀ ਨੇ, ਉਹਨਾਂ ਦੇ ਭਰਾ ਨੇ, ਬੜਾ ਸੁਹਣਾ ਨਵਾਂ ਮਕਾਨ ਪਾਇਆ ਹੋਇਐ। ਹਰ ਇਕ ਵਪਾਰੀ ਵੀ ਇਹੋ ਜਿਹੇ ਮਕਾਨ ਦਾ ਦਮਗਜਾ ਨਹੀਂ ਮਾਰ ਸਕਦਾ। ਕਿਸਾਨ ਨੇ ਤਰ੍ਹਾਂ ਤਰ੍ਹਾਂ ਦੇ ਖਾਣਿਆਂ ਤੇ ਤਰ੍ਹਾਂ ਤਰ੍ਹਾਂ ਦੀਆਂ ਸ਼ਰਾਬਾਂ ਨਾਲ ਉਹਨਾਂ ਦੀ ਰੱਜਕੇ ਸੇਵਾ ਕੀਤੀ।

ਤੇ ਫੇਰ ਅਮੀਰ ਆਦਮੀ ਨੇ ਆਪਣੇ ਭਰਾ ਨੂੰ ਪੁਛਿਆ :

"ਗੱਲ ਸੁਣ, ਆਹ ਏਨੀ ਦੌਲਤ ਕਿਵੇਂ ਆ ਗਈ ਤੇਰੇ ਕੋਲ ?"

ਤੇ ਉਹਨੇ ਸੱਚੋ ਸੱਚ ਕਹਾਣੀ ਸੁਣਾ ਦਿੱਤੀ : ਕਿਵੇਂ ਬੁਢੜ ਮੰਗਤੀ ਮੁਥਾਜੀ ਨੇ ਉਹਨੂੰ ਜ਼ਿੱਚ ਕਰ ਛਡਿਆ ਸੀ ਅਤੇ ਆਪਣਾ ਗ਼ਮ ਗ਼ਲਤ ਕਰਨ ਨੂੰ ਜੋ ਕੁਝ ਕੋਲ ਸੀ ਉਹਦੀ ਠੇਕੇ ਤੋਂ ਸ਼ਰਾਬ ਪੀ ਗਿਆ ਸੀ ਤੇ ਅਖੀਰ ਨੰਗ ਮੁਨੰਗ ਸਰੀਰ ਹੀ ਰਹਿ ਗਿਆ, ਕਿਵੇਂ ਮੁਥਾਜੀ ਨੇ ਉਹਨੂੰ ਖ਼ਜ਼ਾਨਾ ਵਿਖਾਇਆ, ਤੇ ਕਿਵੇਂ ਉਹਨੇ ਇਹ ਖਜ਼ਾਨਾ ਸਾਂਭਿਆ ਤੇ ਖੁਥੜ ਮੁਥਾਜੀ ਤੋਂ ਖਹਿੜਾ ਛੁਡਾਇਆ।

ਤੇ ਅਮੀਰ ਆਦਮੀ ਈਰਖਾ ਨਾਲ ਸੜਬਲ ਗਿਆ। ਉਹਨੇ ਸੋਚਿਆ, "ਕਿਉਂ ਨਾ ਮੈਂ ਮੈਦਾਨ ਵਿਚ ਜਾਵਾਂ ਤੇ ਪੱਥਰ ਚੁਕ ਕੇ ਬੁਢੜ ਮੁਥਾਜੀ ਨੂੰ ਆਜ਼ਾਦ ਕਰ ਦੇਵਾਂ ? ਮੇਰੇ ਭਰਾ ਨੂੰ ਆਕੇ ਉਹ ਕਖੋਂ ਹੌਲਾ ਕਰ ਦੇਵੇ, ਤੇ ਮੇਰੇ ਅੱਗੇ ਆਪਣੀ ਅਮੀਰੀ ਦੀ ਫੜ ਮਾਰਨ ਦੀ ਏਹਦੀ ਕਦੇ ਹਿੰਮਤ ਨਾ ਹੋਵੇ।"

ਸੋ ਉਹਨੇ ਆਪਣੀ ਵਹੁਟੀ ਨੂੰ ਘਰ ਭੇਜ ਦਿੱਤਾ ਤੇ ਆਪ ਖੁਲ੍ਹੇ ਮੈਦਾਨ ਨੂੰ ਤੁਰ ਪਿਆ। ਉਹ ਉਸ ਪੱਥਰ ਤੱਕ ਅਪੜਿਆ, ਧੱਕ ਕੇ ਉਸ ਨੂੰ ਪਾਸੇ ਕੀਤਾ ਤੇ ਮੁਥਾਜੀ ਬਾਹਰ ਆ ਗਈ।

"ਜਾ ਦੌੜ ਜਾ ਮੇਰੇ ਭਰਾ ਕੋਲ," ਅਮੀਰ ਆਦਮੀ ਨੇ ਕਿਹਾ, "ਤੇ ਸਭ ਕੁਝ ਉਜਾੜਕੇ ਕਖੋਂ ਹੌਲਾ ਕਰ ਦੇ।"

"ਨਾ, ਨੇਕ ਬੰਦਿਆ," ਮੁਥਾਜੀ ਨੇ ਜਵਾਬ ਦਿੱਤਾ, "ਮੈਂ ਨਹੀਂ ਹੁਣ ਉਹਦੇ ਕੋਲ ਜਾਣਾ। ਮੈਂ ਤਾਂ ਸਗੋਂ ਤੇਰੇ ਕੋਲ ਰਹੂੰ। ਤੂੰ ਨੇਕ ਆਦਮੀ ਏਂ, ਮੈਨੂੰ ਤੂੰ ਟੋਏ ਵਿਚੋਂ ਬਾਹਰ ਕਢਿਐ, ਤੇ ਉਹ ਭੈੜ ਭੜੱਥਾ, ਉਹ ਮੈਨੂੰ ਟੋਏ ਵਿਚ ਬੰਦ ਕਰ ਗਿਆ ਸੀ।"

ਛੇਤੀ ਹੀ ਈਰਖਾ ਵਿਚ ਸੜਨ ਵਾਲਾ ਭਰਾ ਉਜੜ ਗਿਆ। ਤੇ ਜਿਹੜਾ ਕਦੇ ਅਮੀਰ ਹੁੰਦਾ ਸੀ ਉਹ ਨੰਗਾ ਭੁਖਾ ਮੰਗਤਾ ਬਣ ਗਿਆ।

ਬਾਪੂ ਕੱਕਰ

ਇਕ ਵਾਰ ਦੀ ਗੱਲ ਹੈ, ਇਕ ਬੁਢਾ ਆਦਮੀ ਆਪਣੀ ਦੂਜੀ ਵਹੁਟੀ ਨਾਲ ਰਹਿੰਦਾ ਸੀ. ਤੇ ਉਹਨਾਂ ਦੀ ਇਕ ਇਕ ਧੀ ਸੀ। ਬੁਢੇ ਦੀ ਵੀ ਇਕ ਧੀ ਸੀ ਤੇ ਉਹਦੀ ਵਹੁਟੀ ਦੀ ਵੀ ਇਕ ਧੀ।

ਸਭ ਨੂੰ ਪਤਾ ਹੈ ਮਤਰੇਈਆਂ ਮਾਵਾਂ ਕਿਹੋ ਜਿਹੀਆਂ ਹੁੰਦੀਆਂ ਨੇ। ਬੁਢੇ ਦੀ ਧੀ ਜੇ ਕੋਈ ਗ਼ਲਤ ਕੰਮ ਕਰਦੀ ਤਾਂ ਮਾਰ ਪੈਂਦੀ, ਜੇ ਕੋਈ ਠੀਕ ਕੰਮ ਕਰਦੀ ਤਾਂ ਮਾਰ ਪੈਂਦੀ। ਮਤਰੇਈ ਮਾਂ ਦੀ ਆਪਣੀ ਧੀ ਨਾਲ ਇਸ ਤਰ੍ਹਾਂ ਨਹੀਂ ਸੀ ਹੁੰਦਾ। ਉਹ ਭਾਵੇਂ ਕੁਝ ਵੀ ਕਰਦੀ, ਚੰਗੀ ਕੁੜੀ ਆਖ ਕੇ ਉਹਦੀ ਵਡਿਆਈ ਕੀਤੀ ਜਾਂਦੀ ਤੇ ਉਹਨੂੰ ਥਾਪੀ ਦਿੱਤੀ ਜਾਂਦੀ।

ਬੁਢੇ ਦੀ ਧੀ ਮੂੰਹ ਹਨੇਰੇ ਉਠਕੇ ਪਸ਼ੂਆਂ ਨੂੰ ਪੱਠਾ ਦੱਥਾ ਪਾਉਂਦੀ, ਬਾਲਣ ਵਾਸਤੇ ਲਕੜਾਂ ਲਿਆਉਂਦੀ ਤੇ ਘਰ ਦਾ ਪਾਣੀ ਭਰਦੀ, ਸਟੋਵ ਭਖਾਉਂਦੀ ਤੇ ਫਰਸ਼ ਸੁੰਬਰਦੀ। ਪਰ ਉਹਦੀ ਮਤਰੇਈ ਮਾਂ ਹਰ ਕੰਮ ਦੀਆਂ ਨਕਸਬੀਨੀਆਂ ਕਰਦੀ ਤੇ ਸਾਰਾ ਦਿਨ ਹੰਗਾਮਾ ਖੜਾ ਕਰੀ ਰਖਦੀ ਤੇ ਉਹਨੂੰ ਝਿੜਕਦੀ ਝੰਬਦੀ।

6•

ਹਵਾ ਉੱਚੀ ਉੱਚੀ ਸ਼ੂਕਦੀ ਹੈ ਤੇ ਫੇਰ ਠਹਿਰ ਜਾਂਦੀ ਹੈ। ਪਰ ਬੁਢੀ ਤੀਵੀਂ ਜਦੋਂ ਭੜਕਦੀ ਹੈ ਤਾਂ ਫੇਰ ਠੰਡੀ ਨਹੀਂ ਹੁੰਦੀ। ਮਤਰੇਈ ਮਾਂ ਨੇ ਆਪਣੀ ਮਤਰੇਈ ਧੀ ਤੋਂ ਪਿੱਛਾ ਛਡਾਉਣ ਦਾ ਫੈਸਲਾ ਕਰ ਲਿਆ।

"ਏਹਨੂੰ ਬਾਹਰ ਲੈ ਜਾ, ਬੁਢਿਆ," ਉਹਨੇ ਆਪਣੇ ਖਸਮ ਨੂੰ ਆਖਿਆ, "ਮੈਂ ਏਹਦੀ ਸ਼ਕਲ ਨਹੀਂ ਵੇਖ ਸਕਦੀ। ਕੜਾਕੇ ਦੇ ਕੱਕਰ ਵਿਚ ਇਹਨੂੰ ਜੰਗਲ ਵਿਚ ਲੈ ਜਾ ਤੇ ਉਥੇ ਛਡ ਆ।"

ਬੁਢਾ ਰੋਇਆ ਕੁਰਲਾਇਆ ਤੇ ਮਸੋਸਿਆ ਗਿਆ ਪਰ ਉਹਨੂੰ ਪਤਾ ਸੀ ਕਿ ਉਹ ਕੁਝ ਨਹੀਂ ਕਰ ਸਕਦਾ। ਫੈਸਲਾ ਹਮੇਸ਼ ਉਹਦੀ ਵਹੁਟੀ ਦੇ ਹੱਥ ਹੀ ਹੁੰਦਾ ਸੀ। ਸੋ ਉਹਨੇ ਆਪਣਾ ਘੋੜਾ ਜੋੜਿਆ ਤੇ ਆਪਣੀ ਧੀ ਨੂੰ ਵਾਜ ਮਾਰੀ:

"ਆ, ਮੇਰੀ ਬੱਚੀ, ਬੈਠ ਬਰਫ-ਗੱਡੀ ਵਿਚ।"

ਤੇ ਉਹ ਨਿਥਾਵੀਂ ਕੁੜੀ ਨੂੰ ਜੰਗਲ ਵਿਚ ਲੈ ਗਿਆ, ਇਕ ਵੱਡੇ ਸਾਰੇ ਫਰ ਰੁਖ ਦੇ ਹੇਠਾਂ ਉਹਨੂੰ ਬਰਫ ਦੇ ਧੋੜੇ ਤੇ ਸੁਟਿਆ ਤੇ ਮੁੜ ਆਇਆ।

ਠੰਡ ਬਹੁਤ ਸੀ, ਤੇ ਕੁੜੀ ਫਰ ਦੇ ਰੁਖ ਹੇਠ ਬੈਠੀ ਕੰਬੀ ਜਾਂਦੀ ਸੀ। ਅਚਨਚੇਤ ਉਸ ਨੇ ਰੁਖੋਂ ਰੁਖੀ ਛਾਲਾਂ ਮਾਰਦੇ ਅਤੇ ਟਾਹਣੀਆਂ ਵਿਚਾਲੇ ਤਿੜ ਤਿੜ ਤੜ ਤੜ ਕਰਦੇ ਬਾਪੂ ਕੱਕਰ ਦੀ ਆਵਾਜ਼ ਸੁਣੀ। ਅੱਖ ਪਲਕਾਰੇ ਵਿਚ ਉਹ ਉਸ ਰੁੱਖ ਦੀ ਟੀਸੀ ਤੇ ਆ ਗਿਆ ਜਿਸ ਦੇ ਹੇਠਾਂ ਉਹ ਬੈਠੀ ਸੀ।

"ਤੂੰ ਨਿਘੀ ਐਂ, ਮੇਰੀ ਲਾਡੋ?" ਉਹਨੇ ਪੁਛਿਆ।

"ਹਾਂ, ਬਾਪੂ ਕੱਕਰਾ! ਮੈਂ ਬਹੁਤ ਨਿਘੀ ਆਂ!" ਉਹਨੇ ਆਦਰ ਨਾਲ ਜਵਾਬ ਦਿੱਤਾ।

ਫੇਰ ਬਾਪੂ ਕੱਕਰ ਹੋਰ ਹੇਠਾਂ ਆ ਗਿਆ ਤੇ ਉਹਨੇ ਪਹਿਲਾਂ ਨਾਲੋਂ ਵੀ ਉੱਚੀ ਤਿੜ ਤਿੜ ਤੜ ਤੜ ਕੀਤੀ।

"ਤੂੰ ਨਿਘੀ ਐਂ, ਮੇਰੀ ਲਾਡੋ?" ਉਹਨੇ ਫੇਰ ਪੁਛਿਆ। "ਤੂੰ ਨਿਘੀ ਐਂ, ਮੇਰੀਏ ਮਲੂਕੜੀਏ?"

ਕੁੜੀ ਮਸਾਂ ਹੀ ਸਾਹ ਲੈ ਰਹੀ ਸੀ, ਪਰ ਉਹਨੇ ਕਿਹਾ:

"ਹਾਂ, ਬਾਪੂ ਕੱਕਰਾ! ਮੈਂ ਬਹੁਤ ਨਿਘੀ ਆਂ।"

ਤੇ ਬਾਪੂ ਕੱਕਰ ਹੋਰ ਵੀ ਹੇਠਾਂ ਆ ਗਿਆ, ਤੇ ਹੋਰ ਵੀ ਉੱਚੀ ਤਿੜ ਤਿੜ ਤੜ ਤੜ ਕਰਨ ਲਗਾ।

"ਤੂੰ ਨਿਘੀ ਐਂ, ਮੇਰੀ ਲਾਡੋ?" ਉਹਨੇ ਪੁਛਿਆ। "ਤੂੰ ਨਿਘੀ ਐਂ, ਮੇਰੀਏ ਸੁਹਣੀਏ?"

ਕੁੜੀ ਸੁੰਨ ਹੁੰਦੀ ਜਾ ਰਹੀ ਸੀ ਤੇ ਉਹਦੀ ਜ਼ਬਾਨ ਨਹੀਂ ਸੀ ਹਿਲਦੀ, ਪਰ ਤਾਂ ਵੀ ਉਹਨੇ ਆਖਿਆ :

"ਮੈਂ ਬਹੁਤ ਨਿਘੀ ਆਂ, ਚੰਗਿਆ ਬਾਪੂ ਕੱਕਰਾ!"

ਫੇਰ ਬਾਪੂ ਕੱਕਰ ਨੂੰ ਕੁੜੀ ਉਤੇ ਤਰਸ ਆ ਗਿਆ ਤੇ ਉਹਨੇ ਉਸ ਨੂੰ ਆਪਣੀ ਕੂਲੀ ਫਰ ਤੇ ਨਰਮ ਤਲਾਈ ਵਿਚ ਲਪੇਟ ਦਿੱਤਾ।

ਉਧਰ, ਬੁੱਢੀ ਨੜੋਏ ਦੀ ਦਾਅਵਤ ਦੀਆਂ ਤਿਆਰੀਆਂ ਕਰਨ ਲੱਗੀ ਹੋਈ ਸੀ ਤੇ ਉਹ ਆਪਣੀ ਮਤਰੇਈ ਧੀ ਦੀ ਯਾਦ ਵਿਚ ਪੂੜੇ ਬਣਾ ਰਹੀ ਸੀ। ਉਹਨੇ ਆਪਣੇ ਖੌਂਦ ਨੂੰ ਆਖਿਆ :

"ਜੰਗਲ ਵਿਚ ਜਾ, ਬੁਢਿਆ ਨਕਾਰਿਆ, ਤੇ ਆਪਣੀ ਧੀ ਨੂੰ ਲਿਆ ਕਬਰੇ ਪਾਉਣ ਲਈ।"

ਬੁਢਾ ਜੰਗਲ ਵਿਚ ਗਿਆ ਤੇ ਕੀ ਵੇਖਿਆ ਕਿ ਉਹ ਧੀ ਨੂੰ ਜਿਥੇ ਛਡ ਕੇ ਗਿਆ ਸੀ, ਉਹ ਉਥੇ ਹੀ ਬੜੀ ਖੁਸ਼ ਤੇ ਖਿੜੀ ਪੁੜੀ ਬੈਠੀ ਸੀ। ਉਹਨੇ ਸੇਬਲ ਦਾ ਕੋਟ ਪਾਇਆ ਹੋਇਆ ਸੀ ਤੇ ਗੋਟੇ ਕਿਨਾਰੀ ਵਾਲੇ ਕਪੜੇ ਪਾਏ ਹੋਏ ਸਨ। ਉਹਦੇ ਕੋਲ ਹੀ ਕੀਮਤੀ ਸੁਗਾਤਾਂ ਦਾ ਭਰਿਆ ਇਕ ਸੰਦੂਕ ਪਿਆ ਸੀ।

ਬੁੱਢੇ ਦੀ ਖੁਸ਼ੀ ਦਾ ਪਾਰਾਵਾਰ ਨਹੀਂ ਸੀ। ਉਹਨੇ ਆਪਣੀ ਧੀ ਨੂੰ ਬਰਫ-ਗੱਡੀ ਵਿਚ ਬਿਠਾਇਆ, ਸੰਦੂਕ ਉਹਦੇ ਕੋਲ ਕਰਕੇ ਟਿਕਾਇਆ ਤੇ ਘਰ ਵੱਲ ਤੁਰ ਪਿਆ।

ਬੁਢੀ ਅਜੇ ਪੂੜੇ ਬਣਾ ਹੀ ਰਹੀ ਸੀ ਕਿ ਅਚਾਨਕ ਉਹਨੇ ਨਿਕੇ ਜਿਹੇ ਕੁੱਤੇ ਨੂੰ ਮੇਜ਼ ਦੇ ਹੇਠੋਂ ਇਹ ਆਖਦਿਆਂ ਸੁਣਿਆ :

"ਵਊਂ ਵਊਂ! ਬੁੱਢੇ ਦੀ ਧੀ
ਰੱਜੀ ਪੁਜੀ ਲਾੜੀ, ਸੋਹਣੀ,
ਪਰ ਬੁੱਢੀ ਦੀ ਧੀ ਦੀ ਸ਼ਾਦੀ
ਕਦੇ ਨਾ ਹੋਣੀ!"

ਬੁਢੀ ਨੇ ਇਕ ਪੂੜਾ ਕੁੱਤੇ ਅੱਗੇ ਸੁਟਿਆ ਤੇ ਕਿਹਾ : "ਤੂੰ ਗਲਤ ਬੋਲਦਾ ਏਂ, ਕੁੱਤਿਆ! ਤੈਨੂੰ ਆਖਣਾ ਚਾਹੀਦਾ ਏ :

ਬੁਢੀ ਦੀ ਧੀ ਦਿਲ ਜਿੱਤੇਗੀ, ਉਲਫਤ ਕਰਕੇ,
ਪਰ ਬੁਢੇ ਦੀ ਧੀ ਤਾਂ ਗਈ ਜਹਾਨੋ, ਮਰਕੇ!' "

ਕੁੱਤੇ ਨੇ ਪੂੜਾ ਖਾ ਲਿਆ, ਪਰ ਉਸ ਨੇ ਤਾਂ ਵੀ ਇਹੋ ਕਿਹਾ :

"ਵਊਂ, ਵਊਂ! ਬੁੱਢੇ ਦੀ ਧੀ
ਰੱਜੀ ਪੁਜੀ ਲਾੜੀ, ਸੋਹਣੀ,
ਪਰ ਬੁੱਢੀ ਦੀ ਧੀ ਦੀ ਸ਼ਾਦੀ
ਕਦੇ ਨਾ ਹੋਣੀ!"

ਬੁਢੀ ਨੇ ਕੁੱਤੇ ਅੱਗੇ ਹੋਰ ਪੂੜੇ ਸੁਟੇ ਤੇ ਉਹਨੂੰ ਮਾਰਿਆ, ਪਰ ਕੁੱਤੇ ਨੇ ਤਾਂ ਵੀ ਓਹੋ ਕੁਝ ਹੀ ਕਿਹਾ ਜੋ ਉਹਨੇ ਪਹਿਲਾਂ ਕਿਹਾ ਸੀ।

ਅਚਾਨਕ ਫਾਟਕ ਚੀਕਿਆ, ਬੂਹਾ ਖੁਲ੍ਹਿਆ ਤੇ ਬੁਢੇ ਦੀ ਧੀ ਨੇ ਅੰਦਰ ਕਦਮ ਰਖਿਆ। ਉਹਦੀ ਗੋਟੇ ਕਿਨਾਰੀ ਵਾਲੀ ਪੁਸ਼ਾਕ ਝਮ ਝਮ ਕਰ ਰਹੀ ਸੀ। ਉਹਦੇ ਪਿਛੇ ਪਿਛੇ ਉਹਦਾ ਪਿਓ ਆਇਆ ਜਿਸ ਨੇ ਕੀਮਤੀ ਸੁਗਾਤਾਂ ਨਾਲ ਭਰਿਆ ਹੋਇਆ ਭਾਰਾ ਭਰਕਮ ਸੰਦੂਕ ਚੁੱਕਿਆ ਹੋਇਆ ਸੀ। ਬੁਢੀ ਨੇ ਵੇਖਿਆ ਅਤੇ ਮਾਯੂਸੀ ਵਿਚ ਬਾਹਾਂ ਲਮਕਾ ਲਈਆਂ।

"ਘੋੜਾ ਜੋੜ, ਬੁਢਿਆ ਖੋਸੜਾ!" ਉਹਨੇ ਆਪਣੇ ਖਸਮ ਨੂੰ ਆਖਿਆ। "ਮੇਰੀ ਧੀ ਨੂੰ ਜੰਗਲ ਵਿਚ ਲੈ ਜਾ ਤੇ ਓਸੇ ਥਾਂ ਛੱਡ ਆ ਜਿਥੇ ਆਪਣੀ ਨੂੰ ਛੱਡ ਕੇ ਆਇਆ ਸੈਂ।"

ਬੁਢੇ ਨੇ ਬੁਢੀ ਦੀ ਧੀ ਨੂੰ ਬਰਫ–ਗੱਡੀ ਵਿਚ ਬਿਠਾਇਆ, ਉਹਨੂੰ ਜੰਗਲ ਵਿਚ ਉਸੇ ਥਾਂ ਲੈ ਗਿਆ, ਲੰਮੇ ਉੱਚੇ ਫਰ ਦੇ ਰੁੱਖ ਦੇ ਹੇਠਾਂ ਉਹਨੂੰ ਬਰਫ ਦੇ ਧੋੜੇ ਤੇ ਸੁਟਿਆ ਤੇ ਵਾਪਸ ਮੁੜ ਆਇਆ।

ਬੁਢੀ ਦੀ ਧੀ ਉਥੇ ਬੈਠੀ ਸੀ ਤੇ ਪਾਲਾ ਏਨਾ ਸੀ ਕਿ ਉਹਦਾ ਦੰਦੋੜਿਕਾ ਵੱਜ ਰਿਹਾ ਸੀ।

ਥੋੜਾ ਚਿਰ ਬੀਤਿਆ ਤਾਂ ਬਾਪੂ ਕੱਕਰ ਰੁੱਖੋਂ ਰੁਖੀ ਛਾਲਾਂ ਮਾਰਦਾ, ਟਹਿਣੀਆਂ ਵਿਚਾਲੇ ਤਿੜ ਤਿੜ ਤੜ ਤੜ ਕਰਦਾ ਆ ਗਿਆ ਤੇ ਉਥੇ ਅਟਕ ਕੇ ਵਿੱਚ ਵਿੱਚ ਬੁਢੀ ਦੀ ਧੀ ਵੱਲ ਵੇਖਣ ਲਗਾ।

"ਤੂੰ ਨਿਘੀ ਐਂ, ਮੇਰੀ ਲਾਡੋ?" ਉਹਨੇ ਪੁਛਿਆ।

ਜਵਾਬ ਵਿੱਚ ਉਹਨੇ ਆਖਿਆ:

"ਹਾਏ, ਨਹੀਂ, ਮੈਨੂੰ ਤਾਂ ਬਹੁਤ ਪਾਲਾ ਲਗਦਾ ਏ! ਐਨਾ ਨਾ ਕੜਕਾ, ਤਿੜਕਾ, ਕੱਕਰਾ!"

ਫੇਰ ਬਾਪੂ ਕੱਕਰ ਹੇਠਾਂ ਆ ਗਿਆ, ਤੇ ਹੋਰ ਉੱਚੀ ਆਵਾਜ਼ ਵਿਚ ਤਿੜ ਤਿੜ, ਕੜ ਕੜ ਕਰਨ ਲੱਗਾ।

"ਤੂੰ ਨਿਘੀ ਐਂ, ਮੇਰੀ ਲਾਡੋ?" ਉਸ ਨੇ ਪੁਛਿਆ, "ਤੂੰ ਨਿਘੀ ਏਂ, ਮੇਰੀਏ ਮਲੂਕੜੀਏ?"

"ਹਾਏ, ਨਹੀਂ," ਉਹਨੇ ਆਖਿਆ, "ਮੇਰਾ ਤਾਂ ਸਾਰਾ ਸਰੀਰ ਹੀ ਸੁੰਨ ਹੋ ਗਿਐ! ਜਾ ਚਲਾ ਜਾ, ਕੱਕਰਾ!"

ਫੇਰ ਬਾਪੂ ਕੱਕਰ ਹੋਰ ਵੀ ਹੇਠਾਂ ਆ ਗਿਆ ਤੇ ਉਹ ਹੋਰ ਵੀ ਉੱਚੀ ਤਿੜ ਤਿੜ, ਕੜ ਕੜ ਕਰਨ ਲਗਾ ਤੇ ਉਹਦੇ ਸਾਹਾਂ ਦੀ ਹਵਾੜ ਹੋਰ ਵੀ ਠੰਡੀ, ਹੋਰ ਵੀ ਠੰਡੀ ਹੋ ਗਈ।

"ਤੂੰ ਨਿਘੀ ਐਂ, ਮੇਰੀ ਲਾਡੋ?" ਉਹਨੇ ਫੇਰ ਪੁਛਿਆ। "ਤੂੰ ਨਿਘੀ ਏਂ, ਮੇਰੀਏ ਮਲੂਕੜੀਏ?"

"ਹਾਏ, ਨਹੀਂ!" ਉਸ ਜਵਾਬ ਦਿੱਤਾ। "ਮੇਰਾ ਤਾਂ ਲਹੂ ਜੰਮ ਗਿਆ! ਤੈਨੂੰ ਪਲੇਗ ਪਵੇ, ਤੈਨੂੰ ਬੁਢਿਆ ਕੱਕਰਾ!"

ਪਰ ਬਾਪੂ ਕੱਕਰ ਇਹ ਲਫਜ਼ ਸੁਣਕੇ ਏਡਾ ਰੋਹ ਵਿਚ ਆਇਆ ਕਿ ਉਸ ਨੇ ਹੱਢ ਕੜਕਾਵੀ ਠੰਡ ਕਰ ਦਿੱਤੀ ਤੇ ਬੁਢੀ ਦੀ ਧੀ ਯਖ਼ ਹੋਈ ਲਾਸ਼ ਬਣ ਗਈ।

ਮਸਾਂ ਲੋਅ ਲੱਗੀ ਹੀ ਸੀ ਜਦੋਂ ਬੁੱਢੀ ਨੇ ਆਪਣੇ ਖੌਂਦ ਨੂੰ ਆਖਿਆ:

"ਛੇਤੀ ਕਰ ਤੇ ਘੋੜਾ ਜੋੜ, ਵਿਹਲੜ ਬੁਢਿਆ। ਜਾ ਕੇ ਮੇਰੀ ਧੀ ਨੂੰ ਲਿਆ ਤੇ ਉਹਨੂੰ ਗੋਟੇ ਕਿਨਾਰੀ ਵਾਲੇ ਕਪੜਿਆਂ ਵਿਚ ਲਿਆਵੀਂ।"

ਬੁੱਢਾ ਬਰਫ-ਗੱਡੀ ਲੈਕੇ ਚਲਾ ਗਿਆ ਤੇ ਨਿੱਕਾ ਕੁੱਤਾ ਮੇਜ਼ ਹੇਠੋਂ ਬੋਲਿਆ:

"ਵਊਂ ਵਊਂ! ਬੁੱਢੇ ਦੀ ਧੀ ਵਿਆਹੁਣੀ
ਛੇਤੀ ਕਾਜ ਰਚਾ ਕੇ
ਪਰ ਬੁੱਢੀ ਦੀ ਧੀ
ਮਰ ਗਈ ਹੈ ਸੰਨੇ ਆ ਕੇ!"

ਬੁੱਢੀ ਨੇ ਕੁੱਤੇ ਨੂੰ ਇਕ ਪੂੜਾ ਪਾਇਆ ਤੇ ਆਖਿਆ:

"ਤੂੰ ਗ਼ਲਤ ਬੋਲਦਾ ਏਂ, ਕੁੱਤਿਆ! ਤੈਨੂੰ ਆਖਣਾ ਚਾਹੀਦੈ:

"ਬੁੱਢੀ ਦੀ ਧੀ ਰੱਜੀ ਪੁਜੀ
ਲਾੜੀ, ਸੋਹਣੀ
ਪਰ ਬੁੱਢੇ ਦੀ ਧੀ ਦੀ ਸ਼ਾਦੀ
ਕਦੇ ਨਾ ਹੋਣੀ!"

ਪਰ ਕੁੱਤੇ ਨੇ ਓਹੋ ਕੁਝ ਹੀ ਆਖਿਆ ਜੋ ਪਹਿਲਾਂ ਕਿਹਾ ਸੀ :

"ਵਊਂ, ਊਂ ! ਬੁੱਢੀ ਦੀ ਧੀ
ਮਰ ਗਈ ਹੈ ਸੰਨੇ ਆ ਕੇ !"

ਓਸੇ ਵੇਲੇ ਫਾਟਕ ਚੀਕਿਆ ਤੇ ਬੁਢੀ ਧਾਹ ਕੇ ਆਪਣੀ ਧੀ ਨੂੰ ਮਿਲਣ ਲਈ ਅੱਗੇ ਵਧੀ। ਉਹਨੇ ਪੱਠੇ ਦਾ ਕਜਣ ਹਟਾਇਆ ਤੇ ਵੇਖਿਆ ਬਰਫ – ਗੱਡੀ ਵਿਚ ਉਹਦੀ ਧੀ ਦੀ ਲਾਸ਼ ਪਈ ਸੀ। ਬੁਢੀ ਉੱਚੀ ਉੱਚੀ ਵੈਣ ਪਾਉਣ ਲਗ ਪਈ, ਪਰ ਹੁਣ ਤਾਂ ਵੇਲਾ ਵਿਹਾ ਚੁੱਕਾ ਸੀ।



ਬਾਲੜੀ ਤੇ ਹੰਸ

ਇਕ ਵਾਰ ਦੀ ਗੱਲ ਹੈ ਕਿ ਇਕ ਕਿਸਾਨ ਤੇ ਉਹਦੀ ਪਤਨੀ ਰਹਿੰਦੇ ਸਨ। ਉਹਨਾਂ ਦੀ ਇਕ ਬਾਲੜੀ ਸੀ ਅਤੇ ਇਕ ਨਿੱਕਾ ਪੁਤਰ ਸੀ।

"ਧੀਏ," ਮਾਂ ਨੇ ਆਪਣੀ ਬਾਲੜੀ ਨੂੰ ਆਖਿਆ, "ਅਸੀਂ ਕੰਮ ਕਰਨ ਜਾ ਰਹੇ ਹਾਂ, ਇਸ ਕਰਕੇ ਆਪਣੇ ਛੋਟੇ ਵੀਰ ਦਾ ਖ਼ਿਆਲ ਰੱਖੀਂ। ਜੇ ਤੂੰ ਬੀਬੀ ਬੱਚੀ ਬਣੀ ਰਹੀ ਤੇ ਬਰੂਹਾਂ ਤੋਂ ਬਾਹਰ ਨਾ ਗਈ, ਤਾਂ ਅਸੀਂ ਤੈਨੂੰ ਇਕ ਨਵਾਂ ਰੁਮਾਲ ਖਰੀਦ ਦਿਆਂਗੇ।"

ਪਿਓ ਅਤੇ ਮਾਂ ਕੰਮ ਉਤੇ ਚਲੇ ਗਏ, ਪਰ ਬਾਲੜੀ ਭੁਲ ਗਈ ਕਿ ਉਹਨੂੰ ਕੀ ਸਮਝਾਇਆ ਗਿਆ ਸੀ। ਉਸ ਨੇ ਛੋਟੇ ਵੀਰ ਨੂੰ ਖਿੜਕੀ ਦੇ ਕੋਲ ਘਾਹ ਉਤੇ ਬਿਠਾਇਆ ਅਤੇ ਆਪਣੀਆਂ ਸਹੇਲੀਆਂ ਨਾਲ ਖੇਡਣ ਦੌੜ ਗਈ।

ਅਚਾਨਕ ਹੰਸਾਂ ਦੀ ਇਕ ਡਾਰ ਝੱਪ ਮਾਰ ਕੇ ਹੇਠਾਂ ਵੱਲ ਆਈ। ਉਹਨਾਂ ਉਸ ਦੇ ਛੋਟੇ ਵੀਰ ਨੂੰ ਚੁੱਕਿਆ ਅਤੇ ਆਪਣੇ ਖੰਭਾਂ ਤੇ ਬਿਠਾ ਕੇ ਲੈ ਗਏ।

ਬਾਲੜੀ ਘਰ ਮੁੜੀ ਤੇ ਹੈਰਾਨ ਪਰੇਸ਼ਾਨ—ਛੋਟਾ ਵੀਰ ਉਥੇ ਨਹੀਂ ਸੀ। ਉਹ ਹਟਕੋਰੇ ਭਰਨ ਲਗੀ, ਇਧਰ ਉਧਰ ਦੌੜੀ—ਪਰ ਉਸ ਦਾ ਵੀਰ ਉਥੇ ਕਿਤੇ ਨਹੀਂ ਸੀ।

ਉਸ ਨੇ ਉਹਨੂੰ ਵਾਜਾਂ ਮਾਰੀਆਂ ਅਤੇ ਵਿਲਕਦੀ ਫਿਰੇ ਕਿ ਉਸ ਨੂੰ ਮਾਂ ਤੇ ਪਿਓ ਕੋਲੋਂ ਮਾਰ ਪਵੇਗੀ, ਪਰ ਛੋਟਾ ਵੀਰ ਕਿਧਰੋਂ ਜਵਾਬ ਨਹੀਂ ਸੀ ਦੇਂਦਾ।

ਇਸ ਤਰ੍ਹਾਂ ਉਹ ਦੌੜ ਕੇ ਬਾਹਰ ਖੇਤਾਂ ਵਿੱਚ ਗਈ ਪਰ ਉਥੇ ਕੁਝ ਨਹੀਂ ਸੀ, ਸਿਵਾਏ ਹੰਸਾਂ ਦੇ ਜਿਹੜੇ ਦੂਰ ਹਨੇਰੇ ਜੰਗਲ ਤੋਂ ਪਰੇ ਉਡਦੇ ਜਾ ਰਹੇ ਸਨ। ਅਚਾਨਕ ਉਸ ਨੂੰ ਯਕੀਨ ਹੋ ਗਿਆ ਕਿ ਉਹੋ ਹੀ ਉਸ ਦੇ ਵੀਰ ਨੂੰ ਲੈ ਗਏ ਸਨ। ਲੋਕ ਕਹਿੰਦੇ ਸਨ ਕਿ ਹੰਸ ਬੜੇ ਦੁਸ਼ਟ ਪੰਛੀ ਹਨ ਜਿਹੜੇ ਬੱਚੇ ਚੁੱਕ ਕੇ ਲੈ ਜਾਂਦੇ ਹਨ।

ਬਾਲੜੀ ਉਹਨਾਂ ਪੰਛੀਆਂ ਦੇ ਮਗਰ ਦੌੜ ਪਈ। ਉਹ ਦੌੜਦੀ ਗਈ, ਦੌੜਦੀ ਗਈ ਤੇ ਅਖੀਰ ਉਹ ਇਕ ਤੰਦੂਰ ਕੋਲ ਆ ਗਈ।

"ਤੰਦੂਰਾ, ਤੰਦੂਰਾ, ਮੈਨੂੰ ਦਸ ਕਿ ਹੰਸ ਮੇਰੇ ਵੀਰ ਨੂੰ ਉਡਾਕੇ ਕਿਧਰ ਲੈ ਗਏ?"

"ਮੇਰੀ ਰਾਈ ਦੀ ਇਕ ਰੋਟੀ ਖਾ ਲੈ, ਮੈਂ ਫੇਰ ਦਸੂੰ;" ਤੰਦੂਰ ਨੇ ਆਖਿਆ।

"ਕੀ ਆਖਿਆ; ਰਾਈ ਦੀ ਰੋਟੀ ਖਾ ਲਵਾਂ? ਆਪਣੇ ਪਿਓ ਦੇ ਘਰ ਤਾਂ ਅਸੀਂ ਕਣਕ ਦੀ ਰੋਟੀ ਨਹੀਂ ਖਾਂਦੇ!"

ਇਸ ਕਰਕੇ ਤੰਦੂਰ ਨੇ ਉਸ ਨੂੰ ਕੁਝ ਨਾ ਦਸਿਆ। ਬਾਲੜੀ ਦੌੜਦੀ ਹੋਈ ਥੋੜਾ ਹੋਰ ਅੱਗੇ ਗਈ ਤਾਂ ਉਹਨੇ ਇਕ ਸੇਬ ਦਾ ਰੁਖ ਦੇਖਿਆ।

"ਸੇਬ ਦੇ ਰੁੱਖਾ, ਸੇਬ ਦੇ ਰੁੱਖਾ, ਮੈਨੂੰ ਦਸ ਕਿ ਹੰਸ ਮੇਰੇ ਵੀਰ ਨੂੰ ਉਡਾਕੇ ਕਿਧਰ ਲੈ ਗਏ?"

"ਮੇਰਾ ਇਕ ਜੰਗਲੀ ਸੇਬ ਖਾ ਲੈ, ਮੈਂ ਫੇਰ ਦਸੂੰ," ਰੁੱਖ ਨੇ ਆਖਿਆ।

"ਪਿਓ ਦੇ ਘਰ ਤਾਂ ਅਸੀਂ ਬਾਗ਼ ਦੇ ਸੇਬ ਵੀ ਨਹੀਂ ਖਾਂਦੇ!"

ਇਸ ਕਰਕੇ ਸੇਬ ਦੇ ਰੁੱਖ ਨੇ ਉਸ ਨੂੰ ਕੁਝ ਨਾ ਦਸਿਆ। ਬਾਲੜੀ ਦੌੜਦੀ ਹੋਈ ਥੋੜਾ ਹੋਰ ਅੱਗੇ ਗਈ ਤਾਂ ਉਹ ਇਕ ਦੁਧ ਦੇ ਦਰਿਆ ਤੇ ਆ ਗਈ ਜਿਸ ਦੇ ਕੰਢੇ ਫ਼ਰੂਟ-ਜੈਲੀ ਦੇ ਬਣੇ ਹੋਏ ਸਨ।

"ਫ਼ਰੂਟ-ਜੈਲੀ ਦੇ ਕੰਢਿਆਂ ਵਾਲੇ ਦੁਧ ਦੇ ਦਰਿਆਵਾ, ਮੈਨੂੰ ਦਸ ਕਿ ਹੰਸ ਮੇਰੇ ਵੀਰ ਨੂੰ ਉਡਾਕੇ ਕਿਧਰ ਲੈ ਗਏ?"

"ਦੁਧ ਨਾਲ ਮੇਰੀ ਥੋੜੀ ਜਿਹੀ ਜੈਲੀ ਖਾ ਲੈ, ਮੈਂ ਫੇਰ ਦਸੂੰ।"

"ਪਿਓ ਦੇ ਘਰ ਤਾਂ ਅਸੀਂ ਕ੍ਰੀਮ ਨਾਲ ਜੈਲੀ ਵੀ ਨਹੀਂ ਖਾਂਦੇ।"

ਇਸ ਕਰਕੇ ਦੁਧ ਦੇ ਦਰਿਆ ਨੇ ਉਸ ਨੂੰ ਕੁਝ ਨਾ ਦਸਿਆ।

ਸਾਰਾ ਦਿਨ ਉਹ ਖੇਤਾਂ ਤੇ ਜੰਗਲਾਂ ਵਿੱਚ ਭੱਜੀ ਫਿਰਦੀ ਰਹੀ। ਜਦੋਂ ਤ੍ਰਿਕਾਲਾਂ ਪੈ ਗਈਆਂ ਤਾਂ ਉਹ ਘਰ ਮੁੜਨ ਤੋਂ ਬਿਨਾਂ ਕੁਝ ਨਹੀਂ ਸੀ ਕਰ ਸਕਦੀ।

ਅਚਾਨਕ ਉਸ ਨੇ ਕੀ ਦੇਖਿਆ ਕਿ ਮੁਰਗੀ ਦੇ ਪੈਰਾਂ ਉਤੇ ਇਕ ਝੁੱਗੀ ਬਣੀ ਹੋਈ ਹੈ। ਇਸ ਦੀ

ਇਕ ਨਿੱਕੀ ਜਿਹੀ ਬਾਰੀ ਹੈ ਅਤੇ ਇਹ ਝੁੱਗੀ ਘੁੰਮੀ ਜਾ ਰਹੀ ਹੈ।

ਝੁੱਗੀ ਦੇ ਅੰਦਰ ਬੁਢੀ ਜਾਦੂਗਰਨੀ ਬਾਬਾ-ਯਾਗਾ ਬੈਠੀ ਉੱਨ ਕੱਤ ਰਹੀ ਸੀ। ਅਤੇ ਬੰਚ ਉਤੇ ਬੈਠਾ ਬਾਲੜੀ ਦਾ ਛੋਟਾ ਵੀਰ ਚਾਂਦੀ ਦੇ ਸੇਬਾਂ ਨਾਲ ਖੇਡ ਰਿਹਾ ਸੀ।

ਬਾਲੜੀ ਅੰਦਰ ਚਲੀ ਗਈ।

"ਸ਼ੁਭ ਸ਼ਾਮ, ਦਾਦੀ ਅੰਮਾ।"

"ਸ਼ੁਭ ਸ਼ਾਮ, ਕੁੜੀਏ। ਕਿਵੇਂ ਆਈ ਏਂ?"

"ਤ੍ਰੇਲ ਨਾਲ ਮੇਰੀ ਫਰਾਕ ਗੜੁਚ ਹੋ ਗਈ ਏ। ਇਸ ਨੂੰ ਸੁਕਾਉਣ ਆਈ ਆਂ।"

"ਬਹਿ ਜਾ ਫੇਰ ਕੁਝ ਉੱਨ ਹੀ ਕੱਤ।"

ਬਾਬਾ-ਯਾਗਾ ਨੇ ਉਹਨੂੰ ਤੱਕਲੀ ਫੜਾਈ ਤੇ ਬਾਹਰ ਚਲੀ ਗਈ। ਬਾਲੜੀ ਬੈਠੀ ਕੱਤੀ ਜਾ ਰਹੀ ਸੀ ਕਿ ਅਚਾਨਕ ਤੰਦੂਰ ਹੇਠੋਂ ਇਕ ਚੂਹੀ ਭੱਜੀ ਭੱਜੀ ਆਈ ਤੇ ਉਸ ਨੂੰ ਆਖਣ ਲਗੀ:

"ਕੁੜੀਏ, ਕੁੜੀਏ, ਮੈਨੂੰ ਥੋੜਾ ਜਿਹਾ ਦਲੀਆ ਦੇ ਤਾਂ ਮੈਂ ਤੈਨੂੰ ਕੋਈ ਗੱਲ ਦਸੂੰ।"

ਬਾਲੜੀ ਨੇ ਉਸ ਨੂੰ ਦਲੀਆ ਦੇ ਦਿੱਤਾ, ਤੇ ਚੂਹੀ ਨੇ ਕਿਹਾ:

"ਬਾਬਾ-ਯਾਗਾ ਹਮਾਮ ਵਿੱਚ ਅੱਗ ਬਾਲਣ ਗਈ ਏ। ਉਹ ਤੈਨੂੰ ਪਹਿਲਾਂ ਭਾਫ ਦੇਵੇਗੀ ਤੇ ਸਾਫ ਕਰੇਗੀ, ਫੇਰ ਤੈਨੂੰ ਤੰਦੂਰ ਵਿੱਚ ਭੁੰਨੇਗੀ ਤੇ ਖਾਵੇਗੀ, ਅਤੇ ਫੇਰ ਤੇਰੀਆਂ ਹੱਡੀਆਂ ਤੇ ਸਵਾਰੀ ਕਰੇਗੀ।"

ਬਾਲੜੀ ਨੇ ਡਰ ਨਾਲ ਰੋਣਾ ਤੇ ਕੰਬਣਾ ਸ਼ੁਰੂ ਕਰ ਦਿੱਤਾ ਪਰ ਚੂਹੀ ਬੋਲੀ ਗਈ।

"ਛੇਤੀ ਕਰ, ਆਪਣੇ ਛੋਟੇ ਵੀਰ ਨੂੰ ਚੁਕ ਤੇ ਦੌੜ ਜਾ। ਤੇਰੀ ਥਾਂ ਉੱਨ ਮੈਂ ਕੱਤਾਂਗੀ।"

ਇਸ ਤਰ੍ਹਾਂ ਬਾਲੜੀ ਨੇ ਛੋਟੇ ਵੀਰ ਨੂੰ ਕੁਛੜ ਚੁੱਕਿਆ ਅਤੇ ਦੌੜ ਗਈ। ਬਾਬਾ-ਯਾਗਾ ਖਿੜਕੀ ਦੇ ਕੋਲ ਆਉਂਦੀ ਤੇ ਕਹਿੰਦੀ: "ਕੁੜੀਏ, ਕੱਤ ਰਹੀ ਏਂ ਨਾ?"

ਤੇ ਚੂਹੀ ਜਵਾਬ ਦੇਂਦੀ, "ਹਾਂ, ਦਾਦੀ ਅੰਮਾ, ਕੱਤ ਰਹੀ ਆਂ।..."

ਬਾਬਾ-ਯਾਗਾ ਨੇ ਹਮਾਮ ਵਿੱਚ ਅੱਗ ਬਾਲੀ ਅਤੇ ਬਾਲੜੀ ਨੂੰ ਲੈਣ ਆਈ। ਪਰ ਝੁੱਗੀ ਵਿੱਚ ਕੋਈ ਵੀ ਨਹੀਂ ਸੀ। ਬਾਬਾ-ਯਾਗਾ ਚੀਕੀ: "ਉਡੋ ਹੰਸੋ, ਉਡੋ ਤੇ ਉਹਨਾਂ ਨੂੰ ਫੜ ਕੇ ਲਿਆਓ! ਬਾਲੜੀ ਆਪਣੇ ਛੋਟੇ ਵੀਰ ਨੂੰ ਲੈ ਗਈ ਏ।..."

ਬਾਲੜੀ ਦੌੜਦੀ ਗਈ ਤੇ ਅਖੀਰ ਉਹ ਦੁਧ ਦੇ ਦਰਿਆ ਕੋਲ ਆ ਗਈ। ਏਨੇ ਨੂੰ ਕੀ ਦੇਖਦੀ ਹੈ ਕਿ ਹੰਸ ਉਹਦੇ ਤੇ ਉਹਦੇ ਭਰਾ ਦੇ ਪਿਛੇ ਉਡਦੇ ਆ ਰਹੇ ਹਨ।

"ਦੁਧ ਦੇ ਦਰਿਆਵਾ, ਦੁਧ ਦੇ ਦਰਿਆਵਾ, ਮੈਨੂੰ ਲੁਕਾ ਲੈ!" ਬਾਲੜੀ ਨੇ ਰੋ ਕੇ ਆਖਿਆ।

"ਮੇਰੀ ਥੋੜੀ ਜਿਹੀ ਫਰੂਟ-ਜੈਲੀ ਖਾ ਲੈ।"

ਬਾਲੜੀ ਨੇ ਥੋੜੀ ਜਿਹੀ ਜੈਲੀ ਖਾ ਲਈ ਤੇ ਧੰਨਵਾਦ ਕੀਤਾ। ਇਸ ਕਰਕੇ ਦੁਧ ਦੇ ਦਰਿਆ

ਨੇ ਉਹਨੂੰ ਤੇ ਉਸ ਦੇ ਭਰਾ ਨੂੰ ਆਪਣੇ ਫਰੂਟ–ਜੈਲੀ ਦੇ ਕੰਢਿਆਂ ਦੇ ਸਾਏ ਵਿੱਚ ਲੁਕਾ ਲਿਆ।

ਅਤੇ ਹੰਸ ਉਹਨਾਂ ਨੂੰ ਬਿਨਾਂ ਦੇਖੇ ਹੀ ਉਡਕੇ ਅਗਾਂਹ ਲੰਘ ਗਏ।

ਬਾਲੜੀ ਫੇਰ ਦੌੜ ਪਈ। ਪਰ ਹੰਸ ਪਿਛਾਂਹ ਮੁੜ ਪਏ ਸਨ ਤੇ ਸਿਧੇ ਉਹਦੇ ਵੱਲ ਉਡਦੇ ਆਉਂਦੇ ਸਨ। ਕਿਸੇ ਵੀ ਪਲ ਉਹ ਉਸ ਨੂੰ ਦੇਖ ਲੈਣਗੇ। ਉਹ ਕੀ ਕਰੇ? ਉਹ ਦੌੜ ਕੇ ਸੇਬ ਦੇ ਰੁਖ ਕੋਲ ਗਈ।

"ਸੇਬ ਦੇ ਰੁੱਖਾ, ਸੇਬ ਦੇ ਰੁੱਖਾ, ਮੈਨੂੰ ਲੁਕਾ ਲੈ।"

"ਮੇਰਾ ਜੰਗਲੀ ਸੇਬ ਖਾ ਲੈ।"

ਬਾਲੜੀ ਨੇ ਝਟਾਪਟ ਇਕ ਸੇਬ ਖਾ ਲਿਆ ਤੇ ਉਹਦਾ ਧੰਨਵਾਦ ਕੀਤਾ। ਸੇਬ ਦੇ ਰੁਖ ਨੇ ਉਹਨੂੰ ਆਪਣੇ ਪਤਿਆਂ ਤੇ ਟਹਿਣੀਆਂ ਵਿੱਚ ਲੁਕਾ ਲਿਆ।

ਹੰਸ ਉਸ ਨੂੰ ਦੇਖੇ ਬਿਨਾਂ ਹੀ ਉਡ ਕੇ ਅਗਾਂਹ ਲੰਘ ਗਏ।

ਬਾਲੜੀ ਨੇ ਆਪਣੇ ਵੀਰ ਨੂੰ ਚੁੱਕਿਆ ਤੇ ਫੇਰ ਦੌੜ ਪਈ। ਉਹ ਘਰ ਪਹੁੰਚਣ ਹੀ ਵਾਲੀ ਸੀ ਕਿ ਹੰਸਾਂ ਨੇ ਉਸ ਨੂੰ ਦੇਖ ਲਿਆ। ਉਹਨਾਂ ਨੇ ਕਾਂ ਕਾਂ ਕੀਤਾ ਤੇ ਆਪਣੇ ਪਰ ਫੜਫੜਾਏ। ਬੱਸ ਇਕ ਮਿੰਟ ਹੋਰ ਤੇ ਉਹਨਾਂ ਨੇ ਬਾਲੜੀ ਦੀਆਂ ਬਾਹਾਂ ਵਿਚੋਂ ਉਹਦੇ ਵੀਰ ਨੂੰ ਖਿੱਚ ਲੈਣਾ ਸੀ।

ਬਾਲੜੀ ਦੌੜਦੀ ਦੌੜਦੀ ਤੰਦੂਰ ਕੋਲ ਆ ਗਈ।

"ਤੰਦੂਰਾ, ਤੰਦੂਰਾ, ਮੈਨੂੰ ਲੁਕਾ ਲੈ।"

"ਮੇਰੀ ਰਾਈ ਦੀ ਇਕ ਰੋਟੀ ਖਾ ਲੈ।"

ਬਾਲੜੀ ਨੇ ਰੋਟੀ ਦੀ ਇਕ ਬੁਰਕੀ ਆਪਣੇ ਮੂੰਹ ਵਿੱਚ ਸੁਟੀ ਤੇ ਆਪਣੇ ਵੀਰ ਨੂੰ ਲੈਕੇ ਤੰਦੂਰ ਅੰਦਰ ਵੜ ਗਈ।

ਹੰਸ ਕਾਂ ਕਾਂ ਕੀਂ ਕੀਂ ਕਰਦੇ, ਤੰਦੂਰ ਦੁਆਲੇ ਉਡਣ ਲਗੇ, ਪਰ ਥੋੜੇ ਚਿਰ ਮਗਰੋਂ ਉਹਨਾਂ ਨੇ ਪਿਛਾ ਕਰਨਾ ਛੱਡ ਦਿੱਤਾ ਅਤੇ ਬਾਬਾ–ਯਾਗਾ ਕੋਲ ਉਡ ਗਏ।

ਬਾਲੜੀ ਨੇ ਤੰਦੂਰ ਦਾ ਧੰਨਵਾਦ ਕੀਤਾ ਅਤੇ ਆਪਣੇ ਵੀਰ ਨੂੰ ਲੈ ਕੇ ਘਰ ਦੌੜ ਆਈ।

ਤੇ ਬਹੁਤਾ ਹਨੇਰਾ ਲੱਥਣ ਤੋਂ ਪਹਿਲਾਂ ਮਾਤਾ ਪਿਤਾ ਵੀ ਘਰ ਮੁੜ ਆਏ।



ਨਿਕੀ ਜਿਹੀ ਹਾਵਰੋਸ਼ੇਚਕਾ

ਦੁਨੀਆ ਵਿਚ ਚੰਗੇ ਲੋਕ ਵੀ ਹਨ ਤੇ ਉਹ ਵੀ ਜਿਹੜੇ ਬਹੁਤੇ ਚੰਗੇ ਨਹੀਂ। ਪਰ ਦੁਨੀਆਂ ਵਿਚ ਐਸੇ ਲੋਕ ਵੀ ਹਨ ਜਿਨ੍ਹਾਂ ਨੂੰ ਆਪਣੀਆਂ ਕਾਲੀਆਂ ਕਰਤੂਤਾਂ ਦੀ ਕੋਈ ਸ਼ਰਮ ਹਯਾ ਹੀ ਨਹੀਂ।

ਨਿਕੀ ਜਿਹੀ ਹਾਵਰੋਸ਼ੇਚਕਾ ਦੀ ਕਿਸਮਤ ਮਾੜੀ ਕਿ ਉਹ ਏਹੋ ਜਿਹੇ ਲੋਕਾਂ ਟੇਟੇ ਚੜ੍ਹ ਗਈ। ਉਹ ਯਤੀਮ ਸੀ ਤੇ ਏਹਨਾਂ ਲੋਕਾਂ ਨੇ ਉਹਨੂੰ ਲੈ ਲਿਆ ਤੇ ਉਹਨੂੰ ਪਾਲਿਆ ਪਰ ਸਿਰਫ ਓਹਦੇ ਤੋਂ ਕੰਮ ਕਰਾਉਣ ਲਈ ਹੀ। ਉਹ ਕਪੜਾ ਬੁਣਦੀ ਤੇ ਸੂਤ ਕੱਤਦੀ, ਘਰ ਦਾ ਸਾਰਾ ਕੰਮ ਕਰਦੀ ਤੇ ਢੂਹ ਥਕ ਟੁਟ ਜਾਂਦੀ। ਗੱਲ ਕੀ ਹਰ ਚੀਜ਼ ਦੀ ਜ਼ਿੰਮੇਵਾਰੀ ਉਹਦੇ ਉਤੇ ਹੀ ਸੀ।

ਘਰ ਦੀ ਮਾਲਕਣ ਦੀਆਂ ਤਿੰਨ ਧੀਆਂ ਸਨ। ਸਭ ਤੋਂ ਵੱਡੀ ਧੀ ਦਾ ਨਾਂ ਸੀ ਇਕ-ਅੱਖੀ, ਦੂਜੀ ਦਾ ਦੋ-ਅੱਖੀ, ਤੇ ਸਭ ਤੋਂ ਛੋਟੀ ਦਾ ਤਿੰਨ-ਅੱਖੀ।

ਤਿੰਨੇ ਭੈਣਾਂ ਸਾਰਾ ਦਿਨ ਕੱਖ ਭੰਨ ਕੇ ਦੂਹਰਾ ਨਾ ਕਰਦੀਆਂ, ਬਸ ਫਾਟਕ ਦੇ ਕੋਲ ਬੈਠੀਆਂ

ਰਹਿੰਦੀਆਂ ਤੇ ਗਲੀ ਵਿਚੋਂ ਲੰਘਦਾ ਆਉਂਦਾ ਹੁੰਦਾ ਕਰਦਾ ਵੇਖਦੀਆਂ ਰਹਿੰਦੀਆਂ। ਅਤੇ ਨਿਕੀ ਜਿਹੀ ਹਾਵਰੋਸ਼ੇਚਕਾ ਉਹਨਾਂ ਵਾਸਤੇ ਸਿਉਂਦੀ ਪਰੋਂਦੀ, ਕੱਤਦੀ ਬੁਣਦੀ ਤੇ ਵੱਟੇ ਵਿਚ ਉਹਨੂੰ ਕਦੇ ਦੋ ਮਿਠੇ ਬੋਲ ਵੀ ਨਾ ਜੁੜਦੇ।

ਕਦੇ ਕਦੇ ਨਿਕੀ ਜਿਹੀ ਹਾਵਰੋਸ਼ੇਚਕਾ ਖੇਤ ਵਿਚ ਚਲੀ ਜਾਂਦੀ, ਆਪਣੀਆਂ ਬਾਹਵਾਂ ਆਪਣੀ ਡੱਬ ਖੜੱਬੀ ਗਊ ਦੀ ਧੌਣ ਦੁਆਲੇ ਵਲ ਦੇਂਦੀ ਤੇ ਆਪਣੇ ਸਾਰੇ ਦੁਖ ਉਹਦੇ ਅੱਗੇ ਰੋ ਦੇਂਦੀ।

"ਮੇਰੀ ਪਿਆਰੀ ਡੱਬ ਖੜੱਬੀਏ!" ਉਹ ਆਖਦੀ। "ਉਹ ਮੈਨੂੰ ਮਾਰਦੇ ਨੇ ਤੇ ਝਿੜਕਾਂ ਦੇਂਦੇ ਨੇ, ਉਹ ਮੈਨੂੰ ਢਿਡ ਭਰਕੇ ਖਾਣ ਨੂੰ ਨਹੀਂ ਦੇਂਦੇ, ਤੇ ਫੇਰ ਮੈਨੂੰ ਰੋਣ ਵੀ ਨਹੀਂ ਦੇਂਦੇ। ਮੈਂ ਭਲਕ ਤਾਈਂ ਪੰਜ ਪੂਡ ਸਨੁਕੜਾ ਕਤਣਾ, ਬੁਣਨਾ, ਖੁੰਬ ਚਾੜ੍ਹਨਾ ਤੇ ਥਾਨਾਂ ਵਿਚ ਵਲ੍ਹੇਟਣਾ ਏ।"

ਤੇ ਜਵਾਬ ਵਿਚ ਗਊ ਉਹਨੂੰ ਕਹਿੰਦੀ:

"ਮੇਰੀਏ ਸੁਹਣੀਏ ਲਾਡੋ, ਤੂੰ ਬਸ ਮੇਰੇ ਇਕ ਕੰਨ ਵਿਚ ਵੜ ਜਾ ਤੇ ਦੂਜੇ ਵਿਚੋਂ ਬਾਹਰ ਆ ਜਾ, ਤੇ ਤੇਰਾ ਸਾਰਾ ਕੰਮ ਆਪੇ ਹੋ ਜਾਏਗਾ।"

ਤੇ ਜਿੱਦਾਂ ਡੱਬ ਖੜੱਬੀ ਕਹਿੰਦੀ, ਉਸ ਤਰ੍ਹਾਂ ਹੀ ਹੁੰਦਾ। ਨਿਕੀ ਜਿਹੀ ਹਾਵਰੋਸ਼ੇਚਕਾ ਗਊ ਦੇ ਇਕ ਕੰਨ ਵਿਚ ਵੜਦੀ ਤੇ ਦੂਜੇ ਵਿਚੋਂ ਬਾਹਰ ਆ ਜਾਂਦੀ। ਤੇ ਕੀ ਵੇਖਦੀ! ਬੁਣਿਆ, ਖੁੰਬ ਚੜ੍ਹਿਆ ਤੇ ਥਾਨਾਂ ਵਿਚ ਵਲ੍ਹੇਟਿਆ ਕਪੜਾ ਤਿਆਰ ਹੁੰਦਾ।

ਨਿਕੀ ਜਿਹੀ ਹਾਵਰੋਸ਼ੇਚਕਾ ਕਪੜੇ ਦੇ ਥਾਨ ਆਪਣੀ ਮਾਲਕਣ ਕੋਲ ਲੈ ਆਉਂਦੀ ਜਿਹੜੀ ਕਪੜੇ ਵੱਲ ਨਜ਼ਰ ਮਾਰਦੀ ਤੇ ਬੁੜਬੁੜ ਕਰਦੀ ਤੇ ਥਾਨ ਸੰਦੂਕ ਵਿਚ ਸਾਂਭ ਲੈਂਦੀ ਤੇ ਨਿਕੀ ਜਿਹੀ ਹਾਵਰੋਸ਼ੇਚਕਾ ਨੂੰ ਹੋਰ ਵੀ ਬਹੁਤਾ ਕੰਮ ਦੇ ਦੇਂਦੀ।

ਅਤੇ ਨਿਕੀ ਜਿਹੀ ਹਾਵਰੋਸ਼ੇਚਕਾ ਡੱਬ ਖੜੱਬੀ ਕੋਲ ਜਾਂਦੀ, ਆਪਣੀਆਂ ਬਾਹਵਾਂ ਉਹਦੀ ਧੌਣ ਦੁਆਲੇ ਵਲ ਦੇਂਦੀ ਤੇ ਉਸ ਨੂੰ ਥਾਪੜਦੀ, ਉਹਦੇ ਇਕ ਕੰਨ ਵਿਚ ਵੜ ਜਾਂਦੀ ਤੇ ਦੂਜੇ ਵਿਚੋਂ ਬਾਹਰ ਨਿਕਲ ਆਉਂਦੀ, ਆਪਣਾ ਤਿਆਰ ਕਪੜਾ ਚੁਕਦੀ ਤੇ ਲਿਆਕੇ ਫੇਰ ਆਪਣੀ ਮਾਲਕਣ ਅਗੇ ਧਰ ਦੇਂਦੀ।

ਇਕ ਦਿਨ ਬੁਢੀ ਨੇ ਆਪਣੀ ਧੀ ਇਕ-ਅੱਖੀ ਨੂੰ ਆਪਣੇ ਕੋਲ ਸੱਦਿਆ ਤੇ ਕਿਹਾ:

"ਮੇਰੀ ਬੀਬੀ ਧੀ, ਮੇਰੀ ਸੁਹਣੀ ਧੀ, ਜਾ ਕੇ ਵੇਖ ਭਲਾ ਏਹਦੇ ਕੰਮ ਵਿਚ ਕੌਣ ਹੱਥ ਵਟਾਉਂਦਾ ਏ। ਪਤਾ ਕਰ ਖਾਂ ਸੂਤ ਕੌਣ ਕੱਤਦਾ ਏ, ਕਪੜਾ ਕੌਣ ਉਣਦਾ ਏ ਤੇ ਥਾਨ ਕੌਣ ਵਲ੍ਹੇਟਦਾ ਏ।"

ਇੱਕ-ਅੱਖੀ ਨਿਕੀ ਜਿਹੀ ਹਾਵਰੋਸ਼ੇਚਕਾ ਨਾਲ ਜੰਗਲ ਵਿਚ ਗਈ ਤੇ ਉਹ ਉਹਦੇ ਨਾਲ ਖੇਤਾਂ ਵਿਚ ਗਈ, ਪਰ ਉਹ ਆਪਣੀ ਮਾਂ ਦਾ ਦਸਿਆ ਕੰਮ ਭੁਲ ਗਈ ਤੇ ਉਹ ਘਾਹ ਤੇ ਲੰਮੀ ਪੈ ਗਈ ਤੇ ਧੁਪ ਸੇਕਣ ਲਗ ਪਈ। ਤੇ ਹਾਵਰੋਸ਼ੇਚਕਾ ਨੇ ਗੁਣਗੁਣਾਇਆ:

"ਸੌਂ ਜਾ, ਨਿੱਕੀ ਅੱਖੀਏ, ਸੌਂ ਜਾ!"

ਇਕ-ਅੱਖੀ ਨੇ ਆਪਣੀ ਅੱਖ ਮੀਟ ਲਈ ਤੇ ਉਹ ਸੌਂ ਗਈ। ਜਦੋਂ ਉਹ ਸੁੱਤੀ ਪਈ ਸੀ, ਓਦੋਂ ਡੱਬ ਖੜੱਬੀ ਨੇ ਕਪੜਾ ਬੁਣਿਆ, ਖੁੰਬ ਚਾੜ੍ਹਿਆ ਤੇ ਥਾਨ ਵਲ੍ਹੇਟ ਦਿੱਤੇ।

ਮਾਲਕਣ ਨੂੰ ਕੱਖ ਵੀ ਪਤਾ ਨਾ ਲਗਾ, ਸੋ ਉਹਨੇ ਆਪਣੀ ਦੂਜੀ ਧੀ, ਦੋ-ਅੱਖੀ ਨੂੰ ਸੱਦਿਆ

"ਮੇਰੀ ਬੀਬੀ ਧੀ, ਮੇਰੀ ਸੁਹਣੀ ਧੀ, ਜਾ ਕੇ ਵੇਖ ਭਲਾ ਕੰਮ ਵਿਚ ਏਸ ਯਤੀਮ ਦਾ ਕੌਣ ਹੱਥ ਵਟਾਉਂਦਾ ਏ।"

ਦੋ-ਅੱਖੀ ਨਿਕੀ ਜਿਹੀ ਹਾਵਰੋਸ਼ੇਚਕਾ ਦੇ ਨਾਲ ਗਈ, ਪਰ ਉਹ ਆਪਣੀ ਮਾਂ ਦਾ ਦਸਿਆ ਕੰਮ ਭੁਲ ਗਈ। ਉਹ ਘਾਹ ਤੇ ਲੰਮੀ ਪੈ ਗਈ ਤੇ ਧੁਪ ਸੇਕਣ ਲੱਗੀ। ਤੇ ਨਿਕੀ ਜਿਹੀ ਹਾਵਰੋਸ਼ੇਚਕਾ ਨੇ ਗੁਣਗੁਣਾਇਆ :

"ਸੌਂ ਜਾ, ਨਿੱਕੀ ਅੱਖੀਏ! ਸੌਂ ਜਾ, ਦੂਜੀ ਨਿੱਕੀ ਅੱਖੀਏ!"

ਦੋ-ਅੱਖੀ ਨੇ ਆਪਣੀਆਂ ਅੱਖਾਂ ਮੀਟੀਆਂ ਤੇ ਉਹ ਉਂਘਲਾਉਣ ਲਗ ਪਈ। ਜਦੋਂ ਉਹ ਸੁੱਤੀ ਪਈ ਸੀ, ਓਦੋਂ ਡੱਬ ਖੜੱਬੀ ਨੇ ਕਪੜਾ ਬੁਣਿਆ, ਖੁੰਬ ਚਾੜ੍ਹਿਆ ਤੇ ਥਾਨ ਵਲ੍ਹੇਟ ਦਿੱਤੇ।

ਬੁਢੀ ਨੂੰ ਬੜਾ ਗੁੱਸਾ ਚੜ੍ਹਿਆ ਤੇ ਤੀਜੇ ਦਿਨ ਉਸ ਨੇ ਆਪਣੀ ਤੀਜੀ ਧੀ, ਤਿੰਨ-ਅੱਖੀ ਨੂੰ. ਨਿਕੀ ਜਿਹੀ ਹਾਵਰੋਸ਼ੇਚਕਾ ਦੇ ਨਾਲ ਜਾਣ ਲਈ ਆਖਿਆ ਜਿਸ ਨੂੰ ਉਹਨੇ ਅੱਜ ਪਹਿਲਾਂ ਨਾਲੋਂ ਵੀ ਬਹੁਤਾ ਕੰਮ ਦੇ ਦਿੱਤਾ ਸੀ।

ਤਿੰਨ- ਅੱਖੀ ਧੁਪ ਵਿਚ ਖੇਡਦੀ ਤੇ ਨਚਦੀ ਟਪਦੀ ਰਹੀ ਤੇ ਅਖੀਰ ਉਹ ਏਨਾ ਥੱਕ ਗਈ ਕਿ ਉਹ ਘਾਹ ਉਤੇ ਲੰਮੀ ਪੈ ਗਈ। ਤੇ ਨਿਕੀ ਜਿਹੀ ਹਾਵਰੋਸ਼ੇਚਕਾ ਨੇ ਲੋਰੀ ਗਾਈ :

"ਸੌਂ ਜਾ, ਨਿੱਕੀ ਅੱਖੀਏ! ਸੌਂ ਜਾ, ਦੂਜੀ ਨਿੱਕੀ ਅੱਖੀਏ!"

ਪਰ ਉਹ ਤੀਜੀ ਨਿੱਕੀ ਅੱਖ ਬਾਰੇ ਭੁਲ ਹੀ ਗਈ।

ਤਿੰਨ-ਅੱਖੀ ਦੀਆਂ ਦੋ ਅੱਖਾਂ ਸੌਂ ਗਈਆਂ, ਪਰ ਤੀਜੀ ਅੱਖ ਵੇਖਦੀ ਰਹੀ ਤੇ ਉਹਨੇ ਸਭ ਕੁਝ ਵੇਖ ਲਿਆ। ਉਹਨੇ ਵੇਖਿਆ ਕਿ ਨਿਕੀ ਜਿਹੀ ਹਾਵਰੋਸ਼ੇਚਕਾ ਗਊ ਦੇ ਇਕ ਕੰਨ ਵਿਚ ਵੜਦੀ ਹੈ ਤੇ ਦੂਜੇ ਵਿਚੋਂ ਨਿਕਲ ਆਉਂਦੀ ਹੈ ਤੇ ਤਿਆਰ ਕਪੜਾ ਚੁਕ ਲੈਂਦੀ ਹੈ।

ਤਿੰਨ-ਅੱਖੀ ਘਰ ਆਈ ਤੇ ਉਹਨੇ ਜੋ ਕੁਝ ਵੇਖਿਆ ਸੀ ਆਪਣੀ ਮਾਂ ਨੂੰ ਦਸ ਦਿੱਤਾ। ਬੁਢੀ ਬੜੀ ਖੁਸ਼ ਹੋਈ, ਅਤੇ ਅਗਲੇ ਦਿਨ ਉਹ ਆਪਣੇ ਘਰ ਵਾਲੇ ਕੋਲ ਗਈ ਤੇ ਆਖਣ ਲਗੀ :

"ਜਾ ਤੇ ਜਾ ਕੇ ਉਸ ਡੱਬ ਖੜੱਬੀ ਗਊ ਨੂੰ ਮਾਰ ਦੇ।"

ਬੁਢਾ ਹੈਰਾਨ ਰਹਿ ਗਿਆ ਤੇ ਉਸ ਨੇ ਉਹਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ।

"ਤੇਰੀ ਮੱਤ ਤਾਂ ਨਹੀਂ ਮਾਰੀ ਗਈ, ਭਲੀਏ ਲੋਕੇ?" ਉਹਨੇ ਕਿਹਾ। "ਅਸੀਲ ਗਊ ਏ

ਤੇ ਅਜੇ ਕੋਈ ਬੁਢੀ ਖਾਂਗੜ ਵੀ ਨਹੀਂ।''

''ਇਸ ਨੂੰ ਮਾਰ ਦੇ ਤੇ ਕੋਈ ਹੋਰ ਗੱਲ ਕਰਨ ਦੀ ਲੋੜ ਨਹੀਂ,'' ਉਹਦੀ ਘਰ ਵਾਲੀ ਨੇ ਜ਼ਿੱਦ ਕੀਤੀ।

ਕੋਈ ਚਾਰਾ ਨਹੀਂ ਸੀ ਤੇ ਬੁਢਾ ਆਪਣੀ ਛੁਰੀ ਤੇਜ਼ ਕਰਨ ਲਗ ਪਿਆ। ਨਿਕੀ ਜਿਹੀ ਹਾਵਰੋਸ਼ੇਚਕਾ ਨੇ ਇਹ ਸਭ ਕੁਝ ਵੇਖਿਆ ਤੇ ਉਹ ਭੱਜੀ ਭੱਜੀ ਖੇਤ ਵਿਚ ਆਈ ਤੇ ਆਪਣੀਆਂ ਬਾਹਵਾਂ ਡੱਬ ਖੜੱਬੀ ਦੁਆਲੇ ਵਲ ਦਿੱਤੀਆਂ।

''ਡੱਬ ਖੜੱਬੀਏ, ਪਿਆਰੀਏ,'' ਉਹਨੇ ਕਿਹਾ, ''ਉਹ ਤੈਨੂੰ ਮਾਰ ਦੇਣਾ ਚਾਹੁੰਦੇ ਨੇ।''

ਅਤੇ ਗਊ ਨੇ ਜਵਾਬ ਦਿੱਤਾ:

''ਗ਼ਮ ਨਾ ਕਰ, ਮੇਰੀਏ ਸੁਹਣੀਏ ਲਾਡੋ, ਤੇ ਜਿੱਦਾਂ ਮੈਂ ਕਹਿੰਦੀ ਆਂ ਓਦਾਂ ਕਰ। ਮੇਰੀਆਂ ਹੱਡੀਆਂ ਕੱਠੀਆਂ ਕਰ ਲਈਂ, ਉਹਨਾਂ ਨੂੰ ਇਕ ਰੁਮਾਲ ਵਿਚ ਬੰਨ੍ਹ ਲਈਂ, ਉਹਨਾਂ ਨੂੰ ਬਾਗ਼ ਵਿਚ ਦੱਬ ਦੇਈਂ ਤੇ ਰੋਜ਼ ਪਾਣੀ ਪਾਇਆ ਕਰੀਂ। ਮੇਰਾ ਮਾਸ ਨਾ ਖਾਵੀਂ ਤੇ ਮੈਨੂੰ ਕਦੇ ਨਾ ਭੁਲਾਵੀਂ।''

ਬੁਢੇ ਨੇ ਗਊ ਮਾਰ ਦਿੱਤੀ, ਅਤੇ ਨਿਕੀ ਜਿਹੀ ਹਾਵਰੋਸ਼ੇਚਕਾ ਨੇ ਉਸ ਤਰ੍ਹਾਂ ਹੀ ਕੀਤਾ ਜਿਸ ਤਰ੍ਹਾਂ ਡੱਬ ਖੜੱਬੀ ਨੇ ਉਹਨੂੰ ਆਖਿਆ ਸੀ। ਉਹ ਭੁੱਖੀ ਰਹੀ, ਪਰ ਉਹਨੇ ਮਾਸ ਨੂੰ ਹੱਥ ਨਾ ਲਾਇਆ, ਤੇ ਉਹਨੇ ਹੱਡੀਆਂ ਬਾਗ਼ ਵਿਚ ਦੱਬ ਦਿੱਤੀਆਂ ਤੇ ਰੋਜ਼ ਉਹਨਾਂ ਤੇ ਪਾਣੀ ਪਾਇਆ।

ਕੁਝ ਚਿਰ ਮਗਰੋਂ ਉਹਨਾਂ ਹੱਡੀਆਂ ਵਿਚੋਂ ਸੇਬਾਂ ਦਾ ਇਕ ਬੂਟਾ ਉਗ ਪਿਆ, ਤੇ ਇਹ ਬੜਾ ਹੀ ਵਚਿਤਰ ਬੂਟਾ ਸੀ। ਇਹਦੇ ਸੇਬ ਗੋਲ ਤੇ ਰਸ ਨਾਲ ਭਰੇ ਹੋਏ, ਇਹਦੀਆਂ ਝੂਲਦੀਆਂ ਲਗਰਾਂ ਚਾਂਦੀ ਦੀਆਂ ਤੇ ਇਹਦੇ ਖੜ ਖੜ ਕਰਦੇ ਪੱਤੇ ਸੋਨੇ ਦੇ ਸਨ। ਜਿਹੜਾ ਵੀ ਕੋਲੋਂ ਦੀ ਲੰਘਦਾ ਵੇਖਣ ਖਲੋ ਜਾਂਦਾ, ਤੇ ਜਿਹੜਾ ਵੀ ਲਾਗੇ ਆਉਂਦਾ ਦੰਗ ਰਹਿ ਜਾਂਦਾ।

ਸਮਾਂ ਬੀਤਦਾ ਗਿਆ, ਬੀਤਦਾ ਗਿਆ। ਇਕ ਦਿਨ ਇੱਕ-ਅੱਖੀ, ਦੋ-ਅੱਖੀ ਤੇ ਤਿੰਨ-ਅੱਖੀ ਬਾਗ਼ ਵਿਚ ਸੈਰ ਕਰਨ ਗਈਆਂ। ਤੇ ਚਾਨਚਕ ਉਸੇ ਵੇਲੇ ਇਕ ਗਭਰੂ, ਸੁਹਣਾ ਤੇ ਤਕੜਾ, ਅਮੀਰ ਜਿਸ ਦੇ ਕੁੰਡਲਾਂ ਵਾਲੇ ਵਾਲ ਸਨ ਓਥੇ ਆ ਨਿਕਲਿਆ। ਜਦੋਂ ਉਹਨੇ ਰਸ ਨਾਲ ਭਰੇ ਹੋਏ ਸੇਬ ਵੇਖੇ ਉਹ ਰੁਕ ਗਿਆ ਤੇ ਚਿੜਾਉਣ ਲਈ ਕੁੜੀਆਂ ਨੂੰ ਆਖਣ ਲਗਾ:

''ਸੁਹਣੀਓ ਮੁਟਿਆਰੋ! ਤੁਹਾਡੇ ਵਿਚੋਂ ਜਿਹੜੀ ਉਸ ਸਾਮ੍ਹਣੇ ਬੂਟੇ ਨਾਲੋਂ ਸੇਬ ਲਿਆ ਦੇਵੇ, ਮੈਂ ਉਹਦੇ ਨਾਲ ਵਿਆਹ ਕਰਾ ਲਊਂ।''

ਤਿੰਨੇ ਭੈਣਾਂ ਭੱਜਕੇ ਸੇਬ ਦੇ ਬੂਟੇ ਵੱਲ ਗਈਆਂ ਤੇ ਇਕ ਦੂਜੀ ਤੋਂ ਅੱਗੇ ਵਧਕੇ ਕੋਸ਼ਿਸ਼ ਕਰਨ ਲਗੀਆਂ।

ਪਰ ਸੇਬ ਜਿਹੜੇ ਬੜੇ ਨੀਵੇਂ ਲਟਕ ਰਹੇ ਸਨ ਤੇ ਸੌਖਿਆਂ ਹੀ ਹੱਥ ਵਿੱਚ ਆਉਂਦੇ ਜਾਪਦੇ ਸਨ, ਹੁਣ ਉਹਨਾਂ ਭੈਣਾਂ ਦੇ ਸਿਰਾਂ ਤੋਂ ਉੱਚੇ ਹਵਾ ਵਿਚ ਝੂਲਣ ਲਗ ਪਏ।

ਭੈਣਾਂ ਨੇ ਉਹਨਾਂ ਨੂੰ ਝਾੜਨ ਦੀ ਕੋਸ਼ਿਸ਼ ਕੀਤੀ, ਪਰ ਪੱਤੇ ਵਾਛੜ ਬਣਕੇ ਹੇਠਾਂ ਆ ਪਏ ਤੇ ਉਹ ਅੰਨ੍ਹੀਆਂ ਹੋ ਗਈਆਂ। ਉਹਨਾਂ ਨੇ ਸੇਬ ਤੋੜਨ ਦੀ ਕੋਸ਼ਿਸ਼ ਕੀਤੀ, ਪਰ ਲਗਰਾਂ ਨੇ ਉਹਨਾਂ ਦੀਆਂ ਮੇਢੀਆਂ ਫੜ ਕੇ ਖੋਹ ਸੁਟੀਆਂ। ਉਹਨਾਂ ਨੇ ਬਥੇਰੇ ਹੱਥ ਪੈਰ ਮਾਰੇ, ਪਰ ਉਹ ਸੇਬ ਨਾ ਤੋੜ ਸਕੀਆਂ ਤੇ ਆਪਣੇ ਹੱਥਾਂ ਨੂੰ ਝਰੀਟਾਂ ਪੁਆ ਲਈਆਂ।

ਫੇਰ ਨਿਕੀ ਜਿਹੀ ਹਾਵਰੋਸ਼ੇਚਕਾ ਰੁਖ ਕੋਲ ਗਈ, ਤੇ ਇਕ ਦਮ ਲਗਰਾਂ ਝੁਕ ਗਈਆਂ ਤੇ ਸੇਬ ਉਹਦੇ ਹੱਥਾਂ ਵਿਚ ਆ ਗਏ। ਉਹਨੇ ਇਕ ਸੇਬ ਸੁਹਣੇ ਜਵਾਨ ਪ੍ਰਦੇਸੀ ਨੂੰ ਦੇ ਦਿੱਤਾ ਤੇ ਉਹਨੇ ਉਹਦੇ ਨਾਲ ਵਿਆਹ ਕਰਵਾ ਲਿਆ। ਓਸ ਦਿਨ ਤੋਂ ਮਗਰੋਂ ਉਹਨੇ ਕਦੇ ਕੋਈ ਦੁਖ ਤਕਲੀਫ ਨਹੀਂ ਵੇਖੀ, ਤੇ ਉਹ ਤੇ ਉਹਦਾ ਪਤੀ ਸੁਖੀ ਸੁਖੀ ਵਸਣ ਲਗੇ।

ਭੈਣ ਅਲੀਓਨੂਸ਼ਕਾ ਤੇ ਭਰਾ ਇਵਾਨੂਸ਼ਕਾ

ਇਕ ਵਾਰੀ ਦੀ ਗੱਲ ਹੈ, ਇਕ ਬੁੱਢਾ ਤੇ ਬੁੱਢੀ ਰਹਿੰਦੇ ਸਨ। ਉਹਨਾਂ ਦੀ ਇਕ ਧੀ ਸੀ, ਉਹਦਾ ਨਾਂ ਸੀ ਅਲੀਓਨੂਸ਼ਕਾ ਤੇ ਇਕ ਸੀ ਉਹਨਾਂ ਦਾ ਪੁਤ ਜਿਸ ਦਾ ਨਾਂ ਸੀ ਇਵਾਨੂਸ਼ਕਾ।

ਬੁੱਢਾ ਤੇ ਬੁੱਢੀ ਮਰ ਗਏ, ਤੇ ਅਲੀਓਨੂਸ਼ਕਾ ਤੇ ਇਵਾਨੂਸ਼ਕਾ ਸੰਸਾਰ ਵਿਚ 'ਕੱਲੇ ਰਹਿ ਗਏ।

ਅਲੀਓਨੂਸ਼ਕਾ ਕੰਮ ਕਰਨ ਤੁਰ ਪਈ ਤੇ ਉਹਨੇ ਆਪਣੇ ਛੋਟੇ ਭਰਾ ਨੂੰ ਨਾਲ ਲੈ ਲਿਆ। ਉਹਨਾਂ ਨੇ ਬਹੁਤ ਦੂਰ ਜਾਣਾ ਸੀ ਤੇ ਜਦੋਂ ਉਹ ਇਕ ਮੈਦਾਨ ਵਿਚੋਂ ਲੰਘ ਰਹੇ ਸਨ, ਇਵਾਨੂਸ਼ਕਾ ਨੂੰ ਤਿਹ ਲਗ ਪਈ।

"ਭੈਣ ਅਲੀਓਨੂਸ਼ਕਾ, ਮੈਨੂੰ ਤਿਹ ਲੱਗੀ ਏ," ਉਹਨੇ ਆਖਿਆ,

"ਸਬਰ ਕਰ, ਨਿਕਿਆ ਵੀਰਾ, ਹੁਣੇ ਅਸੀਂ ਇਕ ਖੂਹ ਤੇ ਪਹੁੰਚ ਜਾਣਾ ਏ।"

ਉਹ ਤੁਰਦੇ ਗਏ, ਤੁਰਦੇ ਗਏ। ਅਸਮਾਨ ਵਿਚ ਸੂਰਜ ਉੱਚਾ ਹੋ ਗਿਆ ਸੀ ਤੇ ਹਵਾ ਗਰਮ ਤੇ ਖੁਸ਼ਕ ਹੋ ਗਈ ਸੀ। ਤੁਰਦੇ ਤੁਰਦੇ ਉਹ ਇਕ ਗਊ ਦੇ ਖੁਰ ਦੇ ਨਿਸ਼ਾਨ ਕੋਲ ਆ ਗਏ ਜਿਹੜਾ ਪਾਣੀ ਨਾਲ ਭਰਿਆ ਹੋਇਆ ਸੀ।

"ਭੈਣ ਅਲੀਓਨੂਸ਼ਕਾ, ਮੈਂ ਖੁਰ ਵਿਚੋਂ ਪਾਣੀ ਪੀ ਲਵਾਂ?"

"ਨਾ, ਨਿਕਿਆ ਵੀਰਾ, ਤੂੰ ਵੱਛਾ ਬਣ ਜਾਏਂਗਾ।"

ਇਵਾਨੂਸ਼ਕਾ ਨੇ ਗੱਲ ਮੰਨ ਲਈ ਤੇ ਉਹ ਤੁਰਦੇ ਤੁਰਦੇ ਥੋੜ੍ਹਾ ਹੋਰ ਅੱਗੇ ਆ ਗਏ।

ਅਸਮਾਨ ਵਿਚ ਸੂਰਜ ਹੋਰ ਵੀ ਉੱਚਾ ਹੋ ਗਿਆ ਸੀ ਤੇ ਹਵਾ ਗਰਮ ਤੇ ਖੁਸ਼ਕ ਸੀ। ਤੁਰਦੇ ਤੁਰਦੇ ਉਹ ਇਕ ਘੋੜੇ ਦੇ ਪੌੜ ਦੇ ਨਿਸ਼ਾਨ ਕੋਲ ਆ ਗਏ ਜਿਸ ਵਿਚ ਪਾਣੀ ਭਰਿਆ ਹੋਇਆ ਸੀ।

"ਭੈਣ ਅਲੀਓਨੂਸ਼ਕਾ, ਮੈਂ ਪੌੜ ਵਿਚੋਂ ਪਾਣੀ ਪੀ ਲਵਾਂ?"

"ਨਾ, ਨਿਕਿਆ ਵੀਰਾ, ਤੂੰ ਵਛੇਰਾ ਬਣ ਜਾਏਂਗਾ।"

ਇਵਾਨੂਸ਼ਕਾ ਨੇ ਹੌਕਾ ਲਿਆ ਤੇ ਉਹ ਅੱਗੇ ਤੁਰ ਪਏ।

ਉਹ ਤੁਰਦੇ ਗਏ, ਤੁਰਦੇ ਗਏ। ਸੂਰਜ ਅਸਮਾਨੇ ਸਿਰ ਉਤੇ ਆ ਗਿਆ ਸੀ ਤੇ ਹਵਾ ਗਰਮ ਤੇ ਖੁਸ਼ਕ ਸੀ। ਤੁਰਦੇ ਤੁਰਦੇ ਉਹ ਇਕ ਬੱਕਰੀ ਦੇ ਖੁਰ ਦੇ ਨਿਸ਼ਾਨ ਕੋਲ ਆ ਗਏ ਜਿਸ ਵਿਚ ਪਾਣੀ ਭਰਿਆ ਹੋਇਆ ਸੀ।

"ਭੈਣ ਅਲੀਓਨੂਸ਼ਕਾ, ਤਿਹ ਨਾਲ ਮੇਰੀ ਜਾਨ ਨਿਕਲਣ ਲਗੀ ਏ। ਮੈਂ ਖੁਰ ਵਿਚੋਂ ਪਾਣੀ ਪੀ ਲਵਾਂ।" ਇਵਾਨੂਸ਼ਕਾ ਨੇ ਪੁਛਿਆ।

"ਨਾ, ਨਿਕਿਆ ਵੀਰਾ, ਤੂੰ ਮੇਮਣਾ ਬਣ ਜਾਏਂਗਾ।"

ਪਰ ਇਵਾਨੂਸ਼ਕਾ ਆਪਣੀ ਭੈਣ ਦੇ ਆਖੇ ਨਾ ਲਗਿਆ ਤੇ ਉਹਨੇ ਬੱਕਰੀ ਦੇ ਖੁਰ ਨਾਲ ਬਣੇ ਟੋਏ ਵਿਚੋਂ ਪਾਣੀ ਪੀ ਲਿਆ।

ਪਾਣੀ ਪੀਣ ਦੀ ਦੇਰ ਸੀ ਕਿ ਉਹ ਮੇਮਣਾ ਬਣ ਗਿਆ।

ਅਲੀਓਨੂਸ਼ਕਾ ਨੇ ਆਪਣੇ ਭਰਾ ਨੂੰ ਵਾਜ ਮਾਰੀ, ਤੇ ਇਵਾਨੂਸ਼ਕਾ ਦੀ ਥਾਂ ਇਕ ਨਿੱਕਾ ਜਿਹਾ ਚਿੱਟਾ ਮੇਮਣਾ ਟਪੋਸੀਆਂ ਮਾਰਦਾ ਆ ਗਿਆ।

ਅਲੀਓਨੂਸ਼ਕਾ ਦੇ ਅਥਰੂ ਪਰਲ ਪਰਲ ਵਹਿ ਤੁਰੇ। ਉਹ ਭੁੰਜੇ ਬੈਠੀ ਹਟਕੋਰੇ ਭਰਦੀ ਰਹੀ ਤੇ ਮੇਮਣਾ ਉਹਦੇ ਆਸ ਪਾਸ ਟਪੋਸੀਆਂ ਮਾਰਦਾ ਰਿਹਾ।

ਏਨੇ ਨੂੰ ਇਕ ਵਪਾਰੀ ਘੋੜੇ ਚੜ੍ਹਿਆ ਓਥੇ ਆ ਨਿਕਲਿਆ।

"ਤੂੰ ਕਿਉਂ ਰੋਂਦੀ ਏਂ, ਸੁਹਣੀਏ ਮੁਟਿਆਰੇ?" ਉਹਨੇ ਪੁਛਿਆ।

ਅਲੀਓਨੂਸ਼ਕਾ ਨੇ ਉਹਨੂੰ ਆਪਣਾ ਦੁਖ ਦਸਿਆ।

ਵਪਾਰੀ ਨੇ ਕਿਹਾ: "ਮੇਰੇ ਨਾਲ ਵਿਆਹ ਕਰ ਲੈ, ਮੁਟਿਆਰੇ। ਮੈਂ ਤੈਨੂੰ ਸੋਨੇ ਚਾਂਦੀ ਨਾਲ ਲੱਦ ਦਿਆਂਗਾਂ, ਤੇ ਮੇਮਣਾ ਸਾਡੇ ਨਾਲ ਰਹੇਗਾ।"

ਅਲੀਓਨੂਸ਼ਕਾ ਨੇ ਇਸ ਗੱਲ ਤੇ ਵਿਚਾਰ ਕੀਤੀ ਤੇ ਉਹ ਵਪਾਰੀ ਨਾਲ ਵਿਆਹ ਕਰਾਉਣਾ ਮੰਨ ਗਈ।

ਉਹ ਖੁਸ਼ੀ ਖੁਸ਼ੀ ਕੱਠੇ ਰਹਿਣ ਲੱਗੇ, ਤੇ ਮੇਮਣਾ ਵੀ ਉਹਨਾਂ ਦੇ ਨਾਲ ਹੀ ਰਹਿੰਦਾ ਸੀ ਤੇ ਅਲੀਓਨੂਸ਼ਕਾ ਨਾਲ ਇਕੋ ਭਾਂਡੇ ਵਿਚ ਖਾਂਦਾ ਪੀਂਦਾ ਸੀ।

ਇਕ ਦਿਨ ਵਪਾਰੀ ਕਿਤੇ ਬਾਹਰ ਗਿਆ। ਤੇ ਅਚਾਨਕ ਇਕ ਜਾਦੂਗਰਨੀ ਪਤਾ ਨਹੀਂ ਕਿਥੋਂ ਆ ਗਈ। ਉਹ ਅਲੀਓਨੁਸ਼ਕਾ ਦੀ ਬਾਰੀ ਦੇ ਹੇਠਾਂ ਆ ਖਲੋਤੀ ਤੇ ਉਹਨੂੰ ਵਰਗਲਾ ਕੇ ਦਰਿਆ ਤੇ ਨਹਾਉਣ ਲੈ ਗਈ।

ਅਲੀਓਨੁਸ਼ਕਾ ਜਾਦੂਗਰਨੀ ਦੇ ਮਗਰ ਦਰਿਆ ਨੂੰ ਤੁਰ ਪਈ। ਤੇ ਜਦੋਂ ਉਹ ਉਥੇ ਪਹੁੰਚੀਆਂ ਜਾਦੂਗਰਨੀ ਉਹਦੇ ਉਤੇ ਝਪਟ ਪਈ, ਇਕ ਪੱਥਰ ਉਹਦੀ ਧੌਣ ਨਾਲ ਬੰਨ੍ਹ ਦਿੱਤਾ ਤੇ ਉਹਨੂੰ ਦਰਿਆ ਵਿਚ ਧੱਕਾ ਦੇ ਦਿੱਤਾ।

ਫੇਰ ਜਾਦੂਗਰਨੀ ਨੇ ਅਲੀਓਨੁਸ਼ਕਾ ਦਾ ਰੂਪ ਬਣਾ ਲਿਆ, ਉਹਦੇ ਕਪੜੇ ਪਾ ਲਏ ਤੇ ਉਹਦੇ ਘਰ ਚਲੀ ਗਈ। ਕਿਸੇ ਨੂੰ ਪਤਾ ਨਾ ਲੱਗਾ ਕਿ ਉਹ ਜਾਦੂਗਰਨੀ ਹੈ। ਵਪਾਰੀ ਘਰ ਆਇਆ, ਤੇ ਉਹਨੂੰ ਵੀ ਇਸ ਗੱਲ ਦਾ ਪਤਾ ਨਾ ਲਗਿਆ।

ਪਰ ਜੋ ਕੁਝ ਹੋਇਆ ਬੀਤਿਆ ਸੀ ਉਹ ਸਿਰਫ ਮੇਮਣਾ ਹੀ ਜਾਣਦਾ ਸੀ। ਉਹ ਸਿਰ ਸੁਟ ਕੇ ਫਿਰਦਾ ਰਿਹਾ ਤੇ ਉਸ ਨੇ ਨਾ ਕੁਝ ਖਾਧਾ ਨਾ ਪਾਣੀ ਨੂੰ ਮੂੰਹ ਲਾਇਆ। ਰਾਤ ਦਿਨ ਉਹ ਪਾਣੀ ਕੰਢੇ ਤੁਰਿਆ ਫਿਰਦਾ ਤੇ ਵਾਜਾਂ ਮਾਰਦਾ :

"ਭੈਣ ਅਲੀਓਨੁਸ਼ਕਾ, ਪਿਆਰੀ ਭੈਣ!
ਤਰ ਕੇ ਬਾਹਰ ਆ ਜਾ, ਤਰ ਕੇ ਮੇਰੇ ਕੋਲ ਆ ਜਾ।"

ਜਾਦੂਗਰਨੀ ਨੂੰ ਇਸ ਗੱਲ ਦਾ ਪਤਾ ਲਗਾ ਤੇ ਉਹ ਆਪਣੇ ਖਾਵੰਦ ਦੇ ਮਗਰ ਪੈ ਗਈ ਕਿ ਨਿਕੇ ਜਿਹੇ ਮੇਮਣੇ ਨੂੰ ਮਾਰ ਸੁਟ।

ਵਪਾਰੀ ਨੂੰ ਮੇਮਣੇ ਤੇ ਬੜਾ ਤਰਸ ਆਇਆ। ਉਹ ਉਸ ਨੂੰ ਪਿਆਰ ਕਰਨ ਲਗ ਪਿਆ ਸੀ। ਪਰ ਜਾਦੂਗਰਨੀ ਵਪਾਰੀ ਦੇ ਖਹਿੜੇ ਪਈ ਰਹੀ, ਉਹਨੂੰ ਵਰਗਲਾਉਂਦੀ ਤੇ ਭੁਚਲਾਉਂਦੀ ਰਹੀ, ਤੇ ਅਖੀਰ ਵਪਾਰੀ ਉਹਦੇ ਅੱਗੇ ਹਾਰ ਗਿਆ।

"ਠੀਕ ਏ, ਮਾਰ ਦੇ," ਉਹਨੇ ਆਖਿਆ।

ਜਾਦੂਗਰਨੀ ਨੇ ਅੱਗਾਂ ਬਾਲ ਲਈਆਂ, ਦੇਗਾਂ ਚਾੜ੍ਹ ਦਿੱਤੀਆਂ ਤੇ ਵੱਡੀਆਂ ਵੱਡੀਆਂ ਛੁਰੀਆਂ ਤਿੱਖੀਆਂ ਕਰ ਲਈਆਂ।

ਮੇਮਣੇ ਨੂੰ ਪਤਾ ਲੱਗ ਗਿਆ, ਕਿ ਉਹਨੂੰ ਮਾਰਨ ਲੱਗੇ ਨੇ। ਸੋ ਉਹਨੇ ਆਪਣੇ ਮਤਰਏ ਪਿਓ ਨੂੰ ਆਖਿਆ :

"ਮੈਨੂੰ ਦਰਿਆ ਤੇ ਜਾ ਲੈਣ ਦਿਓ ਤੇ ਅਖੀਰੀ ਵਾਰ ਘੁਟ ਕੁ ਪਾਣੀ ਪੀ ਲੈਣ ਦਿਓ, ਫੇਰ ਮੈਨੂੰ ਮਾਰ ਸੁਟਿਓ।"

ਜਾ. ਵਪਾਰੀ ਨੇ ਆਖਿਆ।

ਮੇਮਣਾ ਭੱਜਾ ਭੱਜਾ ਦਰਿਆ ਤੇ ਆ ਗਿਆ ਤੇ ਕੰਢੇ ਤੇ ਖਲੋ ਕੇ ਦਰਦਭਰੇ ਢੰਗ ਨਾਲ ਕੂਕਿਆ :

“ਭੈਣ ਅਲੀਓਨੂਸ਼ਕਾ, ਪਿਆਰੀ ਭੈਣ!
ਤਰ ਕੇ ਬਾਹਰ ਆ ਜਾ, ਤਰ ਕੇ ਮੇਰੇ ਕੋਲ ਆ ਜਾ।
ਅੱਗ ਦੀਆਂ ਲਾਟਾਂ ਛੂਹਣ ਉਚਾਣਾ
ਦੇਗਾਂ ਚੜ੍ਹੀਆਂ
ਖੜਕਣ ਛੁਰੀਆਂ
ਏਹਨਾਂ ਮੈਨੂੰ ਮਾਰ ਮੁਕਾਣਾ।”

ਤੇ ਅਲੀਓਨੂਸ਼ਕਾ ਨੂੰ ਦਰਿਆ ਵਿਚੋਂ ਜਵਾਬ ਆਇਆ :

“ਮੇਰਿਆ ਵੀਰਾ, ਇਵਾਨੂਸ਼ਕਾ ਵੀਰਾ!
ਮੇਰੇ ਗਲ ਵਿਚ ਪੱਥਰ ਭਾਰਾ
ਸਿਲਕੀ ਘਾਹ ਲੱਤਾਂ ਨੂੰ ਵਲਿਆ
ਕੱਕਾ ਰੇਤਾ ਹਿੱਕ ਤੇ ਚੜ੍ਹਿਆ।”

ਜਾਦੂਗਰਨੀ ਮੇਮਣੇ ਨੂੰ ਲਭਣ ਤੁਰੀ, ਪਰ ਉਹ ਉਸ ਨੂੰ ਕਿਤੇ ਨਾ ਲਭਾ। ਸੋ ਉਹਨੇ ਇਕ ਨੌਕਰ ਨੂੰ ਘਲਿਆ ਤੇ ਆਖਿਆ :

“ਜਾ ਕਿਤੇ ਮੇਮਣੇ ਨੂੰ ਲਭ ਤੇ ਲਿਆ ਉਹਨੂੰ ਮੇਰੇ ਕੋਲ।”

ਨੌਕਰ ਦਰਿਆ ਤੇ ਗਿਆ ਤੇ ਉਥੇ ਉਹਨੇ ਮੇਮਣੇ ਨੂੰ ਦਰਿਆ ਕੰਢੇ ਭੱਜੇ ਫਿਰਦਿਆਂ ਵੇਖਿਆ ਤੇ ਦਰਦਭਰੇ ਢੰਗ ਨਾਲ ਕੂਕਦਿਆਂ ਸੁਣਿਆ :

“ਭੈਣ ਅਲੀਓਨੂਸ਼ਕਾ, ਪਿਆਰੀ ਭੈਣ!
ਤਰ ਕੇ ਬਾਹਰ ਆ ਜਾ, ਤਰ ਕੇ ਮੇਰੇ ਕੋਲ ਆ ਜਾ।
ਅੱਗ ਦੀਆਂ ਲਾਟਾਂ ਛੂਹਣ ਉਚਾਣਾ
ਦੇਗਾਂ ਚੜ੍ਹੀਆਂ
ਖੜਕਣ ਛੁਰੀਆਂ
ਏਹਨਾਂ ਮੈਨੂੰ ਮਾਰ ਮੁਕਾਣਾ।”

ਤੇ ਦਰਿਆ ਵਿਚੋਂ ਆਵਾਜ਼ ਆਈ :

''ਮੇਰਿਆ ਵੀਰਾ, ਇਵਾਨੂਸ਼ਕਾ ਵੀਰਾ !
ਮੇਰੇ ਗਲ ਵਿਚ ਪੱਥਰ ਭਾਰਾ
ਸਿਲਕੀ ਘਾਹ ਲੱਤਾਂ ਨੂੰ ਵਲਿਆ
ਕੱਕਾ ਰੇਤਾ ਹਿੱਕ ਤੇ ਚੜ੍ਹਿਆ।''

ਨੌਕਰ ਭੱਜਾ ਭੱਜਾ ਘਰ ਆਇਆ ਤੇ ਉਹਨੇ ਦਰਿਆ ਤੇ ਜੋ ਕੁਝ ਵੇਖਿਆ ਸੁਣਿਆ ਸੀ, ਆਪਣੇ ਮਾਲਕ ਨੂੰ ਦਸਿਆ। ਵਪਾਰੀ ਨੇ ਕੁਝ ਬੰਦੇ ਨਾਲ ਲਏ, ਉਹ ਦਰਿਆ ਤੇ ਆ ਗਏ, ਉਹਨਾਂ ਇਕ ਰੇਸ਼ਮੀ ਜਾਲ ਲਾਇਆ ਤੇ ਅਲੀਓਨੂਸ਼ਕਾ ਨੂੰ ਖਿੱਚ ਕੇ ਕੰਢੇ ਤੇ ਲੈ ਆਂਦਾ। ਉਹਨਾਂ ਨੇ ਉਹਦੇ ਗਲ ਨਾਲ ਬੰਨ੍ਹਿਆ ਹੋਇਆ ਪੱਥਰ ਖੋਹਲਿਆ, ਉਹਨੂੰ ਚਸ਼ਮੇ ਦੇ ਪਾਣੀ ਵਿਚ ਟੁੱਬੀ ਲੁਆਈ ਤੇ ਸੁਹਣੇ ਸੁਹਣੇ ਕਪੜੇ ਪੁਆਏ। ਅਲੀਓਨੂਸ਼ਕਾ ਮੁੜ ਜਿਊ ਪਈ ਤੇ ਪਹਿਲਾਂ ਨਾਲੋਂ ਵੀ ਬਹੁਤੀ ਸੁਹਣੀ ਬਣ ਗਈ।

ਖ਼ੁਸ਼ੀ ਨਾਲ ਕਮਲੇ ਹੋਏ ਮੇਮਣੇ ਨੇ ਤਿੰਨ ਉਲਟ ਬਾਜ਼ੀਆਂ ਲਾਈਆਂ ਤੇ ਉਹ ਫੇਰ ਨਿਕਾ ਜਿਹਾ ਇਵਾਨੂਸ਼ਕਾ ਬਣ ਗਿਆ।

ਤੇ ਪਾਪਣ ਜਾਦੂਗਰਨੀ ਨੂੰ ਘੋੜੇ ਦੀ ਪੂਛ ਨਾਲ ਬੰਨ੍ਹ ਦਿੱਤਾ ਤੇ ਘੋੜੇ ਨੂੰ ਮੈਦਾਨ ਵਿਚ ਖੁਲ੍ਹਾ ਛਡ ਦਿੱਤਾ।



ਡੱਡ ਰਾਜਕੁਮਾਰੀ

ਬੜੇ ਚਿਰਾਂ ਦੀ ਗੱਲ ਏ, ਇਕ ਜ਼ਾਰ ਹੁੰਦਾ ਸੀ, ਜਿਸਦੇ ਤਿੰਨ ਪੁੱਤਰ ਸਨ। ਜਦੋਂ ਉਹਦੇ ਪੁੱਤਰ ਵਡੇ ਹੋ ਗਏ, ਤਾਂ ਇਕ ਦਿਨ ਜ਼ਾਰ ਨੇ ਉਹਨਾਂ ਨੂੰ ਆਪਣੇ ਕੋਲ ਬੁਲਾਇਆ ਤੇ ਆਖਿਆ:

"ਮੇਰੇ ਪਿਆਰੇ ਬੱਚਿਓ, ਅਜੇ ਜਦੋਂ ਮੈਂ ਬੁੱਢਾ ਨਹੀਂ ਹੋਇਆ, ਮੈਂ ਚਾਹੁੰਨਾਂ, ਤੁਸੀਂ ਵਿਆਹੇ ਜਾਵੋ, ਤੇ ਮੈਂ ਤੁਹਾਡੇ ਬੱਚੇ ਤੇ ਆਪਣੇ ਪੋਤਰੇ-ਪੋਤਰੀਆਂ ਵੇਖ ਖ਼ੁਸ਼ੀ ਮਨਾ ਸਕਾਂ।"

ਤੇ ਉਹਦੇ ਪੁੱਤਰਾਂ ਨੇ ਜਵਾਬ ਦਿਤਾ:

"ਜੇ ਤੁਹਾਡੀ ਇਹ ਇੱਛਾ ਏ, ਪਿਤਾ ਜੀ, ਤਾਂ ਸਾਨੂੰ ਅਸੀਸ ਦਿਓ। ਦੱਸੋ ਅਸੀਂ ਕਿਹਦੇ ਨਾਲ ਵਿਆਹ ਕਰੀਏ?"

"ਤਾਂ ਫੇਰ, ਮੇਰੇ ਬੱਚਿਓ, ਤੁਸੀਂ ਤਿੰਨੇ ਇਕ-ਇਕ ਤੀਰ ਫੜ ਲਵੋ ਤੇ ਬਾਹਰ ਖੁਲ੍ਹੇ ਮੈਦਾਨ 'ਚ ਚਲੇ ਜਾਵੋ। ਤੀਰਾਂ ਨੂੰ ਚਲਾ ਦੇਵੋ, ਤੇ ਜਿੱਥੇ ਜਿੱਥੇ ਵੀ ਉਹ ਡਿੱਗਣਗੇ, ਓਥੇ ਓਥੇ ਹੀ ਤੁਹਾਨੂੰ ਤੁਹਾਡੇ ਭਾਗੀਂ ਲਿਖੀਆਂ ਵਹੁਟੀਆਂ ਮਿਲ ਜਾਣਗੀਆਂ।"

ਪੁੱਤਰਾਂ ਨੇ ਪਿਉ ਸਾਹਮਣੇ ਸੀਸ ਨਿਵਾਇਆ, ਤੇ ਤਿੰਨਾਂ ਨੇ ਹੀ ਇਕ–ਇਕ ਤੀਰ ਫੜ ਲਿਆ ਤੇ ਬਾਹਰ ਖੁਲ੍ਹੇ ਮੈਦਾਨ ਵਿਚ ਨਿਕਲ ਆਏ। ਉਥੇ ਉਹਨਾਂ ਆਪੋ ਆਪਣੀਆਂ ਕਮਾਣਾਂ ਖਿੱਚੀਆਂ ਤੇ ਤੀਰ ਛਡ ਦਿਤੇ।

ਸਭ ਤੋਂ ਵਡੇ ਪੁੱਤਰ ਦਾ ਤੀਰ ਇਕ ਜਾਗੀਰਦਾਰ ਦੇ ਵਿਹੜੇ ਵਿਚ ਡਿੱਗਾ ਤੇ ਉਹਨੂੰ ਜਾਗੀਰਦਾਰ ਦੀ ਧੀ ਨੇ ਚੁੱਕ ਲਿਆ। ਵਿਚਲੇ ਪੁੱਤਰ ਦਾ ਤੀਰ ਇਕ ਬਖ਼ਤਾਵਰ ਵਪਾਰੀ ਦੇ ਵਿਹੜੇ ਵਿਚ ਡਿੱਗਾ ਤੇ ਉਹਨੂੰ ਵਪਾਰੀ ਦੀ ਧੀ ਨੇ ਚੁੱਕ ਲਿਆ। ਤੇ ਸਭ ਤੋਂ ਛੋਟੇ ਪੁੱਤਰ ਇਵਾਨ–ਰਾਜਕੁਮਾਰ ਨਾਲ ਇਹ ਹੋਇਆ ਕਿ ਉਹਦਾ ਤੀਰ ਉਪਰ ਵਲ ਨੂੰ ਚਲਾ ਗਿਆ ਤੇ ਉਹਨੂੰ ਪਤਾ ਨਾ ਲਗਾ, ਉਹ ਕਿੱਧਰ ਉਡ ਗਿਆ। ਉਹ ਉਹਦੀ ਭਾਲ ਵਿਚ ਨਿਕਲ ਪਿਆ ਤੇ ਟੁਰਦਾ ਗਿਆ, ਟੁਰਦਾ ਗਿਆ, ਤੇ ਇਕ ਦਲਦਲ ਕੋਲ ਜਾ ਅਪੜਿਆ ਤੇ ਓਥੇ ਉਹਨੇ ਵੇਖਿਆ, ਇਕ ਡੱਡ ਉਹਦਾ ਤੀਰ ਮੂੰਹ ਵਿਚ ਪਾਈ ਬੈਠੀ ਸੀ। ਇਵਾਨ–ਰਾਜਕੁਮਾਰ ਨੇ ਡੱਡ ਨੂੰ ਆਖਿਆ:

"ਡੱਡੀਏ, ਡੱਡੀਏ, ਮੇਰਾ ਤੀਰ ਮੈਨੂੰ ਵਾਪਸ ਦੇ ਦੇ।"

ਪਰ ਡੱਡ ਨੇ ਜਵਾਬ ਦਿਤਾ:

"ਦੇਵਾਂ ਤਾਂ ਜੇ ਤੂੰ ਮੇਰੇ ਨਾਲ ਵਿਆਹ ਕਰਾਏਂ!"

"ਕੀ ਕਹਿ ਰਹੀ ਏਂ, ਡੱਡ ਨਾਲ ਵਿਆਹ ਕਿਵੇਂ ਕਰਾ ਲਾਂ!"

"ਤੈਨੂੰ ਕਰਾਣਾ ਪਏਗਾ, ਮੈਂ ਤੇਰੇ ਭਾਗੀਂ ਲਿਖੀ ਵਹੁਟੀ ਜੁ ਹੋਈ।"

ਇਵਾਨ–ਰਾਜਕੁਮਾਰ ਉਦਾਸ ਤੇ ਨਿਮੋਝੂਣਾ ਹੋ ਗਿਆ। ਪਰ ਉਹ ਕਰਦਾ ਤਾਂ ਕੀ ਕਰਦਾ। ਉਹਨੇ ਡੱਡ ਨੂੰ ਚੁੱਕ ਲਿਆ ਤੇ ਘਰ ਲੈ ਆਇਆ। ਤੇ ਜ਼ਾਰ ਨੇ ਤਿੰਨ ਵਿਆਹਾਂ ਦੇ ਜਸ਼ਨ ਕੀਤੇ: ਉਹਦਾ ਸਭ ਤੋਂ ਵਡਾ ਪੁੱਤਰ ਜਾਗੀਰਦਾਰ ਦੀ ਧੀ ਨਾਲ ਵਿਆਹਿਆ ਗਿਆ, ਉਹਦਾ ਵਿਚਲਾ ਪੁੱਤਰ—ਵਪਾਰੀ ਦੀ ਧੀ ਨਾਲ, ਤੇ ਵਿਚਾਰਾ ਇਵਾਨ–ਰਾਜਕੁਮਾਰ—ਡੱਡ ਨਾਲ।

ਕੁਝ ਚਿਰ ਲੰਘ ਗਿਆ ਤੇ ਜ਼ਾਰ ਨੇ ਆਪਣੇ ਪੁੱਤਰਾਂ ਨੂੰ ਆਪਣੇ ਕੋਲ ਬੁਲਾਇਆ।

"ਮੈਂ ਵੇਖਣਾ ਚਾਹੁਨਾਂ, ਤੁਹਾਡੇ 'ਚੋਂ ਕਿਦ੍ਹੀ ਵਹੁਟੀ ਨੂੰ ਸਿਲਾਈ ਸਭ ਤੋਂ ਚੰਗੀ ਆਉਂਦੀ ਏ," ਉਹਨੇ ਆਖਿਆ। "ਸਾਰੀਆਂ ਕੱਲ ਸਵੇਰ ਹੋਣ ਤੱਕ ਮੇਰੇ ਲਈ ਇਕ–ਇਕ ਕਮੀਜ਼ ਬਣਾਣ।"

ਪੁੱਤਰਾਂ ਨੇ ਪਿਓ ਸਾਹਮਣੇ ਸੀਸ ਨਿਵਾਇਆ ਤੇ ਚਲੇ ਗਏ।

ਇਵਾਨ–ਰਾਜਕੁਮਾਰ ਘਰ ਆਇਆ, ਬਹਿ ਗਿਆ ਤੇ ਉਹਨੇ ਸਿਰ ਨੀਵਾਂ ਪਾ ਲਿਆ। ਤੇ ਡੱਡ ਟਪੋਸੀ ਮਾਰ ਫ਼ਰਸ਼ ਉਤੇ ਤੇ ਫੇਰ ਉਹਦੇ ਕੋਲ ਆ ਪੁੱਜੀ ਤੇ ਪੁੱਛਣ ਲਗੀ:

"ਇਵਾਨ–ਰਾਜਕੁਮਾਰ, ਸੋਚੀਂ ਕਿਉਂ ਡੁੱਬਾ ਹੋਇਐਂ? ਕਾਹਦੀ ਚਿੰਤਾ ਲਗੀ ਹੋਈ ਆ?"

"ਪਿਤਾ ਜੀ ਦਾ ਹੁਕਮ ਏ, ਤੂੰ ਕੱਲ ਸਵੇਰ ਤੱਕ ਉਹਨਾਂ ਲਈ ਇਕ ਕਮੀਜ਼ ਬਣਾਵੇਂ।"

ਡੱਡ ਨੇ ਕਿਹਾ:

"ਇਵਾਨ-ਰਾਜਕੁਮਾਰ, ਗ਼ਮ ਨਾ ਕਰ, ਸਗੋਂ ਜਾ ਤੇ ਸੌਂ ਜਾ ਕੇ, ਸਵੇਰੇ ਵੇਖੀ ਜਾਊ।"

ਇਵਾਨ ਸੌਂ ਗਿਆ ਤੇ ਡੱਡ ਟਪੋਸੀਆਂ ਮਾਰਦੀ ਬਾਹਰ ਡਿਉੜੀ ਵਿਚ ਆ ਗਈ, ਉਹਨੇ ਆਪਣੀ ਡੱਡੂਆਂ ਵਾਲੀ ਖੱਲ ਲਾਹ ਸੁੱਟੀ ਤੇ ਚਤਰ-ਸੁਜਾਨ ਵਸਿਲੀਸਾ ਬਣ ਗਈ, ਇਕ ਐਸੀ ਮੁਟਿਆਰ, ਸੁਹਣੀ ਨਾ ਕੋਈ ਜਿਸਦੇ ਹਾਰ।

ਉਹਨੇ ਤਾੜੀ ਮਾਰੀ ਤੇ ਬੋਲੀ:

"ਆਓ, ਮੇਰੀਓ ਗੋਲੀਓ ਤੇ ਬਾਂਦੀਓ, ਛੇਤੀ ਕਰੋ ਤੇ ਕੰਮ ਵਿਚ ਜੁੱਟ ਜਾਓ। ਕਲ੍ਹ ਸਵੇਰ ਤੱਕ ਮੈਨੂੰ ਇਕ ਕਮੀਜ਼ ਬਣਾ ਦਿਓ, ਓਹੋ ਜਿਹੀ ਜਿਹੋ ਜਿਹੀ ਮੇਰੇ ਪਿਤਾ ਜੀ ਪਾਂਦੇ ਹੁੰਦੇ ਸਨ।"

ਸਵੇਰੇ ਇਵਾਨ-ਰਾਜਕੁਮਾਰ ਜਾਗਿਆ, ਤੇ ਡੱਡ ਫੇਰ ਫ਼ਰਸ਼ ਉਤੇ ਟਪੋਸੀਆਂ ਮਾਰ ਰਹੀ ਸੀ, ਪਰ ਕਮੀਜ਼ ਪੂਰੀ ਦੀ ਪੂਰੀ ਤਿਆਰ ਸੀ ਤੇ ਇਕ ਸੁੰਦਰ ਤੌਲੀਏ ਵਿਚ ਲਪੇਟੀ ਮੇਜ਼ ਉਤੇ ਰਖੀ ਪਈ ਸੀ। ਇਵਾਨ ਦੀ ਖ਼ੁਸ਼ੀ ਦੀ ਹੱਦ ਨਾ ਰਹੀ। ਉਹਨੇ ਕਮੀਜ਼ ਚੁਕ ਲਈ ਤੇ ਉਹਨੂੰ ਲੈ ਕੇ ਆਪਣੇ ਪਿਓ ਕੋਲ ਪਹੁੰਚਿਆ ਜਿਹੜਾ ਆਪਣੇ ਦੋਵਾਂ ਵਡੇ ਪੁੱਤਰਾਂ ਦੀਆਂ ਸੁਗਾਤਾਂ ਲੈਣ ਵਿਚ ਰੁੱਝਾ ਹੋਇਆ ਸੀ। ਸਭ ਤੋਂ ਵਡੇ ਪੁੱਤਰ ਨੇ ਆਪਣੀ ਕਮੀਜ਼ ਪੇਸ਼ ਕੀਤੀ; ਤੇ ਜ਼ਾਰ ਨੇ ਫੜੀ ਤੇ ਆਖਿਆ:

"ਇਹ ਕਮੀਜ਼ ਤਾਂ ਕਿਸੇ ਗਰੀਬ ਕਿਸਾਨ ਦੇ ਪਾਣ ਲਈ ਠੀਕ ਰਹੇਗੀ।"

ਵਿਚਲੇ ਪੁੱਤਰ ਨੇ ਆਪਣੀ ਕਮੀਜ਼ ਪੇਸ਼ ਕੀਤੀ, ਤੇ ਜ਼ਾਰ ਨੇ ਕਿਹਾ:

"ਇਹ ਕਮੀਜ਼ ਤਾਂ ਹਮਾਮ ਜਾਣ ਵੇਲੇ ਪਾਣ ਲਈ ਠੀਕ ਰਹੇਗੀ।"

ਫੇਰ ਇਵਾਨ ਰਾਜਕੁਮਾਰ ਨੇ ਆਪਣੀ ਕਮੀਜ਼ ਪੇਸ਼ ਕੀਤੀ। ਸਾਰੀ ਦੀ ਸਾਰੀ ਉਤੇ ਤਿੱਲੇ ਨਾਲ ਬੜੀ ਸੁਹਣੀ, ਰੰਗ-ਸੁਰੰਗੀ ਕਢਾਈ ਹੋਈ ਪਈ ਸੀ, ਤੇ ਜ਼ਾਰ ਨੇ ਨਜ਼ਰ ਭਰ ਕੇ ਉਹਦੇ ਵਲ ਵੇਖਿਆ ਤੇ ਕਿਹਾ:

"ਇਹ ਹੋਈ ਨਾ ਕਮੀਜ਼, ਦਿਨ-ਦਿਹਾਰ ਨੂੰ ਪਾਣ ਲਈ!"

ਦੋਵੇਂ ਵਡੇ ਭਰਾ ਘਰ ਚਲੇ ਗਏ ਤੇ ਆਪੋ ਵਿਚ ਗੱਲਾਂ ਕਰਨ ਲਗੇ ਤੇ ਕਹਿਣ ਲਗੇ:

"ਲਗਦੈ, ਅਸੀਂ ਇਵਾਨ-ਰਾਜਕੁਮਾਰ ਦੀ ਵਹੁਟੀ ਦਾ ਮਖ਼ੌਲ ਐਵੇਂ ਹੀ ਉਡਾਂਦੇ ਰਹੇ ਹਾਂ। ਉਹ ਡੱਡ ਨਹੀਂ, ਕੋਈ ਜਾਦੂਗਰਨੀ ਏ।"

ਤੇ ਜ਼ਾਰ ਨੇ ਇਕ ਵਾਰੀ ਫੇਰ ਆਪਣੇ ਪੁੱਤਰਾਂ ਨੂੰ ਬੁਲਾਇਆ।

"ਤੁਹਾਡੀਆਂ ਵਹੁਟੀਆਂ ਕਲ੍ਹ ਸਵੇਰ ਤੱਕ ਮੇਰੇ ਲਈ ਕੁਝ ਰੋਟੀ ਪਕਾਣ," ਉਹਨੇ ਆਖਿਆ। "ਮੈਂ ਵੇਖਣਾ ਚਾਹੁਨਾਂ, ਉਹਨਾਂ 'ਚੋਂ ਰਸੋਈ ਦਾ ਕੰਮ ਸਭ ਤੋਂ ਚੰਗਾ ਕਿਹਨੂੰ ਆਉਂਦੈ।"

ਇਵਾਨ ਸੋਚੀਂ ਡੁਬ ਗਿਆ ਤੇ ਘਰ ਜਾ ਪਹੁੰਚਿਆ। ਤੇ ਡੱਡ ਨੇ ਉਹਨੂੰ ਪੁਛਿਆ:

"ਇਵਾਨ-ਰਾਜਕੁਮਾਰ ਏਨਾ ਉਦਾਸ ਕਿਉਂ ਏਂ?"

ਇਵਾਨ-ਰਾਜਕੁਮਾਰ ਨੇ ਕਿਹਾ:

"ਤੂੰ ਕਲ੍ਹ ਸਵੇਰ ਤੱਕ ਪਿਤਾ ਜੀ ਲਈ ਕੁਝ ਰੋਟੀ ਪਕਾਣੀ ਏ।"

"ਇਵਾਨ-ਰਾਜਕੁਮਾਰ, ਗ਼ਮ ਨਾ ਕਰ, ਸਗੋਂ ਜਾ ਤੇ ਸੌਂ ਜਾ ਕੇ। ਸਵੇਰੇ ਵੇਖੀ ਜਾਊ।"

ਤੇ ਉਹਦੀਆਂ ਦੋ ਜੇਠਾਣੀਆਂ ਨੇ, ਜਿਹੜੀਆਂ ਪਹਿਲੋਂ ਡੱਡ ਦਾ ਮਖ਼ੌਲ ਉਡਾਂਦੀਆਂ ਹੁੰਦੀਆਂ ਸਨ, ਹੁਣ ਪਿਛਵਾੜੇ ਰਹਿਣ ਵਾਲੀ ਇਕ ਬੁੱਢੀ ਨੂੰ ਇਹ ਵੇਖਣ ਲਈ ਘੱਲਿਆ ਕਿ ਡੱਡ ਆਪਣੀ ਰੋਟੀ ਕਿਵੇਂ ਪਕਾਂਦੀ ਹੈ।

ਪਰ ਡੱਡ ਹੁਸ਼ਿਆਰ ਸੀ ਤੇ ਉਹਨੇ ਬੁਝ ਲਿਆ, ਉਹਦੀਆਂ ਜੇਠਾਣੀਆਂ ਨੂੰ ਕੀ ਸੁੱਝੀ ਸੀ। ਉਹਨੇ ਕੁਝ ਆਟਾ ਗੁੰਨਿਆ, ਚੁਲ੍ਹੇ ਨੂੰ ਉਤੋਂ ਭੰਨਿਆ ਤੇ ਆਟੇ ਨੂੰ ਮੋਰੀ ਵਿਚੋਂ ਹੇਠਾਂ ਸੁਟ ਦਿਤਾ। ਬੁੱਢੀ ਭੱਜੀ ਭੱਜੀ ਉਹਦੀਆਂ ਦੋਵਾਂ ਜੇਠਾਣੀਆਂ ਕੋਲ ਗਈ ਤੇ ਉਹਨੇ ਉਹਨਾਂ ਨੂੰ ਸਾਰਾ ਕੁਝ ਦਸਿਆ, ਤੇ ਉਹਨਾਂ ਵੀ ਓਸੇ ਤਰ੍ਹਾਂ ਹੀ ਕੀਤਾ, ਜਿਵੇਂ ਡੱਡ ਨੇ ਕੀਤਾ ਸੀ।

ਤੇ ਡੱਡ ਟਪੋਸੀਆਂ ਮਾਰਦੀ ਬਾਹਰ ਡਿਉੜੀ ਵਿਚ ਆ ਗਈ, ਚਤਰ-ਸੁਜਾਨ ਵਸਿਲੀਸਾ ਬਣ ਗਈ ਤੇ ਉਹਨੇ ਤਾੜੀ ਵਜਾਈ।

"ਆਓ ਮੇਰੀਓ ਗੋਲੀਓ ਤੇ ਬਾਂਦੀਓ, ਛੇਤੀ ਕਰੋ ਤੇ ਕੰਮ ਵਿਚ ਲਗ ਜਾਓ!" ਉਹ ਉਚੀ ਸਾਰੀ ਬੋਲੀ। "ਕਲ੍ਹ ਸਵੇਰ ਤੱਕ ਮੈਨੂੰ ਕੁਝ ਪੋਲੀ-ਪੋਲੀ ਚਿੱਟੀ ਰੋਟੀ ਪਕਾ ਦਿਓ, ਓਹੋ ਜਿਹੀ, ਜਿਹੋ ਜਿਹੀ ਮੈਂ ਆਪਣੇ ਪਿਤਾ ਜੀ ਦੇ ਘਰ ਖਾਂਦੀ ਹੁੰਦੀ ਸਾਂ।"

ਸਵੇਰੇ ਇਵਾਨ-ਰਾਜਕੁਮਾਰ ਜਾਗਿਆ, ਤੇ ਰੋਟੀ ਪੂਰੀ ਤਿਆਰ ਪਈ ਹੋਈ ਸੀ, ਮੇਜ਼ ਉਤੇ ਰਖੀ ਤੇ ਬਹੁਤ ਹੀ ਸੁਹਣੀ ਤਰ੍ਹਾਂ ਸਜਾਈ ਹੋਈ, ਤਰ੍ਹਾਂ-ਤਰ੍ਹਾਂ ਦੀਆਂ ਚੀਜ਼ਾਂ ਨਾਲ। ਉਹਦੇ ਪਾਸਿਆਂ ਉਤੇ ਛਾਪਿਆਂ ਵਾਲੇ ਬੁੱਤ ਤੇ ਉਪਰ ਕੰਧਾਂ ਤੇ ਫਾਟਕਾਂ ਵਾਲੇ ਸ਼ਹਿਰ ਬਣੇ ਹੋਏ ਸਨ।

ਇਵਾਨ-ਰਾਜਕੁਮਾਰ ਦੀ ਖ਼ੁਸ਼ੀ ਦੀ ਹੱਦ ਨਾ ਰਹੀ। ਉਹਨੇ ਰੋਟੀ ਨੂੰ ਇਕ ਤੌਲੀਏ ਵਿਚ ਲਪੇਟ ਲਿਆ ਤੇ ਆਪਣੇ ਪਿਉ ਕੋਲ ਲੈ ਗਿਆ। ਉਹ ਉਸ ਵੇਲੇ ਆਪਣੇ ਵਡੇ ਪੁੱਤਰਾਂ ਦੀਆਂ ਲਿਆਂਦੀਆਂ ਰੋਟੀਆਂ ਲੈ ਹੀ ਰਿਹਾ ਸੀ। ਉਹਨਾਂ ਦੀਆਂ ਵਹੁਟੀਆਂ ਨੇ ਆਟੇ ਨੂੰ ਤੰਦੂਰ ਵਿਚ ਉਵੇਂ ਹੀ ਸੁਟ ਦਿਤਾ ਸੀ, ਜਿਵੇਂ ਬੁੱਢੀ ਨੇ ਸੁੱਟਣ ਲਈ ਉਹਨਾਂ ਨੂੰ ਦਸਿਆ ਸੀ, ਤੇ ਜਦੋਂ ਰੋਟੀਆਂ ਨਿਕਲੀਆਂ ਸਨ, ਉਹ ਸੜੀਆਂ ਹੋਈਆਂ ਸਨ ਤੇ ਗੰਦੀਆਂ-ਮੰਦੀਆਂ। ਜ਼ਾਰ ਨੇ ਆਪਣੇ ਸਭ ਤੋਂ ਵਡੇ ਪੁੱਤਰ ਤੋਂ ਰੋਟੀ ਲਈ, ਉਹਦੇ ਵੱਲ ਵੇਖਿਆ ਤੇ ਨੌਕਰਾਂ ਦੇ ਕਮਰੇ ਨੂੰ ਘਲ ਦਿਤੀ। ਉਹਨੇ ਆਪਣੇ ਵਿਚਲੇ ਪੁੱਤਰ ਕੋਲੋਂ ਰੋਟੀ ਲਈ, ਤੇ ਉਹ ਵੀ ਓਥੇ ਹੀ ਘਲ ਦਿਤੀ। ਪਰ ਜਦੋਂ ਇਵਾਨ-ਰਾਜਕੁਮਾਰ ਨੇ ਉਹਨੂੰ ਆਪਣੀ ਰੋਟੀ ਫੜਾਈ, ਜ਼ਾਰ ਨੇ ਆਖਿਆ:

"ਇਹ ਹੋਈ ਨਾ ਰੋਟੀ ਸਿਰਫ਼ ਦਿਨ-ਦਿਹਾਰ ਨੂੰ ਖਾਣ ਵਾਲੀ!"

ਤੇ ਜ਼ਾਰ ਨੇ ਆਪਣੇ ਤਿੰਨਾਂ ਪੁੱਤਰਾਂ ਨੂੰ ਹੁਕਮ ਦਿਤਾ ਕਿ ਉਹ ਕਲ੍ਹ ਆਪਣੀਆਂ ਵਹੁਟੀਆਂ ਸਮੇਤ ਆਉਣ ਤੇ ਉਹਦੇ ਨਾਲ ਦਾਅਵਤ ਖਾਣ।

ਇਕ ਵਾਰੀ ਫੇਰ ਇਵਾਨ-ਰਾਜਕੁਮਾਰ ਉਦਾਸ ਤੇ ਦਿਲਗੀਰ ਹੋ ਕੇ ਘਰ ਪਹੁੰਚਿਆ ਤੇ ਉਹਨੇ ਆਪਣਾ ਸਿਰ ਬਹੁਤ ਹੀ ਨੀਵਾਂ ਪਾ ਲਿਆ। ਡੱਡ ਫ਼ਰਸ਼ ਉਤੇ ਟਪੋਸੀਆਂ ਮਾਰਦੀ ਉਸ ਕੋਲ ਆਈ, ਤੇ ਬੋਲੀ:

"ਗੜੈਂ, ਗੜੈਂ, ਇਵਾਨ-ਰਾਜਕੁਮਾਰ ਏਨਾ ਉਦਾਸ ਕਿਉਂ ਏਂ? ਪਿਤਾ ਜੀ ਨੇ ਕੋਈ ਮਾੜੀ ਗੱਲ ਕਹਿ ਕੇ ਤੈਨੂੰ ਦੁਖ ਦਿਤੈ?"

"ਹਾਇ, ਡੱਡੀਏ, ਨੀ ਡੱਡੀਏ," ਇਵਾਨ-ਰਾਜਕੁਮਾਰ ਕੂਕਿਆ। "ਮੈਂ ਉਦਾਸ ਨਾ ਹੋਵਾਂ ਤਾਂ ਕੀ ਹੋਵਾਂ? ਜ਼ਾਰ ਨੇ ਮੈਨੂੰ ਹੁਕਮ ਦਿਤੈ, ਉਹਦੀ ਦਾਅਵਤ 'ਚ ਤੈਨੂੰ ਨਾਲ ਲਿਆਵਾਂ ਤੇ ਤੈਨੂੰ ਮੈਂ ਲੋਕਾਂ ਸਾਹਮਣੇ ਕਿਵੇਂ ਲਿਜਾ ਸਕਦਾਂ!"

ਜਵਾਬ ਵਿਚ ਡੱਡ ਨੇ ਕਿਹਾ:

"ਇਵਾਨ-ਰਾਜਕੁਮਾਰ ਗ਼ਮ ਨਾ ਕਰ, ਪਰ ਤੂੰ ਦਾਅਵਤ 'ਤੇ 'ਕੱਲਾ ਜਾਵੀਂ ਤੇ ਮੈਂ ਤੇਰੇ ਪਿਛੋ ਆਵਾਂਗੀ। ਜਦੋਂ ਤੈਨੂੰ ਦਗੜ-ਦਗੜ ਤੇ ਗੜਕ ਸੁਣਾਈ ਦੇਵੇ, ਤਾਂ ਡਰੀਂ ਨਾ, ਪਰ ਜੇ ਤੈਨੂੰ ਪੁਛਣ ਇਹ ਕੀ ਏ, ਤਾਂ ਕਹੀਂ: 'ਇਹ ਮੇਰੀ ਡੱਡ ਆਪਣੀ ਸੰਦੂਕੜੀ 'ਚ ਆ ਰਹੀ ਏ।'"

ਤੇ ਇਵਾਨ-ਰਾਜਕੁਮਾਰ ਦਾਅਵਤ ਵਿਚ ਇਕੱਲਾ ਗਿਆ ਤੇ ਉਹਦੇ ਵਡੇ ਭਰਾ ਆਪਣੀਆਂ ਵਹੁਟੀਆਂ ਨਾਲ ਆਏ। ਉਹਨਾਂ ਦੀਆਂ ਵਹੁਟੀਆਂ ਨੇ ਆਪਣੇ ਸਭ ਤੋਂ ਸੁਹਣੇ ਕਪੜੇ ਪਾਏ ਹੋਏ ਸਨ, ਅੱਖਾਂ ਵਿਚ ਸੁਰਮਾ ਤੇ ਗਲ੍ਹਾਂ ਉਤੇ ਸੁਰਖੀ ਲਾਈ ਹੋਈ ਸੀ। ਉਹ ਉਥੇ ਖੜੇ ਸਨ, ਤੇ ਇਵਾਨ-ਰਾਜਕੁਮਾਰ ਦਾ ਮਖ਼ੌਲ ਉਡਾ ਰਹੇ ਸਨ:

"ਆਪਣੀ ਵਹੁਟੀ ਨੂੰ ਕਿਉਂ ਨਹੀਂ ਲੈ ਕੇ ਆਇਆ?" ਉਹਨਾਂ ਪੁਛਿਆ। "ਉਹਨੂੰ ਤਾਂ ਤੂੰ ਰੁਮਾਲ 'ਚ ਵੀ ਪਾ ਕੇ ਲਿਆ ਸਕਦਾ ਸੈਂ। ਏਡੀ ਰੂਪਮੱਤੀ ਕਿਥੋਂ ਲੱਭੀ ਆ? ਉਹਦੇ ਲਈ ਸਾਰੀਆਂ ਦਲਦਲਾਂ ਫਲ ਮਾਰੀਆਂ ਹੋਣਗੀਆਂ ਨੀ।"

ਤੇ ਫੇਰ ਜ਼ਾਰ, ਉਹਦੇ ਪੁੱਤਰ ਤੇ ਉਹਦੀਆਂ ਨੂੰਹਾਂ ਤੇ ਸਾਰੇ ਹੀ ਮਹਿਮਾਨ ਸ਼ਾਹ ਬਲੂਤ ਦੀ ਲੱਕੜ ਦੇ ਮੇਜ਼ਾਂ ਦੁਆਲੇ ਜਿਨ੍ਹਾਂ ਉਤੇ ਕੱਢੇ ਹੋਏ ਮੇਜ਼ਪੋਸ਼ ਵਿਛੇ ਹੋਏ ਸਨ, ਦਾਅਵਤ ਖਾਣ ਬੈਠ ਗਏ। ਚਾਨਚਕ ਹੀ ਕੰਨ-ਪਾੜਵੀਂ ਦਗੜ-ਦਗੜ ਤੇ ਗੜ੍ਹਕ ਸੁਣਾਈ ਦਿਤੀ, ਤੇ ਸਾਰਾ ਮਹਿਲ ਹੱਲ ਗਿਆ ਤੇ ਕੰਬ ਉਠਿਆ। ਮਹਿਮਾਨ ਡਰ ਗਏ ਤੇ ਆਪਣੀਆਂ ਥਾਵਾਂ ਤੋਂ ਕੁਦ ਖਲੋਤੇ। ਪਰ ਇਵਾਨ-ਰਾਜਕੁਮਾਰ ਨੇ ਕਿਹਾ:

"ਡਰੋ ਨਾ, ਭਲੇ ਲੋਕੋ। ਇਹ ਤਾਂ ਮੇਰੀ ਡੱਡ ਆ ਰਹੀ ਏ, ਆਪਣੀ ਸੰਦੂਕੜੀ 'ਚ ਬੈਠੀ।"

ਤੇ ਜ਼ਾਰ ਦੇ ਮਹਿਲ ਦੀ ਡਿਉੜੀ ਸਾਹਮਣੇ ਉਡਦੀ ਆਉਂਦੀ ਇਕ ਸੁਨਹਿਰੀ ਬੱਘੀ ਆਣ

ਖਲੋਤੀ। ਉਹਦੇ ਅਗੇ ਛੇ ਚਿੱਟੇ ਘੋੜੇ ਜੁਪੇ ਹੋਏ ਸਨ। ਤੇ ਉਹਦੇ ਵਿਚੋਂ ਚਤਰ-ਸੁਜਾਣ ਵਸਿਲੀਸਾ ਉਤਰੀ। ਉਹਦੇ ਅਸਮਾਨੀ ਰੇਸ਼ਮ ਦੇ ਗਾਊਨ ਉਤੇ ਤਾਰੇ ਜੜੇ ਹੋਏ ਸਨ ਤੇ ਉਹਨੇ ਸਿਰ ਉਤੇ ਏਕਮ ਦਾ ਡਲ੍ਹਕਦਾ ਚੰਨ ਰਖਿਆ ਹਇਆ ਸੀ, ਤੇ ਉਹ ਏਨੀ ਸੁਹਣੀ ਲਗਦੀ ਸੀ ਕਿ ਕੀ ਕਿਸੇ ਸੋਚੀ, ਕੀ ਕਿਸੇ ਜਾਣੀ, ਪੜ੍ਹੋ ਉਸਦੀ ਸਿਰਫ਼ ਕਹਾਣੀ। ਉਹਨੇ ਇਵਾਨ-ਰਾਜਕੁਮਾਰ ਦਾ ਹੱਥ ਫੜ ਲਿਆ ਤੇ ਉਹਨੂੰ ਸ਼ਾਹ ਬਲੂਤ ਦੇ ਮੇਜ਼ਾਂ ਵੱਲ ਲੈ ਗਈ, ਜਿਨ੍ਹਾਂ ਉਤੇ ਕੱਢੇ ਹੋਏ ਮੇਜ਼ਪੋਸ਼ ਵਿਛੇ ਹੋਏ ਸਨ।

ਮਹਿਮਾਨ ਖਾਣ ਪੀਣ ਤੇ ਮੌਜ ਉਡਾਣ ਲਗ ਪਏ। ਚਤਰ-ਸੁਜਾਨ ਵਸਿਲੀਸਾ ਨੇ ਆਪਣੇ ਗਲਾਸ ਪੀਤੇ ਤੇ ਆਖਰੀ ਤੁਪਕੇ ਆਪਣੀ ਖੱਬੀ ਬਾਂਹ ਵਿਚ ਪਾ ਦਿਤੇ। ਉਹਨੇ ਰਾਜ ਹੰਸ ਦਾ ਕੁਝ ਮਾਸ ਖਾਧਾ ਤੇ ਹੱਡੀਆਂ ਆਪਣੀ ਸੱਜੀ ਬਾਂਹ ਵਿਚ ਸੁਟ ਲਈਆਂ।

ਤੇ ਵਡੇ ਭਰਾਵਾਂ ਦੀਆਂ ਵਹੁਟੀਆਂ ਤਕਦੀਆਂ ਰਹੀਆਂ ਤੇ ਜੋ ਕੁਝ ਉਹ ਕਰਦੀ ਗਈ, ਉਹੋ ਕੁਝ ਉਹ ਵੀ ਕਰਦੀਆਂ ਗਈਆਂ।

ਉਹਨਾਂ ਨੇ ਖਾਧਾ ਪੀਤਾ ਤੇ ਫੇਰ ਨੱਚਣ ਦਾ ਵਕਤ ਆ ਗਿਆ। ਚਤਰ-ਸੁਜਾਨ ਵਸਿਲੀਸਾ ਨੇ ਇਵਾਨ-ਰਾਜਕੁਮਾਰ ਦਾ ਹੱਥ ਫੜ ਲਿਆ ਤੇ ਨੱਚਣ ਲਗ ਪਈ। ਉਹ ਨੱਚਣ ਲਗੀ ਤੇ ਵਲ ਖਾਂਦੀ ਤੇ ਭੁਆਂਟਣੀ ਉਤੇ ਭੁਆਂਟਣੀ ਖਾਈ ਜਾਂਦੀ, ਤੇ ਹਰ ਕੋਈ ਵੇਖਦਾ ਤੇ ਦੰਗ ਰਹੀ ਜਾਂਦਾ। ਉਹਨੇ ਆਪਣੀ ਖੱਬੀ ਬਾਂਹ ਲਹਿਰਾਈ ਤੇ ਇਕ ਝੀਲ ਬਣ ਗਈ; ਉਹਨੇ ਆਪਣੀ ਸੱਜੀ ਬਾਂਹ ਲਹਿਰਾਂਈ ਤੇ ਚਿੱਟੇ-ਚਿੱਟੇ ਰਾਜ ਹੰਸ ਝੀਲ ਵਿਚ ਤਰਨ ਲਗ ਪਏ। ਜ਼ਾਰ ਤੇ ਉਹਦੇ ਮਹਿਮਾਨ ਅਸ਼ ਅਸ਼ ਕਰ ਉਠੇ।

ਫੇਰ ਦੋ ਵਡੇ ਭਰਾਵਾਂ ਦੀਆਂ ਵਹੁਟੀਆਂ ਨੱਚਣ ਲਗੀਆਂ। ਉਹਨਾਂ ਆਪਣੀਆਂ ਖੱਬੀਆਂ ਬਾਹਵਾਂ ਲਹਿਰਾਈਆਂ, ਤੇ ਮਹਿਮਾਨਾਂ ਉਤੇ ਸ਼ਰਾਬ ਦੀਆਂ ਛਿੱਟਾਂ ਪਾ ਦਿਤੀਆਂ; ਉਹਨਾਂ ਆਪਣੀਆਂ ਸੱਜੀਆਂ ਬਾਹਵਾਂ ਲਹਿਰਾਈਆਂ, ਤੇ ਸਭਨਾਂ ਪਾਸੇ ਹੱਡੀਆਂ ਉਡ ਪਈਆਂ। ਤੇ ਇਕ ਹੱਡੀ ਜਾ ਕੇ ਜ਼ਾਰ ਦੀ ਅੱਖ ਵਿਚ ਲਗੀ। ਤੇ ਜ਼ਾਰ ਨੂੰ ਬਹੁਤ ਹੀ ਗੁੱਸਾ ਚੜ੍ਹ ਗਿਆ ਤੇ ਉਹਨੇ ਆਪਣੀਆਂ ਦੋਵਾਂ ਨੂੰਹਾਂ ਨੂੰ ਉਥੋਂ ਕੱਢ ਦਿਤਾ।

ਏਨੇ ਵਿਚ ਇਵਾਨ-ਰਾਜਕੁਮਾਰ ਅਛੋਪਲੇ ਹੀ ਬਾਹਰ ਨਿਕਲ ਆਇਆ, ਘਰ ਨੂੰ ਭਜਿਆ ਤੇ ਜਦੋਂ ਉਹਨੂੰ ਡੱਡ ਵਾਲੀ ਖਲ ਲੱਭੀ, ਉਹਨੇ ਚੁਕ ਕੇ ਸਟੋਵ ਵਿਚ ਸੁਟ ਦਿਤੀ ਤੇ ਸਾੜ ਛੱਡੀ।

ਤੇ ਫੇਰ ਚਤਰ-ਸੁਜਾਨ ਵਸਿਲੀਸਾ ਘਰ ਪਰਤੀ, ਤੇ ਉਹਨੂੰ ਇਕਦਮ ਹੀ ਦਿਸ ਪਿਆ ਕਿ ਉਹਦੀ ਡੱਡ ਵਾਲੀ ਖਲ ਨਹੀਂ ਸੀ ਰਹੀ। ਉਹ ਉਦਾਸ ਤੇ ਨਿਮੋਝੂਣੀ ਹੋ ਕੇ ਇਕ ਬੈਂਚ ਉਤੇ ਬਹਿ ਗਈ ਤੇ ਇਵਾਨ-ਰਾਜਕੁਮਾਰ ਨੂੰ ਕਹਿਣ ਲੱਗੀ:

"ਹਾਇ, ਇਵਾਨ-ਰਾਜਕੁਮਾਰ, ਕੀ ਕਰ ਛਡਿਆ ਈ! ਜੇ ਤੂੰ ਤਿੰਨ ਦਿਨ ਹੋਰ ਉਡੀਕ

ਲਿਆ ਹੁੰਦਾ ਤੇ ਮੈਂ ਹਮੇਸ਼ਾ-ਹਮੇਸ਼ਾ ਲਈ ਤੇਰੀ ਹੋ ਜਾਂਦੀ। ਪਰ ਹੁਣ ਅਲਵਿਦਾ। ਮੈਨੂੰ ਸੱਤਾਂ ਸਮੁੰਦਰਾਂ ਤੋਂ ਪਾਰ ਸੱਤਵੀਂ ਜ਼ਾਰਸ਼ਾਹੀ ਵਿਚ ਲੱਭੀਂ, ਜਿਥੇ ਅਮਰ ਕੋਸ਼ਚੇਈ ਰਹਿੰਦਾ ਏ।"

ਤੇ ਚਤਰ-ਸੁਜਾਨ ਵਸਿਲੀਸਾ ਸਲੇਟੀ ਰੰਗ ਦੀ ਇਕ ਕੋਇਲ ਬਣ ਗਈ ਤੇ ਬਾਰੀ ਵਿਚੋਂ ਬਾਹਰ ਉਡ ਗਈ। ਇਵਾਨ-ਰਾਜਕੁਮਾਰ ਕਿੰਨਾ ਹੀ ਚਿਰ ਡੁਸਕਦਾ ਤੇ ਰੋਂਦਾ ਰਿਹਾ ਤੇ ਫੇਰ ਉਹਨੇ ਚੌਹਾਂ ਪਾਸੇ ਸੀਸ ਨਿਵਾਇਆ ਤੇ ਆਪਣੀ ਵਹੁਟੀ, ਚਤਰ-ਸੁਜਾਨ ਵਸਿਲੀਸਾ, ਨੂੰ ਲੱਭਣ ਲਈ ਤੁਰ ਪਿਆ। ਕਿੱਧਰ ਨੂੰ? ਇਸਦਾ ਉਹਨੂੰ ਆਪ ਵੀ ਪਤਾ ਨਹੀਂ ਸੀ। ਉਸ ਬਹੁਤਾ ਪੈਂਡਾ ਮਾਰਿਆ ਕਿ ਥੋੜ੍ਹਾ. ਉਹ ਬਹੁਤ ਸਮਾਂ ਚਲਿਆ ਕਿ ਥੋੜ੍ਹਾ, ਕਿਸੇ ਨੂੰ ਵੀ ਨਹੀਂ ਪਤਾ, ਪਰ ਉਹਦੇ ਬੂਟ ਘਸ ਗਏ ਸਨ. ਉਹਦਾ ਕਾਫ਼ਤਾਨ ਘਸ ਤੇ ਪਾਟ ਗਿਆ ਸੀ ਤੇ ਉਹਦੀ ਟੋਪੀ ਮੀਂਹ ਨਾਲ ਫਿੱਸ ਗਈ ਸੀ। ਕੁਝ ਚਿਰ ਪਿਛੋਂ ਉਹਨੂੰ ਮਧਰੇ ਕੱਦ ਦਾ ਇਕ ਬੁੱਢਾ ਮਿਲਿਆ, ਜਿਹੜਾ ਏਡਾ ਬੁੱਢਾ ਸੀ, ਜਿੱਡਾ ਬੁੱਢਾ ਕੋਈ ਹੋ ਸਕਦਾ ਏ।

"ਸਲਾਮ, ਸੁਣੱਖਿਆ ਗਭਰੂਆ" ਉਹਨੇ ਆਖਿਆ। "ਕੀ ਢੂੰਡਦਾ ਫਿਰਨੈਂ ਤੇ ਕਿਧਰ ਜਾਣਾ ਈ?"

ਇਵਾਨ-ਰਾਜਕੁਮਾਰ ਨੇ ਉਹਨੂੰ ਆਪਣੀ ਬਿਪਤਾ ਦੱਸੀ ਤੇ ਮਧਰੇ ਕੱਦ ਦੇ ਬੁੱਢੇ ਨੇ, ਜਿਹੜਾ ਏਡਾ ਬੁੱਢਾ ਸੀ, ਜਿੱਡਾ ਬੁੱਢਾ ਕੋਈ ਹੋ ਸਕਦਾ ਏ, ਆਖਿਆ:

"ਤੋਬਾ, ਇਵਾਨ-ਕਾਜਕੁਮਾਰ, ਡੱਡ ਵਾਲੀ ਖਲ ਕਿਉਂ ਸਾੜੀ ਸਾਈ? ਤੇਰਾ ਕੰਮ ਨਹੀਂ ਸੀ ਉਹਨੂੰ ਪਾਣਾ ਜਾਂ ਸਾੜਨਾ। ਚਤਰ-ਸੁਜਾਨ ਵਸਿਲੀਸਾ ਜੰਮਦੀ ਹੀ ਆਪਣੇ ਪਿਓ ਨਾਲੋਂ ਚਤਰ ਤੇ ਸਿਆਣੀ ਸੀ ਤੇ ਇਹ ਵੇਖ ਕੇ ਉਹਦਾ ਪਿਓ ਇੰਜ ਲੋਹਾ-ਲਾਖਾ ਹੋ ਗਿਆ ਕਿ ਉਹਨੇ ਤਿੰਨ ਵਰ੍ਹਿਆਂ ਲਈ ਉਹਨੂੰ ਡੱਡ ਬਣਾ ਦਿਤਾ। ਉਫ਼, ਠੀਕ ਏ, ਹੁਣ ਕੋਈ ਚਾਰਾ ਨਹੀਂ। ਐਹ ਧਾਗੇ ਦਾ ਇਕ ਗੋਲਾ ਈ। ਜਿਧਰ ਨੂੰ ਵੀ ਇਹ ਰਿੜ੍ਹਦਾ ਜਾਵੇ, ਡਰੀਂ ਨਾ ਤੇ ਇਹਦੇ ਪਿੱਛੇ-ਪਿੱਛੇ ਟੁਰਦਾ ਜਾਵੀਂ।"

ਇਵਾਨ-ਰਾਜਕੁਮਾਰ ਨੇ ਮਧਰੇ ਕੱਦ ਦੇ ਬੁੱਢੇ ਦਾ, ਜਿਹੜਾ ਏਡਾ ਬੁੱਢਾ ਸੀ ਜਿੱਡਾ ਬੁੱਢਾ ਕੋਈ ਹੋ ਸਕਦਾ ਏ, ਸ਼ੁਕਰੀਆ ਅਦਾ ਕੀਤਾ ਤੇ ਧਾਗੇ ਦੇ ਗੋਲੇ ਮਗਰ ਟੁਰ ਪਿਆ, ਤੇ ਗੋਲਾ ਜਿਧਰ ਨੂੰ ਵੀ ਰਿੜ੍ਹਦਾ ਗਿਆ, ਉਹ ਉਹਦੇ ਪਿੱਛੇ-ਪਿੱਛੇ ਟੁਰਦਾ ਗਿਆ। ਇਕ ਖੁਲ੍ਹੇ ਮੈਦਾਨ ਵਿਚ ਉਹਨੂੰ ਇਕ ਰਿੱਛ ਮਿਲਿਆ। ਇਵਾਨ-ਰਾਜਕੁਮਾਰ ਨੇ ਨਿਸ਼ਾਨਾ ਬੰਨ੍ਹਿਆ ਤੇ ਉਹਨੂੰ ਮਾਰਨ ਹੀ ਲਗਾ ਸੀ ਕਿ ਰਿੱਛ ਮਨੁੱਖਾਂ ਵਰਗੀ ਆਵਾਜ਼ ਵਿਚ ਬੋਲ ਪਿਆ ਤੇ ਕਹਿਣ ਲਗਾ:

"ਇਵਾਨ-ਰਾਜਕੁਮਾਰ, ਮੈਨੂੰ ਮਾਰ ਨਾ, ਕੀ ਪਤਾ, ਕਿਸੇ ਦਿਨ ਤੈਨੂੰ ਮੇਰੀ ਲੋੜ ਪੈ ਜਾਵੇ।"

ਇਵਾਨ-ਰਾਜਕੁਮਾਰ ਨੂੰ ਰਿੱਛ ਉਤੇ ਤਰਸ ਆ ਗਿਆ ਤੇ ਉਹਨੇ ਉਹਨੂੰ ਨਾ ਮਾਰਿਆ ਤੇ

ਅਗੇ ਤੁਰ ਪਿਆ। ਉਹਨੇ ਤਕਿਆ ਤੇ ਉਹ ਕੀ ਵੇਖਦਾ ਏ! ਉਹਦੇ ਸਿਰ ਉਤੇ ਇਕ ਮੁਰਗਾਬੀ ਉਡ਼ਦੀ ਜਾ ਰਹੀ ਸੀ। ਇਵਾਨ–ਰਾਜਕੁਮਾਰ ਨੇ ਨਿਸ਼ਾਨਾ ਬੰਨ੍ਹਿਆ, ਤੇ ਮੁਰਗਾਬੀ ਉਹਨੂੰ ਮਨੁੱਖਾਂ ਵਰਗੀ ਆਵਾਜ਼ ਵਿਚ ਕਹਿਣ ਲਗੀ:

"ਇਵਾਨ–ਰਾਜਕੁਮਾਰ, ਮੈਨੂੰ ਮਾਰ ਨਾ, ਕੀ ਪਤਾ, ਕਿਸੇ ਦਿਨ ਤੈਨੂੰ ਮੇਰੀ ਲੋੜ ਪੈ ਜਾਏ।"

ਤੇ ਇਵਾਨ–ਰਾਜਕੁਮਾਰ ਨੇ ਮੁਰਗਾਬੀ ਨੂੰ ਨਾ ਮਾਰਿਆ ਤੇ ਅਗੇ ਤੁਰਦਾ ਗਿਆ। ਓਸੇ ਹੀ ਪਲ ਇਕ ਖ਼ਰਗੋਸ਼ ਭਜਦਾ ਆਇਆ। ਇਵਾਨ–ਰਾਜਕੁਮਾਰ ਨੇ ਛੇਤੀ ਨਾਲ ਨਿਸ਼ਾਨਾ ਬੰਨ੍ਹਿਆ, ਪਰ ਖ਼ਰਗੋਸ਼ ਮਨੁੱਖਾਂ ਵਰਗੀ ਆਵਾਜ਼ ਵਿਚ ਬੋਲ ਪਿਆ:

"ਇਵਾਨ–ਰਾਜਕੁਮਾਰ, ਮੈਨੂੰ ਮਾਰ ਨਾ, ਕੀ ਪਤਾ ਕਿਸੇ ਦਿਨ ਤੈਨੂੰ ਮੇਰੀ ਲੋੜ ਪੈ ਜਾਏ।"

ਤੇ ਇਵਾਨ–ਰਾਜਕੁਮਾਰ ਨੇ ਖ਼ਰਗੋਸ਼ ਨੂੰ ਨਾ ਮਾਰਿਆ ਤੇ ਅਗੇ ਤੁਰ ਪਿਆ। ਉਹ ਨੀਲੇ ਸਮੁੰਦਰ ਕੋਲ ਪਹੁੰਚਿਆ ਤੇ ਉਹਨੂੰ ਰੇਤਲੇ ਕੰਢੇ ਉਤੇ ਪਈ ਤੇ ਔਖੇ ਸਾਹ ਲੈਂਦੀ ਇਕ ਪਾਈਕ–ਮੱਛੀ ਦਿਸੀ:

"ਇਵਾਨ–ਰਾਜਕੁਮਾਰ, ਮੇਰੇ 'ਤੇ ਤਰਸ ਕਰ," ਪਾਈਕ–ਮੱਛੀ ਨੇ ਕਿਹਾ। "ਮੈਨੂੰ ਵਾਪਸ ਨੀਲੇ ਸਮੁੰਦਰ 'ਚ ਸੁੱਟ ਦੇ।"

ਤੇ ਇਵਾਨ–ਰਾਜਕੁਮਾਰ ਨੇ ਪਾਈਕ–ਮੱਛੀ ਨੂੰ ਵਾਪਸ ਸਮੁੰਦਰ ਵਿਚ ਸੁੱਟ ਦਿਤਾ ਤੇ ਕੰਢੇ ਦੇ ਨਾਲ ਨਾਲ ਤੁਰਦਾ ਗਿਆ। ਉਹਨੂੰ ਬਹੁਤਾ ਸਮਾਂ ਲਗਾ ਜਾਂ ਥੋੜ੍ਹਾ, ਇਹ ਕਿਸੇ ਨੂੰ ਵੀ ਪਤਾ ਨਹੀਂ, ਪਰ ਹੌਲੀ ਹੌਲੀ ਧਾਗੇ ਦਾ ਗੋਲਾ ਰਿੜ੍ਹਦਾ ਰਿੜ੍ਹਦਾ ਇਕ ਜੰਗਲ ਤੱਕ ਆ ਪਹੁੰਚਿਆ, ਤੇ ਉਸ ਜੰਗਲ ਵਿਚ ਇਕ ਝੁੱਗੀ ਸੀ। ਉਹ ਮੁਰਗੀ ਦੇ ਪੈਰਾਂ ਉਤੇ ਖਲੋਤੀ ਸੀ ਤੇ ਭੁਆਟਣੀਆਂ ਖਾਂਦੀ ਜਾ ਰਹੀ ਸੀ।

"ਝੁੱਗੀਏ, ਝੁੱਗੀਏ, ਖਲੋ ਜਾ, ਜਿਵੇਂ ਤੂੰ ਕਦੀ ਖਲੋਤੀ ਹੁੰਦੀ ਸੈਂ, ਤੇਰਾ ਅੱਗਾ ਮੇਰੇ ਵੱਲ ਹੋਵੇ ਤੇ ਪਿੱਛਾ ਜੰਗਲ ਵੱਲ," ਇਵਾਨ–ਰਾਜਕੁਮਾਰ ਬੋਲਿਆ।

ਝੁੱਗੀ ਨੇ ਆਪਣਾ ਅੱਗਾ ਉਹਦੇ ਵੱਲ ਤੇ ਪਿੱਛਾ ਜੰਗਲ ਵੱਲ ਕਰ ਲਿਆ, ਤੇ ਇਵਾਨ–ਰਾਜਕੁਮਾਰ ਅੰਦਰ ਚਲਾ ਗਿਆ, ਤੇ ਚੁਲ੍ਹੇ ਉਤੇ ਪਈ ਸੀ ਲੰਮੀ, ਬਾਬਾ–ਯਾਗਾ। ਜਾਦੂਗਰਨੀ, ਜਿਸ ਦੇ ਹੱਥ ਵਿਚ ਮਾਂਜਾ ਤੇ ਛੜੀ, ਖੁੰਢ ਵਰਗੇ ਨਕ ਵਾਲੀ ਡੈਣ, ਹੱਡਲ ਬੁਢੜੀ।

"ਸੁਣਖਿਆ ਗਭਰੂਆ, ਕਿਸ ਕੰਮ ਆਇਐਂ?" ਬਾਬਾ–ਯਾਗਾ ਨੇ ਪੁਛਿਆ। "ਕੰਮ ਲਈ ਆਇਐਂ, ਦਮ ਲਈ ਆਇਐਂ?"

ਇਵਾਨ–ਰਾਜਕੁਮਾਰ ਨੇ ਆਖਿਆ:

"ਬੁੱਢੀਏ ਚੁੜੇਲੇ, ਪਹਿਲੋਂ ਮੈਨੂੰ ਦੇ ਕੁਝ ਖਾਣ ਤੇ ਪੀਣ ਨੂੰ, ਫੇਰ ਮੈਨੂੰ ਭਾਫ ਨਾਲ ਨੁਹਾ ਤੇ ਫੇਰ ਪੁਛ ਆਪਣੇ ਸਵਾਲ।"

ਤੇ ਬਾਬਾ-ਯਾਗਾ ਨੇ ਉਹਨੂੰ ਭਾਫ ਨਾਲ ਨੁਹਾਇਆ, ਉਹਨੂੰ ਖਾਣ ਤੇ ਪੀਣ ਨੂੰ ਦਿਤਾ ਤੇ ਬਿਸਤਰੇ ਵਿਚ ਲਿਟਾ ਦਿਤਾ, ਤੇ ਫੇਰ ਇਵਾਨ-ਰਾਜਕੁਮਾਰ ਨੇ ਉਹਨੂੰ ਦਸਿਆ ਕਿ ਉਹ ਆਪਣੀ ਵਹੁਟੀ ਚਤਰ-ਸੁਜਾਨ ਵਸਿਲੀਸਾ ਨੂੰ ਲਭ ਰਿਹਾ ਹੈ।

"ਮੈਨੂੰ ਪਤੈ, ਉਹ ਕਿਥੇ ਏ," ਬਾਬਾ-ਯਾਗਾ ਨੇ ਆਖਿਆ। "ਉਹ ਅਮਰ ਕੋਸ਼ਚੇਈ ਦੀ ਮਹਲ 'ਚ ਏ। ਉਹਨੂੰ ਛੁਡਾ ਲਿਆਣਾ ਔਖਾ ਹੋਏਗਾ, ਏਸ ਲਈ ਕਿ ਕੋਸ਼ਚੇਈ ਨੂੰ ਹਰਾਣਾ ਔਖਾ ਏ। ਉਹਦੀ ਜਾਨ ਇਕ ਸੂਈ ਦੀ ਨੋਕ 'ਚ ਏ, ਸੂਈ ਇਕ ਆਂਡੇ 'ਚ ਏ, ਆਂਡਾ ਇਕ ਮੁਰਗ਼ਾਬੀ ਦੇ ਢਿੱਡ 'ਚ ਏ, ਮੁਰਗ਼ਾਬੀ ਇਕ ਖ਼ਰਗੋਸ਼ ਦੇ ਢਿੱਡ 'ਚ ਏ, ਖਰਗੋਸ਼ ਇਕ ਪੱਥਰ ਦੇ ਸੰਦੂਕ 'ਚ ਤੇ ਸੰਦੂਕ ਸ਼ਾਹ ਬਲੂਤ ਦੇ ਇਕ ਉਚੇ ਸਾਰੇ ਦਰਖ਼ਤ ਦੀ ਟੀਸੀ ਉਤੇ ਏ, ਤੇ ਅਮਰ ਕੋਸ਼ਚੇਈ ਉਹਦੀ ਰਾਖੀ ਇੰਜ ਕਰਦੈ, ਜਿਵੇਂ ਆਪਣੀ ਅੱਖ ਦੀ ਪੁਤਲੀ ਦੀ ਕਰੀਦੀ ਏ।"

ਇਵਾਨ-ਰਾਜਕੁਮਾਰ ਨੇ ਰਾਤ ਬਾਬਾ-ਯਾਗਾ ਦੀ ਝੁੱਗੀ ਵਿਚ ਬਿਤਾਈ, ਤੇ ਸਵੇਰੇ ਬਾਬਾ-ਯਾਗਾ ਨੇ ਉਹਨੂੰ ਦਸਿਆ ਸ਼ਾਹ ਬਲੂਤ ਦਾ ਉੱਚਾ ਦਰਖ਼ਤ ਕਿਹੜੀ ਥਾਂ ਸੀ। ਉਹਨੂੰ ਤੁਰਦਿਆਂ ਤੁਰਦਿਆਂ ਬਹੁਤਾ ਸਮਾਂ ਲਗਾ ਜਾਂ ਥੋੜ੍ਹਾ, ਇਹ ਕਿਸੇ ਨੂੰ ਨਹੀਂ ਪਤਾ, ਪਰ ਹੌਲੀ ਹੌਲੀ ਉਹ ਸ਼ਾਹ ਬਲੂਤ ਦੇ ਉਚੇ ਦਰਖ਼ਤ ਕੋਲ ਪੁਜ ਪਿਆ। ਇਹ ਉਥੇ ਖੜਾ ਸੀ, ਸਰਸਰਾਂਦਾ ਤੇ ਝੂਲਦਾ, ਤੇ ਪੱਥਰ ਦਾ ਸੰਦੂਕ ਉਹਦੀ ਟੀਸੀ ਉਤੇ ਸੀ ਤੇ ਉਹਦੇ ਤੱਕ ਰਸਾਈ ਔਖੀ ਸੀ।

ਅਚਣਚੇਤ ਹੀ ਕਿ ਹੋਇਆ! ਰਿੱਛ ਭੱਜਾ-ਭੱਜਾ ਆਇਆ ਤੇ ਉਹਨੇ ਸ਼ਾਹ ਬਲੂਤ ਦੇ ਦਰਖ਼ਤ ਨੂੰ ਤੋੜ ਜੜ੍ਹਾਂ ਤੋਂ ਪੁਟ ਛਡਿਆ। ਸੰਦੂਕ ਹੇਠਾਂ ਆ ਪਿਆ ਤੇ ਟੁਟ ਕੇ ਖੁਲ੍ਹ ਗਿਆ। ਸੰਦੂਕ ਵਿਚੋਂ ਇਕ ਖ਼ਰਗੋਸ਼ ਨੇ ਛਾਲ ਮਾਰੀ ਤੇ ਏਨਾ ਤੇਜ਼ ਨਠ ਉਠਿਆ, ਜਿੰਨਾ ਤੇਜ਼ ਉਹ ਨਠ ਸਕਦਾ ਸੀ। ਪਰ ਇਕ ਹੋਰ ਖ਼ਰਗੋਸ਼ ਆ ਨਿਕਲਿਆ ਤੇ ਉਹ ਪਹਿਲੇ ਖਰਗੋਸ਼ ਦਾ ਪਿੱਛਾ ਕਰਨ ਲਗਾ। ਉਹਨੇ ਪਹਿਲੇ ਖ਼ਰਗੋਸ਼ ਨੂੰ ਫੜ ਲਿਆ ਤੇ ਉਹਦੀ ਬੋਟੀ-ਬੋਟੀ ਕਰ ਛੱਡੀ। ਖ਼ਰਗੋਸ਼ ਦੇ ਢਿਡ ਵਿਚੋਂ ਇਕ ਮੁਰਗ਼ਾਬੀ ਉਡ ਨਿਕਲੀ ਤੇ ਉਹ ਉਡਦੀ ਉਡਦੀ ਤੋੜ ਅਸਮਾਨ ਤੱਕ ਜਾ ਪੁੱਜੀ। ਪਰ ਇਕੋ ਪਲ ਵਿਚ ਹੀ ਇਕ ਹੋਰ ਮੁਰਗ਼ਾਬੀ ਉਹਦੇ ਉਤੇ ਟੁਟ ਪਈ ਤੇ ਉਹਨੇ ਉਹਦੇ ਉਤੇ ਏਡੇ ਜ਼ੋਰ ਦਾ ਵਾਰ ਕੀਤਾ ਕਿ ਪਹਿਲੀ ਮੁਰਗ਼ਾਬੀ ਨੇ ਆਂਡਾ ਸੁੱਟ ਦਿਤਾ, ਤੇ ਆਂਡਾ ਹੇਠਾਂ ਨੀਲੇ ਸਮੁੰਦਰ ਵਿਚ ਜਾ ਪਿਆ।

ਇਹ ਵੇਖ ਇਵਾਨ-ਰਾਜਕੁਮਾਰ ਦੇ ਅੱਥਰੂ ਵਗਣ ਲਗ ਪਏ, ਏਸ ਲਈ ਕਿ ਉਹ ਨੀਲੇ ਸਮੁੰਦਰ ਵਿਚੋਂ ਆਂਡਾ ਕਿਵੇਂ ਲਭ ਸਕਦਾ ਸੀ। ਪਰ ਇਕਦਮ ਹੀ ਪਾਈਕ-ਮੱਛੀ ਤਰਦੀ ਤਰਦੀ ਕੰਢੇ ਵੱਲ ਆਈ ਤੇ ਉਹਦੇ ਮੂੰਹ ਵਿਚ ਆਂਡਾ ਸੀ। ਇਵਾਨ-ਰਾਜਕੁਮਾਰ ਨੇ ਆਂਡਾ ਤੋੜ ਦਿਤਾ, ਸੂਈ ਕੱਢ ਲਈ ਤੇ ਉਹਦੀ ਨੋਕ ਤੋੜਨ ਲਗਾ। ਜਿੰਨਾ ਜ਼ਿਆਦਾ ਉਹ ਸੂਈ ਦੀ ਨੋਕ ਨੂੰ ਲਿਫ਼ਾਂਦਾ, ਅਮਰ ਕੋਸ਼ਚੇਈ ਓਨੇ ਜ਼ਿਆਦਾ ਹੀ ਪਾਸੇ ਮਾਰਦਾ ਤੇ ਕੁੜੱਲ ਖਾਂਦਾ। ਪਰ ਉਹ ਕੁਝ ਕਰ ਨਾ

ਸਕਿਆ। ਇਸ ਲਈ ਕਿ ਇਵਾਨ–ਰਾਜਕੁਮਾਰ ਨੇ ਸੂਈ ਦਾ ਸਿਰਾ ਤੋੜ ਦਿਤਾ ਸੀ ਤੇ ਕੋਸ਼ਚੇਈ ਮਰ ਕੇ ਡਿਗ ਪਿਆ।

ਫੇਰ ਇਵਾਨ–ਰਾਜਕੁਮਾਰ ਕੋਸ਼ਚੇਈ ਦੇ ਚਿੱਟੇ ਪੱਥਰ ਵਾਲੇ ਮਹਿਲੀਂ ਗਿਆ। ਤੇ ਚਤਰ–ਸੁਜਾਨ ਵਸਿਲੀਸਾ ਭੱਜੀ–ਭੱਜੀ ਉਹਨੂੰ ਅਗੋਂ ਲੈਣ ਆਈ ਤੇ ਉਹਨੇ ਉਹਦੇ ਸ਼ਹਿਦ–ਮਿਠੇ ਬੁਲ੍ਹਾਂ ਨੂੰ ਚੁੰਮ ਲਿਆ। ਤੇ ਇਵਾਨ–ਰਾਜਕੁਮਾਰ ਤੇ ਚਤਰ–ਸੁਜਾਨ ਵਸਿਲੀਸਾ ਵਾਪਸ ਆਪਣੇ ਘਰ ਆ ਗਏ, ਤੇ ਉਹਨਾਂ ਰਲ ਕੇ, ਖ਼ੁਸ਼ੀ–ਖ਼ੁਸ਼ਾਈਂ, ਲੰਮੀ ਉਮਰ ਭੋਗੀ, ਓਦੋਂ ਤੱਕ ਜਦੋਂ ਤੱਕ ਉਹ ਅਸਲੋਂ ਹੀ ਬੁੱਢੇ ਨਾ ਹੋ ਗਏ।



ਚਤਰ-ਸੁਜਾਨ ਵਾਸਿਲੀਸਾ

ਇਕ ਕਿਸਾਨ ਨੇ ਰਾਈ ਬੀਜੀ ਤੇ ਜਿਹੜੀ ਫਸਲ ਉਹਨੇ ਵੱਢੀ ਉਹ ਏਡੀ ਭਰਪੂਰ ਸੀ ਕਿ ਉਹ ਮਸਾਂ ਹੀ ਇਸ ਨੂੰ ਸਾਂਭ ਸਕਿਆ। ਉਸ ਨੇ ਭਰੀਆਂ ਗੱਡੇ ਤੇ ਲੱਦ ਕੇ ਘਰ ਲਿਆਂਦੀਆਂ, ਉਹਨਾਂ ਨੂੰ ਗਾਹਿਆ, ਅਤੇ ਉਹਦਾ ਗੁਦਾਮ ਨਕੋਨਕ ਦਾਣਿਆਂ ਨਾਲ ਭਰ ਗਿਆ। ਆਪਣੇ ਭਰੇ ਭੜੋਲੇ ਵੇਖਕੇ ਉਹਨੇ ਆਪਣੇ ਮਨ ਵਿਚ ਸੋਚਿਆ:

"ਦੁਨੀਆਂ ਵਿਚ ਬੇਫਿਕਰ ਹੋ ਕੇ ਰਵਾਂਗਾ।"

ਇਸ ਤੋਂ ਮਗਰੋਂ ਇਕ ਚੂਹਾ ਤੇ ਇਕ ਚਿੜਾ ਕਿਸਾਨ ਦੇ ਗੁਦਾਮ ਵਿੱਚ ਆਉਣ ਲੱਗ ਪਏ। ਉਹ ਦਿਨ ਵਿੱਚ ਘਟੋ ਘਟ ਪੰਜ ਵਾਰੀ ਆਉਂਦੇ, ਰੱਜ ਕੇ ਖਾਂਦੇ ਤੇ ਚਲੇ ਜਾਂਦੇ—ਚੂਹਾ ਆਪਣੀ ਖੁੱਡ ਵਿਚ ਜਾ ਵੜਦਾ ਤੇ ਚਿੜਾ ਆਪਣੇ ਆਲ੍ਹਣੇ ਵਿਚ ਜਾ ਬਹਿੰਦਾ। ਪੂਰੇ ਤਿੰਨ ਵਰ੍ਹੇ ਉਹ ਗੂੜ੍ਹੇ ਦੋਸਤ ਤੇ ਇਕੋ ਥਾਂ ਖਾਣ ਵਾਲੇ ਸਾਥੀ ਬਣੇ ਰਹੇ। ਓਦੋਂ ਤੱਕ ਉਹਨਾਂ ਨੇ ਲਗ ਪਗ ਸਾਰੇ ਦਾਣੇ

ਖਾ ਲਏ ਸਨ—ਸਿਰਫ ਥੋੜੇ ਜਿਹੇ ਨਿੱਕੇ ਮੋਟੇ ਦਾਣੇ ਰਹਿ ਗਏ ਸਨ। ਇਹ ਵੇਖਕੇ, ਚੂਹੇ ਨੇ ਚਿੜੇ ਤੋਂ ਚੋਰੀ ਆਉਣ ਤੇ ਜੋ ਕੁਝ ਬਚਦਾ ਸੀ ਆਪਣੇ ਵਾਸਤੇ ਲੈ ਜਾਣ ਦਾ ਫੈਸਲਾ ਕਰ ਲਿਆ। ਉਹਨੇ ਇਕ ਹਨੇਰੀ ਰਾਤ ਨੂੰ ਮਿਟੀ ਪੁਟ ਪੁਟ ਕੇ ਫ਼ਰਸ਼ ਵਿਚ ਖੁਡ ਬਣਾਈ ਤੇ ਭੋਰੇ ਵਿਚ ਜੋ ਦਾਣਾ ਫੱਕਾ ਰਹਿ ਗਿਆ ਸੀ ਲੈਕੇ ਤਿੱਤਰ ਹੋਇਆ।

ਸਵੇਰੇ ਚਿੜਾ ਉਡਦਾ ਉਡਦਾ ਗੁਦਾਮ ਵਿਚ ਛਾਹਵੇਲੇ ਦਾ ਚੋਗਾ ਚੁਗਣ ਆਇਆ, ਪਰ ਅਫਸੋਸ, ਓਥੇ ਤਾਂ ਇਕ ਵੀ ਦਾਣਾ ਨਹੀਂ ਸੀ ਰਹਿ ਗਿਆ। ਉਹ ਵਿਚਾਰਾ ਭੁੱਖਾ ਭਾਣਾ ਹੀ ਉਡ ਆਇਆ ਤੇ ਉਹਨੇ ਸੋਚਿਆ:

"ਇਹ ਸਭ ਦੁਸ਼ਟ ਚੂਹੇ ਦੀ ਚਲਾਕੀ ਏ। ਕਿਉਂ ਨਾ ਮੈਂ ਸ਼ੇਰ ਕੋਲ ਜਾਵਾਂ ਜਿਹੜਾ ਉਹਨਾਂ ਦਾ ਬਾਦਸ਼ਾਹ ਏ, ਤੇ ਉਹਨੂੰ ਸਾਰੀ ਗੱਲ ਦੱਸਾਂ? ਮੈਨੂੰ ਯਕੀਨ ਏ, ਉਹ ਇਨਸਾਫ ਕਰੇਗਾ।"

ਸੋ ਉਹ ਉਡ ਕੇ ਸ਼ੇਰ ਕੋਲ ਆਇਆ।

"ਜੰਗਲ ਦੇ ਜਾਨਵਰਾਂ ਦੇ ਬਾਦਸ਼ਾਹ, ਬਘੇਲਾ ਜੀ," ਚਿੜੇ ਨੇ ਨਿਮਰਤਾ ਨਾਲ ਆਖਿਆ, "ਮੈਂ ਤੁਹਾਡੀ ਪਰਜਾ ਵਿਚੋਂ ਇਕ, ਤਿੱਖੇ ਦੰਦਾਂ ਵਾਲੇ ਚੂਹੇ ਨਾਲ ਪੂਰੇ ਤਿੰਨ ਸਾਲ ਰਹਿੰਦਾ ਰਿਹਾਂ। ਅਸੀਂ ਇਕੋ ਭੜੋਲੇ ਵਿਚੋਂ ਖਾਂਦੇ ਸਾਂ ਤੇ ਕਦੇ ਸਾਡਾ ਝਗੜਾ ਨਹੀਂ ਹੋਇਆ। ਪਰ ਜਦੋਂ ਦਾਣੇ ਮੁਕਣ ਤੇ ਆਏ ਚੂਹੇ ਨੇ ਮੇਰੇ ਨਾਲ ਇਕ ਕਮੀਨੀ ਚਲਾਕੀ ਖੇਡੀ। ਉਹਨੇ ਗੁਦਾਮ ਦੇ ਫ਼ਰਸ਼ ਵਿਚ ਖੁਡ ਬਣਾਈ ਤੇ ਸਾਰਾ ਅਨਾਜ ਭੋਰੇ ਵਿਚ ਸੁੱਟ ਲਿਆ ਤੇ ਮੈਂ ਭੁੱਖਾ ਮਰ ਰਿਹਾਂ। ਤੁਸੀਂ ਆਪ ਹੀ ਇਮਾਨਦਾਰੀ ਨਾਲ ਫੈਸਲਾ ਕਰੋ। ਜੇ ਤੁਸੀਂ ਨਹੀਂ ਕਰੋਗੇ ਤਾਂ ਮੈਂ ਆਪਣੇ ਬਾਦਸ਼ਾਹ, ਬਾਜ਼, ਕੋਲ ਜਾਵਾਂਗਾ ਤੇ ਆਪਣੇ ਨਾਲ ਹੋਈ ਬੇਇਨਸਾਫੀ ਦੂਰ ਕਰਾਵਾਂਗਾ।"

"ਜਾ, ਤੇ ਮੇਰੀ ਖਲਾਸੀ ਕਰ," ਸ਼ੇਰ ਨੇ ਆਖਿਆ।

ਸੋ ਚਿੜਾ ਉਡ ਕੇ ਬਾਜ਼ ਕੋਲ ਆਇਆ। ਉਹਨੇ ਆਪਣੇ ਨਾਲ ਹੋਈ ਬੇਇਨਸਾਫੀ ਦੀ ਸਾਰੀ ਗੱਲ ਦੱਸੀ—ਕਿਵੇਂ ਚੂਹੇ ਨੇ ਉਹਦੇ ਨਾਲ ਠੱਗੀ ਕੀਤੀ ਸੀ ਤੇ ਕਿਵੇਂ ਸ਼ੇਰ ਨੇ ਉਹਦੀਆਂ ਕਰਤੂਤਾਂ ਵਲੋਂ ਅੱਖਾਂ ਮੀਟ ਰੱਖੀਆਂ ਸਨ।

ਇਸ ਨਾਲ ਬਾਦਸ਼ਾਹ ਬਾਜ਼ ਬੜਾ ਗੁੱਸੇ ਵਿਚ ਆਇਆ, ਤੇ ਉਹਨੇ ਉਸੇ ਵੇਲੇ ਆਪਣਾ ਦੂਤ ਸ਼ੇਰ ਕੋਲ ਭੇਜਿਆ ਤੇ ਕਿਹਾ:

"ਭਲਕੇ ਆਪਣੀ ਸਾਰੀ ਜਨੌਰ ਸੈਨਾ ਲੈਕੇ ਅਮਕੇ ਅਮਕੇ ਮੈਦਾਨ ਵਿਚ ਆ ਜਾ ਤੇ ਮੈਂ ਆਪਣੀ ਸਾਰੀ ਪੰਛੀ ਸੈਨਾ ਲੈਕੇ ਆਵਾਂਗਾ ਤੇ ਸਾਡਾ ਯੁਧ ਹੋਵੇਗਾ।"

ਸੋ ਬਾਦਸ਼ਾਹ ਸ਼ੇਰ ਨੇ ਜੰਗੀ ਜੈਕਾਰਾ ਛਡਿਆ ਤੇ ਆਪਣੇ ਸਾਰੇ ਜਨੌਰ ਲੜਾਈ ਲਈ ਇਕੱਠੇ ਕਰ ਲਏ। ਉਹਦੇ ਵਾਸਤੇ ਹੋਰ ਕੋਈ ਚਾਰਾ ਨਹੀਂ ਸੀ। ਉਹ ਵੱਡੀ ਗਿਣਤੀ ਵਿਚ ਆਏ ਸਨ ਤੇ ਜਿਸ ਪਲ ਉਹ ਖੁਲ੍ਹੇ ਮੈਦਾਨ ਵਿਚ ਪਹੁੰਚੇ ਤਾਂ ਬਾਜ਼ ਤੇ ਉਹਦੀ ਸਾਰੀ ਪੰਛੀ ਸੈਨਾ ਬੱਦਲ ਵਾਂਗ

ਉਹਨਾਂ ਉਤੇ ਵਰ੍ਹ ਪਈ। ਅਤੇ ਭਿਆਨਕ ਯੁਧ ਛਿੜ ਪਿਆ। ਤਿੰਨ ਘੰਟੇ ਤੇ ਤਿੰਨ ਮਿੰਟ ਉਹਨਾਂ ਦੀ ਲੜਾਈ ਹੁੰਦੀ ਰਹੀ। ਬਾਦਸ਼ਾਹ ਬਾਜ਼ ਲੜਾਈ ਜਿੱਤ ਗਿਆ ਤੇ ਉਹਨੇ ਮੈਦਾਨ ਵਿੱਚ ਵੈਰੀ ਦੀਆਂ ਲੋਥਾਂ ਦਾ ਅੰਬਾਰ ਲਾ ਦਿੱਤਾ। ਫੇਰ ਉਸ ਨੇ ਆਪਣੇ ਪੰਛੀਆਂ ਨੂੰ ਘਰੋ ਘਰੀ ਤੋਰ ਦਿੱਤਾ ਤੇ ਆਪ ਉਹ ਉਡਕੇ ਸੰਘਣੇ ਜੰਗਲ ਵਿਚ ਆ ਗਿਆ। ਲੱਗੇ ਫੱਟ ਤੇ ਵਗੇ ਲਹੂ ਕਾਰਨ ਕਮਜ਼ੋਰ ਜਿਹਾ ਹੋਇਆ ਉਹ ਬਲੂਤ ਦੇ ਇਕ ਵੱਡੇ ਰੁਖ ਤੇ ਆਰਾਮ ਕਰਨ ਬਹਿ ਗਿਆ, ਜਿੱਥੇ ਬੈਠਾ ਉਹ ਹੁਣ ਸੋਚ ਰਿਹਾ ਸੀ ਕਿ ਆਪਣੀ ਗੁਆਚੀ ਤਾਕਤ ਮੁੜ ਕਿਵੇਂ ਹਾਸਲ ਕਰੇ।

ਇਹ ਗੱਲ ਕਈ ਵਰ੍ਹੇ ਪਹਿਲਾਂ ਵਾਪਰੀ ਸੀ। ਉਸ ਵੇਲੇ ਇਕ ਵਪਾਰੀ ਤੇ ਉਹਦੀ ਵਹੁਟੀ ਰਹਿੰਦੇ ਸਨ ਜਿਨ੍ਹਾਂ ਦਾ ਕੋਈ ਬਾਲ ਬੱਚਾ ਨਹੀਂ ਸੀ ਜਿਹੜਾ ਉਹਨਾਂ ਨੂੰ ਖੁਸ਼ੀ ਖੇੜਾ ਦੇਂਦਾ। ਇਕ ਦਿਨ ਸਵੇਰੇ ਵਪਾਰੀ ਨੇ ਆਪਣੀ ਵਹੁਟੀ ਨੂੰ ਆਖਿਆ :

"ਮੈਨੂੰ ਇਕ ਭੈੜਾ ਸੁਫਨਾ ਆਇਐ। ਸੁਫਨੇ ਵਿਚ ਮੈਂ ਵੇਖਿਆ ਕਿ ਇਕ ਵੱਡਾ ਸਾਰਾ ਪੰਛੀ ਆਕੇ ਸਾਡੇ ਨਾਲ ਰਹਿਣ ਲਗਦਾ ਹੈ। ਉਹ ਸਾਰੇ ਦਾ ਸਾਰਾ ਬੌਲਦ ਇਕੋ ਵਾਰ ਨਿਗਲ ਜਾਂਦਾ ਹੈ ਤੇ ਭਰਿਆ ਭਰਾਤਾ ਸ਼ਰਾਬ ਦਾ ਮੱਟ ਇਕੋ ਘੁਟੇ ਪੀ ਜਾਂਦਾ ਹੈ। ਪਰ ਅਸੀਂ ਉਹਦੇ ਕੋਲੋਂ ਪਿਛਾ ਨਹੀਂ ਛੁਡਾ ਸਕੇ ਤੇ ਉਸ ਨੂੰ ਖੁਆਉਣਾ ਪਿਆਉਣਾ ਪਿਆ। ਮੇਰਾ ਖਿਆਲ ਏ ਮੈਂ ਜੰਗਲ ਵਿਚ ਰਤਾ ਫਿਰ ਤੁਰ ਆਵਾਂ, ਖਵਰੇ ਇਸ ਤਰ੍ਹਾਂ ਜੀਅ ਮਾੜਾ ਮੋਟਾ ਟਹਿਕ ਪਵੇ।"

ਸੋ ਉਹਨੇ ਆਪਣੀ ਬੰਦੂਕ ਚੁੱਕੀ ਤੇ ਜੰਗਲ ਨੂੰ ਤੁਰ ਪਿਆ। ਪਤਾ ਨਹੀਂ ਉਹ ਕਿੰਨਾ ਕੁ ਚਿਰ ਤੁਰਦਾ ਗਿਆ, ਪਰ ਅਖੀਰ ਉਹ ਬਲੂਤ ਦੇ ਇਕ ਰੁਖ ਕੋਲ ਆ ਗਿਆ ਜਿਸ ਵਿਚ ਬਾਜ਼ ਆਰਾਮ ਕਰ ਰਿਹਾ ਸੀ। ਪੰਛੀ ਨੂੰ ਵੇਖਕੇ ਉਹਨੇ ਆਪਣੀ ਬੰਦੂਕ ਸੇਧੀ ਤੇ ਗੋਲੀ ਚਲਾਉਣ ਲਈ ਤਿਆਰ ਹੋਇਆ।

"ਮੈਨੂੰ ਗੋਲੀ ਨਾ ਮਾਰ, ਨੇਕਬਖਤਾ," ਬਾਜ਼ ਮਨੁਖੀ ਆਵਾਜ਼ ਵਿਚ ਬੋਲਿਆ। "ਮੈਨੂੰ ਮਾਰਕੇ ਤੈਨੂੰ ਕੋਈ ਫਾਇਦਾ ਨਹੀਂ ਹੋਣਾ, ਪਰ ਜੇ ਤੂੰ ਮੈਨੂੰ ਆਪਣੇ ਘਰ ਲੈ ਜਾਏਂ ਤੇ ਤਿੰਨ ਸਾਲ, ਤਿੰਨ ਮਹੀਨੇ ਤੇ ਤਿੰਨ ਦਿਨ ਮੈਨੂੰ ਖੁਆਏਂ ਪਿਆਏਂ, ਤਾਂ ਮੇਰੇ ਵਿਚ ਮੇਰੀ ਸਤਿਆ ਮੁੜ ਆਊ ਤੇ ਤੈਨੂੰ ਰਜਵਾਂ ਇਨਾਮ ਦਊਂ।"

"ਇਕ ਬਾਜ਼ ਭਲਾ ਕੀ ਇਨਾਮ ਦੇ ਸਕਦੈ?" ਵਪਾਰੀ ਨੇ ਸੋਚਿਆ, ਅਤੇ ਉਹਨੇ ਫੇਰ ਆਪਣੀ ਬੰਦੂਕ ਸੇਧ ਲਈ।

ਤੇ ਬਾਜ਼ ਨੇ ਫੇਰ ਆਪਣੀ ਜਾਨ ਲਈ ਤਰਲਾ ਕੀਤਾ। ਵਪਾਰੀ ਨੇ ਤੀਜੀ ਵਾਰੀ ਬੰਦੂਕ ਤਾਣੀ ਤੇ ਬਾਜ਼ ਨੇ ਤੀਜੀ ਵਾਰੀ ਆਖਿਆ :

"ਮੈਨੂੰ ਗੋਲੀ ਨਾ ਮਾਰ, ਨੇਕਬਖਤਾ। ਤਿੰਨ ਸਾਲ, ਤਿੰਨ ਮਹੀਨੇ ਤੇ ਤਿੰਨ ਦਿਨ ਮੈਨੂੰ ਖੁਆ ਪਿਆ। ਜਦੋਂ ਮੈਂ ਰਾਜ਼ੀ ਹੋ ਗਿਆ, ਮੈਂ ਤੈਨੂੰ ਰਜਵਾਂ ਇਨਾਮ ਦਊਂ।"

ਸੋ ਵਪਾਰੀ ਨੇ ਬਾਜ਼ ਦੀ ਜਾਨ ਬਖ਼ਸ਼ ਦਿੱਤੀ। ਉਸ ਨੇ ਉਹਨੂੰ ਚੁੱਕਿਆ ਤੇ ਆਪਣੇ ਘਰ ਲੈ ਆਂਦਾ। ਖੜੇ ਪੈਰ ਉਹਨੇ ਇਕ ਬੌਲਦ ਮਾਰਿਆ ਤੇ ਇਕ ਟੱਪ ਕੰਢਿਆਂ ਤੱਕ ਸ਼ਹਿਦ ਨਾਲ ਭਰ ਦਿੱਤਾ। ਉਹਨੇ ਸੋਚਿਆ, ਇਹਦੇ ਨਾਲ ਬਾਜ਼ ਦੇ ਚੋਖੇ ਦਿਨ ਲੰਘ ਜਾਣਗੇ, ਪਰ ਬਾਜ਼ ਨੇ ਇਕੋ ਸਾਹੇ ਸਭ ਕੁਝ ਖਾ ਪੀ ਲਿਆ। ਉਹ ਗਰੀਬ ਵਪਾਰੀ ਦੀ ਹਿੰਮਤ ਤੋਂ ਵਧ ਖਾਈ ਜਾ ਰਿਹਾ ਸੀ। ਇਹ ਵੇਖਕੇ, ਬਾਜ਼ ਨੇ ਉਹਨੂੰ ਆਖਿਆ:

"ਖੁਲ੍ਹੇ ਮੈਦਾਨ ਵਿਚ ਜਾ, ਮੇਰਿਆ ਸਜਨਾ ਅਤੇ ਓਥੇ ਤੈਨੂੰ ਬੇਅੰਤ ਵੱਢੇ ਕੱਟੇ ਤੇ ਫਟੜ ਜਨੌਰ ਮਿਲਣਗੇ। ਉਹਨਾਂ ਦੀਆਂ ਖਲਾਂ ਲਾਹ ਤੇ ਕੀਮਤੀ ਫਰ ਸ਼ਹਿਰ ਲੈ ਜਾ ਤੇ ਉਸ ਨੂੰ ਵੇਚ ਦੇ। ਪੈਸੇ ਨਾਲ ਤੇਰਾ ਮੇਰਾ ਖਾਣ ਪੀਣ ਚਲਦਾ ਰਹੇਗਾ, ਤੇ ਕੁਝ ਬਚ ਵੀ ਰਹੇਗਾ।"

ਵਪਾਰੀ ਬਾਹਰ ਮੈਦਾਨ ਵਿਚ ਗਿਆ ਤੇ ਉਥੇ ਉਸ ਨੇ ਬਹੁਤ ਸਾਰੇ ਜੰਗਲੀ ਜਾਨਵਰ ਏਧਰ ਓਧਰ ਮਰੇ ਹੋਏ ਤੇ ਜ਼ਖ਼ਮੀ ਹੋਏ ਪਏ ਵੇਖੇ। ਉਸ ਨੇ ਉਹਨਾਂ ਦੀਆਂ ਖੱਲਾਂ ਲਾਹੀਆਂ ਤੇ ਕੀਮਤੀ ਫਰ ਸ਼ਹਿਰ ਲੈ ਗਿਆ ਤੇ ਉਹਨਾਂ ਦੇ ਢੇਰ ਸਾਰੇ ਪੈਸੇ ਵੱਟ ਲਏ।

ਇਕ ਸਾਲ ਬੀਤ ਗਿਆ। ਇਕ ਦਿਨ ਬਾਜ਼ ਨੇ ਆਪਣੇ ਮੇਜ਼ਬਾਨ ਨੂੰ ਆਖਿਆ ਕਿ ਉਹਨੂੰ ਉਸ ਥਾਂ ਲੈ ਚੱਲੇ ਜਿਥੇ ਉਚੇ ਲੰਮੇ ਬਲੂਤ ਦੇ ਰੁਖ ਉੱਗੇ ਹੋਏ ਸਨ। ਵਪਾਰੀ ਨੇ ਬੱਘੀ ਨਾਲ ਆਪਣਾ ਘੋੜਾ ਜੋੜਿਆ ਤੇ ਬਾਜ਼ ਨੂੰ ਉਸ ਥਾਂ ਲੈ ਆਇਆ। ਬਾਜ਼ ਨੇ ਬਦਲਾਂ ਤੋਂ ਉਪਰ ਉੱਚੀ ਉਡਾਰੀ ਲਾਈ ਤੇ ਪੂਰੇ ਜ਼ੋਰ ਦੀ ਉਡਾਰੀ ਵਿਚ ਉਸ ਨੇ ਆਪਣੀ ਛਾਤੀ ਨਾਲ ਇਕ ਰੁਖ ਨੂੰ ਝਟਕਾ ਦਿਤਾ। ਬਲੂਤ ਦੁਫਾੜ ਹੋ ਗਿਆ।

"ਨਹੀਂ, ਵਪਾਰੀ ਦੋਸਤਾ," ਬਾਜ਼ ਨੇ ਆਖਿਆ, "ਅਜੇ ਮੇਰੀ ਪੁਰਾਣੀ ਸਤਿਆ ਨਹੀਂ ਮੁੜੀ। ਪੂਰਾ ਵਰ੍ਹਾ ਹੋਰ ਮੇਰਾ ਪੇਟ ਪਾਲ।"

ਤੇ ਇਸ ਤਰ੍ਹਾਂ ਦੂਜਾ ਵਰ੍ਹਾ ਬੀਤ ਗਿਆ। ਬਾਜ਼ ਇਕ ਵਾਰ ਫੇਰ ਉਡ ਕੇ ਕਾਲੇ ਬਦਲਾਂ ਤੋਂ ਉਪਰ ਗਿਆ, ਹੇਠਾਂ ਲਪਕਿਆ ਤੇ ਰੁਖ ਨੂੰ ਝਟਕਾ ਦਿੱਤਾ। ਬਲੂਤ ਦੀ ਟੀਸੀ ਟੁਟ ਕੇ ਭੁੰਜੇ ਆ ਪਈ।

"ਇਕ ਵਰ੍ਹਾ ਹੋਰ ਤੈਨੂੰ ਮੇਰਾ ਢਿਡ ਭਰਨਾ ਪਊ, ਮੇਰਿਆ ਸਜਣਾ," ਬਾਜ਼ ਨੇ ਆਖਿਆ। "ਅਜੇ ਮੇਰੀ ਪਹਿਲਾਂ ਵਾਲੀ ਸਤਿਆ ਨਹੀਂ ਮੁੜੀ।"

ਸੋ ਇਸ ਤਰ੍ਹਾਂ ਹੀ ਤਿੰਨ ਸਾਲ, ਤਿੰਨ ਮਹੀਨੇ ਤੇ ਤਿੰਨ ਦਿਨ ਲੰਘ ਗਏ। ਇਸ ਤੋਂ ਮਗਰੋਂ ਬਾਜ਼ ਨੇ ਵਪਾਰੀ ਨੂੰ ਆਖਿਆ:

"ਮੈਨੂੰ ਫੇਰ ਉਸ ਥਾਂ ਲੈ ਚਲ ਜਿਥੇ ਉੱਚੇ ਲੰਮੇ ਬਲੂਤ ਉੱਗੇ ਹੋਏ ਨੇ।"

ਤੇ ਵਪਾਰੀ ਉਹਨੂੰ ਉੱਚੇ ਲੰਮੇ ਬਲੂਤਾਂ ਕੋਲ ਲੈ ਆਇਆ। ਬਾਜ਼ ਨੇ ਪਹਿਲਾਂ ਨਾਲੋਂ ਵੀ ਤ੍ਰੇਵੇਰੀ ਉਡਾਰੀ ਲਾਈ, ਤੇ ਸਭ ਤੋਂ ਵੱਡੇ ਬਲੂਤ ਨੂੰ ਜ਼ਬਰਦਸਤ ਝਟਕਾ ਦਿੱਤਾ ਤੇ ਉਹਨੂੰ ਉਪਰ ਤੋਂ ਲੈਕੇ ਜੜ੍ਹਾਂ ਤੱਕ ਟੋਟੇ ਟੋਟੇ ਕਰ ਕੇ ਰੱਖ ਦਿੱਤਾ, ਤੇ ਸਾਰਾ ਜੰਗਲ ਹੀ ਡੋਲਣ ਕੰਬਣ ਲੱਗ ਪਿਆ।

"ਸ਼ੁਕਰੀਆ, ਮੇਰਿਆ ਸਜਣਾ," ਬਾਜ਼ ਨੇ ਆਖਿਆ। "ਹੁਣ ਮੇਰੇ ਸਰੀਰ ਵਿਚ ਪਹਿਲਾਂ ਵਾਲੀ ਤਾਕਤ ਆ ਗਈ ਏ। ਆਪਣੇ ਘੋੜੇ ਤੋਂ ਉਤਰ ਤੇ ਮੇਰੀ ਪਿੱਠ ਉਤੇ ਬਹਿ। ਮੈਂ ਤੈਨੂੰ ਆਪਣੇ ਘਰ ਲੈ ਚਲਾਂ ਤੇ ਤੇਰੀ ਕੀਤੀ ਮਿਹਰਬਾਨੀ ਦਾ ਬਦਲਾ ਚੁਕਾਵਾਂ।"

ਵਪਾਰੀ ਬਾਜ਼ ਦੀ ਪਿੱਠ ਤੇ ਬਹਿ ਗਿਆ, ਬਾਜ਼ ਨੇ ਨੀਲੇ ਸਾਗਰ ਉਤੋਂ ਦੀ ਉਡਾਰੀ ਲਾਈ ਤੇ ਅਸਮਾਨ ਵਿਚ ਉੱਚਾ ਹੀ ਉੱਚਾ ਉਡਦਾ ਗਿਆ।

"ਨੀਲੇ ਸਾਗਰ ਤੇ ਝਾਤੀ ਮਾਰ," ਉਹਨੇ ਆਖਿਆ। "ਏਹ ਕਿੰਨਾ ਕੁ ਵੱਡਾ ਏ?"

"ਇਕ ਪਹੀਏ ਜਿੰਨਾ ਵੱਡਾ ਏ।" ਵਪਾਰੀ ਨੇ ਆਖਿਆ।

ਬਾਜ਼ ਨੇ ਵਪਾਰੀ ਨੂੰ ਆਪਣੀ ਪਿੱਠ ਤੋਂ ਛੰਡ ਕੇ ਪਰੇ ਮਾਰਿਆ ਤਾਂ ਜੋ ਉਹਨੂੰ ਮੌਤ ਦੀ ਭਿਅੰਕਰਤਾ ਦਾ ਪਤਾ ਲਗ ਜਾਏ, ਪਰ ਸਾਗਰ ਵਿਚ ਡਿਗਣ ਤੋਂ ਪਹਿਲਾਂ ਹੀ ਉਸ ਨੂੰ ਬੋਚ ਲਿਆ। ਏਸ ਤੋਂ ਮਗਰੋਂ ਉਹ ਉਡ ਕੇ ਹੋਰ ਵੀ ਉਚੇਰਾ ਚਲਾ ਗਿਆ।

"ਹੁਣ ਝਾਤੀ ਮਾਰ ਖਾਂ ਨੀਲੇ ਸਾਗਰ ਤੇ; ਕਿੰਨਾ ਕੁ ਵੱਡਾ ਏ?"

"ਮੁਰਗੀ ਦੇ ਆਂਡੇ ਜਿੰਨਾ ਵੱਡੈ।"

ਬਾਜ਼ ਨੇ ਵਪਾਰੀ ਨੂੰ ਆਪਣੀ ਪਿੱਠ ਤੋਂ ਛੰਡ ਕੇ ਪਰੇ ਮਾਰਿਆ, ਪਰ ਫੇਰ ਉਸ ਨੂੰ ਸਾਗਰ ਵਿਚ ਡਿਗ ਪੈਣ ਤੋਂ ਪਹਿਲਾਂ ਹੀ ਬੋਚ ਲਿਆ, ਤੇ ਉਹਨੂੰ ਹੋਰ ਵੀ ਉਚੇਰਾ ਲੈ ਗਿਆ।

"ਨੀਲੇ ਸਾਗਰ ਤੇ ਝਾਤੀ ਮਾਰ, ਕਿੰਨਾ ਵੱਡਾ ਏ?"

"ਪੋਸਤ ਦੇ ਬੀ ਜਿੰਨਾ ਵੱਡਾ ਏ।"

ਤੀਜੀ ਵਾਰ ਬਾਜ਼ ਨੇ ਵਪਾਰੀ ਨੂੰ ਆਪਣੀ ਪਿੱਠ ਤੋਂ ਛੰਡ ਕੇ ਪਰੇ ਮਾਰਿਆ ਤੇ ਉਹ ਅਸਮਾਨ ਤੋਂ ਹੇਠਾਂ ਲੁੜ੍ਹਕ ਪਿਆ, ਪਰ ਇਕ ਵਾਰੀ ਫੇਰ ਬਾਜ਼ ਨੇ ਉਸ ਨੂੰ ਸਾਗਰ ਵਿਚ ਡਿਗਣ ਤੋਂ ਪਹਿਲਾਂ ਬੋਚ ਲਿਆ। ਉਸ ਨੇ ਉਹਨੂੰ ਫੜਿਆ ਤੇ ਆਖਿਆ: "ਕਿਉਂ, ਮੇਰਿਆ ਸਜਣਾ, ਮੌਤ ਦੀ ਭਿਅੰਕਰਤਾ ਦਾ ਪਤਾ ਲਗ ਗਿਐ?"

"ਹਾਂ," ਵਪਾਰੀ ਨੇ ਕਿਹਾ। "ਮੈਂ ਸਮਝਿਆ ਸੀ ਕਿ ਮੇਰਾ ਅੰਤ ਆ ਗਿਐ।"

"ਏਦਾਂ ਹੀ ਮੈਨੂੰ ਲਗਿਆ ਸੀ ਜਦੋਂ ਤੂੰ ਆਪਣੀ ਬੰਦੂਕ ਮੇਰੇ ਵੱਲ ਸੇਧੀ ਸੀ।"

ਅਤੇ ਬਾਜ਼ ਵਪਾਰੀ ਨੂੰ ਲੈਕੇ ਸਾਗਰ ਤੋਂ ਪਾਰ ਉਡ ਗਿਆ, ਤੇ ਸਿੱਧਾ ਤਾਂਬੇ ਦੀ ਸ਼ਾਹੀ ਵਿਚ ਆ ਗਿਆ।

"ਏਥੇ ਮੇਰੀ ਵੱਡੀ ਭੈਣ ਰਹਿੰਦੀ ਏ," ਬਾਜ਼ ਨੇ ਆਖਿਆ। "ਅਸੀਂ ਉਹਦੇ ਘਰ ਚਲਾਂਗੇ

ਤੇ ਉਹ ਤੈਨੂੰ ਸੁਗਾਤਾਂ ਪੇਸ਼ ਕਰੇਗੀ ਪਰ ਸੁਝ ਨਾ ਲਵੀਂ। ਸਿਰਫ ਤਾਂਬੇ ਦੀ ਡੱਬੀ ਮੰਗੀਂ।''

ਇਹ ਆਖ ਕੇ, ਬਾਜ਼ ਭੁੰਜੇ ਆ ਲੱਥਾ ਤੇ ਇਕ ਸੁਣੱਖਾ ਗਭਰੂ ਬਣ ਗਿਆ।

ਉਹ ਇਕ ਵੱਡੇ ਸਾਰੇ ਵਿਹੜੇ ਵਿਚੋਂ ਲੰਘੇ। ਸੁਣੱਖੇ ਗਭਰੂ ਦੀ ਭੈਣ ਨੇ ਉਹਨਾਂ ਨੂੰ ਵੇਖ ਲਿਆ ਤੇ ਚਾਈਂ ਚਾਈਂ ਉਹਨਾਂ ਦਾ ਸਵਾਗਤ ਕੀਤਾ।

''ਆ ਵੇ, ਮੇਰਿਆ ਹੀਰਿਆ ਵੀਰਾ, ਸ਼ੁਕਰ ਰੱਬ ਦਾ ਤੂੰ ਸੁਖੀਂ ਸਾਂਦੀ ਏਂ। ਤੈਨੂੰ ਵੇਖਿਆਂ ਤਿੰਨ ਵਰ੍ਹਿਆਂ ਤੋਂ ਵੀ ਉੱਤੇ ਹੋ ਗਏ ਤੇ ਮੈਂ ਤਾਂ ਸਬਰ ਕਰ ਲਿਆ ਸੀ ਪਈ ਤੂੰ ਹੁਣ ਜਿਊਂਦਾ ਨਹੀਂ। ਮੈਂ ਕੀ ਖਾਤਰ ਕਰਾਂ ਤੇਰੀ? ਕੀ ਖਾਏਂ ਪੀਏਂਗਾ?''

''ਮੈਨੂੰ ਨਾ ਪੁਛ, ਪਿਆਰੀਏ ਭੈਣੇ—ਮੈਂ ਤਾਂ ਘਰ ਦਾ ਬੰਦਾ ਆਂ। ਏਸ ਨੇਕ ਬੰਦੇ ਨੂੰ ਪੁਛ ਜਿਨ੍ਹੇ ਪੂਰੇ ਤਿੰਨ ਸਾਲ ਮੈਨੂੰ ਰਖਿਆ ਤੇ ਖੁਆਇਆ ਤੇ ਮੈਨੂੰ ਭੁਖਿਆਂ ਨਹੀਂ ਮਰਨ ਦਿੱਤਾ।''

ਉਸ ਨੇ ਉਹਨਾਂ ਨੂੰ ਬਲੂਤ ਦੇ ਮੇਜ਼ ਦੁਆਲੇ ਬਿਠਾਇਆ ਜਿਸ ਤੇ ਸੁਹਣਾ ਜਿਹਾ ਮੇਜ਼ਪੋਸ਼ ਵਿਛਿਆ ਹੋਇਆ ਸੀ ਤੇ ਉਹਨਾਂ ਦੀ ਸ਼ਾਹੀ ਤਰੀਕੇ ਨਾਲ ਖਾਤਰ ਕੀਤੀ। ਫੇਰ ਉਹ ਉਹਨਾਂ ਨੂੰ ਆਪਣੇ ਤਹਿਖਾਨੇ ਵਿਚ ਲੈ ਗਈ, ਉਹਨਾਂ ਨੂੰ ਆਪਣੀ ਅਥਾਹ ਦੌਲਤ ਵਿਖਾਈ ਤੇ ਵਪਾਰੀ ਨੂੰ ਆਖਿਆ:

''ਆਹ ਸੋਨਾ, ਚਾਂਦੀ ਤੇ ਹੀਰੇ ਜਵਾਹਰ ਪਏ ਨੀ—ਜੋ ਜੀਅ ਕਰਦਾ ਏ ਚੁਕ ਲੈ।''

''ਮੈਨੂੰ ਸੋਨਾ ਜਾਂ ਚਾਂਦੀ ਜਾਂ ਹੀਰੇ ਜਵਾਹਰ ਨਹੀਂ ਚਾਹੀਦੇ,'' ਵਪਾਰੀ ਨੇ ਜਵਾਬ ਦਿੱਤਾ। ''ਮੈਨੂੰ ਸਿਰਫ ਤਾਂਬੇ ਦੀ ਡੱਬੀ ਦੇ ਦਿਓ।''

''ਹੱਛਾ, ਤੈਨੂੰ ਤਾਂਬੇ ਦੀ ਡੱਬੀ ਚਾਹੀਦੀ ਏ! ਖੈਰ, ਉਹ ਤਾਂ ਨਾ ਤੈਨੂੰ ਮਿਲੀ!''

ਭਰਾ ਆਪਣੀ ਭੈਣ ਦੇ ਅਖੜਪੁਣੇ ਤੇ ਨਾਰਾਜ਼ ਹੋ ਗਿਆ, ਸੋ ਉਹਨੇ ਇਕ ਵਾਰ ਫੇਰ ਉੱਚੀ ਪ੍ਰਵਾਜ਼ ਕਰਨ ਵਾਲੇ ਬਾਜ਼ ਦਾ ਰੂਪ ਧਾਰ ਲਿਆ, ਵਪਾਰੀ ਨੂੰ ਚੁੱਕਿਆ ਤੇ ਉਡਾਰੀ ਮਾਰ ਗਿਆ।

''ਵੀਰਾ, ਵੇ ਪਿਆਰਿਆ ਵੀਰਾ, ਮੁੜ ਆ,'' ਭੈਣ ਨੇ ਕੂਕ ਮਾਰੀ। ''ਮੈਂ ਡੱਬੀ ਦੇਣ ਤੋਂ ਵੀ ਸੰਕੋਚ ਨਾ ਕਰੂੰ!''

''ਵੇਲਾ ਲੰਘ ਗਿਐ, ਭੈਣੇ।''

ਤੇ ਉਹ ਉਡਾਰੀ ਮਾਰ ਕੇ ਅਸਮਾਨੇ ਜਾ ਲਗਾ।

''ਝਾਤੀ ਮਾਰ ਕੇ ਵੇਖ, ਸਜਣਾ, ਤੈਨੂੰ ਪਿਛੇ ਕੀ ਵਿਖਾਈ ਦੇਂਦਾ ਏ ਤੇ ਅੱਗੇ ਕੀ?'' ਬਾਜ਼ ਨੇ ਆਖਿਆ।

ਵਪਾਰੀ ਨੇ ਝਾਤੀ ਮਾਰੀ ਤੇ ਆਖਿਆ:

''ਪਿੱਛੇ ਅੱਗ ਦੀਆਂ ਲਾਟਾਂ; ਅੱਗੇ ਖਿੜੇ ਟਹਿਕੇ ਫੁਲ।''

''ਪਿਛੇ ਤਾਂਬੇ ਦੀ ਸ਼ਾਹੀ ਸੜ ਰਹੀ ਏ, ਅਤੇ ਚਾਂਦੀ ਦੀ ਸ਼ਾਹੀ ਵਿਚ ਫੁਲ ਖਿੜ ਰਹੇ ਨੇ ਜਿਥੇ

ਜਿੱਥੇ ਵਿਚਲੀ ਭੈਣ ਰਹਿੰਦੀ ਏ। ਅਸੀਂ ਉਹਦੇ ਘਰ ਚਲਾਂਗੇ, ਤੇ ਉਹ ਤੈਨੂੰ ਸੁਗਾਤਾਂ ਪੇਸ਼ ਕਰੇਗੀ ਪਰ ਕੁਝ ਨਾ ਲਵੀਂ। ਸਿਰਫ ਚਾਂਦੀ ਦੀ ਡੱਬੀ ਮੰਗੀਂ।"

ਜਦੋਂ ਉਹ ਮਹਿਲ ਦੇ ਕੋਲ ਆਏ ਤਾਂ ਬਾਜ਼ ਲਪਕ ਕੇ ਭੁੰਜੇ ਆ ਲੱਥਾ ਤੇ ਫੇਰ ਇਕ ਸੁਣੱਖਾ ਗਭਰੂ ਬਣ ਗਿਆ।

"ਆ ਵੇ, ਮੇਰਿਆ ਹੀਰਿਆ ਵੀਰਾ!" ਉਹਦੀ ਭੈਣ ਨੇ ਆਖਿਆ। "ਤੂੰ ਕਿਵੇਂ ਆ ਗਿਆ ਵੀਰੇ? ਤੂੰ ਕਿਥੇ ਰਿਹੈਂ? ਏਨਾ ਚਿਰ ਪ੍ਰਦੇਸੀਂ ਕਿਉਂ ਰਿਹਾ? ਕੀ ਖਾਤਰ ਕਰਾਂ ਮੈਂ ਤੇਰੀ?"

"ਮੈਨੂੰ ਨਾ ਪੁਛ, ਪਿਆਰੀਏ ਭੈਣੇ, ਮੈਂ ਤਾਂ ਘਰ ਦਾ ਬੰਦਾ ਆਂ, ਏਸ ਨੇਕ ਬੰਦੇ ਨੂੰ ਪੁਛ ਜਿਨ੍ਹੇ ਪੂਰੇ ਤਿੰਨ ਸਾਲ ਮੈਨੂੰ ਰਖਿਆ ਤੇ ਖੁਆਇਆ ਤੇ ਮੈਨੂੰ ਭੁਖਿਆਂ ਨਹੀ ਮਰਨ ਦਿੱਤਾ।"

ਉਸ ਨੇ ਉਹਨਾਂ ਨੂੰ ਬਲੂਤ ਦੇ ਮੇਜ਼ ਦੁਆਲੇ ਬਿਠਾਇਆ ਜਿਸ ਤੇ ਸੁਹਣਾ ਜਿਹਾ ਮੇਜ਼ਪੋਸ਼ ਵਿਛਿਆ ਹੋਇਆ ਸੀ ਤੇ ਉਹਨਾਂ ਦੀ ਸ਼ਾਹੀ ਤਰੀਕੇ ਨਾਲ ਖਾਤਰ ਕੀਤੀ। ਫੇਰ ਉਹ ਉਹਨਾਂ ਨੂੰ ਆਪਣੇ ਤਹਿਖਾਨੇ ਵਿਚ ਲੈ ਗਈ। "ਆਹ ਸੋਨਾ, ਚਾਂਦੀ ਤੇ ਹੀਰੇ ਜਵਾਹਰ ਪਏ ਨੀ—ਜੋ ਜੀਅ ਕਰਦਾ ਏ ਚੁਕ ਲੈ।"

"ਮੈਨੂੰ ਸੋਨਾ ਜਾਂ ਚਾਂਦੀ ਜਾਂ ਹੀਰੇ ਜਵਾਹਰ ਨਹੀਂ ਚਾਹੀਦੇ। ਮੈਨੂੰ ਸਿਰਫ ਚਾਂਦੀ ਦੀ ਡੱਬੀ ਦੇ ਦਿਓ।"

"ਹੱਛਾ, ਇਹ ਗੱਲ ਏ, ਤੈਨੂੰ ਚਾਂਦੀ ਦੀ ਡੱਬੀ ਚਾਹੀਦੀ ਏ! ਖੈਰ, ਯਕੀਨ ਰੱਖ ਉਹ ਤਾਂ ਨਾ ਤੈਨੂੰ ਮਿਲੀ।"

ਉਹਦਾ ਭਰਾ, ਬਾਜ਼, ਨਾਰਾਜ਼ ਹੋ ਗਿਆ, ਸੋ ਉਹਨੇ ਫੇਰ ਪੰਛੀ ਦਾ ਰੂਪ ਧਾਰ ਲਿਆ, ਕੁਆਰੀ ਨੂੰ ਚੁਕਿਆ ਤੇ ਉਡਾਰੀ ਮਾਰ ਗਿਆ।

"ਵੀਰਾ, ਵੇ ਪਿਆਰਿਆ ਵੀਰਾ, ਮੁੜ ਆ! ਜੇ ਤੂੰ ਮੁੜ ਆਵੇਂ ਤਾਂ ਮੈ ਡੱਬੀ ਦੇਣ ਤੋਂ ਵੀ ਸੰਕੋਚ ਨਾ ਕਰਾਂ।"

"ਵੇਲਾ ਲੰਘ ਗਿਐ, ਭੈਣੇ!"

ਤੇ ਬਾਜ਼ ਇਕ ਵਾਰ ਫੇਰ ਉੱਚੇ ਅਸਮਾਨੀਂ ਉਡ ਗਿਆ।

"ਝਾਤੀ ਮਾਰਕੇ ਵੇਖ, ਸਜਣਾ, ਤੈਨੂੰ ਪਿੱਛੇ ਕੀ ਵਿਖਾਈ ਦੇਂਦਾ ਏ ਤੇ ਅੱਗੇ ਕੀ?" ਬਾਜ਼ ਨੇ ਪੁਛਿਆ।

"ਪਿੱਛੇ ਅੱਗ ਦੀਆਂ ਲਾਟਾਂ; ਅੱਗੇ ਖਿੜੇ ਟਹਿਕੇ ਫੁਲ!"

"ਪਿੱਛੇ ਚਾਂਦੀ ਦੀ ਸ਼ਾਹੀ ਸੜ ਰਹੀ ਏ, ਤੇ ਸੋਨੇ ਦੀ ਸ਼ਾਹੀ ਵਿਚ ਫੁਲ ਖਿੜ ਰਹੇ ਨੇ ਜਿਥੇ ਜਿੱਥੇ ਸਭ ਤੋਂ ਛੋਟੀ ਭੈਣ ਰਹਿੰਦੀ ਏ। ਅਸੀਂ ਉਹਦੇ ਘਰ ਚਲਾਂਗੇ। ਉਹ ਤੈਨੂੰ ਸੁਗਾਤਾਂ ਪੇਸ਼ ਕਰੇਗੀ ਪਰ ਕੁਝ ਨਾ ਲਵੀਂ। ਸਿਰਫ ਸੋਨੇ ਦੀ ਡੱਬੀ ਮੰਗੀਂ।"

ਬਾਜ਼ ਉਡਦਾ ਗਿਆ, ਉਡਦਾ ਗਿਆ ਤੇ ਅਖੀਰ ਉਹ ਸੋਨੇ ਦੀ ਸ਼ਾਹੀ ਪਹੁੰਚ ਗਿਆ ਜਿਥੇ ਉਹ ਇਕ ਵਾਰ ਫੇਰ ਸੁਣੱਖਾ ਗਭਰੂ ਬਣ ਗਿਆ।

"ਆ ਵੇ, ਮੇਰਿਆ ਹੀਰਿਆ ਵੀਰਾ," ਉਹਦੀ ਭੈਣ ਨੇ ਕਿਹਾ। "ਤੂੰ ਕਿਵੇਂ ਆਇਆ ਏਥੇ? ਤੂੰ ਕਿਥੇ ਰਿਹੈਂ? ਏਨਾ ਚਿਰ ਪ੍ਰਦੇਸੀਂ ਕਿਉਂ ਰਿਹਾ? ਕੀ ਖਾਤਰ ਕਰਾਂ ਮੈਂ ਤੇਰੀ? ਕੀ ਖਾਏਂ ਪੀਏਂਗਾ?"

"ਮੈਨੂੰ ਨਾ ਪੁਛ, ਪਿਆਰੀਏ ਭੈਣੇ, ਮੈਂ ਤਾਂ ਘਰ ਦਾ ਬੰਦਾ ਆਂ। ਏਸ ਨੇਕ ਬੰਦੇ ਨੂੰ ਪੁਛ ਜਿਨ੍ਹੇ ਪੂਰੇ ਤਿੰਨ ਸਾਲ ਮੈਨੂੰ ਰਖਿਆ ਤੇ ਖੁਆਇਆ ਤੇ ਮੈਨੂੰ ਭੁਖਿਆਂ ਨਹੀਂ ਮਰਨ ਦਿੱਤਾ।"

ਉਸ ਨੇ ਉਹਨਾਂ ਨੂੰ ਬਲੂਤ ਦੇ ਮੇਜ਼ ਦੁਆਲੇ ਬਿਠਾਇਆ ਜਿਸ ਤੇ ਸੂਹਣਾ ਜਿਹਾ ਮੇਜ਼ਪੋਸ਼ ਵਿਛਿਆ ਹੋਇਆ ਸੀ ਤੇ ਉਹਨਾਂ ਦੀ ਸ਼ਾਹੀ ਤਰੀਕੇ ਨਾਲ ਖਾਤਰ ਕੀਤੀ। ਫੇਰ ਉਹ ਉਹਨਾਂ ਨੂੰ ਆਪਣੇ ਤਹਿਖਾਨੇ ਵਿਚ ਲੈ ਗਈ। "ਆਹ ਸੋਨਾ, ਚਾਂਦੀ ਤੇ ਹੀਰੇ ਜਵਾਹਰ ਪਏ ਨੀ—ਜੋ ਜੀਅ ਕਰਦਾ ਏ ਚੁਕ ਲੈ।"

"ਮੈਨੂੰ ਕੁਝ ਨਹੀਂ ਚਾਹੀਦਾ," ਵਪਾਰੀ ਨੇ ਆਖਿਆ। "ਮੈਨੂੰ ਤਾਂ ਸਿਰਫ ਸੋਨੇ ਦੀ ਡੱਬੀ ਦੇ ਦਿਓ।"

"ਚੁਕ ਲੈ, ਤੇ ਰੱਬ ਕਰੇ ਇਹ ਤੇਰੀ ਝੋਲੀ ਬਰਕਤਾਂ ਪਾਵੇ," ਭੈਣ ਨੇ ਆਖਿਆ। "ਤੂੰ ਪੂਰੇ ਤਿੰਨ ਵਰ੍ਹੇ ਮੇਰੇ ਭਰਾ ਨੂੰ ਰਖਿਆ ਤੇ ਖਾਣ ਪੀਣ ਨੂੰ ਦਿੱਤਾ ਤੇ ਉਹਨੂੰ ਭੁਖਿਆਂ ਨਹੀਂ ਮਰਨ ਦਿਤਾ। ਆਪਣੇ ਭਰਾ ਦੀ ਖਾਤਰ ਮੈਂ ਕੁਝ ਵੀ ਦੇਣੋਂ ਸੰਕੋਚ ਨਾ ਕਰਾਂ।"

ਸੋ ਵਪਾਰੀ ਕੁਝ ਦਿਨ ਓਥੇ ਰਿਹਾ ਤੇ ਸੋਨੇ ਦੀ ਸ਼ਾਹੀ ਦੀਆਂ ਦਾਅਵਤਾਂ ਖਾਧੀਆਂ। ਅਖੀਰ ਵਿਛੜਨ ਦਾ ਵੇਲਾ ਆ ਗਿਆ।

"ਅਲਵਿਦਾ, ਬਾਜ਼ ਨੇ ਕਿਹਾ, "ਤੇ ਮੇਰੇ ਬਾਰੇ ਕੋਈ ਮੰਦਭਾਵਨਾ ਨਾ ਰਖੀਂ ਤੇ ਯਾਦ ਰਖ: ਜਿੰਨਾ ਚਿਰ ਘਰ ਨਾ ਪਹੁੰਚ ਲਵੇਂ ਏਹ ਡੱਬੀ ਨਾ ਖੋਹਲੀਂ।"

ਵਪਾਰੀ ਘਰ ਨੂੰ ਤੁਰ ਪਿਆ। ਪਤਾ ਨਹੀਂ ਉਸ ਨੇ ਕਿੰਨਾ ਕੁ ਪੈਂਡਾ ਕੀਤਾ ਹੋਵੇ, ਪਰ ਅਖੀਰ ਉਹ ਥੱਕ ਗਿਆ ਤੇ ਉਹਨੇ ਆਰਾਮ ਕਰਨ ਦਾ ਫੈਸਲਾ ਕੀਤਾ। ਉਹ ਇਕ ਚਰਾਂਦ ਵਿਚ ਅਟਕ ਗਿਆ ਜਿਹੜੀ ਕਾਫਰ ਬਾਦਸ਼ਾਹ ਦੇ ਦੇਸ ਵਿਚ ਪੈਂਦੀ ਸੀ। ਬੜਾ ਚਿਰ ਉਹ ਸੋਨੇ ਦੀ ਡੱਬੀ ਵੱਲ ਝਾਕਦਾ ਰਿਹਾ, ਤੇ ਅਖੀਰ ਉਹਦੇ ਕੋਲੋਂ ਰਿਹਾ ਨਾ ਗਿਆ ਤੇ ਉਹਨੇ ਡੱਬੀ ਖੋਹਲ ਲਈ। ਜਿਉਂ ਹੀ ਉਹਨੇ ਡੱਬੀ ਖੋਹਲੀ ਤੇ ਕੀ ਵੇਖਦਾ ਹੈ—ਉਹਦੇ ਸਾਮ੍ਹਣੇ ਇਕ ਵੱਡਾ ਸਾਰਾ ਸ਼ਾਨਦਾਰ ਮਹਿਲ ਖੜਾ ਹੈ ਤੇ ਆਸੇ ਪਾਸੇ ਨੌਕਰ ਚਾਕਰ ਹਨ।

"ਕੀ ਹੁਕਮ ਏ ਤੁਹਾਡਾ? ਕੀ ਇੱਛਾ ਹੈ ਤੁਹਾਡੇ ਦਿਲ ਦੀ?"

ਵਪਾਰੀ ਨੇ ਖਾਣ ਪੀਣ ਨੂੰ ਮੰਗਿਆ ਤੇ ਜਦੋਂ ਉਹ ਖਾ ਪੀ ਕੇ ਵਿਹਲਾ ਹੋਇਆ ਤਾਂ ਉਹ

ਪਤੀ ਪਲ ਸੌਣ ਲਈ ਲੰਮਾ ਪੈ ਗਿਆ।

ਕਾਫਰ ਬਾਦਸ਼ਾਹ ਨੇ ਜਦੋਂ ਇਹ ਸ਼ਾਨਦਾਰ ਮਹਿਲ ਆਪਣੀ ਧਰਤੀ ਤੇ ਖੜਾ ਵੇਖਿਆ ਤਾਂ ਉਹਨੇ ਆਪਣੇ ਦੂਤ ਭੇਜੇ ਤੇ ਉਹਨਾਂ ਨੂੰ ਆਖਿਆ :

"ਜਾਓ ਤੇ ਪਤਾ ਕਰੋ ਕਿ ਕਿਸ ਲੁਚੇ ਨੇ ਮੇਰੀ ਆਗਿਆ ਬਿਨਾਂ ਮੇਰੀ ਧਰਤੀ ਉਤੇ ਇਹ ਮਹਿਲ ਖੜਾ ਕੀਤੈ। ਉਹਨੂੰ ਆਖੋ ਕਿ ਜੇ ਭਲਾ ਚਾਹੁੰਦਾ ਏ ਤਾਂ ਫੌਰਨ ਚਲਾ ਜਾਵੇ!"

ਜਦੋਂ ਵਪਾਰੀ ਨੂੰ ਇਹ ਧਮਕੀ ਭਰਿਆ ਸੁਨੇਹਾ ਮਿਲਿਆ, ਤਾਂ ਉਸ ਨੇ ਆਪਣੇ ਦਿਮਾਗ਼ ਤੇ ਜ਼ੋਰ ਪਾਇਆ ਕਿ ਇਸ ਮਹਿਲ ਨੂੰ ਡੱਬੀ ਵਿਚ ਕਿਵੇਂ ਪਾਉਣਾ ਹੈ। ਉਹ ਸੋਚੀ ਗਿਆ, ਸੋਚੀ ਗਿਆ, ਪਰ ਉਸ ਨੂੰ ਕੁਝ ਸਮਝ ਨਾ ਆਇਆ।

"ਮੈਨੂੰ ਬੜੀ ਖ਼ੁਸ਼ੀ ਹੋਵੇਗੀ ਜਾਕੇ," ਉਸ ਨੇ ਦੂਤਾਂ ਨੂੰ ਆਖਿਆ, "ਪਰ ਮੈਨੂੰ ਸਮਝ ਨਹੀਂ ਆਉਂਦਾ ਕਿ ਜਾਵਾਂ ਕਿਵੇਂ।"

ਦੂਤ ਵਾਪਸ ਮੁੜ ਗਏ ਤੇ ਕਾਫਰ ਬਾਦਸ਼ਾਹ ਨੂੰ ਸਾਰੀ ਗੱਲ ਅੱਖਰ ਅੱਖਰ ਜਾ ਸੁਣਾਈ।

"ਘਰ ਵਿਚ ਜਿਸ ਤੋਂ ਉਹ ਅਣਜਾਣ ਹੈ ਮੈਨੂੰ ਦੇ ਦੇਵੇ," ਬਾਦਸ਼ਾਹ ਨੇ ਆਖਿਆ, "ਮੈਂ ਉਹਦਾ ਮਹਿਲ ਸੋਨੇ ਦੀ ਡੱਬੀ ਵਿਚ ਬੰਦ ਕਰ ਦਿਆਂਗਾ।"

ਕੋਈ ਚਾਰਾ ਨਹੀਂ ਸੀ। ਵਪਾਰੀ ਨੂੰ ਬਾਦਸ਼ਾਹ ਨਾਲ ਇਕਰਾਰ ਕਰਨਾ ਪਿਆ ਕਿ ਘਰ ਵਿਚ ਜਿਸ ਤੋਂ ਉਹ ਅਣਜਾਣ ਹੈ ਉਸ ਨੂੰ ਦੇ ਦੇਵੇਗਾ, ਤੇ ਉਹਨੇ ਇਸ ਗੱਲ ਦੀ ਸਹੁੰ ਖਾਧੀ। ਓਸੇ ਵੇਲੇ ਕਾਫਰ ਬਾਦਸ਼ਾਹ ਨੇ ਮਹਿਲ ਮੁੜਕੇ ਸੋਨੇ ਦੀ ਡੱਬੀ ਵਿਚ ਬੰਦ ਕਰ ਦਿੱਤਾ, ਤੇ ਵਪਾਰੀ ਨੇ ਡੱਬੀ ਫੜੀ ਤੇ ਆਪਣੇ ਰਾਹ ਪਿਆ।

ਪਤਾ ਨਹੀਂ ਉਹਨੂੰ ਘਰ ਪਹੁੰਚਣ ਵਿਚ ਕਿੰਨਾ ਕੁ ਚਿਰ ਲਗਾ, ਪਰ ਅਖੀਰ ਉਹ ਪਹੁੰਚ ਗਿਆ ਤੇ ਉਹਦੀ ਵਹੁਟੀ ਨੇ ਉਹਦਾ ਸਵਾਗਤ ਕੀਤਾ।

"ਜੀ ਆਇਆਂ ਨੂੰ, ਮੇਰੇ ਪਿਆਰੇ!" ਉਹਨੇ ਆਖਿਆ। "ਕਿਥੇ ਭੌਂਦਾ ਰਿਹਾ ਏਂ ਐਨੇ ਦਿਨ।"

"ਮੈਂ ਜਿਥੇ ਵੀ ਸਾਂ ਪਰ ਹੁਣ ਓਥੇ ਨਹੀਂ।"

"ਤੇਰੇ ਪਿਛੋਂ ਰੱਬ ਨੇ ਸਾਨੂੰ ਪੁਤ ਦਿਤਾ ਏ।"

"ਸੋ ਉਹੋ ਆ ਜਿਸ ਤੋਂ ਘਰ ਵਿਚ ਮੈਂ ਅਣਜਾਣ ਆਂ," ਵਪਾਰੀ ਨੇ ਸੋਚਿਆ, ਤੇ ਉਹ ਬੜਾ ਦੁਖੀ ਤੇ ਗ਼ਮਗੀਨ ਹੋ ਗਿਆ।

"ਕੀ ਦੁਖ ਐ ਤੈਨੂੰ? ਘਰ ਆ ਕੇ ਖ਼ੁਸ਼ ਨਹੀਂ ਤੂੰ?" ਉਹਦੀ ਵਹੁਟੀ ਨੇ ਪੁਛਿਆ।

"ਹਾਏ ਨਹੀਂ, ਇਹ ਗੱਲ ਨਹੀਂ," ਵਪਾਰੀ ਨੇ ਆਖਿਆ, ਤੇ ਜੋ ਕੁਝ ਉਹਦੇ ਨਾਲ ਵਾਪਰਿਆ ਸੀ ਸਭ ਕੁਝ ਉਸ ਨੂੰ ਸੁਣਾ ਦਿੱਤਾ।

ਉਹ ਬੜੇ ਦੁਖੀ ਹੋਏ ਤੇ ਰੋਏ ਕੁਰਲਾਏ, ਪਰ ਸਾਲਾਂ ਬੱਧੀ ਤਾਂ ਕੋਈ ਨਹੀਂ ਰੋ ਸਕਦਾ। ਸੋ ਵਪਾਰੀ ਨੇ ਸੋਨੇ ਦੀ ਡੱਬੀ ਖੋਹਲੀ ਤੇ ਉਹਨਾਂ ਦੇ ਸਾਮ੍ਹਣੇ ਇਕ ਵੱਡਾ ਸਾਰਾ ਸ਼ਾਨਦਾਰ ਮਹਿਲ ਖੜਾ ਹੋ ਗਿਆ। ਤੇ ਉਹ ਆਪਣੀ ਵਹੁਟੀ ਤੇ ਆਪਣੇ ਪੁਤਰ ਨਾਲ ਇਹਦੇ ਵਿਚ ਰਹਿਣ ਲਗਾ ਤੇ ਉਹ ਸਾਰੇ ਬੜੇ ਖ਼ੁਸ਼ ਤੇ ਸੁਖੀ ਸਨ।

ਦਸ ਸਾਲ ਤੇ ਕੁਝ ਹੋਰ ਬੀਤ ਗਏ। ਵਪਾਰੀ ਦਾ ਪੁਤਰ ਸਮਝਦਾਰ ਤੇ ਸੁਹਣਾ ਸੁਣੱਖਾ ਗਭਰੂ ਬਣ ਗਿਆ।

ਇਕ ਦਿਨ ਸਵੇਰੇ ਉਹ ਉਦਾਸ ਜਿਹਾ ਉਠਿਆ ਤੇ ਆਪਣੇ ਪਿਓ ਨੂੰ ਆਖਣ ਲੱਗਾ :

"ਬਾਪੂ, ਰਾਤੀਂ ਮੈਨੂੰ ਸੁਫਨਾ ਆਇਆ ਏ ਪਈ ਕਾਫਰ ਬਾਦਸ਼ਾਹ ਨੇ ਮੈਨੂੰ ਪੇਸ਼ ਹੋਣ ਦਾ ਹੁਕਮ ਦਿਤਾ ਏ। ਉਸ ਆਖਿਆ ਕਿ ਅਸੀਂ ਉਹਦੇ ਕੋਲੋਂ ਬੜੀ ਉਡੀਕ ਕਰਵਾਈ ਏ, ਤੇ ਸਾਨੂੰ ਇਹ ਗੱਲ ਯਾਦ ਰਖਣੀ ਚਾਹੀਦੀ ਏ।"

ਉਹਦਾ ਪਿਓ ਤੇ ਉਹਦੀ ਮਾਂ ਰੋਏ ਕੁਰਲਾਏ, ਉਹਨਾਂ ਨੇ ਉਸ ਨੂੰ ਅਸੀਸਾਂ ਦਿੱਤੀਆਂ ਤੇ ਓਪਰੇ ਦੇਸ ਤੋਰ ਦਿੱਤਾ।

ਉਹ ਇਕ ਸੜਕੇ ਪੈ ਗਿਆ ਜਿਹੜੀ ਚੌੜੀ ਤੇ ਸਿੱਧੀ ਸਪਾਟ ਸੀ, ਉਹ ਖੇਤਾਂ ਤੇ ਮੈਦਾਨਾਂ ਵਿਚੋਂ ਲੰਘਦਾ ਗਿਆ ਤੇ ਅਖੀਰ ਉਹ ਇਕ ਉਜਾੜ ਬੀਆਬਾਨ ਵਿਚ ਪਹੁੰਚ ਗਿਆ। ਉਥੇ ਕੁਝ ਨਜ਼ਰ ਨਹੀਂ ਸੀ ਆਉਂਦਾ ਸਿਵਾਏ ਇਕ ਝੁਗੀ ਦੇ ਜਿਸ ਦਾ ਮੱਥਾ ਰੁਖਾਂ ਵੱਲ ਸੀ ਤੇ ਪਿਛਵਾੜਾ ਵਪਾਰੀ ਦੇ ਪੁਤਰ ਇਵਾਨ ਵੱਲ।

"ਨੀਂ ਝੁਗੀਏ, ਨੀਂ ਨਿਕੀਏ ਝੁਗੀਏ, ਆਪਣੀ ਪਿੱਠ ਰੁਖਾਂ ਵੱਲ ਕਰ ਲੈ ਤੇ ਆਪਣਾ ਮੂੰਹ ਮੇਰੇ ਵੱਲ!" ਉਹਨੇ ਆਖਿਆ।

ਝੁੱਗੀ ਨੇ ਉਹਦੀ ਗੱਲ ਮੰਨ ਲਈ ਤੇ ਪਿਠ ਰੁਖਾਂ ਵੱਲ ਕਰ ਲਈ ਤੇ ਆਪਣਾ ਮੂੰਹ ਉਹਦੇ ਵੱਲ।

ਵਪਾਰੀ ਦਾ ਪੁਤਰ, ਇਵਾਨ, ਝੁੱਗੀ ਦੇ ਅੰਦਰ ਚਲਾ ਗਿਆ ਤੇ ਉਥੇ ਬਾਬਾ-ਯਾਗਾ ਬੈਠੀ ਸੀ। ਜਾਦੂਗਰਨੀ ਜਿਸ ਦੇ ਹੱਥ ਵਿਚ ਮਾਂਜਾ ਤੇ ਛੜੀ, ਖੁੰਢ ਵਰਗੇ ਨੱਕ ਵਾਲੀ ਡੈਣ, ਹਡਲ ਬੁਢੜੀ। ਬਾਬਾ-ਯਾਗਾ ਨੇ ਉਹਨੂੰ ਵੇਖਿਆ ਤੇ ਬੋਲੀ :

"ਵਾਹ, ਵਾਹ, ਰੂਸੀ ਲਹੂ, ਪਹਿਲਾਂ ਮੈਨੂੰ ਕਦੇ ਨਾ ਮਿਲਿਆ, ਹੁਣ ਮੇਰੇ ਦਰ ਤੇ ਆ ਖੜਿਆ। ਕੌਣ ਏਂ? ਕਿਥੋਂ ਏਂ? ਕਿਧਰ ਨੂੰ?"

"ਨੀਂ, ਬੁਢੀਏ ਜਾਦੂਗਰਨੀਏ! ਏਹ ਤਰੀਕਾ ਏ ਤੇਰਾ ਰਾਹੀ ਮੁਸਾਫਰਾਂ ਦਾ ਸਵਾਗਤ ਕਰਨ ਦਾ। ਮਾਸ ਸ਼ਰਾਬ ਦੀ ਥਾਂ ਤੇ ਸਵਾਲ ਹੀ ਸਵਾਲ?"

ਬਾਬਾ-ਯਾਗਾ ਨੇ ਮੇਜ਼ ਉਤੇ ਖਾਣ ਪੀਣ ਦੀਆਂ ਚੀਜ਼ਾਂ ਟਿਕਾ ਦਿੱਤੀਆਂ, ਤੇ ਜਦੋਂ ਉਹਨੇ ਖਾ ਪੀ ਲਿਆ ਤੇ ਉਸ ਨੂੰ ਸੁਆ ਦਿੱਤਾ। ਅਗਲੀ ਸਵੇਰ ਉਹ ਵੇਲੇ ਸਿਰ ਉਠੀ ਤੇ ਫੇਰ ਸਵਾਲਾਂ

ਦਾ ਮੀਂਹ ਵਰ੍ਹਾ ਦਿੱਤਾ। ਵਪਾਰੀ ਦੇ ਪੁਤਰ, ਇਵਾਨ, ਨੇ ਉਹਨੂੰ ਅਲਫੋਂ ਯੇ ਤੱਕ ਸਭ ਕੁਝ ਦੱਸ ਦਿੱਤਾ ਤੇ ਫੇਰ ਆਖਿਆ:

"ਬੇਬੇ, ਦਸ ਮੈਂ ਕਾਫਰ ਬਾਦਸ਼ਾਹ ਕੋਲ ਕਿਵੇਂ ਪਹੁੰਚਾਂ।"

"ਚੰਗੇ ਭਾਗੀਂ ਤੂੰ ਏਸ ਪਾਸੇ ਆ ਗਿਆ ਏਂ। ਜੇ ਤੂੰ ਏਧਰ ਨਾ ਆਇਆ ਹੁੰਦਾ, ਤਾਂ ਤੂੰ ਮੌਤ ਦੇ ਮੂੰਹ ਜਾ ਪੈਣਾ ਸੀ। ਕਾਫਰ ਬਾਦਸ਼ਾਹ ਤੇਰੇ ਨਾਲ ਨਾਰਾਜ਼ ਏ ਕਿ ਤੂੰ ਦੇਰ ਕਰ ਦਿੱਤੀ ਏ। ਏਸੇ ਰਾਹ ਤੁਰਿਆ ਜਾ ਤੇ ਅਖੀਰ ਤੂੰ ਇਕ ਤਲਾਅ ਤੇ ਪਹੁੰਚ ਜਾਵੇਂਗਾ। ਏਥੇ ਇਕ ਰੁਖ ਓਹਲੇ ਲੁਕ ਜਾਵੀਂ ਤੇ ਮੌਕੇ ਦੀ ਤਾੜ ਵਿੱਚ ਰਹੀਂ। ਤਿੰਨ ਘੁੱਗੀਆਂ, ਤਿੰਨ ਸੁਹਣੀਆਂ ਮੁਟਿਆਰਾਂ, ਤਿੰਨੇ ਬਾਦਸ਼ਾਹ ਦੀਆਂ ਧੀਆਂ, ਉਡਦੀਆਂ ਏਥੇ ਆਉਣਗੀਆਂ। ਉਹ ਆਪਣੇ ਪਰ ਖੋਹਲ ਦੇਣਗੀਆਂ; ਆਪਣੇ ਕਪੜੇ ਲਾਹੁਣਗੀਆਂ ਤੇ ਤਲਾਅ ਵਿਚ ਨਹਾਉਣਗੀਆਂ। ਇਕ ਦੇ ਖੰਭ ਚਿਤਰ ਮਿਤਰੇ ਹੋਣਗੇ। ਮੌਕਾ ਤਾੜਦਾ ਰਹੀਂ ਤੇ ਇਹ ਖੰਭ ਚੁਕ ਲਵੀਂ, ਤੇ ਓਨਾ ਚਿਰ ਉਸ ਨੂੰ ਨਾ ਦੇਵੀਂ ਜਿੰਨਾ ਚਿਰ ਉਹ ਤੇਰੇ ਨਾਲ ਵਿਆਹ ਕਰਾਉਣ ਦਾ ਇਕਰਾਰ ਨਾ ਕਰੇ। ਫੇਰ ਸਭ ਕੁਝ ਠੀਕ ਠਾਕ ਹੋ ਜਾਵੇਗਾ।"

ਵਪਾਰੀ ਦੇ ਪੁਤਰ, ਇਵਾਨ, ਨੇ ਬਾਬਾ-ਯਾਗਾ ਕੋਲੋਂ ਵਿਦਾ ਲਈ ਤੇ ਓਸੇ ਰਾਹ ਪੈ ਗਿਆ ਜਿਹੜਾ ਉਹਨੂੰ ਦਸਿਆ ਗਿਆ ਸੀ।

ਉਹ ਤੁਰਦਾ ਗਿਆ, ਤੁਰਦਾ ਗਿਆ ਤੇ ਅਖੀਰ ਉਹ ਇਕ ਤਲਾਅ ਤੇ ਆ ਗਿਆ ਤੇ ਇਕ ਪਤਰਾਲੇ ਰੁੱਖ ਦੇ ਓਹਲੇ ਲੁਕ ਗਿਆ। ਥੋੜੇ ਚਿਰ ਮਗਰੋਂ ਤਿੰਨ ਘੁੱਗੀਆਂ ਭੁੰਜੇ ਆ ਲੱਥੀਆਂ ਜਿਨ੍ਹਾਂ ਵਿਚੋਂ ਇਕ ਦੇ ਖੰਭ ਚਿਤਰ ਮਿਤਰੇ ਸਨ ਤੇ ਹੇਠਾਂ ਲਹਿਕੇ ਉਹਨਾਂ ਨੇ ਖ਼ੂਬਸੂਰਤ ਮੁਟਿਆਰਾਂ ਦਾ ਰੂਪ ਧਾਰ ਲਿਆ। ਪਹਿਲਾਂ ਉਹਨਾਂ ਨੇ ਆਪਣੇ ਪਰ ਲਾਹੇ, ਫੇਰ ਉਹਨਾਂ ਨੇ ਆਪਣੇ ਕਪੜੇ ਲਾਹੇ ਤੇ ਨਹਾਉਣ ਲਗ ਪਈਆਂ। ਵਪਾਰੀ ਦੇ ਪੁਤਰ, ਇਵਾਨ, ਨੇ ਉਸ ਤਰ੍ਹਾਂ ਹੀ ਕੀਤਾ ਜਿਸ ਤਰ੍ਹਾਂ ਉਹਨੂੰ ਦਸਿਆ ਗਿਆ ਸੀ। ਉਹ ਹੌਲੀ ਹੌਲੀ ਸਰਕਦਾ ਅਗਾਂਹ ਗਿਆ ਤੇ ਚਿਤਰ ਮਿਤਰੇ ਖੰਭ ਚੁਕ ਲਏ। ਫੇਰ ਉਹ ਬੈਠਾ ਉਡੀਕਦਾ ਰਿਹਾ ਕਿ ਅੱਗੋਂ ਕੀ ਹੁੰਦਾ ਹੈ। ਸੁੰਦਰ ਮੁਟਿਆਰਾਂ ਨਹਾਉਣੋਂ ਹਟੀਆਂ ਤੇ ਪਾਣੀ ਵਿਚੋਂ ਬਾਹਰ ਆ ਗਈਆਂ। ਦੋ ਜਣੀਆਂ ਨੇ ਆਪਣੇ ਕਪੜੇ ਪਾ ਲਏ ਤੇ ਆਪਣੇ ਖੰਭ ਲਾ ਲਏ ਤੇ ਘੁੱਗੀਆਂ ਬਣਕੇ ਉਡ ਗਈਆਂ, ਪਰ ਤੀਜੀ ਆਪਣੇ ਗੁਆਚੇ ਖੰਭ ਲਭਦੀ ਪਿਛੇ ਰਹਿ ਗਈ।

ਉਹ ਲਭਦੀ ਰਹੀ, ਲਭਦੀ ਰਹੀ ਤੇ ਨਾਲੋ ਨਾਲ ਕਹਿੰਦੀ ਰਹੀ:

"ਮੇਰੇ ਖੰਭ ਕਿਸ ਨੇ ਲਏ? ਬੋਲ ਪਵੇ। ਜੇ ਤੂੰ ਬੁਢਾ ਏਂ ਤਾਂ ਮੇਰਾ ਪਿਓ ਬਣੇਂਗਾ; ਜੇ ਤੂੰ ਅਧਖੜ ਏਂ ਤਾਂ ਮੇਰਾ ਚਾਚਾ ਬਣੇਂਗਾ; ਜੇ ਸੁਹਣਾ ਤੇ ਜਵਾਨ ਏਂ, ਤਾਂ ਮੇਰਾ ਪਤੀ ਬਣੇਂਗਾ।"

ਵਪਾਰੀ ਦਾ ਪੁਤਰ, ਇਵਾਨ, ਰੁੱਖ ਓਹਲਿਓਂ ਨਿਕਲ ਆਇਆ।

"ਲੈ ਫੜ ਆਪਣੇ ਖੰਭ!" ਉਹਨੇ ਆਖਿਆ।

"ਦਸ ਮੇਰਿਆ ਮੰਗੇਤਰਾ, ਤੇਰੇ ਸਾਕ ਸੰਬੰਧੀ ਕੌਣ ਨੇ ਤੇ ਤੂੰ ਜਾ ਕਿਧਰ ਨੂੰ ਰਿਹਾ ਏ?"

"ਮੈਂ ਵਪਾਰੀ ਦਾ ਪੁਤਰ, ਇਵਾਨ, ਆਂ ਤੇ ਮੈਂ ਤੇਰੇ ਪਿਤਾ, ਕਾਫਰ ਬਾਦਸ਼ਾਹ ਨੂੰ ਮਿਲਣ ਚਲਿਆਂ।"

"ਤੇ ਮੇਰਾ ਨਾਂ ਏ ਚਤਰ-ਸੁਜਾਨ ਵਸਿਲੀਸਾ," ਉਹਨੇ ਦਸਿਆ।

ਇਹ ਚਤਰ-ਸੁਜਾਨ ਵਸਿਲੀਸਾ ਬਾਦਸ਼ਾਹ ਦੀ ਸਭ ਤੋਂ ਲਾਡਲੀ ਧੀ ਸੀ, ਤੇ ਉਹ ਜਿੱਨੀ ਸੁਹਣੀ ਸੀ ਓਨੀ ਹੀ ਚਲਾਕ ਵੀ ਸੀ। ਉਸ ਨੇ ਆਪਣੇ ਮੰਗੇਤਰ ਨੂੰ ਦਸਿਆ ਕਿ ਕਾਫਰ ਬਾਦਸ਼ਾਹ ਕੋਲ ਕਿਵੇਂ ਜਾਣਾ ਏ, ਤੇ ਫੇਰ ਉਹਨੇ ਘੁਗੀ ਦਾ ਰੂਪ ਧਾਰਿਆ ਤੇ ਆਪਣੀਆਂ ਭੈਣਾਂ ਦੇ ਮਗਰ ਉਡ ਗਈ।

ਵਪਾਰੀ ਦਾ ਪੁਤਰ, ਇਵਾਨ, ਮਹਿਲਾਂ ਵਿਚ ਆਇਆ ਤਾਂ ਕਾਫਰ ਬਾਦਸ਼ਾਹ ਨੇ ਉਹਨੂੰ ਰਸੋਈਏ ਨਾਲ ਕੰਮ ਲਾ ਦਿੱਤਾ। ਉਹ ਲਕੜਾਂ ਪਾੜੇ ਤੇ ਪਾਣੀ ਲਿਆਵੇ। ਨਲੀਚੋਚੋ ਰਸੋਈਏ ਨੂੰ ਉਹਦੇ ਨਾਲ ਨਫਰਤ ਹੋ ਗਈ ਤੇ ਉਸ ਨੇ ਬਾਦਸ਼ਾਹ ਨੂੰ ਉਹਦੇ ਬਾਰੇ ਝੂਠੀਆਂ ਸੱਚੀਆਂ ਸੁਣਾਉਣੀਆਂ ਸ਼ੁਰੂ ਕਰ ਦਿੱਤੀਆਂ।

"ਹਜ਼ੂਰ," ਨਲੀਚੋਚੋ ਨੇ ਆਖਿਆ, "ਵਪਾਰੀ ਦਾ ਪੁਤਰ ਇਵਾਨ ਫੜਾਂ ਮਾਰਦਾ ਏ ਕਿ ਉਹ ਇਕੋ ਰਾਤ ਵਿਚ ਹੀ ਪੂਰਾ ਜੰਗਲ ਵਢ ਕੇ, ਲਕੜਾਂ ਦਾ ਢੇਰ ਲਾਕੇ, ਜ਼ਮੀਨ ਵਾਹ ਕੇ, ਏਹਦੇ ਵਿਚ ਕਣਕ ਬੀਜ ਕੇ, ਕਣਕ ਵੱਢ, ਗਾਹ ਤੇ ਪੀਹ ਕੇ, ਹਜ਼ੂਰ ਦੇ ਛਾਹਵੇਲੇ ਲਈ ਇਸ ਦੇ ਪੂੜੇ ਬਣਾ ਸਕਦੈ।"

"ਬੜੀ ਚੰਗੀ ਗੱਲ ਏ," ਬਾਦਸ਼ਾਹ ਨੇ ਆਖਿਆ, "ਉਹਨੂੰ ਮੇਰੇ ਪੇਸ਼ ਕਰੋ।"

ਵਪਾਰੀ ਦਾ ਪੁਤਰ, ਇਵਾਨ, ਬਾਦਸ਼ਾਹ ਅੱਗੇ ਪੇਸ਼ ਹੋਇਆ।

"ਏਹ ਕੀ ਫੜਾਂ ਸੁਣਦਾ ਪਿਆਂ ਮੈਂ ਤੇਰੀਆਂ—ਕਿ ਤੂੰ ਇਕੋ ਰਾਤ ਵਿਚ ਜੰਗਲ ਵੱਢ ਕੇ, ਲਕੜਾਂ ਦਾ ਢੇਰ ਲਾਕੇ, ਜ਼ਮੀਨ ਵਾਹ ਕੇ, ਇਹਦੇ ਵਿਚ ਕਣਕ ਬੀਜ ਕੇ, ਕਣਕ ਵਢ, ਗਾਹ ਤੇ ਪੀਹਕੇ, ਮੇਰੇ ਸ਼ਾਹੀ ਨਾਸ਼ਤੇ ਲਈ ਪੂੜੇ ਬਣਾ ਸਕਦਾ ਏਂ। ਸੁਣ ਲੈ ਹੁਣ, ਭਲਕ ਤੱਕ ਤੂੰ ਇਹ ਸਭ ਕੁਝ ਕਰਨਾ ਹੋਵੇਗਾ।"

ਵਪਾਰੀ ਦੇ ਪੁਤਰ, ਇਵਾਨ, ਨੇ ਆਖਿਆ ਕਿ ਉਹਨੇ ਕੋਈ ਐਸੀ ਫੜ ਨਹੀਂ ਮਾਰੀ ਪਰ ਉਹਦੀ ਕਿਸੇ ਨਾ ਸੁਣੀ। ਹੁਕਮ ਦੇ ਦਿੱਤਾ ਗਿਆ ਸੀ ਤੇ ਹੁਕਮ ਦੀ ਪਾਲਣਾ ਹੋਣੀ ਲਾਜ਼ਮੀ ਸੀ। ਉਹ ਆਪਣਾ ਸੁਹਣਾ ਜਿਹਾ ਮੂੰਹ ਲਟਕਾਈ ਬਾਦਸ਼ਾਹ ਕੋਲੋਂ ਆ ਗਿਆ। ਬਾਦਸ਼ਾਹ ਦੀ ਧੀ, ਚਤਰ-ਸੁਜਾਨ ਵਸਿਲੀਸਾ, ਨੇ ਉਹਨੂੰ ਵੇਖਿਆ ਤੇ ਪੁਛਿਆ:

"ਤੂੰ ਉਦਾਸ ਕਿਉਂ ਏਂ?"

"ਤੈਨੂੰ ਕਿਉਂ ਦਸਾਂ ਮੈਂ? ਤੂੰ ਮੇਰੀ ਮਦਦ ਨਹੀਂ ਕਰ ਸਕਦੀ।"

"ਸ਼ਾਇਦ ਕਰ ਸਕਾਂ।"

ਸੋ ਵਪਾਰੀ ਦੇ ਪੁਤਰ, ਇਵਾਨ, ਨੇ ਉਹਨੂੰ ਦਸਿਆ ਕਿ ਕਾਫਰ ਬਾਦਸ਼ਾਹ ਨੇ ਉਹਨੂੰ ਕਿਹੜਾ ਕੰਮ ਕਰਨ ਦਾ ਹੁਕਮ ਦਿਤਾ ਸੀ।

"ਹੂੰ. ਇਹ ਮਾਮੂਲੀ ਜਿਹਾ ਕੰਮ ਏ। ਅਸਲੀ ਕੰਮ ਤਾਂ ਅਜੇ ਪੈਣਾ ਏ। ਜਾ ਸੌਂ ਜਾ ਕੇ, ਸਵੇਰੇ ਵੇਖੀ ਜਾਊ।"

ਅੱਧੀ ਰਾਤ ਹੋਈ ਤਾਂ ਚਤਰ-ਸੁਜਾਨ ਵਸਿਲੀਸਾ ਮਹਿਲ ਦੀਆਂ ਬਰੂਹਾਂ ਦੀਆਂ ਪੌੜੀਆਂ ਤੇ ਆਈ ਤੇ ਉੱਚੀ ਸਾਰੀ ਇਕ ਵਾਜ ਮਾਰੀ। ਇਕ ਮਿੰਟ ਵਿਚ ਸਭ ਪਾਸਿਆਂ ਤੋਂ ਕਿਸਾਨ ਵਹੀਰਾਂ ਘੱਤ ਕੇ ਆ ਗਏ। ਉਹਨਾਂ ਦਾ ਕੋਈ ਅੰਤ ਨਹੀਂ ਸੀ। ਕੁਝ ਰੁਖ ਵਢਣ ਲਗ ਪਏ, ਕੁਝ ਮੁਢੀਆਂ ਪੁਟਣ ਲਗ ਪਏ, ਤੇ ਕਈਆਂ ਨੇ ਹਲ ਵਾਹੁਣਾ ਸ਼ੁਰੂ ਕਰ ਦਿੱਤਾ। ਇਕ ਪਾਸੇ ਉਹਨਾਂ ਬਿਜਾਈ ਕੀਤੀ. ਦੂਜੇ ਪਾਸੇ ਉਹ ਵਾਢੀ ਤੇ ਗਹਾਈ ਵੀ ਕਰਨ ਲਗ ਪਏ। ਮੱਖੀਆਂ ਦੇ ਛੱਤੇ ਵਾਂਗ ਸਭ ਪਾਸੇ ਭੀਂ ਭੀਂ ਹੋ ਰਹੀ ਸੀ, ਤੇ ਦਿਨ ਚੜ੍ਹਦੇ ਤੱਕ ਕਣਕ ਪੀਸੀ ਗਈ ਸੀ ਤੇ ਪੂੜੇ ਪੱਕ ਗਏ ਸਨ। ਵਪਾਰੀ ਦਾ ਪੁਤਰ, ਇਵਾਨ, ਪੂੜਿਆਂ ਨੂੰ ਕਾਫਰ ਬਾਦਸ਼ਾਹ ਕੋਲ ਉਹਦੇ ਨਾਸ਼ਤੇ ਵਾਸਤੇ ਲੈ ਗਿਆ।

"ਸ਼ਾਬਾਸ਼," ਬਾਦਸ਼ਾਹ ਨੇ ਆਖਿਆ ਤੇ ਹੁਕਮ ਦਿਤਾ ਕਿ ਸ਼ਾਹੀ ਖਜ਼ਾਨੇ ਵਿਚੋਂ ਉਸ ਨੂੰ ਇਨਾਮ ਦਿੱਤਾ ਜਾਏ।

ਨਲੀਚੋਚੋ ਰਸੋਈਆ ਵਪਾਰੀ ਦੇ ਪੁਤਰ, ਇਵਾਨ, ਨਾਲ ਪਹਿਲਾਂ ਤੋਂ ਵੀ ਬਹੁਤਾ ਗੁੱਸੇ ਹੋ ਗਿਆ ਤੇ ਉਸ ਨੇ ਬਾਦਸ਼ਾਹ ਨੂੰ ਹੋਰ ਝੂਠੀਆਂ ਸੱਚੀਆਂ ਸੁਣਾਈਆਂ।

"ਹਜ਼ੂਰ," ਉਹਨੇ ਜਾ ਆਖਿਆ, "ਵਪਾਰੀ ਦਾ ਪੁਤਰ, ਇਵਾਨ, ਫੜਾਂ ਮਾਰਦਾ ਏ ਕਿ ਉਹ ਰਾਤੋ ਰਾਤ ਇਕ ਉਡਣ ਖਟੋਲਾ ਬਣਾ ਸਕਦਾ ਏ ਜਿਹੜਾ ਅਸਮਾਨਾਂ ਵਿਚ ਉਡਦਾ ਫਿਰੇ।"

"ਬੜੀ ਚੰਗੀ ਗੱਲ ਏ, ਉਹਨੂੰ ਮੇਰੇ ਪੇਸ਼ ਕਰੋ!"

ਵਪਾਰੀ ਦਾ ਪੁਤਰ, ਇਵਾਨ, ਪੇਸ਼ ਹੋਇਆ।

"ਮੈਂ ਸੁਣਿਐ ਤੂੰ ਮੇਰੇ ਨੌਕਰਾਂ ਕੋਲ ਫੜਾਂ ਮਾਰਦਾ ਏਂ ਕਿ ਤੂੰ ਰਾਤੋ ਰਾਤ ਇਕ ਅਜਬ ਉਡਣ ਖਟੋਲਾ ਬਣਾ ਸਕਦਾ ਏਂ ਜਿਹੜਾ ਅਸਮਾਨਾਂ ਵਿਚ ਉਡਦਾ ਫਿਰੇ, ਪਰ ਤੂੰ ਮੈਥੋਂ ਇਹ ਗੱਲ ਲੁਕਾਈ ਰੱਖੀ। ਸੁਣ ਲੈ ਹੁਣ, ਸਵੇਰ ਤੱਕ ਇਕ ਉਡਣ ਖਟੋਲਾ ਤਿਆਰ ਕਰਨਾ ਹੋਵੇਗਾ!"

ਵਪਾਰੀ ਦਾ ਪੁਤਰ, ਇਵਾਨ, ਰੋਮ ਰੋਮ ਉਦਾਸ ਹੋ ਗਿਆ। ਜਦੋਂ ਚਤਰ-ਸੁਜਾਨ ਵਸਿਲੀਸਾ ਨੇ ਉਹਨੂੰ ਵੇਖਿਆ, ਤਾਂ ਪੁਛਣ ਲਗੀ:

"ਕੀ ਦੁਖ ਐ ਤੈਨੂੰ, ਤੂੰ ਏਡਾ ਉਦਾਸ ਕਿਉਂ ਏਂ?"

"ਮੈਂ ਉਦਾਸ ਕਿਵੇਂ ਨਾ ਹੋਵਾਂ ਜਦੋਂ ਕਾਫਰ ਬਾਦਸ਼ਾਹ ਨੇ ਮੈਨੂੰ ਰਾਤੋ ਰਾਤ ਉਡਣ ਖਟੋਲਾ ਬਣਾਉਣ ਦਾ ਹੁਕਮ ਦਿੱਤਾ ਏ?"

"ਹੂੰ, ਇਹ ਮਾਮੂਲੀ ਕੰਮ ਏ। ਅਸਲ ਕੰਮ ਤਾਂ ਅਜੇ ਪੈਣਾ ਏ। ਜਾ ਸੌਂ ਜਾ ਕੇ, ਸਵੇਰੇ ਵੇਖੀ ਜਾਊ।"

ਅੱਧੀ ਰਾਤ ਨੂੰ ਚਤਰ-ਸੁਜਾਨ ਵਸਿਲੀਸਾ ਮਹਿਲ ਦੀਆਂ ਬਰੂਹਾਂ ਦੀਆਂ ਪੌੜੀਆਂ ਤੇ ਗਈ ਤੇ ਉੱਚੀ ਸਾਰੀ ਵਾਜ ਮਾਰੀ। ਇਕ ਮਿੰਟ ਵਿਚ ਸਭ ਪਾਸਿਆਂ ਤੋਂ ਤਰਖਾਣ ਵਹੀਰਾਂ ਘੱਤ ਕੇ ਆ ਗਏ। ਉਹ ਆਪਣੇ ਰੰਦਿਆਂ, ਤੇਸਿਆਂ, ਕੁਹਾੜਿਆਂ ਨਾਲ ਕੰਮ ਜੁਟ ਪਏ, ਸਭ ਕੰਮ ਫੁਰਤੀ ਨਾਲ ਹੁੰਦੇ ਗਏ ਤੇ ਸਵੇਰ ਤੱਕ ਸਭ ਕੁਝ ਤਿਆਰ ਸੀ।

"ਸ਼ਾਬਾਸ਼," ਬਾਦਸ਼ਾਹ ਨੇ ਵਪਾਰੀ ਦੇ ਪੁਤਰ, ਇਵਾਨ, ਨੂੰ ਆਖਿਆ। "ਆਓ ਹੁਣ ਆਪਾਂ ਇਸ ਤੇ ਹੂਟੇ ਲਈਏ।"

ਉਹ ਉਡਣ ਖਟੋਲੇ ਵਿਚ ਬਹਿ ਗਏ, ਨਲੀਚੋਚੋ ਰਸੋਈਏ ਨੂੰ ਵੀ ਉਹਨਾਂ ਨਾਲ ਬਿਠਾ ਲਿਆ, ਤੇ ਅਸਮਾਨਾਂ ਵਿਚ ਉਡਣ ਲਗੇ। ਜਦੋਂ ਉਹ ਉਸ ਵਾੜੇ ਉਤੋਂ ਦੀ ਉਡਕੇ ਲੰਘੇ ਜਿਥੇ ਬਾਦਸ਼ਾਹ ਨੇ ਆਪਣੇ ਜੰਗਲੀ ਜਾਨਵਰ ਰਖੇ ਹੋਏ ਸਨ, ਰਸੋਈਏ ਨੇ ਹੇਠਾਂ ਝੁਕ ਕੇ ਵੇਖਿਆ, ਤੇ ਵਪਾਰੀ ਦੇ ਪੁਤਰ, ਇਵਾਨ, ਨੇ ਉਸ ਨੂੰ ਧੱਕਾ ਦੇ ਦਿੱਤਾ। ਅੱਖ ਪਲਕਾਰੇ ਵਿਚ ਜੰਗਲੀ ਜਾਨਵਰਾਂ ਨੇ ਉਸ ਨੂੰ ਬੋਟੀ ਬੋਟੀ ਕਰ ਸੁਟਿਆ।

"ਓਹ," ਵਪਾਰੀ ਦਾ ਪੁਤਰ, ਇਵਾਨ, ਕੂਕਿਆ, "ਨਲੀਚੋਚੋ ਹੇਠਾਂ ਡਿੱਗ ਪਿਆ!"

"ਚੰਗਾ ਹੋਇਆ!" ਬਾਦਸ਼ਾਹ ਨੇ ਕਿਹਾ। "ਕੁੱਤਾ ਬਣ ਕੇ ਜੀਵਿਆ ਤੇ ਕੁੱਤੇ ਦੀ ਮੌਤ ਮਰਿਆ!"

ਉਹ ਵਾਪਸ ਮਹਿਲੀਂ ਆ ਗਏ।

"ਤੂੰ ਹੁਸ਼ਿਆਰ ਏਂ, ਵਪਾਰੀ ਦੇ ਪੁਤਰ, ਇਵਾਨ," ਬਾਦਸ਼ਾਹ ਨੇ ਆਖਿਆ, "ਸੋ ਤੇਰੇ ਵਾਸਤੇ ਇਕ ਹੋਰ, ਤੀਜਾ, ਕੰਮ ਏ। ਇਕ ਅਥਰੇ ਘੋੜੇ ਨੂੰ ਸਿਧਾ ਦੇ। ਜੇ ਤੂੰ ਉਸ ਨੂੰ ਸਿਧਾ ਲਿਆ, ਮੈਂ ਆਪਣੀ ਧੀ ਨਾਲ ਤੇਰਾ ਵਿਆਹ ਕਰ ਦਿਆਂਗਾ।"

"ਇਹ ਸੌਖਾ ਕੰਮ ਏ," ਵਪਾਰੀ ਦੇ ਪੁਤਰ, ਇਵਾਨ, ਨੇ ਸੋਚਿਆ ਅਤੇ ਖੁਸ਼ ਖੁਸ਼ ਚਲਾ ਗਿਆ।

ਚਤਰ-ਸੁਜਾਨ ਵਸਿਲੀਸਾ ਨੇ ਉਹਨੂੰ ਵੇਖ ਲਿਆ, ਉਹਨੂੰ ਸਾਰੀ ਗੱਲ ਪੁਛੀ ਤੇ ਆਖਿਆ:

"ਤੂੰ ਬੜਾ ਮੂਰਖ ਏਂ ਇਵਾਨ, ਵਪਾਰੀ ਦਿਆ ਪੁਤਰਾ। ਐਤਕੀਂ ਤੇਰਾ ਕੰਮ ਔਖਾ ਏ, ਬਹੁਤ ਹੀ ਔਖਾ, ਕਿਉਂਕਿ ਉਹ ਘੋੜਾ ਤਾਂ ਬਾਦਸ਼ਾਹ ਆਪ ਏ। ਉਹਨੇ ਤੈਨੂੰ ਅਸਮਾਨਾਂ ਵਿਚ ਸਥਿਰ ਜੰਗਲਾਂ ਤੋਂ ਉਤੇ ਤੇ ਤਰਦੇ ਬਦਲਾਂ ਤੋਂ ਹੇਠਾਂ ਘੁਮਾਈ ਫਿਰਨਾ ਏ, ਤੇ ਤੇਰੀਆਂ ਹੱਡੀਆਂ ਇੱਟਾਂ

ਰੋੜਿਆਂ ਵਾਂਗ ਮੈਦਾਨ ਵਿਚ ਖਿੰਡਾ ਦੇਣੀਆਂ ਨੇ। ਫੌਰਨ ਲੁਹਾਰ ਕੋਲ ਚਲਾ ਜਾ ਤੇ ਉਹਨੂੰ ਆਖ ਕਿ ਤੈਨੂੰ ਤਿੰਨ ਪੂਡ ਭਾਰਾ ਵਦਾਨ ਬਣਾ ਦੇਵੇ, ਤੇ ਜਦੋਂ ਤੂੰ ਘੋੜੇ ਉਤੇ ਚੜ੍ਹ ਜਾਏਂ ਤਾਂ ਜੰਮ ਕੇ ਬੈਠੀਂ ਤੇ ਉਹਨੂੰ ਕਾਬੂ ਵਿਚ ਰਖਣ ਲਈ ਉਹਦੇ ਸਿਰ ਉਤੇ ਵਦਾਨ ਮਾਰਦਾ ਰਹੀਂ।"

ਅਗਲੇ ਦਿਨ ਸਈਸਾਂ ਨੇ ਇਕ ਅਣਸਿਧਾਇਆ ਘੋੜਾ ਅਸਤਬਲ ਵਿਚੋਂ ਲਿਆਂਦਾ। ਬੜੀ ਮੁਸ਼ਕਲ ਨਾਲ ਉਹਨਾਂ ਨੇ ਉਸ ਨੂੰ ਫੜਿਆ ਹੋਇਆ ਸੀ। ਕਿੰਨੇ ਜ਼ੋਰ ਜ਼ੋਰ ਦੀ ਉਹ ਫਰਾਟੇ ਤੇ ਪਛੰਡੇ ਮਾਰਦਾ ਸੀ! ਵਪਾਰੀ ਦੇ ਪੁਤਰ ਇਵਾਨ ਦੀ ਘੋੜੇ ਤੇ ਬਹਿਣ ਦੀ ਦੇਰ ਸੀ ਕਿ ਉਹ ਉਸ ਨੂੰ ਸ਼ੂੰ ਕਰਕੇ ਸਥਿਰ ਜੰਗਲਾਂ ਦੇ ਉਤੇ ਤੇ ਤਰਦੇ ਬਦਲਾਂ ਦੇ ਹੇਠਾਂ ਅਸਮਾਨ ਵਿਚ ਲੈ ਗਿਆ, ਤੇ ਹਵਾ ਨਾਲੋਂ ਵੀ ਤੇਜ਼ ਉਡਣ ਲੱਗਾ। ਸਵਾਰ ਜੰਮ ਕੇ ਬਹਿ ਗਿਆ ਤੇ ਘੋੜੇ ਦੇ ਸਿਰ ਵਿਚ ਵਦਾਨ ਦੀਆਂ ਸੱਟਾਂ ਮਾਰਦਾ ਗਿਆ। ਅਖੀਰ ਹਫਿਆ ਹੋਇਆ ਘੋੜਾ ਹੇਠਾਂ ਹਰੀ ਭਰੀ ਜ਼ਮੀਨ ਤੇ ਆ ਗਿਆ। ਵਪਾਰੀ ਦੇ ਪੁਤਰ ਇਵਾਨ ਨੇ ਘੋੜਾ ਸਈਸਾਂ ਦੇ ਹਵਾਲੇ ਕੀਤਾ, ਸਾਹ ਲਿਆ ਤੇ ਫੇਰ ਮਹਿਲੀਂ ਚਲਾ ਗਿਆ। ਕਾਫਰ ਬਾਦਸ਼ਾਹ ਨੇ ਆਪਣਾ ਸਿਰ ਬੰਨ੍ਹਿਆ ਹੋਇਆ ਸੀ।

"ਮੈਂ ਘੋੜਾ ਸਿਧਾ ਦਿੱਤਾ ਏ, ਹਜ਼ੂਰ!"

"ਚੰਗਾ ਕੀਤਾ, ਭਲਕੇ ਆਪਣੀ ਲਾੜੀ ਦੀ ਚੋਣ ਕਰਨ ਆ ਜਾਈਂ, ਏਸ ਵੇਲੇ ਮੇਰੇ ਸਿਰ ਪੀੜ ਹੁੰਦੀ ਏ।"

ਸੋ ਅਗਲੀ ਸਵੇਰ ਚਤਰ-ਸੁਜਾਨ ਵਸਿਲੀਸਾ ਨੇ ਵਪਾਰੀ ਦੇ ਪੁਤਰ, ਈਵਾਨ, ਨੂੰ ਆਖਿਆ :

"ਬਾਦਸ਼ਾਹ ਦੀਆਂ, ਮੇਰੇ ਪਿਤਾ ਦੀਆਂ, ਤਿੰਨ ਧੀਆਂ ਨੇ। ਉਹ ਸਾਨੂੰ ਤਿੰਨਾਂ ਨੂੰ ਘੋੜੀਆਂ ਬਣਾ ਦੇਵੇਗਾ ਤੇ ਤੈਨੂੰ ਲਾੜੀ ਚੁਣਨ ਲਈ ਆਖੇਗਾ। ਆਪਣੀਆਂ ਅੱਖਾਂ ਖੋਹਲ ਕੇ ਰਖੀਂ ਤੇ ਤੈਨੂੰ ਮੇਰੀ ਲਗਾਮ ਦਾ ਇਕ ਸਿਤਾਰਾ ਫਿੱਕਾ ਫਿੱਕਾ ਬੁਝਿਆ ਬੁਝਿਆ ਲਗੇਗਾ। ਫੇਰ ਉਹ ਸਾਨੂੰ ਘੁੱਗੀਆਂ ਬਣਾ ਦੇਵੇਗਾ। ਅਸੀਂ ਚੋਗਾ ਚੁਗਾਂਗੀਆਂ, ਪਰ ਵਿੱਚ ਵਿੱਚ ਮੈਂ ਆਪਣਾ ਇਕ ਪਰ ਫੜਫੜਾਵਾਂਗੀ। ਫੇਰ ਉਹ ਸਾਨੂੰ ਸੁਹਣੀਆਂ ਮੁਟਿਆਰਾਂ ਬਣਾ ਦੇਵੇਗਾ ਤੇ ਅਸੀਂ ਸਭੇ ਇਕੋ ਜਿਹੀਆਂ ਹੋਵਾਂਗੀਆਂ—ਇਕੋ ਜਿਹੇ ਚਿਹਰੇ, ਇਕੋ ਕੱਦ, ਇਕੋ ਰੰਗ ਦੇ ਕੇਸ। ਪਰ ਮੈਂ ਆਪਣਾ ਰੁਮਾਲ ਹਿਲਾਵਾਂਗੀ, ਤੇ ਇਸ ਇਸ਼ਾਰੇ ਨਾਲ ਤੈਨੂੰ ਮੇਰਾ ਪਤਾ ਲੱਗ ਜਾਏਗਾ।"

ਜਿਵੇਂ ਉਹਨੇ ਆਖਿਆ ਸੀ, ਕਾਫਰ ਬਾਦਸ਼ਾਹ ਨੇ ਤਿੰਨ ਘੋੜੀਆਂ ਲੈ ਆਂਦੀਆਂ, ਤਿੰਨੇ ਬਿਲਕੁਲ ਇਕੋ ਜਿਹੀਆਂ ਤੇ ਇਕ ਕਤਾਰ ਵਿਚ ਖੜੀਆਂ ਕਰ ਦਿੱਤੀਆਂ।

"ਚੁਣ ਲੈ ਜਿਹੜੀ ਮਰਜ਼ੀ ਊ।"

ਵਪਾਰੀ ਦੇ ਪੁਤਰ, ਇਵਾਨ, ਨੇ ਨਜ਼ਰ ਭਰ ਕੇ ਵੇਖਿਆ ਤੇ ਇਕ ਲਗਾਮ ਦਾ ਸਿਤਾਰਾ ਫਿੱਕਾ ਬੁਝਿਆ ਬੁਝਿਆ ਵੇਖ ਲਿਆ। ਉਸ ਨੇ ਉਹ ਲਗਾਮ ਫੜ ਲਈ ਤੇ ਕਿਹਾ :

"ਆਹ ਏ ਮੇਰੀ ਲਾੜੀ।"

"ਤੂੰ ਖਰਾਬ ਚੁਣ ਲਈ ਏ," ਬਾਦਸ਼ਾਹ ਨੇ ਆਖਿਆ। "ਫੇਰ ਚੁਣ ਲੈ।"

"ਨਹੀਂ, ਮੈਨੂੰ ਏਹੋ ਹੀ ਠੀਕ ਏ।"

"ਹੁਣ ਦੂਜੀ ਵਾਰੀ ਚੁਣ।"

ਫੇਰ ਬਾਦਸ਼ਾਹ ਨੇ ਇਕੋ ਜਿਹੀਆਂ ਤਿੰਨ ਘੁੱਗੀਆਂ ਕਢੀਆਂ ਤੇ ਉਹਨਾਂ ਅੱਗੇ ਕੁਝ ਚੋਗਾ ਖਲਾਰ ਦਿਤਾ। ਵਪਾਰੀ ਦੇ ਪੁਤਰ, ਇਵਾਨ ਨੇ ਵੇਖਿਆ ਕਿ ਇਕ ਘੁਗੀ ਖੰਭ ਫੜਫੜਾਉਂਦੀ ਹੈ, ਤੇ ਉਹਨੇ ਉਸ ਨੂੰ ਖੰਭੋਂ ਫੜ ਲਿਆ।

"ਆਹ ਏ ਮੇਰੀ ਲਾੜੀ।"

"ਤੂੰ ਗਲਤੀ ਕਰ ਰਿਹੈਂ। ਸੋਚ ਲੈ ਪਛਤਾਈਂ ਨਾ। ਹੁਣ ਤੀਜੀ ਵਾਰੀ ਚੁਣ।"

ਤੇ ਬਾਦਸ਼ਾਹ ਨੇ ਤਿੰਨ ਸੁਹਣੀਆਂ ਮੁਟਿਆਰਾਂ ਲੈ ਆਂਦੀਆਂ, ਤਿੰਨਾਂ ਦਾ ਮੂੰਹ ਮੁਹਾਂਦਰਾ ਇਕੋ ਜਿਹਾ। ਵਪਾਰੀ ਦੇ ਪੁਤਰ, ਇਵਾਨ, ਨੇ ਵੇਖਿਆ ਉਹਨਾਂ ਵਿਚੋਂ ਇਕ ਆਪਣਾ ਰੁਮਾਲ ਹਿਲਾ ਰਹੀ ਸੀ, ਤੇ ਉਹਨੇ ਉਸ ਦਾ ਹੱਥ ਫੜ ਲਿਆ।

"ਆਹ ਏ ਮੇਰੀ ਲਾੜੀ!"

ਹੁਣ ਕੋਈ ਚਾਰਾ ਨਹੀਂ ਸੀ, ਸੋ ਕਾਫਰ ਬਾਦਸ਼ਾਹ ਨੇ ਚਤਰ-ਸੁਜਾਨ ਵਸਿਲੀਸਾ ਉਹਨੂੰ ਵਿਆਹ ਦਿੱਤੀ ਤੇ ਉਹਨਾਂ ਦਾ ਬੜੀ ਸੱਜ ਧੱਜ ਨਾਲ ਵਿਆਹ ਹੋ ਗਿਆ।

ਕੁਝ ਚਿਰ ਮਗਰੋਂ ਵਪਾਰੀ ਦੇ ਪੁਤਰ, ਇਵਾਨ, ਨੇ ਚਤਰ-ਸੁਜਾਨ ਵਸਿਲੀਸਾ ਨੂੰ ਲੈਕੇ ਆਪਣੇ ਦੇਸ ਭਜ ਜਾਣ ਦੀ ਧਾਰ ਲਈ। ਸੋ ਉਹਨਾਂ ਨੇ ਆਪਣੇ ਘੋੜਿਆਂ ਤੇ ਕਾਠੀਆਂ ਪਾਈਆਂ ਤੇ ਅੱਧੀ ਰਾਤ ਦੇ ਵੇਲੇ ਉਥੋਂ ਤੁਰ ਪਏ। ਅਗਲੀ ਸਵੇਰ ਕਾਫਰ ਬਾਦਸ਼ਾਹ ਨੂੰ ਉਹਨਾਂ ਦੇ ਜਾਣ ਦਾ ਪਤਾ ਲੱਗਾ ਤੇ ਉਸ ਨੇ ਆਪਣੇ ਬੰਦੇ ਉਹਨਾਂ ਦਾ ਪਿੱਛਾ ਕਰਨ ਭੇਜੇ।

"ਹਰੀ ਭਰੀ ਜ਼ਮੀਨ ਨਾਲ ਕੰਨ ਲਾ ਕੇ ਸੁਣ," ਚਤਰ-ਸੁਜਾਨ ਵਸਿਲੀਸਾ ਨੇ ਆਪਣੇ ਪਤੀ ਨੂੰ ਆਖਿਆ "ਤੇ ਮੈਨੂੰ ਦਸ ਤੈਨੂੰ ਕੀ ਸੁਣਦਾ ਏ।"

ਉਹਨੇ ਜ਼ਮੀਨ ਨਾਲ ਕੰਨ ਲਾਏ ਤੇ ਕਿਹਾ:

"ਘੋੜੇ ਹਿਣਕਦੇ ਸੁਣਦੇ ਨੇ।"

ਚਤਰ-ਸੁਜਾਨ ਵਸਿਲੀਸਾ ਨੇ ਉਹਨੂੰ ਸਬਜ਼ੀ ਭਾਜੀ ਦਾ ਬਗੀਚਾ ਬਣਾ ਦਿਤਾ ਤੇ ਆਪ ਬੰਦ ਗੋਭੀ ਬਣ ਗਈ। ਪਿੱਛਾ ਕਰਨ ਵਾਲੇ ਖਾਲੀ ਹੱਥ ਬਾਦਸ਼ਾਹ ਕੋਲ ਮੁੜ ਗਏ।

"ਹਜ਼ੂਰ, ਸਾਨੂੰ ਤਾਂ ਕੁਝ ਲਭਾ ਨਹੀਂ। ਬਸ ਓਥੇ ਇਕ ਸਬਜ਼ੀ ਭਾਜੀ ਦਾ ਬਗੀਚਾ ਸੀ ਜੀਹਦੇ ਵਿਚ ਇਕ ਬੰਦ ਗੋਭੀ ਉੱਗੀ ਹੋਈ ਸੀ।"

"ਜਾਓ ਤੇ ਮੈਨੂੰ ਉਹ ਗੋਭੀ ਲਿਆ ਕੇ ਦਿਓ। ਇਹ ਤਾਂ ਉਹਦਾ ਇਕ ਛਲ ਸੀ।"

ਢੂੰਡਾਊ ਫੇਰ ਤੁਰ ਪਏ, ਤੇ ਵਪਾਰੀ ਦੇ ਪੁਤਰ, ਇਵਾਨ, ਨੇ ਫੇਰ ਹਰੀ ਭਰੀ ਜ਼ਮੀਨ ਨਾਲ ਕੰਨ ਲਾਏ।

"ਘੋੜੇ ਹਿਣਕਦੇ ਸੁਣਦੇ ਨੇ," ਉਹਨੇ ਆਖਿਆ।

ਚਤਰ-ਸੁਜਾਨ ਵਸਿਲੀਸਾ ਆਪ ਖੂਹ ਬਣ ਗਈ ਤੇ ਉਹਨੂੰ ਸੁਣੱਖਾ ਸ਼ਿਕਰਾ ਬਣਾ ਦਿੱਤਾ। ਇਵਾਨ ਖੂਹ ਤੇ ਬੈਠਾ ਪਾਣੀ ਪੀਣ ਲੱਗਾ।

ਢੂੰਡਾਊ ਖੂਹ ਤੇ ਆਏ, ਪਰ ਇਸ ਤੋਂ ਅੱਗੇ ਕੋਈ ਰਸਤਾ ਨਹੀਂ ਸੀ, ਸੋ ਉਹ ਵਾਪਸ ਮੁੜ ਗਏ।

"ਹਜ਼ੂਰ, ਲੰਮੇ ਚੌੜੇ ਮੈਦਾਨ ਵਿਚ ਇਕ ਖੂਹ ਤੋਂ ਬਿਨਾਂ ਸਾਨੂੰ ਕੁਝ ਨਹੀਂ ਦਿਸਿਆ, ਤੇ ਉਸ ਖੂਹ ਉੱਤੇ ਇਕ ਸੁਣੱਖਾ ਸ਼ਿਕਰਾ ਪਾਣੀ ਪੀ ਰਿਹਾ ਸੀ।"

ਇਸ ਤੋਂ ਮਗਰੋਂ ਕਾਫਰ ਬਾਦਸ਼ਾਹ ਆਪ ਪਿੱਛਾ ਕਰਨ ਗਿਆ।

"ਹਰੀ ਭਰੀ ਜ਼ਮੀਨ ਨਾਲ ਕੰਨ ਲਾਕੇ ਸੁਣ ਤੇ ਮੈਨੂੰ ਦਸ ਤੈਨੂੰ ਕੀ ਸੁਣਦੈ," ਚਤਰ-ਸੁਜਾਨ ਵਸਿਲੀਸਾ ਨੇ ਆਪਣੇ ਪਤੀ ਨੂੰ ਕਿਹਾ।

"ਹਾਂ, ਮੈਨੂੰ ਪਹਿਲਾਂ ਨਾਲੋਂ ਵੀ ਉੱਚੀ ਠੱਕ ਠੱਕ ਖੜ ਖੜ ਸੁਣਦੀ ਏ।"

"ਏਹ ਮੇਰਾ ਪਿਓ ਏ ਸਾਡੇ ਪਿਛੇ ਆ ਰਿਹਾ। ਮੇਰੀ ਤਾਂ ਮਤ ਮਾਰੀ ਗਈ, ਸਮਝ ਨਹੀਂ ਆਉਂਦੀ ਕੀ ਕਰਾਂ," ਉਹਨੇ ਆਖਿਆ।

"ਮੇਰਾ ਵੀ ਏਹੋ ਹਾਲ ਏ।"

ਇਸ ਵੇਲੇ ਚਤਰ-ਸੁਜਾਨ ਵਸਿਲੀਸਾ ਕੋਲ ਤਿੰਨ ਚੀਜ਼ਾਂ ਸਨ—ਇਕ ਬੁਰਸ਼, ਇਕ ਕੰਘੀ ਤੇ ਇਕ ਤੌਲੀਆ। ਉਹਨਾਂ ਦਾ ਚੇਤਾ ਆਉਂਦਿਆਂ, ਉਹ ਬੋਲੀ:

"ਮੇਰੇ ਕੋਲ ਇਕ ਜਾਦੂ ਏ ਜਿਹੜਾ ਸਾਨੂੰ ਮੇਰੇ ਪਿਓ, ਕਾਫਰ ਬਾਦਸ਼ਾਹ, ਕੋਲੋਂ ਬਚਾ ਲਵੇਗਾ।"

ਉਸ ਨੇ ਪਿਛਲੇ ਪਾਸੇ ਬੁਰਸ਼ ਹਿਲਾਇਆ ਤੇ ਉਥੇ ਇਕ ਬਹੁਤ ਘਣਾ ਸਾਰਾ ਜੰਗਲ ਖੜਾ ਹੋ ਗਿਆ ਜਿਸ ਦੇ ਰੁਖਾਂ ਵਿਚੋਂ ਦੀ ਹੱਥ ਨਹੀਂ ਸੀ ਤਿਲਕਾਇਆ ਜਾ ਸਕਦਾ, ਤੇ ਏਡਾ ਵੱਡਾ ਕਿ ਇਸ ਨੂੰ ਪਾਰ ਕਰਦਿਆਂ ਤਿੰਨ ਵਰ੍ਹੇ ਲਗ ਜਾਣ। ਕਾਫਰ ਬਾਦਸ਼ਾਹ ਜੰਗਲ ਨੂੰ ਕਟਦਾ ਗਿਆ, ਕਟਦਾ ਗਿਆ ਤੇ ਅਖੀਰ ਉਹਨੇ ਇਹਦੇ ਵਿਚੋਂ ਰਾਹ ਬਣਾ ਲਿਆ ਤੇ ਫੇਰ ਉਹਨਾਂ ਦਾ ਪਿਛਾ ਕਰਨ ਲਗ ਪਿਆ। ਉਹ ਉਹਨਾਂ ਦੇ ਸਿਰ ਤੇ ਆ ਗਿਆ ਸੀ, ਮਸਾਂ ਇਕ ਹੱਥ ਦੂਰ, ਜਦੋਂ ਚਤਰ-ਸੁਜਾਨ ਵਸਿਲੀਸਾ ਨੇ ਪਿਛਲੇ ਪਾਸੇ ਆਪਣੀ ਕੰਘੀ ਹਿਲਾ ਦਿੱਤੀ ਤੇ ਇਕ ਵੱਡਾ ਸਾਰਾ ਪਹਾੜ ਖੜਾ ਹੋ ਗਿਆ—ਇਹਦੇ ਦੁਆਲੇ ਜਾਂ ਇਹਦੇ ਉਤੋਂ ਦੀ ਲੰਘਿਆ ਨਹੀਂ ਸੀ ਜਾ ਸਕਦਾ।

ਕਾਫਰ ਬਾਦਸ਼ਾਹ ਪਹਾੜ ਪੁਟਦਾ ਗਿਆ, ਪੁਟਦਾ ਗਿਆ ਤੇ ਅਖੀਰ ਉਹਨੇ ਇਹਦੇ ਵਿਚ ਇਕ ਸੁਰੰਗ ਬਣਾ ਲਈ, ਤੇ ਫੇਰ ਉਹਨਾਂ ਦੇ ਪਿਛੇ ਲਗ ਗਿਆ। ਇਸ ਤੋਂ ਪਿਛੋਂ ਚਤਰ-ਸੁਜਾਨ

-841

ਵਸਿਲੀਸਾ ਨੇ ਪਿਛਲੇ ਪਾਸੇ ਤੌਲੀਆ ਹਿਲਾ ਦਿੱਤਾ ਤੇ ਉਥੇ ਇਕ ਡੂੰਘਾ ਸਾਗਰ ਬਣ ਗਿਆ। ਬਾਦਸ਼ਾਹ ਕੰਢੇ ਤੇ ਆਇਆ ਤੇ ਕੀ ਵੇਖਦਾ ਹੈ!—ਰਾਹ ਬੰਦ ਸੀ, ਸੋ ਉਹ ਘਰ ਨੂੰ ਮੁੜ ਗਿਆ।

ਜਦੋਂ ਚਤਰ-ਸੁਜਾਨ ਵਸਿਲੀਸਾ ਤੇ ਵਪਾਰੀ ਦਾ ਪੁਤਰ, ਇਵਾਨ, ਉਸ ਦੀ ਜਨਮ ਭੂਮੀ ਪਹੁੰਚੇ, ਤਾਂ ਇਵਾਨ ਨੇ ਉਸ ਨੂੰ ਆਖਿਆ:

"ਮੈਂ ਅੱਗੇ ਜਾਵਾਂਗਾ ਤੇ ਮਾਂ ਪਿਓ ਨੂੰ ਦੱਸਾਂਗਾ ਕਿ ਤੂੰ ਮੇਰੇ ਨਾਲ ਏਂ। ਤੂੰ ਏਥੇ ਹੀ ਮੈਨੂੰ ਉਡੀਕ।"

"ਇੱਕ ਗਲੋਂ ਖਬਰਦਾਰ ਰਹੀਂ," ਚਤਰ-ਸੁਜਾਨ ਵਸਿਲੀਸਾ ਨੇ ਉਹਨੂੰ ਆਖਿਆ। "ਜਦੋਂ ਤੂੰ ਘਰ ਜਾਵੇਂ ਤਾਂ ਹਰ ਇਕ ਨੂੰ ਚੁੰਮੀ—ਪਰ ਆਪਣੀ ਧਰਮ ਦੀ ਮਾਂ ਨੂੰ ਨਾ ਚੁੰਮੀ। ਜੇ ਤੂੰ ਉਹਨੂੰ ਚੁੰਮ ਲਿਆ ਤਾਂ ਮੇਰੇ ਬਾਰੇ ਤੂੰ ਸਭ ਕੁਝ ਭੁਲ ਜਾਵੇਂਗਾ।"

ਵਪਾਰੀ ਦਾ ਪੁਤਰ, ਇਵਾਨ, ਘਰ ਆਇਆ, ਤੇ ਉਹ ਏਨਾ ਖੁਸ਼ ਸੀ ਕਿ ਉਸ ਨੇ ਹਰ ਇਕ ਨੂੰ ਚੁੰਮਿਆ, ਸਮੇਤ ਆਪਣੀ ਧਰਮ ਦੀ ਮਾਂ ਦੇ। ਓਸੇ ਵੇਲੇ ਉਹ ਚਤਰ—ਸੁਜਾਨ ਵਸਿਲੀਸਾ ਬਾਰੇ ਸਭ ਕੁਝ ਭੁਲ ਗਿਆ, ਤੇ ਉਹ ਵਿਚਾਰੀ ਸੜਕ ਤੇ ਖੜੀ ਉਹਨੂੰ ਉਡੀਕਦੀ ਰਹੀ। ਕਈ ਦਿਨ ਉਹਨੇ ਉਸ ਨੂੰ ਉਡੀਕਿਆ ਤੇ ਜਦੋਂ ਫੇਰ ਵੀ ਉਹ ਨਾ ਆਇਆ ਤਾਂ ਉਹ ਸ਼ਹਿਰ ਵਿਚ ਚਲੀ ਗਈ ਤੇ ਇਕ ਬੁੱਢੀ ਔਰਤ ਕੋਲ ਨੌਕਰ ਹੋ ਗਈ। ਓਧਰ ਵਪਾਰੀ ਦੇ ਪੁਤਰ, ਇਵਾਨ, ਨੇ ਵਿਆਹ ਕਰਾਉਣ ਦਾ ਫੈਸਲਾ ਕਰ ਲਿਆ, ਸੋ ਉਹਨੇ ਇਕ ਮੁਟਿਆਰ ਨਾਲ ਪਿਆਰ ਪਾ ਲਿਆ ਤੇ ਵਿਆਹ ਦੀ ਸ਼ਾਨਦਾਰ ਦਾਅਵਤ ਕਰਨ ਦੀ ਤਿਆਰੀ ਕਰ ਲਈ।

ਚਤਰ-ਸੁਜਾਨ ਵਸਿਲੀਸਾ ਨੂੰ ਇਸ ਦੀ ਖਬਰ ਮਿਲ ਗਈ ਸੋ ਉਹਨੇ ਇਕ ਮੰਗਤੀ ਦਾ ਭੇਸ ਵਟਾਇਆ ਤੇ ਵਪਾਰੀ ਦੇ ਘਰ ਭੀਖ ਮੰਗਣ ਆ ਗਈ।

"ਰਤਾ ਖਲੋ ਜਾ," ਵਪਾਰੀ ਦੀ ਵਹੁਟੀ ਨੇ ਕਿਹਾ, "ਮੈਂ ਤੈਨੂੰ ਨਿੱਕਾ ਜਿਹਾ ਕੇਕ ਬਣਾ ਦੇਂਦੀ ਆਂ—ਵੱਡਾ ਵਿਆਹ ਦਾ ਕੇਕ ਮੈਂ ਨਹੀਂ ਕਟਣਾ।"

"ਤੇਰਾ ਭਲਾ ਹੋਵੇ, ਬੀਬੀ," ਮੰਗਤੀ ਨੇ ਕਿਹਾ।

ਪਰ ਬਣਦਿਆਂ ਬਣਦਿਆਂ ਵਿਆਹ ਦਾ ਕੇਕ ਸੜ ਗਿਆ, ਤੇ ਛੋਟਾ ਕੇਕ ਸੁਹਣਾ ਤਿਆਰ ਹੋਇਆ। ਵਪਾਰੀ ਦੀ ਵਹੁਟੀ ਨੇ ਸੜਿਆ ਹੋਇਆ ਕੇਕ ਵਸਿਲੀਸਾ ਨੂੰ ਦੇ ਦਿੱਤਾ ਤੇ ਛੋਟਾ ਕੇਕ ਦਾਅਵਤ ਵਿਚ ਰੱਖ ਦਿੱਤਾ। ਜਦੋਂ ਉਹਨਾਂ ਇਹ ਕੇਕ ਕਟਿਆ, ਫੁਰ ਕਰਦਿਆਂ ਦੋ ਘੁੱਗੀਆਂ ਇਹਦੇ ਵਿਚੋਂ ਬਾਹਰ ਆ ਗਈਆਂ।

"ਮੈਨੂੰ ਚੁੰਮ," ਘੁਗੇ ਨੇ ਆਪਣੀ ਸਾਥਣ ਨੂੰ ਕਿਹਾ।

"ਨਾ, ਤੂੰ ਮੈਨੂੰ ਭੁਲ ਜਾਏਂਗਾ ਜਿਵੇਂ ਵਪਾਰੀ ਦਾ ਪੁਤਰ, ਇਵਾਨ, ਚਤਰ-ਸੁਜਾਨ ਵਸਿਲੀਸਾ ਨੂੰ ਭੁਲ ਗਿਐ।"

ਤੇ ਘੁੱਗੇ ਨੇ ਆਪਣੀ ਸਾਥਣ ਨੂੰ ਦੂਜੀ ਵਾਰ ਤੇ ਫੇਰ ਤੀਜੀ ਵਾਰ ਆਖਿਆ :

"ਮੈਨੂੰ ਚੁੰਮ !"

"ਨਾ, ਤੂੰ ਮੈਨੂੰ ਭੁਲ ਜਾਏਂਗਾ ਜਿਵੇਂ ਵਪਾਰੀ ਦਾ ਪੁਤਰ, ਇਵਾਨ, ਚਤਰ-ਸੁਜਾਨ ਵਸਿਲੀਸਾ ਨੂੰ ਭੁਲ ਗਿਐ।"

ਇਹ ਸੁਣਕੇ, ਵਪਾਰੀ ਦੇ ਪੁਤਰ ਇਵਾਨ ਨੇ ਬੁਝ ਲਿਆ ਕਿ ਮੰਗਤੀ ਕੌਣ ਏ, ਤੇ ਉਹਨੇ ਆਪਣੇ ਮਾਪਿਆਂ ਨੂੰ ਕਿਹਾ :

"ਇਹ ਮੇਰੀ ਪਤਨੀ ਏ।"

"ਬਹੁਤ ਹੱਛਾ," ਉਹਨਾਂ ਆਖਿਆ, "ਪਹਿਲਾਂ ਹੀ ਤੇਰੀ ਵਹੁਟੀ ਹੈ ਇਸ ਲਈ ਤੂੰ ਉਹਦੇ ਨਾਲ ਰਹਿ।"

ਉਹਨਾਂ ਨੇ ਨਿਰਾਸ਼ ਹੋਈ ਬਣਨ ਵਾਲੀ ਲਾੜੀ ਨੂੰ ਕੀਮਤੀ ਸੁਗਾਤਾਂ ਦਿੱਤੀਆਂ ਤੇ ਘਰ ਭੇਜ ਦਿੱਤਾ। ਤੇ ਵਪਾਰੀ ਦਾ ਪੁਤਰ, ਇਵਾਨ, ਆਪਣੀ ਸੱਚੀ ਪ੍ਰੇਮਕਾ, ਚਤਰ-ਸੁਜਾਨ ਵਸਿਲੀਸਾ, ਨਾਲ ਖੁਸ਼ੀ ਖੁਸ਼ੀ ਰਹਿਣ ਲਗਾ, ਤੇ ਆਖਰੀ ਦਮਾਂ ਤੱਕ ਕਿਸਮਤ ਉਹਨਾਂ ਤੇ ਮਿਹਰਬਾਨ ਰਹੀ।

ਸੁਣੱਖਾ ਸ਼ਿਕਰਾ

ਇਕ ਵਾਰ ਦੀ ਗੱਲ ਹੈ ਕਿ ਇਕ ਕਿਸਾਨ ਹੁੰਦਾ ਸੀ। ਉਹਦੀ ਵਹੁਟੀ ਮਰ ਗਈ ਤੇ ਆਪਣੇ ਪਿਛੇ ਤਿੰਨ ਧੀਆਂ ਛਡ ਗਈ। ਬੁਢੇ ਨੇ ਚਾਹਿਆ ਕਿ ਉਹ ਘਰ ਦੇ ਕੰਮ ਕਾਜ ਵਿਚ ਹੱਥ ਵਟਾਉਣ ਲਈ ਕੋਈ ਨੌਕਰਾਣੀ ਰਖ ਲਵੇ, ਪਰ ਉਹਦੀ ਸਭ ਤੋਂ ਛੋਟੀ ਧੀ ਮਾਰੀਊਸ਼ਕਾ ਨੇ ਆਖਿਆ:

"ਨੌਕਰਾਣੀ ਨਾ ਰੱਖ, ਬਾਪੂ, ਮੈਂ ਸਾਂਭ ਲਵਾਂਗੀ 'ਕਲੀ ਘਰ।"

ਤੇ ਇਸ ਤਰ੍ਹਾਂ ਉਹਦੀ ਧੀ ਮਾਰੀਊਸ਼ਕਾ ਨੇ ਆਪਣਾ ਘਰ ਸਾਂਭਣਾ ਸ਼ੁਰੂ ਕਰ ਦਿੱਤਾ, ਤੇ ਉਹਨੇ ਬੜੇ ਸੁਚੱਜ ਨਾਲ ਘਰ ਦਾ ਕੰਮ ਕਾਜ ਸੰਭਾਲ ਲਿਆ। ਕੋਈ ਐਸਾ ਕੰਮ ਨਹੀਂ ਸੀ ਜਿਹੜਾ ਉਹ ਨਹੀਂ ਸੀ ਕਰ ਸਕਦੀ, ਤੇ ਜਿਹੜਾ ਵੀ ਕੰਮ ਕਰਦੀ ਬੜੇ ਸੁਹਣੇ ਤਰੀਕੇ ਨਾਲ ਕਰਦੀ। ਉਹਦਾ ਪਿਓ ਮਾਰੀਊਸ਼ਕਾ ਨੂੰ ਬਹੁਤ ਪਿਆਰ ਕਰਦਾ ਸੀ ਤੇ ਉਹ ਬੜਾ ਖੁਸ਼ ਸੀ ਕਿ ਉਹਦੀ ਧੀ ਏਡੀ ਹੁਸ਼ਿਆਰ ਤੇ ਮਿਹਨਤ ਨਾਲ ਕੰਮ ਕਰਨ ਵਾਲੀ ਹੈ। ਤੇ ਉਹ ਕੇਡੀ ਸੁਹਣੀ ਤੇ ਮਨਮੋਹਣੀ ਸੀ!

ਪਰ ਉਹਦੀਆਂ ਦੋਵੇਂ ਭੈਣਾਂ ਬਦਸੂਰਤ, ਈਰਖਾਲੂ ਤੇ ਲਾਲਚੀ ਸਨ। ਉਹ ਹਰ ਵੇਲੇ ਸੁਰਖੀ ਪਾਊਡਰ ਮਲੀ ਰਖਦੀਆਂ ਤੇ ਸੁਹਣੇ ਸੁਹਣੇ ਕਪੜੇ ਪਾਉਂਦੀਆਂ। ਨਵੇਂ ਗਾਊਨ ਪਾਉਣ ਤੇ ਆਪਣੀ ਅਸਲੀ ਸੂਰਤ ਨਾਲੋਂ ਬਹੁਤੀਆਂ ਸੁਹਣੀਆਂ ਲਗਣ ਦੇ ਹੀਲਿਆਂ ਵਿਚ ਹੀ ਉਹਨਾਂ ਦਾ ਸਾਰਾ ਦਿਨ ਬੀਤ ਜਾਂਦਾ। ਪਰ ਕਿਸੇ ਵੀ ਚੀਜ਼ ਨਾਲ ਉਹ ਬਹੁਤਾ ਚਿਰ ਖ਼ੁਸ਼ ਨਾ ਰਹਿੰਦੀਆਂ—ਨਾ ਗਾਊਨਾਂ ਨਾਲ, ਨਾਂ ਸ਼ਾਲਾਂ ਨਾਲ, ਨਾ ਉੱਚੀ ਅੱਡੀ ਵਾਲੀਆਂ ਗੁਰਗਾਬੀਆਂ ਨਾਲ।

ਕੀ ਹੋਇਆ ਕਿ ਇਕ ਦਿਨ ਬੁਢਾ ਬਾਜ਼ਾਰ ਚਲਿਆ ਤੇ ਉਹਨੇ ਆਪਣੀਆਂ ਧੀਆਂ ਨੂੰ ਪੁਛਿਆ :

"ਕੀ ਖਰੀਦ ਕੇ ਲਿਆਵਾਂ ਤੁਹਾਡੇ ਲਈ, ਮੇਰੀਓ ਲਾਡਲੀਓ, ਕੀ ਲੈ ਕੇ ਖ਼ੁਸ਼ ਹੋਵੋਗੀਆਂ?"

"ਸਾਨੂੰ ਇਕ ਇਕ ਰੁਮਾਲ ਲਿਆ ਦੇ," ਦੋਵਾਂ ਵੱਡੀਆਂ ਧੀਆਂ ਨੇ ਆਖਿਆ। "ਤੇ ਧਿਆਨ ਰੱਖੀਂ ਇਹਨਾਂ ਉਤੇ ਤਿੱਲੇ ਨਾਲ ਵੱਡੇ ਵੱਡੇ ਫੁਲ ਕੱਢੇ ਹੋਣ।"

ਪਰ ਉਸ ਦੀ ਛੋਟੀ ਧੀ ਮਾਰੀਊਸ਼ਕਾ ਚੁਪ ਕੀਤੀ ਖਲੋਤੀ ਰਹੀ, ਸੋ ਪਿਓ ਨੇ ਉਹਨੂੰ ਪੁਛਿਆ :

"ਤੇ ਤੇਰੀ ਕੀ ਪਸੰਦ ਏ, ਮਾਰੀਊਸ਼ਕਾ?"

"ਬਾਪੂ, ਮੈਨੂੰ ਤੂੰ ਸੁਨੱਖੇ ਸ਼ਿਕਰੇ ਦਾ ਇਕ ਖੰਭ ਲਿਆ ਦੇ ਖਰੀਦ ਕੇ।"

ਕੁਝ ਚਿਰ ਮਗਰੋਂ ਪਿਓ ਮੁੜਿਆ ਤਾਂ ਉਹ ਰੁਮਾਲ ਲੈ ਆਇਆ, ਪਰ ਖੰਭ ਉਸ ਨੂੰ ਕਿਤੋਂ ਨਾ ਮਿਲਿਆ।

ਕੁਝ ਦਿਨ ਮਗਰੋਂ ਬੁਢਾ ਫੇਰ ਬਾਜ਼ਾਰ ਜਾਣ ਨੂੰ ਤਿਆਰ ਹੋਇਆ।

"ਧੀਓ ਦਸੋ ਆਪਣੀ ਆਪਣੀ ਪਸੰਦ। ਕੀ ਲਿਆਵਾਂ ਤੁਹਾਡੇ ਵਾਸਤੇ?" ਉਹਨੇ ਪੁਛਿਆ।

ਤੇ ਵੱਡੀਆਂ ਦੋਵਾਂ ਧੀਆਂ ਨੇ ਫਟ ਜਵਾਬ ਦਿੱਤਾ :

"ਸਾਡੇ ਵਾਸਤੇ ਚਾਂਦੀ ਦੇ ਕੋਕਿਆਂ ਵਾਲੀ ਗੁਰਗਾਬੀ ਦਾ ਇਕ ਇਕ ਜੋੜਾ ਲਿਆਈਂ।"

ਪਰ ਮਾਰੀਊਸ਼ਕਾ ਨੇ ਫੇਰ ਆਖਿਆ :

"ਬਾਪੂ, ਮੈਨੂੰ ਤੂੰ ਸੁਨੱਖੇ ਸ਼ਿਕਰੇ ਦਾ ਇਕ ਖੰਭ ਲਿਆ ਦੇ ਖਰੀਦ ਕੇ।"

ਪਿਓ ਸਾਰਾ ਦਿਨ ਬਾਜ਼ਾਰ ਵਿਚ ਫਿਰਦਾ ਰਿਹਾ ਤੇ ਉਹਨੇ ਗੁਰਗਾਬੀਆਂ ਖਰੀਦ ਲਈਆਂ, ਪਰ ਖੰਭ ਉਸ ਨੂੰ ਕਿਤੋਂ ਨਾ ਮਿਲਿਆ। ਤੇ ਇਉਂ ਉਹ ਬਿਨਾਂ ਖੰਭ ਦੇ ਘਰ ਮੁੜ ਆਇਆ।

ਚਲੋ ਜੋ ਵੀ ਸੀ। ਉਹ ਤੀਜੀ ਵਾਰੀ ਫੇਰ ਬਾਜ਼ਾਰ ਜਾਣ ਨੂੰ ਤਿਆਰ ਹੋਇਆ ਤੇ ਉਹਦੀਆਂ ਵੱਡੀਆਂ ਧੀਆਂ ਨੇ ਉਸ ਨੂੰ ਆਖਿਆ :

"ਸਾਡੇ ਲਈ ਇਕ ਇਕ ਨਵਾਂ ਗਾਊਨ ਲਿਆਈਂ।"

ਪਰ ਮਾਰੀਊਸ਼ਕਾ ਨੇ ਫੇਰ ਆਖਿਆ :

"ਬਾਪੂ, ਮੈਨੂੰ ਤੂੰ ਸੁਨੱਖੇ ਸ਼ਿਕਰੇ ਦਾ ਇਕ ਖੰਭ ਲਿਆ ਦੇ ਖਰੀਦ ਕੇ।"

ਪਿਓ ਸਾਰਾ ਦਿਨ ਬਾਜ਼ਾਰ ਵਿਚ ਫਿਰਦਾ ਰਿਹਾ, ਪਰ ਫੇਰ ਵੀ ਉਹਨੂੰ ਖੰਭ ਨਾ ਮਿਲਿਆ।

ਸੋ ਉਹਨੇ ਆਪਣੀ ਬੱਘੀ ਸ਼ਹਿਰ ਤੋਂ ਬਾਹਰ ਹਿਕ ਲਈ, ਤੇ ਕੀ ਹੋਇਆ ਕਿ ਰਾਹ ਵਿਚ ਉਹਨੂੰ ਇਕ ਬਜ਼ੁਰਗ ਮਿਲ ਪਿਆ।

"ਸਲਾਮ, ਬਾਬਾ!"

"ਸਲਾਮ ਭਈ, ਸੱਜਣਾ। ਕਿਧਰ ਤਿਆਰੀਆਂ ਨੇ?"

"ਆਪਣੇ ਪਿੰਡ ਨੂੰ, ਬਾਬਾ, ਤੇ ਸਮਝ ਨਹੀਂ ਆਉਂਦੀ ਕੀ ਕਰਾਂ। ਮੇਰੀ ਛੋਟੀ ਧੀ ਨੇ ਸੁਨੱਖੇ ਸ਼ਿਕਰੇ ਦਾ ਖੰਭ ਖਰੀਦ ਕੇ ਲਿਆਉਣ ਨੂੰ ਆਖਿਆ ਸੀ, ਪਰ ਮੈਨੂੰ ਕਿਧਰੇ ਮਿਲਿਆ ਨਹੀਂ।"

"ਜਿਹੜੇ ਖੰਭ ਦੀ ਤੈਨੂੰ ਲੋੜ ਏ, ਉਹ ਮੇਰੇ ਕੋਲ ਏ। ਇਹ ਜਾਦੂ ਦਾ ਖੰਭ ਏ, ਪਰ ਮੈਂ ਵੇਖਨਾ ਕਿ ਤੂੰ ਨੇਕ ਬੰਦਾ ਏਂ, ਸੋ ਕੁਝ ਵੀ ਹੋਵੇ ਤੂੰ ਏਹ ਲੈ ਜਾ।"

ਬਜ਼ੁਰਗ ਨੇ ਖੰਭ ਕਢਿਆ ਤੇ ਕੁੜੀ ਦੇ ਪਿਓ ਨੂੰ ਫੜਾ ਦਿੱਤਾ। ਪਰ ਇਹ ਤਾਂ ਬਿਲਕੁਲ ਸਾਧਾਰਨ ਖੰਭ ਲਗਦਾ ਸੀ, ਸੋ ਕਿਸਾਨ ਘਰ ਨੂੰ ਤੁਰ ਪਿਆ ਤੇ ਉਸ ਸੋਚਿਆ: "ਮੇਰੀ ਮਾਰੀਊਸ਼ਕਾ ਦੇ ਇਹ ਕਿਸ ਕੰਮ ਆਊ?"

ਥੋੜ੍ਹੇ ਚਿਰ ਪਿਛੋਂ ਬੁਢਾ ਘਰ ਆਇਆ ਤੇ ਆਪਣੀਆਂ ਧੀਆਂ ਨੂੰ ਸੁਗਾਤਾਂ ਦੇ ਦਿੱਤੀਆਂ। ਤੇ ਵੱਡੀਆਂ ਦੋਵਾਂ ਨੇ ਆਪਣੇ ਨਵੇਂ ਗਾਊਨ ਪਾ ਕੇ ਵੇਖੇ ਤੇ ਉਹ ਮਾਰੀਊਸ਼ਕਾ ਦਾ ਮਖੌਲ ਉਡਾਉਂਦੀਆਂ ਰਹੀਆਂ:

"ਬੁਧੂ ਦੀ ਬੁਧੂ ਹੀ ਰਹੀਓਂ ਤੂੰ! ਟੰਗੀ ਫਿਰ ਏਹਨੂੰ ਆਪਣੇ ਝਾਟੇ ਵਿਚ—ਏਹਦੇ ਨਾਲ ਤੂੰ ਸੁਹਣੀ ਨਹੀਂ ਬਣ ਚੱਲੀ!"

ਪਰ ਮਾਰੀਊਸ਼ਕਾ ਨੇ ਕੋਈ ਉਤਰ ਨਹੀਂ ਮੋੜਿਆ, ਉਹ ਬਸ ਉਹਨਾਂ ਤੋਂ ਦੂਰ ਹੀ ਰਹੀ। ਤੇ ਜਦੋਂ ਘਰ ਦੇ ਸਾਰੇ ਜੀਅ ਸੌਂ ਗਏ, ਤਾਂ ਉਹਨੇ ਖੰਭ ਨੂੰ ਫਰਸ਼ ਉਤੇ ਰਖਿਆ ਤੇ ਹੌਲੀ ਜਿਹੀ ਕਿਹਾ:

"ਆ ਮੇਰੇ ਕੋਲ, ਪਿਆਰੇ ਸੁਨੱਖੇ ਸ਼ਿਕਰੇ, ਮੇਰੇ ਦਿਲ ਦੇ ਰਾਜਾ, ਮੇਰੇ ਲਾੜੇ!"

ਤੇ ਇਕ ਗਭਰੂ ਉਹਦੇ ਸਾਮ੍ਹਣੇ ਆਣ ਖਲੋਤਾ। ਇਕ ਅਣੋਖਾ ਰੂਪ ਚੜ੍ਹਿਆ ਹੋਇਆ ਸੀ ਉਸ ਨੂੰ। ਤੜਕਸਾਰ ਉਸ ਨੇ ਫਰਸ਼ ਠਕੋਰਿਆ ਤੇ ਉਹ ਸ਼ਿਕਰਾ ਬਣ ਗਿਆ। ਤੇ ਮਾਰੀਊਸ਼ਕਾ ਨੇ ਬਾਰੀ ਖੋਹਲੀ ਤੇ ਸ਼ਿਕਰਾ ਉਡਾਰੀ ਮਾਰ ਕੇ ਨੀਲੇ ਅਸਮਾਨ ਨਾਲ ਗੱਲਾਂ ਕਰਨ ਲਗਾ।

ਏਦਾਂ ਹੀ ਤਿੰਨ ਰਾਤਾਂ ਉਹ ਮਾਰੀਊਸ਼ਕਾ ਕੋਲ ਆਉਂਦਾ ਰਿਹਾ। ਦਿਨ ਚੜ੍ਹਦੇ ਹੀ ਉਹ ਸ਼ਿਕਰਾ ਬਣਕੇ ਨੀਲੇ ਅਸਮਾਨ ਵਿਚ ਉਡ ਜਾਂਦਾ, ਰਾਤ ਵੇਲੇ ਉਹ ਮਾਰੀਊਸ਼ਕਾ ਕੋਲ ਮੁੜ ਆਉਂਦਾ ਤੇ ਇਕ ਸੁਹਣਾ ਸੁਣਖਾ ਗਭਰੂ ਬਣ ਜਾਂਦਾ।

ਪਰ ਚੌਥੇ ਦਿਨ ਕਪਟੀ ਭੈਣਾਂ ਨੇ ਉਹਨਾਂ ਨੂੰ ਵੇਖ ਲਿਆ ਤੇ ਜਾਕੇ ਆਪਣੇ ਪਿਓ ਨੂੰ ਦਸ ਦਿੱਤਾ।

"ਪਿਆਰੀਓ ਧੀਓ," ਉਹਨੇ ਆਖਿਆ, "ਆਪੋ ਆਪਣੇ ਕੰਮਾਂ ਵੱਲ ਧਿਆਨ ਕਰੋ।

"ਠੀਕ ਏ," ਭੈਣਾਂ ਨੇ ਸੋਚਿਆ, "ਅਸੀਂ ਵੇਖਾਂਗੀਆਂ ਕਿ ਅੱਗੋਂ ਕੀ ਹੁੰਦਾ ਏ।"

ਤੇ ਉਹਨਾਂ ਨੇ ਬਾਰੀ ਦੇ ਵਧਾਅ ਉਤੇ ਇਕ ਪਾਲ ਵਿਚ ਤਿੱਖੀਆਂ ਛੁਰੀਆਂ ਗੱਡ ਦਿੱਤੀਆਂ ਤੇ ਲੁਕ ਕੇ ਵੇਖਣ ਬਹਿ ਗਈਆਂ।

ਤੇ ਥੋੜੇ ਚਿਰ ਮਗਰੋਂ ਸੁਨੱਖਾ ਸ਼ਿਕਰਾ ਆਇਆ। ਉਹ ਉਡਦਾ ਉਡਦਾ ਬਾਰੀ ਤੱਕ ਆਇਆ, ਪਰ ਮਾਰੀਊਸ਼ਕਾ ਦੇ ਕਮਰੇ ਅੰਦਰ ਨਾ ਜਾ ਸਕਿਆ। ਉਹ ਉਥੇ ਹੀ ਖੰਭ ਫੜਫੜਾਉਂਦਾ ਰਿਹਾ, ਫੜਫੜਾਉਂਦਾ ਰਿਹਾ ਤੇ ਬਾਰੀ ਦੇ ਸ਼ੀਸ਼ਿਆਂ ਨਾਲ ਟੱਕਰਾਂ ਮਾਰਦਾ ਰਿਹਾ ਤੇ ਅਖੀਰ ਛੁਰੀਆਂ ਨਾਲ ਵੱਜ ਵੱਜ ਉਹਦੀ ਸਾਰੀ ਛਾਤੀ ਪੱਛੀ ਗਈ। ਪਰ ਮਾਰੀਊਸ਼ਕਾ ਘੂਕ ਸੁੱਤੀ ਹੋਈ ਸੀ ਤੇ ਉਸ ਨੇ ਕੁਝ ਨਾ ਸੁਣਿਆ। ਸੋ ਅਖੀਰ ਸ਼ਿਕਰੇ ਨੇ ਕਿਹਾ:

"ਜਿਸ ਨੂੰ ਮੇਰੀ ਲੋੜ ਹੋਈ, ਮੈਨੂੰ ਲਭ ਲਵੇਗਾ, ਪਰ ਬਿਨਾਂ ਪੀੜ ਸਹਿਣ ਦੇ ਨਹੀਂ। ਜਦੋਂ ਤੂੰ ਲੋਹੇ ਦੀਆਂ ਜੁਤੀਆਂ ਦੇ ਤਿੰਨ ਜੋੜੇ ਹੰਢਾ ਲਏ, ਤੇ ਲੋਹੇ ਦੇ ਤਿੰਨ ਡੰਡੇ ਤੋੜ ਲਏ, ਤੇ ਲੋਹੇ ਦੀਆਂ ਤਿੰਨ ਟੋਪੀਆਂ ਪਾੜ ਲਈਆਂ, ਫੇਰ ਤੂੰ ਮੈਨੂੰ ਲਭ ਲਏਂਗੀ।"

ਮਾਰੀਊਸ਼ਕਾ ਨੇ ਇਹ ਸੁਣਿਆ ਤੇ ਉਹ ਭੁੜਕ ਕੇ ਆਪਣੇ ਬਿਸਤਰੇ ਤੋਂ ਬਾਰੀ ਕੋਲ ਆ ਗਈ। ਪਰ ਸ਼ਿਕਰਾ ਉਡਾਰੀ ਮਾਰ ਗਿਆ ਸੀ, ਤੇ ਪਿਛੇ ਬਾਰੀ ਉਤੇ ਲਾਲ ਲਹੂ ਦੇ ਨਿਸ਼ਾਨ ਹੀ ਛੱਡ ਗਿਆ ਸੀ। ਮਾਰੀਊਸ਼ਕਾ ਫੁਟ ਫੁਟ ਕੇ ਰੋਣ ਲਗੀ, ਤੇ ਉਹਦੇ ਅਥਰੂਆਂ ਨਾਲ ਲਾਲ ਲਹੂ ਦੇ ਨਿਸ਼ਾਨ ਧੋਤੇ ਗਏ ਤੇ ਉਹ ਪਹਿਲਾਂ ਨਾਲੋਂ ਵੀ ਸੁਹਣੀ ਹੋ ਗਈ।

ਤੇ ਫੇਰ ਉਹ ਆਪਣੇ ਪਿਓ ਕੋਲ ਗਈ ਤੇ ਉਸ ਨੂੰ ਆਖਿਆ:

"ਮੈਨੂੰ ਮਨ੍ਹਾ ਨਾ ਕਰੀਂ ਬਾਪੂ, ਮੈਨੂੰ ਆਪਣੇ ਬਿਖੜੇ ਰਾਹ ਤੇ ਜਾ ਲੈਣ ਦੇ। ਜੇ ਮੈਂ ਜਿਊਂਦੀ ਰਹੀ ਤਾਂ ਆ ਮਿਲਾਂਗੀ, ਤੇ ਜੇ ਕਰਮਾ ਵਿਚ ਤੇਰੇ ਦਰਸ਼ਨ ਨਾ ਹੋਏ, ਤਾਂ ਉਹਦੀ ਰਜ਼ਾ।"

ਉਸ ਨੂੰ ਆਪਣੀ ਪਿਆਰੀ ਧੀ ਨਾਲੋਂ ਵਿਛੜਨ ਦਾ ਡਾਢਾ ਦੁਖ ਸੀ, ਪਰ ਅਖੀਰ ਉਸ ਨੇ ਉਹਨੂੰ ਜਾ ਲੈਣ ਦਿੱਤਾ।

ਸੋ ਮਾਰੀਊਸ਼ਕਾ ਚਲੀ ਗਈ ਤੇ ਉਸ ਨੇ ਲੋਹੇ ਦੀਆਂ ਜੁੱਤੀਆਂ ਦੇ ਤਿੰਨ ਜੋੜੇ, ਤਿੰਨ ਲੋਹੇ ਦੇ ਡੰਡੇ, ਤੇ ਤਿੰਨ ਲੋਹੇ ਦੀਆਂ ਟੋਪੀਆਂ ਮੰਗਵਾਈਆਂ। ਤੇ ਉਹ ਆਪਣੇ ਦਿਲ ਦੇ ਰਾਜੇ—ਸੁਨੱਖੇ ਸ਼ਿਕਰੇ—ਨੂੰ ਲਭਣ ਆਪਣੇ ਲੰਮੇ ਤੇ ਬਿਖੜੇ ਰਾਹੇ ਤੁਰ ਪਈ। ਉਹ ਖੁਲੇ ਖੇਤਾਂ ਮੈਦਾਨਾਂ ਵਿਚੋਂ ਦੀ ਤੁਰਦੀ ਗਈ, ਉਹ ਹਨੇਰੇ ਜੰਗਲਾਂ ਵਿਚੋਂ ਦੀ ਲੰਘਦੀ ਗਈ ਤੇ ਉਹ ਉਚੇ ਲੰਮੇ ਪਹਾੜਾਂ ਨੂੰ ਟਪਦੀ ਗਈ। ਨਿੱਕੇ ਨਿੱਕੇ ਪੰਛੀਆਂ ਨੇ ਆਪਣੇ ਗੀਤਾਂ ਨਾਲ ਉਸ ਨੂੰ ਬਹਿਲਾਇਆ, ਝਰਨਿਆਂ ਨੇ ਉਹਦਾ ਗੋਰਾ ਮੁਖੜਾ ਧੋਤਾ, ਤੇ ਹਨੇਰੇ ਜੰਗਲਾਂ ਨੇ ਉਹਨੂੰ ਜੀ ਆਇਆਂ ਆਖਿਆ। ਤੇ ਕੋਈ ਵੀ ਮਾਰੀਊਸ਼ਕਾ ਨੂੰ ਕੁਝ ਨੁਕਸਾਨ ਨਾ ਪਹੁੰਚਾ ਸਕਿਆ ਕਿਉਂਕਿ ਸਾਰੇ ਹੀ ਜੰਗਲੀ ਜਾਨਵਰ—

ਬੱਗੇ ਬਘਿਆੜ, ਭੂਰੇ ਰਿੱਛ ਤੇ ਲਾਲ ਲੂੰਬੜ—ਭੱਜੇ ਭੱਜੇ ਉਹਦੀ ਮਦਦ ਲਈ ਆਉਂਦੇ ਰਹੇ। ਅਖੀਰ ਲੋਹੇ ਦੀਆਂ ਜੁੱਤੀਆਂ ਦਾ ਇਕ ਜੋੜਾ ਹੰਢ ਗਿਆ, ਲੋਹੇ ਦਾ ਇਕ ਡੰਡਾ ਟੁਟ ਗਿਆ, ਤੇ ਲੋਹੇ ਦੀ ਇਕ ਟੋਪੀ ਪਾਟ ਗਈ।

ਤੇ ਮਾਰੀਊਸ਼ਕਾ ਜੰਗਲ ਅੰਦਰ ਇਕ ਖੁਲ੍ਹੇ ਮੈਦਾਨ ਵਿਚ ਆ ਗਈ ਤੇ ਉਹਨੇ ਕੁਕੜੀ ਦੇ ਪੈਰਾਂ ਉਤੇ ਗੋਲ ਚੱਕਰ ਵਿਚ ਘੁੰਮਦੀ ਇਕ ਨਿੱਕੀ ਜਿਹੀ ਝੁਗੀ ਵੇਖੀ।

"ਨੀਂ ਝੁਗੀਏ, ਨੀਂ ਨਿੱਕੀਏ ਝੁਗੀਏ," ਮਾਰੀਊਸ਼ਕਾ ਨੇ ਕਿਹਾ, "ਆਪਣੀ ਪਿਠ ਰੁੱਖਾਂ ਵਲ ਕਰ ਲੈ ਤੇ ਆਪਣਾ ਮੂੰਹ ਮੇਰੇ ਵੱਲ। ਮੈਨੂੰ ਅੰਦਰ ਆਕੇ ਰੋਟੀ ਖਾ ਲੈਣ ਦੇ।"

ਝੁੱਗੀ ਨੇ ਆਪਣੀ ਪਿਠ ਰੁਖਾਂ ਵੱਲ ਕਰ ਲਈ ਤੇ ਆਪਣਾ ਮੂੰਹ ਮਾਰੀਊਸ਼ਕਾ ਵੱਲ, ਤੇ ਉਹ ਅੰਦਰ ਚਲੀ ਗਈ। ਤੇ ਉਥੇ ਉਹਨੂੰ ਬਾਬਾ-ਯਾਗਾ ਵਿਖਾਈ ਦਿੱਤੀ। ਜਾਦੂਗਰਨੀ ਜਿਸ ਦੇ ਹੱਥ ਵਿਚ ਮਾਂਜਾ ਤੇ ਛੜੀ, ਖੁੰਢ ਵਰਗੇ ਨੱਕ ਵਾਲੀ ਡੈਣ, ਹੱਡਲ ਬੁਢੜੀ।

ਬਾਬਾ-ਯਾਗਾ ਨੇ ਮਾਰੀਊਸ਼ਕਾ ਨੂੰ ਵੇਖ ਲਿਆ ਤੇ ਉਹ ਘੁਰਕੀ:

"ਵਾਹ, ਵਾਹ, ਰੂਸੀ ਲਹੂ, ਪਹਿਲਾਂ ਮੈਨੂੰ ਕਦੇ ਨਾ ਜੁੜਿਆ, ਹੁਣ ਮੇਰੇ ਦਰ ਤੇ ਆ ਖੜਿਆ। ਕੌਣ ਏਂ? ਕਿਥੋਂ ਏਂ? ਕਿੱਧਰ ਨੂੰ?"

"ਬੇਬੇ ਮੈਂ ਆਂ, ਸੁਣੱਖੇ ਸ਼ਿਕਰੇ ਨੂੰ ਲਭਦੀ ਫਿਰਦੀ।"

"ਉਹ ਤਾਂ ਬਹੁਤ ਦੂਰ ਏ, ਸੁਹਣੀਏ ਮੁਟਿਆਰੇ! ਉਹਨੂੰ ਲਭਣ ਵਾਸਤੇ ਤੈਨੂੰ ਸੱਤ ਸਮੁੰਦਰੋਂ ਪਾਰ ਸਤਵੀਂ ਸ਼ਾਹੀ ਵਿਚ ਜਾਣਾ ਪੈਣੈ। ਓਥੇ ਇਕ ਜਾਦੂਗਰਨੀ ਮਲਕਾ ਨੇ ਉਹਨੂੰ ਕੁਝ ਮੰਤਰਿਆ ਪਿਆ ਕੇ ਮੋਹ ਲਿਆ ਏ ਤੇ ਉਹਦੇ ਨਾਲ ਵਿਆਹ ਕਰਾ ਲਿਐ। ਪਰ ਮੈਂ ਤੇਰੀ ਮਦਦ ਕਰੂੰ। ਆਹ ਲੈ ਫੜ ਚਾਂਦੀ ਦੀ ਪਲੇਟ ਤੇ ਸੋਨੇ ਦਾ ਆਂਡਾ। ਜਦੋਂ ਸਤਵੀਂ ਸ਼ਾਹੀ ਵਿਚ ਪਹੁੰਚ ਜਾਵੇਂ ਤਾਂ ਮਲਕਾ ਦੀ ਨੌਕਰਾਣੀ ਬਣ ਜਾਵੀਂ। ਦਿਹਾੜੀ ਕੰਮ ਕਾਰ ਤੋਂ ਵਿਹਲੀ ਹੋਕੇ, ਚਾਂਦੀ ਦੀ ਪਲੇਟ ਕੱਢੀਂ ਤੇ ਸੋਨੇ ਦਾ ਆਂਡਾ ਏਹਦੇ ਉੱਤੇ ਰਖ ਦੇਵੀਂ। ਇਹ ਆਪਣੇ ਆਪ ਘੁੰਮਣਾ ਸ਼ੁਰੂ ਕਰ ਦੇਊ। ਜੇ ਏਹਨੂੰ ਕੋਈ ਖਰੀਦਣਾ ਚਾਹੇ ਤਾਂ ਵੇਚੀਂ ਨਾ—ਆਖੀਂ ਕਿ ਉਹ ਤੈਨੂੰ ਸੁਣੱਖਾ ਸ਼ਿਕਰਾ ਵੇਖ ਲੈਣ ਦੇਵੇ।"

ਮਾਰੀਊਸ਼ਕਾ ਨੇ ਬਾਬਾ-ਯਾਗਾ ਦਾ ਧੰਨਵਾਦ ਕੀਤਾ ਤੇ ਅਗਾਂਹ ਤੁਰ ਪਈ। ਜੰਗਲ ਹੋਰ ਵੀ ਹਨੇਰਾ ਹੋ ਗਿਆ, ਉਹ ਏਨੀ ਡਰ ਗਈ ਕਿ ਅੱਗੇ ਹਿਲਣ ਦੀ ਹਿੰਮਤ ਨਾ ਪਵੇ, ਤਾਹੀਓਂ ਅਚਾਨਕ ਇਕ ਬਿੱਲੀ ਆ ਨਿਕਲੀ। ਉਹ ਛਾਲ ਮਾਰਕੇ ਮਾਰੀਊਸ਼ਕਾ ਕੋਲ ਆਈ ਤੇ ਘੁਰ ਘੁਰ ਕਰਕੇ ਬੋਲੀ:

"ਡਰ ਨਾ, ਮਾਰੀਊਸ਼ਕਾ, ਅੱਜੇ ਅੱਗੇ ਤਾਂ ਹੋਰ ਵੀ ਔਕੜਾਂ ਨੇ, ਪਰ ਤੁਰਦੀ ਜਾ, ਤੁਰਦੀ ਜਾ ਤੇ ਪਿਛੇ ਭੌਂ ਕੇ ਨਾ ਵੇਖ।"

ਤੇ ਬਿੱਲੀ ਨੇ ਉਹਦੇ ਪੈਰ ਚੱਟੇ ਤੇ ਚਲੀ ਗਈ, ਅਤੇ ਮਾਰੀਊਸ਼ਕਾ ਹੋਰ ਅਗਾਂਹ ਨਿਕਲ ਗਈ। ਜੰਗਲ ਵਿਚ ਉਹ ਜਿੱਨਾਂ ਹੋਰ ਅੰਦਰ ਧਸਦੀ ਗਈ, ਉਹ ਹੋਰ ਵੀ ਹਨੇਰਾ ਹੁੰਦਾ ਗਿਆ। ਉਹ ਤੁਰਦੀ ਗਈ, ਤੁਰਦੀ ਗਈ ਤੇ ਅਖੀਰ ਉਹਦਾ ਲੋਹੇ ਦੀਆਂ ਜੁੱਤੀਆਂ ਦਾ ਦੂਜਾ ਜੋੜਾ ਵੀ ਘੱਸ ਗਿਆ, ਉਹਦਾ ਲੋਹੇ ਦਾ ਦੂਜਾ ਡੰਡਾ ਵੀ ਟੁਟ ਗਿਆ ਤੇ ਉਹਦੀ ਲੋਹੇ ਦੀ ਦੂਜੀ ਟੋਪੀ ਪਾਟ ਗਈ। ਤੇ ਛੇਤੀ ਹੀ ਉਹ ਕੁਕੜੀ ਦੇ ਪੈਰਾਂ ਤੇ ਖੜੀ ਨਿੱਕੀ ਜਿਹੀ ਝੁੱਗੀ ਕੋਲ ਆ ਗਈ ਜਿਸ ਦੇ ਦੁਆਲੇ ਇਕ ਮਜ਼ਬੂਤ ਜੰਗਲਾ ਸੀ ਤੇ ਜੰਗਲੇ ਉਤੋਂ ਖੋਪੜੀਆਂ ਦੀਆਂ ਭਿਆਨਕ ਲਿਸ਼ਕਾਂ ਉਠ ਰਹੀਆਂ ਸਨ।

ਮਾਰੀਊਸ਼ਕਾ ਨੇ ਕਿਹਾ :

"ਨੀਂ ਝੁੱਗੀਏ, ਨੀਂ ਨਿੱਕੀਏ ਝੁਗੀਏ, ਆਪਣੀ ਪਿਠ ਰੁੱਖਾਂ ਵੱਲ ਕਰ ਲੈ ਤੇ ਆਪਣਾ ਮੂੰਹ ਮੇਰੇ ਵੱਲ। ਮੈਨੂੰ ਅੰਦਰ ਆਕੇ ਰੋਟੀ ਖਾ ਲੈਣ ਦੇ।"

ਝੁੱਗੀ ਨੇ ਆਪਣੀ ਪਿੱਠ ਰੁਖਾਂ ਵੱਲ ਕਰ ਲਈ ਤੇ ਆਪਣਾ ਮੂੰਹ ਮਾਰੀਊਸ਼ਕਾ ਵੱਲ, ਤੇ ਉਹ ਅੰਦਰ ਚਲੀ ਗਈ। ਤੇ ਉਥੇ ਉਹਨੂੰ ਬਾਬਾ-ਯਾਗਾ ਵਿਖਾਈ ਦਿੱਤੀ, ਜਾਦੂਗਰਨੀ ਜਿਸ ਦੇ ਹੱਥ ਵਿਚ ਮਾਂਜਾ ਤੇ ਛੜੀ, ਖੁੰਢ ਵਰਗੇ ਨੱਕ ਵਾਲੀ ਡੈਣ, ਹੱਢਲ ਬੁਢੜੀ।

ਬਾਬਾ-ਯਾਗਾ ਨੇ ਮਾਰੀਊਸ਼ਕਾ ਨੂੰ ਵੇਖ ਲਿਆ ਤੇ ਉਸ ਬੁੜ ਬੁੜ ਕੀਤਾ :

"ਵਾਹ, ਵਾਹ, ਰੂਸੀ ਲਹੂ ਪਹਿਲਾਂ ਮੈਨੂੰ ਕਦੇ ਨਾ ਜੁੜਿਆ, ਹੁਣ ਮੇਰੇ ਦਰ ਤੇ ਆ ਖੜਿਆ। ਕੌਣ ਏਂ? ਕਿਥੋਂ ਏਂ? ਕਿੱਧਰ ਨੂੰ?"

"ਮੈਂ ਸੁਣੱਖੇ ਸ਼ਿਕਰੇ ਨੂੰ ਲਭਦੀ ਫਿਰਦੀ ਆਂ, ਬੇਬੇ।"

"ਤੇ ਮੇਰੀ ਭੈਣ ਕੋਲੋਂ ਹੋਕੇ ਆਈ ਏਂ?"

"ਹਾਂ, ਬੇਬੇ, ਹੋ ਕੇ ਆਈ ਆਂ!"

"ਠੀਕ ਏ, ਫੇਰ, ਮੇਰੀਏ ਸੁਹਣੀਏ, ਮੈਂ ਤੇਰੀ ਮਦਦ ਕਰੂੰ, ਆਹ ਲੈ ਫੜ ਸੋਨੇ ਦੀ ਸੂਈ ਤੇ ਚਾਂਦੀ ਦਾ ਫਰੇਮ। ਸੂਈ ਸਾਰਾ ਕੰਮ ਆਪੇ ਕਰਦੀ ਏ ਤੇ ਸੋਨੇ ਤੇ ਚਾਂਦੀ ਦੀਆਂ ਤਾਰਾਂ ਨਾਲ ਲਾਲ ਮਖ਼ਮਲ ਉਤੇ ਕਢਾਈ ਕਰਦੀ ਏ। ਜੇ ਏਹਨੂੰ ਕੋਈ ਖਰੀਦਣਾ ਚਾਹੇ ਤਾਂ ਵੇਚੀਂ ਨਾ—ਆਖੀਂ ਕਿ ਉਹ ਤੈਨੂੰ ਸੁਣੱਖਾ ਸ਼ਿਕਰਾ ਵੇਖ ਲੈਣ ਦੇਵੇ।"

ਮਾਰੀਊਸ਼ਕਾ ਨੇ ਬਾਬਾ-ਯਾਗਾ ਦਾ ਧੰਨਵਾਦ ਕੀਤਾ ਤੇ ਆਪਣੇ ਰਾਹੇ ਪੈ ਗਈ। ਜੰਗਲ ਵਿਚ ਕੜ ਕੜ ਹੋਵੇ, ਖੜ ਖੜ ਹੋਵੇ ਤੇ ਸੀਟੀਆਂ ਵਜਣ, ਤੇ ਚਾਰੇ ਪਾਸੇ ਲਟਕਦੀਆਂ ਖੋਪੜੀਆਂ ਵਿਚੋਂ ਇਕ ਅਜਬ ਜਿਹਾ ਚਾਨਣ ਨਿਕਲੇ। ਕੇਡਾ ਡਰ ਲਗਦਾ ਸੀ! ਪਰ ਅਚਾਨਕ ਇਕ ਕੁੱਤਾ ਭੱਜਾ ਆਇਆ :

"ਵਊਂ, ਵਊਂ, ਮਾਰੀਊਸ਼ਕਾ, ਡਰ ਨਾ, ਪਿਆਰੀ। ਅਜੇ ਅੱਗੇ ਤਾਂ ਹੋਰ ਵੀ ਔਕੜਾਂ

ਨੇ, ਪਰ ਤੂੰ ਤੁਰਦੀ ਜਾ ਤੇ ਕਦੇ ਪਿਛੇ ਭੌਂ ਕੇ ਨਾ ਵੇਖੀਂ।"

ਏਨੀ ਗੱਲ ਆਖੀ ਤੇ ਕੁੱਤਾ ਚਲਾ ਗਿਆ। ਮਾਰੀਉਸ਼ਕਾ ਤੁਰਦੀ ਗਈ, ਤੁਰਦੀ ਗਈ, ਤੇ ਜੰਗਲ ਹੋਰ ਵੀ ਹਨੇਰਾ ਹੋ ਗਿਆ, ਉਹਦੀਆਂ ਲੱਤਾਂ ਨੂੰ ਝਰੀਟਣ ਲਗਾ, ਉਹਦੀ ਫਰਾਕ ਦੀਆਂ ਬਾਹਵਾਂ ਫੜਨ ਲੱਗਾ।... ਪਰ ਮਾਰੀਉਸ਼ਕਾ ਤੁਰਦੀ ਗਈ, ਤੁਰਦੀ ਗਈ ਤੇ ਉਸ ਨੇ ਪਿੱਛੇ ਭੌਂ ਕੇ ਨਾ ਵੇਖਿਆ।

ਪਤਾ ਨਹੀਂ ਉਹ ਕਿੰਨਾ ਕੁ ਚਿਰ ਤੁਰਦੀ ਰਹੀ ਸੀ, ਪਰ ਲੋਹੇ ਦੀਆਂ ਜੁੱਤੀਆਂ ਦਾ ਤੀਜਾ ਜੋੜਾ ਹੰਢ ਗਿਆ, ਲੋਹੇ ਦਾ ਤੀਜਾ ਡੰਡਾ ਟੁਟ ਗਿਆ ਤੇ ਲੋਹੇ ਦੀ ਤੀਜੀ ਟੋਪੀ ਪਾਟ ਗਈ। ਤੇ ਉਹ ਜੰਗਲ ਅੰਦਰ ਇਕ ਖੁਲ੍ਹੇ ਮੈਦਾਨ ਵਿਚ ਆ ਗਈ ਤੇ ਕੁਕੜੀ ਦੇ ਪੈਰਾਂ ਉਤੇ ਇਕ ਨਿੱਕੀ ਜਿਹੀ ਝੁੱਗੀ ਵੇਖੀ ਜਿਸ ਦੇ ਚਾਰ ਚੁਫੇਰੇ ਉਚਾ ਜੰਗਲਾ ਸੀ ਤੇ ਜੰਗਲੇ ਉਤੇ ਘੋੜਿਆਂ ਦੀਆਂ ਖੋਪੜੀਆਂ ਲਿਸ਼ਕਾਂ ਮਾਰ ਰਹੀਆਂ ਸਨ।

ਤੇ ਮਾਰੀਉਸ਼ਕਾ ਨੇ ਫੇਰ ਆਖਿਆ:

"ਨੀਂ ਝੁੱਗੀਏ, ਨੀਂ ਨਿੱਕੀਏ ਝੁੱਗੀਏ, ਆਪਣੀ ਪਿੱਠ ਰੁਖਾਂ ਵੱਲ ਕਰ ਲੈ ਤੇ ਆਪਣਾ ਮੂੰਹ ਮੇਰੇ ਵੱਲ। ਮੈਨੂੰ ਅੰਦਰ ਆਕੇ ਰੋਟੀ ਖਾ ਲੈਣ ਦੇ।"

ਝੁੱਗੀ ਨੇ ਆਪਣੀ ਪਿੱਠ ਰੁਖਾਂ ਵੱਲ ਕਰ ਲਈ ਤੇ ਆਪਣਾ ਮੂੰਹ ਮਾਰੀਉਸ਼ਕਾ ਵੱਲ, ਤੇ ਉਹ ਅੰਦਰ ਚਲੀ ਗਈ। ਤੇ ਉਥੇ ਉਹਨੂੰ ਬਾਬਾ-ਯਾਗਾ ਵਿਖਾਈ ਦਿੱਤੀ, ਜਾਦੂਗਰਨੀ ਜਿਸ ਦੇ ਹੱਥ ਵਿਚ ਮਾਂਜਾ ਤੇ ਛੜੀ, ਖੁੰਢ ਵਰਗੇ ਨੱਕ ਵਾਲੀ ਡੈਣ, ਹੱਡਲ ਬੁਢੜੀ।

ਬਾਬਾ-ਯਾਗਾ ਨੇ ਮਾਰੀਉਸ਼ਕਾ ਨੂੰ ਵੇਖ ਲਿਆ ਤੇ ਉਸ ਬੁੜ ਬੁੜ ਕੀਤੀ:

"ਵਾਹ, ਵਾਹ, ਰੂਸੀ ਲਹੂ, ਪਹਿਲਾਂ ਮੈਨੂੰ ਕਦੇ ਨਾ ਜੁੜਿਆ, ਹੁਣ ਮੇਰੇ ਦਰ ਤੇ ਆ ਖੜਿਆ। ਕੌਣ ਏਂ? ਕਿੱਥੋਂ ਏਂ? ਕਿੱਧਰ ਨੂੰ?"

"ਮੈਂ ਸੁਨੱਖੇ ਸ਼ਿਕਰੇ ਨੂੰ ਲਭਦੀ ਫਿਰਦੀ ਆਂ, ਬੇਬੇ।"

"ਉਹਨੂੰ ਲਭਣਾ ਕੋਈ ਸੌਖਾ ਕੰਮ ਨਹੀਂ, ਸੁਹਣੀਏ, ਪਰ ਮੈਂ ਤੇਰੀ ਮਦਦ ਕਰੂੰ। ਆਹ ਲੈ ਫੜ, ਚਾਂਦੀ ਦੀ ਤਕਲੀ ਤੇ ਆਹ ਸੋਨੇ ਦੀ ਚਰਖੀ। ਚਰਖੀ ਨੂੰ ਆਪਣੇ ਹੱਥਾਂ ਵਿਚ ਫੜਕੇ ਰੱਖੀਂ ਤੇ ਇਹ ਆਪੇ ਕੱਤਿਆ ਕਰੂ ਤੇ ਇਹਦੇ ਵਿਚੋਂ ਸੋਨੇ ਦੀ ਤੰਦ ਨਿਕਲੂ।"

"ਸ਼ੁਕਰੀਆ ਤੇਰਾ, ਬੇਬੇ।"

"ਠੀਕ ਏ। ਸਾਂਭ ਕੇ ਰੱਖ ਸ਼ੁਕਰੀਆ ਹਾਲੇ, ਤੇ ਸੁਣ ਮੇਰੀ ਗੱਲ। ਜੇ ਏਹਨੂੰ ਕੋਈ ਖਰੀਦਣਾ ਚਾਹੇ ਤਾਂ ਵੇਚੀਂ ਨਾ—ਆਖੀਂ ਕਿ ਉਹ ਤੈਨੂੰ ਸੁਨੱਖਾ ਸ਼ਿਕਰਾ ਵੇਖ ਲੈਣ ਦੇਵੇ।"

ਮਾਰੀਉਸ਼ਕਾ ਨੇ ਬਾਬਾ-ਯਾਗਾ ਦਾ ਧੰਨਵਾਦ ਕੀਤਾ ਤੇ ਆਪਣੇ ਰਾਹੇ ਪੈ ਗਈ। ਜੰਗਲ ਵਿਚੋਂ ਗੜ ਗੜ ਦੀਆਂ ਆਵਾਜ਼ਾਂ ਆਉਣ, ਖੜ ਖੜ ਹੋਵੇ ਤੇ ਸੀਟੀਆਂ ਵਜਣ। ਚਾਰ ਚੁਫੇਰੇ ਉਲੂ

ਤੁਰੇ ਫਿਰਦੇ ਸਨ, ਚੂਹੇ ਆਪਣੀਆਂ ਖੁੱਡਾਂ ਵਿਚੋਂ ਬਾਹਰ ਨਿਕਲਦੇ ਤੇ ਸਿੱਧੇ ਮਾਰੀਊਸ਼ਕਾ ਵੱਲ ਤੁਰੇ ਆਉਂਦੇ। ਫੇਰ ਅਚਨਚੇਤ ਇਕ ਬੱਗਾ ਬਘਿਆੜ ਭੱਜਾ ਭੱਜਾ ਉਹਦੇ ਕੋਲ ਆਇਆ ਤੇ ਕਹਿਣ ਲਗਾ :

"ਡਰ ਨਾ, ਮਾਰੀਊਸ਼ਕਾ। ਮੇਰੇ ਕੰਧਾੜੇ ਚੜ੍ਹ ਜਾ ਤੇ ਪਿੱਛੇ ਭੌਂਕੇ ਨਾ ਵੇਖੀਂ।"

ਸੋ ਉਹ ਬਘਿਆੜ ਦੇ ਕੰਧਾੜੇ ਚੜ੍ਹ ਗਈ ਤੇ ਉਹ ਸ੍ਰੂ ਕਰਕੇ ਨਜ਼ਰਾਂ ਤੋਂ ਓਹਲੇ ਹੋ ਗਏ। ਉਹ ਲੰਮੇ ਚੌੜੇ ਸਟੇਪੀ ਵਿਚੋਂ ਤੇ ਮਖਮਲੀ ਚਰਾਂਦਾਂ ਵਿਚੋਂ ਲੰਘੇ, ਉਹਨਾਂ ਨੇ ਫਿਰਨੀ ਦੇ ਕੰਢਿਆਂ ਵਾਲੇ ਸ਼ਹਿਦ ਦੇ ਦਰਿਆ ਪਾਰ ਕੀਤੇ ਤੇ ਉਹ ਬਦਲਾਂ ਨੂੰ ਛੂੰਹਦੇ ਪਰਬਤਾਂ ਤੇ ਚੜ੍ਹੇ। ਉਹ ਅੱਗੇ ਤੇ ਅੱਗੇ ਦੌੜਦੇ ਗਏ ਤੇ ਅਖੀਰ ਉਹ ਇਕ ਬਲੌਰੀ ਮਹਿਲ ਕੋਲ ਆ ਗਏ ਜਿਸ ਦੀ ਡਿਉੜੀ ਵਿਚ ਨਕਾਸ਼ੀ ਕੀਤੀ ਹੋਈ ਸੀ ਤੇ ਜਿਸ ਦੀਆਂ ਬਾਰੀਆਂ ਵਿਚ ਤਸਵੀਰਾਂ ਉਕਰੀਆਂ ਹੋਈਆਂ ਸਨ; ਤੇ ਬਾਰੀ ਵਿਚੋਂ ਮਲਕਾ ਆਪ ਬਾਹਰ ਝਾਤੀਆਂ ਮਾਰ ਰਹੀ ਸੀ।

"ਲੈ, ਅਸੀਂ ਆ ਗਏ ਆਂ, ਮਾਰੀਊਸ਼ਕਾ," ਬਘਿਆੜ ਨੇ ਆਖਿਆ। "ਹੁਣ ਮੇਰੀ ਪਿਠ ਤੋਂ ਉਤਰ ਜਾ ਤੇ ਮਹਿਲ ਵਿਚ ਜਾ ਕੇ ਨੌਕਰਾਣੀ ਬਣ ਜਾ।"

ਮਾਰੀਊਸ਼ਕਾ ਪਿੱਠ ਤੋਂ ਉਤਰੀ, ਉਹਨੇ ਆਪਣੀ ਗੰਢੜੀ ਲਈ ਤੇ ਬਘਿਆੜ ਦਾ ਧੰਨਵਾਦ ਕੀਤਾ। ਫੇਰ ਉਹ ਮਲਕਾ ਕੋਲ ਗਈ ਤੇ ਝੁਕ ਕੇ ਸਲਾਮ ਕੀਤਾ।

"ਮਾਫ ਕਰਨਾ," ਉਹਨੇ ਆਖਿਆ, "ਮੈਨੂੰ ਤੁਹਾਡਾ ਨਾਂ ਨਹੀਂ ਆਉਂਦਾ। ਤੁਹਾਨੂੰ ਨੌਕਰਾਣੀ ਦੀ ਲੋੜ ਤਾਂ ਨਹੀਂ?"

"ਹਾਂ, ਹੈ," ਮਲਕਾ ਨੇ ਕਿਹਾ, "ਮੈਂ ਤਾਂ ਬੜੇ ਚਿਰਾਂ ਤੋਂ ਨੌਕਰਾਣੀ ਲਭ ਰਹੀ ਆਂ ਪਰ ਮੈਨੂੰ ਉਹ ਨੌਕਰਾਣੀ ਚਾਹੀਦੀ ਏ ਜਿਹੜੀ ਕੱਤ ਸਕੇ, ਉਣ ਸਕੇ ਤੇ ਕਢਾਈ ਕਰ ਸਕੇ।"

"ਮੈਂ ਸਭੇ ਕੰਮ ਕਰ ਸਕਦੀ ਆਂ," ਮਾਰੀਊਸ਼ਕਾ ਨੇ ਆਖਿਆ।

"ਤਾਂ ਫੇਰ ਆ ਜਾ ਤੇ ਲਗ ਜਾ ਕੰਮ।"

ਤੇ ਏਦਾਂ ਮਾਰੀਊਸ਼ਕਾ ਨੌਕਰਾਣੀ ਬਣ ਗਈ। ਉਸ ਨੇ ਸਵੇਰ ਤੋਂ ਲੈਕੇ ਰਾਤ ਤੱਕ ਕੰਮ ਕੀਤਾ। ਤੇ ਫੇਰ ਉਸ ਨੇ ਆਪਣਾ ਸੋਨੇ ਦਾ ਆਂਡਾ ਤੇ ਚਾਂਦੀ ਦੀ ਪਲੇਟ ਕੱਢੀ ਤੇ ਬੋਲੀ :

"ਘੁੰਮ ਸੋਨੇ ਦਿਆ ਆਂਡਿਆ, ਆਪਣੀ ਚਾਂਦੀ ਦੀ ਪਲੇਟ ਤੇ। ਮੈਨੂੰ ਮੇਰਾ ਪਿਆਰਾ ਸ਼ਿਕਰਾ ਵੇਖਾ।"

ਤੇ ਸੋਨੇ ਦਾ ਆਂਡਾ ਘੁੰਮੀ ਗਿਆ, ਘੁੰਮੀ ਗਿਆ ਤੇ ਸੁਣੱਖਾ ਸ਼ਿਕਰਾ ਉਹਦੇ ਸਾਮ੍ਹਣੇ ਆ ਖੜਾ ਹੋਇਆ। ਮਾਰੀਊਸ਼ਕਾ ਉਹਦੇ ਵੱਲ ਵੇਖੀ ਗਈ, ਵੇਖੀ ਗਈ ਤੇ ਉਹਦੇ ਅਥਰੂ ਪਰਲ ਪਰਲ ਵਹਿ ਤੁਰੇ।

"ਮੇਰੇ ਸੁਹਣੇ, ਮੇਰੇ ਪਿਆਰੇ, ਤੂੰ ਮੈਨੂੰ ਵਿਚਾਰੀ ਨੂੰ ਅਥਰੂ ਕੇਰਦੀ ਰਹਿਣ ਲਈ ਕਿਉਂ ਛਡ ਆਇਆ?"

ਤੇ ਮਲਕਾ ਨੇ ਉਹਦੀ ਗੱਲ ਸੁਣ ਲਈ ਤੇ ਆਖਣ ਲਗੀ:

"ਮਾਰੀਊਸ਼ਕਾ, ਆਪਣੀ ਚਾਂਦੀ ਦੀ ਪਲੇਟ ਤੇ ਸੋਨੇ ਦਾ ਆਂਡਾ ਮੇਰੇ ਕੋਲ ਵੇਚ ਦੇ।"

"ਨਹੀਂ," ਮਾਰੀਊਸ਼ਕਾ ਨੇ ਉਤਰ ਵਿਚ ਕਿਹਾ, "ਏਹ ਵੇਚਣ ਵਾਸਤੇ ਨਹੀਂ, ਪਰ ਤੁਸੀਂ ਏਹ ਮੁਫਤ ਲੈ ਸਕਦੇ ਓ ਜੇ ਤੁਸੀਂ ਮੈਨੂੰ ਸੁਣੱਖਾ ਸ਼ਿਕਰਾ ਵੇਖ ਲੈਣ ਦਿਓ।"

ਮਲਕਾ ਨੇ ਇਕ ਪਲ ਸੋਚਿਆ ਤੇ ਫੇਰ ਕਹਿਣ ਲਗੀ:

"ਠੀਕ ਏ, ਏਦਾਂ ਹੀ ਸਹੀ। ਰਾਤ ਨੂੰ, ਜਦੋਂ ਉਹ ਸੁੱਤਾ ਹੁੰਦਾ ਏ, ਮੈਂ ਤੈਨੂੰ ਵੇਖ ਲੈਣ ਦਿਆਂਗੀ।"

ਸੋ ਜਦੋਂ ਰਾਤ ਹੋਈ, ਮਾਰੀਊਸ਼ਕਾ ਉਹਦੇ ਸੌਣ ਵਾਲੇ ਕਮਰੇ ਵਿਚ ਗਈ ਤੇ ਸੁਣੱਖੇ ਸ਼ਿਕਰੇ ਨੂੰ ਵੇਖਿਆ। ਉਹਦਾ ਪਿਆਰਾ ਗੂੜ੍ਹੀ ਨੀਂਦ ਸੁੱਤਾ ਪਿਆ ਸੀ ਤੇ ਜਗਾਇਆ ਨਹੀਂ ਸੀ ਜਾ ਸਕਦਾ। ਉਹ ਵੇਖਦੀ ਰਹੀ ਤੇ ਉਹਨੂੰ ਵੇਖ ਵੇਖ ਉਹਦੀ ਭੁਖ ਨਹੀਂ ਸੀ ਲਹਿੰਦੀ। ਤੇ ਉਹਨੇ ਉਹਦਾ ਮਿੱਠਾ ਮੂੰਹ ਚੁੰਮਿਆ, ਉਹਨੂੰ ਆਪਣੀ ਗੋਰੀ ਹਿਕ ਨਾਲ ਲਾਕੇ ਘੁਟਿਆ, ਪਰ ਉਹਦਾ ਮਹਿਬੂਬ ਸੁੱਤਾ ਹੋਇਆ ਸੀ ਤੇ ਉਹ ਨਾ ਜਾਗਿਆ। ਪ੍ਰਭਾਤ ਹੋ ਗਈ, ਪਰ ਅਜੇ ਵੀ ਮਾਰੀਊਸ਼ਕਾ ਆਪਣੇ ਪ੍ਰੇਮੀ ਨੂੰ ਜਗਾ ਨਹੀਂ ਸੀ ਸਕੀ।...

ਓਸ ਸਾਰੀ ਦਿਹਾੜੀ ਉਹ ਕੰਮ ਕਰਦੀ ਰਹੀ ਤੇ ਤ੍ਰਿਕਾਲਾਂ ਨੂੰ ਉਹਨੇ ਆਪਣਾ ਚਾਂਦੀ ਦਾ ਫਰੇਮ ਤੇ ਸੋਨੇ ਦੀ ਸੂਈ ਕੱਢੀ। ਤੇ ਜਿਵੇਂ ਜਿਵੇਂ ਉਹ ਤੋਪੇ ਭਰਦੀ ਗਈ, ਮਾਰੀਊਸ਼ਕਾ ਕਹਿੰਦੀ ਰਹੀ:

"ਨਿਕਿਆ ਤੋਲੀਆ ਕਢਿਆ ਜਾ, ਨਿਕਿਆ ਤੋਲੀਆ ਕਢਿਆ ਜਾ, ਮੇਰਾ ਸੁਣੱਖਾ ਸ਼ਿਕਰਾ ਆਪਣਾ ਮੂੰਹ ਪੂੰਝੇਗਾ।"

ਮਲਕਾ ਨੇ ਸੁਣ ਲਿਆ ਤੇ ਆਖਿਆ:

"ਮਾਰੀਊਸ਼ਕਾ, ਆਪਣਾ ਚਾਂਦੀ ਦਾ ਫਰੇਮ ਤੇ ਸੋਨੇ ਦੀ ਸੂਈ ਮੇਰੇ ਕੋਲ ਵੇਚ ਦੇ।"

"ਵੇਚਣਾ ਤਾਂ ਮੈਂ ਨਹੀਂ," ਮਾਰੀਊਸ਼ਕਾ ਨੇ ਜਵਾਬ ਦਿੱਤਾ, "ਪਰ ਤੁਸੀਂ ਮੁਫਤ ਵਿਚ ਲੈ ਸਕਦੇ ਓ ਜੇ ਮੈਨੂੰ ਸੁਣੱਖਾ ਸ਼ਿਕਰਾ ਵੇਖ ਲੈਣ ਦਿਓ।"

ਮਲਕਾ ਨੇ ਬੜਾ ਸੋਚਿਆ, ਪਰ ਅਖੀਰ ਉਸ ਨੇ ਕਿਹਾ:

"ਠੀਕ ਏ, ਏਦਾਂ ਹੀ ਸਹੀ। ਆ ਕੇ ਵੇਖ ਲਈਂ ਉਹਨੂੰ ਰਾਤ ਨੂੰ।"

ਰਾਤ ਪਈ ਤੇ ਮਾਰੀਊਸ਼ਕਾ ਉਹਦੇ ਸੌਣ ਵਾਲੇ ਕਮਰੇ ਵਿਚ ਗਈ ਤੇ ਉਸ ਨੇ ਆਪਣੇ ਸੁਣੱਖੇ ਸ਼ਿਕਰੇ ਨੂੰ ਗੂੜ੍ਹੀ ਨੀਂਦੇ ਸੁਤਿਆਂ ਵੇਖਿਆ।

"ਓ ਮੇਰੇ ਪਿਆਰੇ, ਸੁਣੱਖੇ ਸ਼ਿਕਰੇ, ਉਠ, ਜਾਗ!"

ਪਰ ਉਹਦਾ ਪਿਆਰਾ ਪਹਿਲਾਂ ਵਾਂਗ ਹੀ ਗੂੜ੍ਹੀ ਨੀਂਦੇ ਸੁੱਤਾ ਰਿਹਾ, ਤੇ ਮਾਰੀਉਸ਼ਕਾ ਨੇ ਭਾਵੇਂ ਵਾਹ ਤਾਂ ਬੜੀ ਲਾਈ ਪਰ ਉਸ ਨੂੰ ਜਗਾ ਨਾ ਸਕੀ।

ਦਿਨ ਚੜ੍ਹਿਆ ਤਾਂ ਮਾਰੀਉਸ਼ਕਾ ਕੰਮ ਕਰਨ ਲਗ ਪਈ ਤੇ ਫੇਰ ਉਹਨੇ ਆਪਣੀ ਚਾਂਦੀ ਦੀ ਤਕਲੀ ਤੇ ਸੋਨੇ ਦੀ ਚਰਖੀ ਕੱਢੀ। ਤੇ ਮਲਕਾ ਨੇ ਉਹਨੂੰ ਵੇਖ ਲਿਆ ਤੇ ਉਹਨੂੰ ਵੇਚਣ ਲਈ ਆਖਣ ਲੱਗੀ। ਪਰ ਮਾਰੀਉਸ਼ਕਾ ਨੇ ਜਵਾਬ ਦਿੱਤਾ:

"ਵੇਚਣਾ ਤਾਂ ਮੈਂ ਨਹੀਂ, ਪਰ ਤੁਸੀਂ ਮੁਫ਼ਤ ਲੈ ਸਕਦੇ ਓ ਜੇ ਮੈਨੂੰ ਮੇਰਾ ਸੁਣੱਖਾ ਸ਼ਿਕਰਾ ਵੇਖ ਲੈਣ ਦਿਓ।"

"ਠੀਕ ਏ," ਮਲਕਾ ਨੇ ਕਿਹਾ ਤੇ ਉਹਨੇ ਆਪਣੇ ਮਨ ਵਿਚ ਸੋਚਿਆ: "ਉਹ ਕਿਵੇਂ ਵੀ ਜਗਾ ਨਹੀਂ ਸਕਣ ਲਗੀ।"

ਰਾਤ ਪਈ ਤੇ ਮਾਰੀਉਸ਼ਕਾ ਸੌਣ ਵਾਲੇ ਕਮਰੇ ਵਿਚ ਗਈ, ਪਰ ਸੁਣੱਖਾ ਸ਼ਿਕਰਾ ਤਾਂ ਪਹਿਲਾਂ ਵਾਂਗ ਹੀ ਗੂੜ੍ਹੀ ਨੀਂਦ ਸੁੱਤਾ ਪਿਆ ਸੀ।

"ਓ ਮੇਰੇ ਪਿਆਰੇ, ਮੇਰੇ ਸੁਣੱਖੇ ਸ਼ਿਕਰੇ, ਉਠ, ਜਾਗ!"

ਪਰ ਸੁਣੱਖਾ ਸ਼ਿਕਰਾ ਸੁੱਤਾ ਰਿਹਾ ਤੇ ਨਹੀਂ ਜਾਗਿਆ।

ਮਾਰੀਉਸ਼ਕਾ ਨੇ ਉਹਨੂੰ ਜਗਾਉਣ ਦੀ ਬੜੀ ਕੋਸ਼ਿਸ਼ ਕੀਤੀ, ਬੜੀ ਵਾਹ ਲਾਈ, ਪਰ ਜਗਾ ਨਾ ਸਕੀ। ਥੋੜੇ ਚਿਰ ਪਿੱਛੋਂ ਦਿਨ ਚੜ੍ਹਨ ਵਾਲਾ ਸੀ। ਸੋ ਮਾਰੀਉਸ਼ਕਾ ਫੁਟ ਫੁਟ ਕੇ ਰੋਣ ਲਗ ਪਈ ਤੇ ਉਹਨੇ ਕਿਹਾ:

"ਮੇਰੇ ਪਿਆਰੇ ਸੁਣੱਖੇ ਸ਼ਿਕਰੇ, ਉਠ ਤੇ ਆਪਣੀਆਂ ਅੱਖਾਂ ਖੋਹਲ, ਆਪਣੀ ਮਾਰੀਉਸ਼ਕਾ ਵੱਲ ਵੇਖ, ਉਹਨੂੰ ਹਿੱਕ ਨਾਲ ਲਾ!"

ਅਤੇ ਮਾਰੀਉਸ਼ਕਾ ਦੀਆਂ ਅੱਖਾਂ ਵਿਚੋਂ ਇਕ ਤੱਤਾ ਤੱਤਾ ਅੱਥਰੂ ਉਹਦੇ ਪਿਆਰੇ ਦੇ ਨੰਗੇ ਮੋਢੇ ਤੇ ਆ ਡਿੱਗਾ ਤੇ ਇਸ ਨੂੰ ਝੁਲਸ ਦਿਤਾ। ਸੁਣੱਖਾ ਸ਼ਿਕਰਾ ਤੜਫਿਆ ਤੇ ਉਹਨੇ ਆਪਣੀਆਂ ਅੱਖਾਂ ਖੋਹਲੀਆਂ ਤੇ ਮਾਰੀਉਸ਼ਕਾ ਨੂੰ ਵੇਖਿਆ। ਤੇ ਫੇਰ ਉਹਨੇ ਉਸ ਨੂੰ ਆਪਣੀਆਂ ਬਾਹਵਾਂ ਵਿਚ ਲੈ ਲਿਆ ਤੇ ਉਹਨੂੰ ਚੁੰਮਿਆ।

"ਤੂੰ ਏਂ, ਮੇਰੀ ਮਾਰੀਉਸ਼ਕਾ? ਸੋ ਤੂੰ ਲੋਹੇ ਦੀਆਂ ਜੁੱਤੀਆਂ ਦੇ ਤਿੰਨ ਜੋੜੇ ਹੰਢਾ ਲਏ, ਲੋਹੇ ਦੇ ਤਿੰਨ ਡੰਡੇ ਤੋੜ ਲਏ ਤੇ ਲੋਹੇ ਦੀਆਂ ਤਿੰਨ ਟੋਪੀਆਂ ਪਾੜ ਲਈਆਂ? ਬਸ ਕਰ, ਰੋ ਨਾ। ਚਲ ਹੁਣ ਅਸੀਂ ਘਰ ਚਲੀਏ।"

ਤੇ ਉਹਨਾਂ ਨੇ ਘਰ ਜਾਣ ਦੇ ਸਫਰ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ। ਪਰ ਮਲਕਾ ਨੇ ਵੇਖ ਲਿਆ ਤੇ ਉਹਨੇ ਆਪਣੇ ਬਿਗਲਚੀਆਂ ਨੂੰ ਹੁਕਮ ਦਿੱਤਾ ਕਿ ਉਹ ਦੇਸ ਦੇ ਸਾਰੇ ਸ਼ਹਿਰਾਂ

ਵਿਚ ਉਸ ਦੇ ਪਤੀ ਦੇ ਵਸਾਹਘਾਤ ਦੀ ਖਬਰ ਕਰ ਦੇਣ।

ਤੇ ਉਹਦੇ ਦੇਸ ਦੇ ਰਜਵਾੜੇ ਤੇ ਵਪਾਰੀ ਸਲਾਹ ਮਸ਼ਵਰਾ ਕਰਨ ਲਈ ਇਕੱਠੇ ਹੋ ਗਏ ਤੇ ਫੈਸਲਾ ਕਰਨ ਲੱਗੇ ਕਿ ਸੁਣੱਖੇ ਸ਼ਿਕਰੇ ਨੂੰ ਕਿਵੇਂ ਸਜ਼ਾ ਦਿੱਤੀ ਜਾਵੇ।

ਤੇ ਫੇਰ ਸੁਣੱਖਾ ਸ਼ਿਕਰਾ ਉਠਕੇ ਖੜਾ ਹੋਇਆ ਤੇ ਬੋਲਿਆ :

"ਤੁਹਾਡੇ ਖਿਆਲ ਵਿਚ ਅਸਲ ਪਤਨੀ ਕੌਣ ਏ, ਉਹ ਜੋ ਮੈਨੂੰ ਸੱਚਾ ਪਿਆਰ ਕਰਦੀ ਏ ਜਾਂ ਉਹ ਜਿਹੜੀ ਮੈਨੂੰ ਵੇਚਦੀ ਤੇ ਮੇਰੇ ਨਾਲ ਗ਼ਦਾਰੀ ਕਰਦੀ ਏ?"

ਸਾਰੇ ਸਹਿਮਤ ਸਨ ਕਿ ਸਿਰਫ ਮਾਰੀਊਸ਼ਕਾ ਹੀ ਉਹਦੀ ਪਤਨੀ ਹੋਣ ਦੇ ਯੋਗ ਏ।

ਇਸ ਤੋਂ ਪਿਛੋਂ ਉਹ ਆਪਣੇ ਦੇਸ ਮੁੜ ਗਏ। ਤੇ ਓਥੇ ਉਹਨਾਂ ਇਕ ਸ਼ਾਨਦਾਰ ਦਾਅਵਤ ਕੀਤੀ, ਤੇ ਉਹਨਾਂ ਦੇ ਵਿਆਹ ਤੇ ਤੋਪਾਂ ਦੀ ਸਲਾਮੀ ਦਿੱਤੀ ਗਈ ਤੇ ਬਿਗਲ ਵੱਜੇ। ਤੇ ਦਾਅਵਤ ਏਡੀ ਸ਼ਾਨਦਾਰ ਸੀ ਕਿ ਲੋਕਾਂ ਨੂੰ ਅੱਜ ਤੱਕ ਨਹੀਂ ਭੁਲੀ। ਇਸ ਤੋਂ ਮਗਰੋਂ ਉਹ ਦੋਵੇਂ ਖ਼ੁਸ਼ੀ ਖ਼ੁਸ਼ੀ ਰਹਿਣ ਲੱਗੇ।

ਸੁਰੰਗ-ਸਲੇਟੀ

ਇਕ ਵਾਰੀ ਦੀ ਗੱਲ ਏ, ਇਕ ਬੁੱਢਾ ਆਦਮੀ ਹੁੰਦਾ ਸੀ, ਜਿਹਦੇ ਤਿੰਨ ਪੁਤਰ ਸਨ। ਦੋਵੇਂ ਵੱਡੇ ਪੁਤਰ ਚੰਗੇ ਸਮਝੇ ਜਾਂਦੇ ਨੌਜਵਾਨ ਸਨ, ਉਹਨਾਂ ਨੂੰ ਸੁਹਣੇ ਕਪੜੇ ਪਾਣ ਦਾ ਸ਼ੌਕ ਸੀ ਤੇ ਵਾਹੀ ਦਾ ਕੰਮ ਸੰਜਮ ਨਾਲ ਕਰ ਸਕਣ ਦੀ ਜਾਚ ਸੀ। ਪਰ ਸਭ ਤੋਂ ਛੋਟੇ ਪੁੱਤਰ, ਮੂਰਖ ਇਵਾਨ, ਵਿਚ ਇਹੋ ਜਿਹੀ ਕੋਈ ਗੱਲ ਨਹੀਂ ਸੀ। ਉਹ ਬਹੁਤਾ ਵਕਤ ਘਰ ਹੀ ਸਟੋਵ ਦੇ ਉਤੇ ਬੈਠ ਕੇ ਸੁਸਤਾਂਦਾ ਤੇ ਜੇ ਬਾਹਰ ਨਿਕਲਦਾ ਤਾਂ ਜੰਗਲ ਵਿਚੋਂ ਖੁੰਬਾਂ ਇਕੱਠੀਆਂ ਕਰਦਾ ਰਹਿੰਦਾ।

ਜਦੋਂ ਬੁੱਢੇ ਆਦਮੀ ਦੇ ਪੂਰੇ ਹੋਣ ਦਾ ਵੇਲਾ ਆਇਆ, ਉਹਨੇ ਆਪਣੇ ਪੁੱਤਰਾਂ ਨੂੰ ਕੋਲ ਸੱਦਿਆ ਤੇ ਕਿਹਾ:

"ਜਦੋਂ ਮੈਂ ਮਰ ਜਾਵਾਂ, ਤਿੰਨ ਦਿਨ ਰੋਜ਼ ਰਾਤੀਂ ਮੇਰੀ ਕਬਰ 'ਤੇ ਆਉਣਾ ਤੇ ਮੇਰੇ ਖਾਣ ਲਈ ਕੁਝ ਰੋਟੀ ਲਿਆਉਣਾ।"

ਬੁੱਢਾ ਪੂਰਾ ਹੋ ਗਿਆ ਤੇ ਉਹਨੂੰ ਦੱਬ ਦਿਤਾ ਗਿਆ, ਤੇ ਉਸ ਰਾਤੀਂ ਸਭ ਤੋਂ ਵਡੇ ਭਰਾ ਦੀ ਉਹਦੀ ਕਬਰ ਉਤੇ ਜਾਣ ਦੀ ਘੜੀ ਆ ਗਈ। ਪਰ ਉਹਨੂੰ ਬਹੁਤ ਹੀ ਸੁਸਤੀ ਚੜ੍ਹੀ ਹੋਈ ਸੀ ਜਾਂ ਸ਼ਾਇਦ ਉਹਨੂੰ ਏਨਾ ਡਰ ਲਗਦਾ ਸੀ ਕਿ ਉਹਦਾ ਜਾਣ ਨੂੰ ਜੀਅ ਨਹੀਂ ਸੀ ਕਰਦਾ, ਤੇ ਉਹ ਮੂਰਖ ਇਵਾਨ ਨੂੰ ਕਹਿਣ ਲਗਾ:

"ਇਵਾਨ, ਜੇ ਅਜ ਰਾਤੀਂ ਬਾਪੂ ਦੀ ਕਬਰ 'ਤੇ ਮੇਰੀ ਥਾਂ ਤੂੰ ਚਲਾ ਜਾਏਂ, ਤਾਂ ਮੈਂ ਤੈਨੂੰ ਸ਼ਹਿਦ ਵਾਲਾ ਕੇਕ ਲੈ ਦਿਆਂਗਾ।"

ਇਵਾਨ ਫਟਾਫਟ ਮੰਨ ਗਿਆ, ਉਹਨੇ ਕੁਝ ਰੋਟੀ ਫੜੀ ਤੇ ਆਪਣੇ ਬਾਪੂ ਦੀ ਕਬਰ 'ਤੇ ਜਾ ਪਹੁੰਚਿਆ। ਉਹ ਕਬਰ ਕੋਲ ਬਹਿ ਗਿਆ ਤੇ ਉਡੀਕਣ ਲਗਾ ਕਿ ਵੇਖੀਏ ਕੀ ਵਾਪਰਦਾ ਏ। ਜਦੋਂ ਅੱਧੀ ਰਾਤ ਹੋਈ, ਧਰਤੀ ਦੋਫਾੜ ਹੋ ਗਈ ਤੇ ਬੁੱਢਾ ਬਾਪੂ ਕਬਰ ਵਿਚੋਂ ਉਠ ਖਲੋਤਾ ਤੇ ਕਹਿਣ ਲਗਾ:

"ਕੌਣ ਏਂ? ਤੂੰ ਏਂ, ਮੇਰੇ ਪਲੇਠੀ ਦਿਆ ਪੁਤਰਾ? ਦੱਸ ਰੂਸ ਦਾ ਕੀ ਹਾਲ ਏ: ਕੁੱਤੇ ਭੌਂਕ ਰਹੇ ਨੇ, ਬਘਿਆੜ ਚਾਂਗਰਾਂ ਮਾਰ ਰਹੇ ਨੇ ਜਾਂ ਮੇਰਾ ਬੱਚਾ ਰੋ ਰਿਹੈ?"

ਤੇ ਇਵਾਨ ਨੇ ਜਵਾਬ ਦਿਤਾ:

"ਮੈਂ ਵਾਂ, ਤੁਹਾਡਾ ਪੁੱਤਰ, ਬਾਪੂ ਜੀ। ਰੂਸ 'ਚ ਅਮਨ-ਅਮਾਨ ਏ।"

ਤਾਂ ਬਾਪੂ ਨੇ ਇਵਾਨ ਦੀ ਲਿਆਂਦੀ ਰੋਟੀ ਢਿਡ ਭਰ ਕੇ ਖਾਧੀ ਤੇ ਫੇਰ ਆਪਣੀ ਕ਼ਬਰ ਵਿਚ ਲੇਟ ਗਿਆ। ਤੇ ਇਵਾਨ, ਰਾਹ ਵਿਚ ਖੁੰਬਾਂ ਇਕੱਠੀਆਂ ਕਰਨ ਲਈ ਅਟਕਦਾ ਅਟਕਾਂਦਾ, ਘਰ ਨੂੰ ਹੋ ਪਿਆ।

ਜਦੋਂ ਉਹ ਘਰ ਪਹੁੰਚਿਆ, ਉਹਦੇ ਸਭ ਤੋਂ ਵਡੇ ਭਰਾ ਨੇ ਪੁਛਿਆ:

"ਬਾਪੂ ਮਿਲਿਆ ਸਾਈ?"

"ਹਾਂ, ਮਿਲੇ ਸਨ," ਇਵਾਨ ਨੇ ਜਵਾਬ ਦਿਤਾ।

"ਜਿਹੜੀ ਰੋਟੀ ਲੈ ਗਿਆ ਸੈਂ, ਖਾਧੀ ਸੀ ਉਹਨੇ?"

"ਹਾਂ, ਢਿਡ ਭਰ ਕੇ ਖਾਧੀ ਸਾ ਨੇਂ।"

ਇਕ ਦਿਨ ਹੋਰ ਲੰਘ ਗਿਆ, ਤੇ ਹੁਣ ਕਬਰ 'ਤੇ ਜਾਣ ਦੀ ਦੂਜੇ ਭਰਾ ਦੀ ਵਾਰੀ ਸੀ। ਪਰ ਉਹਨੂੰ ਬਹੁਤ ਹੀ ਸੁਸਤੀ ਚੜ੍ਹੀ ਹੋਈ ਸੀ ਜਾਂ ਸ਼ਾਇਦ ਉਹਨੂੰ ਏਨਾ ਡਰ ਲਗਦਾ ਸੀ ਕਿ ਉਹਦਾ ਜਾਣ ਨੂੰ ਜੀਅ ਨਹੀਂ ਸੀ ਕਰਦਾ, ਤੇ ਉਹ ਇਵਾਨ ਨੂੰ ਕਹਿਣ ਲਗਾ:

"ਇਵਾਨ, ਜੇ ਤੂੰ ਕਦੀ ਮੇਰੀ ਥਾਂ ਚਲਾ ਜਾਏਂ, ਤਾਂ ਮੈਂ ਤੈਨੂੰ ਦਰਖ਼ਤ ਦੀ ਛਿਲ ਦੇ ਬੂਟ ਬਣਾ ਦਿਆਂਗਾ।"

"ਠੀਕ ਏ," ਇਵਾਨ ਨੇ ਕਿਹਾ, "ਮੈਂ ਚਲਾ ਜਾਵਾਂਗਾ।"

ਉਹਨੇ ਕੁਝ ਰੋਟੀ ਫੜੀ, ਬਾਪੂ ਦੀ ਕਬਰ 'ਤੇ ਜਾ ਪਹੁੰਚਿਆ ਤੇ ਬਹਿ ਕੇ ਉਡੀਕਣ ਲਗਾ। ਜਦੋਂ ਅੱਧੀ ਰਾਤ ਹੋਈ, ਧਰਤੀ ਦੋਫਾੜ ਹੋ ਗਈ, ਬੁਢਾ ਬਾਪੂ ਕਬਰ ਵਿਚੋਂ ਉਠ ਖਲੋਤਾ ਤੇ ਬੋਲਿਆ :

"ਕੌਣ ਏ? ਤੂੰ ਏਂ, ਮੇਰੇ ਦੂਜੇ ਪੁਤਰਾ? ਦੱਸ ਰੂਸ ਦਾ ਕੀ ਹਾਲ ਏ : ਕੁੱਤੇ ਭੌਂਕ ਰਹੇ ਨੇ, ਬਘਿਆੜ ਚਾਂਗਰਾਂ ਮਾਰ ਰਹੇ ਨੇ ਜਾਂ ਮੇਰਾ ਬੱਚਾ ਰੋ ਰਿਹੈ?"

ਤੇ ਇਵਾਨ ਨੇ ਜਵਾਬ ਦਿਤਾ :

"ਮੈਂ ਵਾਂ, ਤੁਹਾਡਾ ਪੁੱਤਰ, ਬਾਪੂ ਜੀ। ਰੂਸ 'ਚ ਅਮਨ-ਅਮਾਨ ਏ।"

ਤਾਂ ਬਾਪੂ ਨੇ ਇਵਾਨ ਦੀ ਲਿਆਂਦੀ ਰੋਟੀ ਢਿਡ ਭਰ ਕੇ ਖਾਧੀ ਤੇ ਫੇਰ ਆਪਣੀ ਕਬਰ ਵਿਚ ਲੇਟ ਗਿਆ। ਤੇ ਇਵਾਨ ਰਾਹ ਵਿਚ ਖੁੰਬਾਂ ਇਕੱਠੀਆਂ ਕਰਨ ਲਈ ਅਟਕਦਾ ਅਟਕਾਂਦਾ, ਘਰ ਨੂੰ ਹੋ ਪਿਆ। ਉਹ ਘਰ ਪਹੁੰਚਿਆ ਤੇ ਉਹਦਾ ਦੂਜਾ ਭਰਾ ਉਹਨੂੰ ਪੁਛੱਣ ਲਗਾ :

"ਜਿਹੜੀ ਰੋਟੀ ਲੈ ਗਿਆ ਸੈਂ, ਬਾਪੂ ਨੇ ਖਾਧੀ ਸੀ ਉਹ?"

"ਹਾਂ," ਇਵਾਨ ਨੇ ਜਵਾਬ ਦਿਤਾ। "ਢਿਡ ਭਰ ਕੇ ਖਾਧੀ ਸਾਨੇਂ।"

ਤੀਜੀ ਰਾਤ ਨੂੰ ਕਬਰ 'ਤੇ ਜਾਣ ਦੀ ਇਵਾਨ ਦੀ ਵਾਰੀ ਸੀ ਤੇ ਉਹਨੇ ਆਪਣੇ ਭਰਾਵਾਂ ਨੂੰ ਆਖਿਆ :

"ਦੋ ਰਾਤਾਂ ਬਾਪੂ ਦੀ ਕਬਰ 'ਤੇ ਮੈਂ ਜਾਂਦਾ ਰਿਹਾਂ। ਹੁਣ ਜਾਣ ਦੀ ਵਾਰੀ ਤੁਹਾਡੀ ਏ ਤੇ ਮੈਂ ਘਰ ਰਹਾਂਗਾ ਤੇ ਆਰਾਮ ਕਰਾਂਗਾ।"

"ਨਹੀਂ, ਨਹੀਂ," ਭਰਾਵਾਂ ਨੇ ਜਵਾਬ ਦਿਤਾ। "ਤੈਨੂੰ ਈ ਜਾਣਾ ਚਾਹੀਦੈ, ਇਵਾਨ, ਕਿਉਂਕਿ ਤੂੰ ਤਾਂ ਹੁਣ ਆਦੀ ਹੋ ਚੁੱਕਾ ਏਂ।"

"ਬਹੁਤ ਹੱਛਾ," ਇਵਾਨ ਮੰਨ ਗਿਆ, "ਮੈਂ ਚਲਾ ਜਵਾਂਗਾ।"

ਉਹਨੇ ਕੁਝ ਰੋਟੀ ਫੜੀ ਤੇ ਕਬਰ 'ਤੇ ਜਾ ਪਹੁੰਚਿਆ ਤੇ ਜਦੋਂ ਅੱਧੀ ਰਾਤ ਹੋਈ, ਧਰਤੀ ਦੋਫਾੜ ਹੋ ਗਈ ਤੇ ਬੁੱਢਾ ਬਾਪੂ ਕਬਰ ਵਿਚੋਂ ਉਠ ਖਲੋਤਾ।

"ਕੌਣ ਏ?" ਉਹਨੇ ਆਖਿਆ। "ਤੂੰ ਏਂ, ਇਵਾਨ, ਮੇਰੇ ਤੀਜੇ ਪੁਤਰਾ? ਦੱਸ ਰੂਸ ਦਾ ਕੀ ਹਾਲ ਏ : ਕੁੱਤੇ ਭੌਂਕ ਰਹੇ ਨੇ, ਬਘਿਆੜ ਚਾਂਗਰਾਂ ਮਾਰ ਰਹੇ ਨੇ ਜਾਂ ਮੇਰਾ ਬੱਚਾ ਰੋ ਰਿਹੈ?"

ਤੇ ਇਵਾਨ ਨੇ ਜਵਾਬ ਦਿਤਾ :

"ਮੈਂ ਵਾਂ, ਬਾਪੂ ਜੀ, ਤੁਹਾਡਾ ਪੁੱਤਰ ਇਵਾਨ। ਰੂਸ 'ਚ ਅਮਨ-ਅਮਾਨ ਏ।"

ਤਾਂ ਬਾਪੂ ਨੇ ਇਵਾਨ ਦੀ ਲਿਆਂਦੀ ਰੋਟੀ ਢਿਡ ਭਰ ਕੇ ਖਾਧੀ ਤੇ, ਇਵਾਨ ਨੂੰ ਕਹਿਣ ਲੱਗਾ :

"ਇਵਾਨ, ਤੂੰ ਈ ਏਂ, ਜਿਨ੍ਹੇ ਮੇਰਾ ਹੁਕਮ ਮੰਨਿਐ। ਤੂੰ ਨਹੀਂ ਡਰਿਆ, ਤਿੰਨ ਰਾਤਾਂ ਮੇਰੀ ਕਬਰ ਤੇ ਆਉਣ ਤੋਂ। ਹੁਣ ਤੂੰ ਖੁਲ੍ਹੇ ਮੈਦਾਨ 'ਚ ਜਾ ਖਲੋ ਤੇ ਉਚੀ ਸਾਰੀ ਬੋਲ : 'ਸੁਰੰਗ-ਸਲੇਟੀ, ਸੁਣ, ਕਰ ਛੇਤੀ! ਤੈਨੂੰ ਸੱਦਾਂ ਇਧਰ, ਕਰ ਜਾਂ ਮਰ!' ਜਦੋਂ ਘੋੜਾ ਤੇਰੇ ਸਾਹਮਣੇ ਆਵੇ, ਚੜ੍ਹ ਕੇ

ਉਹਦੇ ਸੱਜੇ ਕੰਨ 'ਚ ਵੜ ਜਾਈਂ ਤੇ ਖੱਬੇ 'ਚੋਂ ਨਿਕਲ ਆਈਂ, ਤੇ ਤੂੰ ਏਨਾ ਸੁਹਣਾ ਗਭਰੂ ਬਣ ਕੇ ਨਿਕਲੇਂਗਾ, ਜਿੰਨਾ ਸੁਹਣਾ ਕਦੀ ਕਿਸੇ ਨਹੀਂ ਵੇਖਿਆ ਹੋਣਾ। ਫੇਰ ਘੋੜੇ ਤੇ ਬਹਿ ਜਾਈਂ ਤੇ ਜਿਥੇ ਦਿਲ ਕਰਦਾ ਈ, ਚਲਾ ਜਾਈਂ।"

ਇਵਾਨ ਨੇ ਬਾਪੂ ਦੀ ਦਿੱਤੀ ਲਗਾਮ ਫੜ ਲਈ, ਉਹਦਾ ਸ਼ੁਕਰੀਆ ਅਦਾ ਕੀਤਾ, ਤੇ ਰਾਹ ਵਿਚ ਖੁੰਬਾਂ ਇਕੱਠੀਆਂ ਕਰਨ ਲਈ ਅਟਕਦਾ ਅਟਕਾਂਦਾ ਘਰ ਵਲ ਨੂੰ ਹੋ ਗਿਆ। ਉਹ ਘਰ ਪਹੁੰਚਿਆ ਤੇ ਉਹਦੇ ਭਰਾਵਾਂ ਨੇ ਉਹਨੂੰ ਪੁਛਿਆ:

"ਬਾਪੂ ਮਿਲਿਆ ਸਾਈ?"

"ਹਾਂ, ਮਿਲੇ ਸਨ," ਇਵਾਨ ਨੇ ਜਵਾਬ ਦਿੱਤਾ।

"ਜਿਹੜੀ ਰੋਟੀ ਲੈ ਗਿਆ ਸੈਂ, ਖਾਧੀ ਸੀ ਉਹਨੇ?"

"ਹਾਂ, ਢਿਡ ਭਰ ਕੇ ਖਾਧੀ ਸਾਨੇਂ ਤੇ ਮੈਨੂੰ ਆਖਿਆ ਸਾਨੇਂ, ਹੁਣ ਫੇਰ ਉਹਨਾਂ ਦੀ ਕਬਰ 'ਤੇ ਨਾ ਆਵਾਂ।"

ਤੇ, ਐਨ ਉਹਨੀਂ ਹੀ ਦਿਨੀਂ ਜ਼ਾਰ ਨੇ ਢੰਡੋਰਾ ਫਿਰਵਾਇਆ ਕਿ ਸਾਰੇ ਸੁਨੱਖੇ ਗਭਰੂ ਉਹਦੇ ਦਰਬਾਰ ਵਿਚ ਇਕੱਠੇ ਹੋਣ। ਜ਼ਾਰ ਦੀ ਧੀ, ਜ਼ਾਰਜ਼ਾਦੀ ਸੁੰਦਰੀ, ਨੇ ਆਪਣੇ ਲਈ ਬਾਰਾਂ ਥੰਮਿਆਂ ਤੇ ਸ਼ਾਹਬਲੂਤ ਦੀਆਂ ਬਾਰਾਂ ਗੇਲੀਆਂ ਵਾਲਾ ਇਕ ਮਹਿਲ ਬਣਵਾਇਆ ਸੀ। ਤੇ ਉਹਦੇ ਵਿਚ ਉਹਨੇ ਸਭ ਤੋਂ ਉਪਰ ਵਾਲੇ ਕਮਰੇ ਦੀ ਬਾਰੀ ਵਿਚ ਬਹਿਣਾ ਸੀ ਤੇ ਓਸ ਜਣੇ ਨੂੰ ਉਡੀਕਣਾ ਸੀ ਜਿਹੜਾ ਘੋੜੇ ਦੀ ਅਸਵਾਰੀ ਕਰਦਾ ਉਹਦੀ ਬਾਰੀ ਜਿੰਨੀ ਉਚੀ ਛਾਲ ਮਾਰ ਲਵੇ ਤੇ ਉਹਦੇ ਬੁਲ੍ਹਾਂ ਨੂੰ ਚੁੰਮ ਲਵੇ। ਉਹਨੂੰ, ਜਿਹੜਾ ਇਹ ਕੁਝ ਕਰਨ ਵਿਚ ਕਾਮਯਾਬ ਹੋ ਜਾਵੇ, ਭਾਵੇਂ ਉਹ ਉਚੇ ਘਰਾਣੇ ਦਾ ਜੰਮਪਲ ਹੋਵੇ ਜਾਂ ਨੀਵੇਂ ਘਰਾਣੇ ਦਾ, ਜ਼ਾਰ ਨੇ ਆਪਣੀ ਧੀ, ਜ਼ਾਰਜ਼ਾਦੀ ਸੁੰਦਰੀ, ਦਾ ਡੋਲਾ ਦੇ ਦੇਣਾ ਸੀ ਤੇ ਨਾਲੇ ਆਪਣਾ ਅੱਧਾ ਰਾਜ।

ਇਹਦੀ ਖਬਰ ਇਵਾਨ ਦੇ ਭਰਾਵਾਂ ਦੇ ਕੰਨੀਂ ਵੀ ਪਈ, ਤੇ ਉਹਨਾਂ ਆਪੋ ਵਿਚ ਕਿਸਮਤ ਅਜ਼ਮਾਣ ਦਾ ਮਤਾ ਪਕਾ ਲਿਆ।

ਉਹਨਾਂ ਆਪਣੇ ਬਹਾਦਰ ਘੋੜਿਆਂ ਨੂੰ ਜਵੀ ਚਰਾਈ ਤੇ ਉਹਨਾਂ ਨੂੰ ਤਬੇਲਿਆਂ ਤੋਂ ਕੱਢ ਲਿਆ, ਤੇ ਉਹਨਾਂ ਆਪ ਆਪਣੇ ਸਭ ਤੋਂ ਸੁਹਣੇ ਕਪੜੇ ਪਾ ਲਏ ਤੇ ਆਪਣੇ ਕੁੰਡਲਾਂ ਵਾਲੇ ਛਤਿਆਂ ਨੂੰ ਕੰਘੀ ਕਰ ਲਈ। ਤੇ ਇਵਾਨ ਨੇ, ਜਿਹੜਾ ਚਿਮਨੀ ਦੇ ਪਿਛੇ ਵੱਲ ਸਟੋਵ ਦੇ ਉਤੇ ਬੈਠਾ ਸੀ, ਉਹਨਾਂ ਨੂੰ ਆਖਿਆ:

"ਭਰਾਵੋ, ਭਰਾਵੋ, ਮੈਨੂੰ ਵੀ ਨਾਲ ਲੈ ਚੱਲੋ, ਤੇ ਮੈਨੂੰ ਵੀ ਕਿਸਮਤ ਅਜ਼ਮਾ ਕੇ ਵੇਖ ਲੈਣ ਦਿਓ।"

"ਵਾਹ ਓਏ ਸਟੋਵ ਤੇ ਪਏ ਮੂਰਖਾ!" ਉਹਦੇ ਭਰਾ ਹੱਸੇ। "ਜੇ ਸਾਡੇ ਨਾਲ ਗਿਆ ਤਾਂ ਲੋਕ

ਖੰਭੀ ਹੀ ਉਡਾਣਗੇ ਨੀ। ਜਾ, ਜਾ ਕੇ ਜੰਗਲ 'ਚੋਂ ਖੰਭਾਂ ਲਭ।"

ਭਰਾ ਆਪਣੇ ਬਹਾਦਰ ਘੋੜਿਆਂ ਉਤੇ ਬਹਿ ਗਏ, ਉਹਨਾਂ ਆਪਣੇ ਟੋਪ ਫਬਾ ਲਏ, ਸੀਟੀ ਮਾਰੀ ਤੇ ਜੈਕਾਰਾ ਲਾਇਆ ਤੇ ਧੂੜ ਦਾ ਬੱਦਲ ਉਡਾਂਦਿਆਂ ਘੋੜਿਆਂ ਨੂੰ ਸੜਕ ਵੱਲ ਸਰਪਟ ਦੌੜਾ ਦਿੱਤਾ। ਇਵਾਨ ਨੇ ਬਾਪੂ ਦੀ ਦਿੱਤੀ ਲਗਾਮ ਫੜੀ, ਬਾਹਰ ਖੁਲ੍ਹੇ ਮੈਦਾਨ ਵਿਚ ਨਿਕਲ ਆਇਆ ਤੇ, ਜਿਵੇਂ ਉਹਦੇ ਬਾਪੂ ਨੇ ਉਹਨੂੰ ਸਿਖਾਇਆ ਸੀ, ਉੱਚੀ ਸਾਰੀ ਬੋਲਿਆ :

"ਸੁਰੰਗ-ਸਲੇਟੀ, ਸੁਣ ਕਰ ਛੇਤੀ! ਤੈਨੂੰ ਸੱਦਾਂ ਇਧਰ, ਕਰ ਜਾਂ ਮਰ!"

ਤੇ ਉਹ ਕੀ ਵੇਖਦਾ ਏ! ਇਕ ਘੋੜੇ ਕੀਤੀ ਧਾਈ, ਧਰਤ ਕੰਬਾਈ। ਉਹਦੀਆਂ ਨਾਸਾਂ ਵਿਚੋਂ ਲਾਟਾਂ ਨਿਕਲ ਰਹੀਆਂ ਸਨ ਤੇ ਉਹਦੇ ਕੰਨਾਂ ਵਿਚੋਂ ਧੂੰਏਂ ਦੇ ਬੱਦਲ ਉਡ ਰਹੇ ਸਨ। ਘੋੜਾ ਦੌੜਦਾ-ਦੌੜਦਾ ਇਵਾਨ ਕੋਲ ਪਹੁੰਚਿਆ, ਅਸਲੋਂ ਅਹਿਲ ਹੋ ਕੇ ਖਲੋ ਗਿਆ ਤੇ ਬੋਲਿਆ :

"ਇਵਾਨ, ਤੁਹਾਡੀ ਕੀ ਇੱਛਾ ਏ?"

ਇਵਾਨ ਨੇ ਘੋੜੇ ਦੀ ਧੌਣ ਉਤੇ ਥਾਪੜਾ ਦਿੱਤਾ, ਉਹਨੂੰ ਲਗਾਮ ਪਾਈ, ਉਹ ਉਹਦੇ ਸੱਜੇ ਕੰਨ ਵਿਚ ਵੜ ਗਿਆ ਤੇ ਉਹਦੇ ਖੱਬੇ ਕੰਨ ਵਿਚੋਂ ਨਿਕਲ ਆਇਆ। ਤਾਂ ਵੇਖੋ ਕੀ ਹੋਇਆ! ਉਹ ਏਨਾ ਸੁਣੱਖਾ ਗਭਰੂ ਬਣ ਨਿਕਲਿਆ, ਜਿੰਨਾ ਜਾਵੇ ਨਾ ਬੁਝਿਆ, ਜਾਵੇ ਨਾ ਮੰਨਿਆ, ਜਾਵੇ ਨਾ ਲਿਖਿਆ। ਉਹ ਸੁਰੰਗ-ਸਲੇਟੀ ਉਤੇ ਬਹਿ ਗਿਆ ਤੇ ਜ਼ਾਰ ਦੇ ਮਹਿਲ ਵੱਲ ਹੋ ਪਿਆ। ਸੁਰੰਗ-ਸਲੇਟੀ ਪੂਛ ਝੁਲਾਰ, ਹੋਇਆ ਪਹਾੜ, ਵਾਦੀਆਂ ਤੋਂ ਪਾਰ, ਉਸ ਪਾਰ, ਰੁਖ ਟੱਪੇ ਵਾਂਗ ਹਵਾ, ਹਫ਼ਤਾ ਜਾਂ ਦਿਨ ਭਜਦਾ ਗਿਆ।

ਜਦੋਂ ਅਖ਼ੀਰ ਇਵਾਨ ਦਰਬਾਰ ਵਿਚ ਪਹੁੰਚਿਆ, ਮਹਿਲ ਦਾ ਮੈਦਾਨ ਲੋਕਾਂ ਨਾਲ ਤੂੜਿਆ ਪਿਆ ਸੀ। ਬਾਰਾਂ ਥੰਮਿਆਂ ਤੇ ਗੋਲੀਆਂ ਦੀਆਂ ਬਾਰਾਂ ਪਾਲਾਂ ਵਾਲਾ ਮਹਿਲ ਖੜਾ ਸੀ, ਤੇ ਉਹਦੇ ਸਭ ਤੋਂ ਉਤਲੇ ਚੁਬਾਰੇ ਵਿਚ, ਆਪਣੇ ਕਮਰੇ ਦੀ ਬਾਰੀ ਵਿਚ, ਜ਼ਾਰਜ਼ਾਦੀ ਸੁੰਦਰੀ ਬੈਠੀ ਸੀ।

ਜ਼ਾਰ ਬਾਹਰ ਡਿਉੜੀ ਵਿਚ ਨਿਕਲਿਆ ਤੇ ਬੋਲਿਆ :

"ਸੁਣੱਖੇ ਗਭਰੂਓ, ਤੁਹਾਡੇ ਵਿਚੋਂ ਜਿਹੜਾ ਘੋੜੇ 'ਤੇ ਅਸਵਾਰੀ ਕਰਦਾ ਉਸ ਬਾਰੀ ਜਿੰਨੀ ਉੱਚੀ ਛਾਲ ਮਾਰ ਲਏਗਾ ਤੇ ਮੇਰੀ ਧੀ ਦੇ ਬੁਲ੍ਹਾਂ 'ਤੇ ਚੁੰਮਣ ਦੇ ਲਏਗਾ, ਉਹਨੂੰ ਮੇਰੀ ਧੀ ਦਾ ਡੋਲਾ ਦੇ ਦਿਤਾ ਜਾਵੇਗਾ ਤੇ ਨਾਲੇ ਮੇਰਾ ਅੱਧਾ ਰਾਜ।"

ਜ਼ਾਰਜ਼ਾਦੀ ਸੁੰਦਰੀ ਦੇ ਚਾਹਵਾਨ ਅੱਗੜ-ਪਿੱਛੜ ਘੋੜੇ ਦੁੜਾਂਦੇ ਆਏ ਤੇ ਉਹਨਾਂ ਕਲੋਲਾਂ ਕੀਤੀਆਂ ਤੇ ਛਾਲਾਂ ਮਾਰੀਆਂ, ਪਰ ਬਾਰੀ ਸੀ ਕਿ ਉਹਨਾਂ ਦੀ ਪਹੁੰਚ ਤੋਂ ਦੂਰ ਹੀ ਰਹੀ। ਬਾਕੀਆਂ ਦੇ ਨਾਲ ਨਾਲ ਇਵਾਨ ਦੇ ਦੋਵਾਂ ਭਰਾਵਾਂ ਨੇ ਵੀ ਕੋਸ਼ਿਸ਼ ਕੀਤੀ, ਪਰ ਉਹ ਅਧ ਤੱਕ ਵੀ ਨਾ ਪਹੁੰਚ ਸਕੇ।

ਜਦੋਂ ਇਵਾਨ ਦੀ ਵਾਰੀ ਆਈ, ਉਹਨੇ ਸੁਰੰਗ-ਸਲੇਟੀ ਨੂੰ ਦੁੜਕੀਏ ਪਾ ਦਿਤਾ ਤੇ ਜੈਕਾਰਾ

ਗਜਾਂਦਾ ਤੇ ਨਾਅਰਾ ਲਾਂਦਾ ਉਹ ਛਾਲ ਮਾਰ ਗੇਲੀਆਂ ਦੀ ਦੋ ਛਡ ਸਭ ਤੋਂ ਉਚੀ ਪਾਲ ਤੱਕ ਪਹੁੰਚ ਗਿਆ। ਉਹ ਫੇਰ ਆਇਆ ਤੇ ਛਾਲ ਮਾਰ ਗੇਲੀਆਂ ਦੀ ਇਕ ਛਡ ਸਭ ਤੋਂ ਉਚੀ ਪਾਲ ਤੱਕ ਪਹੁੰਚ ਗਿਆ। ਉਹਦੇ ਹਥ ਇਕ ਹੋਰ ਮੌਕਾ ਰਹਿ ਗਿਆ ਸੀ ਤੇ ਉਹ ਸੁਰੰਗ-ਸਲੇਟੀ ਨੂੰ ਓਦੋਂ ਤੱਕ ਟਪਾਉਂਦਾ ਤੇ ਘੁਮੇਟਣੀਆਂ ਦੇਂਦਾ ਰਿਹਾ, ਜਦੋਂ ਤੱਕ ਘੋੜਾ ਭੁੜਕਣ ਤੇ ਸੂਕਣ ਨਾ ਲਗ ਪਿਆ। ਫੇਰ, ਬਾਰੀ ਅਗੋਂ ਅੱਗ ਵਾਂਗ ਲੰਘਦਿਆਂ, ਉਹਨੇ ਬਹੁਤ ਉਚੀ ਛਾਲ ਮਾਰੀ ਤੇ ਜ਼ਾਰਜ਼ਾਦੀ ਸੁੰਦਰੀ ਦੇ ਸ਼ਹਿਦ-ਮਿੱਠੇ ਬੁਲ੍ਹ ਚੁੰਮ ਲਏ। ਤੇ ਜ਼ਾਰਜ਼ਾਦੀ ਨੇ ਆਪਣੀ ਮੁਹਰ ਵਾਲੀ ਮੁੰਦਰੀ ਉਹਦੇ ਮੱਥੇ ਉਤੇ ਮਾਰੀ ਤੇ ਉਹਦੇ ਉਤੇ ਆਪਣੀ ਮੁਹਰ ਲਾ ਦਿਤੀ।

ਲੋਕੀਂ ਕੂਕਾਂ ਮਾਰਨ ਲਗ ਪਏ: "ਰੋਕਣਾ ਸੂ! ਫੜਨਾ ਸੂ!" ਪਰ ਇਵਾਨ ਤੇ ਉਹਦਾ ਘੋੜਾ ਧੂੜ ਦੇ ਬੱਦਲ ਵਿਚ ਅਲੋਪ ਹੋ ਗਏ।

ਛਾਲਾਂ ਮਾਰਦੇ ਉਹ ਖੁਲ੍ਹੇ ਮੈਦਾਨ ਵਿਚ ਆ ਗਏ, ਤੇ ਇਵਾਨ ਸੁਰੰਗ-ਸਲੇਟੀ ਦੇ ਖੱਬੇ ਕੰਨ ਵਿਚ ਵੜ੍ਹ ਗਿਆ ਤੇ ਉਹਦੇ ਸੱਜੇ ਕੰਨ ਵਿਚੋਂ ਨਿਕਲ ਆਇਆ, ਤੇ ਵੇਖੋ ਹੋਇਆ ਕੀ! ਉਹਦੀ ਫੇਰ ਆਪਣੀ ਅਸਲ ਸ਼ਕਲ ਹੋ ਗਈ। ਉਹਨੇ ਸੁਰੰਗ-ਸਲੇਟੀ ਨੂੰ ਖੁਲ੍ਹਾ ਛਡ ਦਿਤਾ, ਤੇ ਆਪ ਰਾਹ ਵਿਚ ਕੁਝ ਖੁੰਬਾਂ ਇੱਕਠੀਆਂ ਕਰਨ ਲਈ ਅਟਕਦਾ ਅਟਕਾਂਦਾ, ਘਰ ਵਲ ਨੂੰ ਹੋ ਪਿਆ। ਉਹ ਘਰ ਵਿਚ ਵੜਿਆ, ਉਹਨੇ ਆਪਣੇ ਮੱਥੇ ਉਤੇ ਪੱਟੀ ਬੰਨ੍ਹ ਲਈ ਤੇ ਸਟੋਵ ਦੇ ਉਤੇ ਚੜ੍ਹ ਗਿਆ ਤੇ ਓਥੇ ਉਵੇਂ ਹੀ ਲੰਮਾ ਪੈ ਗਿਆ, ਜਿਵੇਂ ਉਹ ਪਹਿਲੋਂ ਪਿਆ ਹੋਇਆ ਸੀ।

ਹੌਲੀ ਹੌਲੀ ਉਹਦੇ ਭਰਾ ਆਣ ਪੁੱਜੇ, ਤੇ ਉਹਨੂੰ ਦੱਸਣ ਲਗ ਪਏ, ਉਹ ਕਿਥੇ ਕਿਥੇ ਗਏ ਸਨ ਤੇ ਉਹਨਾਂ ਕੀ ਕੀ ਵੇਖਿਆ ਸੀ।

"ਜ਼ਾਰਜ਼ਾਦੀ ਦੇ ਚਾਹਵਾਨਾਂ ਦਾ ਸ਼ੁਮਾਰ ਨਹੀਂ ਸੀ, ਤੇ ਸੁਹਣੇ ਵੀ ਸਨ," ਉਹਨਾਂ ਦੱਸਿਆ। "ਪਰ ਇਕ ਸੀ, ਜਿਦ੍ਹੇ ਸਾਹਮਣੇ ਉਹ ਕੁਝ ਨਹੀਂ ਸਨ ਲਗਦੇ। ਉਹਨੇ ਆਪਣੇ ਸ਼ੂਕਰਦੇ ਘੋੜੇ 'ਤੇ ਜ਼ਾਰਜ਼ਾਦੀ ਦੀ ਬਾਰੀ ਜਿੰਨੀ ਉੱਚੀ ਛਾਲ ਮਾਰੀ ਤੇ ਉਹਦੇ ਬੁਲ੍ਹ ਚੁੰਮ ਲਏ। ਅਸੀਂ ਉਹਨੂੰ ਆਉਂਦਿਆਂ ਤਾਂ ਵੇਖਿਆ ਸੀ, ਪਰ ਜਾਂਦਿਆਂ ਨਹੀਂ ਵੇਖਿਆ।"

ਚਿਮਨੀ ਪਿਛੋਂ ਆਪਣੀ ਥਾਂ ਤੋਂ ਇਵਾਨ ਨੇ ਕਿਹਾ:

"ਤੁਸੀਂ ਸ਼ਾਇਦ ਮੈਨੂੰ ਵੇਖਿਆ ਹੋਵੇ।"

ਉਹਦੇ ਭਰਾਵਾਂ ਨੂੰ ਗੁੱਸਾ ਚੜ੍ਹ ਗਿਆ ਤੇ ਉਹ ਬੋਲ ਪਏ:

"ਬੇਵਕੂਫ਼! ਝੱਲੀਆਂ ਮਾਰ ਰਿਹੈ। ਬੈਠਾ ਰਹੁ ਸਟੋਵ ਉਤੇ ਤੇ ਖਾ ਆਪਣੀਆਂ ਖੁੰਬਾਂ।"

ਫੇਰ ਇਵਾਨ ਨੇ ਪੱਟੀ ਖੋਲ੍ਹੀ ਜਿਨ੍ਹੇ ਜ਼ਾਰਜ਼ਾਦੀ ਦੀ ਮਹੁਰ ਵਾਲੀ ਮੁੰਦਰੀ ਦਾ ਨਿਸ਼ਾਨ ਕੱਜਿਆ ਹੋਇਆ ਸੀ ਤੇ ਇਕਦਮ ਹੀ ਇਕ ਰੋਸ਼ਨ ਲੋਅ ਨਾਲ ਝੁੱਗੀ ਜਗਮਗਾ ਪਈ। ਭਰਾ ਡਰ ਗਏ ਤੇ ਰੋਣ ਕੁਰਲਾਣ ਲੱਗੇ।

"ਓਏ ਬੇਵਕੂਫਾ, ਕੀ ਪਿਆ ਕਰਨੈਂ? ਘਰ ਨੂੰ ਅੱਗ ਲਾ ਕੇ ਰਹੇਂਗਾ!"

ਅਗਲੇ ਦਿਨ ਜ਼ਾਰ ਨੇ ਦਾਅਵਤ ਕੀਤੀ ਤੇ ਉਹਦੇ ਵਿਚ ਉਹਨੇ ਆਪਣੀ ਸਾਰੀ ਰਿਆਇਆ ਨੂੰ ਸੱਦਿਆ, ਕੀ ਜਾਗੀਰਦਾਰ ਤੇ ਨਵਾਬ ਤੇ ਕੀ ਆਮ ਲੋਕੀਂ, ਕੀ ਅਮੀਰ ਤੇ ਕੀ ਗਰੀਬ, ਕੀ ਜਵਾਨ ਤੇ ਕੀ ਬੁਢੇ। ਇਵਾਨ ਦੇ ਭਰਾ ਵੀ ਦਾਅਵਤ ਵਿਚ ਜਾਣ ਲਈ ਤਿਆਰ ਹੋਣ ਲਗੇ।

"ਭਰਾਵੋ, ਭਰਾਵੋ, ਮੈਨੂੰ ਨਾਲ ਲੈ ਜਾਵੋ," ਇਵਾਨ ਨੇ ਅਰਜ਼ੋਈ ਕੀਤੀ।

"ਕੀ ਕਿਹਾ ਈ?" ਉਹ ਹੱਸੇ। "ਸਾਰੇ ਖਿੱਲੀ ਉਡਾਣਗੇ ਨੀ। ਏਥੇ ਸਟੋਵ 'ਤੇ ਬੈਠਾ ਰਹੁ ਤੇ ਆਪਣੀਆਂ ਖੁੰਬਾਂ ਖਾ।"

ਫੇਰ ਭਰਾ ਆਪਣੇ ਬਹਾਦਰ ਘੋੜਿਆਂ ਉਤੇ ਬਹਿ ਗਏ ਤੇ ਦੂਰ ਨਿਕਲ ਗਏ, ਤੇ ਇਵਾਨ ਉਹਨਾਂ ਦੇ ਪਿਛੇ ਪਿਛੇ ਪੈਦਲ ਤੁਰ ਪਿਆ। ਉਹ ਜ਼ਾਰ ਦੇ ਮਹਿਲ ਪਹੁੰਚ ਗਿਆ ਤੇ ਇਕ ਦੁਰਾਡੀ ਨੁਕਰੇ ਬੈਠ ਗਿਆ। ਤਾਂ ਜ਼ਾਰਜ਼ਾਦੀ ਸੁੰਦਰੀ ਨੇ ਸਭਨਾਂ ਮਹਿਮਾਨਾਂ ਦਾ ਚੱਕਰ ਕਢਣਾ ਸ਼ੁਰੂ ਕੀਤਾ। ਉਹ ਹਰ ਇਕ ਨੂੰ ਸ਼ਰਾਬ ਦੀ ਸੁਰਾਹੀ ਵਿਚੋਂ ਇਕ ਜਾਮ ਪਿਆਂਦੀ ਤੇ ਇਹ ਤੱਕਣ ਲਈ ਉਹਨਾਂ ਦੇ ਮੱਥੇ ਵੇਖਦੀ ਕਿ ਉਥੇ ਉਹਦੀ ਮੁਹਰ ਦਾ ਨਿਸ਼ਾਨ ਹੈ ਕਿ ਨਹੀਂ।

ਉਹਨੇ ਇਵਾਨ ਤੋਂ ਛੁਟ ਸਾਰਿਆਂ ਮਹਿਮਾਨਾਂ ਦਾ ਚੱਕਰ ਲਾ ਲਿਆ, ਤੇ ਜਦੋਂ ਉਹ ਉਹਦੇ ਕੋਲ ਅਪੜੀ, ਉਹਦਾ ਦਿਲ ਡੁੱਬਣ ਲਗਾ। ਉਹਨੇ ਇਵਾਨ ਵੱਲ ਤਕਿਆ। ਉਹ ਸਾਰੇ ਦਾ ਸਾਰਾ ਕਾਲਖ ਨਾਲ ਭਰਿਆ ਪਿਆ ਸੀ। ਉਹਦੇ ਲੂੰ-ਕੰਢੇ ਖੜੇ ਸਨ।

ਜ਼ਾਰਜ਼ਾਦੀ ਸੁੰਦਰੀ ਨੇ ਕਿਹਾ:

"ਕੌਣ ਏਂ ਤੂੰ? ਕਿਥੋਂ ਆਇਆ ਏਂ? ਤੇ ਮੱਥਾ ਪੱਟੀ ਨਾਲ ਕਿਉਂ ਬੰਨ੍ਹਿਆ ਹੋਇਆ ਈ?"

"ਡਿੱਗ ਕੇ ਸਟ ਲਗ ਗਈ ਸੀ," ਇਵਾਨ ਨੇ ਜਵਾਬ ਦਿੱਤਾ।

ਜ਼ਾਰਜ਼ਾਦੀ ਨੇ ਪੱਟੀ ਖੋਲ੍ਹੀ ਤੇ ਇਕਦਮ ਹੀ ਮਹਿਲ ਇਕ ਡਲ੍ਹਕਦੀ ਲਾਲੀ ਨਾਲ ਝਮ ਝਮ ਕਰਨ ਲੱਗ ਪਿਆ।

"ਇਹ ਵੇ ਮੇਰੀ ਮੁਹਰ!" ਉਹ ਕੂਕ ਉਠੀ। "ਇਹ ਜੇ ਮੇਰਾ ਮੰਗੇਤਰ।"

ਜ਼ਾਰ ਇਵਾਨ ਦੇ ਕੋਲ ਆਇਆ, ਉਹਨੇ ਉਹਦੇ ਵੱਲ ਵੇਖਿਆ ਤੇ ਕਹਿਣ ਲਗਾ:

"ਨਹੀਂ, ਨਹੀਂ, ਜ਼ਾਰਜ਼ਾਦੀਏ! ਇਹ ਨਹੀਂ ਹੋ ਸਕਦਾ ਤੇਰਾ ਮੰਗੇਤਰ! ਸਾਰਾ ਕਾਲਖ ਨਾਲ ਭਰਿਆ ਹੋਇਐ ਤੇ ਅਸਲੋਂ ਹੀ ਸਿੱਧਾ ਸਾਦੈ।"

ਇਵਾਨ ਨੇ ਜ਼ਾਰ ਨੂੰ ਆਖਿਆ:

"ਹਜ਼ੂਰ, ਮੈਨੂੰ ਮੂੰਹ ਧੋਣ ਦੀ ਆਗਿਆ ਦਿਓ।"

ਜ਼ਾਰ ਨੇ ਉਹਨੂੰ ਇੰਜ ਕਰਨ ਦੀ ਆਗਿਆ ਦੇ ਦਿਤੀ, ਤੇ ਇਵਾਨ ਹਾਤੇ ਵਿਚ ਆਇਆ ਤੇ ਉੱਚੀ ਸਾਰੀ ਬੋਲਿਆ, ਜਿਵੇਂ ਉਹਨੂੰ ਉਹਦੇ ਬਾਪੂ ਨੇ ਸਿਖਾਇਆ ਸੀ:

"ਸੁਰੰਗ-ਸਲੇਟੀ, ਸੁਣ ਕਰ ਛੇਤੀ! ਤੈਨੂੰ ਸੱਦਾਂ ਇਧਰ, ਕਰ ਜਾਂ ਮਰ।"

ਤੇ ਉਹ ਕੀ ਵੇਖਦਾ ਏ! ਸੁਰੰਗ-ਸਲੇਟੀ ਉਹਦੇ ਵੱਲ ਛਾਲਾਂ ਮਾਰਦਾ ਆਇਆ। ਉਹਦੀਆਂ ਟਾਪਾਂ ਹੇਠ ਧਰਤ ਕੰਬ ਉਠੀ, ਉਹਦੀਆਂ ਨਾਸਾਂ ਵਿਚੋਂ ਲਾਟਾਂ ਨਿਕਲ ਰਹੀਆਂ ਸਨ ਤੇ ਉਹਦੇ ਕੰਨਾਂ ਵਿਚੋਂ ਧੂੰਏਂ ਦੇ ਬੱਦਲ ਉਡ ਰਹੇ ਸਨ। ਇਵਾਨ ਉਹਦੇ ਸੱਜੇ ਕੰਨ ਵਿਚ ਵੜ ਗਿਆ ਤੇ ਉਹਦੇ ਖੱਬੇ ਕੰਨ ਵਿਚੋਂ ਨਿਕਲ ਆਇਆ ਤੇ ਉਹ ਏਨਾ ਸੁਣੱਖਾ ਗਭਰੂ ਬਣ ਨਿਕਲਿਆ, ਜਿੰਨਾ ਜਾਵੇ ਨਾ ਬੁਝਿਆ, ਜਾਵੇ ਨਾ ਮੰਨਿਆ, ਜਾਵੇ ਨਾ ਲਿਖਿਆ। ਮਹਿਲ ਅੰਦਰਲੇ ਸਭ ਲੋਕਾਂ ਨੇ ਜਦੋਂ ਉਹਨੂੰ ਵੇਖਿਆ, ਉਹ ਵਾਹ ਵਾਹ ਕਰ ਉਠੇ।

ਇਸ ਪਿਛੋਂ ਕਿਸੇ ਕੁਝ ਨਾ ਕਿਹਾ।

ਇਵਾਨ ਜ਼ਾਰਜ਼ਾਦੀ ਸੁੰਦਰੀ ਨਾਲ ਵਿਆਹਿਆ ਗਿਆ, ਤੇ ਵਿਆਹ ਦੀ ਖ਼ੁਸ਼ੀ ਮਨਾਉਣ ਲਈ ਰੰਗ-ਰਲੀਆਂ ਵਾਲੀ ਦਾਅਵਤ ਹੋਈ।

ਇਵਾਨ-ਰਾਜਕੁਮਾਰ ਤੇ ਬੱਗਾ ਬਘਿਆੜ

ਇਕ ਵਾਰ ਦੀ ਗੱਲ ਹੈ ਕਿ ਬੇਰੇਨਦੇਈ ਨਾਂ ਦਾ ਇਕ ਜ਼ਾਰ ਸੀ। ਉਹਦੇ ਤਿੰਨ ਪੁਤਰ ਸਨ ਜਿਨ੍ਹਾਂ ਵਿਚੋਂ ਸਭ ਤੋਂ ਛੋਟੇ ਦਾ ਨਾਂ ਸੀ ਇਵਾਨ।

ਜ਼ਾਰ ਦਾ ਇਕ ਖ਼ੂਬਸੂਰਤ ਬਾਗ਼ ਸੀ ; ਇਸ ਬਾਗ਼ ਵਿੱਚ ਸੇਬ ਦਾ ਇਕ ਰੁੱਖ ਸੀ ਜਿਸ ਨੂੰ ਸੁਨਹਿਰੀ ਸੇਬ ਲਗਦੇ ਸਨ।

ਇਕ ਦਿਨ ਜ਼ਾਰ ਨੂੰ ਪਤਾ ਲਗਾ ਕਿ ਕੋਈ ਉਹਦੇ ਬਾਗ਼ ਵਿੱਚ ਆਉਂਦਾ ਹੈ ਤੇ ਉਹਦੇ ਸੁਨਹਿਰੀ ਸੇਬ ਚੁਰਾਕੇ ਲੈ ਜਾਂਦਾ ਹੈ। ਜ਼ਾਰ ਇਸ ਗੱਲੋਂ ਬੜਾ ਦੁਖੀ ਸੀ। ਉਸ ਨੇ ਪਹਿਰੇਦਾਰਾਂ ਨੂੰ ਬਾਗ਼ ਵਿੱਚ ਭੇਜਿਆ, ਪਰ ਉਹ ਚੋਰ ਨੂੰ ਫੜਨ ਵਿੱਚ ਕਾਮਯਾਬ ਨਾ ਹੋਏ।

ਜ਼ਾਰ ਦਾ ਦਿਲ ਏਨਾ ਦੁਖਿਆ ਕਿ ਉਹ ਨਾ ਕੁਝ ਖਾਵੇ ਨਾ ਕੁਝ ਪੀਵੇ। ਉਹਦੇ ਪੁਤਰਾਂ ਨੇ ਉਹਨੂੰ ਢਾਰਸ ਦੇਣ ਦੀ ਕੋਸ਼ਿਸ਼ ਕੀਤੀ।

"ਪਿਆਰੇ ਪਿਤਾ ਜੀ, ਦੁਖੀ ਨਾ ਹੋਵੋ," ਉਹਨਾਂ ਨੇ ਆਖਿਆ, "ਅਸੀਂ ਬਾਗ਼ ਤੇ ਆਪ ਨਿਗਾਹ ਰੱਖਾਂਗੇ।"

ਸਭ ਤੋਂ ਵੱਡੇ ਪੁਤਰ ਨੇ ਕਿਹਾ :

"ਅੱਜ ਪਹਿਰਾ ਦੇਣ ਦੀ ਮੇਰੀ ਵਾਰੀ ਹੈ।"

ਅਤੇ ਉਹ ਬਾਗ਼ ਵਿੱਚ ਚਲਾ ਗਿਆ। ਉਹ ਢੇਰ ਚਿਰ ਤੱਕ ਏਧਰ ਓਧਰ ਫਿਰਦਾ ਤੁਰਦਾ ਰਿਹਾ ਪਰ ਕੋਈ ਉਹਦੀ ਨਜ਼ਰ ਨਾ ਪਿਆ। ਇਸ ਲਈ ਉਹ ਕੂਲੀ ਕੂਲੀ ਘਾਹ ਉਤੇ ਢਹਿ ਪਿਆ ਤੇ ਸੌਂ ਗਿਆ।

ਸਵੇਰ ਵੇਲੇ ਜ਼ਾਰ ਨੇ ਉਸ ਨੂੰ ਪੁਛਿਆ :

"ਸੁਣਾ ਭਈ, ਮੇਰੇ ਲਈ ਕੋਈ ਖ਼ੁਸ਼ਖ਼ਬਰੀ ਲਿਆਇਆ ਏਂ ? ਪਤਾ ਲਾ ਲਿਆ ਈ ਕਿ ਚੋਰ ਕੌਣ ਹੈ ?"

"ਨਹੀਂ, ਪਿਆਰੇ ਪਿਤਾ ਜੀ, ਮੈਂ ਸਹੁੰ ਖਾਣ ਨੂੰ ਤਿਆਰ ਆਂ ਕਿ ਉਥੇ ਕੋਈ ਚੋਰ ਨਹੀਂ। ਸਾਰੀ ਰਾਤ ਮੈਂ ਅੱਖ ਬੰਦ ਨਹੀਂ ਕੀਤੀ, ਪਰ ਮੈਂ ਕੋਈ ਨਹੀਂ ਦੇਖਿਆ।"

ਅਗਲੀ ਰਾਤ ਵਿਚਕਾਰਲਾ ਮੁੰਡਾ ਪਹਿਰਾ ਦੇਣ ਗਿਆ ਅਤੇ ਉਹ ਵੀ ਸੌਂ ਗਿਆ। ਸਵੇਰੇ ਆਕੇ ਉਹਨੇ ਵੀ ਆਖ ਦਿੱਤਾ ਕਿ ਉਸ ਨੂੰ ਤਾਂ ਉਥੇ ਕੋਈ ਦਿਖਾਈ ਨਹੀਂ ਦਿੱਤਾ।

ਹੁਣ ਸਭ ਤੋਂ ਛੋਟੇ ਮੁੰਡੇ ਦੀ ਪਹਿਰਾ ਦੇਣ ਦੀ ਵਾਰੀ ਆਈ। ਰਾਜਕੁਮਾਰ ਇਵਾਨ ਆਪਣੇ ਪਿਓ ਦੇ ਬਾਗ਼ ਵਿੱਚ ਪਹਿਰਾ ਦੇਣ ਗਿਆ, ਅਤੇ ਲੰਮੇ ਪੈਣ ਦੀ ਤਾਂ ਗੱਲ ਹੀ ਛੱਡੋ ਉਹਦਾ ਏਨਾ ਹੌਸਲਾ ਨਾ ਪਿਆ ਕਿ ਬਹਿ ਹੀ ਜਾਏ। ਜਦੋਂ ਉਹਨੂੰ ਨੀਂਦ ਆਉਂਦੀ ਲਗਦੀ ਉਹ ਤ੍ਰੇਲ ਨਾਲ ਆਪਣਾ ਮੂੰਹ ਧੋ ਲੈਂਦਾ ਅਤੇ ਫੇਰ ਸਾਵਧਾਨ ਹੋ ਜਾਂਦਾ।

ਅੱਧੀ ਰਾਤ ਬੀਤ ਗਈ ਸੀ, ਅਤੇ ਅਚਾਨਕ ਉਹ ਕੀ ਵੇਖਦਾ ਹੈ ਕਿ ਬਾਗ਼ ਵਿੱਚ ਝਮ ਝਮ ਕਰਦਾ ਚਾਨਣ ਹੋਇਆ। ਚਾਨਣ ਹੋਰ ਤਿੱਖਾ, ਹੋਰ ਤਿੱਖਾ ਹੁੰਦਾ ਗਿਆ ਅਤੇ ਇਸ ਨਾਲ ਆਲੇ ਦੁਆਲੇ ਦੀ ਹਰ ਚੀਜ਼ ਚਮਕ ਪਈ। ਰਾਜਕੁਮਾਰ ਇਵਾਨ ਨੇ ਗਹੁ ਨਾਲ ਵੇਖਿਆ ਤੇ ਉਸ ਦੀ ਨਜ਼ਰ ਪਿਆ ਕਿ ਸੇਬ ਦੇ ਰੁਖ ਉਤੇ ਅਗਨ-ਪੰਛੀ ਸੁਨਹਿਰੀ ਸੇਬ ਠੂੰਗ ਰਿਹਾ ਸੀ।

ਰਾਜਕੁਮਾਰ ਇਵਾਨ ਰੀਂਗ ਰੀਂਗ ਕੇ ਰੁਖ ਤੇ ਚੜ੍ਹ ਗਿਆ ਤੇ ਪੰਛੀ ਨੂੰ ਪੂਛੋਂ ਜਾ ਫੜਿਆ, ਪਰ ਅਗਨ-ਪੰਛੀ ਉਸ ਦੀ ਪਕੜ ਵਿਚੋਂ ਨਿਕਲ ਗਿਆ ਤੇ ਉਡਾਰੀ ਮਾਰ ਗਿਆ। ਉਸ ਦੀ ਪੂਛ ਦਾ ਇਕ ਖੰਭ ਇਵਾਨ ਦੇ ਹੱਥ ਵਿੱਚ ਰਹਿ ਗਿਆ।

ਦਿਨ ਚੜ੍ਹਿਆ ਤਾਂ ਰਾਜਕੁਮਾਰ ਇਵਾਨ ਆਪਣੇ ਪਿਤਾ ਕੋਲ ਗਿਆ।

"ਕਿਉਂ, ਮੇਰੇ ਪੁਤਰ, ਚੋਰ ਫੜ ਲਿਆ ਈ ?" ਜ਼ਾਰ ਨੇ ਪੁਛਿਆ।

"ਨਹੀਂ, ਪਿਤਾ ਜੀ," ਇਵਾਨ ਨੇ ਆਖਿਆ, "ਮੈਂ ਉਸ ਨੂੰ ਫੜ ਤਾਂ ਨਹੀਂ ਸਕਿਆ, ਪਰ ਮੈਂ ਇਹ ਪਤਾ ਲਾ ਲਿਆ ਏ ਕਿ ਉਹ ਹੈ ਕੌਣ ; ਦੇਖੋ ਨਾ, ਆਹ ਖੰਭ, ਉਹਨੇ ਤੁਹਾਨੂੰ ਆਪਣੀ ਨਿਸ਼ਾਨੀ ਭੇਜੀ ਏ। ਅਗਨ-ਪੰਛੀ ਚੋਰ ਹੈ।"

ਜ਼ਾਰ ਨੇ ਉਹ ਖੰਭ ਫੜ ਲਿਆ ਅਤੇ ਉਸ ਘੜੀ ਤੋਂ ਹੀ ਉਹ ਫੇਰ ਖਿੜ ਪੁੜ ਗਿਆ ਤੇ ਖਾਣ ਪੀਣ ਲਗ ਪਿਆ। ਪਰ ਇਕ ਦਿਨ ਸਹਿਵਨ ਹੀ ਉਹ ਅਗਨ-ਪੰਛੀ ਬਾਰੇ ਸੋਚਣ ਲਗ ਪਿਆ ਅਤੇ ਆਪਣੇ ਪੁਤਰਾਂ ਨੂੰ ਸੱਦ ਕੇ ਆਪਣੇ ਕੋਲ ਬਿਠਾ ਲਿਆ ਤੇ ਆਖਣ ਲਗਾ :

"ਮੇਰੇ ਪਿਆਰੇ ਬਚਿਓ, ਮੇਰੀ ਇੱਛਾ ਹੈ ਕਿ ਆਪਣੇ ਬਹਾਦਰ ਘੋੜਿਆਂ ਤੇ ਕਾਠੀਆਂ ਪਾ ਲਓ ਤੇ ਵਿਸ਼ਾਲ ਸੰਸਾਰ ਨੂੰ ਦੇਖਣ ਨਿਕਲ ਪਓ, ਜੇ ਤੁਸੀਂ ਧਰਤੀ ਦੀਆਂ ਚਾਰੇ ਕੂਟਾਂ ਫੋਲ ਮਾਰੋ ਤਾਂ ਸ਼ਾਇਦ ਤੁਹਾਨੂੰ ਇਹ ਅਗਨ-ਪੰਛੀ ਮਿਲ ਜਾਏ।"

ਪੁਤਰਾਂ ਨੇ ਆਪਣੇ ਪਿਤਾ ਦਾ ਹੁਕਮ ਸਿਰ ਮੱਥੇ ਮੰਨਿਆ, ਆਪਣੇ ਬਹਾਦਰ ਘੋੜਿਆਂ ਤੇ ਕਾਠੀਆਂ ਪਾਈਆਂ ਅਤੇ ਨਿਕਲ ਤੁਰੇ। ਸਭ ਤੋਂ ਵੱਡਾ ਪੁਤਰ ਇਕ ਸੜਕੇ ਪੈ ਗਿਆ, ਵਿਚਕਾਰਲਾ ਪੁਤਰ ਦੂਜੇ ਰਾਹ, ਅਤੇ ਰਾਜਕੁਮਾਰ ਇਵਾਨ ਤੀਜੇ ਪਾਸੇ ਨਿਕਲ ਗਿਆ।

ਖਵਰੇ ਰਾਜਕੁਮਾਰ ਇਵਾਨ ਨੇ ਲੰਮਾ ਪੈਂਡਾ ਕਰ ਲਿਆ ਸੀ ਜਾਂ ਨਹੀਂ, ਕੋਈ ਨਹੀਂ ਦਸ ਸਕਦਾ; ਪਰ ਇਕ ਦਿਨ, ਗਰਮੀ ਦਾ ਮੌਸਮ ਤੇ ਬਹੁਤ ਗਰਮੀ ਹੋਣ ਕਰਕੇ, ਉਹ ਏਨਾ ਥੱਕ ਗਿਆ ਸੀ ਕਿ ਉਹ ਆਪਣੇ ਘੋੜੇ ਤੋਂ ਉਤਰਿਆ, ਘੋੜੇ ਨੂੰ ਜ਼ੰਜੀਰ ਪਾਈ ਤਾਂ ਜੋ ਉਹ ਦੂਰ ਨਾ ਜਾ ਸਕੇ, ਤੇ ਆਰਾਮ ਕਰਨ ਵਾਸਤੇ ਲੰਮਾ ਪੈ ਗਿਆ।

ਖਵਰੇ ਉਹ ਢੇਰ ਚਿਰ ਤੱਕ ਸੁੱਤਾ ਰਿਹਾ ਜਾਂ ਥੋੜ੍ਹਾ ਚਿਰ ਹੀ, ਕਿਸੇ ਨੂੰ ਪਤਾ ਨਹੀਂ, ਪਰ ਜਦੋਂ ਉਹ ਜਾਗਿਆ ਤਾਂ ਉਸਨੇ ਵੇਖਿਆ ਕਿ ਉਹਦਾ ਘੋੜਾ ਗ਼ਾਇਬ ਸੀ। ਉਹ ਘੋੜੇ ਨੂੰ ਲਭਣ ਤੁਰ ਪਿਆ। ਉਹ ਤੁਰਦਾ ਗਿਆ, ਤੁਰਦਾ ਗਿਆ, ਅਤੇ ਅਖ਼ੀਰ ਉਸ ਨੂੰ ਘੋੜੇ ਦੀ ਲਾਸ਼ ਮਿਲੀ। ਚੂੰਢ ਚੂੰਢ ਕੇ ਸਾਫ ਕੀਤੀਆਂ ਹੱਡੀਆਂ ਤੇ ਹੋਰ ਕੁਝ ਵੀ ਨਹੀਂ।

ਰਾਜਕੁਮਾਰ ਇਵਾਨ ਦਾ ਦਿਲ ਬਹੁਤ ਦੁਖੀ ਹੋਇਆ। ਘੋੜੇ ਬਗੈਰ ਉਹ ਆਪਣੇ ਸਫਰ ਤੇ ਅਗਾਂਹ ਕਿਵੇਂ ਜਾ ਸਕਦਾ ਸੀ?

"ਖੈਰ," ਉਸ ਨੇ ਸੋਚਿਆ, "ਕੁਝ ਨਹੀਂ ਕੀਤਾ ਜਾ ਸਕਦਾ, ਜੋ ਵੀ ਸੰਭਵ ਹੈ ਮੈਨੂੰ ਕਰਨਾ ਚਾਹੀਦਾ ਹੈ।"

ਅਤੇ ਉਹ ਪੈਦਲ ਤੁਰ ਪਿਆ। ਉਹ ਤੁਰਦਾ ਗਿਆ, ਤੁਰਦਾ ਗਿਆ ਤੇ ਅਖ਼ੀਰ ਉਹ ਏਨਾ ਥੱਕ ਗਿਆ ਕਿ ਉਹ ਡਿੱਗ ਹੀ ਪੈਣ ਲਗਾ ਸੀ। ਉਹ ਕੂਲੀ ਕੂਲੀ ਘਾਹ ਤੇ ਬਹਿ ਗਿਆ, ਅਤੇ ਉਹ ਬੜਾ ਉਦਾਸ ਤੇ ਔਕੜ ਵਿੱਚ ਫੱਸਿਆ ਹੋਇਆ ਸੀ। ਤੇ ਲਓ, ਏਨੇ ਨੂੰ ਅਚਾਨਕ ਹੀ ਕੀ ਦੇਖਦਾ ਹੈ ਕਿ ਬੱਗਾ ਬਘਿਆੜ ਉਹਦੇ ਵੱਲ ਭੱਜਾ ਆ ਰਿਹਾ ਹੈ।

"ਤੂੰ ਏਥੇ ਏਨਾ ਉਦਾਸ ਤੇ ਨਿਮੋਝੂਣਾ ਕਿਉਂ ਬੈਠਾ ਏਂ, ਰਾਜਕੁਮਾਰ ਇਵਾਨ?" ਬੱਗੇ ਬਘਿਆੜ ਨੇ ਪੁਛਿਆ।

"ਉਦਾਸ ਨਾ ਹੋਵਾਂ ਤਾਂ ਹੋਰ ਕੀ, ਬੱਗੇ ਬਘਿਆੜਾ: ਮੇਰਾ ਬਹਾਦਰ ਘੋੜਾ ਜਾਂਦਾ ਰਿਹੈ।"

"ਤੇਰੇ ਘੋੜੇ ਨੂੰ ਤਾਂ ਮੈਂ ਹੀ ਖਾ ਲਿਆ ਸੀ, ਰਾਜਕੁਮਾਰ ਇਵਾਨ... ਪਰ ਮੈਨੂੰ ਤੇਰੇ ਨਾਲ ਬੜੀ ਹਮਦਰਦੀ ਏ! ਚਲ ਆ, ਦੱਸ ਮੈਨੂੰ ਭਈ ਤੂੰ ਘਰੋਂ ਏਨੀ ਦੂਰ ਕੀ ਕਰਦਾ ਏਂ ਪਿਆ ਤੇ ਜਾ ਕਿੱਧਰ ਰਿਹਾ ਏਂ?"

"ਮੇਰੇ ਪਿਤਾ ਨੇ ਮੈਨੂੰ ਇਸ ਵਿਸ਼ਾਲ ਧਰਤੀ ਤੋਂ ਅਗਨ-ਪੰਛੀ ਲਭਣ ਘਲਿਆ ਏ।"

"ਇਹ ਗੱਲ ਹੈ? ਖ਼ੈਰ, ਉਸ ਘੋੜੇ ਉਤੇ ਤਾਂ ਤੂੰ ਤਿੰਨ ਵਰ੍ਹਿਆਂ ਵਿੱਚ ਵੀ ਅਗਨ-ਪੰਛੀ ਤੱਕ ਨਹੀਂ ਸੀ ਪਹੁੰਚ ਸਕਦਾ। ਸਿਰਫ਼ ਮੈਂ ਹੀ ਜਾਣਦਾ ਹਾਂ ਕਿ ਉਹ ਕਿਥੇ ਰਹਿੰਦਾ ਏ। ਚਲ ਫੇਰ ਗੱਲ ਇਹ ਹੋਈ ਕਿ ਮੈਂ ਕਿਉਂਕਿ ਤੇਰਾ ਘੋੜਾ ਖਾ ਲਿਆ ਹੈ, ਇਸ ਲਈ ਮੈਂ ਤੇਰਾ ਸੱਚਾ ਅਤੇ ਵਫ਼ਾਦਾਰ ਨੌਕਰ ਬਣਾਂਗਾ। ਮੇਰੀ ਪਿੱਠ ਉਤੇ ਚੜ੍ਹ ਜਾ ਤੇ ਮੈਨੂੰ ਘੁਟ ਕੇ ਫੜ ਰੱਖ।"

ਰਾਜਕੁਮਾਰ ਇਵਾਨ ਉਹਦੀ ਪਿੱਠ ਉਤੇ ਚੜ੍ਹ ਬੈਠਾ ਤੇ ਬੱਗਾ ਬਘਿਆੜ ਇਕ ਚੁਟਕੀ ਵਿੱਚ ਕਿਤੇ ਦਾ ਕਿਤੇ ਪਹੁੰਚ ਗਿਆ। ਨੀਲੀਆਂ ਝੀਲਾਂ ਤੇਜ਼ੀ ਨਾਲ ਹੇਠੋਂ ਦੀ ਤਿਲਕਦੀਆਂ ਗਈਆਂ, ਅੱਖ ਪਲਕਾਰੇ ਵਿੱਚ ਹਰੇ ਹਰੇ ਜੰਗਲ ਲੰਘਦੇ ਗਏ, ਅਤੇ ਅਖ਼ੀਰ ਉਹ ਇਕ ਕਿਲ੍ਹੇ ਕੋਲ ਪਹੁੰਚ ਗਏ ਜਿਸ ਦੇ ਚਾਰ ਚੁਫੇਰੇ ਇਕ ਉੱਚੀ ਕੰਧ ਸੀ।

"ਧਿਆਨ ਨਾਲ ਸੁਣ, ਰਾਜਕੁਮਾਰ ਇਵਾਨ," ਬੱਗੇ ਬਘਿਆੜ ਨੇ ਆਖਿਆ, "ਤੇ ਜੋ ਮੈਂ ਕਹਿੰਦਾ ਹਾਂ ਉਹਨੂੰ ਯਾਦ ਰੱਖੀਂ। ਓਸ ਕੰਧ ਉਤੇ ਚੜ੍ਹ ਜਾ। ਡਰਨ ਵਾਲੀ ਕੋਈ ਗੱਲ ਨਹੀਂ। ਅਸੀਂ ਬੜੇ ਚੰਗੇ ਵੇਲੇ ਪਹੁੰਚੇ ਆਂ. ਸਾਰੇ ਚੌਕੀਦਾਰ ਸੁਤੇ ਹੋਏ ਨੇ। ਬੁਰਜ ਦੇ ਅੰਦਰਵਾਰ ਇਕ ਕਮਰੇ ਵਿੱਚ ਤੈਨੂੰ ਇਕ ਖਿੜਕੀ ਦਿਖਾਈ ਦੇਵੇਗੀ। ਉਸ ਖਿੜਕੀ ਵਿੱਚ ਇਕ ਸੁਨਹਿਰੀ ਪਿੰਜਰਾ ਲਟਕਦਾ ਹੈ, ਤੇ ਉਸ ਪਿੰਜਰੇ ਵਿੱਚ ਹੈ ਅਗਨ-ਪੰਛੀ। ਪੰਛੀ ਨੂੰ ਫੜਕੇ ਆਪਣੀ ਛਾਤੀ ਵਿੱਚ ਲੁਕਾ ਲਈਂ, ਪਰ ਯਾਦ ਰੱਖ, ਪਿੰਜਰੇ ਨੂੰ ਹੱਥ ਨਹੀਂ ਲਾਉਣਾ!"

ਰਾਜਕੁਮਾਰ ਇਵਾਨ ਕੰਧ ਉਤੇ ਚੜ੍ਹ ਗਿਆ ਅਤੇ ਉਸ ਨੇ ਵੇਖਿਆ ਬੁਰਜ ਵਾਲੇ ਕਮਰੇ ਦੀ ਖਿੜਕੀ ਵਿੱਚ ਸੁਨਹਿਰੀ ਪਿੰਜਰਾ ਹੈ ਅਤੇ ਪਿੰਜਰੇ ਵਿੱਚ ਅਗਨ-ਪੰਛੀ। ਉਸ ਨੇ ਪੰਛੀ ਨੂੰ ਬਾਹਰ ਕੱਢ ਲਿਆ ਅਤੇ ਆਪਣੀ ਛਾਤੀ ਅੰਦਰ ਲੁਕੋ ਲਿਆ, ਪਰ ਉਹ ਪਿੰਜਰੇ ਤੋਂ ਆਪਣੀ ਨਜ਼ਰ ਪਰੇ ਨਾ ਹਟਾ ਸਕਿਆ। "ਵਾਹ, ਕਿੰਨਾ ਸੁਹਣਾ ਸੁਨਹਿਰੀ ਪਿੰਜਰਾ ਹੈ ਇਹ!" ਉਸ ਨੇ ਲਲਚਾਉਂਦਿਆਂ ਸੋਚਿਆ। "ਮੈਂ ਇਹਨੂੰ ਏਥੇ ਹੀ ਕਿਵੇਂ ਛੱਡ ਕੇ ਜਾ ਸਕਦਾ ਆਂ!" ਅਤੇ ਉਹ ਬਘਿਆੜ ਵਲੋਂ ਦਿੱਤੀ ਚਿਤਾਵਨੀ ਭੁਲ ਗਿਆ। ਪਰ ਜਿਉਂ ਹੀ ਉਸ ਨੇ ਪਿੰਜਰੇ ਨੂੰ ਹੱਥ ਲਾਇਆ, ਕਿਲ੍ਹੇ ਦੇ ਅੰਦਰ ਰੌਲਾ ਮੱਚ ਗਿਆ, ਬਿਗਲ ਵਜਣੇ ਸ਼ੁਰੂ ਹੋ ਗਏ, ਢੋਲ ਵਜਣ ਲਗ ਪਏ, ਅਤੇ ਚੌਕੀਦਾਰ ਜਾਗ ਪਏ, ਰਾਜਕੁਮਾਰ ਇਵਾਨ ਫੜ ਲਿਆ ਗਿਆ ਅਤੇ ਉਸ ਨੂੰ ਜ਼ਾਰ ਅਫ਼ਰੋਨ ਦੇ ਪੇਸ਼ ਕੀਤਾ ਗਿਆ।

"ਤੂੰ ਕੌਣ ਏਂ ਤੇ ਕਿਥੋਂ ਆਇਆ ਏਂ?" ਜ਼ਾਰ ਅਫ਼ਰੋਨ ਨੇ ਰੋਹ ਵਿੱਚ ਆ ਕੇ ਪੁਛਿਆ।

"ਮੈਂ ਰਾਜਕੁਮਾਰ ਇਵਾਨ ਹਾਂ, ਜ਼ਾਰ ਬੇਰੇਨਦੇਈ ਦਾ ਪੁਤਰ।"

"ਹੂੰ, ਸ਼ਰਮ ਕਰ ਕੁਝ। ਜ਼ਾਰ ਦਾ ਪੁਤਰ ਹੋਕੇ ਚੋਰ ਬਣਿਆਂ ਫਿਰਦੈਂ!"

"ਠੀਕ ਹੈ, ਤੁਹਾਨੂੰ ਆਪਣੇ ਪੰਛੀ ਨੂੰ ਸਾਡੇ ਬਾਗ ਵਿਚੋਂ ਸੇਬ ਨਹੀਂ ਸੀ ਚੋਰੀ ਕਰਨ ਦੇਣੇ ਚਾਹੀਦੇ।"

"ਜੇ ਤੂੰ ਮੇਰੇ ਕੋਲ ਆਉਂਦਾ ਅਤੇ ਨੇਕਨੀਤੀ ਨਾਲ ਇਸ ਬਾਰੇ ਮੇਰੇ ਕੋਲ ਗੱਲ ਕਰਦਾ, ਤਾਂ ਮੈਂ ਤੇਰੇ ਪਿਤਾ, ਜ਼ਾਰ ਬੇਰੇਨਦੇਈ, ਦੇ ਸਤਿਕਾਰ ਵਿੱਚ ਇਹ ਪੰਛੀ ਹੀ ਤੈਨੂੰ ਭੇਟ ਕਰ ਦੇਂਦਾ। ਪਰ ਹੁਣ ਤਾਂ ਮੈਂ ਚੱਪੇ ਚੱਪੇ ਤੁਹਾਡੇ ਖ਼ਾਨਦਾਨ ਦੀ ਬਦਨਾਮੀ ਕਰਾਂਗਾ... ਜਾਂ ਸ਼ਾਇਦ, ਅਖ਼ੀਰ ਮੈਂ ਇਸ ਤਰ੍ਹਾਂ ਨਾ ਹੀ ਕਰਾਂ। ਜੇ ਤੂੰ ਉਹ ਕੰਮ ਕਰੇਂ ਜਿਹੜਾ ਮੈਂ ਤੈਨੂੰ ਦੱਸਦਾ ਹਾਂ, ਤਾਂ ਮੈਂ ਤੈਨੂੰ ਮਾਫ਼ ਕਰ ਦਿਆਂਗਾ। ਫਲਾਣੀ ਜ਼ਾਰਸ਼ਾਹੀ ਵਿੱਚ ਕੁਸਮਾਨ ਨਾਂ ਦਾ ਇਕ ਜ਼ਾਰ ਹੈ ਅਤੇ ਉਹਦੇ ਕੋਲ ਸੁਨਹਿਰੀ ਅਯਾਲ ਵਾਲਾ ਇਕ ਘੋੜਾ ਹੈ। ਉਹ ਘੋੜਾ ਮੈਨੂੰ ਲਿਆ ਦੇ ਤੇ ਮੈਂ ਤੈਨੂੰ ਅਗਨ-ਪੰਛੀ ਸੁਗਾਤ ਵਜੋਂ ਦੇ ਦਿਆਂਗਾ ਅਤੇ ਨਾਲ ਹੀ ਪਿੰਜਰਾ ਵੀ।"

ਰਾਜਕੁਮਾਰ ਇਵਾਨ ਬੜਾ ਉਦਾਸ ਤੇ ਸ਼ਰਮਿੰਦਾ ਹੋਇਆ, ਅਤੇ ਉਹ ਬੱਗੇ ਬਘਿਆੜ ਕੋਲ ਵਾਪਸ ਆਇਆ।

"ਮੈਂ ਤੈਨੂੰ ਕਿਹਾ ਸੀ ਪਿੰਜਰੇ ਨੂੰ ਹੱਥ ਨਾ ਲਾਈਂ," ਬਘਿਆੜ ਨੇ ਆਖਿਆ। "ਤੂੰ ਮੇਰੀ ਚਿਤਾਵਨੀ ਵੱਲ ਕੰਨ ਕਿਉਂ ਨਾ ਧਰਿਆ?"

"ਮੈਨੂੰ ਅਫ਼ਸੋਸ ਹੈ, ਬੱਗੇ ਬਘਿਆੜਾ। ਮਿਹਰਬਾਨੀ ਕਰਕੇ ਮੈਨੂੰ ਮਾਫ਼ ਕਰ ਦੇ।"

"ਤੈਨੂੰ ਅਫ਼ਸੋਸ ਹੈ, ਹੈਂ?... ਚੰਗਾ, ਚਲ, ਬੈਠ ਮੁੜਕੇ ਮੇਰੀ ਪਿਠ ਉਤੇ। ਮੈਂ ਤੇਰੇ ਨਾਲ ਕੌਲ ਕੀਤਾ ਸੀ, ਤੇ ਮੈਨੂੰ ਇਸ ਤੋਂ ਪਿੱਛੇ ਨਹੀਂ ਹਟਣਾ ਚਾਹੀਦਾ। ਏਸ ਸੱਚ ਨੂੰ ਸਾਰੇ ਚੰਗੇ ਲੋਕ ਮੰਨਦੇ ਨੇ ਕਿ ਕੀਤਾ ਕੌਲ ਨਿਭਾਹੁਣਾ ਚਾਹੀਦਾ ਏ।"

ਅਤੇ ਰਾਜਕੁਮਾਰ ਇਵਾਨ ਨੂੰ ਆਪਣੀ ਪਿੱਠ ਉਤੇ ਬਿਠਾ ਕੇ ਬੱਗਾ ਬਘਿਆੜ ਲੰਮੇ ਪੈਂਡੇ ਨਿਕਲ ਪਿਆ। ਖਵਰੇ ਉਹਨਾਂ ਨੇ ਢੇਰ ਚਿਰ ਤੱਕ ਸਫ਼ਰ ਕੀਤਾ ਜਾਂ ਥੋੜ੍ਹਾ ਚਿਰ, ਕਿਸੇ ਨੂੰ ਪਤਾ ਨਹੀਂ, ਪਰ ਅਖ਼ੀਰ ਉਹ ਇਕ ਕਿਲ੍ਹੇ ਕੋਲ ਆ ਗਏ ਜਿਥੇ ਸੁਨਹਿਰੀ ਅਯਾਲ ਵਾਲਾ ਘੋੜਾ ਰਖਿਆ ਹੋਇਆ ਸੀ।

"ਕੰਧ ਉਤੇ ਚੜ੍ਹ ਜਾ, ਰਾਜਕੁਮਾਰ ਇਵਾਨ, ਚੌਕੀਦਾਰ ਸੁੱਤੇ ਹੋਏ ਨੇ," ਬੱਗੇ ਬਘਿਆੜ ਨੇ ਆਖਿਆ। "ਤਬੇਲੇ ਵਿੱਚ ਚਲਾ ਜਾ ਤੇ ਘੋੜਾ ਖੋਹਲ ਲਿਆ, ਪਰ ਯਾਦ ਰਖੀਂ ਲਗਾਮ ਨੂੰ ਹੱਥ ਨਹੀਂ ਲਾਉਣਾ।"

ਰਾਜਕੁਮਾਰ ਇਵਾਨ ਕਿਲ੍ਹੇ ਦੀ ਕੰਧ ਟੱਪਕੇ ਪਾਰ ਹੋ ਗਿਆ। ਸਾਰੇ ਚੌਕੀਦਾਰ ਸੁੱਤੇ ਹੋਏ ਸਨ। ਉਹ ਤਬੇਲੇ ਅੰਦਰ ਵੜਿਆ ਤੇ ਸੁਨਹਿਰੀ ਅਯਾਲ ਵਾਲਾ ਘੋੜਾ ਖੋਹਲ ਲਿਆ। ਪਰ ਉਹ ਲਗਾਮ

ਚੁਕਣੋਂ ਵੀ ਰਹਿ ਨਾ ਸਕਿਆ। ਇਹ ਸੋਨੇ ਦੀ ਬਣੀ ਹੋਈ ਸੀ ਅਤੇ ਇਹਦੇ ਵਿੱਚ ਹੀਰੇ ਜਵਾਹਰ ਜੜੇ ਹੋਏ ਸਨ। ਇਹੋ ਜਿਹੇ ਘੋੜੇ ਲਈ ਇਹ ਫਬਵੀਂ ਲगाम ਸੀ।

ਰਾਜਕੁਮਾਰ ਇਵਾਨ ਦੇ ਲਗਾਮ ਨੂੰ ਹੱਥ ਲਾਉਣ ਦੀ ਹੀ ਦੇਰ ਸੀ ਕਿ ਕਿਲ੍ਹੇ ਵਿੱਚ ਰੌਲਾ ਮੱਚ ਗਿਆ। ਬਿਗਲ ਵਜਣੇ ਸ਼ੁਰੂ ਹੋ ਗਏ, ਢੋਲ ਵਜਣ ਲਗ ਪਏ, ਅਤੇ ਚੌਕੀਦਾਰ ਜਾਗ ਪਏ, ਰਾਜਕੁਮਾਰ ਇਵਾਨ ਫੜ ਲਿਆ ਗਿਆ ਅਤੇ ਉਸ ਨੂੰ ਜ਼ਾਰ ਕੁਸਮਾਨ ਦੇ ਪੇਸ਼ ਕੀਤਾ ਗਿਆ।

"ਤੂੰ ਕੌਣ ਏਂ ਤੇ ਕਿਥੋਂ ਆਇਆ ਏਂ?" ਜ਼ਾਰ ਨੇ ਰੋਹ ਵਿੱਚ ਆ ਕੇ ਪੁਛਿਆ।

"ਮੈਂ ਰਾਜਕੁਮਾਰ ਇਵਾਨ ਹਾਂ, ਜ਼ਾਰ ਬੇਰੇਨਦੇਈ ਦਾ ਪੁਤਰ!"

"ਜ਼ਾਰ ਦਾ ਪੁਤਰ ਤੇ ਘੋੜੇ ਚੁਰਾਉਂਦਾ ਫਿਰੇ! ਕਿੰਨੀ ਮੂਰਖਾਂ ਵਾਲੀ ਗੱਲ ਏ! ਇਕ ਆਮ ਕਿਸਾਨ ਵੀ ਏਨਾ ਹੇਠਾਂ ਨਾ ਡਿੱਗੇ। ਪਰ ਮੈਂ ਤੈਨੂੰ ਮਾਫ਼ ਕਰ ਦੇਵਾਂਗਾ, ਰਾਜਕੁਮਾਰ ਇਵਾਨ, ਜੇ ਤੂੰ ਉਹ ਕੰਮ ਕਰੇਂ ਜਿਹੜਾ ਮੈਂ ਤੈਨੂੰ ਦੱਸਦਾ ਹਾਂ। ਜ਼ਾਰ ਦਾਲਮਾਤ ਦੀ ਯੇਲੇਨਾ ਗੋਰੀ ਨਾਂ ਦੀ ਇਕ ਧੀ ਏ। ਉਹਨੂੰ ਕੱਢ ਲਿਆ ਅਤੇ ਮੇਰੇ ਕੋਲ ਲੈ ਆ, ਮੈਂ ਸੁਨਹਿਰੀ ਅਯਾਲ ਵਾਲਾ ਆਪਣਾ ਘੋੜਾ ਤੈਨੂੰ ਭੇਟ ਕਰ ਦਿਆਂਗਾ ਅਤੇ ਨਾਲ ਹੀ ਲਗਾਮ ਵੀ।"

ਰਾਜਕੁਮਾਰ ਇਵਾਨ ਨੂੰ ਪਹਿਲਾਂ ਨਾਲੋਂ ਵੀ ਬਹੁਤੀ ਉਦਾਸੀ ਅਤੇ ਸ਼ਰਮਿੰਦਗੀ ਮਹਿਸੂਸ ਹੋਈ, ਅਤੇ ਉਹ ਬੱਗੇ ਬਘਿਆੜ ਕੋਲ ਮੁੜ ਆਇਆ।

"ਮੈਂ ਤੈਨੂੰ ਕਿਹਾ ਸੀ ਲਗਾਮ ਨੂੰ ਹੱਥ ਨਾ ਲਾਈਂ, ਰਾਜਕੁਮਾਰ ਇਵਾਨ!" ਬਘਿਆੜ ਨੇ ਆਖਿਆ। "ਤੂੰ ਮੇਰੀ ਚਿਤਾਵਨੀ ਵੱਲ ਕੰਨ ਕਿਉਂ ਨਾ ਧਰਿਆ?"

"ਮੈਨੂੰ ਅਫ਼ਸੋਸ ਹੈ, ਬੱਗੇ ਬਘਿਆੜਾ। ਮਿਹਰਬਾਨੀ ਕਰਕੇ ਮੈਨੂੰ ਮਾਫ਼ ਕਰ ਦੇ।"

"ਨਿਰਾ ਅਫ਼ਸੋਸ ਕਰਨ ਨਾਲ ਕੁਝ ਨਹੀਂ ਬਣਨ ਲਗਾ। ਚੰਗਾ, ਚੱਲ ਬੈਠ ਮੁੜਕੇ ਮੇਰੀ ਪਿਠ ਉਤੇ।"

ਅਤੇ ਰਾਜਕੁਮਾਰ ਇਵਾਨ ਨੂੰ ਲੈਕੇ ਬੱਗਾ ਬਘਿਆੜ ਲੰਮੇ ਪੈਂਡੇ ਨਿਕਲ ਪਿਆ, ਹੌਲੀ ਹੌਲੀ ਉਹ ਜ਼ਾਰ ਦਾਲਮਾਤ ਦੀ ਜ਼ਾਰਸ਼ਾਹੀ ਵਿੱਚ ਆ ਗਏ, ਅਤੇ ਉਸ ਦੇ ਕਿਲ੍ਹੇ ਦੇ ਬਾਗ਼ ਵਿੱਚ ਯੇਲੇਨਾ ਗੋਰੀ ਆਪਣੀਆਂ ਸਹੇਲੀਆਂ ਤੇ ਦਾਸੀਆਂ ਨਾਲ ਟਹਿਲ ਰਹੀ ਸੀ।

"ਇਸ ਵਾਰੀ ਸਭ ਕੰਮ ਮੈਂ ਆਪ ਕਰਾਂਗਾ," ਬੱਗੇ ਬਘਿਆੜ ਨੇ ਆਖਿਆ। "ਜਿਧਰੋਂ ਅਸੀਂ ਆਏ ਸਾਂ ਤੂੰ ਓਧਰ ਹੀ ਮੁੜ ਜਾ ਅਤੇ ਮੈਂ ਛੇਤੀ ਹੀ ਤੈਨੂੰ ਆ ਮਿਲਾਂਗਾ।"

ਸੋ ਰਾਜਕੁਮਾਰ ਇਵਾਨ ਉਸੇ ਰਸਤੇ ਵਾਪਸ ਚਲਾ ਗਿਆ ਜਿਸ ਰਸਤੇ ਉਹ ਆਇਆ ਸੀ। ਬੱਗਾ ਬਘਿਆੜ ਕੰਧ ਉਤੋਂ ਦੀ ਛਾਲ ਮਾਰਕੇ ਬਾਗ਼ ਵਿੱਚ ਜਾ ਵੜਿਆ। ਉਹ ਇਕ ਝਾੜੀ ਦੇ ਓਹਲੇ ਦਬਕ ਕੇ ਬਹਿ ਗਿਆ ਤੇ ਚੋਰ-ਅੱਖ ਬਾਹਰ ਝਾਕਣ ਲੱਗਾ। ਅਤੇ ਯੇਲੇਨਾ ਗੋਰੀ ਆਪਣੀਆਂ ਸਹੇਲੀਆਂ ਤੇ ਦਾਸੀਆਂ ਨਾਲ ਉਥੇ ਟਹਿਲ ਰਹੀ ਸੀ। ਕੁਝ ਚਿਰ ਮਗਰੋਂ ਉਹ ਬਾਕੀਆਂ ਨਾਲੋਂ ਪਿਛੇ

ਟਾਹ ਗਈ, ਅਤੇ ਬੱਗੇ ਬਘਿਆੜ ਨੇ ਝੱਟ ਉਸ ਨੂੰ ਕਾਬੂ ਕਰ ਲਿਆ, ਉਸ ਨੂੰ ਆਪਣੀ ਪਿੱਠ ਉੱਤੇ ਸੁਟ ਲਿਆ, ਕੰਧ ਉਤੋਂ ਦੀ ਛਾਲ ਮਾਰੀ ਅਤੇ ਭੱਜ ਉਠਿਆ।

ਰਾਜਕੁਮਾਰ ਇਵਾਨ ਉਸੇ ਰਸਤੇ ਵਾਪਸ ਜਾ ਰਿਹਾ ਸੀ ਜਿਸ ਰਸਤੇ ਉਹ ਆਇਆ ਸੀ। ਤਾਹੀਓਂ ਅਚਾਨਕ ਉਸ ਦਾ ਦਿਲ ਖ਼ੁਸ਼ੀ ਨਾਲ ਉਛਲਣ ਲਗਾ, ਕਿਉਂਕਿ ਬੱਗਾ ਬਘਿਆੜ ਯੇਲੇਨਾ ਗੋਰੀ ਨੂੰ ਪਿੱਠ ਉਤੇ ਬੈਠਾਈ ਪਹੁੰਚ ਗਿਆ ਸੀ।

"ਤੂੰ ਵੀ ਮੇਰੀ ਪਿੱਠ ਉਤੇ ਚੜ੍ਹ ਜਾ, ਅਤੇ ਛੇਤੀ ਕਰ, ਮਤਾਂ ਉਹ ਸਾਨੂੰ ਆ ਫੜਨ," ਬੱਗੇ ਬਘਿਆੜ ਨੇ ਆਖਿਆ।

ਬੱਗਾ ਬਘਿਆੜ ਰਾਜਕੁਮਾਰ ਇਵਾਨ ਅਤੇ ਯੇਲੇਨਾ ਗੋਰੀ ਨੂੰ ਆਪਣੀ ਪਿੱਠ ਉਤੇ ਬੈਠਾ ਕੇ ਪੂਰੇ ਜ਼ੋਰ ਨਾਲ ਵਾਪਸ ਦੌੜ ਪਿਆ। ਨੀਲੀਆਂ ਝੀਲਾਂ ਤੇਜ਼ੀ ਨਾਲ ਹੇਠੋਂ ਦੀ ਤਿਲਕਦੀਆਂ ਗਈਆਂ, ਅੱਖ ਪਲਕਾਰੇ ਵਿੱਚ ਹਰੇ ਹਰੇ ਜੰਗਲ ਲੰਘਦੇ ਗਏ। ਖਵਰੇ ਉਹ ਦੇਰ ਚਿਰ ਤੱਕ ਸਫ਼ਰ ਕਰਦੇ ਰਹੇ ਜਾਂ ਨਾ, ਕਿਸੇ ਨੂੰ ਪਤਾ ਨਹੀਂ, ਪਰ ਛੇਤੀ ਹੀ ਉਹ ਜ਼ਾਰ ਕੁਸਮਾਨ ਦੀ ਜ਼ਾਰਸ਼ਾਹੀ ਵਿੱਚ ਆ ਗਏ।

"ਤੂੰ ਏਨਾ ਚੁਪ ਤੇ ਉਦਾਸ ਕਿਉਂ ਏਂ, ਰਾਜਕੁਮਾਰ ਇਵਾਨ?" ਬੱਗੇ ਬਘਿਆੜ ਨੇ ਪੁਛਿਆ।

"ਉਦਾਸ ਕਿਉਂ ਨਾ ਹੋਵਾਂ, ਬੱਗੇ ਬਘਿਆੜਾ! ਐਸੀ ਸੁੰਦਰੀ ਨਾਲੋਂ ਵਿਛੜਨ ਲਗਿਆਂ। ਮੇਰਾ ਦਿਲ ਪਾਟਦਾ ਹੈ ਇਹ ਸੋਚ ਕੇ ਕਿ ਘੋੜਾ ਲੈਣ ਲਈ ਯੇਲੇਨਾ ਗੋਰੀ ਨੂੰ ਸੌਂਪਣਾ ਜ਼ਰੂਰੀ ਏ!"

"ਤੈਨੂੰ ਐਸੀ ਸੁੰਦਰੀ ਨਾਲੋਂ ਵਿਛੜਨ ਦੀ ਲੋੜ ਨਹੀਂ; ਅਸੀਂ ਇਸ ਨੂੰ ਕਿਧਰੇ ਛੁਪਾ ਦਿਆਂਗੇ। ਮੈਂ ਯੇਲੇਨਾ ਗੋਰੀ ਦਾ ਰੂਪ ਧਾਰ ਲਵਾਂਗਾ ਅਤੇ ਤੂੰ ਜ਼ਾਰ ਕੋਲ ਇਹਦੀ ਥਾਂ ਮੈਨੂੰ ਲੈ ਜਾਵੀਂ।"

ਸੋ ਉਹਨਾਂ ਨੇ ਯੇਲੇਨਾ ਗੋਰੀ ਨੂੰ ਜੰਗਲ ਵਿੱਚ ਇਕ ਕੁਟੀਆ ਅੰਦਰ ਛੁਪਾ ਦਿੱਤਾ, ਅਤੇ ਬੱਗੇ ਬਘਿਆੜ ਨੇ ਇਕ ਉਲਟ-ਬਾਜ਼ੀ ਲਾਈ, ਤੇ ਉਹ ਇਕ ਦਮ ਯੇਲੇਨਾ ਗੋਰੀ ਬਣ ਗਿਆ। ਰਾਜਕੁਮਾਰ ਇਵਾਨ ਉਸ ਨੂੰ ਜ਼ਾਰ ਕੁਸਮਾਨ ਕੋਲ ਲੈ ਗਿਆ, ਅਤੇ ਜ਼ਾਰ ਬੜਾ ਖ਼ੁਸ਼ ਹੋਇਆ ਤੇ ਉਸ ਨੇ ਬਾਰ ਬਾਰ ਇਵਾਨ ਦਾ ਧੰਨਵਾਦ ਕੀਤਾ।

"ਮੈਨੂੰ ਲਾੜੀ ਲਿਆ ਦੇਣ ਲਈ ਤੇਰਾ ਸ਼ੁਕਰੀਆ, ਰਾਜਕੁਮਾਰ ਇਵਾਨ," ਉਸ ਨੇ ਆਖਿਆ। "ਹੁਣ ਸੁਨਹਿਰੀ ਅਯਾਲ ਵਾਲਾ ਘੋੜਾ ਤੇਰਾ ਹੈ, ਅਤੇ ਨਾਲ ਹੀ ਲਗਾਮ ਵੀ।"

ਰਾਜਕੁਮਾਰ ਇਵਾਨ ਘੋੜੇ ਤੇ ਸਵਾਰ ਹੋਇਆ ਅਤੇ ਯੇਲੇਨਾ ਗੋਰੀ ਕੋਲ ਮੁੜ ਆਇਆ। ਉਸ ਨੇ ਉਹਨੂੰ ਘੋੜੇ ਤੇ ਬੈਠਾਇਆ ਅਤੇ ਤੁਰ ਪਿਆ।

ਜ਼ਾਰ ਕੁਸਮਾਨ ਨੇ ਵਿਆਹ ਰਚਾਇਆ ਤੇ ਇਸ ਜਸ਼ਨ ਦੀ ਖ਼ੁਸ਼ੀ ਵਿਚ ਦਾਅਵਤ ਕੀਤੀ ਅਤੇ ਸਾਰਾ ਦਿਨ ਉਹ ਖਾਂਦਾ ਪੀਂਦਾ ਰਿਹਾ। ਅਤੇ ਜਦੋਂ ਸੌਣ ਦਾ ਵੇਲਾ ਹੋਇਆ ਤਾਂ ਉਹ ਆਪਣੀ ਲਾੜੀ ਨੂੰ ਲੈਕੇ ਸੌਣ-ਕਮਰੇ ਵਿੱਚ ਚਲਾ ਗਿਆ। ਪਰ ਜਦੋਂ ਉਹ ਉਹਦੇ ਨਾਲ ਬਿਸਤਰੇ ਵਿੱਚ ਵੜਿਆ ਤਾਂ ਕੀ ਦੇਖਦਾ ਹੈ ਕਿ ਉਸ ਦੀ ਜਵਾਨ ਪਤਨੀ ਦੇ ਚਿਹਰੇ ਦੀ ਥਾਂ ਇਕ ਬਘਿਆੜ ਦੀ

ਬੂਬੀ ਹੈ। ਜ਼ਾਰ ਏਨਾ ਡਰਿਆ ਕਿ ਬਿਸਤਰੇ ਵਿਚੋਂ ਹੇਠਾਂ ਡਿਗ ਪਿਆ, ਬੱਗਾ ਬਘਿਆੜ ਬੁੜ੍ਹਕ ਕੇ ਬਾਹਰ ਆਇਆ ਤੇ ਦੌੜ ਗਿਆ।

ਉਹ ਰਾਜਕੁਮਾਰ ਇਵਾਨ ਨੂੰ ਜਾ ਮਿਲਿਆ ਅਤੇ ਪੁਛਣ ਲਗਾ:

"ਤੂੰ ਉਦਾਸ ਕਿਉਂ ਏਂ, ਰਾਜਕੁਮਾਰ ਇਵਾਨ?"

"ਉਦਾਸ ਕਿਉਂ ਨਾ ਹੋਵਾਂ! ਅਗਨ-ਪੰਛੀ ਨਾਲ ਸੁਨਹਿਰੀ ਅਯਾਲ ਵਾਲਾ ਘੋੜਾ ਵਟਾਉਣ ਬਾਰੇ ਸੋਚਣਾ ਹੀ ਮੈਥੋਂ ਬਰਦਾਸ਼ਤ ਨਹੀਂ ਹੋ ਸਕਦਾ।"

"ਦਿਲ ਰੱਖ, ਮੈਂ ਤੇਰੀ ਮਦਦ ਕਰਾਂਗਾ," ਬਘਿਆੜ ਨੇ ਆਖਿਆ।

ਛੇਤੀ ਹੀ ਉਹ ਜ਼ਾਰ ਅਫ਼ਰੋਨ ਦੀ ਜ਼ਾਰਸ਼ਾਹੀ ਪਹੁੰਚ ਗਏ।

"ਘੋੜੇ ਨੂੰ ਅਤੇ ਯੇਲੇਨਾ ਗੋਰੀ ਨੂੰ ਛੁਪਾ ਦੇ," ਬਘਿਆੜ ਨੇ ਆਖਿਆ। "ਮੈਂ ਸੁਨਹਿਰੀ ਅਯਾਲ ਵਾਲੇ ਘੋੜੇ ਦਾ ਰੂਪ ਧਾਰ ਲਵਾਂਗਾ ਅਤੇ ਤੂੰ ਮੈਨੂੰ ਜ਼ਾਰ ਅਫ਼ਰੋਨ ਕੋਲ ਲੈ ਜਾਵੀਂ।"

ਉਹਨਾਂ ਨੇ ਯੇਲੇਨਾ ਗੋਰੀ ਅਤੇ ਸੁਨਹਿਰੀ ਅਯਾਲ ਵਾਲੇ ਘੋੜੇ ਨੂੰ ਜੰਗਲ ਵਿੱਚ ਛੁਪਾ ਦਿੱਤਾ, ਅਤੇ ਬੱਗੇ ਬਘਿਆੜ ਨੇ ਇਕ ਉਲਟ-ਬਾਜ਼ੀ ਲਾਈ ਤੇ ਉਹ ਘੋੜਾ ਬਣ ਗਿਆ। ਰਾਜਕੁਮਾਰ ਇਵਾਨ ਉਸ ਨੂੰ ਜ਼ਾਰ ਅਫ਼ਰੋਨ ਕੋਲ ਲੈ ਗਿਆ। ਜ਼ਾਰ ਬੜਾ ਖ਼ੁਸ਼ ਹੋਇਆ ਅਤੇ ਅਗਨ-ਪੰਛੀ ਤੇ ਨਾਲ ਹੀ ਸੋਨੇ ਦਾ ਪਿੰਜਰਾ ਉਸ ਨੂੰ ਦੇ ਦਿੱਤਾ।

ਰਾਜਕੁਮਾਰ ਇਵਾਨ ਵਾਪਸ ਜੰਗਲ ਵਿੱਚ ਆਇਆ, ਯੇਲੇਨਾ ਗੋਰੀ ਨੂੰ ਸੁਨਹਿਰੀ ਅਯਾਲ ਵਾਲੇ ਘੋੜੇ ਤੇ ਚਾੜ੍ਹਿਆ ਅਤੇ, ਅਗਨ-ਪੰਛੀ ਵਾਲਾ ਪਿੰਜਰਾ ਹੱਥ ਵਿੱਚ ਲੈਕੇ, ਘਰ ਵੱਲ ਤੁਰ ਪਿਆ।

ਇਧਰ ਜ਼ਾਰ ਅਫ਼ਰੋਨ ਨੇ ਘੋੜਾ ਆਪਣੇ ਕੋਲ ਮੰਗਵਾਇਆ, ਅਤੇ ਉਹ ਇਸ ਤੇ ਚੜ੍ਹਨ ਹੀ ਵਾਲਾ ਸੀ ਕਿ ਇਹ ਇਕ ਬੱਗਾ ਬਘਿਆੜ ਬਣ ਗਿਆ। ਜ਼ਾਰ ਏਨਾ ਡਰ ਗਿਆ ਸੀ ਕਿ ਉਹ ਜਿਥੇ ਖੜਾ ਸੀ ਉਥੇ ਹੀ ਡਿਗ ਪਿਆ, ਅਤੇ ਬੱਗਾ ਬਘਿਆੜ ਦੌੜ ਗਿਆ ਅਤੇ ਰਾਜਕੁਮਾਰ ਇਵਾਨ ਨੂੰ ਜਾ ਮਿਲਿਆ।

"ਅਤੇ ਹੁਣ ਜ਼ਰੂਰੀ ਹੈ ਕਿ ਮੈਂ ਅਲਵਿਦਾ ਆਖਾਂ," ਉਸ ਨੇ ਕਿਹਾ, "ਕਿਉਂਕਿ ਮੈਂ ਇਸ ਤੋਂ ਅੱਗੇ ਨਹੀਂ ਜਾ ਸਕਦਾ।"

ਰਾਜਕੁਮਾਰ ਇਵਾਨ ਘੋੜੇ ਤੋਂ ਉਤਰਿਆ, ਤਿੰਨ ਵਾਰ ਝੁਕਿਆ, ਅਤੇ ਨਿਮਰਤਾ ਨਾਲ ਬੱਗੇ ਬਘਿਆੜ ਦਾ ਧੰਨਵਾਦ ਕੀਤਾ।

"ਸਦਾ ਲਈ ਅਲਵਿਦਾ ਨਾ ਆਖ, ਹੋ ਸਕਦੈ ਮੇਰੀ ਫੇਰ ਲੋੜ ਪੈ ਜਾਏ," ਬੱਗੇ ਬਘਿਆੜ ਨੇ ਆਖਿਆ।

"ਮੈਨੂੰ ਫੇਰ ਇਸ ਦੀ ਲੋੜ ਕਿਉਂ ਪਵੇਗੀ?" ਰਾਜਕੁਮਾਰ ਇਵਾਨ ਨੇ ਸੋਚਿਆ। "ਮੇਰੀਆਂ ਸਾਰੀਆਂ ਕਾਮਨਾਵਾਂ ਪੂਰੀਆਂ ਹੋ ਗਈਆਂ ਹਨ।"

ਉਹ ਸੁਨਹਿਰੀ ਅਯਾਲ ਵਾਲੇ ਘੋੜੇ ਦੀ ਪਿੱਠ ਤੇ ਸਵਾਰ ਹੋਇਆ ਅਤੇ ਯੇਲੇਨਾ ਗੋਰੀ ਅਤੇ ਅਗਨ-ਪੰਛੀ ਸਮੇਤ ਘੋੜਾ ਤੋਰ ਲਿਆ। ਛੇਤੀ ਹੀ ਉਹ ਆਪਣੀ ਜਨਮ ਭੂਮੀ ਵਿਚ ਪਹੁੰਚ ਗਿਆ, ਅਤੇ ਰਾਜਕੁਮਾਰ ਇਵਾਨ ਨੇ ਮਨ ਨਾਲ ਫ਼ੈਸਲਾ ਕੀਤਾ ਕਿ ਉਹ ਥੋੜ੍ਹਾ ਚਿਰ ਇਥੇ ਰੁਕ ਕੇ ਕੁਝ ਖਾ ਪੀ ਲੈਣ। ਉਹਦੇ ਕੋਲ ਥੋੜ੍ਹੀ ਜਿਹੀ ਰੋਟੀ ਸੀ, ਸੋ ਉਹਨਾਂ ਨੇ ਇਹ ਰੋਟੀ ਖਾਧੀ ਅਤੇ ਚਸ਼ਮੇ ਤੋਂ ਸੱਜਰਾ ਪਾਣੀ ਪੀਤਾ, ਅਤੇ ਫੇਰ ਆਰਾਮ ਕਰਨ ਲਈ ਲੰਮੇ ਪੈ ਗਏ।

ਰਾਜਕੁਮਾਰ ਇਵਾਨ ਦੀ ਮਸਾਂ ਅਜੇ ਅੱਖ ਲਗੀ ਹੀ ਸੀ ਕਿ ਉਹਦੇ ਭਰਾ ਘੋੜਿਆਂ ਤੇ ਸਵਾਰ ਉਥੇ ਆਣ ਪਹੁੰਚੇ। ਉਹ ਅਗਨ-ਪੰਛੀ ਨੂੰ ਲਭਣ ਹੋਰਨਾਂ ਦੇਸ਼ਾਂ ਵਿੱਚ ਗਏ ਸਨ, ਅਤੇ ਹੁਣ ਖਾਲੀ ਹੱਥ ਘਰ ਵਾਪਸ ਜਾ ਰਹੇ ਸਨ।

ਜਦੋਂ ਉਹਨਾਂ ਨੇ ਦੇਖਿਆ ਕਿ ਰਾਜ-ਕੁਮਾਰ ਇਵਾਨ ਕੋਲ ਹਰ ਚੀਜ਼ ਹੈ ਤਾਂ ਉਹਨਾਂ ਸਲਾਹ ਕੀਤੀ:

"ਅਸੀਂ ਆਪਣੇ ਭਰਾ ਇਵਾਨ ਨੂੰ ਮਾਰ ਦੇਈਏ, ਤੇ ਫੇਰ ਉਹਦਾ ਸਾਰਾ ਮਾਲ ਸਾਡਾ ਹੋ ਜਾਏਗਾ।"

ਅਤੇ ਇਸ ਨੀਤ ਨਾਲ ਉਹਨਾਂ ਨੇ ਰਾਜਕੁਮਾਰ ਇਵਾਨ ਨੂੰ ਮਾਰ ਦਿੱਤਾ। ਫੇਰ ਉਹ ਸੁਨਹਿਰੀ ਅਯਾਲ ਵਾਲੇ ਘੋੜੇ ਤੇ ਚੜ੍ਹ ਬੈਠੇ, ਅਗਨ-ਪੰਛੀ ਹੱਥ ਵਿੱਚ ਲੈ ਲਿਆ, ਯੇਲੇਨਾ ਗੋਰੀ ਨੂੰ ਘੋੜੇ ਤੇ ਬਿਠਾਇਆ ਅਤੇ ਆਖਿਆ:

"ਦੇਖ; ਘਰ ਵਿੱਚ ਇਸ ਬਾਰੇ ਤੂੰ ਕੋਈ ਗੱਲ ਨਹੀਂ ਕਰਨੀ!"

ਸੋ ਰਾਜਕੁਮਾਰ ਇਵਾਨ ਦੀ ਦੇਹ ਜ਼ਮੀਨ ਤੇ ਪਈ ਸੀ ਤੇ ਢੋਡਰ ਕਾਂ ਉਹਦੇ ਸਿਰ ਉਤੇ ਮੰਡਲਾ ਰਹੇ ਸਨ। ਅਚਾਨਕ ਕੀ ਹੋਇਆ ਕਿ ਬੱਗਾ ਬਘਿਆੜ ਓਧਰ ਦੌੜਿਆ ਆ ਰਿਹਾ ਸੀ। ਉਹ ਦੌੜਿਆ ਆਇਆ ਤੇ ਉਹਨੇ ਇਕ ਢੋਡਰ ਕਾਉਣੀ ਤੇ ਉਹਦੇ ਬੋਟ ਨੂੰ ਕਾਬੂ ਕਰ ਲਿਆ।

"ਉਡਕੇ ਜਾ, ਤੇ ਮੈਨੂੰ ਮੋਇਆ-ਪਾਣੀ ਤੇ ਜਿਊਂਦਾ-ਪਾਣੀ ਲਿਆ ਕੇ ਦੇ," ਬਘਿਆੜ ਨੇ ਢੋਡਰ ਕਾਉਣੀ ਨੂੰ ਆਖਿਆ। "ਜੇ ਤੂੰ ਲਿਆ ਦੇਵੇਂਗੀ, ਤਾਂ ਮੈਂ ਤੇਰੇ ਬੋਟ ਨੂੰ ਛੱਡ ਦਿਆਂਗਾ।"

ਢੋਡਰ ਕਾਉਣੀ ਉਡ ਗਈ—ਹੋਰ ਉਹ ਕਰ ਵੀ ਕੀ ਸਕਦੀ ਸੀ?—ਅਤੇ ਬਘਿਆੜ ਨੇ ਉਹਦਾ ਬੋਟ ਫੜ ਰਖਿਆ। ਖਵਰੇ ਢੇਰ ਚਿਰ ਬੀਤਿਆ ਹੋਵੇਗਾ ਜਾਂ ਥੋੜ੍ਹਾ, ਕਿਸੇ ਨੂੰ ਪਤਾ ਨਹੀਂ, ਪਰ ਅਖ਼ੀਰ ਉਹ ਮੋਇਆ-ਪਾਣੀ ਤੇ ਜਿਊਂਦਾ-ਪਾਣੀ ਲੈ ਕੇ ਵਾਪਸ ਪਰਤੀ। ਬੱਗੇ ਬਘਿਆੜ ਨੇ ਰਾਜਕੁਮਾਰ ਇਵਾਨ ਦੇ ਫੱਟਾਂ ਉਤੇ ਮੋਇਆ-ਪਾਣੀ ਦੇ ਛਿੱਟੇ ਦਿਤੇ, ਅਤੇ ਉਹਦੇ ਫੱਟ ਰਾਜ਼ੀ ਹੋ

ਗਏ, ਫੇਰ ਉਸ ਨੇ ਜਿਉਂਦਾ-ਪਾਣੀ ਉਹਦੇ ਉਤੇ ਛਿੜਕਿਆ, ਅਤੇ ਰਾਜਕੁਮਾਰ ਇਵਾਨ ਵਿੱਚ ਜਾਨ ਮੁੜ ਆਈ।

"ਵਾਹ, ਮੈਂ ਕਿੱਨੀ ਡੂੰਘੀ ਨੀਂਦ ਸੁੱਤਾ ਸਾਂ!" ਉਹਨੇ ਕਿਹਾ।

"ਸਦਾ ਦੀ ਨੀਂਦ," ਬੱਗੇ ਬਘਿਆੜ ਨੇ ਆਖਿਆ, "ਤੇ ਜੇ ਮੈਂ ਨਾ ਹੁੰਦਾ ਤਾਂ ਤੂੰ ਮੁੜ ਕਦੇ ਨਾ ਜਾਗਦਾ। ਤੇਰੇ ਆਪਣੇ ਹੀ ਭਰਾਵਾਂ ਨੇ ਤੈਨੂੰ ਮਾਰ ਦਿੱਤਾ ਸੀ ਅਤੇ ਤੇਰਾ ਸਾਰਾ ਮਾਲ ਲੈ ਗਏ। ਬਹਿ ਮੇਰੀ ਪਿੱਠ ਉਤੇ, ਛੇਤੀ ਕਰ।"

ਉਹ ਮਾਰੋ ਮਾਰ ਕਰਦੇ ਉਹਨਾਂ ਦੇ ਪਿੱਛੇ ਦੌੜੇ, ਅਤੇ ਛੇਤੀ ਹੀ ਦੋਵਾਂ ਭਰਾਵਾਂ ਨੂੰ ਜਾ ਮਿਲੇ। ਬੱਗੇ ਬਘਿਆੜ ਨੇ ਉਹਨਾਂ ਦੀਆਂ ਬੋਟੀਆਂ ਤੋੜ ਸੁਟੀਆਂ ਅਤੇ ਖੇਤਾਂ ਵਿੱਚ ਖਿੰਡਾ ਦਿੱਤੀਆਂ।

ਰਾਜਕੁਮਾਰ ਇਵਾਨ ਨੇ ਬੱਗੇ ਬਘਿਆੜ ਅੱਗੇ ਸਿਰ ਝੁਕਾਇਆ ਅਤੇ ਉਹਦੇ ਕੋਲੋਂ ਸਦਾ ਲਈ ਵਿਛੜਨ ਦੀ ਆਗਿਆ ਲਈ।

ਉਹ ਸੁਨਹਿਰੀ ਅਯਾਲ ਵਾਲੇ ਘੋੜੇ ਤੇ ਸਵਾਰ ਘਰ ਮੁੜਿਆ, ਤੇ ਉਸ ਨੇ ਆਪਣੇ ਪਿਤਾ ਲਈ ਅਗਨ-ਪੰਛੀ ਅਤੇ ਆਪਣੇ ਲਈ ਲਾੜੀ, ਯੇਲੇਨਾ ਗੋਰੀ, ਲਿਆਂਦੀ।

ਜ਼ਾਰ ਬੇਰੇਨਦੇਈ ਬੇਹੱਦ ਖ਼ੁਸ਼ ਹੋਇਆ ਅਤੇ ਉਸ ਨੇ ਸਭ ਕੁਝ ਬਾਰੇ ਆਪਣੇ ਪੁਤਰ ਤੋਂ ਸਾਰੀਆਂ ਗੱਲਾਂ ਪੁਛੀਆਂ। ਰਾਜਕੁਮਾਰ ਇਵਾਨ ਨੇ ਉਹਨੂੰ ਦਸਿਆ ਕਿ ਕਿਵੇਂ ਬੱਗੇ ਬਘਿਆੜ ਨੇ ਉਹਦੀ ਮਦਦ ਕੀਤੀ ਸੀ, ਅਤੇ ਕਿਵੇਂ ਉਹਦੇ ਭਰਾਵਾਂ ਨੇ ਉਹਨੂੰ ਸੁੱਤੇ ਪਏ ਨੂੰ ਮਾਰ ਦਿੱਤਾ ਸੀ ਅਤੇ ਬੱਗੇ ਬਘਿਆੜ ਨੇ ਉਹਨਾਂ ਦੀਆਂ ਬੋਟੀਆਂ ਕਰ ਸੁਟੀਆਂ ਸਨ।

ਪਹਿਲਾਂ ਤਾਂ ਜ਼ਾਰ ਬੇਰੇਨਦੇਈ ਡਾਢਾ ਦੁਖੀ ਹੋਇਆ, ਪਰ ਛੇਤੀ ਹੀ ਉਹਦਾ ਦਿਲ ਟਿਕਾਣੇ ਆ ਗਿਆ। ਅਤੇ ਰਾਜਕੁਮਾਰ ਇਵਾਨ ਨੇ ਯੇਲੇਨਾ ਗੋਰੀ ਨਾਲ ਵਿਆਹ ਕਰ ਲਿਆ ਤੇ ਉਹਨਾਂ ਨੇ ਕਈ ਵਰ੍ਹੇ ਸੁਖ ਆਨੰਦ ਵਿੱਚ ਹਸਦਿਆਂ ਖੇਡਦਿਆਂ ਰਾਜ਼ੀ ਬਾਜ਼ੀ ਇੱਕਠਿਆਂ ਬਿਤਾਏ।



'ਮੈਨੂੰ ਨਹੀਂ ਪਤਾ ਕਿਥੇ' ਜਾ ਤੇ 'ਮੈਨੂੰ ਨਹੀਂ ਪਤਾ ਕੀ' ਲਿਆ

ਇਕ ਬਾਦਸ਼ਾਹੀ ਵਿੱਚ ਇਕ ਜ਼ਾਰ ਹੁੰਦਾ ਸੀ। ਉਹਦਾ ਕੋਈ ਟੱਬਰ ਨਹੀਂ ਸੀ ਕਿਉਂਕਿ ਉਹਨੇ ਆਪਣਾ ਵਿਆਹ ਨਹੀਂ ਸੀ ਕੀਤਾ। ਆਂਦਰੇਈ ਨਾਂ ਦਾ ਇਕ ਤੀਰ-ਅੰਦਾਜ਼ ਉਹਦਾ ਨੌਕਰ ਹੁੰਦਾ ਸੀ।

ਇਕ ਦਿਨ ਤੀਰ-ਅੰਦਾਜ਼ ਸ਼ਿਕਾਰ ਕਰਨ ਗਿਆ। ਉਹ ਸਾਰਾ ਦਿਨ ਜੰਗਲ ਵਿਚ ਫਿਰਦਾ ਰਿਹਾ, ਪਰ ਉਹਨੂੰ ਕੋਈ ਸ਼ਿਕਾਰ ਨਾ ਮਿਲਿਆ। ਹਨੇਰਾ ਉਤਰਨ ਲੱਗ ਪਿਆ ਸੀ, ਸੋ ਉਹ ਨਿਰਾਸ਼ ਹੋਇਆ ਘਰ ਵੱਲ ਮੁੜ ਪਿਆ। ਅਚਾਨਕ ਹੀ ਉਸ ਨੇ ਇਕ ਰੁੱਖ ਉਤੇ ਬੈਠੀ ਘੁਗੀ ਵੇਖੀ।

"ਮੈਂ ਏਹਨੂੰ ਵੀ ਤਾਂ ਨਿਸ਼ਾਨਾ ਬਣਾ ਸਕਦਾ ਆਂ," ਉਹਨੇ ਸੋਚਿਆ।

ਸੋ ਉਹਨੇ ਨਿਸ਼ਾਨਾ ਬੰਨ੍ਹ ਕੇ ਘੁਗੀ ਤੇ ਤੀਰ ਚਲਾ ਦਿੱਤਾ ਤੇ ਉਹ ਰੁੱਖ ਤੋਂ ਹੇਠਾਂ ਹਰੀ ਭਰੀ ਧਰਤੀ ਤੇ ਡਿੱਗ ਪਈ। ਆਂਦਰੇਈ ਨੇ ਘੁਗੀ ਨੂੰ ਚੁਕਿਆ ਤੇ ਉਹ ਇਸ ਦੀ ਧੌਣ ਮਰੋੜਨ ਹੀ ਵਾਲਾ ਸੀ ਤੇ ਆਪਣੇ ਥੈਲੇ ਵਿਚ ਪਾਉਣ ਹੀ ਵਾਲਾ ਸੀ ਕਿ ਘੁਗੀ ਨੇ ਮਨੁਖੀ ਜ਼ਬਾਨ ਵਿਚ ਉਹਨੂੰ ਆਖਿਆ:

"ਤੀਰ-ਅੰਦਾਜ਼ ਆਂਦਰੇਈ, ਮੈਨੂੰ ਨਾ ਮਾਰ, ਮੇਰੀ ਧੌਣ ਨਾ ਮਰੋੜ। ਮੈਨੂੰ ਜਿਊਂਦੀ ਨੂੰ ਘਰ ਲੈ ਜਾ ਤੇ ਮੈਨੂੰ ਬਾਰੀ ਵਿਚ ਰਖ ਦੇ। ਪਰ ਯਾਦ ਰੱਖ, ਜਿਸ ਵੇਲੇ ਮੈਂ ਊਂਘਣ ਲਗ ਪਵਾਂ, ਆਪਣੇ ਸੱਜੇ ਹੱਥ ਨਾਲ ਮੈਨੂੰ ਧੱਫਾ ਮਾਰੀਂ, ਤੇ ਬਹੁਤ ਵੱਡਾ ਖਜ਼ਾਨਾ ਤੇਰੇ ਹੱਥ ਲੱਗੇਗਾ।"

ਤੀਰ-ਅੰਦਾਜ਼ ਆਂਦਰੇਈ ਨੂੰ ਆਪਣੇ ਕੰਨਾਂ ਤੇ ਯਕੀਨ ਨਹੀਂ ਸੀ ਆਉਂਦਾ। "ਏਹ ਕੀ ਏ?" ਉਸ ਨੇ ਸੋਚਿਆ। "ਲਗਦੀ ਤਾਂ ਬਿਲਕੁਲ ਪੰਛੀ ਵਾਂਗ ਏ, ਪਰ ਬੋਲਦੀ ਏ ਮਨੁਖੀ ਜ਼ਬਾਨ ਵਿੱਚ।" ਉਹ ਘੁਗੀ ਨੂੰ ਘਰ ਲੈ ਆਇਆ, ਉਹਨੂੰ ਬਾਰੀ ਵਿਚ ਰਖ ਦਿੱਤਾ ਤੇ ਖਲੋਤਾ ਉਡੀਕ ਕਰਨ ਲੱਗਾ।

ਥੋੜੇ ਚਿਰ ਪਿਛੋਂ ਘੁਗੀ ਨੇ ਆਪਣਾ ਸਿਰ ਆਪਣੇ ਖੰਭ ਵਿਚ ਦੇ ਲਿਆ ਤੇ ਊਂਘਣ ਲੱਗੀ। ਜੋ ਕੁਝ ਇਸ ਨੇ ਦੱਸਿਆ ਸੀ ਆਂਦਰੇਈ ਨੂੰ ਯਾਦ ਸੀ ਤੇ ਉਹਨੇ ਆਪਣੇ ਸੱਜੇ ਹੱਥ ਨਾਲ ਘੁਗੀ ਨੂੰ ਧੱਫਾ ਮਾਰਿਆ। ਘੁਗੀ ਫਰਸ਼ ਤੇ ਡਿਗ ਪਈ ਤੇ ਰਾਜਕੁਮਾਰੀ ਮਾਰੀਆ ਬਣ ਗਈ, ਏਡੀ ਸੁਹਣੀ ਮੁਟਿਆਰ ਜੇਡਾ ਸੁਹਣਾ ਸਰਘੀ ਵੇਲੇ ਦਾ ਅਸਮਾਨ ਹੁੰਦੈ। ਏਡੀ ਸੁਹਣੀ ਮੁਟਿਆਰ ਦੁਨੀਆਂ ਵਿਚ ਅੱਜ ਤੱਕ ਕੋਈ ਜੰਮੀ ਨਹੀਂ ਸੀ।

ਰਾਜਕੁਮਾਰੀ ਮਾਰੀਆ ਨੇ ਤੀਰ-ਅੰਦਾਜ਼ ਨੂੰ ਆਖਿਆ:

"ਤੂੰ ਮੈਨੂੰ ਫੜ ਤਾਂ ਲਿਆ ਏ, ਹੁਣ ਮੈਨੂੰ ਸੰਭਾਲਣ ਦਾ ਵੀ ਹੀਲਾ ਕਰ। ਮੁਹੱਬਤ ਉਹੋ ਚੰਗੀ ਜਿਸ ਵਿਚ ਬਹੁਤਾ ਬਖੇੜਾ ਨਾ ਪਵੇ। ਮੇਰੇ ਨਾਲ ਵਿਆਹ ਕਰ ਲੈ ਤੇ ਮੈਂ ਤੇਰੀ ਇਮਾਨਦਾਰ ਤੇ ਹਸਮੁਖ ਵਹੁਟੀ ਬਣ ਕੇ ਰਹਾਂਗੀ।"

ਤੇ ਇਸ ਤਰ੍ਹਾਂ ਮਾਮਲਾ ਨਜਿਠਿਆ ਗਿਆ। ਤੀਰ-ਅੰਦਾਜ਼ ਆਂਦਰੇਈ ਨੇ ਰਾਜਕੁਮਾਰੀ ਮਾਰੀਆ ਨਾਲ ਵਿਆਹ ਕਰ ਲਿਆ ਤੇ ਉਹ ਤੇ ਉਹਦੀ ਜੋਬਨਮਤੀ ਵਹੁਟੀ ਦੋਵੇਂ ਸੁਖੀ ਸੁਖੀ ਵਸਣ ਲੱਗੇ। ਪਰ ਆਂਦਰੇਈ ਨੇ ਆਪਣੇ ਫਰਜ਼ਾਂ ਵੱਲ ਘੌਲ ਨਹੀਂ ਸੀ ਕੀਤੀ। ਰੋਜ਼ ਸਵੇਰੇ ਦਿਨ ਚੜ੍ਹਦੇ ਨਾਲ ਉਹ ਜੰਗਲ ਵਿਚ ਚਲਾ ਜਾਂਦਾ, ਕਿਸੇ ਪੰਛੀ ਦਾ ਨਿਸ਼ਾਨਾ ਫੁੰਡਦਾ ਤੇ ਸ਼ਾਹੀ ਰਸੋਈ ਵਿਚ ਦੇ ਆਉਂਦਾ।

ਕੁਝ ਚਿਰ ਉਹ ਇਸ ਤਰ੍ਹਾਂ ਰਹਿੰਦੇ ਰਹੇ, ਤੇ ਅਖੀਰ ਇਕ ਦਿਨ ਰਾਜਕੁਮਾਰੀ ਮਾਰੀਆ ਨੇ ਉਹਨੂੰ ਆਖਿਆ:

"ਅਸੀਂ ਗਿਆਂ-ਗੁਜ਼ਰਿਆਂ ਵਾਂਗ ਦਿਨ ਕਟ ਰਹੇ ਆਂ, ਆਂਦਰੇਈ।"

"ਗੱਲ ਤਾਂ ਤੇਰੀ ਠੀਕ ਏ।"

"ਜੇ ਤੂੰ ਸੌ ਰੂਬਲ ਹੱਥ ਹੁਦਾਰ ਫੜ ਕੇ ਮੈਨੂੰ ਰੇਸ਼ਮ ਲਿਆ ਦੇਵੇਂ, ਤਾਂ ਮੈਂ ਹੀਲਾ ਕਰਾਂ ਕਿ ਸਾਡੀ ਜ਼ਿੰਦਗੀ ਸੌਖੀ ਹੋ ਜਾਏ।"

ਸੋ ਆਂਦਰੇਈ ਨੇ ਸੌ ਰੂਬਲ ਹੁਦਾਰ ਮੰਗ ਲਿਆਂਦਾ। ਉਹ ਆਪਣੇ ਯਾਰਾਂ ਮਿਤਰਾਂ ਕੋਲ ਗਿਆ, ਕਿਸੇ ਕੋਲੋਂ ਇਕ ਫੜਿਆ, ਕਿਸੇ ਕੋਲੋਂ ਦੋ ਫੜੇ, ਤੇ ਇਹਨਾਂ ਦਾ ਰੇਸ਼ਮ ਲੈ ਆਂਦਾ। ਰੇਸ਼ਮ ਲਿਆਕੇ

ਉਹਨੇ ਵਹੁਟੀ ਦੇ ਹਵਾਲੇ ਕੀਤਾ, ਜਿਹੜੀ ਆਖਣ ਲੱਗੀ:

"ਜਾ ਹੁਣ ਸੌਂ ਜਾ ਕੇ, ਸਵੇਰੇ ਵੇਖੀ ਜਾਊ।"

ਆਂਦਰੇਈ ਬਿਸਤਰੇ ਵਿਚ ਜਾ ਪਿਆ, ਤੇ ਰਾਜਕੁਮਾਰੀ ਮਾਰੀਆ ਉਣਨ ਬਹਿ ਗਈ। ਸਾਰੀ ਰਾਤ ਉਹ ਉਣਦੀ ਰਹੀ ਤੇ ਉਹਨੇ ਇਕ ਗ਼ਲੀਚਾ ਬਣਾ ਲਿਆ ਜਿਹੋ ਜਿਹਾ ਦੁਨੀਆਂ ਨੇ ਕਦੇ ਵੇਖਿਆ ਨਹੀਂ ਸੀ। ਇਹਦੇ ਉਤੇ ਪੂਰੀ ਬਾਦਸ਼ਾਹੀ ਦੀ ਤਸਵੀਰ ਸੀ। ਬਾਦਸ਼ਾਹੀ ਦੇ ਸਾਰੇ ਸ਼ਹਿਰ ਤੇ ਪਿੰਡ, ਸਾਰੇ ਜੰਗਲ ਤੇ ਖੇਤ, ਇਸ ਦੇ ਅਸਮਾਨਾਂ ਦੇ ਪੰਛੀ, ਇਸ ਦੇ ਜੰਗਲਾਂ ਦੇ ਜਾਨਵਰ, ਸਾਗਰਾਂ ਦੀਆਂ ਮੱਛੀਆਂ, ਤੇ ਇਹਨਾਂ ਸਾਰਿਆਂ ਦੇ ਉਤੇ ਕਿਰਨਾਂ ਸੁਟਦੇ ਚੰਨ ਤੇ ਸੂਰਜ।

ਸਵੇਰੇ ਰਾਜਕੁਮਾਰੀ ਮਾਰੀਆ ਨੇ ਗ਼ਲੀਚਾ ਆਪਣੇ ਪਤੀ ਨੂੰ ਦਿੱਤਾ ਤੇ ਆਖਿਆ:

"ਇਹਨੂੰ ਵਪਾਰੀਆਂ ਦੇ ਬਾਜ਼ਾਰ ਲੈ ਜਾ ਤੇ ਵੇਚ ਦੇ, ਪਰ ਯਾਦ ਰੱਖੀਂ ਇਹਦਾ ਮੁਲ ਆਪ ਨਾ ਦਸੀਂ। ਜੋ ਤੈਨੂੰ ਮਿਲੇ ਲੈ ਲਵੀਂ।"

ਆਂਦਰੇਈ ਨੇ ਗ਼ਲੀਚਾ ਚੁਕਿਆ, ਆਪਣੀ ਬਾਂਹ ਉਤੇ ਲਟਕਾਇਆ ਤੇ ਵਪਾਰੀਆਂ ਦੇ ਬਾਜ਼ਾਰ ਚਲਾ ਗਿਆ।

ਫੌਰਨ ਇਕ ਵਪਾਰੀ ਭੱਜ ਕੇ ਉਹਦੇ ਕੋਲ ਆਇਆ ਤੇ ਬੋਲਿਆ:

"ਕੀ ਲੈਣਾ ਈ ਇਹਦਾ, ਮਿਤਰਾ?"

"ਤੁਸੀਂ ਵਪਾਰੀ ਓ, ਆਪ ਹੀ ਮੁਲ ਪਾ ਦਿਓ।"

ਵਪਾਰੀ ਸੋਚੀ ਗਿਆ, ਸੋਚੀ ਗਿਆ, ਪਰ ਉਹ ਗ਼ਲੀਚੇ ਦਾ ਮੁਲ ਨਾ ਪਾ ਸਕਿਆ। ਉਸ ਤੋਂ ਪਿਛੋਂ ਇਕ ਹੋਰ ਵਪਾਰੀ ਆ ਗਿਆ, ਫੇਰ ਇਕ ਹੋਰ, ਤੇ ਇਸ ਤੋਂ ਮਗਰੋਂ ਇਕ ਹੋਰ। ਛੇਤੀ ਹੀ ਓਥੇ ਵਪਾਰੀਆਂ ਦੀ ਇਕ ਭੀੜ ਜਮ੍ਹਾਂ ਹੋ ਗਈ। ਉਹ ਸਾਰੇ ਗ਼ਲੀਚੇ ਵੱਲ ਵੇਖੀ ਜਾਣ ਤੇ ਅਸ਼ ਅਸ਼ ਕਰੀ ਜਾਣ, ਪਰ ਉਸ ਦਾ ਮੁਲ ਕੋਈ ਨਾ ਪਾ ਸਕਿਆ।

ਤਾਹੀਓਂ ਖ਼ਬਰ ਜ਼ਾਰ ਦੇ ਮੰਤਰੀ ਦੀ ਬਘੀ ਕੋਲੋਂ ਦੀ ਲੰਘੀ ਤੇ ਉਹ ਇਹ ਸਾਰਾ ਹੱਲਾ ਗੁੱਲਾ ਵੇਖ ਕੇ ਹੈਰਾਨ ਹੋ ਗਿਆ। ਉਹ ਆਪਣੀ ਬਘੀ ਵਿਚੋਂ ਉਤਰਿਆ, ਭੀੜ ਵਿਚ ਅਰਕਾਂ ਹੁਝਾਂ ਮਾਰਦਾ ਅਗਾਂਹ ਲੰਘਿਆ ਤੇ ਬੋਲਿਆ:

"ਸ਼ੁਭ ਪ੍ਰਭਾਤ, ਵਪਾਰੀਓ। ਕੀ ਹੋ ਰਿਹੈ ਏਥੇ?"

"ਅਸੀਂ ਇਸ ਗ਼ਲੀਚੇ ਦਾ ਮੁਲ ਨਹੀਂ ਪਾ ਸਕਦੇ," ਉਹਨਾਂ ਆਖਿਆ।

ਜ਼ਾਰ ਦੇ ਮੰਤਰੀ ਨੇ ਗ਼ਲੀਚੇ ਤੇ ਨਜ਼ਰ ਮਾਰੀ ਤੇ ਹੱਕਾ ਬੱਕਾ ਰਹਿ ਗਿਆ।

"ਸੱਚ ਸੱਚ ਦੱਸ, ਤੀਰ-ਅੰਦਾਜ਼ਾ, ਇਹ ਸ਼ਾਨਦਾਰ ਗ਼ਲੀਚਾ ਤੂੰ ਕਿਥੋਂ ਲਿਐ?" ਉਹਨੇ ਪੁੱਛਿਆ।

"ਮੇਰੀ ਵਹੁਟੀ ਨੇ ਬਣਾਇਐ," ਤੀਰ-ਅੰਦਾਜ਼ ਨੇ ਦਸਿਆ।

"ਤੇ ਕੀ ਲੈਣਾ ਚਾਹੁੰਨੈ ਏਹਦਾ?"

"ਮੈਨੂੰ ਨਹੀਂ ਪਤਾ। ਮੇਰੀ ਵਹੁਟੀ ਨੇ ਆਖਿਆ ਸੀ ਕਿ ਜੋ ਮਿਲੇ ਲੈ ਆਵੀਂ।"

"ਫੇਰ ਆਹ ਲੈ ਫੜ ਦਸ ਹਜ਼ਾਰ ਰੂਬਲ, ਤੀਰ-ਅੰਦਾਜ਼ਾ।"

ਆਂਦਰੇਈ ਨੇ ਪੈਸੇ ਫੜੇ, ਗ਼ਲੀਚਾ ਉਹਦੇ ਹੱਥ ਫੜਾਇਆ ਤੇ ਘਰ ਚਲਾ ਗਿਆ। ਤੇ ਜ਼ਾਰ ਦਾ ਮੰਤਰੀ ਮਹਿਲੀਂ ਪਹੁੰਚਾ ਅਤੇ ਗ਼ਲੀਚਾ ਜ਼ਾਰ ਨੂੰ ਵਿਖਾਇਆ।

ਜ਼ਾਰ ਆਪਣੀ ਸਾਰੀ ਬਾਦਸ਼ਾਹੀ ਨੂੰ ਆਪਣੀਆਂ ਅੱਖਾਂ ਅੱਗੇ ਪਸਰੀ ਵੇਖ ਕੇ ਦੰਗ ਰਹਿ ਗਿਆ। ਉਹਦਾ ਹੇਠਲਾ ਸਾਹ ਹੇਠਾਂ ਤੇ ਉਤਲਾ ਸਾਹ ਉਤੇ।

"ਜੋ ਮਰਜ਼ੀ ਆਖ, ਪਰ ਇਹ ਗ਼ਲੀਚਾ ਮੈਂ ਤੈਨੂੰ ਵਾਪਸ ਨਹੀਂ ਮੋੜਨਾ," ਜ਼ਾਰ ਨੇ ਆਖਿਆ।

ਉਸ ਨੇ ਵੀਹ ਹਜ਼ਾਰ ਰੂਬਲ ਕੱਢੇ ਤੇ ਆਪਣੇ ਮੰਤਰੀ ਦੇ ਹੱਥ ਫੜਾਏ। ਮੰਤਰੀ ਨੇ ਪੈਸੇ ਫੜ ਲਏ ਤੇ ਸੋਚਿਆ:

"ਕੋਈ ਗੱਲ ਨਹੀਂ, ਮੈਂ ਆਪਣੇ ਲਈ ਇਕ ਇਸ ਤੋਂ ਵੀ ਚੰਗਾ ਬਣਵਾ ਲਾਂਗਾ।"

ਉਹ ਮੁੜ ਆਪਣੀ ਬਘੀ ਵਿਚ ਬੈਠਾ ਤੇ ਸ਼ਹਿਰ ਦੇ ਬਾਹਰਵਾਰ ਆ ਗਿਆ। ਉਸ ਨੇ ਉਸ ਝੁੱਗੀ ਦਾ ਪਤਾ ਲਾਇਆ ਜਿਸ ਵਿਚ ਤੀਰ-ਅੰਦਾਜ਼ ਆਂਦਰੇਈ ਰਹਿੰਦਾ ਸੀ ਤੇ ਬੂਹਾ ਖੜਕਾਇਆ। ਰਾਜਕੁਮਾਰੀ ਮਾਰੀਆ ਨੇ ਬੂਹਾ ਖੋਹਲਿਆ। ਜ਼ਾਰ ਦੇ ਮੰਤਰੀ ਨੇ ਇਕ ਪੈਰ ਦਹਿਲੀਜ਼ਾਂ ਦੇ ਅੰਦਰ ਰਖਿਆ, ਪਰ ਉਹਦਾ ਦੂਜਾ ਪੈਰ ਤਾਂ ਜ਼ਮੀਨ ਵਿਚ ਹੀ ਗੱਡਿਆ ਗਿਆ। ਉਹਦੇ ਮੂੰਹੋਂ ਕੋਈ ਗੱਲ ਨਾ ਨਿਕਲੀ ਤੇ ਉਹ ਭੁਲ ਗਿਆ ਕਿ ਉਹ ਕਾਹਦੇ ਲਈ ਆਇਆ ਸੀ। ਉਹਦੇ ਸਾਮ੍ਹਣੇ ਇਕ ਮੁਟਿਆਰ ਖੜੀ ਸੀ, ਏਡੀ ਸੁਹਣੀ ਕਿ ਸਾਰੀ ਉਮਰ ਉਸ ਨੂੰ ਵੇਖ ਵੇਖ ਉਹਦੀਆਂ ਅੱਖਾਂ ਨਾ ਰੱਜਣ।

ਰਾਜਕੁਮਾਰੀ ਮਾਰੀਆ ਇਸ ਉਡੀਕ ਵਿਚ ਸੀ ਕਿ ਉਹ ਬੋਲੇ, ਤੇ ਜਦੋਂ ਉਹਨੇ ਮੂੰਹ ਹੀ ਨਾ ਖੋਹਲਿਆ, ਤਾਂ ਉਹਨੇ ਉਸ ਦਾ ਮੂੰਹ ਭੁਆ ਕੇ ਉਹਨੂੰ ਬਾਹਰ ਕੀਤਾ ਤੇ ਬੂਹਾ ਬੰਦ ਕਰ ਲਿਆ। ਥੋੜੇ ਚਿਰ ਮਗਰੋਂ ਉਹਦੀ ਸੁਰਤ ਟਿਕਾਣੇ ਆਈ ਤੇ ਉਹ ਘਰ ਨੂੰ ਤੁਰ ਪਿਆ। ਪਰ ਓਸੇ ਦਿਨ ਤੋਂ ਉਸ ਨੇ ਨਾ ਕੁਝ ਖਾਧਾ ਨਾ ਕੁਝ ਪੀਤਾ, ਬਸ ਤੀਰ-ਅੰਦਾਜ਼ ਦੀ ਵਹੁਟੀ ਬਾਰੇ ਹੀ ਸੋਚਦਾ ਰਿਹਾ।

ਜ਼ਾਰ ਨੇ ਵੇਖਿਆ ਕਿ ਮੰਤਰੀ ਦਾ ਜੀਅ ਰਾਜ਼ੀ ਨਹੀਂ ਤੇ ਉਹਨੇ ਉਸ ਨੂੰ ਪੁਛਿਆ ਕਿ ਗੱਲ ਕੀ ਹੈ।

"ਓਹ, ਹਜ਼ੂਰ, ਮੈਂ ਤੀਰ-ਅੰਦਾਜ਼ ਦੀ ਵਹੁਟੀ ਵੇਖੀ ਏ ਤੇ ਮੈਂ ਉਹਨੂੰ ਆਪਣੇ ਦਿਲ ਦਿਮਾਗ਼ ਵਿਚੋਂ ਕੱਢ ਹੀ ਨਹੀਂ ਸਕਦਾ। ਉਸ ਨੇ ਮੇਰੇ ਉਤੇ ਜਾਦੂ ਕਰ ਦਿਤੈ, ਤੇ ਮੈਂ ਇਸ ਜਾਦੂ ਨੂੰ ਤੋੜ ਨਹੀਂ ਸਕਦਾ।"

ਸੋ ਜ਼ਾਰ ਨੇ ਸੋਚਿਆ ਕਿ ਉਹ ਵੀ ਤੀਰ-ਅੰਦਾਜ਼ ਦੀ ਵਹੁਟੀ ਤੇ ਝਾਤ ਪਾਕੇ ਵੇਖੇ। ਉਸ ਨੇ ਸਾਧਾਰਨ ਜਿਹੇ ਕਪੜੇ ਪਾ ਲਏ, ਸ਼ਹਿਰ ਦੇ ਬਾਹਰਵਾਰ ਗਿਆ, ਉਹ ਝੁੱਗੀ ਲਭੀ ਜਿਸ ਵਿਚ

ਤੀਰ-ਅੰਦਾਜ਼ ਆਂਦਰੇਈ ਰਹਿੰਦਾ ਸੀ ਤੇ ਬੂਹਾ ਖੜਕਾਇਆ। ਰਾਜਕੁਮਾਰੀ ਮਾਰੀਆ ਨੇ ਬੂਹਾ ਖੋਲ੍ਹਿਆ। ਜ਼ਾਰ ਨੇ ਇਕ ਪੈਰ ਦਹਿਲੀਜ਼ਾਂ ਦੇ ਅੰਦਰ ਰਖਿਆ, ਪਰ ਉਹਦਾ ਦੂਜਾ ਪੈਰ ਤਾਂ ਜ਼ਮੀਨ ਵਿਚ ਹੀ ਗੱਡਿਆ ਗਿਆ, ਤੇ ਉਹ ਆਪਣੇ ਸਾਮ੍ਹਣੇ ਇਕ ਨੂਰਾਨੀ ਚਿਹਰਾ ਵੇਖ ਕੇ ਭੌਂਚੱਕਾ ਰਹਿ ਗਿਆ।

ਰਾਜਕੁਮਾਰੀ ਮਾਰੀਆ ਇਸ ਉਡੀਕ ਵਿਚ ਸੀ ਕਿ ਜ਼ਾਰ ਬੋਲੇ, ਤੇ ਜਦੋਂ ਉਹਨੇ ਮੂੰਹ ਹੀ ਨਾ ਖੋਲ੍ਹਿਆ, ਤਾਂ ਉਹਨੇ ਉਹਦਾ ਮੂੰਹ ਭੁਆ ਕੇ ਉਹਨੂੰ ਬਾਹਰ ਕੀਤਾ ਤੇ ਬੂਹਾ ਬੰਦ ਕਰ ਲਿਆ।

ਜ਼ਾਰ ਬੁਰੀ ਤਰ੍ਹਾਂ ਮੋਹਿਆ ਗਿਆ। "ਮੈਂ ਕੱਲਾ ਹੀ ਕਿਉਂ ਰਹਾਂ?" ਉਸ ਨੇ ਸੋਚਿਆ। ਮੇਰੇ ਵਾਸਤੇ ਖ਼ੂਬਸੂਰਤ ਲਾੜੀ ਜੋ ਹੈ। ਉਹ ਜ਼ਾਰ ਦੀ ਵਹੁਟੀ ਬਣਨ ਵਾਸਤੇ ਪੈਦਾ ਹੋਈ ਏ, ਤੀਰ-ਅੰਦਾਜ਼ ਦੀ ਵਹੁਟੀ ਬਣਨ ਵਾਸਤੇ ਨਹੀਂ।"

ਜਦੋਂ ਉਹ ਵਾਪਸ ਮਹਿਲੀਂ ਆਇਆ, ਤਾਂ ਉਹਦੇ ਮਨ ਵਿਚ ਇਕ ਕੁਲਹਿਣਾ ਵਿਚਾਰ ਉਠਿਆ। ਉਹਨੇ ਨੇ ਜਿਉਂਦੇ ਜਾਗਦੇ ਪਤੀ ਦੀ ਵਹੁਟੀ ਚੁਰਾ ਲੈਣ ਦੀ ਗੱਲ ਸੋਚੀ। ਉਹਨੇ ਆਪਣੇ ਮੰਤਰੀ ਨੂੰ ਸੱਦਿਆ ਤੇ ਆਖਿਆ:

"ਤੀਰ-ਅੰਦਾਜ਼ ਆਂਦਰੇਈ ਨੂੰ ਗਲੋਂ ਲਾਹੁਣ ਦੀ ਕੋਈ ਤਰਕੀਬ ਸੋਚ। ਮੈਂ ਉਹਦੀ ਵਹੁਟੀ ਨਾਲ ਵਿਆਹ ਕਰਨਾ ਏ। ਜੇ ਤੂੰ ਮਦਦ ਕਰੇਂਗਾ ਤਾਂ ਮੈਂ ਤੈਨੂੰ ਜਾਗੀਰਾਂ ਤੇ ਸੋਨਾ ਇਨਾਮ ਵਿਚ ਦਿਆਂਗਾ, ਪਰ ਜੇ ਤੂੰ ਮਦਦ ਨਾ ਕੀਤੀ, ਮੈਂ ਤੇਰਾ ਸਿਰ ਲਾਹ ਦਿਆਂਗਾ।"

ਜ਼ਾਰ ਦਾ ਮੰਤਰੀ ਬੜਾ ਦੁਖੀ ਤੇ ਪ੍ਰੇਸ਼ਾਨ। ਤੀਰ-ਅੰਦਾਜ਼ ਨੂੰ ਗਲੋਂ ਲਾਹੁਣ ਦੀ ਕੋਈ ਤਰਕੀਬ ਉਹਨੂੰ ਨਾ ਸੁਝੀ, ਤੇ ਉਹ ਆਪਣਾ ਗ਼ਮ ਗ਼ਲਤ ਕਰਨ ਲਈ ਠੇਕੇ ਚਲਾ ਗਿਆ।

ਲੀਰਾਂ ਲਮਕਦਾ ਕਾਫਤਾਨ ਪਾਈ ਇਕ ਨਿਤ ਦਾ ਸ਼ਰਾਬੀ ਉਹਦੇ ਕੋਲ ਆਇਆ ਤੇ ਆਖਣ ਲਗਾ: "ਐਡੀ ਚਿੰਤਾ ਵਾਲੀ ਕਿਹੜੀ ਗੱਲ ਏ, ਮੰਤਰੀ ਜੀ?"

"ਦਫ਼ਾ ਹੋ ਜਾ, ਖੁਥੜਾ, ਏਥੋਂ!"

"ਦੁਰਕਾਰਨ ਦੀ ਥਾਂ ਮੈਨੂੰ ਇਕ ਜਾਮ ਪੇਸ਼ ਕਰੋ ਤੇ ਮੈਂ ਤੁਹਾਨੂੰ ਕੋਈ ਨੇਕ ਸਲਾਹ ਦੇਵਾਂ।"

ਜ਼ਾਰ ਦੇ ਮੰਤਰੀ ਨੇ ਉਹਨੂੰ ਸ਼ਰਾਬ ਦਾ ਇਕ ਗਲਾਸ ਮੰਗਵਾ ਦਿੱਤਾ ਤੇ ਉਹਨੂੰ ਆਪਣੀ ਔਕੜ ਦੱਸੀ।

"ਤੀਰ-ਅੰਦਾਜ਼ ਆਂਦਰੇਈ ਸਿੱਧਾ ਸਾਦਾ ਬੰਦਾ ਏ," ਖੁਥੜ ਨੇ ਆਖਿਆ। "ਜੇ ਉਹਦੀ ਵਹੁਟੀ ਏਡੀ ਚਲਾਕ ਨਾ ਹੁੰਦੀ ਤਾਂ ਉਹਨੂੰ ਗਲੋਂ ਲਾਹੁਣਾ ਸੌਖਾ ਹੁੰਦਾ। ਕੋਈ ਏਹੋ ਜਿਹੀ ਤਰਕੀਬ ਸੋਚਣੀ ਚਾਹੀਦੀ ਏ ਜਿਸ ਨਾਲ ਉਹ ਚੱਕਰ ਵਿਚ ਆ ਜਾਏ। ਜਾਓ ਤੇ ਜਾਕੇ ਜ਼ਾਰ ਨੂੰ ਆਖੋ ਪਈ ਤੀਰ-ਅੰਦਾਜ਼ ਆਂਦਰੇਈ ਨੂੰ ਇਹ ਪਤਾ ਕਰਨ ਲਈ ਅਗਲੀ ਦੁਨੀਆਂ ਵਿੱਚ ਭੇਜੇ ਕਿ ਜ਼ਾਰ ਦੇ ਸਵਰਗੀ ਪਿਓ ਦਾ ਹਾਲ ਚਾਲ ਕੀ ਏ। ਆਂਦਰੇਈ ਜਾਏਗਾ ਤੇ ਕਦੇ ਮੁੜ ਕੇ ਨਹੀਂ ਆਵੇਗਾ।

ਜ਼ਾਰ ਦੇ ਮੰਤਰੀ ਨੇ ਖੁਥੜ ਦਾ ਧੰਨਵਾਦ ਕੀਤਾ ਤੇ ਭੱਜਾ ਭੱਜਾ ਜ਼ਾਰ ਕੋਲ ਆਇਆ।

"ਮੈਂ ਤੀਰ-ਅੰਦਾਜ਼ ਨੂੰ ਗਲੋਂ ਲਾਹੁਣ ਦੀ ਤਰਕੀਬ ਲਭ ਲਈ ਏ," ਉਹਨੇ ਆਖਿਆ, ਤੇ ਜੋ ਕੁਝ ਕਰਨਾ ਸੀ ਉਹਨੇ ਜ਼ਾਰ ਨੂੰ ਸਮਝਾ ਦਿੱਤਾ। ਜ਼ਾਰ ਬਹੁਤ ਖੁਸ਼ ਹੋਇਆ ਤੇ ਉਹਨੇ ਫੌਰਨ ਤੀਰ-ਅੰਦਾਜ਼ ਆਂਦਰੇਈ ਨੂੰ ਸੱਦ ਭੇਜਿਆ।

"ਸੁਣ ਆਂਦਰੇਈ," ਉਹਨੇ ਆਖਿਆ, "ਤੂੰ ਵਫਾਦਾਰ ਰਹਿ ਕੇ ਮੇਰੀ ਸੇਵਾ ਕੀਤੀ ਏ, ਪਰ ਤੇਰੇ ਕਰਨ ਗੋਚਰੀ ਇਕ ਹੋਰ ਸੇਵਾ ਬਾਕੀ ਏ। ਤੂੰ ਅਗਲੀ ਦੁਨੀਆਂ ਵਿਚ ਜਾ ਤੇ ਪਤਾ ਕਰਕੇ ਆ ਕਿ ਮੇਰੇ ਪਿਤਾ ਦਾ ਕੀ ਹਾਲ ਚਾਲ ਏ। ਜੇ ਤੂੰ ਇਹ ਕੰਮ ਨਾ ਕੀਤਾ ਤਾਂ ਮੈਂ ਆਪਣੀ ਤਲਵਾਰ ਨਾਲ ਤੇਰਾ ਸਿਰ ਲਾਹ ਦਿਆਂਗਾ।"

ਆਂਦਰੇਈ ਘਰ ਆਇਆ ਤੇ ਉਦਾਸ ਨਿਮੋਝੂਣ ਇਕ ਬੰਚ ਤੇ ਬਹਿ ਗਿਆ।

"ਆਂਦਰੇਈ, ਤੂੰ ਏਡਾ ਉਦਾਸ ਕਿਉਂ ਏਂ?" ਰਾਜਕੁਮਾਰੀ ਮਾਰੀਆ ਨੇ ਪੁਛਿਆ।

ਆਂਦਰੇਈ ਨੇ ਉਹਨੂੰ ਦਸਿਆ ਕਿ ਜ਼ਾਰ ਨੇ ਕਿਹੜਾ ਕੰਮ ਆਖਿਆ ਏ।

"ਫਿਕਰ ਦੀ ਕਿਹੜੀ ਗੱਲ ਏ!" ਰਾਜਕੁਮਾਰੀ ਮਾਰੀਆ ਨੇ ਆਖਿਆ। "ਮਾਮੂਲੀ ਕੰਮ ਏ; ਅਸਲ ਕੰਮ ਤਾਂ ਅਜੇ ਪੈਣਾ ਏ। ਜਾ ਸੌਂ ਜਾ ਕੇ; ਸਵੇਰੇ ਵੇਖੀ ਜਾਊ।"

ਅਗਲੀ ਸਵੇਰ ਜਦੋਂ ਆਂਦਰੇਈ ਜਾਗਿਆ ਤਾਂ ਰਾਜਕੁਮਾਰੀ ਮਾਰੀਆ ਨੇ ਉਹਨੂੰ ਇਕ ਬਿਸਕੁਟਾਂ ਦਾ ਝੋਲਾ ਤੇ ਇਕ ਸੋਨੇ ਦੀ ਮੁੰਦਰੀ ਦਿੱਤੀ।

"ਜ਼ਾਰ ਕੋਲ ਜਾ ਤੇ ਉਹਨੂੰ ਆਖ ਕਿ ਮੰਤਰੀ ਨੂੰ ਤੇਰੇ ਨਾਲ ਭੇਜੇ, ਤਾਂ ਜੋ ਉਹਨੂੰ ਸਬੂਤ ਮਿਲ ਜਾਏ ਕਿ ਤੂੰ ਸੱਚ ਮੁਚ ਹੀ ਅਗਲੀ ਦੁਨੀਆਂ ਤੋਂ ਹੋ ਕੇ ਆਇਐਂ। ਜਦੋਂ ਤੂੰ ਆਪਣੇ ਹਮਸਫਰ ਨਾਲ ਤੁਰ ਪਵੇਂ ਤਾਂ ਇਸ ਮੁੰਦਰੀ ਨੂੰ ਆਪਣੇ ਸਾਮ੍ਹਣੇ ਸੁਟ ਲਵੀਂ ਤੇ ਇਹ ਤੈਨੂੰ ਰਾਹ ਵਿਖਾਵੇਗੀ।"

ਆਂਦਰੇਈ ਨੇ ਬਿਸਕੁਟਾਂ ਵਾਲਾ ਝੋਲਾ ਤੇ ਮੁੰਦਰੀ ਲਈ, ਆਪਣੀ ਵਹੁਟੀ ਨੂੰ ਅਲਵਿਦਾ ਆਖੀ ਤੇ ਜ਼ਾਰ ਨੂੰ ਆਖਣ ਚਲਾ ਗਿਆ ਕਿ ਉਹ ਆਪਣਾ ਮੰਤਰੀ ਉਹਦੇ ਨਾਲ ਭੇਜ ਦੇਵੇ। ਜ਼ਾਰ ਇਨਕਾਰ ਨਾ ਕਰ ਸਕਿਆ, ਤੇ ਇਸ ਤਰ੍ਹਾਂ ਉਹ ਦੋਵੇਂ ਇਕੱਠੇ ਤੁਰ ਪਏ।

ਆਂਦਰੇਈ ਨੇ ਮੁੰਦਰੀ ਸੁੱਟੀ ਤੇ ਉਹ ਰਿੜ੍ਹਨ ਲਗ ਪਈ। ਉਹ ਜੰਗਲਾਂ ਤੇ ਬੀਆਬਾਨਾਂ ਤੇ ਦਲਦਲਾਂ ਵਿਚੋਂ ਲੰਘਦਾ, ਝੀਲਾਂ ਤੇ ਦਰਿਆਵਾਂ ਨੂੰ ਪਾਰ ਕਰਦਾ ਉਹਦੇ ਪਿਛੇ ਪਿਛੇ ਤੁਰ ਪਿਆ, ਤੇ ਜ਼ਾਰ ਦਾ ਮੰਤਰੀ ਉਹਦੇ ਪਿਛੇ ਲੱਤਾਂ ਘਸੀਟਦਾ ਗਿਆ।

ਜਦੋਂ ਉਹ ਤੁਰਦੇ ਤੁਰਦੇ ਥੱਕ ਜਾਂਦੇ, ਉਹ ਥੋੜੇ ਥੋੜੇ ਬਿਸਕੁਟ ਖਾਂਦੇ ਤੇ ਫੇਰ ਅੱਗੇ ਤੁਰ ਪੈਂਦੇ।

ਪਤਾ ਨਹੀਂ ਉਹ ਕਿੰਨਾ ਕੁ ਪੈਂਡਾ ਕਰ ਗਏ ਹੋਣਗੇ, ਪਰ ਅਖੀਰ ਉਹ ਇਕ ਬਹੁਤ ਵੱਡੇ ਉਜਾੜ ਬੀਆਬਾਨ ਜੰਗਲ ਵਿਚ ਪਹੁੰਚ ਗਏ। ਉਹ ਇਕ ਡੂੰਘੀ ਖੱਡ ਵਿੱਚ ਉਤਰੇ, ਤੇ ਏਥੇ ਮੁੰਦਰੀ ਰਿੜ੍ਹਨੋਂ ਹਟ ਗਈ।

ਆਂਦਰੇਈ ਤੇ ਜ਼ਾਰ ਦੇ ਮੰਤਰੀ ਨੇ ਓਥੇ ਬਹਿ ਕੇ ਥੋੜੇ ਥੋੜੇ ਬਿਸਕੁਟ ਖਾਧੇ। ਤਾਹੀਓਂ ਕੀ ਵੇਖਦੇ ਨੇ ਕਿ ਡੋਲਦਾ ਕੰਬਦਾ ਬੁਢਾ ਜ਼ਾਰ ਬਾਲਣ ਦੀਆਂ ਲਕੜਾਂ ਦਾ ਗੱਡਾ ਖਿੱਚੀ ਆਉਂਦਾ ਏ (ਤੇ ਗੱਡੇ ਉਤੇ ਬੇਹਿਸਾਬਾ ਭਾਰ ਲੱਦਿਆ ਹੋਇਐ), ਤੇ ਦੋ ਦੈਂਤ, ਇਕ ਉਹਦੇ ਸੱਜੇ ਤੇ ਇਕ ਉਹਦੇ ਖੱਬੇ, ਪਰਾਣੀਆਂ ਮਾਰ ਮਾਰ ਉਹਨੂੰ ਹਿੱਕੀ ਆਉਂਦੇ ਨੇ।

"ਵੇਖੋ," ਆਂਦਰੇਈ ਨੇ ਕਿਹਾ, "ਜ਼ਾਰ ਦਾ ਮਰਹੂਮ ਪਿਓ ਏਹੋ ਤਾਂ ਨਹੀਂ?"

"ਏਹੋ ਹੀ ਏ," ਮੰਤਰੀ ਨੇ ਆਖਿਆ।

"ਓਏ, ਭਲੇਮਾਣਸੋ!" ਆਂਦਰੇਈ ਨੇ ਦੈਂਤਾਂ ਨੂੰ ਵਾਜ ਮਾਰੀ। "ਇਸ ਮਰਹੂਮ ਨੂੰ ਪਲ ਕੁ ਛਡ ਦਿਓ, ਮੈਂ ਉਹਦੇ ਨਾਲ ਇਕ ਦੋ ਗੱਲਾਂ ਕਰਨੀਆਂ ਨੇ।"

"ਤੇਰਾ ਕੀ ਖਿਆਲ ਏ, ਏਥੇ ਖਲੋਕੇ ਉਡੀਕਣ ਦੀ ਵਿਹਲ ਏ ਸਾਨੂੰ?" ਦੈਂਤਾਂ ਨੇ ਜਵਾਬ ਦਿੱਤਾ। "ਜਾਂ ਤੇਰਾ 'ਰਾਦੈ ਗੱਡਾ ਅਸੀਂ ਆਪ ਖਿੱਚ ਲਿਜਾਈਏ?"

"ਮੇਰੇ ਕੋਲ ਬੰਦਾ ਹੈ ਜਿਹੜਾ ਓਹਦੀ ਥਾਂ ਲਗ ਜਾਊ," ਆਂਦਰੇਈ ਨੇ ਆਖਿਆ।

ਸੋ ਦੈਂਤਾਂ ਨੇ ਬੁਢੇ ਜ਼ਾਰ ਨੂੰ ਛੱਡ ਦਿੱਤਾ ਤੇ ਉਹਦੀ ਥਾਂ ਮੰਤਰੀ ਨੂੰ ਗੱਡੇ ਅੱਗੇ ਜੋਅ ਲਿਆ। ਫੇਰ ਉਹਨਾਂ ਨੇ ਉਸ ਨੂੰ ਆਪਣੀਆਂ ਪਰਾਣੀਆਂ ਜੜੀਆਂ, ਇਕ ਨੇ ਸੱਜੇ ਪਾਸੇ, ਦੂਜੇ ਨੇ ਖੱਬੇ ਪਾਸੇ। ਉਹਦਾ ਲੱਕ ਦੂਹਰਾ ਹੋ ਗਿਆ ਪਰ ਉਹਨੇ ਪੂਰਾ ਜ਼ੋਰ ਲਾਕੇ ਗੱਡਾ ਖਿਚਿਆ।

ਆਂਦਰੇਈ ਨੇ ਬੁਢੇ ਜ਼ਾਰ ਨੂੰ ਪੁਛਿਆ ਕਿ ਜ਼ਿੰਦਗੀ ਕਿਵੇਂ ਬੀਤ ਰਹੀ ਏ।

"ਉਫ, ਤੀਰ-ਅੰਦਾਜ਼ ਆਂਦਰੇਈ," ਜ਼ਾਰ ਨੇ ਆਖਿਆ। "ਏਸ ਦੁਨੀਆਂ ਵਿਚ ਬੜਾ ਬੁਰਾ ਹਾਲ ਏ ਮੇਰਾ। ਮੇਰੇ ਪੁਤ ਨੂੰ ਮੇਰੀ ਯਾਦ ਦੇਵੀਂ ਤੇ ਉਹਨੂੰ ਆਖੀਂ ਕਿ ਲੋਕਾਂ ਨਾਲ ਮਾੜਾ ਸਲੂਕ ਨਾ ਕਰੇ, ਨਹੀਂ ਤਾਂ ਉਹਦਾ ਵੀ ਜਦੋਂ ਏਥੇ ਆਇਆ ਬੁਰਾ ਹਾਲ ਹੋਵੇਗਾ।"

ਉਹਨਾਂ ਦੀ ਗੱਲਬਾਤ ਮਸਾਂ ਮੁੱਕੀ ਹੀ ਸੀ ਕਿ ਦੈਂਤ ਖਾਲੀ ਗੱਡਾ ਲੈਕੇ ਮੁੜ ਆਏ। ਆਂਦਰੇਈ ਨੇ ਬੁਢੇ ਜ਼ਾਰ ਤੋਂ ਵਿਦਾ ਲਈ, ਮੰਤਰੀ ਉਹਦੇ ਨਾਲ ਆ ਰਲਿਆ, ਤੇ ਉਹ ਘਰ ਨੂੰ ਮੁੜ ਪਏ।

ਕੁਝ ਚਿਰ ਮਗਰੋਂ ਉਹ ਆਪਣੇ ਦੇਸ ਆ ਪਹੁੰਚੇ ਤੇ ਮਹਿਲ ਵਿਚ ਗਏ। ਜਦੋਂ ਜ਼ਾਰ ਨੇ ਤੀਰ-ਅੰਦਾਜ਼ ਨੂੰ ਵੇਖਿਆ ਤਾਂ ਉਹ ਬੜੇ ਕ੍ਰੋਧ ਵਿਚ ਆਇਆ।

"ਤੇਰੀ ਹਿੰਮਤ ਕਿਵੇਂ ਹੋਈ ਵਾਪਸ ਆ ਜਾਣ ਦੀ!" ਉਹ ਬੋਲਿਆ।

"ਮੈਂ ਅਗਲੀ ਦੁਨੀਆਂ ਵਿਚ ਤੁਹਾਡੇ ਸਵਰਗੀ ਪਿਤਾ ਨੂੰ ਮਿਲ ਆਇਆਂ। ਉਹਦਾ ਓਥੇ ਬਹੁਤ ਬੁਰਾ ਹਾਲ ਏ। ਉਸ ਨੇ ਤੁਹਾਨੂੰ ਆਪਣਾ ਪਿਆਰ ਭੇਜਿਐ ਤੇ ਆਖਿਐ ਕਿ ਜੇ ਤੁਸੀਂ ਚਾਹੁੰਦੇ ਓ ਕਿ ਤੁਹਾਡਾ ਵੀ ਉਹਦੇ ਵਾਂਗ ਬੁਰਾ ਹਾਲ ਨਾ ਹੋਵੇ ਤਾਂ ਲੋਕਾਂ ਨਾਲ ਮਾੜਾ ਸਲੂਕ ਨਾ ਕਰਿਆ ਕਰੋ।"

"ਤੇ ਇਸ ਗੱਲ ਦਾ ਕੀ ਸਬੂਤ ਏ ਪਈ ਤੂੰ ਅਗਲੀ ਦੁਨੀਆਂ ਵਿਚ ਗਿਆ ਏਂ ਤੇ ਮੇਰੇ ਪਿਓ ਨੂੰ ਮਿਲਿਆ ਏਂ?"

"ਤੁਹਾਡੇ ਮੰਤਰੀ ਦੇ ਲੱਕ ਵਿਚ ਦੈਂਤਾਂ ਦੀਆਂ ਪਰਾਣੀਆਂ ਨੇ ਜਿਹੜੇ ਨੀਲ ਪਾਏ ਨੇ, ਉਹ ਇਸ ਦਾ ਸਬੂਤ ਏ।"

ਜ਼ਾਰ ਵਾਸਤੇ ਇਹ ਸਬੂਤ ਹੀ ਕਾਫੀ ਸੀ ਸੋ ਉਹਨੂੰ ਆਂਦਰੇਈ ਨੂੰ ਛਡਣਾ ਪਿਆ—ਹੋਰ ਕੀ ਕਰ ਸਕਦਾ ਸੀ ਉਹ? ਫੇਰ ਉਸ ਨੇ ਆਪਣੇ ਮੰਤਰੀ ਨੂੰ ਆਖਿਆ:

"ਜੇ ਤੂੰ ਇਸ ਤੀਰ-ਅੰਦਾਜ਼ ਨੂੰ ਗਲੋਂ ਲਾਹੁਣ ਦੀ ਕੋਈ ਤਰਕੀਬ ਨਾ ਸੋਚੀ ਤਾਂ ਮੈਂ ਤੇਰਾ ਸਿਰ ਲਾਹ ਦਿਆਂਗਾ।"

ਮੰਤਰੀ ਪਹਿਲਾਂ ਨਾਲੋਂ ਵੀ ਬਹੁਤਾ ਦੁਖੀ ਤੇ ਪ੍ਰੇਸ਼ਾਨ ਹੋਇਆ। ਉਹ ਠੇਕੇ ਚਲਾ ਗਿਆ ਤੇ ਇਕ ਮੇਜ਼ ਤੇ ਬਹਿ ਗਿਆ ਤੇ ਸ਼ਰਾਬ ਮੰਗਾ ਲਈ। ਏਨੇ ਨੂੰ ਉਹੋ ਖੁਥੜ ਉਹਦੇ ਕੋਲ ਆਇਆ ਤੇ ਕਹਿਣ ਲਗਾ।

"ਐਡੀ ਚਿੰਤਾ ਵਾਲੀ ਕਿਹੜੀ ਗੱਲ ਏ, ਮੰਤਰੀ ਜੀ? ਇਕ ਜਾਮ ਪੇਸ਼ ਕਰੋ ਤੇ ਮੈਂ ਤੁਹਾਨੂੰ ਕੋਈ ਨੇਕ ਸਲਾਹ ਦੇਵਾਂ।"

ਮੰਤਰੀ ਨੇ ਉਹਨੂੰ ਸ਼ਰਾਬ ਦਾ ਇਕ ਗਲਾਸ ਮੰਗਵਾ ਦਿੱਤਾ ਤੇ ਉਹਨੂੰ ਆਪਣੀ ਔਕੜ ਦੱਸੀ।

"ਫਿਕਰ ਨਾ ਕਰੋ," ਖੁਥੜ ਨੇ ਆਖਿਆ। "ਜਾਓ ਤੇ ਜਾਕੇ ਜ਼ਾਰ ਨੂੰ ਆਖੋ ਪਈ ਤੀਰ-ਅੰਦਾਜ਼ ਇਹ ਕੰਮ ਕਰਾਵੇ—ਕਰਨਾ ਤਾਂ ਦਰਕਿਨਾਰ, ਏਹਦੇ ਬਾਰੇ ਸੋਚਣਾ ਵੀ ਔਖੈ। ਉਹ ਸੱਤ ਸਮੁੰਦਰੋਂ ਪਾਰ ਸਤਵੀਂ ਸ਼ਾਹੀ ਵਿਚ ਜਾਵੇ ਤੇ ਗੁਣਗੁਣਾਉਂਦੀ-ਬਿੱਲੀ ਲਿਆਵੇ।..."

ਮੰਤਰੀ ਭੱਜਾ ਭੱਜਾ ਜ਼ਾਰ ਕੋਲ ਆਇਆ ਤੇ ਉਹਨੂੰ ਦੱਸਿਆ ਕਿ ਤੀਰ-ਅੰਦਾਜ਼ ਨੂੰ ਕਿਵੇਂ ਗਲੋਂ ਲਾਹਿਆ ਜਾਏ। ਜ਼ਾਰ ਨੇ ਆਂਦਰੇਈ ਨੂੰ ਸੱਦ ਭੇਜਿਆ।

"ਸੁਣ ਆਂਦਰੇਈ, ਤੂੰ ਮੇਰਾ ਇਕ ਕੰਮ ਤਾਂ ਕੀਤੈ, ਹੁਣ ਦੂਜਾ ਵੀ ਕਰ। ਸੱਤ ਸਮੁੰਦਰੋਂ ਪਾਰ ਸਤਵੀਂ ਸ਼ਾਹੀ ਵਿਚ ਜਾ ਤੇ ਗੁਣਗੁਣਾਉਂਦੀ-ਬਿੱਲੀ ਲਿਆ। ਜੇ ਤੂੰ ਇਹ ਕੰਮ ਨਾ ਕੀਤਾ ਤਾਂ ਮੈਂ ਆਪਣੀ ਤਲਵਾਰ ਨਾਲ ਤੇਰਾ ਸਿਰ ਲਾਹ ਦਿਆਂਗਾ।"

ਆਂਦਰੇਈ ਸਿਰ ਸੁੱਟੀ ਨਿਮੋਝੂਣ ਘਰ ਆ ਗਿਆ ਤੇ ਆਕੇ ਆਪਣੀ ਵਹੁਟੀ ਨੂੰ ਦੱਸਿਆ ਕਿ ਜ਼ਾਰ ਨੇ ਕਿਹੜਾ ਕੰਮ ਕਰਨ ਨੂੰ ਆਖਿਐ।

"ਫਿਕਰ ਦੀ ਕਿਹੜੀ ਗੱਲ ਏ!" ਰਾਜਕੁਮਾਰੀ ਮਾਰੀਆ ਨੇ ਆਖਿਆ। "ਮਾਮੂਲੀ ਕੰਮ ਏ, ਅਸਲ ਕੰਮ ਤਾਂ ਅਜੇ ਪੈਣਾ ਏ। ਜਾ ਹੁਣ ਸੌਂ ਜਾ ਕੇ, ਸਵੇਰੇ ਵੇਖੀ ਜਾਊ।"

ਆਂਦਰੇਈ ਮੰਜੇ ਤੇ ਜਾ ਪਿਆ, ਤੇ ਰਾਜਕੁਮਾਰੀ ਮਾਰੀਆ ਪਹਾਰੇ ਵਿਚ ਗਈ ਤੇ ਲੁਹਾਰ ਨੂੰ ਆਖਿਆ ਕਿ ਤਿੰਨ ਲੋਹੇ ਦੀਆਂ ਟੋਪੀਆਂ, ਇਕ ਲੋਹੇ ਦੀ ਸੰਨ੍ਹੀ ਤੇ ਤਿੰਨ ਡੰਡੇ ਘੜ ਦੇਵੇ—ਇਕ

ਲੋਹੇ ਦਾ, ਦੂਜਾ ਤਾਂਬੇ ਦਾ, ਤੇ ਤੀਜਾ ਟੀਨ ਦਾ।

ਅਗਲੇ ਦਿਨ ਸਵਖਤੇ ਹੀ ਰਾਜਕੁਮਾਰੀ ਮਾਰੀਆ ਨੇ ਆਂਦਰੇਈ ਨੂੰ ਜਗਾ ਦਿੱਤਾ।

"ਆਹ ਲੈ ਫੜ ਤਿੰਨ ਟੋਪੀਆਂ, ਸੰਨ੍ਹੀ ਤੇ ਤਿੰਨ ਡੰਡੇ—ਤੇ ਸੱਤ ਸਮੁੰਦਰੋਂ ਪਾਰ ਸਤਵੀਂ ਸ਼ਾਹੀ ਵਿਚ ਚਲਾ ਜਾ। ਤਿੰਨ ਵੇਰਸਟ ਉਰੇ ਤੈਨੂੰ ਨੀਂਦ ਆਉਣ ਲਗ ਪਏਗੀ—ਇਹ ਗੁਣਗੁਣਾਉਂਦੀ-ਬਿੱਲੀ ਤੇਰੇ ਉਤੇ ਆਪਣਾ ਜਾਦੂ ਚਲਾ ਰਹੀ ਹੋਵੇਗੀ। ਪਰ ਯਾਦ ਰਖੀਂ ਤੂੰ ਸੌਣਾ ਨਹੀਂ। ਆਪਣੇ ਹੱਥ ਜੋੜੀਂ, ਆਪਣੇ ਪੈਰ ਘਸੀਟੀਂ, ਤੇ ਜੇ ਲੋੜ ਪਵੇ, ਜ਼ਮੀਨ ਉਤੇ ਰਿੜ੍ਹ ਪਵੀਂ। ਜੇ ਤੂੰ ਸੌਂ ਗਿਆ, ਗੁਣਗੁਣਾਉਂਦੀ-ਬਿੱਲੀ ਨੇ ਤੈਨੂੰ ਮਾਰ ਦੇਣੈ।"

ਰਾਜਕੁਮਾਰੀ ਮਾਰੀਆ ਨੇ ਉਸ ਨੂੰ ਸਭ ਕੁਝ ਦੱਸਿਆ ਕਿ ਕੀ ਕਰਨਾ ਹੈ ਤੇ ਕਿਵੇਂ ਕਰਨਾ ਹੈ, ਤੇ ਫੇਰ ਉਸ ਨੂੰ ਉਹਦੇ ਸਫਰ ਤੇ ਤੋਰ ਦਿੱਤਾ।

ਦੱਸਣ ਵਿਚ ਕਹਾਣੀ ਬੜੀ ਛੋਟੀ ਏ, ਪਰ ਕਰਨ ਵਿਚ ਕੰਮ ਬੜਾ ਵੱਡਾ ਸੀ। ਅਖੀਰ ਤੀਰ-ਅੰਦਾਜ਼ ਆਂਦਰੇਈ ਸਤਵੀਂ ਸ਼ਾਹੀ ਪਹੁੰਚ ਗਿਆ, ਤੇ ਤਿੰਨ ਵੇਰਸਟ ਉਰੇ ਉਸ ਨੂੰ ਨੀਂਦ ਆਉਣ ਲਗ ਪਈ। ਉਸ ਨੇ ਲੋਹੇ ਦੀਆਂ ਤਿੰਨੇ ਟੋਪੀਆਂ ਆਪਣੇ ਸਿਰ ਤੇ ਰੱਖ ਲਈਆਂ, ਆਪਣੇ ਹੱਥ ਜੋੜ ਲਏ, ਆਪਣੇ ਪੈਰ ਘਸੀਟੇ, ਤੇ ਜਦੋਂ ਲੋੜ ਪਈ, ਜ਼ਮੀਨ ਉਤੇ ਰਿੜ੍ਹ ਪਿਆ।

ਕਿਸੇ ਨਾ ਕਿਸੇ ਤਰ੍ਹਾਂ ਉਹ ਜਾਗਦਾ ਰਿਹਾ ਤੇ ਇਕ ਲੰਮੇ ਉੱਚੇ ਖੰਭੇ ਕੋਲ ਆ ਗਿਆ।

ਜਦੋਂ ਗੁਣਗੁਣਾਉਂਦੀ-ਬਿੱਲੀ ਨੇ ਆਂਦਰੇਈ ਨੂੰ ਵੇਖਿਆ ਤਾਂ ਉਹਨੇ ਮਿਆਉਂ ਮਿਆਉਂ ਕੀਤੀ ਤੇ ਘੁਰ ਘੁਰ ਕੀਤੀ ਤੇ ਖੰਭੇ ਤੋਂ ਛਾਲ ਮਾਰਕੇ ਸਿੱਧੀ ਉਹਦੇ ਸਿਰ ਤੇ ਆ ਗਈ। ਉਹਨੇ ਪਹਿਲੀ ਟੋਪੀ ਤੋੜੀ, ਉਸ ਨੇ ਦੂਜੀ ਟੋਪੀ ਤੋੜੀ, ਤੇ ਉਹ ਤੀਜੀ ਟੋਪੀ ਤੋੜਨ ਹੀ ਵਾਲੀ ਸੀ ਕਿ ਆਂਦਰੇਈ ਨੇ ਸੰਨ੍ਹੀ ਨਾਲ ਉਹਨੂੰ ਫੜ ਲਿਆ, ਉਹਨੂੰ ਧੂਹ ਕੇ ਭੁੰਜੇ ਸੁਟ ਲਿਆ ਤੇ ਲੱਗਾ ਡੰਡਿਆਂ ਨਾਲ ਉਹਦੇ ਪਾਸੇ ਭੰਨਣ। ਪਹਿਲਾਂ ਉਹਨੇ ਲੋਹੇ ਦੇ ਡੰਡੇ ਨਾਲ ਉਹਨੂੰ ਤੌਣੀ ਚਾੜ੍ਹੀ, ਲੋਹੇ ਦਾ ਡੰਡਾ ਟੁਟ ਗਿਆ, ਫੇਰ ਉਹਨੇ ਤਾਂਬੇ ਦੇ ਡੰਡੇ ਨਾਲ ਉਹਨੂੰ ਝੰਭਿਆ, ਉਹ ਡੰਡਾ ਵੀ ਟੁਟ ਗਿਆ, ਫੇਰ ਉਹਨੇ ਟੀਨ ਦਾ ਡੰਡਾ ਫੜ ਲਿਆ।

ਟੀਨ ਦਾ ਡੰਡਾ ਲਿਫ ਗਿਆ ਪਰ ਟੁੱਟਾ ਨਹੀਂ—ਉਹ ਬਿੱਲੀ ਦੇ ਦੁਆਲੇ ਵਲਿਆ ਗਿਆ। ਜਦੋਂ ਆਂਦਰੇਈ ਗੁਣਗੁਣਾਉਂਦੀ-ਬਿੱਲੀ ਨੂੰ ਕੁਟ ਰਿਹਾ ਸੀ ਉਹ ਉਸ ਨੂੰ ਵੱਡੇ ਪਾਦਰੀਆਂ ਦੀਆਂ, ਛੋਟੇ ਪਾਦਰੀਆਂ ਦੀਆਂ, ਉਹਨਾਂ ਦੀਆਂ ਧੀਆਂ ਦੀਆਂ ਪਰੀ-ਕਹਾਣੀਆਂ ਸੁਣਾਉਂਦੀ ਰਹੀ। ਪਰ ਆਂਦਰੇਈ ਨੇ ਕੰਨ ਵਲ੍ਹੇਟ ਛੱਡੇ ਤੇ ਆਪਣੀ ਪੂਰੀ ਤਾਕਤ ਨਾਲ ਕੁੱਟੀ ਗਿਆ।

ਗੁਣਗੁਣਾਉਂਦੀ-ਬਿੱਲੀ ਏਨੀ ਮਾਰ ਨਹੀਂ ਸੀ ਸਹਿ ਸਕਦੀ, ਅਤੇ ਆਪਣੇ ਜਾਦੂ ਦੀ ਪੇਸ਼ ਨਾ ਚਲਦੀ ਵੇਖ ਕੇ, ਉਹ ਉਸ ਦੇ ਤਰਲੇ ਕਰਨ ਲਗ ਪਈ।

"ਮੈਨੂੰ ਛਡ ਦੇ, ਬੀਬਾ ਰਾਣਾ!" ਉਹਨੇ ਆਖਿਆ। "ਜੋ ਆਖੇਂਗਾ ਮੈਂ ਕਰੂੰਗੀ।"

"ਮੇਰੇ ਨਾਲ ਚੱਲੇਂਗੀ ?"

"ਜਿਥੇ ਚਾਹੇਂ।"

ਆਂਦਰੇਈ ਘਰ ਵੱਲ ਮੁੜ ਪਿਆ ਤੇ ਬਿੱਲੀ ਨੂੰ ਨਾਲ ਲੈ ਲਿਆ। ਜਦੋਂ ਆਪਣੇ ਦੇਸ ਪਹੁੰਚਾ ਤਾਂ ਉਹ ਬਿੱਲੀ ਨੂੰ ਲੈਕੇ ਮਹਿਲੀਂ ਚਲਾ ਗਿਆ ਤੇ ਜ਼ਾਰ ਨੂੰ ਆਖਣ ਲਗਾ :

"ਮੈਂ ਕੰਮ ਨੇਪਰੇ ਚਾੜ੍ਹ ਦਿਤੈ ਅਤੇ ਗੁਣਗੁਣਾਉਂਦੀ-ਬਿੱਲੀ ਤੁਹਾਨੂੰ ਲਿਆ ਦਿੱਤੀ ਏ।"

ਜ਼ਾਰ ਨੂੰ ਆਪਣੀਆਂ ਅੱਖਾਂ ਤੇ ਇਤਬਾਰ ਨਹੀਂ ਸੀ ਆਉਂਦਾ।

"ਚਲ, ਗੁਣਗੁਣਾਉਂਦੀ-ਬਿੱਲੀ, ਮੈਨੂੰ ਆਪਣਾ ਜੋਸ਼ ਤੇ ਗੁੱਸਾ ਵਿਖਾ," ਉਹਨੇ ਆਖਿਆ।

ਇਹ ਸੁਣ ਕੇ ਬਿੱਲੀ ਆਪਣੇ ਪੰਜੇ ਤਣਨ ਤੇ ਜ਼ਾਰ ਵੱਲ ਘੂਰਨ ਲੱਗ ਪਈ, ਤੇ ਉਹ ਉਸ ਦੀ ਹਿਕ ਪਾੜ ਸੁਟਣ ਤੇ ਉਹਦੇ ਧੜਕਦੇ ਦਿਲ ਦੀਆਂ ਬੋਟੀਆਂ ਕਰਨ ਨੂੰ ਤਿਆਰ ਹੋ ਗਈ।

ਜ਼ਾਰ ਡਰ ਗਿਆ।

"ਏਹਨੂੰ ਠੰਡਿਆਂ ਕਰ, ਆਂਦਰੇਈ," ਉਹਨੇ ਆਖਿਆ।

ਆਂਦਰੇਈ ਨੇ ਬਿੱਲੀ ਨੂੰ ਠੰਡਿਆਂ ਕੀਤਾ ਤੇ ਉਹਨੂੰ ਪਿੰਜਰੇ ਵਿਚ ਤਾੜ ਦਿੱਤਾ, ਫੇਰ ਉਹ ਆਪਣੇ ਘਰ ਰਾਜਕੁਮਾਰੀ ਮਾਰੀਆ ਕੋਲ ਆ ਗਿਆ। ਦੋਵੇਂ ਖੁਸ਼ੀ ਖੁਸ਼ੀ ਕੱਠੇ ਰਹਿਣ ਲੱਗੇ, ਪਰ ਜ਼ਾਰ ਨੂੰ ਇਸ਼ਕ ਦਾ ਜਨੂੰਨ ਪਹਿਲਾਂ ਨਾਲੋਂ ਵੀ ਵਧ ਗਿਆ। ਇਕ ਦਿਨ ਉਹਨੇ ਆਪਣੇ ਮੰਤਰੀ ਨੂੰ ਫੇਰ ਸੱਦਿਆ।

"ਤੈਨੂੰ ਤੀਰ-ਅੰਦਾਜ਼ ਆਂਦਰੇਈ ਨੂੰ ਗਲੋਂ ਲਾਹੁਣ ਦੀ ਕੋਈ ਹੋਰ ਤਰਕੀਬ ਸੋਚਣੀ ਚਾਹੀਦੀ ਏ। ਜੇ ਤੂੰ ਕੁਝ ਨਾ ਕੀਤਾ ਤਾਂ ਮੈਂ ਤੇਰਾ ਸਿਰ ਲਾਹ ਦਿਆਂਗਾ।"

ਜ਼ਾਰ ਦਾ ਮੰਤਰੀ ਸਿੱਧਾ ਠੇਕੇ ਚਲਾ ਗਿਆ, ਉਸ ਖੁਥੜ ਨੂੰ ਲਭਿਆ ਤੇ ਉਸ ਨੂੰ ਇਸ ਔਕੜ ਵਿਚ ਮਦਦ ਕਰਨ ਲਈ ਆਖਿਆ। ਖੁਥੜ ਨੇ ਸ਼ਰਾਬ ਦਾ ਗਲਾਸ ਚਾੜ੍ਹਿਆ, ਆਪਣੀਆਂ ਮੁੱਛਾਂ ਪੂੰਝੀਆਂ ਤੇ ਕਹਿਣ ਲਗਾ :

"ਜਾ ਤੇ ਜ਼ਾਰ ਨੂੰ ਆਖ ਕਿ ਤੀਰ-ਅੰਦਾਜ਼ ਆਂਦਰੇਈ ਨੂੰ ਆਖੇ ਕਿ '**ਮੈਨੂੰ ਨਹੀਂ ਪਤਾ ਕਿਥੇ**' ਜਾਵੇ ਅਤੇ '**ਮੈਨੂੰ ਨਹੀਂ ਪਤਾ ਕੀ**' ਲਿਆਵੇ। ਇਹ ਕੰਮ ਆਂਦਰੇਈ ਕੋਲੋਂ ਕਦੇ ਨਹੀਂ ਹੋਣ ਲਗਾ, ਸੋ ਉਹ ਕਦੇ ਵਾਪਸ ਨਹੀਂ ਆਵੇਗਾ।"

ਮੰਤਰੀ ਭੱਜਾ ਭੱਜਾ ਜ਼ਾਰ ਕੋਲ ਗਿਆ ਤੇ ਉਹਨੂੰ ਅੱਖਰ ਅੱਖਰ ਸਾਰੀ ਗੱਲ ਜਾ ਆਖੀ। ਜ਼ਾਰ ਨੇ ਆਂਦਰੇਈ ਨੂੰ ਸੱਦਿਆ।

"ਤੂੰ ਮੇਰੇ ਦੋ ਕੰਮ ਸਵਾਰ ਦਿੱਤੇ ਨੇ, ਹੁਣ ਤੀਜਾ ਵੀ ਕਰ," ਉਹਨੇ ਆਖਿਆ। "'**ਮੈਨੂੰ ਨਹੀਂ ਪਤਾ ਕਿਥੇ**' ਜਾ ਤੇ '**ਮੈਨੂੰ ਨਹੀਂ ਪਤਾ ਕੀ**' ਲਿਆ। ਜੇ ਤੂੰ ਇਹ ਕੰਮ ਕਰ ਦਿੱਤਾ, ਮੈਂ

ਤੈਨੂੰ ਰਜਵਾਂ ਇਨਾਮ ਦੇਵਾਂਗਾ, ਜੇ ਤੂੰ ਨਾ ਕੀਤਾ, ਮੈਂ ਆਪਣੀ ਤਲਵਾਰ ਨਾਲ ਤੇਰਾ ਸਿਰ ਲਾਹ ਦਿਆਂਗਾ।"

ਆਂਦਰੇਈ ਘਰ ਆਇਆ, ਬੰਚ 'ਤੇ ਬਹਿ ਗਿਆ ਤੇ ਰੋ ਪਿਆ।

"ਤੂੰ ਏਡਾ ਉਦਾਸ ਕਿਉਂ ਏਂ, ਮੇਰੇ ਪਿਆਰੇ?" ਰਾਜਕੁਮਾਰੀ ਮਾਰੀਆ ਨੇ ਪੁਛਿਆ। "ਹੁਣ ਕੀ ਮਾਮਲਾ ਏ?"

"ਹਾਏ," ਉਹਨੇ ਕਿਹਾ, "ਤੇਰੇ ਸੁਹਣੇ ਮੁਖੜੇ ਨੇ ਮੈਨੂੰ ਤਬਾਹ ਕਰ ਦੇਣਾ ਏ। ਜ਼ਾਰ ਨੇ ਮੈਨੂੰ ਹੁਕਮ ਦਿੱਤਾ ਏ ਕਿ '**ਮੈਨੂੰ ਨਹੀਂ ਪਤਾ ਕਿਥੇ**' ਜਾਵਾਂ ਅਤੇ '**ਮੈਨੂੰ ਨਹੀਂ ਪਤਾ ਕੀ**' ਲਿਆਵਾਂ।"

"ਏਹ ਤਾਂ ਸਚ ਮੁਚ ਹੀ ਔਖਾ ਕੰਮ ਏ। ਪਰ ਕੋਈ ਨਹੀਂ, ਜਾ ਸੌਂ ਜਾਕੇ, ਸਵੇਰੇ ਵੇਖੀ ਜਾਊ।"

ਅੱਧੀ ਰਾਤ ਹੋਈ ਤਾਂ ਰਾਜਕੁਮਾਰੀ ਮਾਰੀਆ ਨੇ ਆਪਣੀ ਜਾਦੂ-ਮੰਤਰ ਵਾਲੀ ਕਿਤਾਬ ਖੋਹਲੀ। ਉਹਨੇ ਵਾਰ ਵਾਰ ਕਿਤਾਬ ਪੜ੍ਹੀ, ਫੇਰ ਵਗਾਹ ਕੇ ਪਰ੍ਹਾਂ ਸੁੱਟੀ ਤੇ ਆਪਣਾ ਸਿਰ ਫੜ ਕੇ ਬਹਿ ਗਈ। ਕਿਤਾਬ ਕੁਝ ਨਹੀਂ ਸੀ ਦਸਦੀ ਕਿ ਜ਼ਾਰ ਦਾ ਕੰਮ ਕਿਵੇਂ ਕਰਨਾ ਏ। ਉਹ ਬਾਹਰ ਬਰੂਹਾਂ ਦੀਆਂ ਪੌੜੀਆਂ ਤੇ ਆਈ, ਇਕ ਰੁਮਾਲ ਕੱਢਿਆ ਤੇ ਇਸ ਨੂੰ ਲਹਿਰਾਇਆ। ਸਭ ਤਰ੍ਹਾਂ ਦੇ ਪੰਛੀ ਉਡਦੇ ਆ ਗਏ, ਸਭ ਤਰ੍ਹਾਂ ਦੇ ਜੰਗਲੀ ਜਾਨਵਰ ਭੱਜ ਕੇ ਆ ਗਏ।

"ਸ਼ਾਬਾਸ਼, ਜੰਗਲ ਦੇ ਜਾਨਵਰੋ, ਅਸਮਾਨਾਂ ਦੇ ਪੰਛੀਓ!" ਉਸ ਨੇ ਉਹਨਾਂ ਨੂੰ ਆਖਿਆ। "ਤੁਸੀਂ ਜਾਨਵਰੋ ਹਰ ਥਾਂ ਦੌੜੇ ਭੱਜੇ ਫਿਰਦੇ ਓ, ਤੁਸੀਂ ਪੰਛੀਓ ਹਰ ਥਾਂ ਉਡਦੇ ਫਿਰਦੇ ਓ— ਭਲਾ ਤੁਸੀਂ ਦਸ ਸਕਦੇ ਓ ਕਿ '**ਮੈਨੂੰ ਨਹੀਂ ਪਤਾ ਕਿਥੇ**' ਕਿਵੇਂ ਪਹੁੰਚਿਆ ਜਾਏ ਤੇ '**ਮੈਨੂੰ ਨਹੀਂ ਪਤਾ ਕੀ**' ਲਿਆਂਦਾ ਜਾਏ?"

ਤੇ ਪੰਛੀਆਂ ਤੇ ਜਾਨਵਰਾਂ ਨੇ ਜਵਾਬ ਦਿੱਤਾ:

"ਨਹੀਂ, ਰਾਜਕੁਮਾਰੀ ਮਾਰੀਆ, ਅਸੀਂ ਨਹੀਂ ਤੈਨੂੰ ਕੁਝ ਦੱਸ ਸਕਦੇ।"

ਰਾਜਕੁਮਾਰੀ ਮਾਰੀਆ ਨੇ ਫੇਰ ਆਪਣਾ ਰੁਮਾਲ ਲਹਿਰਾਇਆ, ਤੇ ਪੰਛੀ ਤੇ ਜਾਨਵਰ ਸਾਰੇ ਇਉਂ ਲੋਪ ਹੋ ਗਏ ਜਿਵੇਂ ਕਦੇ ਏਥੇ ਆਏ ਹੀ ਨਾ ਹੋਣ। ਉਸ ਨੇ ਰੁਮਾਲ ਤੀਜੀ ਵਾਰੀ ਲਹਿਰਾਇਆ, ਤੇ ਦੋ ਦਿਓ ਉਹਦੇ ਸਾਮ੍ਹਣੇ ਆ ਖੜੇ ਹੋਏ।

"ਤੁਹਾਡੀ ਕੀ ਕਾਮਨਾ ਹੈ? ਤੁਹਾਡਾ ਕੀ ਹੁਕਮ ਹੈ?"

"ਮੇਰੇ ਵਫ਼ਾਦਾਰ ਸੇਵਕੋ, ਮੈਨੂੰ ਮਹਾਸਾਗਰ ਦੇ ਵਿਚਕਾਰ ਲੈ ਚਲੋ।"

ਦਿਓਆਂ ਨੇ ਰਾਜਕੁਮਾਰੀ ਮਾਰੀਆ ਨੂੰ ਚੁੱਕਿਆ, ਉਸ ਨੂੰ ਮਹਾਸਾਗਰ ਵੱਲ ਲੈ ਤੁਰੇ ਤੇ ਡੂੰਘੇ ਪਾਣੀਆਂ ਦੇ ਵਿਚਕਾਰ ਆ ਖਲੋਤੇ। ਉਥੇ ਉਹ ਦੋ ਥੰਮਾਂ ਵਾਂਗ ਖੜੇ ਸਨ ਤੇ ਉਹਨੂੰ ਆਪਣੀਆਂ ਬਾਹਵਾਂ ਤੇ ਉਪਰ ਚੁਕਿਆ ਹੋਇਆ ਸੀ। ਰਾਜਕੁਮਾਰੀ ਮਾਰੀਆ ਨੇ ਆਪਣਾ ਰੁਮਾਲ ਲਹਿਰਾਇਆ ਤੇ ਸਭ ਤਰ੍ਹਾਂ ਦੀਆਂ ਮੱਛੀਆਂ ਤੇ ਸਮੁੰਦਰ ਵਿਚ ਤਰਨ ਰੀਂਗਣ ਵਾਲੇ ਜਾਨਵਰ ਉਹਦੇ ਕੋਲ ਆ ਗਏ।

"ਮੱਛੀਓ ਤੇ ਸਮੁੰਦਰ ਵਿਚ ਤਰਨ ਰੀਂਗਣ ਵਾਲੇ ਜਾਨਵਰੋ, ਤੁਸੀਂ ਹਰ ਥਾਂ ਤਰਦੇ ਫਿਰਦੇ ਓ ਤੇ ਸਾਰੇ ਟਾਪੂਆਂ ਦੇ ਵਾਕਿਫ ਓ—ਭਲਾ ਤੁਸੀਂ ਦਸ ਸਕਦੇ ਓ ਕਿ '**ਮੈਨੂੰ ਨਹੀਂ ਪਤਾ ਕਿਥੇ**' ਕਿਵੇਂ ਪਹੁੰਚਿਆ ਜਾਏ ਤੇ '**ਮੈਨੂੰ ਨਹੀਂ ਪਤਾ ਕੀ**' ਲਿਆਂਦਾ ਜਾਏ?"

"ਨਹੀਂ, ਰਾਜਕੁਮਾਰੀ ਮਾਰੀਆ, ਅਸੀਂ ਕਦੇ ਏਸ ਥਾਂ ਦਾ ਨਾਂ ਨਹੀਂ ਸੁਣਿਆ।"

ਰਾਜਕੁਮਾਰੀ ਮਾਰੀਆ ਉਦਾਸ ਹੋ ਗਈ ਤੇ ਉਸ ਨੇ ਦਿਓਆਂ ਨੂੰ ਆਖਿਆ ਕਿ ਉਹਨੂੰ ਘਰ ਲੈ ਚਲਣ। ਉਹਨਾਂ ਉਸ ਨੂੰ ਚੁਕਿਆ, ਆਂਦਰੇਈ ਦੇ ਮਕਾਨ ਤੇ ਲਿਆਂਦਾ ਤੇ ਬਰੂਹਾਂ ਦੀਆਂ ਪੌੜੀਆਂ ਤੇ ਲਾਹ ਦਿੱਤਾ।

ਅਗਲੇ ਦਿਨ ਸਵੇਰੇ ਰਾਜਕੁਮਾਰੀ ਮਾਰੀਆ ਆਂਦਰੇਈ ਨੂੰ ਸਫਰ ਤੇ ਵਿਦਾ ਕਰਨ ਲਈ ਵੇਲੇ ਸਿਰ ਉਠ ਪਈ। ਉਸ ਨੇ ਉਹਨੂੰ ਇਕ ਸੂਤ ਦਾ ਗੋਲਾ ਤੇ ਕਢਾਈ ਕੀਤਾ ਤੌਲੀਆ ਦਿੱਤਾ।

"ਸੂਤ ਦਾ ਗੋਲਾ ਆਪਣੇ ਸਾਮ੍ਹਣੇ ਸੁੱਟੀਂ ਤੇ ਜਿਧਰ ਏਹ ਰਿੜ੍ਹਦਾ ਜਾਏ, ਏਹਦੇ ਮਗਰ ਮਗਰ ਤੁਰਿਆ ਜਾਈਂ," ਉਹਨੇ ਆਖਿਆ। "ਤੇ ਜਿਥੇ ਕਿਤੇ ਵੀ ਜਾਵੇਂ ਨਹਾਉਣ ਧੋਣ ਦਾ ਖਿਆਲ ਰੱਖੀਂ, ਤੇ ਇਸ ਤੌਲੀਏ ਤੋਂ ਬਿਨਾਂ ਜਿਹੜਾ ਮੈਂ ਤੈਨੂੰ ਦਿੱਤੈ ਕਿਸੇ ਹੋਰ ਨਾਲ ਹੱਥ ਮੂੰਹ ਨਾ ਪੂੰਝੀਂ।"

ਆਂਦਰੇਈ ਨੇ ਰਾਜਕੁਮਾਰੀ ਮਾਰੀਆ ਨੂੰ ਅਲਵਿਦਾ ਆਖੀ, ਚਾਰੇ ਦਿਸ਼ਾਵਾਂ ਵੱਲ ਸਿਰ ਨਿਵਾਇਆ ਤੇ ਸ਼ਹਿਰ ਦੇ ਫਾਟਕ ਤੋਂ ਬਾਹਰ ਆ ਗਿਆ। ਉਹਨੇ ਸੂਤ ਦਾ ਗੋਲਾ ਆਪਣੇ ਸਾਮ੍ਹਣੇ ਸੁਟਿਆ, ਤੇ ਉਹ ਰਿੜ੍ਹਦਾ ਗਿਆ, ਰਿੜ੍ਹਦਾ ਗਿਆ, ਤੇ ਆਂਦਰੇਈ ਏਹਦੇ ਮਗਰ ਮਗਰ ਤੁਰਦਾ ਗਿਆ।

ਦਸਣ ਵਿਚ ਕਹਾਣੀ ਬੜੀ ਛੋਟੀ ਏ, ਪਰ ਕਰਨ ਵਿਚ ਕੰਮ ਬੜਾ ਵੱਡਾ ਸੀ। ਉਹ ਕਈ ਬਾਦਸ਼ਾਹੀਆਂ ਤੇ ਕਈ ਓਪਰੀਆਂ ਧਰਤੀਆਂ ਵਿਚੋਂ ਲੰਘਿਆ। ਗੋਲਾ ਰਿੜ੍ਹਦਾ ਗਿਆ ਤੇ ਸੂਤ ਖੁਲ੍ਹਦਾ ਗਿਆ ਤੇ ਅਖੀਰ ਗੋਲਾ ਨਿੱਕਾ ਜਿਹਾ ਰਹਿ ਗਿਆ ਜਿਹੜਾ ਮੁਰਗੀ ਦੇ ਆਂਡੇ ਨਾਲੋਂ ਵੱਡਾ ਨਹੀਂ ਸੀ। ਅਖੀਰ ਇਹ ਏਨਾ ਛੋਟਾ ਹੋ ਗਿਆ ਕਿ ਇਹ ਰਾਹ ਵਿਚ ਪਿਆ ਵਿਖਾਈ ਹੀ ਨਹੀਂ ਸੀ ਦੇਂਦਾ। ਆਂਦਰੇਈ ਇਕ ਜੰਗਲ ਵਿਚ ਆ ਗਿਆ ਤੇ ਉਹਨੂੰ ਮੁਰਗੀ ਦੇ ਪੈਰਾਂ ਤੇ ਖੜੀ ਇਕ ਨਿੱਕੀ ਜਿਹੀ ਝੁੱਗੀ ਵਿਖਾਈ ਦਿੱਤੀ।

"ਨੀਂ ਝੁਗੀਏ, ਨੀਂ ਨਿਕੀਏ ਝੁਗੀਏ, ਆਪਣੀ ਪਿੱਠ ਰੁੱਖਾਂ ਵੱਲ ਕਰ ਲੈ ਤੇ ਆਪਣਾ ਮੂੰਹ ਮੇਰੇ ਵੱਲ," ਆਂਦਰੇਈ ਨੇ ਆਖਿਆ।

ਝੁੱਗੀ ਨੇ ਪਾਸਾ ਮੋੜ ਲਿਆ, ਆਂਦਰੇਈ ਅੰਦਰ ਚਲਾ ਗਿਆ ਤੇ ਵੇਖਿਆ ਕਿ ਇਕ ਬੁਢੜੀ ਬੰਚ ਤੇ ਬੈਠੀ ਉੱਨ ਕਤਣ ਲਗੀ ਹੋਈ ਸੀ।

"ਵਾਹ, ਵਾਹ, ਰੂਸੀ ਲਹੂ, ਪਹਿਲਾਂ ਮੈਨੂੰ ਕਦੇ ਨਾ ਜੁੜਿਆ, ਅੱਜ ਮੇਰੇ ਦਰ ਤੇ ਆ ਖੜਿਆ। ਕੌਣ ਏਂ? ਕਿਧਰ ਨੂੰ? ਮੈਂ ਤੈਨੂੰ ਜਿਊਂਦੇ ਨੂੰ ਭੁੰਨ ਕੇ ਖਾਊਂ ਤੇ ਤੇਰੀਆਂ ਹੱਡੀਆਂ ਤੇ ਸਵਾਰੀ ਕਰੂੰ।"

"ਅੱਛਾ, ਅੱਛਾ, ਬਾਬਾ–ਯਾਗਾ, ਰਾਹੀ ਨੂੰ ਖਾਣ ਦਾ ਸ਼ੌਕ ਏ!" ਆਂਦਰੇਈ ਨੇ ਕਿਹਾ। "ਰਾਹੀ ਮਾੜੂਆ ਤੇ ਸਖ਼ਤ ਏ। ਪਹਿਲਾਂ ਹਮਾਮ ਗਰਮ ਕਰ, ਮੈਨੂੰ ਨੁਹਾ ਧੁਆ ਤੇ ਭਾਫ ਦੇ. ਫੇਰ ਮੈਨੂੰ ਖਾ ਲਈਂ।"

ਸੋ ਬਾਬਾ–ਯਾਗਾ ਨੇ ਹਮਾਮ ਗਰਮ ਕੀਤਾ। ਆਂਦਰੇਈ ਨਹਾਤਾ ਤੇ ਆਪਣੇ ਆਪ ਨੂੰ ਭਾਫ ਦਿੱਤੀ ਤੇ ਪਿੰਡਾ ਪੂੰਝਣ ਲਈ ਆਪਣੀ ਵਹੁਟੀ ਦਾ ਦਿੱਤਾ ਤੌਲੀਆ ਕੱਢਿਆ।

"ਏਹ ਤੌਲੀਆ ਤੇਰੇ ਕੋਲ ਕਿਵੇਂ ਆ ਗਿਆ?" ਬਾਬਾ–ਯਾਗਾ ਨੇ ਪੁਛਿਆ। "ਏਹਦੀ ਕਢਾਈ ਮੇਰੀ ਧੀ ਨੇ ਕੀਤੀ ਸੀ।"

"ਤੇਰੀ ਧੀ ਮੇਰੀ ਵਹੁਟੀ ਏ। ਓਸੇ ਨੇ ਮੈਨੂੰ ਏਹ ਤੌਲੀਆ ਦਿੱਤਾ ਏ।"

"ਲੈ, ਜੀ ਆਇਆਂ ਨੂੰ, ਜਵਾਈਆ, ਸਦਕੇ ਆਇਆਂ ਨੂੰ!"

ਬਾਬਾ–ਯਾਗਾ ਛੇਤੀ ਛੇਤੀ ਉਠੀ ਤੇ ਤਰ੍ਹਾਂ ਤਰ੍ਹਾਂ ਦੇ ਖਾਣੇ, ਵੰਨ ਸੁਵੰਨੀਆਂ ਸ਼ਰਾਬਾਂ ਤੇ ਹੋਰ ਚੀਜ਼ਾਂ ਮੇਜ਼ ਉਤੇ ਸਜਾ ਦਿੱਤੀਆਂ। ਆਂਦਰੇਈ ਬਿਨਾਂ ਕਿਸੇ ਹੀਲ ਹੁੱਜਤ ਦੇ ਬਹਿ ਕੇ ਖਾਣ ਪੀਣ ਜੁਟ ਪਿਆ। ਬਾਬਾ–ਯਾਗਾ ਉਹਦੇ ਕੋਲ ਬਹਿ ਗਈ ਤੇ ਉਹਨੂੰ ਪੁਛਣ ਲੱਗੀ ਕਿ ਰਾਜਕੁਮਾਰੀ ਮਾਰੀਆ ਨਾਲ ਉਹਦਾ ਵਿਆਹ ਕਿਵੇਂ ਹੋਇਆ ਤੇ ਉਹ ਦੋਵੇਂ ਖ਼ੁਸ਼ ਰਹਿੰਦੇ ਨੇ ਜਾਂ ਨਹੀਂ। ਆਂਦਰੇਈ ਨੇ ਉਹਨੂੰ ਸਾਰੀ ਗੱਲ ਦਸੀ, ਤੇ ਇਹ ਵੀ ਦਸਿਆ ਕਿ ਕਿਵੇਂ ਜ਼ਾਰ ਨੇ ਉਸ ਨੂੰ '**ਮੈਨੂੰ ਪਤਾ ਨਹੀਂ ਕਿਥੇ**' ਭੇਜਿਆ ਏ ਤੇ '**ਮੈਨੂੰ ਪਤਾ ਨਹੀਂ ਕੀ**' ਲਿਆਉਣ ਨੂੰ ਆਖਿਐ।

"ਜੇ ਕਿਤੇ ਤੂੰ ਮੇਰੀ ਮਦਦ ਕਰੇਂ, ਮਾਂ!" ਉਹਨੇ ਆਖਿਆ।

"ਉਫ, ਮੇਰਿਆ ਪਿਆਰਿਆ ਜੁਆਈਆ, ਏਸ ਅਜੀਬ ਥਾਂ ਦਾ ਤਾਂ ਮੈਂ ਵੀ ਕਦੇ ਨਾਂ ਨਹੀਂ ਸੁਣਿਆ। ਏਸ ਥਾਂ ਦਾ ਬੁੱਢੀ ਡੱਡ ਤੋਂ ਬਿਨਾਂ ਕਿਸੇ ਨੂੰ ਪਤਾ ਨਹੀਂ, ਤੇ ਉਹਨੂੰ ਤਿੰਨ ਸੌ ਸਾਲ ਹੋ ਗਏ ਦਲਦਲਾਂ ਵਿਚ ਰਹਿੰਦੀ ਨੂੰ। ਪਰ ਤੂੰ ਫਿਕਰ ਨਾ ਕਰ, ਜਾ ਸੌਂ ਜਾ ਕੇ, ਸਵੇਰੇ ਵੇਖੀ ਜਾਊ।"

ਆਂਦਰੇਈ ਬਿਸਤਰੇ ਤੇ ਜਾ ਪਿਆ, ਤੇ ਬਾਬਾ–ਯਾਗਾ ਨੇ ਬਰਚੇ ਦੇ ਦੋ ਝਾੜੂ ਲਏ, ਉਡ ਕੇ ਦਲਦਲਾਂ ਵਿਚ ਪਹੁੰਚੀ ਤੇ ਵਾਜ ਮਾਰੀ:

"ਬੇਬੇ ਭੁੜਕੋ, ਹਾਲੇ ਜਿਊਂਦੀ ਜਾਗਦੀ ਏਂ?"

"ਮੈਂ ਜਿਊਂਦੀ ਆਂ।"

"ਤਾਂ ਫੇਰ ਦਲਦਲ ਵਿਚੋਂ ਭੁੜਕ ਕੇ ਬਾਹਰ ਆ।"

ਬੁਢੀ ਡੱਡ ਭੁੜਕ ਕੇ ਦਲਦਲ ਵਿਚੋਂ ਬਾਹਰ ਆ ਗਈ ਤੇ ਬਾਬਾ–ਯਾਗਾ ਨੇ ਉਹਨੂੰ ਪੁਛਿਆ:

"ਪਤਾ ਈ '**ਮੈਨੂੰ ਨਹੀਂ ਪਤਾ ਕੀ**' ਕਿਥੇ ਹੋਇਆ ਭਲਾ?"

"ਪਤਾ ਏ।"

"ਤਾਂ ਫੇਰ ਦੱਸ ਮੈਨੂੰ ਕਿਥੇ ਆ, ਤੇਰਾ ਭਲਾ ਹੋਵੇ। ਮੇਰੇ ਜੁਆਈ ਨੂੰ ਭੇਜਿਆ ਨੇ ਪਈ '**ਮੈਨੂੰ**

ਨਹੀਂ ਪਤਾ ਕਿਥੇ' ਜਾ ਤੇ '**ਮੈਨੂੰ ਨਹੀਂ ਪਤਾ ਕੀ**' ਲਿਆ।''

''ਮੈਂ ਉਹਨੂੰ ਆਪ ਲੈ ਜਾਂਦੀ ਓਥੇ, ਪਰ ਮੈਂ ਬਹੁਤ ਬੁੱਢੀ ਹੋ ਗਈ ਆਂ, ਤੇ ਥਾਂ ਬੜੀ ਦੂਰ ਏ, ਲੰਮਾ ਛੜੱਪਾ ਚਾਹੀਦੈ।'' ਡੱਡ ਨੇ ਆਖਿਆ। ''ਆਪਣੇ ਜੁਆਈ ਨੂੰ ਆਖ ਮੈਨੂੰ ਸਜਰੇ ਦੁਧ ਦੇ ਜੱਗ ਵਿਚ ਪਾ ਲਵੇ ਤੇ ਅੱਗ ਦੇ ਦਰਿਆ ਤੇ ਲੈ ਚੱਲੇ। ਉਥੇ ਜਾ ਕੇ ਮੈਂ ਉਹਨੂੰ ਦੱਸ ਦਊਂ।''

ਬਾਬਾ-ਯਾਗਾ ਨੇ ਬੇਬੇ ਭੁੜਕੋ ਨੂੰ ਚੁੱਕਿਆ, ਉਡ ਕੇ ਘਰ ਆਈ। ਜੱਗ ਵਿਚ ਸਜਰਾ ਦੁਧ ਪਾਇਆ ਤੇ ਡੱਡ ਨੂੰ ਏਹਦੇ ਵਿਚ ਰੱਖ ਦਿੱਤਾ। ਅਗਲੀ ਸਵੇਰ ਸਵਖ਼ਤੇ ਹੀ ਉਹਨੇ ਆਂਦਰੇਈ ਨੂੰ ਜਗਾਇਆ।

''ਆਹ ਲੈ ਜੱਗ, ਏਹਦੇ ਵਿਚ ਡੱਡ ਈ,'' ਉਹਨੇ ਆਖਿਆ। ''ਕਪੜੇ ਪਾ ਲੈ, ਮੇਰੇ ਘੋੜੇ ਤੇ ਬੈਠ ਤੇ ਅੱਗ ਦੇ ਦਰਿਆ ਤੇ ਚਲਾ ਜਾ। ਘੋੜੇ ਨੂੰ ਓਥੇ ਛੱਡ ਦੇਵੀਂ ਤੇ ਡੱਡ ਨੂੰ ਜੱਗ ਵਿਚੋਂ ਬਾਹਰ ਕੱਢ ਦੇਵੀਂ। ਉਹ ਤੈਨੂੰ ਦੱਸੇਗੀ ਪਈ ਕਿਧਰ ਨੂੰ ਜਾਣਾ ਏ।''

ਆਂਦਰੇਈ ਨੇ ਕਪੜੇ ਪਾਏ, ਜੱਗ ਲਿਆ ਤੇ ਬਾਬਾ-ਯਾਗਾ ਦੇ ਘੋੜੇ ਤੇ ਚੜ੍ਹ ਗਿਆ। ਪਤਾ ਨਹੀਂ ਉਹਨਾਂ ਕਿੰਨਾ ਕੁ ਪੈਂਡਾ ਕੀਤਾ ਹੋਊ, ਪਰ ਅਖੀਰ ਉਹ ਅੱਗ ਦੇ ਦਰਿਆ ਤੇ ਪਹੁੰਚ ਗਏ। ਕੋਈ ਜਾਨਵਰ ਛਾਲ ਮਾਰ ਕੇ ਦਰਿਆ ਦੇ ਪਾਰ ਨਹੀਂ ਸੀ ਜਾ ਸਕਦਾ, ਨਾ ਕੋਈ ਪੰਛੀ ਉਡ ਕੇ ਜਾ ਸਕਦਾ ਸੀ।

ਆਂਦਰੇਈ ਘੋੜੇ ਤੋਂ ਉਤਰਿਆ, ਤੇ ਡੱਡ ਨੇ ਆਖਿਆ:

''ਮੈਨੂੰ ਜੱਗ ਵਿਚੋਂ ਬਾਹਰ ਕੱਢ ਦੇ, ਮੇਰੇ ਬੱਚਿਆ। ਅਸੀਂ ਦਰਿਆ ਪਾਰ ਕਰਨਾ ਏ।''

ਆਂਦਰੇਈ ਨੇ ਡੱਡ ਨੂੰ ਜੱਗ ਵਿਚੋਂ ਬਾਹਰ ਕੱਢਿਆ ਤੇ ਭੁੰਜੇ ਜ਼ਮੀਨ ਤੇ ਟਿਕਾ ਦਿੱਤਾ।

''ਲੈ ਹੁਣ ਮੇਰੀ ਪਿੱਠ ਤੇ ਬਹਿ ਜਾ।''

''ਵਾਹ, ਪਰ ਤੂੰ ਤਾਂ ਬਹੁਤ ਛੋਟੀ ਜਿਹੀ ਏਂ, ਬੇਬੇ ਭੁੜਕੋ, ਮੈਂ ਤਾਂ ਤੇਰਾ ਕਚੂਮਰ ਕੱਢ ਦਊ।''

''ਇਸ ਗੱਲ ਦਾ ਫਿਕਰ ਨਾ ਕਰ। ਬਹਿ ਜਾ ਤੇ ਘੁਟ ਕੇ ਫੜ ਰੱਖ।''

ਆਂਦਰੇਈ ਬੇਬੇ ਭੁੜਕੋ ਤੇ ਬਹਿ ਗਿਆ, ਤੇ ਉਹਨੇ ਆਪਣੇ ਆਪ ਨੂੰ ਫੁਲਾਉਣਾ ਸ਼ੁਰੂ ਕਰ ਦਿੱਤਾ। ਉਹ ਫੁਲਦੀ ਗਈ, ਫੁਲਦੀ ਗਈ ਤੇ ਅਖੀਰ ਉਹ ਪੱਠਿਆਂ ਦੀ ਪੰਡ ਜੇਡੀ ਹੋ ਗਈ।

''ਘੁਟ ਕੇ ਫੜਿਆ ਹੋਇਆ ਈ?'' ਉਹਨੇ ਪੁਛਿਆ।

''ਹਾਂ, ਮਾਂ।''

ਬੇਬੇ ਭੁੜਕੋ ਫੇਰ ਹੋਰ ਫੁਲਦੀ ਗਈ, ਫੁਲਦੀ ਗਈ ਤੇ ਅਖੀਰ ਉਹ ਮੂਸਲ ਜੇਡੀ ਹੋ ਗਈ।

''ਘੁਟ ਕੇ ਫੜਿਆ ਹੋਇਆ ਈ?''

''ਹਾਂ, ਮਾਂ।''

ਤੇ ਉਹ ਫੇਰ ਫੁਲਣ ਲਗੀ ਤੇ ਫੁਲਦੀ ਗਈ ਤੇ ਅਖੀਰ ਉਹ ਘੁਪ ਹਨੇਰੇ ਜੰਗਲ ਨਾਲੋਂ

ਵੀ ਲੰਮੇਰੀ ਹੋ ਗਈ। ਫੇਰ ਉਹ ਇਕ ਛੜੱਪੇ ਵਿਚ ਅੱਗ ਦਾ ਦਰਿਆ ਪਾਰ ਕਰ ਗਈ। ਉਹਨੇ ਆਂਦਰੇਈ ਨੂੰ ਦੂਜੇ ਕੰਢੇ ਲਾਹਿਆ ਤੇ ਫੇਰ ਆਪਣੇ ਅਸਲੀ ਰੂਪ ਵਿਚ ਆ ਗਈ।

"ਐਸ ਰਾਹੇ ਪੈ ਜਾ, ਸੁਣੱਖਿਆ ਗਭਰੂਆ, ਤੇ ਤੈਨੂੰ ਇਕ ਬੁਰਜ ਵਿਖਾਈ ਦੇਵੇਗਾ ਜਿਹੜਾ ਬੁਰਜ ਹੈ ਨਹੀਂ, ਨਾ ਹੀ ਝੁੱਗੀ ਏ, ਨਾ ਹੀ ਏਹ ਗੁਦਾਮ ਏ, ਪਰ ਇਹ ਥੋੜਾ ਥੋੜਾ ਸਭ ਕੁਝ ਏ। ਅੰਦਰ ਚਲਾ ਜਾਈਂ ਤੇ ਸਟੋਵ ਦੇ ਪਿਛੇ ਖਲੋ ਜਾਈਂ। ਓਥੇ ਤੈਨੂੰ '**ਮੈਨੂੰ ਨਹੀਂ ਪਤਾ ਕੀ**' ਮਿਲ ਜਾਊ।"

ਆਂਦਰੇਈ ਉਸ ਰਾਹੇ ਪੈ ਗਿਆ ਤੇ ਉਹਨੇ ਇਕ ਪੁਰਾਣੀ ਜਿਹੀ ਝੁੱਗੀ ਵੇਖੀ ਜਿਹੜੀ ਝੁੱਗੀ ਨਹੀਂ ਸੀ। ਨਾ ਏਹਦਾ ਕੋਈ ਬੂਹਾ ਸੀ ਨਾ ਬਾਰੀ ਪਰ ਇਹਦੇ ਦੁਆਲੇ ਜੰਗਲਾ ਬਣਿਆ ਹੋਇਆ ਸੀ। ਸੋ ਉਹ ਉਹਦੇ ਅੰਦਰ ਚਲਾ ਗਿਆ ਤੇ ਸਟੋਵ ਦੇ ਪਿੱਛੇ ਲੁਕ ਗਿਆ।

ਥੋੜੇ ਚਿਰ ਪਿੱਛੋਂ ਜੰਗਲ ਵਿਚ ਇਕ ਰੌਲਾ ਪੈ ਗਿਆ ਤੇ ਦਗੜ ਦਗੜ ਦੀ ਆਵਾਜ਼ ਆਈ ਤੇ ਆਪਣੇ ਨਾਲੋਂ ਵਧ ਲੰਮੀ ਦਾੜ੍ਹੀ ਵਾਲਾ ਇਕ ਗਿੱਠ-ਮੁਠੀਆ ਅੰਦਰ ਆਇਆ, ਤੇ ਟਾਹਰਾਂ ਮਾਰਨ ਲੱਗਾ:

"ਹਾਏ, ਭਰਾ ਨਾਊਮ, ਮੈਨੂੰ ਭੁਖ ਲੱਗੀ ਏ।"

ਅੱਜੇ ਗੱਲ ਉਹਦੇ ਮੂਹੋਂ ਮਸਾਂ ਨਿਕਲੀ ਹੀ ਸੀ ਕਿ ਪਤਾ ਨਹੀਂ ਇਕ ਮੇਜ਼ ਕਿਥੋਂ ਆ ਗਿਆ ਤੇ ਉਸ ਮੇਜ਼ ਉਤੇ ਬੀਅਰ ਦਾ ਇਕ ਮਟ ਪਿਆ ਸੀ ਤੇ ਇਕ ਭੁੰਨਿਆ ਹੋਇਆ ਬੌਲਦ ਜੀਹਦੇ ਵਿਚ ਇਕ ਛੁਰੀ ਅੜੁੰਗੀ ਹੋਈ ਸੀ। ਗਿੱਠ-ਮੁਠੀਆ ਬੌਲਦ ਦੇ ਸਾਮ੍ਹਣੇ ਬਹਿ ਗਿਆ, ਤਿੱਖੀ ਛੁਰੀ ਨੂੰ ਬਾਹਰ ਖਿਚਿਆ ਤੇ ਗੋਸ਼ਤ ਕੱਟਣ ਲਗਾ, ਇਹਦੇ ਉਤੇ ਲਸਣ ਛਿੜਕਿਆ ਤੇ ਜ਼ੋਰ ਜ਼ੋਰ ਦੀ ਮਲਿਆ।

ਉਹ ਪੂਰੇ ਦਾ ਪੂਰਾ ਬੌਲਦ ਖਾ ਗਿਆ ਤੇ ਬੀਅਰ ਦਾ ਪੂਰਾ ਮਟ ਪੀ ਗਿਆ।

"ਓਏ, ਭਰਾ ਨਾਊਮ, ਸਾਫ ਕਰ ਦੇ ਸਭ ਕੁਝ!"

ਤੇ ਇਕਦਮ ਮੇਜ਼ ਉਥੋਂ ਲੋਪ ਹੋ ਗਿਆ ਜਿਵੇਂ ਏਥੇ ਸੀ ਹੀ ਨਹੀਂ, ਹੱਡੀਆਂ, ਮਟ, ਸਭ ਕੁਝ ਗਾਇਬ। ਆਂਦਰੇਈ ਚੁਪ ਕਰਕੇ ਵੇਖੀ ਗਿਆ ਤੇ ਜਦੋਂ ਗਿਠ-ਮੁਠੀਆ ਬਾਹਰ ਚਲਾ ਗਿਆ, ਤਾਂ ਉਹ ਸਟੋਵ ਦੇ ਪਿਛਿਓਂ ਬਾਹਰ ਆਇਆ, ਹੌਸਲਾ ਕੀਤਾ ਤੇ ਵਾਜ ਮਾਰੀ:

"ਭਰਾਵਾ ਨਾਊਮ, ਕੁਝ ਖਾਣ ਨੂੰ ਦੇ ਮੈਨੂੰ।"

ਬੋਲ ਅਜੇ ਮਸਾਂ ਮੂੰਹੋਂ ਨਿਕਲੇ ਹੀ ਸਨ ਕਿ ਇਕ ਮੇਜ਼ ਪਤਾ ਨਹੀਂ ਕਿਥੋਂ ਆ ਗਿਆ, ਤੇ ਇਹਦੇ ਉਤੇ ਤਰ੍ਹਾਂ ਤਰ੍ਹਾਂ ਦੇ ਖਾਣੇ, ਸ਼ਰਾਬਾਂ ਤੇ ਫਲ ਫਰੂਟ।

ਆਂਦਰੇਈ ਖਾਣ ਬੈਠਾ ਤੇ ਬੋਲਿਆ:

"ਬਹਿ ਜਾ, ਭਰਾ ਨਾਊਮ। ਆ ਆਪਾਂ ਰਲਕੇ ਖਾਈਏ ਪੀਏ।"

ਤੇ ਇਕ ਅਦਿਖ ਆਵਾਜ਼ ਵਿਚ ਜਵਾਬ ਆਇਆ:

"ਸ਼ੁਕਰੀਆ, ਸੱਜਣਾ। ਕਈ ਵਰ੍ਹੇ ਹੋ ਗਏ ਏਥੇ ਸੇਵਾ ਕਰਦਿਆਂ, ਪਰ ਕਦੇ ਮੈਨੂੰ ਕਿਸੇ ਸੁੱਕਾ ਟੁਕਰ ਵੀ ਨਹੀਂ ਦਿੱਤਾ, ਤੇ ਤੂੰ ਮੈਨੂੰ ਆਪਣੇ ਨਾਲ ਮੇਜ਼ ਤੇ ਬਿਠਾ ਲਿਐ।"

ਆਂਦਰੇਈ ਹੱਕਾ ਬੱਕਾ ਰਹਿ ਗਿਆ। ਓਥੇ ਕੋਈ ਦਿਸਦਾ ਹੈ ਨਹੀਂ ਸੀ, ਪਰ ਖਾਣ ਪੀਣ ਦੀਆਂ ਚੀਜ਼ਾਂ ਇਓਂ ਲੋਪ ਹੋਈਆਂ ਜਿਓਂ ਕਿਸੇ ਨੇ ਝਾੜੂ ਫੇਰ ਦਿੱਤਾ ਹੋਵੇ। ਸ਼ਰਾਬਾਂ ਆਪਣੇ ਆਪ ਗਲਾਸਾਂ ਵਿਚ ਪੈ ਗਈਆਂ ਤੇ ਗਲਾਸ ਮੇਜ਼ ਉਤੇ ਛਲਕਣ ਉਛਲਣ ਲੱਗੇ।

"ਭਰਾ ਨਾਊਮ, ਮੈਨੂੰ ਆਪਣੀ ਸ਼ਕਲ ਵਿਖਾ!" ਆਂਦਰੇਈ ਨੇ ਕਿਹਾ।

"ਨਹੀਂ, ਮੈਂ ਵਿਖਾਈ ਨਹੀਂ ਦੇਂਦਾ। ਮੈਂ '**ਮੈਨੂੰ ਨਹੀਂ ਪਤਾ ਕੀ**' ਹਾਂ।"

"ਭਰਾ ਨਾਊਮ, ਮੇਰੀ ਸੇਵਾ ਵਿਚ ਰਹਿਣਾ ਚਾਹੇਂਗਾ?"

"ਜ਼ਰੂਰ। ਤੂੰ ਨੇਕ ਆਦਮੀ ਏਂ। ਤੇਰੇ ਵਰਗਾ ਕਦੇ ਕੋਈ ਨਹੀਂ ਹੋਇਆ।"

ਜਦੋਂ ਉਹ ਖਾ ਪੀ ਕੇ ਵਿਹਲੇ ਹੋ ਗਏ, ਤਾਂ ਆਂਦਰੇਈ ਨੇ ਕਿਹਾ:

"ਮੇਜ਼ ਸਾਫ ਕਰ ਦੇ ਤੇ ਆ ਮੇਰੇ ਨਾਲ।"

ਆਂਦਰੇਈ ਝੁੱਗੀ ਵਿਚੋਂ ਬਾਹਰ ਆ ਗਿਆ ਤੇ ਉਹਨੇ ਚੁਫੇਰੇ ਨਜ਼ਰ ਮਾਰੀ।

"ਤੂੰ ਏਥੇ ਈ ਆਂ, ਭਰਾ ਨਾਊਮ?"

"ਹਾਂ। ਡਰ ਨਾ, ਮੈਂ ਤੈਨੂੰ ਛਡ ਕੇ ਕਦੇ ਨਹੀਂ ਜਾਵਾਂਗਾ।"

ਥੋੜੇ ਚਿਰ ਮਗਰੋਂ ਆਂਦਰੇਈ ਅੱਗ ਦੇ ਦਰਿਆ ਤੇ ਪਹੁੰਚ ਗਿਆ, ਜਿਥੇ ਡੱਡ ਉਹਦੀ ਉਡੀਕ ਵਿਚ ਬੈਠੀ ਸੀ।

"ਕਿਉਂ, ਮੇਰਿਆ ਗਭਰੂਆ," ਡੱਡ ਨੇ ਪੁਛਿਆ, "'**ਮੈਨੂੰ ਨਹੀਂ ਪਤਾ ਕੀ**' ਲਭ ਗਿਆ ਈ?"

"ਹਾਂ, ਮਾਂ-ਭੁੜਕੋ।"

"ਬਹਿ ਜਾ ਮੇਰੀ ਪਿਠ ਤੇ।"

ਆਂਦਰੇਈ ਫੇਰ ਉਹਦੀ ਪਿਠ ਤੇ ਬਹਿ ਗਿਆ ਅਤੇ ਡੱਡ ਨੇ ਆਪਣਾ ਸਰੀਰ ਫੁਲਾਉਣਾ ਸ਼ੁਰੂ ਕੀਤਾ, ਫੇਰ ਉਹਨੇ ਇਕ ਛੜੱਪਾ ਮਾਰਿਆ ਤੇ ਉਹਨੂੰ ਅੱਗ ਦੇ ਦਰਿਆ ਤੋਂ ਪਾਰ ਲੈ ਆਂਦਾ।

ਉਹਨੇ ਮਾਂ-ਭੁੜਕੋ ਦਾ ਧੰਨਵਾਦ ਕੀਤਾ ਤੇ ਆਪਣੇ ਰਾਹੇ ਪੈ ਗਿਆ। ਉਹ ਥੋੜਾ ਜਿਹਾ ਸਫਰ ਕਰਦਾ, ਫੇਰ ਭੌਂ ਕੇ ਵੇਖਦਾ ਤੇ ਪੁਛਦਾ:

"ਤੂੰ ਏਥੇ ਈ ਏਂ ਭਰਾ ਨਾਊਮ?"

"ਹਾਂ, ਡਰ ਨਾ, ਮੈਂ ਤੈਨੂੰ ਛਡ ਕੇ ਕਦੇ ਨਹੀਂ ਜਾਵਾਂਗਾ।"

ਆਂਦਰੇਈ ਤੁਰਦਾ ਗਿਆ, ਤੁਰਦਾ ਗਿਆ, ਤੇ ਅਖੀਰ ਉਹ ਥੱਕ ਗਿਆ ਤੇ ਉਹਦੇ ਪੈਰ ਦੁਖਣ ਲਗ ਪਏ।

"ਉਫ, ਪਿਆਰੇ," ਉਹਨੇ ਕਿਹਾ, "ਮੈਂ ਕਿੰਨਾ ਥੱਕ ਗਿਆਂ।"

"ਤੁਸਾਂ ਮੈਨੂੰ ਪਹਿਲਾਂ ਕਿਉਂ ਨਾ ਦੱਸਿਆ?" ਭਰਾ ਨਾਊਮ ਨੇ ਆਖਿਆ। "ਮੈਂ ਤੁਹਾਨੂੰ ਇਕ ਪਲ ਵਿਚ ਘਰ ਲੈ ਜਾਂਦਾ।"

ਆਂਦਰੇਈ ਨੂੰ ਇਕ ਤੁੰਦ ਹਵਾ ਨੇ ਚੁਕ ਲਿਆ ਤੇ ਉਹਨੂੰ ਲੈਕੇ ਪਹਾੜਾਂ ਤੇ ਜੰਗਲਾਂ, ਸ਼ਹਿਰਾਂ ਤੇ ਪਿੰਡਾਂ ਉਤੋਂ ਦੀ ਉਡਣ ਲੱਗੀ। ਉਹ ਡੂੰਘੇ ਸਮੁੰਦਰ ਉਤੋਂ ਦੀ ਵੀ ਉਡੇ, ਤੇ ਆਂਦਰੇਈ ਡਰ ਗਿਆ।

"ਭਰਾ ਨਾਊਮ, ਥੋੜਾ ਆਰਾਮ ਕਰਨ ਨੂੰ ਜੀ ਕਰਦੈ," ਉਹਨੇ ਆਖਿਆ।

ਹਵਾ ਇਕ ਦਮ ਠੱਲ੍ਹ ਗਈ ਅਤੇ ਆਂਦਰੇਈ ਹੇਠਾਂ ਸਮੁੰਦਰ ਵਿਚ ਡਿਗਣ ਲੱਗਾ। ਪਰ ਜਿਥੇ ਨੀਲੀਆਂ ਲਹਿਰਾਂ ਸਿਰ ਭੰਨ ਰਹੀਆਂ ਸਨ, ਉਥੇ ਉਹਨੂੰ ਇਕ ਟਾਪੂ ਵਿਖਾਈ ਦੇਣ ਲਗਾ ਤੇ ਉਸ ਟਾਪੂ ਉਤੇ ਇਕ ਮਹਿਲ ਸੀ ਜਿਸ ਦੀ ਛੱਤ ਸੋਨੇ ਦੀ ਸੀ ਤੇ ਜਿਸ ਦੇ ਚਾਰੇ ਪਾਸੇ ਇਕ ਖ਼ੂਬਸੂਰਤ ਬਗ਼ੀਚਾ ਸੀ। ਭਰਾ ਨਾਊਮ ਨੇ ਆਂਦਰੇਈ ਨੂੰ ਕਿਹਾ:

"ਲਓ ਆਰਾਮ ਕਰੋ, ਖਾਓ ਪੀਓ, ਤੇ ਸਮੁੰਦਰ ਤੇ ਨਿਗਾਹ ਰੱਖੋ। ਤਿੰਨ ਵਪਾਰਕ ਜਹਾਜ਼ ਤਰਦੇ ਹੋਏ ਆਉਣਗੇ। ਉਹਨਾਂ ਦਾ ਸਵਾਗਤ ਕਰਨਾ ਤੇ ਵਪਾਰੀਆਂ ਨੂੰ ਰੋਟੀ ਦਾ ਸੱਦਾ ਦੇਣਾ ਤੇ ਸ਼ਾਹੀ ਦਾਅਵਤ ਕਰਨਾ—ਉਹਨਾਂ ਕੋਲ ਤਿੰਨ ਅਜੂਬੇ ਨੇ। ਉਹਨਾਂ ਅਜੂਬਿਆਂ ਨਾਲ ਮੈਨੂੰ ਵਟਾ ਲਿਓ—ਡਰੋ ਨਾ ਮੈਂ ਮੁੜਕੇ ਵਾਪਸ ਆ ਜਾਵਾਂਗਾ।"

ਪਤਾ ਨਹੀਂ ਕਿੰਨਾ ਕੁ ਵਕਤ ਬੀਤਿਆ ਹੋਵੇ, ਪਰ ਅਖੀਰ ਤਿੰਨ ਜਹਾਜ਼ ਪਛਮ ਵਲੋਂ ਤਰਦੇ ਆ ਗਏ। ਸਮੁੰਦਰ ਦੇ ਮੁਸਾਫਰਾਂ ਨੇ ਟਾਪੂ ਵੇਖਿਆ, ਤੇ ਟਾਪੂ ਉਤੇ ਸੋਨੇ ਦੀ ਛੱਤ ਵਾਲਾ ਮਹਿਲ ਤੇ ਇਹਦੇ ਚਾਰ ਚੁਫੇਰੇ ਖ਼ੂਬਸੂਰਤ ਬਾਗ਼ ਵੇਖਿਆ।

"ਏਹ ਕੀ ਕੌਤਕ ਹੋਇਆ?" ਉਹਨਾਂ ਆਖਿਆ। "ਕਈ ਵਾਰ ਸਾਡੇ ਜਹਾਜ਼ ਏਥੋਂ ਦੀ ਲੰਘੇ ਨੇ, ਤੇ ਨੀਲੀਆਂ ਲਹਿਰਾਂ ਤੋਂ ਬਿਨਾਂ ਕਦੇ ਕੋਈ ਚੀਜ਼ ਨਹੀਂ ਵੇਖੀ। ਚਲੋ ਕੰਢੇ ਤੇ ਚਲੀਏ!"

ਤਿੰਨਾਂ ਜਹਾਜ਼ਾਂ ਨੇ ਲੰਗਰ ਸੁਟ ਦਿੱਤੇ, ਤੇ ਤਿੰਨੇ ਵਪਾਰੀ ਇਕ ਛੋਟੀ ਬੇੜੀ ਵਿਚ ਬੈਠੇ ਤੇ ਟਾਪੂ ਵੱਲ ਠਿੱਲ੍ਹ ਪਏ। ਤੀਰ-ਅੰਦਾਜ਼ ਆਂਦਰੇਈ ਉਹਨਾਂ ਦਾ ਸਵਾਗਤ ਕਰਨ ਲਈ ਪਹਿਲਾਂ ਹੀ ਓਥੇ ਮੌਜੂਦ ਸੀ।

"ਜੀ ਆਇਆਂ ਨੂੰ, ਪਿਆਰੇ ਮਹਿਮਾਨੋ!"

ਜਿਵੇਂ ਜਿਵੇਂ ਵਪਾਰੀ ਵੇਖਦੇ ਜਾਣ, ਉਹਨਾਂ ਦੀ ਹੈਰਾਨੀ ਹੋਰ ਵੀ ਵਧਦੀ ਜਾਵੇ। ਮਹਿਲ ਦੀ ਛੱਤ ਅਗ ਵਾਂਗ ਚਮਕਦੀ ਸੀ, ਰੁੱਖਾਂ ਉਤੇ ਪੰਛੀ ਚਹਿਕਦੇ ਸਨ ਅਤੇ ਪਟੜੀਆਂ ਤੇ ਅਜੀਬ ਅਜੀਬ ਜਾਨਵਰ ਟੱਪ ਭੁੜਕ ਰਹੇ ਸਨ।

"ਕਿਉਂ ਭਈ ਸੱਜਣਾ, ਏਹ ਅਜੂਬਿਆਂ ਦਾ ਅਜੂਬਾ ਏਥੇ ਕਿਸ ਬਣਾਇਐ?"

"ਮੇਰੇ ਨੌਕਰ, ਭਰਾ ਨਾਊਮ ਨੇ ਇਕੋ ਰਾਤ ਵਿਚ ਹੀ ਖੜਾ ਕਰ ਦਿੱਤੈ।"

ਆਂਦਰੇਈ ਮਹਿਮਾਨਾਂ ਨੂੰ ਦਾਅਵਤ ਦੇਣ ਵਾਲੇ ਹਾਲ ਕਮਰੇ ਵਿਚ ਲੈ ਗਿਆ।

"ਓਏ, ਭਰਾ ਨਾਊਮ, ਸਾਨੂੰ ਕੁਝ ਖਾਣ ਪੀਣ ਨੂੰ ਲਿਆ ਦੇ।"

ਅਚਨਚੇਤ ਇਕ ਮੇਜ਼ ਪਤਾ ਨਹੀਂ ਕਿਥੋਂ ਆ ਗਿਆ ਜਿਸ ਉਤੇ ਸਭ ਤਰ੍ਹਾਂ ਦੇ ਖਾਣੇ ਤੇ ਸ਼ਰਾਬਾਂ ਸਨ ਜਿਨ੍ਹਾਂ ਨੂੰ ਬੰਦੇ ਦਾ ਜੀਅ ਲੋਚ ਸਕਦਾ ਹੈ। ਵਪਾਰੀਆਂ ਦੀ ਹੈਰਾਨੀ ਦਾ ਕੋਈ ਪਾਰਾਵਾਰ ਨਹੀਂ ਸੀ।

"ਚਲ ਆਪਾਂ ਵਟਾ ਸਟਾ ਕਰ ਲਈਏ, ਮਿਤਰਾ," ਵਪਾਰੀਆਂ ਨੇ ਆਖਿਆ। "ਆਪਣਾ ਨੌਕਰ, ਭਰਾ ਨਾਊਮ, ਸਾਨੂੰ ਦੇ ਦੇ, ਤੇ ਵੱਟੇ ਵਿਚ ਸਾਡੇ ਕੋਲੋਂ ਮਨ ਮਰਜ਼ੀ ਦਾ ਕੋਈ ਅਜੂਬਾ ਲੈ ਲੈ।"

"ਬਹੁਤ ਹੱਛਾ। ਕਿਹੜੇ ਅਜੂਬੇ ਨੇ ਤੁਹਾਡੇ ਕੋਲ?"

ਇਕ ਵਪਾਰੀ ਨੇ ਆਪਣੇ ਕੋਟ ਹੇਠੋਂ ਇਕ ਡੰਡਾ ਕਢਿਆ। ਸਿਰਫ ਇਹ ਆਖਣ ਦੀ ਲੋੜ ਸੀ: "ਚਲ ਡੰਡਿਆ, ਏਸ ਬੰਦੇ ਦੀਆਂ ਹੱਡੀਆਂ ਤੋੜ ਦੇ!" ਤੇ ਡੰਡਾ ਕੰਮ ਲੱਗ ਜਾਂਦਾ ਤੇ ਕਿਸੇ ਵੀ ਬੰਦੇ ਦੀਆਂ ਹੱਡੀਆਂ ਤੋੜ ਦੇਂਦਾ ਭਾਵੇਂ ਉਹ ਕਿੰਨਾ ਵੀ ਤਕੜਾ ਕਿਉਂ ਨਾ ਹੁੰਦਾ।

ਦੂਜੇ ਵਪਾਰੀ ਨੇ ਆਪਣੇ ਕਾਫਤਾਨ ਦੇ ਹੇਠੋਂ ਇਕ ਕੁਹਾੜਾ ਕਢਿਆ ਤੇ ਦੱਸਤੇ ਉਤੇ ਚਾੜ੍ਹ ਦਿੱਤਾ ਤੇ ਕੁਹਾੜਾ ਕੱਟਣ ਵੱਢਣ ਲਗ ਪਿਆ। ਠੱਕ ਠੱਕ—ਇਕ ਜਹਾਜ਼ ਤਿਆਰ; ਠੱਕ ਠੱਕ—ਇਕ ਹੋਰ ਜਹਾਜ਼ ਬਣ ਗਿਆ। ਹਰ ਤਰ੍ਹਾਂ ਮੁਕੰਮਲ ਬਾਦਬਾਨ ਲੱਗੇ ਹੋਏ, ਤੇ ਗੱਨਾਂ ਤੇ ਬਹਾਦਰ ਜਹਾਜ਼ੀਆਂ ਸਮੇਤ। ਜਹਾਜ਼ ਠਿਲ੍ਹ ਪਏ, ਗੱਨਾਂ ਨੇ ਗੋਲੇ ਦਾਗੇ ਤੇ ਬਹਾਦਰ ਜਹਾਜ਼ੀ ਹੁਕਮ ਵਜਾਉਣ ਲਈ ਤਿਆਰ।

ਉਹਨੇ ਕੁਹਾੜੇ ਨੂੰ ਹੇਠਾਂ ਵੱਲ ਮੋੜਿਆ ਤੇ ਲਓ, ਕੀ ਹੋਇਆ!—ਜਹਾਜ਼ ਲੋਪ ਜਿਵੇਂ ਕਦੇ ਸਨ ਹੀ ਨਹੀਂ।

ਤੀਜੇ ਵਪਾਰੀ ਨੇ ਆਪਣੀ ਜੇਬ ਵਿਚੋਂ ਅਲਗੋਜਾ ਕੱਢਿਆ ਤੇ ਇਸ ਵਿਚ ਫੂਕ ਮਾਰੀ ਤੇ ਕੀ ਹੋਇਆ!—ਇਕ ਫੌਜ ਸਾਮ੍ਹਣੇ ਆ ਖੜੀ ਹੋਈ, ਰਸਾਲੇ ਤੇ ਪਿਆਦੇ, ਰਫਲਾਂ ਤੇ ਤੋਪਾਂ ਸਮੇਤ। ਫੌਜਾਂ ਨੇ ਮਾਰਚ ਕੀਤਾ, ਬੈਂਡ ਵਾਜਾ ਵਜਿਆ, ਝੰਡੇ ਲਹਿਰਾਏ, ਤੇ ਘੋੜਸਵਾਰ ਹੁਕਮ ਉਡੀਕਣ ਲੱਗੇ।

ਫੇਰ ਵਪਾਰੀ ਨੇ ਅਲਗੋਜੇ ਦੇ ਦੂਜੇ ਸਿਰੇ ਵਿਚ ਫੂਕ ਮਾਰੀ, ਤੇ ਟੀਂ ਟੀਂ!—ਸਭ ਕੁਝ ਛਾਈਂ ਮਾਈਂ ਹੋ ਗਿਆ।

"ਤੁਹਾਡੇ ਅਜੂਬੇ ਮੈਨੂੰ ਪਸੰਦ ਨੇ," ਤੀਰ-ਅੰਦਾਜ਼ ਆਂਦਰੇਈ ਨੇ ਕਿਹਾ। "ਪਰ ਮੇਰਾ

ਜੂਤਾ ਵਡਮੁਲਾ ਏ। ਜੇ ਤੁਸੀਂ ਚਾਹੋ, ਤਾਂ ਮੈਂ ਤੁਹਾਡੇ ਤਿੰਨਾਂ ਹੀ ਅਜੂਬਿਆਂ ਨਾਲ ਭਰਾ ਨਾਊਮ ਨੂੰ ਵਟਾ ਲਵਾਂਗਾ।"

"ਤੂੰ ਬਹੁਤ ਜ਼ਿਆਦਾ ਨਹੀਂ ਮੰਗ ਰਿਹਾ?"

"ਬਿਲਕੁਲ ਨਹੀਂ। ਮਨਜ਼ੂਰ ਹੈ ਤਾਂ ਠੀਕ, ਨਹੀਂ ਤੁਹਾਡੀ ਮਰਜ਼ੀ।"

ਵਪਾਰੀਆਂ ਨੇ ਸੋਚ ਵਿਚਾਰ ਕੀਤੀ: "ਸਾਨੂੰ ਏਸ ਡੰਡੇ, ਕੁਹਾੜੇ ਤੇ ਅਲਗੋਜੇ ਦੀ ਕੀ ਲੋੜ ਏ? ਭਰਾ ਨਾਊਮ ਨਾਲ ਏਹਨਾਂ ਨੂੰ ਵਟਾ ਲੈਣਾ ਚੰਗਾ ਰਹੇਗਾ; ਫੇਰ ਅਸੀਂ ਹੱਥ ਹਿਲਾਏ ਬਿਨਾਂ, ਦਿਨ ਹੋਵੇ ਜਾਂ ਰਾਤ, ਜੋ ਜੀਅ ਚਾਹੇਗਾ ਖਾਵਾਂਗੇ, ਪੀਵਾਂਗੇ।"

ਸੋ ਵਪਾਰੀਆਂ ਨੇ ਡੰਡਾ, ਕੁਹਾੜਾ ਤੇ ਅਲਗੋਜਾ ਆਂਦਰੇਈ ਨੂੰ ਦੇ ਦਿੱਤੇ ਤੇ ਉੱਚੀ ਸਾਰੀ ਆਖਿਆ:

"ਓਏ, ਭਰਾ ਨਾਊਮ, ਤੂੰ ਸਾਡੇ ਨਾਲ ਚਲ ਰਿਹੈਂ। ਸੱਚੇ ਦਿਲੋਂ ਸਾਡੀ ਸੇਵਾ ਕਰੇਂਗਾ?"

"ਕਿਉਂ ਨਹੀਂ?" ਇਕ ਆਵਾਜ਼ ਆਈ। "ਮੈਂ ਕਿਸੇ ਦੀ ਸੇਵਾ ਕਰਾਂ, ਮੇਰੇ ਲਈ ਇਕੋ ਗੱਲ ਏ।"

ਸੋ ਵਪਾਰੀ ਆਪਣੇ ਜਹਾਜ਼ਾਂ ਤੇ ਵਾਪਸ ਆ ਗਏ ਤੇ ਲੱਗੇ ਖੁਸ਼ੀਆਂ ਮਨਾਉਣ। ਉਹਨਾਂ ਖੂਬ ਖਾਧਾ ਪੀਤਾ ਤੇ ਰੌਲਾ ਪਾਉਂਦੇ ਰਹੇ:

"ਰਤਾ ਫੁਰਤੀ ਨਾਲ, ਭਰਾ ਨਾਊਮ, ਸਾਨੂੰ ਆਹ ਲਿਆ ਦੇ, ਸਾਨੂੰ ਔਹ ਲਿਆ ਦੇ!"

ਉਹ ਪੀਂਦੇ ਰਹੇ ਤੇ ਅਖੀਰ ਨਸ਼ੇ ਵਿਚ ਅੰਨ੍ਹੇ ਹੋ ਗਏ ਤੇ ਜਿਥੇ ਬੈਠੇ ਸਨ ਓਥੇ ਹੀ ਸੌਂ ਗਏ।

ਤੇ ਤੀਰ-ਅੰਦਾਜ਼ ਮਹਿਲ ਵਿਚ ਇਕੱਲਾ ਬੈਠਾ ਸੀ ਤੇ ਉਹਦੀ ਹਾਲਤ ਦਰਦਨਾਕ ਸੀ।

"ਪਤਾ ਨਹੀਂ," ਉਸ ਨੇ ਪਰੇਸ਼ਾਨ ਹੋਕੇ ਸੋਚਿਆ, "ਮੇਰਾ ਵਫਾਦਾਰ ਨੌਕਰ, ਭਰਾ ਨਾਊਮ, ਕਿੱਥੇ ਐ?"

"ਮੈਂ ਏਥੇ ਈ ਆਂ। ਕੀ ਚਾਹੁੰਦੇ ਓ?"

ਆਂਦਰੇਈ ਗਦ ਗਦ ਹੋ ਗਿਆ।

"ਵੇਲਾ ਨਹੀਂ ਕਿ ਘਰ ਚਲੀਏ, ਮੇਰੀ ਜਵਾਨ ਪਤਨੀ ਕੋਲ ਵਾਪਸ? ਮੈਨੂੰ ਘਰ ਲੈ ਚਲ, ਭਰਾ ਨਾਊਮ।"

ਤੇ ਫੇਰ ਇਕ ਵਾਵਰੋਲੇ ਨੇ ਉਸ ਨੂੰ ਚੁੱਕ ਲਿਆ ਤੇ ਉਹਨੂੰ ਉਹਦੇ ਦੇਸ ਲੈ ਆਂਦਾ।

ਓਧਰ ਵਪਾਰੀਆਂ ਦੀ ਅੱਖ ਖੁਲ੍ਹੀ। ਉਹਨਾਂ ਦਾ ਸਰੀਰ ਟੁਟ ਰਿਹਾ ਸੀ ਤੇ ਤਿਹ ਲੱਗੀ ਹੋਈ ਸੀ।

"ਓਏ, ਭਰਾ ਨਾਊਮ!" ਉਹਨਾਂ ਵਾਜ ਦਿੱਤੀ। "ਸਾਨੂੰ ਕੁਝ ਖਾਣ ਪੀਣ ਨੂੰ ਦੇ, ਛੇਤੀ ਕਰ!"

ਪਰ ਉਹਨਾਂ ਦੀਆਂ ਆਵਾਜ਼ਾਂ ਤੇ ਟਾਹਰਾਂ ਵਿਅਰਥ ਗਈਆਂ। ਉਹਨਾਂ ਝਾਤ ਮਾਰੀ ਤੇ ਕੀ

ਵੇਖਦੇ ਨੇ !—ਟਾਪੂ ਉਥੋਂ ਗਾਇਬ ਸੀ। ਟਾਪੂ ਵਾਲੀ ਥਾਂ ਤੇ ਸਿਰਫ ਨੀਲੀਆਂ ਛੱਲਾਂ ਉਛਲ ਰਹੀਆਂ ਸਨ।

ਵਪਾਰੀ ਕ੍ਰੋਧ ਵਿਚ ਆ ਗਏ। "ਕੇਡਾ ਬੇਈਮਾਨ ਨਿਕਲਿਆ, ਸਾਡੇ ਨਾਲ ਠੱਗੀ ਕਰ ਗਿਆ !" ਉਹਨਾਂ ਆਖਿਆ। ਪਰ ਹੁਣ ਕਰ ਕੁਝ ਵੀ ਨਹੀਂ ਸੀ ਸਕਦੇ, ਸੋ ਉਹਨਾਂ ਜਹਾਜ਼ ਠੇਲ੍ਹੇ ਤੇ ਆਪਣੇ ਰਾਹ ਪਏ।

ਏਧਰ ਤੀਰ-ਅੰਦਾਜ਼ ਆਂਦਰੇਈ ਉਡ ਕੇ ਘਰ ਪਹੁੰਚ ਗਿਆ ਤੇ ਆਪਣੀ ਝੁੱਗੀ ਦੇ ਨੇੜੇ ਕਰਕੇ ਹੇਠਾਂ ਆ ਲੱਥਾ ! ਪਰ ਜਿਥੇ ਉਹਦੀ ਝੁੱਗੀ ਹੁੰਦੀ ਸੀ ਓਥੇ ਹੁਣ ਇਕ ਸੜੀ ਬਲੀ ਚਿਮਨੀ ਤੋਂ ਬਿਨਾਂ ਕੁਝ ਵੀ ਨਹੀਂ ਸੀ।

ਨਿਮੋਝੂਣ ਉਦਾਸ ਉਹ ਨੀਲੇ ਸਾਗਰ ਦੇ ਕੰਢੇ ਇਕ ਇਕੱਲਵਾਂਜੀ ਥਾਂ ਤੇ ਆ ਗਿਆ। ਤੇ ਓਥੇ ਉਹ ਸੋਗ ਵਿਚ ਡੁੱਬਾ ਬੈਠਾ ਸੀ ਜਦੋਂ ਅਚਨਚੇਤ ਇਕ ਘੁਗੀ ਪਤਾ ਨਹੀਂ ਕਿਥੋਂ ਉਡਦੀ ਉਡਦੀ ਆ ਗਈ। ਉਹ ਜ਼ਮੀਨ ਤੇ ਬੈਠੀ ਤੇ ਉਸ ਦੀ ਜੋਬਨਮੱਤੀ ਪਤਨੀ, ਰਾਜਕੁਮਾਰੀ ਮਾਰੀਆ ਬਣ ਗਈ।

ਉਹਨਾਂ ਨੇ ਇਕ ਦੂਜੇ ਨੂੰ ਜੱਫੀ ਪਾਈ ਤੇ ਲੱਗੇ ਇਕ ਦੂਜੇ ਨੂੰ ਪੁਛਣ ਦੱਸਣ ਕਿ ਉਹਨਾਂ ਨਾਲ ਕੀ ਕੀ ਬੀਤਿਆ ਸੀ।

"ਜਦੋਂ ਦਾ ਤੂੰ ਘਰੋਂ ਗਿਆ ਏਂ ਮੈਂ ਘੁਗੀ ਬਣਕੇ ਜੰਗਲਾਂ ਤੇ ਬੇਲਿਆਂ ਵਿਚ ਉਡਦੀ ਫਿਰਦੀ ਆਂ," ਰਾਜਕੁਮਾਰੀ ਮਾਰੀਆ ਨੇ ਦਸਿਆ। "ਤਿੰਨ ਵਾਰ ਜ਼ਾਰ ਨੇ ਮੈਨੂੰ ਸੱਦ ਭੇਜਿਆ, ਪਰ ਮੈਂ ਉਹਨਾਂ ਨੂੰ ਨਾ ਮਿਲੀ ਤੇ ਉਹਨਾਂ ਨੇ ਸਾਡਾ ਨਿੱਕਾ ਜਿਹਾ ਘਰ ਸਾੜ ਕੇ ਸਵਾਹ ਕਰ ਦਿੱਤੈ।"

"ਭਰਾ ਨਾਊਮ, ਨੀਲੇ ਸਾਗਰ ਦੇ ਕੰਢੇ ਇਕ ਮਹਿਲ ਖੜਾ ਕਰ ਸਕਦਾ ਏਂ ?"

"ਕਿਉਂ ਨਹੀਂ ? ਅੱਖ ਝਮਕਦਿਆਂ ਬਣ ਜਾਏਗਾ।"

ਤੇ ਸਚਮੁਚ ਹੀ, ਅਜੇ ਉਹਨਾਂ ਚੁਫੇਰੇ ਨਜ਼ਰ ਵੀ ਨਹੀਂ ਸੀ ਮਾਰੀ ਕਿ ਮਹਿਲ ਤਿਆਰ ਖੜਾ ਸੀ। ਬੜਾ ਸ਼ਾਨਦਾਰ ਮਹਿਲ ਸੀ ਇਹ, ਜ਼ਾਰ ਦੇ ਮਹਿਲ ਨਾਲੋਂ ਵੀ ਵਧੀਆ। ਇਹਦੇ ਆਸੇ ਪਾਸੇ ਹਰਿਆ ਭਰਿਆ ਬਾਗ ਸੀ ਤੇ ਰੁੱਖਾਂ ਤੇ ਪੰਛੀ ਚਹਿਕਦੇ ਸਨ ਤੇ ਪਟੜੀਆਂ ਤੇ ਸਭ ਤਰ੍ਹਾਂ ਦੇ ਅਲੋਕਾਰ ਜਾਨਵਰ ਪਏ ਫਿਰਦੇ ਸਨ।

ਤੀਰ-ਅੰਦਾਜ਼ ਆਂਦਰੇਈ ਤੇ ਰਾਜਕੁਮਾਰੀ ਮਾਰੀਆ ਮਹਿਲ ਵਿਚ ਦਾਖਲ ਹੋਏ, ਬਾਰੀ ਕੋਲ ਬਹਿ ਕੇ ਗੱਲਾਂ ਕਰਨ ਲਗੇ ਤੇ ਇਕ ਦੂਜੇ ਵੱਲ ਬੜੇ ਪਿਆਰ ਨਾਲ ਵੇਖਣ ਲੱਗੇ। ਤੇ ਹੁਣ ਉਹਨਾਂ ਨੂੰ ਦੁਨੀਆਂ ਵਿਚ ਕੋਈ ਫਿਕਰ ਫਾਕਾ ਨਹੀਂ ਸੀ। ਇਕ ਦਿਨ ਲੰਘਿਆ, ਦੋ ਦਿਨ ਲੰਘੇ ਤੇ ਤਿੰਨ ਦਿਨ ਲੰਘੇ।

ਫੇਰ ਜ਼ਾਰ ਸ਼ਿਕਾਰ ਨੂੰ ਨਿਕਲਿਆ ਤੇ ਉਹਨੇ ਨੀਲੇ ਸਮੁੰਦਰ ਦੇ ਕੰਢੇ ਇਕ ਮਹਿਲ ਖੜਾ ਵੇਖਿਆ ਜਿਥੇ ਪਹਿਲਾਂ ਕੁਝ ਵੀ ਨਹੀਂ ਸੀ ਹੁੰਦਾ।

"ਕਿਹੜੇ ਲੁੱਚੇ ਨੇ ਮੇਰੀ ਆਗਿਆ ਬਿਨਾਂ ਇਹ ਮਹਿਲ ਖੜਾ ਕੀਤੈ?" ਉਸ ਨੇ ਕਿਹਾ।

ਉਹਨੇ ਦੂਤ ਭੇਜੇ ਜਿਨ੍ਹਾਂ ਨੇ ਵਾਪਸ ਆਕੇ ਦੱਸਿਆ ਕਿ ਤੀਰ-ਅੰਦਾਜ਼ ਆਂਦਰੇਈ ਨੇ ਇਹ ਮਹਿਲ ਬਣਾਇਆ ਹੈ ਅਤੇ ਆਪਣੀ ਜਵਾਨ ਵਹੁਟੀ, ਰਾਜਕੁਮਾਰੀ ਮਾਰੀਆ, ਨਾਲ ਇਸ ਵਿਚ ਰਹਿੰਦਾ ਹੈ।

ਜ਼ਾਰ ਨੂੰ ਗੁੱਸਾ ਚੜ੍ਹ ਗਿਆ। ਏਡੇ ਰੋਹ ਵਿਚ ਉਹ ਪਹਿਲਾਂ ਕਦੇ ਨਹੀਂ ਸੀ ਆਇਆ। ਉਸ ਨੇ ਆਪਣੇ ਦੂਤਾਂ ਨੂੰ ਇਹ ਪਤਾ ਕਰਨ ਭੇਜਿਆ ਕਿ ਆਂਦਰੇਈ '**ਮੈਨੂੰ ਨਹੀਂ ਪਤਾ ਕਿਥੇ**' ਗਿਆ ਸੀ ਅਤੇ '**ਮੈਨੂੰ ਨਹੀਂ ਪਤਾ ਕੀ**' ਲਿਆਇਆ ਸੀ ਜਾਂ ਨਹੀਂ।

ਦੂਤ ਭੱਜੇ ਗਏ, ਤੇ ਫੇਰ ਵਾਪਸ ਆਕੇ ਉਹਨਾਂ ਦਸਿਆ:

"ਹਾਂ, ਤੀਰ-ਅੰਦਾਜ਼ ਆਂਦਰੇਈ '**ਮੈਨੂੰ ਨਹੀਂ ਪਤਾ ਕਿਥੇ**' ਗਿਆ ਸੀ ਅਤੇ '**ਮੈਨੂੰ ਨਹੀਂ ਪਤਾ ਕੀ**' ਲਿਆਇਆ ਸੀ।"

ਇਸ ਗੱਲ ਨਾਲ ਜ਼ਾਰ ਦਾ ਗੁੱਸਾ ਸਿਖਰ ਤੇ ਪਹੁੰਚ ਗਿਆ। ਉਹਨੇ ਆਪਣੀਆਂ ਫੌਜਾਂ ਨੂੰ ਲਾਮਬੰਦ ਕੀਤਾ ਤੇ ਸਮੁੰਦਰ ਤੇ ਭੇਜਿਆ ਅਤੇ ਹੁਕਮ ਦਿੱਤਾ ਕਿ ਮਹਿਲ ਨੂੰ ਮਿੱਟੀ ਵਿਚ ਮਿਲਾ ਦਿੱਤਾ ਜਾਏ ਅਤੇ ਤੀਰ-ਅੰਦਾਜ਼ ਆਂਦਰੇਈ ਤੇ ਰਾਜਕੁਮਾਰੀ ਮਾਰੀਆ ਦਾ ਘਾਣ ਬੱਚਾ ਘਾਣ ਕਰ ਦਿੱਤਾ ਜਾਏ।

ਆਂਦਰੇਈ ਨੇ ਵੇਖਿਆ ਕਿ ਤਕੜੀ ਫੌਜ ਉਹਦੇ ਉਤੇ ਚੜ੍ਹੀ ਆ ਰਹੀ ਸੀ, ਸੋ ਉਹਨੇ ਆਪਣਾ ਕੁਹਾੜਾ ਕਢਿਆ ਤੇ ਇਸ ਨੂੰ ਦੱਸਤੇ ਤੇ ਚੜ੍ਹਾਇਆ। ਕੁਹਾੜੇ ਨੇ ਠੱਕ ਠੱਕ ਕੀਤੀ ਤੇ ਸਮੁੰਦਰ ਵਿਚ ਇਕ ਜਹਾਜ਼ ਖੜਾ ਸੀ; ਫੇਰ ਠੱਕ ਠੱਕ ਕੀਤੀ ਤੇ ਇਕ ਹੋਰ ਜਹਾਜ਼ ਬਣ ਗਿਆ। ਕੁਹਾੜੇ ਨੇ ਸੌ ਵਾਰੀ ਠੱਕ ਠੱਕ ਕੀਤੀ ਤੇ ਨੀਲੇ ਸਮੁੰਦਰ ਵਿਚ ਸੌ ਜਹਾਜ਼ ਤਰਨ ਲੱਗੇ।

ਆਂਦਰੇਈ ਨੇ ਆਪਣਾ ਅਲਗੋਜ਼ਾ ਕਢਿਆ ਤੇ ਇਸ ਵਿਚ ਫੂਕ ਮਾਰੀ—ਤੇ ਇਕ ਫੌਜ ਖੜੀ ਹੋ ਗਈ, ਰਸਾਲੇ ਤੇ ਪਿਆਦੇ, ਜਿਨ੍ਹਾਂ ਕੋਲ ਰਫਲਾਂ ਤੇ ਤੋਪਾਂ ਸਨ ਤੇ ਲਹਿਰਾਉਂਦੇ ਝੰਡੇ ਸਨ।

ਸਿਪਾਹ ਸਲਾਰ ਘੋੜੇ ਚੜ੍ਹੇ ਉਹਦੇ ਹੁਕਮ ਦੀ ਉਡੀਕ ਵਿਚ ਸਨ। ਆਂਦਰੇਈ ਨੇ ਉਹਨਾਂ ਨੂੰ ਲੜਾਈ ਸ਼ੁਰੂ ਕਰਨ ਦਾ ਹੁਕਮ ਦਿੱਤਾ। ਬੈਂਡ ਵਜਣੇ ਸ਼ੁਰੂ ਹੋਏ, ਨਗਾਰੇ ਖੜਕੇ ਤੇ ਫੌਜਾਂ ਨੇ ਕੂਚ ਕਰ ਦਿੱਤਾ। ਪਿਆਦਾ ਜਵਾਨਾਂ ਨੇ ਜ਼ਾਰ ਦੀ ਫੌਜ ਦੀਆਂ ਸਫ਼ਾਂ ਤੋੜ ਦਿੱਤੀਆਂ, ਤੇ ਘੋੜਸਵਾਰਾਂ ਨੇ ਕਈਆਂ ਨੂੰ ਕੈਦੀ ਬਣਾ ਲਿਆ। ਅਤੇ ਸੌ ਜਹਾਜ਼ਾਂ ਦੇ ਬੇੜੇ ਨੇ ਆਪਣੀਆਂ ਤੋਪਾਂ ਦੇ ਮੂੰਹਾਂ ਨੂੰ ਜ਼ਾਰ ਦੇ ਸ਼ਹਿਰ ਵੱਲ ਮੋੜ ਦਿੱਤਾ।

ਜਦੋਂ ਜ਼ਾਰ ਨੇ ਆਪਣੀਆਂ ਫੌਜਾਂ ਨੂੰ ਭੱਜਦਿਆਂ ਵੇਖਿਆ, ਉਹ ਉਹਨਾਂ ਨੂੰ ਰੋਕਣ ਲਈ ਵਾਹੋਦਾਹੀ ਅੱਗੇ ਵਧਿਆ। ਇਹ ਵੇਖਕੇ ਆਂਦਰੇਈ ਨੇ ਆਪਣਾ ਡੰਡਾ ਕੱਢ ਲਿਆ।

"ਚਲ ਫੇਰ, ਡੰਡਿਆ, ਜ਼ਾਰ ਦੀਆਂ ਹੱਡੀਆਂ ਤੋੜ!"

ਅਤੇ ਡੰਡਾ ਟਪਦਾ ਭੁੜਕਦਾ ਮੈਦਾਨ ਦੇ ਦੂਜੇ ਪਾਸੇ ਗਿਆ। ਉਹ ਜ਼ਾਰ ਨੂੰ ਜਾ ਮਿਲਿਆ ਤੇ ਠਾਹ ਕਰਕੇ ਉਹਦੇ ਮੱਥੇ ਵਿਚ ਵੱਜਾ ਤੇ ਉਹ ਮਿਟੀ ਵਾਂਗ ਢੇਰੀ ਹੋ ਗਿਆ।

ਤੇ ਇਹਦੇ ਨਾਲ ਹੀ ਲੜਾਈ ਖ਼ਤਮ ਹੋ ਗਈ। ਲੋਕ ਸ਼ਹਿਰੋਂ ਭੱਜੇ ਬਾਹਰ ਆਏ ਤੇ ਤੀਰ-ਅੰਦਾਜ਼ ਆਂਦਰੇਈ ਦੇ ਤਰਲੇ ਕਰਨ ਲੱਗੇ ਕਿ ਉਹ ਜ਼ਾਰ ਬਣ ਜਾਏ।

ਆਂਦਰੇਈ ਮੰਨ ਗਿਆ। ਉਹਨੇ ਇਕ ਸ਼ਾਨਦਾਰ ਦਾਅਵਤ ਦਿੱਤੀ, ਅਤੇ ਰਾਜਕੁਮਾਰੀ ਮਾਰੀਆ ਦੇ ਨਾਲ ਉਹਨੇ ਆਪਣੇ ਆਖ਼ਰੀ ਦਮਾਂ ਤੱਕ ਜ਼ਾਰਸ਼ਾਹੀ ਤੇ ਹਕੂਮਤ ਕੀਤੀ।

ਛੋਟਾ ਇਵਾਨ ਹੁਸ਼ਿਆਰ ਜਵਾਨ

ਇਕ ਵਾਰ ਦੀ ਗੱਲ ਹੈ, ਇਕ ਬੁੱਢਾ ਤੇ ਉਹਦੀ ਵਹੁਟੀ ਰਹਿੰਦੇ ਸਨ। ਬੁੱਢਾ ਸ਼ਿਕਾਰ ਮਾਰ ਲਿਆਉਂਦਾ ਜਾਂ ਕੋਈ ਜੰਗਲੀ ਪੰਛੀ ਮਾਰ ਲਿਆਉਂਦਾ, ਅਤੇ ਏਨੇ ਨਾਲ ਹੀ ਉਹਨਾਂ ਨੂੰ ਆਪਣਾ ਡੰਗ ਟਪਾਉਣਾ ਪੈਂਦਾ। ਕਈ ਵਰ੍ਹੇ ਬੀਤ ਗਏ ਸਨ ਪਰ ਉਹਨਾਂ ਕੋਲ ਕਦੇ ਕੋਈ ਧਨ ਦੌਲਤ ਨਹੀਂ ਜੀ ਹੋਈ। ਬੁੱਢੀ ਨੂੰ ਇਸ ਗੱਲ ਦਾ ਬੜਾ ਅਫ਼ਸੋਸ ਤੇ ਝੋਰਾ ਸੀ।

"ਕੇਹੇ ਚੰਦਰੇ ਦਿਨ ਗੁਜ਼ਾਰੇ ਨੇ ਅਸਾਂ—ਨਾ ਕਦੇ ਚੰਗਾ ਚੋਖਾ ਖਾਣ ਪੀਣ ਨੂੰ ਜੁੜਿਆ, ਨਾ ਕਦੇ ਸੁਹਣਾ ਪਾਉਣ ਹੰਢਾਉਣ ਨੂੰ। ਤੇ ਕੋਈ ਆਲ ਔਲਾਦ ਵੀ ਨਾ ਹੋਈ ਜਿਹੜੀ ਬੁਢਾਪੇ ਦੀ ਡੰਗੋਰੀ ਬਣਦੀ।"

"ਦਿਲ 'ਤੇ ਨਾ ਲਾ ਕਿਸੇ ਗੱਲ ਨੂੰ, ਭਲੀਏ ਲੋਕੇ," ਬੁੱਢੇ ਨੇ ਉਹਨੂੰ ਹੌਸਲਾ ਦਿੱਤਾ। "ਜਿੰਨਾ ਚਿਰ ਮੇਰੇ ਹੱਥ ਪੈਰ ਕ਼ੈਮ ਨੇ, ਕਿਵੇਂ ਨਾ ਕਿਵੇਂ ਢਿਡ ਭਰਨ ਨੂੰ ਕੁਝ ਜੁੜਦਾ ਹੀ ਰਹੂ ਆਪਾਂ ਨੂੰ। ਤੇ ਭਲਕ ਦਾ ਕਿਸੇ ਨੂੰ ਕੀ ਪਤਾ ਏ।"

ਏਨੀ ਗੱਲ ਆਖੀ ਤੇ ਉਹ ਬਾਹਰ ਸ਼ਿਕਾਰ ਨੂੰ ਚਲਾ ਗਿਆ।

ਓਸ ਦਿਹਾੜੀ ਸਵੇਰ ਤੋਂ ਲੈਕੇ ਤ੍ਰਿਕਾਲਾਂ ਤੱਕ ਉਹ ਬੁੱਢਾ ਜੰਗਲ ਵਿਚ ਤੁਰਦਾ ਗਿਆ, ਤੁਰਦਾ ਗਿਆ, ਪਰ ਨਾ ਉਹਨੂੰ ਕੋਈ ਪਰਿੰਦਾ ਦਿਸਿਆ ਨਾ ਕੋਈ ਜਨੌਰ ਜਿਸ ਦਾ ਉਹ ਸ਼ਿਕਾਰ ਕਰਦਾ। ਖਾਲੀ ਹੱਥੀਂ ਘਰ ਮੁੜਨ ਨੂੰ ਉਹਦਾ ਜੀਅ ਨਹੀਂ ਸੀ ਕਰਦਾ, ਪਰ ਉਹ ਕਰ ਵੀ ਕੀ ਸਕਦਾ ਸੀ? ਸੂਰਜ ਅਸਤ ਹੋਣ ਵਾਲਾ ਸੀ ਤੇ ਘਰ ਮੁੜਨ ਦਾ ਵੇਲਾ ਹੋ ਗਿਆ ਸੀ।

ਅਜੇ ਉਹਨੇ ਘਰ ਵੱਲ ਨੂੰ ਮੂੰਹ ਮੋੜਿਆ ਹੀ ਸੀ ਕਿ ਉਸ ਨੂੰ ਖੰਭਾਂ ਦੀ ਫੜ ਫੜ ਸੁਣਾਈ ਦਿੱਤੀ ਤੇ ਲਾਗਿਓਂ ਹੀ ਇਕ ਝਾੜੀ ਵਿਚੋਂ ਅਚਰਜ ਸੁਹਣਾ ਪੰਛੀ ਉਡ ਗਿਆ।

ਜਿੰਨੇ ਚਿਰ ਨੂੰ ਉਹਨੇ ਨਿਸ਼ਾਨਾ ਬੰਨ੍ਹਿਆ, ਪੰਛੀ ਕਿਧਰੇ ਗਾਇਬ ਹੋ ਗਿਆ ਸੀ।

"ਕਿਸਮਤ ਮਾੜੀ," ਬੁੱਢੇ ਨੇ ਇਕ ਲੰਮਾ ਸਾਹ ਲਿਆ। ਉਸ ਨੇ ਓਸ ਝਾੜੀ ਹੇਠ ਝਾਤ ਮਾਰੀ ਜਿਥੋਂ ਉਹ ਪੰਛੀ ਉਡ ਕੇ ਗਿਆ ਸੀ, ਤੇ ਓਥੇ ਇਕ ਆਲ੍ਹਣੇ ਵਿਚ ਤੇਤੀ ਆਂਡੇ ਪਏ ਸਨ।

"ਕੁਝ ਨਾ ਹੋਣ ਨਾਲੋਂ ਤਾਂ ਚੰਗਾ ਈ ਐ," ਉਸ ਨੇ ਸੋਚਿਆ, ਤੇ ਉਸ ਨੇ ਆਪਣੇ ਕਮਰਕੱਸੇ ਨੂੰ ਘੁਟ ਕੇ ਬੰਨ੍ਹਿਆ ਤੇ ਤੇਤੀ ਦੇ ਤੇਤੀ ਆਂਡੇ ਆਪਣੇ ਕਾਫਤਾਨ ਦੇ ਅੰਦਰਵਾਰ ਤਿਲਕਾ ਲਏ। ਤੇ ਫੇਰ ਉਹ ਘਰ ਨੂੰ ਤੁਰ ਪਿਆ।

ਉਹ ਤੁਰਦਾ ਗਿਆ, ਤੁਰਦਾ ਗਿਆ ਤੇ ਅਖੀਰ ਉਹਦਾ ਕਮਰਕੱਸਾ ਢਿੱਲਾ ਹੋ ਗਿਆ ਤੇ ਆਂਡੇ ਇਕ ਇਕ ਕਰਕੇ ਡਿਗਣ ਲਗ ਪਏ।

ਇਕ ਆਂਡਾ ਹੇਠਾਂ ਡਿੱਗਾ ਤੇ ਉਹਦੇ ਵਿਚੋਂ ਇਕ ਗਭਰੂ ਭੁੜਕ ਕੇ ਬਾਹਰ ਆ ਗਿਆ, ਫੇਰ ਇਕ ਹੋਰ ਆਂਡਾ ਡਿੱਗਾ ਤੇ ਇਕ ਹੋਰ ਗਭਰੂ ਭੁੜਕ ਕੇ ਬਾਹਰ ਆ ਗਿਆ। ਤੇ ਇਸ ਤਰ੍ਹਾਂ ਬੱਤੀ ਆਂਡੇ ਡਿੱਗ ਪਏ ਤੇ ਉਹਨਾਂ ਵਿਚੋਂ ਬੱਤੀ ਗਭਰੂ ਭੁੜਕ ਕੇ ਬਾਹਰ ਆ ਗਏ।

ਪਰ ਏਨੇ ਨੂੰ ਬੁੱਢੇ ਨੇ ਆਪਣੇ ਕਮਰਕੱਸੇ ਨੂੰ ਘੁਟ ਕੇ ਬੰਨ੍ਹ ਲਿਆ, ਤੇ ਇਕ ਆਂਡਾ—ਤੇਤੀਵਾਂ—ਅੰਦਰ ਹੀ ਟਿਕਿਆ ਰਹਿ ਗਿਆ। ਬੁੱਢੇ ਨੇ ਪਿਛੇ ਭੌਂ ਕੇ ਵੇਖਿਆ, ਤੇ ਉਹਨੂੰ ਆਪਣੀਆਂ ਅੱਖਾਂ ਤੇ ਯਕੀਨ ਨਾ ਆਵੇ: ਬੱਤੀ ਬਾਂਕੇ ਗਭਰੂ ਉਹਦੀਆਂ ਪੈੜਾਂ ਤੇ ਤੁਰੇ ਆ ਰਹੇ ਸਨ। ਸਾਰੇ ਦੇ ਸਾਰੇ ਇਕੋ ਜਿਹੇ, ਵਾਲ ਭਰ ਵੀ ਫਰਕ ਨਹੀਂ। ਤੇ ਉਹ ਸੱਭੇ ਇਕ ਆਵਾਜ਼ ਹੋਕੇ ਬੋਲੇ:

"ਕਿਉਂਕਿ ਅਸੀਂ ਤੇਰੇ ਹੱਥ ਆ ਗਏ ਆਂ, ਇਸ ਕਰਕੇ ਤੂੰ ਸਾਡਾ ਪਿਓ ਹੋਇਆ ਤੇ ਅਸੀਂ ਤੇਰੇ ਪੁੱਤ। ਹੁਣ ਸਾਨੂੰ ਘਰ ਲੈ ਚਲ।"

"ਕੇਡਾ ਭਾਗਾਂ ਵਾਲਾ ਦਿਹਾੜੈ ਮੇਰੇ ਤੇ ਮੇਰੀ ਵਹੁਟੀ ਲਈ!" ਬੁਢੇ ਨੇ ਸੋਚਿਆ। "ਐਨੇ ਵਰ੍ਹਿਆਂ ਵਿਚ ਇਕ ਵੀ ਨਿਆਣਾ ਨਹੀਂ ਤੇ ਹੁਣ—ਬੱਤੀ ਪੁਤ 'ਕੱਠੇ ਹੀ।"

ਉਹ ਘਰ ਆ ਗਏ ਤੇ ਬੁਢੇ ਨੇ ਆਖਿਆ:

"ਭਲੀਏ ਲੋਕੇ, ਸਾਰੀ ਉਮਰ ਨਿਆਣਿਆਂ ਨੂੰ ਸਹਿਕਦੀ ਹੌਕੇ ਨਹੀਂ ਲੈਂਦੀ ਰਹੀ? ਲੈ,

ਮੈਂ ਤੈਨੂੰ ਬੱਤੀ ਪੁਤ ਲਿਆ ਦਿੱਤੇ ਈ, ਸਾਰੇ ਬਾਂਕੇ ਗਭਰੂ। ਲੈ ਹੁਣ ਇਹਨਾਂ ਮੁੰਡਿਆਂ ਨੂੰ ਰੋਟੀ ਪਾਣੀ ਦੇਆ।

ਤੇ ਉਹਨੇ ਆਪਣੀ ਵਹੁਟੀ ਨੂੰ ਦੱਸਿਆ ਕਿ ਇਹ ਮੁੰਡੇ ਉਸ ਨੂੰ ਕਿਵੇਂ ਲਭੇ ਸਨ।

ਬੁਢੀ ਜਿਥੇ ਖੜੀ ਸੀ, ਖੜੀ ਰਹਿ ਗਈ ਤੇ ਉਹਦੇ ਮੂਹੋਂ ਇਕ ਵੀ ਬੋਲ ਨਾ ਨਿਕਲਿਆ। ਕੁਝ ਚਿਰ ਤਾਂ ਉਹ ਇਸ ਤਰ੍ਹਾਂ ਖਲੋਤੀ ਰਹੀ, ਪਰ ਫੇਰ ਉਸ ਨੇ ਇਕ ਲੰਮਾ ਸਾਹ ਲਿਆ ਤੇ ਦਵੜਾ ਦਵੜੀ ਵਿਚ ਮੇਜ਼ ਲਾਉਣ ਉਡ ਗਈ। ਏਨੇ ਨੂੰ ਬੁਢੇ ਨੇ ਕਾਫਤਾਨ ਲਾਹੁਣ ਲਈ ਆਪਣਾ ਕਮਰਕੱਸਾ ਖੋਹਲਿਆ, ਤੇ ਤੇਤੀਵਾਂ ਆਂਡਾ ਹੇਠਾਂ ਡਿਗ ਪਿਆ, ਤੇ ਤੇਤੀਵਾਂ ਗਭਰੂ ਇਹਦੇ ਵਿਚੋਂ ਕੁਦਕ ਕੇ ਬਾਹਰ ਆ ਗਿਆ।

"ਕਿਉਂ, ਤੂੰ ਕਿਥੋਂ ਆ ਗਿਐਂ?"

"ਮੈਂ ਛੋਟਾ ਇਵਾਨ ਆਂ, ਤੇਰਾ ਸਭ ਤੋਂ ਨਿੱਕਾ ਪੁਤ।"

ਤੇ ਫੇਰ ਬੁੱਢੇ ਨੂੰ ਚੇਤਾ ਆਇਆ ਕਿ ਅਸਲ ਵਿਚ ਆਲ੍ਹਣੇ ਵਿਚੋਂ ਉਸ ਨੂੰ ਤੇਤੀ ਆਂਡੇ ਲੱਭੇ ਸਨ।

"ਠੀਕ ਏ ਫੇਰ, ਛੋਟੇ ਇਵਾਨ, ਬਹਿ ਜਾ ਰੋਟੀ ਖਾ।" ਪਰ ਉਹ ਤੇਤੀ ਗਭਰੂ ਅਜੇ ਮਸਾਂ ਬੈਠੇ ਹੀ ਸਨ ਕਿ ਉਹਨਾਂ ਜੋ ਕੁਝ ਬੁੱਢੀ ਨੇ ਰਖਿਆ ਸੀ ਚਟਮ ਕਰ ਲਿਆ। ਤੇ ਤਾਂ ਵੀ ਜਦੋਂ ਉਹ ਮੇਜ਼ ਦੁਆਲਿਓਂ ਉੱਠੇ ਨਾ ਉਹ ਭੁੱਖੇ ਸਨ ਨਾ ਰੱਜੇ ਹੋਏ।

ਰਾਤ ਲੰਘੀ। ਅਗਲੇ ਦਿਨ ਸਵੇਰੇ ਛੋਟੇ ਇਵਾਨ ਨੇ ਆਖਿਆ:

"ਤੂੰ ਆਪਣੇ ਪੁਤ ਤਾਂ ਲਭ ਲਏ, ਬਾਪੂ ਹੁਣ ਸਾਨੂੰ ਕੋਈ ਕੰਮ ਦੇ ਕਰਨ ਨੂੰ।"

"ਮੈਂ ਤੁਹਾਨੂੰ ਕੀ ਕੰਮ ਦੇ ਸਕਦਾ ਆਂ, ਜਵਾਨੋ? ਮੇਰੀ ਬੁਢੜੀ ਤੇ ਮੈਂ, ਅਸਾਂ ਆਪਣੀ ਜ਼ਿੰਦਗੀ ਵਿਚ ਨਾ ਕਦੇ ਵਾਹਿਆ ਨਾ ਬੀਜਿਆ, ਤੇ ਨਾ ਅਸੀਂ ਕਦੇ ਕੋਈ ਘੋੜਾ ਰਖਿਆ ਨਾ ਹਲ।"

"ਖੈਰ, ਜੇ ਨਹੀਂ ਏ ਤਾਂ ਨਹੀਂ ਏ, ਕੀ ਕੀਤਾ ਜਾ ਸਕਦੈ," ਛੋਟੇ ਇਵਾਨ ਨੇ ਆਖਿਆ। "ਸਾਨੂੰ ਕੰਮ ਲਭਣ ਲਈ ਦੂਜੇ ਲੋਕਾਂ ਕੋਲ ਜਾਣਾ ਪਊ। ਹੁਣ ਤੂੰ ਲੁਹਾਰ ਕੋਲ ਜਾ ਬਾਪੂ, ਤੇ ਸਾਨੂੰ ਤੇਤੀ ਦਾਤਰੀਆਂ ਬਣਵਾ ਕੇ ਲਿਆ ਦੇ।"

ਓਧਰ ਬੁਢਾ ਪਹਾਰੇ ਵਿਚ ਗਿਆ ਤੇ ਦਾਤਰੀਆਂ ਬਣਵਾਈਆਂ, ਏਧਰ ਛੋਟੇ ਇਵਾਨ ਤੇ ਉਹਦੇ ਭਰਾਵਾਂ ਨੇ ਦਾਤਰੀਆਂ ਦੇ ਤੇਤੀ ਦਸਤੇ ਅਤੇ ਤੇਤੀ ਤੰਗਲੀਆਂ ਬਣਾ ਲਈਆਂ।

ਜਦੋਂ ਪਿਓ ਪਹਾਰੇ ਤੋਂ ਮੁੜਿਆ ਤਾਂ ਛੋਟੇ ਇਵਾਨ ਨੇ ਸੰਦ ਠੋਕੇ ਬਣਾਏ ਤੇ ਆਖਿਆ:

"ਆਓ, ਭਰਾਓ, ਆਪਾਂ ਕੰਮ ਲਭੀਏ ਤੇ ਪੈਸਾ ਕਮਾ ਕੇ ਆਪਣੇ ਪੈਰਾਂ ਤੇ ਖਲੋਈਏ ਤੇ ਬੁਢੇ ਮਾਂ ਪਿਓ ਦੀ ਸੇਵਾ ਕਰੀਏ।"

ਇਸ ਪਿਛੋਂ ਭਰਾਵਾਂ ਨੇ ਆਪਣੇ ਮਾਂ ਪਿਓ ਨੂੰ ਅਲਵਿਦਾ ਆਖੀ ਅਤੇ ਆਪਣੇ ਰਾਹੇ ਪੈ ਗਏ।

ਪਤਾ ਨਹੀਂ ਉਹ ਕਿੰਨਾ ਕੁ ਚਿਰ ਤੁਰਦੇ ਰਹੇ, ਪਰ ਅਖੀਰ ਉਹਨਾਂ ਨੂੰ ਇਕ ਵੱਡਾ ਸਾਰਾ ਸ਼ਹਿਰ ਵਿਖਾਈ ਦਿੱਤਾ। ਤੇ ਉਸ ਸ਼ਹਿਰ ਦੇ ਬਾਹਰ ਜ਼ਾਰ ਦਾ ਮੁਖਤਾਰ ਘੋੜੇ ਚੜ੍ਹਿਆ ਜਾਂਦਾ ਸੀ। ਉਹ ਉਹਨਾਂ ਦੇ ਕੋਲ ਆਇਆ ਤੇ ਆਖਣ ਲਗਾ :

"ਓਏ, ਜਵਾਨੋ, ਕਿਧਰ ਤੁਰੇ ਜਾਂਦੇ ਓ? ਕੰਮ ਲਭਣ ਚਲੇ ਓ ਕਿ ਕੰਮ ਤੋਂ ਆਏ ਜੇ? ਜੇ ਕੰਮ ਲਭਣ ਚੱਲੇ ਓ ਤਾਂ ਆਓ ਮੇਰੇ ਮਗਰ, ਮੈਂ ਦੇਂਦਾ ਆਂ ਕੰਮ ਤੁਹਾਨੂੰ।"

"ਤੇ ਕੀ ਕੰਮ ਦੇਵੇਂਗਾ ਤੂੰ ਸਾਨੂੰ ਭਲਾ?" ਛੋਟੇ ਇਵਾਨ ਨੇ ਪੁਛਿਆ।

"ਕੋਈ ਬਹੁਤਾ ਔਖਾ ਨਹੀਂ," ਮੁਖਤਾਰ ਨੇ ਜਵਾਬ ਦਿੱਤਾ। "ਜ਼ਾਰ ਦੀਆਂ ਰਾਖਵੀਆਂ ਚਰਾਂਦਾਂ ਵਿਚੋਂ ਘਾਹ ਖੋਤਣਾ ਏ, ਘਾਹ ਨੂੰ ਸੁਕਾਉਣਾ ਤੇ ਭਰੀਆਂ ਬੰਨ੍ਹਣੀਆਂ ਤੇ ਮੂਸਲ ਬਣਾਉਣੇ ਨੇ। ਤੁਹਾਡਾ ਮੁਖੀਆ ਕਿਹੜਾ ਏ?"

ਕਿਸੇ ਨੇ ਕੋਈ ਜਵਾਬ ਨਾ ਦਿੱਤਾ, ਇਸ ਕਰਕੇ ਛੋਟੇ ਇਵਾਨ ਨੇ ਇਕ ਕਦਮ ਅੱਗੇ ਵਧ ਕੇ ਆਖਿਆ : "ਲੈ ਚਲ ਸਾਨੂੰ ਓਥੇ ਤੇ ਵਿਖਾ ਕੰਮ।"

ਸੋ ਮੁਖਤਾਰ ਉਹਨਾਂ ਨੂੰ ਜ਼ਾਰ ਦੀਆਂ ਰਾਖਵੀਆਂ ਚਰਾਂਦਾਂ ਵਿਚ ਲੈ ਆਇਆ।

"ਤਿੰਨ ਸਾਤੇ ਬੜੇ ਹੋਣਗੇ ਤੁਹਾਨੂੰ?" ਉਸ ਨੇ ਪੁਛਿਆ।

"ਜੇ ਮੌਸਮ ਠੀਕ ਰਿਹਾ ਤਾਂ ਤਿੰਨ ਦਿਨ ਹੀ ਬਹੁਤ ਨੇ," ਛੋਟੇ ਇਵਾਨ ਨੇ ਜਵਾਬ ਦਿੱਤਾ।

ਇਹ ਸੁਣਕੇ ਜ਼ਾਰ ਦਾ ਮੁਖਤਾਰ ਖਿੜ ਗਿਆ।

"ਤਾਂ ਫੇਰ ਲਗ ਜਾਓ, ਮੇਰੇ ਗਭਰੂਓ," ਉਸ ਨੇ ਆਖਿਆ, "ਤੇ ਖਾਣ ਪੀਣ ਦੀ ਜਾਂ ਅਦੈਗੀ ਦੀ ਚਿੰਤਾ ਨਾ ਕਰਿਓ। ਜੋ ਕੁਝ ਤੁਹਾਨੂੰ ਚਾਹੀਦਾ ਏ, ਤੁਹਾਨੂੰ ਮਿਲ ਜਾਏਗਾ।"

ਛੋਟੇ ਇਵਾਨ ਨੇ ਆਖਿਆ :

"ਸਿਰਫ ਤੇਤੀ ਬੌਲਦ ਭੁੰਨ ਦਿਓ ਤੇ ਤੇਤੀ ਮੱਟ ਸ਼ਰਾਬ ਦੇ ਲਿਆ ਦਿਓ ਤੇ ਹਰ ਇਕ ਨੂੰ ਇਕ ਇਕ ਕਾਲਾਚ* ਦੇ ਦਿਓ। ਹੋਰ ਸਾਨੂੰ ਕਿਸੇ ਚੀਜ਼ ਦੀ ਲੋੜ ਨਹੀਂ।"

ਤੇ ਜ਼ਾਰ ਦਾ ਮੁਖਤਾਰ ਘੋੜੇ ਬਹਿ ਕੇ ਮੁੜ ਗਿਆ। ਭਰਾਵਾਂ ਨੇ ਆਪਣੀਆਂ ਦਾਤਰੀਆਂ ਤੇਜ਼ ਕੀਤੀਆਂ ਤੇ ਉਹਨਾਂ ਨੂੰ ਇਉਂ ਜੀਅ ਲਾਕੇ ਵਾਹਿਆ ਕਿ ਉਹ ਟੁਣਕਣ ਲੱਗੀਆਂ। ਕੰਮ ਬੜੀ ਫੁਰਤੀ ਨਾਲ ਹੋਣ ਲਗਾ ਤੇ ਤ੍ਰਿਕਾਲਾਂ ਤਾਈਂ ਸਾਰਾ ਘਾਹ ਖੋਤਿਆ ਗਿਆ। ਓਧਰ ਜ਼ਾਰ ਦੇ ਰਸੋਈ ਘਰ ਵਿਚੋਂ ਉਹਨਾਂ ਦਾ ਖਾਣਾ ਆ ਗਿਆ : ਤੇਤੀ ਭੁੰਨੇ ਹੋਏ ਬੌਲਦ, ਤੇਤੀ ਮੱਟ ਸ਼ਰਾਬ ਤੇ ਸਾਰਿਆਂ ਲਈ ਇਕ ਇਕ ਕਾਲਾਚ। ਉਹਨਾਂ ਨੇ ਅੱਧਾ ਅੱਧਾ ਬੌਲਦ ਖਾ ਲਿਆ, ਅੱਧਾ ਅੱਧਾ ਮੱਟ ਸ਼ਰਾਬ ਪੀ ਲਈ ਤੇ ਅੱਧਾ ਅੱਧਾ ਕਾਲਾਚ ਖਾ ਲਿਆ, ਤੇ ਫੇਰ ਉਹ ਸੌਣ ਲਈ ਲੰਮੇ ਪੈ ਗਏ।

---

* ਕਣਕ ਦੇ ਆਟੇ ਦੀ ਖਾਸ ਰੋਟੀ ਜੋ ਬਹੁਤ ਸਵਾਦ ਹੁੰਦੀ ਹੈ।—**ਅਨੁ :**

ਅਗਲੇ ਦਿਨ ਜਦੋਂ ਧੁਪ ਚਮਕੀ, ਤਾਂ ਭਰਾਵਾਂ ਨੇ ਘਾਹ ਸੁਕਾਇਆ, ਭਰੀਆਂ ਬੰਨ੍ਹੀਆਂ ਤੇ ਤ੍ਰਿਕਾਲਾਂ ਤਾਈਂ ਸਾਰੇ ਮੂਸਲ ਬਣਾ ਦਿੱਤੇ। ਅਤੇ ਇਕ ਵਾਰ ਫੇਰ ਉਹਨਾਂ ਨੇ ਅੱਧੇ ਅੱਧੇ ਕਾਲਾਚ ਨਾਲ ਅੱਧਾ ਅੱਧਾ ਬੌਲਦ ਖਾਧਾ ਤੇ ਅੱਧਾ ਅੱਧਾ ਮੱਟ ਸ਼ਰਾਬ ਪੀ ਲਈ। ਫੇਰ ਛੋਟੇ ਇਵਾਨ ਨੇ ਆਪਣੇ ਇਕ ਭਰਾ ਨੂੰ ਜ਼ਾਰ ਦੇ ਘਰ ਭੇਜਿਆ:

"ਉਹਨਾਂ ਨੂੰ ਆਖ ਆ ਕੇ ਕੰਮ ਵੇਖ ਲੈਣ।"

ਭਰਾ ਮੁਖ਼ਤਾਰ ਦੇ ਨਾਲ ਮੁੜ ਆਇਆ, ਤੇ ਝੱਟ ਕੁ ਮਗਰੋਂ ਜ਼ਾਰ ਵੀ ਆਪਣੀਆਂ ਰਾਖਵੀਆਂ ਦਰਾਂਦਾਂ ਵਿਚ ਆ ਗਿਆ। ਜ਼ਾਰ ਨੇ ਸਾਰੇ ਮੂਸਲ ਗਿਣੇ ਤੇ ਉਸ ਨੇ ਆਪਣੀਆਂ ਦਰਾਂਦਾਂ ਵਿਚ ਸਾਰੇ ਫੇਰਾ ਮਾਰਿਆ—ਘਾਹ ਦੀ ਇਕ ਤਿਣ ਵੀ ਕਿਤੇ ਖੜੀ ਨਹੀਂ ਸੀ ਰਹਿ ਗਈ।

"ਸੋ, ਜਵਾਨੋ," ਉਸ ਨੇ ਆਖਿਆ, "ਤੁਸੀਂ ਘਾਹ ਬੜੀ ਸੁਹਣੀ ਤਰ੍ਹਾਂ ਤੇ ਬੜੇ ਵੇਲੇ ਸਿਰ ਕੱਟ ਲਿਐ। ਏਹਦੇ ਲਈ ਮੈਂ ਤੁਹਾਨੂੰ ਸ਼ਾਬਾਸ਼ ਦੇਂਦਾ ਆਂ ਤੇ, ਨਾਲੇ ਇਕ ਸੌ ਰੂਬਲ ਤੇ ਚਾਲੀ ਮੱਟ ਸ਼ਰਾਬ ਦੇ। ਪਰ ਹੁਣ ਤੁਹਾਡੇ ਕਰਨ ਗੋਚਰਾ ਇਕ ਕੰਮ ਹੋਰ ਰਹਿ ਗਿਐ। ਇਸ ਘਾਹ ਦੀ ਰਾਖੀ ਬੜੀ ਜ਼ਰੂਰੀ ਏ। ਹਰ ਵਰ੍ਹੇ ਕੋਈ ਆਕੇ ਸਾਡਾ ਘਾਹ ਖਾ ਜਾਂਦਾ ਰਿਹੈ, ਅਤੇ ਅਸੀਂ ਉਸ ਚੋਰ ਦਾ ਖੁਰਾ ਤੱਕ ਨਹੀਂ ਲਭ ਸਕੇ।"

ਅਤੇ ਛੋਟੇ ਇਵਾਨ ਨੇ ਜਵਾਬ ਦਿੱਤਾ:

"ਹਜ਼ੂਰ, ਮੇਰੇ ਭਰਾਵਾਂ ਨੂੰ ਘਰ ਜਾਣ ਦਿਓ, ਤੇ ਮੈਂ 'ਕੱਲਾ ਹੀ ਘਾਹ ਦੀ ਰਾਖੀ ਕਰਾਂਗਾ।"

ਜ਼ਾਰ ਨੂੰ ਇਸ ਤੇ ਕੋਈ ਇਤਰਾਜ਼ ਨਹੀਂ ਸੀ, ਸੋ ਉਸ ਦੇ ਭਰਾ ਜ਼ਾਰ ਦੇ ਵਿਹੜੇ ਵਿਚ ਗਏ, ਆਪਣੇ ਪੈਸੇ ਲਏ ਅਤੇ ਰੱਜ ਕੇ ਸ਼ਰਾਬ ਪੀਤੀ ਤੇ ਰਾਤ ਦੀ ਰੋਟੀ ਖਾਧੀ। ਤੇ ਇਸ ਤੋਂ ਮਗਰੋਂ ਉਹ ਘਰ ਨੂੰ ਤੁਰ ਪਏ।

ਰਹੀ ਗੱਲ ਛੋਟੇ ਇਵਾਨ ਦੀ, ਉਹ ਜ਼ਾਰ ਦੀਆਂ ਰਾਖਵੀਆਂ ਚਰਾਂਦਾਂ ਨੂੰ ਮੁੜ ਗਿਆ। ਉਹ ਰਾਤਾਂ ਨੂੰ ਜਾਗਦਾ ਰਹਿੰਦਾ ਤੇ ਜ਼ਾਰ ਦੇ ਘਾਹ ਦੀ ਰਾਖੀ ਕਰਦਾ, ਤੇ ਦਿਨੇ ਉਹ ਰੱਜ ਕੇ ਖਾਂਦਾ ਪੀਂਦਾ ਤੇ ਜ਼ਾਰ ਦੇ ਰਸੋਈ ਘਰ ਵਿਚ ਹੀ ਆਰਾਮ ਕਰ ਲੈਂਦਾ।

ਦਿਨ ਬੀਤਦੇ ਗਏ, ਪਤਝੜ ਦੀ ਰੁੱਤ ਆ ਗਈ ਤੇ ਰਾਤਾਂ ਹਨੇਰੀਆਂ ਤੇ ਲੰਮੀਆਂ ਹੋ ਗਈਆਂ। ਇਕ ਦਿਨ ਤ੍ਰਿਕਾਲਾਂ ਨੂੰ ਛੋਟਾ ਇਵਾਨ ਇਕ ਮੂਸਲ ਦੇ ਉਤੇ ਚੜ੍ਹ ਗਿਆ, ਕਾਨਿਆਂ ਵਿਚ ਲੁਕਣ ਦੀ ਥਾਂ ਬਣਾਈ ਤੇ ਉਹਦੇ ਵਿਚ ਤਾੜੀ ਲਾਕੇ ਪੈ ਗਿਆ। ਜਦੋਂ ਅੱਧੀ ਰਾਤ ਹੋਈ ਤਾਂ ਅਚਨਚੇਤ ਦਿਨ ਵਰਗਾ ਚਾਨਣ ਹੋਇਆ। ਛੋਟੇ ਇਵਾਨ ਨੇ ਬਾਹਰ ਝਾਕਿਆ ਤੇ ਕੀ ਵੇਖਦਾ ਹੈ ਕਿ ਉਹਦੇ ਸਾਹਮਣੇ ਸੁਨਹਿਰੀ ਅਯਾਲ ਵਾਲੀ ਇਕ ਘੋੜੀ ਸੀ। ਉਹ ਸਮੁੰਦਰ ਵਿਚੋਂ ਕੁੱਦ ਕੇ ਨਿਕਲੀ ਸੀ ਤੇ ਸਿੱਧੀ ਉਹਦੇ ਮੂਸਲ ਵੱਲ ਦੌੜੀ ਆਈ ਸੀ। ਉਹਦੇ ਖੁਰਾਂ ਹੇਠ ਧਰਤੀ ਕੰਬ ਉੱਠੀ, ਉਹਦੀ

ਸੁਨਹਿਰੀ ਅਯਾਲ ਹਵਾ ਵਿਚ ਲਹਿਰ ਗਈ, ਉਹਦੀਆਂ ਨਾਸਾਂ ਵਿਚੋਂ ਅੱਗ ਦੀਆਂ ਲਾਟਾਂ ਉਠੀਆਂ, ਤੇ ਉਹਦੇ ਕੰਨਾਂ ਵਿਚੋਂ ਧੂਏਂ ਦੇ ਬੱਦਲ ਉਡ ਨਿਕਲੇ।

ਉਹ ਸਰਪਟ ਘਾਹ ਦੇ ਮੂਸਲ ਕੋਲ ਆਈ ਤੇ ਘਾਹ ਖਾਣ ਲੱਗ ਪਈ, ਅਤੇ ਚੌਕੀਦਾਰ ਛੋਟੇ ਇਵਾਨ ਨੇ ਮੌਕਾ ਤਾੜਿਆ ਤੇ ਉਹ ਪਲਾਕੀ ਮਾਰਕੇ ਉਹਦੇ ਉਤੇ ਚੜ੍ਹ ਬੈਠਾ। ਤੇ ਉਹਨੇ ਘੋੜੀ ਨੂੰ ਮੂਸਲ ਤੋਂ ਪਰੇ ਹਟਾਇਆ ਤੇ ਉਹ ਜ਼ਾਰ ਦੀਆਂ ਰਾਖਵੀਆਂ ਚਰਾਂਦਾਂ ਵਿਚੋਂ ਦੌੜ ਪਈ। ਪਰ ਛੋਟੇ ਇਵਾਨ ਨੇ ਆਪਣੇ ਖੱਬੇ ਹੱਥ ਨਾਲ ਉਹਦੀ ਅਯਾਲ ਨੂੰ ਫੜ ਰਖਿਆ ਤੇ ਸੱਜੇ ਹੱਥ ਵਿਚ ਚਮੜੇ ਦੀ ਇਕ ਚਾਬਕ ਘੁਟ ਕੇ ਫੜ ਲਈ। ਤੇ ਜਦੋਂ ਸੁਨਹਿਰੀ ਅਯਾਲ ਵਾਲੀ ਘੋੜੀ ਉਸ ਨੂੰ ਦਲਦਲਾਂ ਤੇ ਬੰਜਰਾਂ ਵਿਚੋਂ ਭਜਾਈ ਜਾਂਦੀ ਸੀ ਉਸ ਨੇ ਖੂਬ ਚਾਬਕਾਂ ਨਾਲ ਉਹਦੇ ਪਾਸੇ ਭੰਨੇ।

ਬੜਾ ਚਿਰ ਉਹ ਪੂਰੇ ਜ਼ੋਰ ਨਾਲ ਬੰਜਰਾਂ ਤੇ ਦਲਦਲਾਂ ਵਿਚ ਦੌੜਦੀ ਰਹੀ, ਪਰ ਅਖ਼ੀਰ ਉਹ ਇਕ ਖੁਭਣ ਵਿਚ ਜਾ ਵੜੀ ਤੇ ਖਲੋ ਗਈ। ਉਹ ਖਲੋ ਗਈ ਤੇ ਉਸ ਨੇ ਇਹ ਲਫਜ਼ ਆਖੇ :

"ਸੁਣ, ਛੋਟੇ ਇਵਾਨ, ਤੂੰ ਮੈਨੂੰ ਫੜ ਲੈਣ ਤੇ ਮੇਰੇ ਤੇ ਸਵਾਰੀ ਕਰਨ ਦਾ ਜਿਗਰਾ ਕੀਤਾ ਏ, ਤੇ ਤੂੰ ਮੈਨੂੰ ਸਿੱਧਾ ਲੈਣ ਦੀ ਵੀ ਦਲੇਰੀ ਵਿਖਾਈ ਏ। ਮੈਨੂੰ ਮਾਰ ਨਾ, ਹੁਣ ਹੋਰ ਨਾ ਮੈਨੂੰ ਦੁਖੀ ਕਰ, ਮੈਂ ਤੇਰੀ ਵਫਾਦਾਰ ਸੇਵਕ ਬਣਾਂਗੀ।"

ਸੋ ਉਹ ਘੋੜੀ ਨੂੰ ਜ਼ਾਰ ਦੇ ਵਿਹੜੇ ਵਿਚ ਲੈ ਆਇਆ ਤੇ ਉਹਨੂੰ ਅਸਤਬਲ ਵਿਚ ਡੱਕ ਦਿੱਤਾ, ਤੇ ਆਪ ਉਹ ਜ਼ਾਰ ਦੇ ਰਸੋਈ ਘਰ ਵਿਚ ਗਿਆ ਤੇ ਜਾ ਕੇ ਸੌਂ ਗਿਆ। ਅਗਲੇ ਦਿਨ ਉਹ ਜ਼ਾਰ ਕੋਲ ਗਿਆ ਤੇ ਆਖਿਆ :

"ਮੇਰੇ ਹਜ਼ੂਰ, ਮੈਂ ਪਤਾ ਲਾ ਲਿਐ ਕਿ ਤੁਹਾਡੀਆਂ ਰਾਖਵੀਆਂ ਚਰਾਂਦਾਂ ਵਿਚੋਂ ਘਾਹ ਕੌਣ ਚੁਰਾਉਂਦਾ ਸੀ। ਤੇ ਮੈਂ ਚੋਰ ਨੂੰ ਫੜ ਵੀ ਲਿਐ। ਆਓ, ਤੁਹਾਨੂੰ ਵਿਖਾਵਾਂ।"

ਜ਼ਾਰ ਨੇ ਸੁਨਹਿਰੀ ਅਯਾਲ ਵਾਲੀ ਘੋੜੀ ਵੇਖੀ ਤੇ ਉਹਦਾ ਦਿਲ ਬਾਗ਼ ਬਾਗ਼ ਹੋ ਗਿਆ।

"ਸੁਣ ਇਵਾਨ," ਉਹਨੇ ਆਖਿਆ, "ਭਾਵੇਂ ਤੈਨੂੰ ਛੋਟਾ ਆਖਦੇ ਨੇ, ਪਰ ਤੂੰ ਤਾਂ ਹੁਸ਼ਿਆਰ ਜਵਾਨ ਏਂ। ਵਫਾਦਾਰੀ ਨਾਲ ਖਿਦਮਤ ਕਰਨ ਬਦਲੇ, ਅੱਜ ਤੋਂ ਮੈਂ ਤੈਨੂੰ ਵੱਡਾ ਸਾਈਸ ਬਣਾਉਂਦਾ ਹਾਂ।"

ਅਤੇ ਉਸ ਦਿਨ ਤੋਂ ਹੀ ਉਹਦਾ ਨਾਂ ਪੈ ਗਿਆ, ਛੋਟਾ ਇਵਾਨ ਹੁਸ਼ਿਆਰ ਜਵਾਨ।

ਤੇ ਇਸ ਤਰ੍ਹਾਂ ਛੋਟੇ ਇਵਾਨ ਨੇ ਜ਼ਾਰ ਦੇ ਅਸਤਬਲਾਂ ਵਿਚ ਆਪਣਾ ਕੰਮ ਸੰਭਾਲ ਲਿਆ। ਤੇ ਉਸ ਨੇ ਰਾਤਾਂ ਝਾਗ ਕੇ ਜ਼ਾਰ ਦੇ ਘੋੜਿਆਂ ਦੀ ਸੇਵਾ ਸੰਭਾਲ ਕੀਤੀ। ਅਤੇ ਜ਼ਾਰ ਦੇ ਘੋੜੇ ਦਿਨੋ ਦਿਨ ਅਸੀਲ ਤੇ ਭਰਵੇਂ ਸਰੀਰ ਵਾਲੇ ਬਣਦੇ ਗਏ। ਉਹਨਾਂ ਦੀਆਂ ਚਮੜੀਆਂ ਰੇਸ਼ਮ ਵਾਂਗ ਕੂਲੀਆਂ ਬਣ ਗਈਆਂ ਤੇ ਉਹਨਾਂ ਦੀਆਂ ਅਯਾਲਾਂ ਤੇ ਪੂਛਾਂ ਨੂੰ ਜਿਵੇਂ ਸਦਾ ਹੀ ਕੰਘੀ ਕੀਤੀ ਹੋਈ ਹੋਵੇ—ਬਸ ਇਹਨਾਂ ਨੂੰ ਵੇਖਿਆਂ ਹੀ ਬਣਦਾ ਸੀ।

ਅਤੇ ਪ੍ਰਸੰਨ ਹੋਏ ਜ਼ਾਰ ਨੂੰ ਉਸ ਦੀ ਤਾਰੀਫ ਕਰਨ ਲਈ ਲਫਜ਼ ਨਹੀਂ ਲਭਦੇ ਸਨ।

"ਸ਼ਾਬਾਸ਼, ਛੋਟੇ ਇਵਾਨ ਹੁਸ਼ਿਆਰ ਜਵਾਨ! ਮੈਂ ਅਜਿਹਾ ਸ਼ਾਨਦਾਰ ਸਾਈਸ ਅਜੇ ਤੱਕ ਕੋਈ ਨਹੀਂ ਡਿੱਠਾ।"

ਪਰ ਅਸਤਬਲ ਵਿਚ ਕੰਮ ਕਰਦੇ ਪੁਰਾਣੇ ਬੰਦਿਆਂ ਨੂੰ ਉਹਦੇ ਨਾਲ ਈਰਖਾ ਹੋ ਗਈ:

"ਪੇਂਡੂ ਗੰਵਾਰ ਦਾ ਹੁਕਮ ਚਲਦੈ! ਜ਼ਾਰ ਦੇ ਅਸਤਬਲਾਂ ਦਾ ਵੱਡਾ ਸਾਈਸ ਭਾਰਾ!"

ਤੇ ਉਹ ਉਸ ਦੇ ਖਿਲਾਫ ਸਾਜ਼ਸ਼ਾਂ ਘੜਨ ਲਗ ਪਏ। ਪਰ ਛੋਟਾ ਇਵਾਨ ਆਪਣੇ ਕੰਮ ਲਗਾ ਰਹਿੰਦਾ ਤੇ ਉਸ ਨੂੰ ਕੋਈ ਡਰ ਖਤਰਾ ਮਹਿਸੂਸ ਨਹੀਂ ਸੀ ਹੁੰਦਾ।

ਉਸ ਵੇਲੇ ਇਕ ਸ਼ਰਾਬੀ ਪੁਲਸੀਆ ਫਿਰਦਾ ਫਰਾਉਂਦਾ ਜ਼ਾਰ ਦੇ ਅਸਤਬਲ ਦੇ ਹਾਤੇ ਵਿਚ ਆ ਵੜਿਆ।

"ਛਿਟ ਕੁ ਪਿਆਓ ਖਾਂ, ਜਵਾਨੋਂ, ਸਹੁਰਾ ਰਾਤ ਦਾ ਸਿਰ ਦੁਖੀ ਜਾਂਦੈ। ਘੁਟ ਲਿਆ ਦਿਓ ਤਾਂ ਮੈਂ ਤੁਹਾਨੂੰ ਇਸ ਵੱਡੇ ਸਾਈਸ ਨੂੰ ਗਲੋਂ ਲਾਹੁਣ ਦਾ ਸੌਖਾ ਰਾਹ ਸਮਝਾ ਦਊਂ।"

ਤੇ ਅਸਤਬਲ ਦੇ ਕਾਮਿਆਂ ਨੇ ਖੁਸ਼ੀ ਖੁਸ਼ੀ ਉਹਦੀ ਸੇਵਾ ਕੀਤੀ।

ਪੁਲਸੀਏ ਨੇ ਗਲਾਸ ਖਾਲੀ ਕੀਤਾ ਤੇ ਆਖਿਆ:

"ਆਪੇ–ਵਜਦੀ ਗੁਸਲੀ*, ਨਚਣ ਵਾਲੇ ਹੰਸ ਤੇ ਗਾਉਣ ਵਾਲੀ ਬਿੱਲੀ ਨੂੰ ਹਾਸਲ ਕਰਨ ਲਈ ਸਾਡੇ ਜ਼ਾਰ ਦੀ ਜਾਨ ਨਿਕਲ ਰਹੀ ਏ। ਕਿੰਨੇ ਹੀ ਸੁਹਣੇ ਸੁਹਣੇ ਜਵਾਨ ਇਹਨਾਂ ਅਜੂਬਿਆਂ ਨੂੰ ਲਭਣ ਆਪ ਗਏ, ਤੇ ਕਈਆਂ ਨੂੰ ਭੇਜਿਆ ਗਿਆ, ਪਰ ਇਕ ਵਾਰ ਗਿਆ ਕਦੇ ਕੋਈ ਮੁੜਕੇ ਨਹੀਂ ਆਇਆ। ਹੁਣ ਤੁਸੀਂ ਜ਼ਾਰ ਕੋਲ ਜਾਓ ਤੇ ਆਖੋ ਪਈ ਛੋਟੇ ਇਵਾਨ ਹੁਸ਼ਿਆਰ ਜਵਾਨ ਨੇ ਫੜ ਮਾਰੀ ਏ ਕਿ ਉਹ ਬਿਨਾਂ ਕਿਸੇ ਦੁਖ ਤਰਲੀਫ ਦੇ ਏਹਨਾਂ ਨੂੰ ਲਿਆ ਸਕਦੈ। ਜ਼ਾਰ ਉਸ ਨੂੰ ਲੈਣ ਵਾਸਤੇ ਭੇਜੇਗਾ ਤੇ ਉਹ ਕਦੇ ਮੁੜਕੇ ਵਾਪਸ ਨਹੀਂ ਆਵੇਗਾ।"

ਅਸਤਬਲ ਦੇ ਕਾਮਿਆਂ ਨੇ ਇਕ ਹੋਰ ਗਲਾਸ ਪਿਆਕੇ ਪੁਲਸੀਏ ਦਾ ਧੰਨਵਾਦ ਕੀਤਾ ਤੇ ਉਹ ਸਿਧੇ ਜ਼ਾਰ ਦੇ ਬਾਹਰਲੇ ਬੂਹੇ ਅੱਗੇ ਚਲੇ ਗਏ। ਤੇ ਓਥੇ ਉਹ ਬਾਰੀਆਂ ਹੇਠ ਖਲੋਤੇ ਗੱਪਾਂ ਮਾਰਨ ਲੱਗੇ। ਜ਼ਾਰ ਨੇ ਉਹਨਾਂ ਨੂੰ ਓਥੇ ਖਲੋਤਿਆਂ ਵੇਖ ਲਿਆ ਤੇ ਉਹ ਮਹਿਲ ਤੋਂ ਬਾਹਰ ਆ ਗਿਆ ਤੇ ਪੁਛਣ ਲਗਾ:

"ਕਿਹੜੀ ਗੱਲੀਂ ਜੁਟੇ ਹੋਏ ਓ, ਨੇਕਬਖਤੋ? ਕੀ ਚਾਹੁੰਦੇ ਓ ਤੁਸੀਂ?"

"ਗੱਲ ਏਹ ਆ ਹਜ਼ੂਰ, ਕਿ ਛੋਟਾ ਇਵਾਨ ਹੁਸ਼ਿਆਰ ਜਵਾਨ ਫੜਾਂ ਮਾਰਦੈ ਕਿ ਉਹ ਆਪੇ–ਵਜਦੀ ਗੁਸਲੀ, ਨਚਣ ਵਾਲਾ ਹੰਸ ਤੇ ਗਾਉਣ ਵਾਲੀ ਬਿੱਲੀ ਲਿਆ ਸਕਦੈ। ਏਥੇ ਖਲੋਤੇ ਅਸੀਂ

---

* ਇਕ ਚੌਖਟੇ ਜਿਹੇ ਵਿਚ ਤੰਦੀਆਂ ਪਰੋਕੇ ਬਣਾਇਆ ਜਾਂਦਾ, ਇਕ ਰੂਸ ਸਾਜ਼ ਜਿਸ ਨੂੰ ਪੋਟਿਆਂ ਨਾਲ ਛੇੜਕੇ ਵਜਾਇਆ ਜਾਂਦਾ ਹੈ।—**ਅਨੁ:**

ਏਹੋ ਬਹਿਸ ਕਰ ਰਹੇ ਆਂ : ਕੁਝ ਕਹਿੰਦੇ ਨੇ ਕਿ ਉਹ ਲਿਆ ਸਕਦੈ, ਤੇ ਦੂਜਿਆਂ ਦਾ ਵਿਚਾਰ ਏ ਕਿ ਏਹ ਨਿਰੀਆਂ ਗੱਲਾਂ ਨੇ।"

ਜਦੋਂ ਜ਼ਾਰ ਨੇ ਇਹ ਗੱਲਾਂ ਸੁਣੀਆਂ ਤਾਂ ਉਹਦੇ ਚਿਹਰੇ ਦਾ ਰੰਗ ਬਦਲ ਗਿਆ ਤੇ ਉਹਦੇ ਹੱਥ ਪੈਰ ਕੰਬਣ ਲਗ ਪਏ।

"ਵਾਹ," ਉਸ ਨੇ ਸੋਚਿਆ, "ਜੇ ਏਹ ਦੁਰਲਭ ਚੀਜ਼ਾਂ ਮੈਂ ਹਾਸਲ ਕਰ ਸਕਾਂ! ਸਭ ਦੂਜੇ ਜ਼ਾਰਾਂ ਨੂੰ ਮੇਰੇ ਨਾਲ ਈਰਖਾ ਹੋਵੇਗੀ। ਤੇ ਕਿੰਨੇ ਬੰਦੇ ਮੈਂ ਏਹਨਾਂ ਨੂੰ ਲਭਣ ਲਈ ਭੇਜੇ, ਪਰ ਕਦੇ ਕੋਈ ਵਾਪਸ ਨਾ ਆਇਆ!"

ਤੇ ਉਸ ਨੇ ਓਸੇ ਵੇਲੇ ਵੱਡੇ ਸਾਈਸ ਨੂੰ ਸੱਦ ਲਿਆਉਣ ਦਾ ਹੁਕਮ ਦਿੱਤਾ। ਤੇ ਜਿਉਂ ਹੀ ਉਸ ਨੇ ਵੱਡੇ ਸਾਈਸ ਦੀ ਸ਼ਕਲ ਵੇਖੀ, ਜ਼ਾਰ ਕੜਕ ਕੇ ਬੋਲਿਆ :

"ਵਕਤ ਨਾ ਜ਼ਾਇਆ ਕਰ, ਇਵਾਨ। ਫੌਰਨ ਚਲਾ ਜਾ ਤੇ ਮੈਨੂੰ ਆਪੇ-ਵਜਦੀ ਗੁਸਲੀ, ਨਚਣ ਵਾਲਾ ਹੰਸ ਤੇ ਗਾਉਣ ਵਾਲੀ ਬਿੱਲੀ ਲਿਆਕੇ ਦੇ।"

ਤੇ ਛੋਟੇ ਇਵਾਨ ਹੁਸ਼ਿਆਰ ਜਵਾਨ ਨੇ ਜਵਾਬ ਦਿੱਤਾ :

"ਪਰ ਮੇਰੇ ਮਿਹਰਬਾਨ ਹਜ਼ੂਰ, ਮੈਂ ਤਾਂ ਕਦੇ ਏਹਨਾਂ ਦਾ ਨਾਂ ਤੱਕ ਨਹੀਂ ਸੁਣਿਆ! ਤੁਸੀਂ ਮੈਨੂੰ ਕਿਥੇ ਘਲਣਾ ਚਾਹੁੰਦੇ ਓ?"

ਪਰ ਜ਼ਾਰ ਗੁੱਸੇ ਵਿਚ ਆ ਗਿਆ ਤੇ ਉਸ ਨੇ ਜ਼ਮੀਨ ਤੇ ਜ਼ੋਰ ਨਾਲ ਪੈਰ ਮਾਰਕੇ ਆਖਿਆ :

"ਕਿਉਂ ਗੱਲਾਂ ਮਾਰੀ ਜਾਨੈਂ? ਤੂੰ ਸ਼ਾਹੀ ਹੁਕਮ ਨਹੀਂ ਮੰਨਦਾ? ਇਕਦਮ ਤੀਰ ਹੋ ਜਾ। ਜੇ ਤੂੰ ਏਹ ਚੀਜ਼ਾਂ ਲੈ ਆਇਆ ਤਾਂ ਮੈਂ ਤੈਨੂੰ ਇਨਾਮ ਦਿਆਂਗਾ, ਵਰਨਾ ਮੈਂ ਆਪਣੀ ਤਲਵਾਰ ਨਾਲ ਤੇਰਾ ਸਿਰ ਲਾਹ ਦਿਆਂਗਾ!"

ਅਤੇ ਛੋਟਾ ਇਵਾਨ ਉਦਾਸ ਨਿਮੋਝੂਣ ਜ਼ਾਰ ਕੋਲੋਂ ਚਲਾ ਗਿਆ। ਤੇ ਉਹ ਆਪਣੀ ਸੁਨਹਿਰੀ ਅਯਾਲ ਵਾਲੀ ਘੋੜੀ ਉਤੇ ਕਾਠੀ ਪਾਉਣ ਲੱਗ ਪਿਆ, ਤੇ ਘੋੜੀ ਨੇ ਉਸ ਨੂੰ ਪੁਛਿਆ :

"ਤੂੰ ਏਡਾ ਉਦਾਸ ਕਿਓਂ ਏਂ, ਮਾਲਕ? ਕੋਈ ਕਸੂਤਾ ਕੰਮ ਆ ਪਿਆ।"

"ਮੈਂ ਖ਼ੁਸ਼ ਕਿਵੇਂ ਹੋਵਾਂ ਜਦੋਂ ਜ਼ਾਰ ਨੇ ਹੁਕਮ ਦਿਤੈ ਕਿ ਮੈਂ ਆਪੇ-ਵਜਦੀ ਗੁਸਲੀ, ਨਚਣ ਵਾਲਾ ਹੰਸ ਤੇ ਗਾਉਣ ਵਾਲੀ ਬਿੱਲੀ ਲਿਆ ਕੇ ਦੇਵਾਂ, ਤੇ ਮੈਂ ਏਹਨਾਂ ਦਾ ਕਦੇ ਨਾਂ ਵੀ ਨਹੀਂ ਸੁਣਿਆ।"

"ਹੱਛਾ, ਏਹ ਗੱਲ ਏ। ਏਹ ਕੋਈ ਬਹੁਤਾ ਔਖਾ ਕੰਮ ਨਹੀਂ," ਸੁਨਹਿਰੀ ਅਯਾਲ ਵਾਲੀ ਘੋੜੀ ਨੇ ਆਖਿਆ। "ਚੜ੍ਹ ਮੇਰੇ ਉਤੇ ਤੇ ਆਪਾਂ ਬੁਢੀ ਜਾਦੂਗਰਨੀ ਬਾਬਾ-ਯਾਗਾ ਕੋਲ ਚਲੀਏ ਤੇ ਉਹਨੂੰ ਪੁਛੀਏ ਕਿ ਇਹ ਅਜੂਬੇ ਕਿਥੋਂ ਮਿਲਣਗੇ।"

ਸੋ ਛੋਟਾ ਇਵਾਨ ਹੁਸ਼ਿਆਰ ਜਵਾਨ ਲੰਮੇ ਸਫਰ ਲਈ ਤਿਆਰ ਹੋ ਗਿਆ। ਤੇ ਲੋਕਾਂ ਨੇ

ਆਖ਼ਰੀ ਵਾਰ ਉਸ ਨੂੰ ਘੋੜੀ ਤੇ ਚੜ੍ਹਦਿਆਂ ਵੇਖਿਆ, ਪਰ ਉਸ ਨੂੰ ਬਰੂਹਾਂ ਟਪਦਿਆਂ ਕਿਸੇ ਨਹੀਂ ਵੇਖਿਆ—ਉਹ ਹਵਾ ਵਾਂਗ ਉਡ ਗਿਆ ਸੀ।

ਪਤਾ ਨਹੀਂ ਉਸ ਨੇ ਕਿੰਨਾ ਕੁ ਪੈਂਡਾ ਕੀਤਾ ਹੋਵੇ, ਪਰ ਅਖ਼ੀਰ ਉਹ ਇਕ ਸੰਘਣੇ ਜੰਗਲ ਵਿਚ ਪਹੁੰਚ ਗਿਆ, ਤੇ ਜੰਗਲ ਵਿਚ ਏਨਾ ਹਨੇਰਾ ਸੀ ਕਿ ਚਾਨਣ ਦੀ ਕਿਰਨ ਤੱਕ ਵੀ ਵਿਖਾਈ ਨਹੀਂ ਸੀ ਦੇਂਦੀ। ਸੁਨਹਿਰੀ ਅਯਾਲ ਵਾਲੀ ਘੋੜੀ ਲਿੱਸੀ ਹੋ ਗਈ ਸੀ ਤੇ ਛੋਟਾ ਇਵਾਨ ਆਪ ਥੱਕ ਟੁਟ ਗਿਆ ਸੀ। ਪਰ ਅਖ਼ੀਰ ਉਹ ਜੰਗਲ ਵਿਚਾਲੇ ਇਕ ਮੈਦਾਨ ਵਿਚ ਪਹੁੰਚ ਗਏ ਤੇ ਉਹਨਾਂ ਨੇ ਕੁਕੜੀ ਦੇ ਪੈਰਾਂ ਉਤੇ ਇਕ ਨਿੱਕੀ ਜਿਹੀ ਝੁੱਗੀ ਵੇਖੀ। ਝੁੱਗੀ ਚਾਰ ਚੁਫੇਰੇ ਚੱਕਰ ਵਾਂਗ ਘੁੰਮੀ ਜਾਂਦੀ ਸੀ। ਛੋਟੇ ਇਵਾਨ ਨੇ ਝੁੱਗੀ ਕੋਲ ਜਾ ਕੇ ਆਖਿਆ:

"ਨੀਂ ਝੁੱਗੀਏ, ਨੀਂ ਨਿਕੀਏ ਝੁੱਗੀਏ, ਆਪਣੀ ਪਿੱਠ ਰੁੱਖਾਂ ਵੱਲ ਕਰ ਲੈ ਤੇ ਆਪਣਾ ਮੂੰਹ ਮੇਰੇ ਵੱਲ। ਮੈਂ ਨਹੀਂ ਰਹਿਣਾ ਵਰ੍ਹਿਆਂ ਤਾਣੀ, ਮੈਂ ਤਾਂ ਬਸ ਇਕ ਰਾਤ ਬਿਤਾਣੀ।"

ਅਤੇ ਨਿੱਕੀ ਝੁੱਗੀ ਨੇ ਆਪਣਾ ਮੂੰਹ ਉਹਦੇ ਵੱਲ ਕਰ ਲਿਆ। ਛੋਟੇ ਇਵਾਨ ਨੇ ਆਪਣੀ ਘੋੜੀ ਇਕ ਕਿੱਲੇ ਨਾਲ ਬੰਨ੍ਹ ਦਿੱਤੀ, ਤੇ ਉਹ ਦੌੜ ਕੇ ਪੌੜੀਆਂ ਚੜ੍ਹ ਗਿਆ ਤੇ ਧੱਕਾ ਦੇ ਕੇ ਬੂਹਾ ਖੋਹਲਿਆ।

ਤੇ ਉਹ ਕੀ ਵੇਖਦਾ ਹੈ ਕਿ ਉਥੇ ਬਾਬਾ-ਯਾਗਾ ਬੈਠੀ ਸੀ। ਜਾਦੂਗਰਨੀ ਜਿਸ ਦੇ ਹੱਥ ਵਿਚ ਮਾਂਜਾ ਤੇ ਛੜੀ, ਖੁੰਢ ਵਰਗੇ ਨਕ ਵਾਲੀ, ਹਡਲ ਬੁਢੜੀ। ਉਹਦੀ ਉੱਖਲੀ ਤੇ ਮੋਹਲਾ ਉਹਦੇ ਲਾਗੇ ਪਏ ਨੇ।

ਬਾਬਾ-ਯਾਗਾ ਦੀ ਆਉਣ ਵਾਲੇ 'ਤੇ ਨਿਗਾਹ ਪਈ ਤੇ ਉਹ ਟਰ ਟਰ ਕਰਦੀ ਬੋਲੀ:

"ਵਾਹ, ਵਾਹ, ਰੂਸੀ ਲਹੂ, ਪਹਿਲਾਂ ਮੈਨੂੰ ਕਦੇ ਨਾ ਜੁੜਿਆ, ਅੱਜ ਮੇਰੇ ਦਰ ਤੇ ਆ ਖੜਿਆ। ਕੌਣ ਏਂ? ਕਿਧਰੋਂ ਏਂ? ਕਿਧਰ ਨੂੰ?"

"ਆਪਣੇ ਮਹਿਮਾਨਾਂ ਨਾਲ ਏਹੋ ਜਿਹਾ ਸਲੂਕ ਕਰਦੀ ਏਂ, ਬੇਬੇ? ਗੱਲਾਂ ਨਾਲ ਪਰੇਸ਼ਾਨ ਕਰਨਾ ਜਦੋਂ ਉਹ ਭੁੱਖਾ ਤਿਹਾਇਆ ਹੋਵੇ! ਰੂਸ ਵਿਚ ਤਾਂ ਪਹਿਲਾਂ ਰਾਹੀ ਨੂੰ ਖਾਣ ਪੀਣ ਨੂੰ ਦੇਂਦੇ ਨੇ, ਉਹਨੂੰ ਨਿਘਾ ਹੋਣ ਦੇਂਦੇ ਨੇ, ਆਰਾਮ ਕਰਨ ਤੇ ਨਹਾਉਣ ਧੋਣ ਦੇਂਦੇ ਨੇ, ਤੇ ਕੌਣ ਕਿਉਂ ਫੇਰ ਪੁਛਣਾ ਸ਼ੁਰੂ ਕਰਦੇ ਨੇ।"

"ਵੇ ਬੀਬਾ," ਬਾਬਾ-ਯਾਗਾ ਬੋਲੀ, "ਬੁਢੜੀ ਨਾਲ ਬਖੇੜਾ ਨਾ ਕਰ, ਸੁਣੱਖਿਆ ਗਭਰੂਆ। ਤੇ ਅਸੀਂ ਰੂਸ ਵਿਚ ਤਾਂ ਰਹਿੰਦੇ ਨਹੀਂ, ਤੂੰ ਜਾਣਦਾ ਈ ਏਂ। ਪਰ ਮੈਂ ਹੁਣੇ ਸਭ ਕੁਝ ਤਿਆਰ ਕਰ ਦੇਂਦੀ ਆਂ।"

ਉਹ ਹੰਭਲਾ ਮਾਰਕੇ ਉੱਠੀ ਤੇ ਆਹਰੇ ਲਗ ਗਈ। ਉਹਨੇ ਮੇਜ਼ ਉਤੇ ਖਾਣ ਪੀਣ ਦੀਆਂ ਚੀਜ਼ਾਂ ਰੱਖੀਆਂ ਤੇ ਆਪਣੇ ਮਹਿਮਾਨ ਦਾ ਸਵਾਗਤ ਕੀਤਾ, ਫੇਰ ਉਹ ਭੱਜੀ ਭੱਜੀ ਹਮਾਮ ਵਿਚ ਸਟੋਵ ਗਰਮ ਕਰਨ ਚਲੀ ਗਈ। ਛੋਟੇ ਇਵਾਨ ਹੁਸ਼ਿਆਰ ਜਵਾਨ ਨੇ ਭਾਫ ਅਸ਼ਨਾਨ ਕੀਤਾ ਤੇ ਬਾਬਾ-ਯਾਗਾ

ਨੇ ਉਹਦਾ ਬਿਸਤਰਾ ਵਿੱਛਾ ਦਿੱਤਾ ਤੇ ਉਹ ਆਰਾਮ ਕਰਨ ਪੈ ਗਿਆ। ਜਾਦੂਗਰਨੀ ਆਪ ਉਹਦੇ ਮੰਜੇ ਦੀ ਬਾਹੀ ਆ ਬੈਠੀ ਤੇ ਪੁਛਣ ਲਗੀ :

"ਸੁਣਾ ਕਿਵੇਂ ਆਉਣਾ ਹੋਇਆ, ਸੁਣੱਖਿਆ ਗਭਰੂਆ ? ਆਪਣੀ ਮਰਜ਼ੀ ਨਾਲ ਏਥੇ ਆਇਐਂ, ਜਾਂ ਕਿਸੇ ਦੀ ਦੁਰਭਾਵਨਾ ਧੱਕ ਲਿਆਈ ?"

"ਮੈਨੂੰ ਜ਼ਾਰ ਨੇ ਆਪੇ-ਵਜਦੀ ਗੁਸਲੀ, ਨਚਣ ਵਾਲਾ ਹੰਸ ਅਤੇ ਗਾਉਣ ਵਾਲੀ ਬਿੱਲੀ ਲੈਣ ਭੇਜਿਐ," ਇਵਾਨ ਨੇ ਜਵਾਬ ਦਿੱਤਾ। "ਤੇ ਮੈਂ ਤੇਰਾ ਉਮਰ ਭਰ ਹਸਾਨਮੰਦ ਰਹੂੰ, ਬੇਬੇ, ਜੇ ਤੂੰ ਮੈਨੂੰ ਦੱਸੇਂ ਪਈ ਇਹ ਕਿਥੋਂ ਲਭਣਗੀਆਂ।"

"ਹਾਂ, ਪੁਤਰਾ, ਮੈਂ ਜਾਣਦੀ ਆਂ ਇਹ ਕਿੱਥੇ ਨੇ, ਪਰ ਏਹਨਾਂ ਨੂੰ ਕਾਬੂ ਕਰਨਾ ਬੜਾ ਔਖਾ ਈ। ਕਈ ਸੁਹਣੇ ਸੁਹਣੇ ਗਭਰੂ ਏਹਨਾਂ ਦੇ ਮਗਰ ਗਏ, ਪਰ ਕਦੇ ਕੋਈ ਵਾਪਸ ਨਹੀਂ ਆਇਆ।"

"ਠੀਕ ਏ, ਬੇਬੇ, ਜੋ ਹੋਣੈ ਸੋ ਹੋਕੇ ਰਹਿਣੈ, ਸੋ ਚੰਗਾ ਏਹੋ ਏ ਪਈ ਤੂੰ ਲੋੜ ਵੇਲੇ ਮੇਰੀ ਮਦਦ ਕਰ ਤੇ ਮੈਨੂੰ ਦਸ ਕਿ ਜਾਵਾਂ ਕਿਧਰ ਨੂੰ!"

"ਹੱਛਾ ਵੇ, ਸੁਹਣਿਆ ਗਭਰੂਆ, ਮੈਨੂੰ ਤੇਰੀ ਜਿਚਦਾਰੀ ਤੇ ਅਫਸੋਸ ਆਉਂਦੈ, ਪਰ ਮੈਨੂੰ ਦੀਹਦਾ ਏ ਪਈ ਤੇਰੀ ਮਦਦ ਕਰਨ ਬਿਨਾਂ ਕੋਈ ਚਾਰਾ ਨਹੀਂ। ਆਪਣੀ ਸੁਨਹਿਰੀ ਅਯਾਲ ਵਾਲੀ ਘੋੜੀ ਤੈਨੂੰ ਏਥੇ ਛਡਣੀ ਪਊ, ਮੇਰੇ ਕੋਲ ਇਸ ਨੂੰ ਕੋਈ ਖਤਰਾ ਨਹੀਂ, ਤੇ ਆ ਲੈ ਫੜ ਸੂਤ ਦਾ ਨਿਕਾ ਜਿਹਾ ਗੋਲਾ। ਭਲਕੇ, ਜਦੋਂ ਬਾਹਰ ਨਿਕਲੇਂ ਤਾਂ ਏਹਨੂੰ ਭੁੰਜੇ ਸੁਟ ਦੇਵੀਂ ਤੇ ਜਿਧਰ ਇਹ ਰਿੜ੍ਹਦਾ ਜਾਏ ਏਹਦੇ ਮਗਰ ਮਗਰ ਤੁਰਿਆ ਜਾਵੀਂ। ਇਹ ਤੈਨੂੰ ਮੇਰੀ ਵਿਚਲੀ ਭੈਣ ਕੋਲ ਲੈ ਜਾਊ। ਬਸ ਉਹਨੂੰ ਇਹ ਗੋਲਾ ਵਿਖਾ ਦੇਵੀਂ ਤੇ ਉਹ ਤੇਰੀ ਪੂਰੀ ਪੂਰੀ ਮਦਦ ਕਰੂ ਤੇ ਜੋ ਕੁਝ ਉਸ ਨੂੰ ਪਤਾ ਏ ਸਭ ਕੁਝ ਦਸ ਦਊ। ਤੇ ਫੇਰ ਉਹ ਤੈਨੂੰ ਸਾਡੀ ਵੱਡੀ ਭੈਣ ਕੋਲ ਭੇਜ ਦੇਵੇਗੀ।"

ਅਗਲੇ ਦਿਨ ਉਹਨੇ ਆਪਣੇ ਮਹਿਮਾਨ ਨੂੰ ਲੋਅ ਲਗਣ ਤੋਂ ਪਹਿਲਾਂ ਹੀ ਜਗਾ ਦਿੱਤਾ, ਉਸ ਨੂੰ ਖਾਣ ਪੀਣ ਨੂੰ ਦਿੱਤਾ ਤੇ ਵਿਹੜੇ ਤੋਂ ਬਾਹਰ ਤੱਕ ਛਡਣ ਆਈ। ਤੇ ਏਥੇ ਹੀ ਛੋਟੇ ਇਵਾਨ ਹੁਸ਼ਿਆਰ ਜਵਾਨ ਨੇ ਬਾਬਾ-ਯਾਗਾ ਦਾ ਧੰਨਵਾਦ ਕੀਤਾ ਤੇ ਉਸ ਤੋਂ ਵਿਦਾ ਲਈ ਤੇ ਆਪਣੇ ਲੰਮੇ ਸਫਰ ਤੇ ਤੁਰ ਪਿਆ। ਖਵਰੇ ਕਿੰਨਾ ਕੁ ਚਿਰ ਲਗਾ, ਪਰ ਗੋਲਾ ਰਿੜ੍ਹਦਾ ਗਿਆ, ਰਿੜ੍ਹਦਾ ਗਿਆ ਤੇ ਇਵਾਨ ਉਹਦੇ ਮਗਰ ਮਗਰ ਤੁਰਦਾ ਗਿਆ।

ਇਕ ਦਿਨ ਲੰਘਿਆ, ਦੋ ਦਿਨ ਲੰਘੇ, ਤਿੰਨ ਦਿਨ ਲੰਘੇ ਤੇ ਅਖੀਰ ਗੋਲਾ ਮੁਰਗੀ ਦੇ ਪੈਰਾਂ ਉਤੇ ਬਣੀ ਇਕ ਨਿਕੀ ਜਿਹੀ ਝੁੱਗੀ ਕੋਲ ਆ ਗਿਆ। ਤੇ ਏਥੇ ਆਕੇ ਗੋਲਾ ਰੁਕ ਗਿਆ ਤੇ ਛੋਟੇ ਇਵਾਨ ਹੁਸ਼ਿਆਰ ਜਵਾਨ ਨੇ ਆਖਿਆ :

"ਨੀਂ ਝੁੱਗੀਏ, ਨੀਂ ਨਿਕੀਏ ਝੁੱਗੀਏ, ਆਪਣੀ ਪਿੱਠ ਰੁਖਾਂ ਵੱਲ ਕਰ ਲੈ ਤੇ ਆਪਣਾ ਮੂਹ ਮੇਰੇ ਵੱਲ।"

ਤੇ ਨਿੱਕੀ ਝੁੱਗੀ ਨੇ ਮੂੰਹ ਉਹਦੇ ਵੱਲ ਕਰ ਲਿਆ ਤੇ ਜਵਾਨ ਪੌੜੀਆਂ ਚੜ੍ਹ ਗਿਆ। ਉਹਨੇ ਬੂਹਾ ਖੋਹਲਿਆ ਤੇ ਇਕ ਕੁਰਖਤ ਆਵਾਜ਼ ਨੇ ਉਹਦਾ ਸੁਆਗਤ ਕੀਤਾ :

"ਵਾਹ, ਵਾਹ, ਰੂਸੀ ਲਹੂ, ਪਹਿਲਾਂ ਮੈਨੂੰ ਕਦੇ ਨਾ ਜੁੜਿਆ, ਅੱਜ ਮੇਰੇ ਦਰ ਤੇ ਆ ਖੜਿਆ। ਕੌਣ ਏਂ? ਕਿੱਧਰੋਂ ਏਂ? ਕਿੱਧਰ ਨੂੰ?"

ਛੋਟੇ ਇਵਾਨ ਨੇ ਸੂਤ ਦਾ ਗੋਲਾ ਉਹਨੂੰ ਵਿਖਾਇਆ ਤੇ ਉਹ ਹੈਰਾਨ ਹੋਕੇ ਕੂਕ ਉਠੀ :

"ਵੇ ਸੁਹਣਿਆ, ਤਾਂ ਤੂੰ ਤੇ ਕੋਈ ਓਪਰਾ ਨਾ ਹੋਇਓਂ, ਸਗੋਂ ਮੇਰੀ ਭੈਣ ਕੋਲੋਂ ਆਇਆ ਮਹਿਮਾਨ, ਜੀ ਆਏ ਨੂੰ, ਸਦਕੇ ਆਏ ਨੂੰ। ਪਰ ਤੂੰ ਤੁਰਤ ਕਿਉਂ ਨਾ ਦਸਿਆ ਮੈਨੂੰ?"

ਤੇ ਉਹ ਕਾਹਲੀ ਕਾਹਲੀ ਕੰਮ ਜੁਟ ਗਈ ਤੇ ਆਪਣੇ ਪ੍ਰਾਹੁਣੇ ਲਈ ਖਾਣ ਪੀਣ ਦੀਆਂ ਵੰਨ-ਸੁਵੰਨੀਆਂ ਚੀਜ਼ਾਂ ਮੇਜ਼ ਉਤੇ ਰੱਖ ਦਿਤੀਆਂ, ਤੇ ਉਹਦਾ ਸਵਾਗਤ ਕੀਤਾ।

"ਰੱਜ ਕੇ ਖਾ ਤੇ ਪੀ," ਉਸ ਨੇ ਆਖਿਆ, "ਤੇ ਆਰਾਮ ਕਰ ਲੰਮਾ ਪੈਕੇ। ਫੇਰ ਅਸੀਂ ਕਾਰ ਵਿਹਾਰ ਦੀਆਂ ਗੱਲਾਂ ਕਰਾਂਗੇ।"

ਸੋ ਛੋਟੇ ਇਵਾਨ ਹੁਸ਼ਿਆਰ ਜਵਾਨ ਨੇ ਰੱਜ ਕੇ ਖਾਧਾ ਪੀਤਾ ਤੇ ਫੇਰ ਆਰਾਮ ਕਰਨ ਲਈ ਲੰਮਾ ਪੈ ਗਿਆ ਤੇ ਬਾਬਾ-ਯਾਗਾ, ਵਿਚਕਾਰਲੀ ਜਾਦੂਗਰਨੀ ਭੈਣ, ਉਹਦੇ ਮੰਜੇ ਦੀ ਬਾਹੀ ਤੇ ਬਹਿ ਗਈ ਤੇ ਲੱਗੀ ਪੁਛਣ ਉਹ ਕਿਧਰੋਂ ਆਇਆ ਏ, ਕਿਵੇਂ ਆਇਆ ਏ। ਤੇ ਉਹਨੇ ਸਭ ਕੁਝ ਦੱਸਿਆ ਪਈ ਉਹ ਕੌਣ ਏ, ਕਿਥੋਂ ਆਇਆ ਏ, ਤੇ ਆਪਣੇ ਲੰਮੇ ਸਫਰ ਤੇ ਕਾਹਦੇ ਵਾਸਤੇ ਆਇਆ ਏ। ਤੇ ਫੇਰ ਬਾਬਾ-ਯਾਗਾ ਉਹਨੂੰ ਸਮਝਾਉਣ ਲਗੀ :

"ਪੈਂਡਾ ਤਾਂ ਬਹੁਤਾ ਨਹੀਂ, ਪਰ ਪਤਾ ਨਹੀਂ ਤੂੰ ਜਿਉਂਦਾ ਮੁੜੇਂ ਕਿ ਨਾ। ਆਪੇ-ਵਜਦੀ ਗੁਸਲੀ, ਨਚਣ ਵਾਲਾ ਹੰਸ ਤੇ ਗਾਉਣ ਵਾਲੀ ਬਿੱਲੀ, ਇਹ ਸਭ ਸਾਡੇ ਭਣੇਵੇਂ ਜ਼ਮੇਈ ਗੋਰੀਨਿਚ, ਇਕ ਭਿਆਨਕ ਅਜਗਰ, ਕੋਲ ਨੇ। ਕਈ ਸੁਹਣੇ ਸੁਹਣੇ ਜਵਾਨ ਓਥੇ ਗਏ, ਤੇ ਕਦੇ ਕੋਈ ਵਾਪਸ ਨਹੀਂ ਮੁੜਿਆ, ਸਾਰੇ ਅਜਗਰ ਨੇ ਨਿਗਲ ਲਏ। ਤੇ ਉਹ ਸਾਡੀ ਸਭ ਤੋਂ ਵੱਡੀ ਭੈਣ ਦਾ ਪੁਤ ਏ, ਤੇ ਤਾਨੂੰ ਉਹਦੀ ਮਦਦ ਲੈਣੀ ਪਊ, ਨਹੀਂ ਤਾਂ ਤੂੰ ਵੀ ਵਾਪਸ ਨਹੀਂ ਮੁੜਨ ਲੱਗਾ। ਮੈਂ ਜਾਣਦੀ ਆਂ ਕੀ ਕਰਨਾ ਏਂ। ਮੈਂ ਆਪਣਾ ਜਾਦੂ ਹਰਕਾਰਾ ਚੌਡਰ ਕਾਂ ਭੇਜਦੀ ਆਂ ਜਿਹੜਾ ਜਾਕੇ ਉਸ ਨੂੰ ਪਹਿਲਾਂ ਖ਼ਬਰ ਦੇ ਦੇਵੇ। ਪਰ ਹੁਣ ਤੂੰ ਆਰਾਮ ਨਾਲ ਸੌਂ ਜਾ ਕਿਉਂਕਿ ਸਵੇਰੇ ਮੈਂ ਤੜਕੇ ਹੀ ਜਗਾ ਦੇਵਾਂਗੀ ਤੈਨੂੰ।"

ਛੋਟਾ ਇਵਾਨ ਹੁਸ਼ਿਆਰ ਜਵਾਨ ਰਾਤ ਭਰ ਗੂੜ੍ਹੀ ਨੀਂਦ ਸੁੱਤਾ, ਤੇ ਤੜਕੇ ਸਵਖਤੇ ਹੀ ਜਾਗ ਪਿਆ, ਮੂੰਹ ਹੱਥ ਧੋਤਾ ਤੇ ਰੋਟੀ ਖਾਧੀ ਜਿਹੜੀ ਬਾਬਾ-ਯਾਗਾ ਨੇ ਉਹਦੇ ਵਾਸਤੇ ਪਕਾਈ ਸੀ। ਇਸ ਤੋਂ ਮਗਰੋਂ ਉਹਨੇ ਉਸ ਨੂੰ ਲਾਲ ਉੱਨ ਦਾ ਇਕ ਗੋਲਾ ਦਿੱਤਾ ਤੇ ਬਾਹਰ ਰਸਤਾ ਵਿਖਾਉਣ ਲੈ ਗਈ, ਤੇ ਏਥੇ ਉਹਨਾਂ ਨੇ ਇਕ ਦੂਜੇ ਨੂੰ ਅਲਵਿਦਾ ਆਖੀ। ਤੇ ਗੋਲਾ ਅਗਾਂਹ ਨੂੰ ਰਿੜ੍ਹ ਪਿਆ ਤੇ

ਛੋਟਾ ਇਵਾਨ ਹੁਸ਼ਿਆਰ ਜਵਾਨ ਉਹਦੇ ਮਗਰ ਮਗਰ ਤੁਰ ਪਿਆ।

ਸੋ ਉਹ ਤੁਰਦਾ ਗਿਆ, ਤੁਰਦਾ ਗਿਆ, ਸੂਰਜ ਚੜ੍ਹਦਾ ਡੁਬਦਾ ਰਿਹਾ ਤੇ ਉਹ ਤੁਰਦਾ ਗਿਆ। ਜਦੋਂ ਉਹ ਥੱਕ ਗਿਆ ਤਾਂ ਉਹਨੇ ਗੋਲਾ ਚੁਕ ਲਿਆ ਤੇ ਬਹਿ ਕੇ ਰੋਟੀ ਦਾ ਟੁਕੜਾ ਖਾਧਾ ਤੇ ਚਸ਼ਮੇ ਤੋਂ ਇਕ ਘੁਟ ਪਾਣੀ ਪੀਤਾ, ਤੇ ਫੇਰ ਅੱਗੇ ਤੁਰ ਪਿਆ।

ਤੀਜੀ ਦਿਹਾੜੀ ਮੁਕਣ ਤੇ ਗੋਲਾ ਇਕ ਵੱਡੇ ਸਾਰੇ ਮਕਾਨ ਅੱਗੇ ਆ ਰੁਕਿਆ, ਅਤੇ ਇਹ ਵੱਡਾ ਸਾਰਾ ਮਕਾਨ ਬਾਰਾਂ ਪੱਥਰਾਂ ਉਤੇ ਉਸਾਰਿਆ ਗਿਆ ਸੀ ਤੇ ਬਾਰਾਂ ਥੰਮਾਂ ਦੇ ਸਹਾਰੇ ਖੜਾ ਸੀ। ਮਕਾਨ ਦੇ ਚਾਰ ਚੁਫੇਰੇ ਇਕ ਉੱਚਾ ਸਾਰਾ ਜੰਗਲਾ ਸੀ।

ਇਕ ਕੁੱਤਾ ਭੌਂਕਿਆ, ਅਤੇ ਬਾਬਾ-ਯਾਗਾ, ਸਭ ਤੋਂ ਵੱਡੀ ਜਾਦੂਗਰਨੀ ਭੈਣ, ਭੱਜੀ ਭੱਜੀ ਡਿਉੜੀ ਵਿਚ ਆਈ। ਉਹਨੇ ਕੁੱਤੇ ਨੂੰ ਚੁੱਪ ਕਰਾਇਆ ਤੇ ਆਖਿਆ:

"ਆ ਜਾ, ਸੁਹਣਿਆ, ਮੈਂ ਸਭ ਕੁਝ ਜਾਣਦੀ ਆਂ ਤੇਰੇ ਬਾਰੇ। ਮੇਰੀ ਭੈਣ ਦਾ ਜਾਦੂ ਹਰਕਾਰਾ ਢੇਡਰ ਕਾਂ ਏਥੋਂ ਹੋ ਗਿਆ ਏ। ਤੇ ਮੈਂ ਤੇਰੀਆਂ ਮੁਸੀਬਤਾਂ ਤੇ ਲੋੜਾਂ ਵਿਚ ਮਦਦ ਕਰਨ ਦਾ ਰਾਹ ਲਭ ਲਵਾਂਗੀ। ਪਰ ਤੂੰ ਅੰਦਰ ਲੰਘ ਆ ਤੇ ਕੁਝ ਖਾ ਪੀ ਲੈ। ਪੈਂਡਾ ਕਰ ਕਰਕੇ ਤੂੰ ਥੱਕਿਆ ਹੋਵੇਂਗਾ ਤੇ ਤੈਨੂੰ ਭੁਖ ਲੱਗੀ ਹੋਣੀ ਏ।"

ਤੇ ਉਹ ਉਸ ਨੂੰ ਅੰਦਰ ਲੈ ਗਈ ਤੇ ਉਹਨੂੰ ਖੂਬ ਰੱਜਕੇ ਖਾਣ ਪੀਣ ਨੂੰ ਦਿੱਤਾ।

"ਹੁਣ ਤੈਨੂੰ ਲੁਕ ਜਾਣਾ ਚਾਹੀਦਾ ਏ—ਮੇਰਾ ਮੁੰਡਾ ਜ਼ਮੇਈ ਗੋਰੀਨਿਚ ਆਉਂਦਾ ਹੀ ਹੋਣਾ ਏ। ਉਹ ਜਦੋਂ ਘਰ ਮੁੜਦਾ ਏ ਤਾਂ ਸਦਾ ਖਿਝਿਆ ਹੋਇਆ ਤੇ ਭੁੱਖਾ ਹੁੰਦਾ ਏ, ਏਸ ਕਰਕੇ ਮੈਂ ਡਰਦੀ ਆਂ ਕਿਤੇ ਤੈਨੂੰ ਨਿਗਲ ਹੀ ਨਾ ਲਵੇ।"

ਤੇ ਉਹਨੇ ਭੋਰੇ ਦਾ ਬੂਹਾ ਖੋਹਲ ਦਿੱਤਾ ਤੇ ਆਖਿਆ: "ਭੋਰੇ ਵਿਚ ਵੜ ਜਾ, ਛੋਟੇ ਇਵਾਨ, ਤੇ ਜਿੰਨਾ ਚਿਰ ਮੈਂ ਵਾਜ ਨਾ ਦਿਆਂ ਏਥੇ ਹੀ ਬੈਠੀਂ।"

ਤੇ ਉਹਨੇ ਭੋਰੇ ਦਾ ਬੂਹਾ ਮਸਾਂ ਬੰਦ ਕੀਤਾ ਹੀ ਸੀ ਕਿ ਇਕ ਭਿਆਨਕ ਹੰਗਾਮਾ ਤੇ ਰੌਲਾ ਮੱਚ ਗਿਆ। ਠਾਹ ਕਰਕੇ ਬੂਹਾ ਖੁਲ੍ਹਿਆ, ਤੇ ਜ਼ਮੇਈ ਗੋਰੀਨਿਚ ਇਉਂ ਦਗੜ ਦਗੜ ਕਰਦਾ ਅੰਦਰ ਵੜਿਆ ਕਿ ਮਕਾਨ ਦੀਆਂ ਕੰਧਾਂ ਹਿਲ ਗਈਆਂ।

"ਮੈਨੂੰ ਰੂਸੀ ਗੰਧ ਆਉਂਦੀ ਏ," ਉਹ ਗਰਜਿਆ।

"ਨਹੀਂ ਪੁਤਰਾ, ਰੂਸੀ ਗੰਧ ਏਥੇ ਕਿਥੋਂ ਆਈ। ਇਸ ਗੱਲ ਨੂੰ ਕਈ ਵਰ੍ਹੇ ਹੋ ਗਏ ਜਦੋਂ ਇਕ ਬੱਗਾ ਬਘਿਆੜ ਏਥੇ ਆਇਆ ਸੀ ਜਾਂ ਇਕ ਸੁਣੱਖਾ ਸ਼ਿਕਰਾ। ਦੁਨੀਆਂ ਵਿਚ ਥਾਂ ਥਾਂ ਤੂੰ ਆਪ ਹੀ ਭੱਜਾ ਫਿਰਦਾ ਰਹਿੰਦਾ ਏਂ ਤੇ ਗੰਧਾਂ ਆਪਣੇ ਨਾਲ ਲੈ ਆਉਂਦਾ ਏਂ।"

ਉਸ ਏਨੀ ਗੱਲ ਆਖੀ ਤੇ ਮੇਜ਼ 'ਤੇ ਖਾਣਾ ਰਖਣ ਲਗ ਪਈ। ਉਸ ਨੇ ਤਿੰਨ ਵਰ੍ਹਿਆਂ ਦਾ ਇਕ ਬੌਲਦ ਸਟੋਵ ਵਿਚੋਂ ਭੁੰਨਿਆ ਹੋਇਆ ਕਢਿਆ ਤੇ ਰਸੋਈ ਦੇ ਸਟੋਰ ਵਿਚੋਂ ਸ਼ਰਾਬ ਦਾ ਇਕ

[illegible] ਆਈ। ਤੇ ਜ਼ਮੇਈ ਗੋਰੀਨਿਚ ਇਕੋ ਸਾਹੇ ਸਾਰਾ ਮੱਟ ਪੀ ਗਿਆ ਤੇ ਇਕੋ ਬੁਰਕੀ ਵਿਚ ਭੁੰਨਿਆ ਬੋਲਦ ਨਿਗਲ ਗਿਆ, ਤੇ ਫੇਰ ਉਹ ਹੋਰ ਵੀ ਖਿੜ ਪੁੜ ਗਿਆ।

“ਓਏ ਮਾਂ, ਹੁਣ ਮੈਂ ਕੀਹਦੇ ਨਾਲ ਹਸਾਂ ਖੇਡਾਂ, ਮੈਂ ਤਾਸ਼ ਕੀਹਦੇ ਨਾਲ ਖੇਡਾਂ?”

“ਮੈਂ ਤੈਨੂੰ ਕੋਈ ਲਿਆ ਤਾਂ ਦੇਵਾਂ ਜੀਹਦੇ ਨਾਲ ਤੂੰ ਹੱਸੇਂ ਖੇਡੇਂ, ਤਾਸ਼ ਦੀਆਂ ਬਾਜ਼ੀਆਂ ਲਾਵੇਂ, ਪਰ ਮੈਨੂੰ ਡਰ ਲਗਦੈ ਕਿਤੇ ਤੂੰ ਉਹਨੂੰ ਕੁਝ ਆਖੇਂ ਨਾ।”

“ਤਾਂ ਫੇਰ ਸੱਦ ਲਿਆ ਮਾਂ, ਡਰ ਨਾ। ਮੈਂ ਕਿਸੇ ਨੂੰ ਕੁਝ ਨਹੀਂ ਆਖਦਾ। ਮੇਰਾ ਤਾਸ਼ ਖੇਡਣ ਨੂੰ ਬੜਾ ਜੀਅ ਕਰਦੈ, ਕੋਈ ਮੌਜ ਮੇਲਾ ਕਰਨ ਨੂੰ।”

“ਠੀਕ ਏ, ਬੱਚਿਆ, ਆਪਣੀ ਗੱਲ ਯਾਦ ਰੱਖੀਂ,” ਬਾਬਾ-ਯਾਗਾ ਨੇ ਜਵਾਬ ਦਿੱਤਾ ਤੇ ਉਹ ਉਠ ਕੇ ਚਲੀ ਗਈ ਤੇ ਭੋਰੇ ਦਾ ਬੂਹਾ ਖੋਹਲ ਦਿੱਤਾ।

“ਉਪਰ ਆ ਜਾ, ਛੋਟੇ ਇਵਾਨ ਹੁਸ਼ਿਆਰ ਜਵਾਨ। ਆਪਣੇ ਮੇਜ਼ਬਾਨ ਕੋਲ ਬਹਿ ਤੇ ਉਹਦੇ ਨਾਲ ਤਾਸ਼ ਖੇਡ।”

ਤੇ ਉਹ ਮੇਜ਼ ਦੁਆਲੇ ਬਹਿ ਗਏ, ਅਤੇ ਜ਼ਮੇਈ ਗੋਰੀਨਿਚ ਨੇ ਆਖਿਆ:

“ਆਪਾਂ ਏਦਾਂ ਖੇਡੀਏ ਪਈ ਜਿਹੜਾ ਜਿੱਤ ਜਾਵੇ ਉਹ ਹਾਰਨ ਵਾਲੇ ਨੂੰ ਖਾ ਲਵੇ।”

ਸਾਰੀ ਰਾਤ ਉਹ ਖੇਡਦੇ ਰਹੇ ਤੇ ਬਾਬਾ-ਯਾਗਾ ਨੇ ਆਪਣੇ ਮਹਿਮਾਨ ਦੀ ਮਦਦ ਕੀਤੀ, ਤੇ ਪਹੁ ਫੁਟਣ ਵੇਲੇ ਛੋਟੇ ਇਵਾਨ ਨੇ ਬਾਜ਼ੀ ਜਿੱਤ ਲਈ।

ਤੇ ਫੇਰ ਜ਼ਮੇਈ ਗੋਰੀਨਿਚ ਨੇ ਉਹਦਾ ਤਰਲਾ ਕੀਤਾ:

“ਥੋੜਾ ਚਿਰ ਸਾਡੇ ਕੋਲ ਹੋਰ ਠਹਿਰ ਜਾ, ਤੇ ਮੈਂ ਹਾਰੀ ਬਾਜ਼ੀ ਜਿੱਤ ਲਵਾਂ।”

ਤੇ ਉਹ ਓਥੋਂ ਉਡ ਗਿਆ। ਏਧਰ, ਛੋਟਾ ਇਵਾਨ ਹੁਸ਼ਿਆਰ ਜਵਾਨ ਘੂਕ ਸੁਤਾ ਤੇ ਬਾਬਾ-ਯਾਗਾ ਕੋਲੋਂ ਉਹਨੇ ਚੰਗਾ ਚੋਖਾ ਖਾਧਾ।

ਸੂਰਜ ਅਸਤੇ ਜ਼ਮੇਈ ਗੋਰੀਨਿਚ ਮੁੜ ਆਇਆ, ਤੇ ਉਹਨੇ ਇਕ ਭੁੰਨਿਆ ਹੋਇਆ ਬੋਲਦ ਖਾਧਾ ਅਤੇ ਡੇੜ ਮੱਟ ਸ਼ਰਾਬ ਦਾ ਪੀਤਾ ਤੇ ਫੇਰ ਆਖਿਆ:

“ਚਲ ਆ ਹੁਣ ਖੇਡੀਏ, ਤੇ ਮੈਂ ਆਪਣੀ ਹਾਰੀ ਬਾਜ਼ੀ ਜਿੱਤ ਲਵਾਂ।”

ਪਰ ਜ਼ਮੇਈ ਗੋਰੀਨਿਚ ਸਾਰੀ ਰਾਤ ਸੁੱਤਾ ਨਹੀਂ ਸੀ ਤੇ ਸਾਰੀ ਦਿਹਾੜੀ ਦੁਨੀਆਂ ਵਿਚ ਉਡਦਾ ਫਿਰਿਆ ਸੀ। ਇਸ ਕਰਕੇ ਛੇਤੀ ਹੀ ਉਹ ਊਂਘਣ ਲਗ ਪਿਆ। ਅਤੇ ਛੋਟੇ ਇਵਾਨ ਨੇ ਬਾਬਾ-ਯਾਗਾ ਦੀ ਮਦਦ ਨਾਲ ਬਾਜ਼ੀ ਫੇਰ ਜਿੱਤ ਲਈ। ਤੇ ਜ਼ਮੇਈ ਗੋਰੀਨਿਚ ਫੇਰ ਆਖਣ ਲੱਗਾ:

“ਹੁਣ ਮੈਨੂੰ ਕੰਮ ਧੰਦੇ ਲਈ ਉਡ ਜਾਣਾ ਚਾਹੀਦੈ, ਪਰ ਤ੍ਰਿਕਾਲਾਂ ਨੂੰ ਆਪਾਂ ਤੀਜੀ ਬਾਜ਼ੀ ਖੇਡਾਂਗੇ।”

ਛੋਟੇ ਇਵਾਨ ਹੁਸ਼ਿਆਰ ਜਵਾਨ ਨੇ ਚੰਗੀ ਤਰ੍ਹਾਂ ਆਰਾਮ ਕੀਤਾ ਅਤੇ ਸੁਤਾ ਰਿਹਾ, ਤੇ ਜ਼ਮੇਈ

3•

ਗੋਰੀਨਿਚ ਦੋ ਰਾਤਾਂ ਤੋਂ ਸੁੱਤਾ ਨਹੀਂ ਸੀ ਤੇ ਚੌਹੀਂ ਕੂੰਟੀ ਉਡਦਾ ਫਿਰਿਆ ਸੀ ਤੇ ਚੰਗੀ ਤਰ੍ਹਾਂ ਥੱਕਾ ਟੁੱਟਾ ਘਰ ਮੁੜਿਆ ਸੀ। ਉਹਨੇ ਭੁੰਨਿਆ ਹੋਇਆ ਬੌਲਦ ਖਾਧਾ ਤੇ ਸ਼ਰਾਬ ਦੇ ਦੋ ਮੱਟ ਪੀਤੇ ਤੇ ਆਪਣੇ ਮਹਿਮਾਨ ਨੂੰ ਸੱਦਿਆ :

"ਬਹਿ ਜਾ, ਸੁਹਣਿਆ ਗਭਰੂਆ, ਤੇ ਮੈਂ ਹਾਰੀਆਂ ਬਾਜ਼ੀਆਂ ਜਿੱਤ ਲਵਾਂਗਾ।"

ਪਰ ਉਹ ਬਹੁਤ ਥੱਕਾ ਹੋਇਆ ਸੀ ਤੇ ਉਹਦੀਆਂ ਅੱਖਾਂ ਨੀਂਦ ਨਾਲ ਭਰੀਆਂ ਹੋਈਆਂ ਸਨ ਤੇ ਸੁਣੱਖੇ ਗਭਰੂ ਨੇ ਤੀਜੀ ਵਾਰ ਛੇਤੀ ਹੀ ਬਾਜ਼ੀ ਜਿੱਤ ਲਈ।

ਜ਼ਮੇਈ ਗੋਰੀਨਿਚ ਬੜਾ ਡਰ ਗਿਆ ਤੇ ਉਸ ਨੇ ਆਪਣੇ ਗੋਡੇ ਟੇਕ ਲਏ ਤੇ ਰਹਿਮ ਕਰਨ ਲਈ ਤਰਲੇ ਕਰਨ ਲਗਾ :

"ਛੋਟੇ ਇਵਾਨ ਹੁਸ਼ਿਆਰ ਜਵਾਨ, ਮੈਨੂੰ ਨਾ ਖਾ, ਮੈਨੂੰ ਨਾ ਮਾਰ। ਤੂੰ ਜੋ ਆਖੇਂ ਮੈਂ ਕੰਮ ਕਰਾਂਗਾ।" ਤੇ ਫੇਰ ਉਸ ਨੇ ਆਪਣੀ ਮਾਂ ਅੱਗੇ ਗੋਡੇ ਟੇਕੇ ਤੇ ਉਹਦਾ ਵੀ ਤਰਲਾ ਕੀਤਾ :

"ਮਾਂ, ਏਹਨੂੰ ਆਖ ਮੈਨੂੰ ਬਖ਼ਸ਼ ਦੇਵੇ।"

ਤੇ ਬਿਲਕੁਲ ਏਹੋ ਗੱਲ ਸੀ ਜੋ ਛੋਟਾ ਇਵਾਨ ਚਾਹੁੰਦਾ ਸੀ।

"ਠੀਕ ਏ, ਜ਼ਮੇਈ ਗੋਰੀਨਿਚ। ਮੈਂ ਤੇਰੇ ਕੋਲੋਂ ਤਿੰਨ ਬਾਜ਼ੀਆਂ ਜਿੱਤੀਆਂ ਨੇ, ਪਰ ਜੇ ਤੂੰ ਮੈਨੂੰ ਤਿੰਨ ਅਜੂਬੇ—ਆਪੇ-ਵਜਦੀ ਗੁਸਲੀ, ਨਚਣ ਵਾਲਾ ਹੰਸ ਤੇ ਗਾਉਣ ਵਾਲੀ ਬਿੱਲੀ—ਦੇ ਦੇਵੇਂ, ਤਾਂ ਆਪਣਾ ਸਮਝੌਤਾ ਹੋ ਸਕਦਾ ਏ।"

ਜ਼ਮੇਈ ਗੋਰੀਨਿਚ ਖ਼ੁਸ਼ੀ ਨਾਲ ਖਿੜ ਖਿੜਾ ਕੇ ਹਸਿਆ, ਤੇ ਉਹ ਆਪਣੇ ਮਹਿਮਾਨ ਨੂੰ ਅਤੇ ਆਪਣੀ ਬੁਢੀ ਮਾਂ ਬਾਬਾ-ਯਾਗਾ ਨੂੰ ਜੱਫੀਆਂ ਪਾਉਣ ਲਗ ਪਿਆ।

"ਬੜੀ ਖ਼ੁਸ਼ੀ ਨਾਲ!" ਉਹ ਚੀਕਿਆ। "ਮੈਂ ਆਪਣੇ ਵਾਸਤੇ ਏਹਨਾਂ ਨਾਲੋਂ ਚੰਗੀਆਂ ਚੀਜ਼ਾਂ ਲਿਆ ਸਕਦਾਂ।"

ਤੇ ਉਹਨਾਂ ਨੇ ਇਕ ਸ਼ਾਨਦਾਰ ਦਾਅਵਤ ਕੀਤੀ ਤੇ ਜ਼ਮੇਈ ਗੋਰੀਨਿਚ ਨੇ ਛੋਟੇ ਇਵਾਨ ਦੀ ਰੱਜ ਕੇ ਟਹਿਲ ਸੇਵਾ ਕੀਤੀ ਤੇ ਉਹਨੂੰ ਆਪਣਾ ਭਰਾ ਆਖਿਆ। ਉਸ ਨੇ ਇਹ ਪੇਸ਼ਕਸ਼ ਵੀ ਕੀਤੀ ਕਿ ਉਹ ਉਸ ਨੂੰ ਘਰ ਛਡ ਆਵੇਗਾ।

"ਤੂੰ ਕਿਉਂ ਐਵੇਂ ਲੱਤਾਂ ਮਾਰੇ ਅਤੇ ਆਪੇ-ਵਜਦੀ ਗੁਸਲੀ, ਨਚਣ ਵਾਲੇ ਹੰਸ ਤੇ ਗਾਉਣ ਵਾਲੀ ਬਿੱਲੀ ਨੂੰ ਚੁੱਕੀ ਫਿਰੇਂ? ਜਿਥੇ ਆਖੇਂ ਮੈਂ ਤੈਨੂੰ ਅੱਖ ਪਲਕਾਰੇ ਵਿਚ ਲਿਜਾ ਸਕਦਾਂ।"

"ਇਹ ਠੀਕ ਗੱਲ ਏ, ਪੁਤਰਾ," ਬਾਬਾ-ਯਾਗਾ ਨੇ ਕਿਹਾ। "ਆਪਣੇ ਮਹਿਮਾਨ ਨੂੰ ਮੇਰੀ ਸਭ ਤੋਂ ਛੋਟੀ ਭੈਣ, ਆਪਣੀ ਮਾਸੀ, ਕੋਲ ਛਡ ਆ। ਤੇ ਮੁੜਦਾ ਹੋਇਆ ਆਪਣੀ ਦੂਜੀ ਮਾਸੀ ਨੂੰ ਵੀ ਮਿਲਣਾ ਨਾ ਭੁਲੀਂ। ਉਹਨਾਂ ਦੋਹਾਂ ਨੂੰ ਤੈਨੂੰ ਵੇਖਿਆਂ ਬੜਾ ਚਿਰ ਹੋ ਗਿਐ।"

ਦਾਅਵਤ ਖ਼ਤਮ ਹੋਈ, ਅਤੇ ਛੋਟੇ ਇਵਾਨ ਨੇ ਆਪਣੇ ਅਜੂਬੇ ਲਏ। ਫੇਰ ਉਸ ਨੇ ਬਾਬਾ-

[illegible] ਨੂੰ ਅਲਵਿਦਾ ਆਖੀ, ਅਤੇ ਜ਼ਮੇਈ ਗੋਰੀਨਿਚ ਨੇ ਉਸ ਨੂੰ ਚੁਕਿਆ ਤੇ ਨੀਲੇ ਅਸਮਾਨ ਵਿਚ [illegible] ਪਿਆ। ਇਕ ਘੰਟਾ ਵੀ ਨਹੀਂ ਬੀਤਿਆ ਹੋਣਾ ਕਿ ਉਹ ਸਭ ਤੋਂ ਛੋਟੀ ਬਾਬਾ-ਯਾਗਾ ਦੀ [illegible] ਦੇ ਲਾਗੇ ਆ ਲੱਥਾ। ਝੁੱਗੀ ਦੀ ਮਾਲਕਣ ਭੱਜੀ ਭੱਜੀ ਡਿਉੜੀ ਵਿਚ ਆਈ, ਤੇ ਉਹਨਾਂ ਨੂੰ [illegible] ਕੇ ਉਹ ਬੇਹੱਦ ਖ਼ੁਸ਼ ਹੋਈ।

ਛੋਟੇ ਇਵਾਨ ਹੁਸ਼ਿਆਰ ਜਵਾਨ ਨੇ ਕੋਈ ਵਕਤ ਜ਼ਾਇਆ ਨਹੀਂ ਕੀਤਾ ਸਗੋਂ ਓਸੇ ਵੇਲੇ ਆਪਣੀ [illegible]ਹਿਰੀ ਅਯਾਲ ਵਾਲੀ ਘੋੜੀ ਉਤੇ ਕਾਠੀ ਪਾ ਲਈ। ਤੇ ਫੇਰ ਉਸ ਨੇ ਸਭ ਤੋਂ ਛੋਟੀ ਬਾਬਾ-[illegible] ਤੇ ਉਹਦੇ ਭਣੇਵੇਂ ਜ਼ਮੇਈ ਗੋਰੀਨਿਚ ਤੋਂ ਵਿਦਾ ਲਈ ਤੇ ਆਪਣੀ ਜ਼ਾਰਸ਼ਾਹੀ ਨੂੰ ਵਾਪਸ [illegible] ਪਿਆ।

ਕੁਝ ਚਿਰ ਮਗਰੋਂ ਛੋਟਾ ਇਵਾਨ ਘਰ ਆ ਗਿਆ ਤੇ ਸਾਰੇ ਅਜੂਬੇ ਸਹੀ ਸਲਾਮਤ ਲੈ ਆਇਆ। [illegible] ਵੇਲੇ ਜ਼ਾਰ ਦੇ ਘਰ ਮਹਿਮਾਨ ਆਏ ਹੋਏ ਸਨ: ਤਿੰਨ ਜ਼ਾਰ ਤੇ ਉਹਨਾਂ ਦੇ ਜ਼ਾਰਜ਼ਾਦੇ, ਤਿੰਨ [illegible] ਤੇ ਉਹਨਾਂ ਦੇ ਰਾਜਕੁਮਾਰ, ਅਤੇ ਨਾਲ ਮੰਤਰੀ ਤੇ ਨਵਾਬ।

ਸੁਣੱਖਾ ਗਭਰੂ ਕਮਰੇ ਵਿਚ ਆਇਆ ਤੇ ਉਸ ਨੇ ਆਪੇ-ਵਜਦੀ ਗੁਸਲੀ, ਨਚਣ ਵਾਲਾ [illegible] ਤੇ ਗਾਉਣ ਵਾਲੀ ਬਿੱਲੀ ਜ਼ਾਰ ਦੇ ਹੱਥ ਫੜਾਏ। ਤੇ ਜ਼ਾਰ ਦੀ ਖ਼ੁਸ਼ੀ ਦਾ ਕੋਈ ਅੰਤ ਨਹੀਂ ਸੀ।

"ਵਾਹ, ਛੋਟੇ ਇਵਾਨ, ਹੁਸ਼ਿਆਰ ਜਵਾਨ, ਇਸ ਵਾਰ ਤੂੰ ਮੇਰਾ ਬਹੁਤ ਚੰਗਾ ਕੰਮ ਸਵਾਰਿਐ। [illegible] ਲਈ ਮੈਂ ਤੇਰੀ ਪ੍ਰਸੰਸਾ ਕਰਦਾਂ ਤੇ ਤੈਨੂੰ ਇਨਾਮ ਦੇਂਦਾ ਹਾਂ। ਹੁਣ ਤਾਈਂ ਤੂੰ ਮੇਰਾ ਵੱਡਾ ਸਾਈਸ [illegible] ਅੱਜ ਤੋਂ ਤੂੰ ਮੇਰਾ ਕੌਂਸਲਰ ਹੋਇਓਂ।"

ਪਰ ਮੰਤਰੀਆਂ ਤੇ ਨਵਾਬਾਂ ਨੇ ਆਪਣੇ ਨੱਕ ਮੂੰਹ ਵੱਟੇ ਤੇ ਇਕ ਦੂਜੇ ਨਾਲ ਬੁੜਬੁੜ ਕੀਤੀ:

"ਸਾਈਸ ਹੁਣ ਸਾਡੇ ਵਿਚ ਬੈਠਿਆ ਕਰੂ! ਅਜਿਹੀ ਨਿਰਾਦਰੀ! ਜ਼ਾਰ ਨੂੰ ਸਮਝ ਨਹੀਂ ਆਉਂਦੀ [illegible] ਕੀ ਕਰ ਰਿਹੈ?"

ਪਰ ਏਨੇ ਨੂੰ ਆਪੇ-ਵਜਦੀ ਗੁਸਲੀ ਤੇ ਇਕ ਧੁਨ ਛਿੜ ਪਈ, ਗਾਉਣ ਵਾਲੀ ਬਿੱਲੀ ਨੇ [illegible]ਵਿਣਾ ਸ਼ੁਰੂ ਕੀਤਾ ਅਤੇ ਨਚਣ ਵਾਲੇ ਹੰਸ ਨੇ ਨਾਚ ਛੋਹ ਲਿਆ। ਤੇ ਅਜਿਹਾ ਰਾਗ ਰੰਗ ਛਿੜਿਆ [illegible] ਨਵਾਬ ਮਹਿਮਾਨਾਂ ਵਿਚੋਂ ਕੋਈ ਵੀ ਬੈਠਾ ਨਾ ਰਹਿ ਸਕਿਆ, ਸਗੋਂ ਸਾਰੇ ਨਚਣ ਲਗ ਪਏ।

ਵਕਤ ਬੀਤਦਾ ਗਿਆ, ਪਰ ਉਹ ਹਾਲੇ ਵੀ ਨੱਚੀ ਗਏ, ਨੱਚੀ ਗਏ। ਰਾਜਿਆਂ ਤੇ ਜ਼ਾਰਾਂ [illegible] ਤਾਜ ਇਕ ਪਾਸੇ ਨੂੰ ਤਿਲਕ ਗਏ, ਤੇ ਉਹਨਾਂ ਦੇ ਰਾਜਕੁਮਾਰ ਤੇ ਜ਼ਾਰਜ਼ਾਦੇ ਨਾਚ [illegible] ਭੁਆਟਣੀਆਂ ਤੇ ਭੁਆਟਣੀਆਂ ਲੈ ਰਹੇ ਸਨ। ਨਵਾਬਾਂ ਤੇ ਮੰਤਰੀਆਂ ਦੇ ਮੁੜ੍ਹਕੇ ਚੋਅ ਪਏ ਤੇ [illegible] ਚੜ੍ਹ ਗਏ, ਪਰ ਨਚਣੋਂ ਕੋਈ ਹਟ ਨਾ ਸਕਿਆ। ਤੇ ਅਖੀਰ ਜ਼ਾਰ ਨੇ ਆਪਣਾ ਹੱਥ ਹਿਲਾਇਆ [illegible] ਤਰਲਾ ਕੀਤਾ:

"ਬੰਦ ਕਰ, ਛੋਟੇ ਇਵਾਨ, ਹੁਸ਼ਿਆਰ ਜਵਾਨ। ਬਥੇਰਾ ਹੋ ਗਿਆ। ਅਸੀਂ ਥੱਕ ਗਏ ਆਂ!"

ਸੋ ਸੁਣੱਖੇ ਗਭਰੂ ਨੇ ਤਿੰਨ ਅਜੂਬੇ ਥੈਲੇ ਵਿਚ ਪਾ ਲਏ ਤੇ ਸਾਰੇ ਸ਼ਾਂਤ ਹੋ ਗਏ।

ਤੇ ਜਿਥੇ ਕਿਸੇ ਨੂੰ ਥਾਂ ਲੱਭੀ ਸਾਰੇ ਮਹਿਮਾਨ ਬਹਿ ਗਏ ਤੇ ਬੈਠੇ ਹੌਂਕਣ ਤੇ ਲੰਮੇ ਲੰਮੇ ਸਾਹ ਲੈਣ ਲੱਗੇ।

"ਕਿਉਂ ਪਿਆਰਿਓ, ਵੇਖੀਆਂ ਦਾਅਵਤਾਂ, ਵੇਖੀਆਂ ਰੌਣਕਾਂ? ਏਹੋ ਜਿਹਾ ਰੌਣਕ ਮੇਲਾ ਕਦੇ ਵੇਖਿਆ ਤੁਸੀਂ?"

ਤੇ ਸਾਰੇ ਬਦੇਸੀ ਮਹਿਮਾਨਾਂ ਨੂੰ ਜ਼ਾਰ ਨਾਲ ਈਰਖਾ ਹੋਈ, ਤੇ ਜ਼ਾਰ ਆਪ ਏਨਾ ਖ਼ੁਸ਼, ਏਨਾ ਖ਼ੁਸ਼ ਜਿੰਨਾ ਖ਼ੁਸ਼ ਕੋਈ ਹੋ ਸਕਦੈ।

"ਹੁਣ ਸਾਰੇ ਜ਼ਾਰ ਤੇ ਸਾਰੇ ਰਾਜੇ ਈਰਖਾ ਦੀ ਅੱਗ ਵਿਚ ਸੜਨਗੇ। ਉਹਨਾਂ ਵਿਚੋਂ ਕਿਸੇ ਕੋਲ ਵੀ ਏਹੋ ਜਿਹੇ ਅਜੂਬੇ ਨਹੀਂ," ਉਸ ਨੇ ਸੋਚਿਆ।

ਪਰ ਉਹਦੇ ਨਵਾਬ ਤੇ ਮੰਤਰੀ ਬੈਠੇ ਇਕ ਦੂਜੇ ਨਾਲ ਬੁੜਬੁੜ ਕਰਦੇ ਰਹੇ:

"ਜੇ ਏਸ ਤਰ੍ਹਾਂ ਹੀ ਚਲਦਾ ਰਿਹਾ, ਤਾਂ ਛੇਤੀ ਹੀ ਏਸ ਗੰਵਾਰ ਨੇ ਜ਼ਾਰਸ਼ਾਹੀ ਵਿੱਚ ਪਹਿਲਾ ਆਦਮੀ ਬਣ ਜਾਣੈ, ਅਤੇ ਏਹਨੇ ਰਾਜ ਦੇ ਸਾਰੇ ਦਫਤਰਾਂ ਵਿਚ ਆਪਣੇ ਪੇਂਡੂ ਗੰਵਾਰ ਰਿਸ਼ਤੇਦਾਰ ਬਹਾਲ ਦੇਣੇ ਨੇ। ਤੇ ਜੇ ਅਸਾਂ ਏਹਦੇ ਤੋਂ ਖਹਿੜਾ ਨਾ ਛੁਡਾਇਆ ਤਾਂ ਸਾਨੂੰ, ਨਵਾਬਾਂ ਨੂੰ, ਏਸ ਮੌਤ ਦੇ ਮੂੰਹ ਵਿਚ ਧੱਕ ਦੇਣੈ।"

ਤੇ ਅਗਲੇ ਦਿਨ ਨਵਾਬ ਤੇ ਮੰਤਰੀ ਇਕੱਠੇ ਜੁੜ ਬੈਠੇ ਤੇ ਜ਼ਾਰ ਦੇ ਨਵੇਂ ਕੌਂਸਲਰ ਦਾ ਫਸਤਾ ਵਢਣ ਦੀਆਂ ਸਬੀਲਾਂ ਸੋਚਣ ਲੱਗੇ। ਉਹ ਸੋਚਦੇ ਰਹੇ, ਸੋਚਦੇ ਰਹੇ ਤੇ ਅਖੀਰ ਇਕ ਬੁਢੇ ਰਜਵਾੜੇ ਨੇ ਸਲਾਹ ਦਿੱਤੀ:

"ਆਪਾਂ ਸ਼ਰਾਬੀ ਪੁਲਸੀਏ ਨੂੰ ਸੱਦੀਏ, ਉਹ ਏਹੋ ਜਿਹੀਆਂ ਗੱਲਾਂ ਵਿਚ ਪੁਰਾਣਾ ਪਾਪੀ ਏ।"

ਅਤੇ ਸ਼ਰਾਬੀ ਆਇਆ ਤੇ ਉਹਨੇ ਝੁਕ ਕੇ ਸਲਾਮ ਕੀਤਾ ਤੇ ਆਖਿਆ:

"ਸ੍ਰੀਮਾਨ ਮੰਤਰੀ ਤੇ ਨਵਾਬ ਸਾਹਿਬਾਨ, ਮੈਨੂੰ ਪਤਾ ਏ ਕਿ ਤੁਸੀਂ ਮੈਥੋਂ ਕੀ ਚਾਹੁੰਦੇ ਓ। ਜੇ ਤੁਸੀਂ ਸ਼ਰਾਬ ਦਾ ਅੱਧਾ ਮੱਟ ਦੇਂਦੇ ਓ, ਤਾਂ ਮੈਂ ਦਸਦਾਂ ਕਿ ਜ਼ਾਰ ਦੇ ਨਵੇਂ ਕੌਂਸਲਰ ਨੂੰ ਕਿਵੇਂ ਗਲੋਂ ਲਾਹੁਣਾ ਏ।"

"ਬੋਲ ਬੋਲ," ਨਵਾਬਾਂ ਤੇ ਮੰਤਰੀਆਂ ਨੇ ਆਖਿਆ, "ਤੇ ਅੱਧਾ ਮੱਟ ਤੇਰਾ ਹੋਇਆ।"

ਸ਼ੁਰੂ ਕਰਨ ਲਈ ਉਹਨਾਂ ਨੇ ਇਕ ਪਿਆਲਾ ਭਰ ਕੇ ਉਹਨੂੰ ਫੜਾਇਆ ਅਤੇ ਪੁਲਸੀਏ ਨੇ ਪਿਆਲਾ ਪੀ ਲਿਆ ਤੇ ਉਸ ਆਖਿਆ:

"ਸਾਡੇ ਜ਼ਾਰ ਨੂੰ ਰੰਡਾ ਹੋਇਆਂ ਚਾਲੀ ਵਰ੍ਹੇ ਹੋ ਗਏ ਨੇ। ਓਦੋਂ ਤੋਂ ਹੀ ਉਹਨੇ ਰੂਪਵੰਤੀ ਰਾਜਕੁਮਾਰੀ ਅਲੀਓਨਾ ਨਾਲ ਇਸ਼ਕ ਲੜਾਉਣ ਦੀ ਕਈ ਵਾਰ ਕੋਸ਼ਿਸ਼ ਕੀਤੀ, ਪਰ ਸਦਾ ਨਾਕਾਮ ਰਿਹਾ। ਤਿੰਨ ਵਾਰ ਉਹਨੇ ਉਸ ਦੀ ਜ਼ਾਰਸ਼ਾਹੀ ਉਤੇ ਹਮਲਾ ਕੀਤਾ ਤੇ ਸਦਾ ਆਪਣੀਆਂ ਫੌਜਾਂ ਦਾ ਘਾਣ

[illegible] ਦਿਆ, ਪਰ ਤਾਕਤ ਨਾਲ ਵੀ ਉਹਨੂੰ ਜਿੱਤ ਨਾ ਸਕਿਆ। ਆਪਾਂ ਛੋਟੇ ਇਵਾਨ ਹੁਸ਼ਿਆਰ ਜਵਾਨ ਨੂੰ ਰੂਪਵੰਤੀ ਰਾਜਕੁਮਾਰੀ ਅਲੀਓਨਾ ਵੱਲ ਘਲਾਈਏ। ਇਕ ਵਾਰੀ ਉਹ ਗਿਆ, ਤਾਂ ਕਦੇ ਮੁੜਨ ਨਹੀਂ ਲਗਾ।"

ਨਵਾਬਾਂ ਤੇ ਮੰਤਰੀਆਂ ਨੇ ਹੌਸਲਾ ਕੀਤਾ, ਤੇ ਜਦੋਂ ਦਿਨ ਚੜ੍ਹਿਆ ਤਾਂ ਉਹ ਜ਼ਾਰ ਕੋਲ ਗਏ।

"ਤੁਸੀਂ ਕੇਡੇ ਸਿਆਣੇ ਓ, ਹਜ਼ੂਰ, ਪਈ ਏਡਾ ਸ਼ਾਨਦਾਰ ਕੌਂਸਲਰ ਲਭ ਲਿਐ! ਜਿਹੜੇ ਚੀਜ਼ੇ ਉਹ ਲੈ ਕੇ ਆਇਆ ਏ, ਏਹਨਾਂ ਨੂੰ ਹਾਸਲ ਕਰਨਾ ਕੋਈ ਬੱਚਿਆਂ ਦੀ ਖੇਡ ਨਹੀਂ ਸੀ, ਤੇ ਹੁਣ ਉਹ ਫੜਾਂ ਮਾਰਦੈ ਕਿ ਉਹ ਤੁਹਾਨੂੰ ਰੂਪਵੰਤੀ ਰਾਜਕੁਮਾਰੀ ਅਲੀਓਨਾ ਲਿਆਕੇ ਦੇ ਸਕਦੈ।"

ਜਦੋਂ ਜ਼ਾਰ ਨੇ ਰੂਪਵੰਤੀ ਰਾਜਕੁਮਾਰੀ ਅਲੀਓਨਾ ਦਾ ਨਾਂ ਸੁਣਿਆ ਤਾਂ ਉਹ ਆਰਾਮ ਨਾਲ ਬੈਠ ਨਾ ਰਹਿ ਸਕਿਆ, ਸਗੋਂ ਆਪਣੇ ਤਖ਼ਤ ਉਤੋਂ ਉਛਲਿਆ।

"ਕੈਸਾ ਕਮਾਲ ਦਾ ਖਿਆਲ ਏ!" ਉਹ ਕੂਕਿਆ। "ਮੈਨੂੰ ਇਹ ਗੱਲ ਪਹਿਲੋਂ ਕਿਉਂ ਨਾ ਸੁੱਝੀ। ਰੂਪਵੰਤੀ ਰਾਜਕੁਮਾਰੀ ਅਲੀਓਨਾ ਦੇ ਮਗਰ ਭੇਜੇ ਜਾਣ ਵਾਲਾ ਠੀਕ ਉਹੋ ਹੀ ਆਦਮੀ ਏ।"

ਤੇ ਉਹਨੇ ਆਪਣੇ ਨਵੇਂ ਕੌਂਸਲਰ ਨੂੰ ਸੱਦਿਆ ਤੇ ਆਖਿਆ:

"ਸੱਤਾਂ ਸਮੁੰਦਰਾਂ ਤੋਂ ਪਾਰ ਸਤਵੀਂ ਸ਼ਾਹੀ ਵਿਚ ਹੁਣੇ ਜਾ ਤੇ ਰੂਪਵੰਤੀ ਰਾਜਕੁਮਾਰੀ ਅਲੀਓਨਾ ਮੈਨੂੰ ਲਿਆ ਕੇ ਦੇ।"

ਤੇ ਛੋਟੇ ਇਵਾਨ ਹੁਸ਼ਿਆਰ ਜਵਾਨ ਨੇ ਜਵਾਬ ਦਿੱਤਾ:

"ਪਰ, ਹਜ਼ੂਰ, ਉਹ ਕੋਈ ਆਪੇ-ਵਜਦੀ ਗੁਸਲੀ, ਜਾਂ ਨਚਣ ਵਾਲਾ ਹੰਸ ਜਾਂ ਗਾਉਣ ਵਾਲੀ ਚੀਜ਼ ਤਾਂ ਨਹੀਂ। ਉਹਨੂੰ ਥੈਲੇ ਵਿਚ ਨਹੀਂ ਪਾਇਆ ਜਾ ਸਕਦਾ। ਤੇ ਨਾਲੇ, ਕੀ ਪਤੈ ਉਹ ਏਧਰ ਆਉਣਾ ਹੀ ਨਾ ਚਾਹੁੰਦੀ ਹੋਵੇ।"

ਪਰ ਜ਼ਾਰ ਨੇ ਆਪਣਾ ਪੈਰ ਧਰਤੀ ਤੇ ਮਾਰਿਆ, ਉਹਦੀ ਦਾੜ੍ਹੀ ਹਿੱਲੀ ਤੇ ਉਹਨੇ ਆਪਣੀਆਂ ਬਾਹਾਂ ਹਵਾ ਵਿਚ ਲਹਿਰਾਈਆਂ।

"ਤੂੰ ਮੇਰੀ ਗੱਲ ਮੰਨਦਾ ਨਹੀਂ? ਮੈਂ ਤੇਰੀ ਕੋਈ ਗੱਲ ਨਹੀਂ ਸੁਣਨੀ। ਜਿਵੇਂ ਮਰਜ਼ੀ ਆ ਉਹਨੂੰ ਲੈ ਕੇ ਆ। ਜੇ ਤੂੰ ਰੂਪਵੰਤੀ ਰਾਜਕੁਮਾਰੀ ਅਲੀਓਨਾ ਨੂੰ ਲੈ ਆਂਦਾ, ਤਾਂ ਮੈਂ ਤੈਨੂੰ ਇਕ ਸ਼ਹਿਰ ਦਾ ਰਾਜ ਦੇ ਦਿਆਂਗਾ, ਤੇ ਇਸ ਦੇ ਆਸ ਪਾਸ ਦੀ ਸਾਰੀ ਜ਼ਮੀਨ, ਤੇ ਤੈਨੂੰ ਮੰਤਰੀ ਬਣਾ ਦਿਆਂਗਾ। ਜੇ ਨਾ ਲਿਆਂਦਾ—ਮੈਂ ਤੇਰਾ ਸਿਰ ਲਾਹ ਦਿਆਂਗਾ!"

ਜਦੋਂ ਉਹ ਜ਼ਾਰ ਕੋਲੋਂ ਆਇਆ ਤਾਂ ਛੋਟਾ ਇਵਾਨ ਉਦਾਸ ਸੋਚਾਂ ਵਿਚ ਡੁੱਬਾ ਹੋਇਆ ਸੀ। ਇਵਾਨ ਨੇ ਆਪਣੀ ਸੁਨਹਿਰੀ ਅਯਾਲ ਵਾਲੀ ਘੋੜੀ ਤੇ ਕਾਠੀ ਪਾਈ, ਤੇ ਘੋੜੀ ਨੇ ਉਹਨੂੰ ਪੁਛਿਆ:

"ਮੇਰੇ ਮਾਲਕ, ਤੂੰ ਏਡਾ ਉਦਾਸ ਤੇ ਸੋਚਾਂ ਵਿਚ ਕਿਉਂ ਡੁੱਬਾ ਹੋਇਐਂ? ਕੋਈ ਔਕੜ ਜਾਂ ਆਫ਼ਤ ਆ ਪਈ ਤੇਰੇ ਉਤੇ!"

"ਕੋਈ ਵੱਡੀ ਔਕੜ ਤਾਂ ਨਹੀਂ, ਪਰ ਏਹ ਕੋਈ ਖ਼ੁਸ਼ ਹੋਣ ਵਾਲੀ ਗੱਲ ਵੀ ਨਹੀਂ। ਜ਼ਾਰ ਨੇ ਮੈਨੂੰ ਆਖਿਐ ਕਿ ਮੈਂ ਰੂਪਵੰਤੀ ਰਾਜਕੁਮਾਰੀ ਅਲੀਓਨਾ ਉਹਨੂੰ ਲਿਆ ਕੇ ਦੇਵਾਂ। ਆਪ ਉਹਨੇ ਉਹਦੇ ਨਾਲ ਇਸ਼ਕ ਲੜਾਉਣ ਵਿਚ ਤਿੰਨ ਸਾਲ ਗੁਜ਼ਾਰੇ ਤੇ ਨਾਕਾਮ ਰਿਹਾ। ਉਹਨੂੰ ਜਿਤਣ ਲਈ ਉਹਨੇ ਤਿੰਨ ਲੜਾਈਆਂ ਲੜੀਆਂ ਪਰ ਜਿੱਤ ਨਾ ਸਕਿਆ, ਤੇ ਮੈਨੂੰ ਉਹ ਭੇਜਦੈ ਉਹਨੂੰ ਲੈ ਆਉਣ ਵਾਸਤੇ ਕੱਲੇ ਨੂੰ ਹੀ।"

"ਖ਼ੈਰ ਕੋਈ ਨਹੀਂ, ਏਹ ਕੋਈ ਬਹੁਤ ਮੁਸ਼ਕਲ ਗੱਲ ਨਹੀਂ," ਸੁਨਹਿਰੀ ਅਯਾਲ ਵਾਲੀ ਘੋੜੀ ਨੇ ਆਖਿਆ। "ਮੈਂ ਤੇਰੀ ਮਦਦ ਕਰੂੰ, ਤੇ ਕਿਵੇਂ ਨਾ ਕਿਵੇਂ ਅਸੀਂ ਕਰ ਲਵਾਂਗੇ ਏਹ ਕੰਮ।"

ਛੋਟੇ ਇਵਾਨ ਨੇ ਤਿਆਰ ਹੁੰਦਿਆਂ ਬਹੁਤਾ ਚਿਰ ਨਹੀਂ ਲਾਇਆ, ਤੇ ਛੇਤੀ ਹੀ ਉਹ ਤੁਰ ਪਿਆ। ਉਹਨੂੰ ਲੋਕਾਂ ਨੇ ਘੋੜੀ ਚੜ੍ਹਦਿਆਂ ਵੇਖਿਆ, ਪਰ ਉਹਨੂੰ ਉਥੋਂ ਜਾਂਦਿਆਂ ਕਿਸੇ ਨਹੀਂ ਵੇਖਿਆ।

ਪਤਾ ਨਹੀਂ ਕਿੰਨਾ ਕੁ ਲੰਮਾ ਪੈਂਡਾ ਮਾਰਿਆ ਹੋਵੇ, ਪਰ ਅਖੀਰ ਉਹ ਸਤਵੀਂ ਸ਼ਾਹੀ ਵਿਚ ਪਹੁੰਚ ਗਿਆ ਤੇ ਇਕ ਮਜ਼ਬੂਤ ਜੰਗਲੇ ਨੇ ਉਹਦਾ ਰਾਹ ਰੋਕ ਲਿਆ। ਪਰ ਉਹਦੀ ਸੁਨਹਿਰੀ ਅਯਾਲ ਵਾਲੀ ਘੋੜੀ ਸੌਖਿਆਂ ਹੀ ਇਹ ਜੰਗਲਾ ਟੱਪ ਗਈ, ਤੇ ਸੁਣੱਖਾ ਗਭਰੂ ਜ਼ਾਰ ਦੇ ਵਰਜਿਤ ਬਾਗ਼ ਵਿਚ ਆਣ ਪਹੁੰਚਾ। ਤੇ ਫੇਰ ਸੁਨਹਿਰੀ ਅਯਾਲ ਵਾਲੀ ਘੋੜੀ ਨੇ ਆਖਿਆ:

"ਮੈਂ ਸੋਨੇ ਦੇ ਸਿਓਆਂ ਵਾਲੇ ਇਕ ਰੁਖ ਦਾ ਰੂਪ ਧਾਰ ਲਊਂ ਤੇ ਤੂੰ ਮੇਰੇ ਓਹਲੇ ਲੁਕ ਜਾਵੀਂ। ਭਲਕੇ ਰੂਪਵੰਤੀ ਰਾਜਕੁਮਾਰੀ ਅਲੀਓਨਾ ਸੈਰ ਕਰਨ ਆਵੇਗੀ, ਤੇ ਉਹ ਸੋਨੇ ਦਾ ਸਿਓ ਤੋੜਨਾ ਚਾਹੇਗੀ। ਜਦੋਂ ਉਹ ਨੇੜੇ ਆਵੇ ਤਾਂ ਤੂੰ ਖਲੋਤਾ ਨਾ ਰਹੀਂ, ਸਗੋਂ ਉਹਨੂੰ ਜੱਫਾ ਮਾਰ ਲਵੀਂ ਤੇ ਮੈਂ ਤਿਆਰ ਖੜੀ ਹੋਵਾਂਗੀ। ਬਸ ਇਕ ਮਿੰਟ ਵੀ ਢਿਲ ਨਾ ਕਰੀਂ—ਪਲਾਕੀ ਮਾਰ ਕੇ ਮੇਰੇ ਉਤੇ ਬੈਠੀਂ ਤੇ ਅਸੀਂ ਹਵਾ ਹੋ ਜਾਵਾਂਗੇ। ਤੇ ਯਾਦ ਰੱਖ, ਜੇ ਤੂੰ ਕੋਈ ਗ਼ਲਤੀ ਕਰ ਬੈਠਾ ਤਾਂ ਅਸੀਂ ਦੋਵੇਂ ਮਾਰੇ ਜਾਵਾਂਗੇ।"

ਅਗਲੇ ਦਿਨ ਰੂਪਵੰਤੀ ਰਾਜਕੁਮਾਰੀ ਅਲੀਓਨਾ ਵਰਜਿਤ ਬਾਗ਼ ਵਿਚ ਸੈਰ ਕਰਨ ਆਈ। ਤੇ ਉਹਨੇ ਸੋਨੇ ਦੇ ਸਿਓਆਂ ਵਾਲਾ ਰੁਖ ਵੇਖਿਆ ਤੇ ਉਹਨੇ ਆਪਣੀਆਂ ਸਖੀਆਂ ਤੇ ਬਾਂਦੀਆਂ ਨੂੰ ਚੀਕ ਕੇ ਆਖਿਆ:

"ਵੇਖੋ ਨੀਂ, ਕੀ ਸੁਹਣਾ ਸਿਓਆਂ ਦਾ ਬੂਟਾ! ਤੇ ਏਹਦੇ ਸਿਓ ਸਾਰੇ ਸੋਨੇ ਦੇ! ਰਤਾ ਏਥੇ ਖਲੋਕੇ ਉਡੀਕਿਓ, ਮੈਂ ਇਕ ਸਿਓ ਤੋੜ ਲਿਆਵਾਂ।"

ਉਹ ਭੱਜੀ ਭੱਜੀ ਬੂਟੇ ਕੋਲ ਆਈ, ਤੇ ਛੋਟਾ ਇਵਾਨ ਛਾਲ ਮਾਰ ਕੇ ਪਤਾ ਨਹੀਂ ਕਿਥੋਂ ਆ ਨਿਕਲਿਆ ਤੇ ਉਹਨੇ ਰੂਪਵੰਤੀ ਰਾਜਕੁਮਾਰੀ ਅਲੀਓਨਾ ਦੇ ਹੱਥ ਫੜ ਲਏ। ਤੇ ਓਸੇ ਵੇਲੇ ਸਿਓਆਂ ਦਾ ਬੂਟਾ ਫੇਰ ਸੁਨਹਿਰੀ ਅਯਾਲ ਵਾਲੀ ਘੋੜੀ ਬਣ ਗਿਆ ਤੇ ਉਹਨੇ ਜ਼ਮੀਨ ਉਤੇ ਆਪਣੇ ਖੁਰ

ਟਕਾਏ ਤੇ ਉਸ ਨੂੰ ਛੇਤੀ ਕਰਨ ਦਾ ਇਸ਼ਾਰਾ ਕੀਤਾ। ਤੇ ਸੁਣਖਾ ਗਭਰੂ ਪਲਾਕੀ ਮਾਰ ਕੇ ਕਾਠੀ ਉੱਤੇ ਜਾ ਬੈਠਾ ਤੇ ਇਸ ਤੋਂ ਮਗਰੋਂ ਸਖੀਆਂ ਤੇ ਬਾਂਦੀਆਂ ਨੂੰ ਉਹ ਵਿਖਾਈ ਹੀ ਨਹੀਂ ਦਿੱਤੇ।

ਔਰਤਾਂ ਚਾਂਗਰਾਂ ਮਾਰ ਉਠੀਆਂ, ਪਹਿਰੇਦਾਰ ਭੱਜੇ ਆਏ, ਪਰ ਰਾਜਕੁਮਾਰੀ ਉਥੇ ਕਿਧਰੇ ਵੀ ਨਹੀਂ ਸੀ। ਜਦੋਂ ਜ਼ਾਰ ਨੇ ਇਹ ਗੱਲ ਸੁਣੀ ਤਾਂ ਉਹਨੇ ਆਪਣੇ ਘੋੜਸਵਾਰਾਂ ਨੂੰ ਹਰ ਪਾਸੇ ਉਹਨਾਂ ਦਾ ਪਿਛਾ ਕਰਨ ਭਜਾਇਆ। ਪਰ ਉਹ ਸਾਰੇ ਦੇ ਸਾਰੇ ਹੀ ਅਗਲੇ ਦਿਨ ਖਾਲੀ ਹੱਥ ਵਾਪਸ ਆ ਗਏ। ਉਹਨਾਂ ਨੇ ਆਪਣੇ ਘੋੜੇ ਭਜਾ ਭਜਾ ਕੇ ਮਾਰ ਛੱਡੇ ਸਨ ਪਰ ਰਾਜਕੁਮਾਰੀ ਤੇ ਉਸ ਨੂੰ ਉਧਾਲਣ ਵਾਲਾ ਉਹਨਾਂ ਨੂੰ ਕਿਤੇ ਨਜ਼ਰ ਨਾ ਆਏ।

ਓਧਰ ਛੋਟਾ ਇਵਾਨ ਹੁਸ਼ਿਆਰ ਜਵਾਨ ਕਈ ਧਰਤੀਆਂ ਪਾਰ ਕਰ ਆਇਆ ਤੇ ਕਈ ਝੀਲਾਂ ਤੇ ਦਰਿਆਵਾਂ ਨੂੰ ਆਪਣੇ ਪਿੱਛੇ ਛਡ ਆਇਆ।

ਪਹਿਲਾਂ ਤਾਂ ਰੂਪਵੰਤੀ ਰਾਜਕੁਮਾਰੀ ਅਲੀਓਨਾ ਨੇ ਆਪਣੇ ਆਪ ਨੂੰ ਛੁਡਾਉਣ ਲਈ ਹੱਥ ਪੈਰ ਮਾਰੇ, ਪਰ ਫੇਰ ਉਸ ਨੇ ਇਹ ਸਭ ਬੰਦ ਕਰ ਦਿੱਤਾ ਤੇ ਰੋਣ ਲਗ ਪਈ। ਉਹ ਚਾਰ ਹੰਝੂ ਕੇਰਦੀ, ਤੇ ਫੇਰ ਉਸ ਜਵਾਨ ਵੱਲ ਵੇਖਦੀ, ਫੇਰ ਰੋਣ ਲਗਦੀ, ਤੇ ਫੇਰ ਉਹਦੇ ਵੱਲ ਵੇਖਣ ਲਗ ਪੈਂਦੀ। ਦੂਜੇ ਦਿਨ ਉਹ ਉਹਦੇ ਨਾਲ ਗੱਲਾਂ ਕਰਨ ਲਗ ਪਈ:

"ਦੱਸ ਖਾਂ ਮੈਨੂੰ ਪ੍ਰਦੇਸੀਆ, ਤੂੰ ਕੌਣ ਏਂ, ਤੇ ਕਿਥੋਂ ਆਇਆ ਏਂ? ਤੇਰਾ ਆਪਣਾ ਦੇਸ ਕਿਹੜਾ ਏ, ਤੇ ਤੇਰੇ ਸਾਕ ਸੰਬੰਧੀ ਕੌਣ ਨੇ, ਤੇ ਤੇਰਾ ਨਾਂ ਕੀ ਏ?"

"ਮੇਰਾ ਨਾਂ ਇਵਾਨ ਏ, ਤੇ ਲੋਕ ਮੈਨੂੰ ਛੋਟਾ ਇਵਾਨ ਹੁਸ਼ਿਆਰ ਜਵਾਨ ਕਰਕੇ ਬੁਲਾਉਂਦੇ ਨੇ। ਮੈਂ ਫਲਾਣੀ ਫਲਾਣੀ ਜ਼ਾਰਸ਼ਾਹੀ ਵਿਚੋਂ ਆਇਆ, ਤੇ ਮੇਰੇ ਮਾਪੇ ਕਿਸਾਨ ਨੇ।"

"ਦੱਸ ਫੇਰ, ਛੋਟੇ ਇਵਾਨ ਹੁਸ਼ਿਆਰ ਜਵਾਨ, ਮੈਨੂੰ ਤੂੰ ਆਪਣੇ ਆਪ ਉਧਾਲਿਐ ਜਾਂ ਕਿਸੇ ਦੇ ਹੁਕਮ ਨਾਲ?"

"ਮੈਨੂੰ ਜ਼ਾਰ ਨੇ ਹੁਕਮ ਦਿੱਤਾ ਸੀ ਕਿ ਤੈਨੂੰ ਚੁਕ ਲਿਆਵਾਂ," ਉਹਨੇ ਆਖਿਆ।

ਰੂਪਵੰਤੀ ਰਾਜਕੁਮਾਰੀ ਅਲੀਓਨਾ ਨੇ ਆਪਣੇ ਹੱਥਾਂ ਨੂੰ ਮਰੋੜਾ ਚਾੜ੍ਹਿਆ ਤੇ ਉਹ ਕੁਰਲਾ ਉਠੀ:

"ਮੈਂ ਓਸ ਬੁਢੇ ਮੂਰਖ ਨਾਲ ਕਦੇ ਵਿਆਹ ਨਾ ਕਰਾਂ! ਉਹ ਤਿੰਨ ਵਰ੍ਹੇ ਮੇਰੇ ਉਤੇ ਡੋਰੇ ਸੁਟਦਾ ਰਿਹਾ ਤੇ ਮੇਰਾ ਦਿਲ ਨਾ ਜਿੱਤ ਸਕਿਆ। ਉਸ ਨੇ ਮੇਰੀ ਜ਼ਾਰਸ਼ਾਹੀ ਉੱਤੇ ਤਿੰਨ ਵਾਰ ਚੜ੍ਹਾਈ ਕੀਤੀ ਤੇ ਆਪਣੀਆਂ ਬੇਅੰਤ ਫੌਜਾਂ ਦਾ ਘਾਣ ਕਰਵਾਇਆ ਤੇ ਮੈਨੂੰ ਜਿੱਤ ਨਾ ਸਕਿਆ, ਤੇ ਉਹ ਹੁਣ ਵੀ ਮੈਨੂੰ ਪ੍ਰਾਪਤ ਨਹੀਂ ਕਰ ਸਕਣ ਲੱਗਾ।"

ਸੁਣੱਖਾ ਗਭਰੂ ਇਹ ਬੋਲ ਸੁਣਕੇ ਬੜਾ ਖੁਸ਼ ਹੋਇਆ, ਪਰ ਉਹ ਬੋਲਿਆ ਕੁਝ ਨਾ ਤੇ ਉਹਨੇ ਸਿਰਫ ਆਪਣੇ ਮਨ ਵਿਚ ਸੋਚਿਆ:

"ਜੇ ਕਿਤੇ ਏਹੋ ਜਿਹੀ ਮੇਰੀ ਵਹੁਟੀ ਹੋਵੇ!"

ਕੁਝ ਚਿਰ ਹੋਰ ਲੰਘਿਆ ਤਾਂ ਉਹਦੇ ਆਪਣੇ ਦੇਸ ਦੀ ਧਰਤੀ ਨਜ਼ਰ ਆਉਣ ਲੱਗੀ। ਬੁਢੇ ਜ਼ਾਰ ਨੇ ਇਹ ਸਾਰੇ ਦਿਨ ਬਾਰੀ ਵਿਚ ਹੀ ਬਿਤਾਏ ਤੇ ਛੋਟੇ ਇਵਾਨ ਨੂੰ ਆਉਂਦਿਆਂ ਵੇਖਦਾ ਰਿਹਾ।

ਜਿਵੇਂ ਹੀ ਸੁਣੱਖਾ ਗਭਰੂ ਸ਼ਹਿਰ ਦੇ ਨੇੜੇ ਆਇਆ, ਜ਼ਾਰ ਪਹਿਲਾਂ ਹੀ ਮਹਿਲ ਦੇ ਵੱਡੇ ਬਾਹਰਲੇ ਬੂਹੇ ਅੱਗੇ ਉਹਦੀ ਉਡੀਕ ਵਿਚ ਖੜਾ ਸੀ। ਅਜੇ ਉਸ ਵਿਹੜੇ ਵਿਚ ਕਦਮ ਰਖਿਆ ਹੀ ਸੀ ਕਿ ਜ਼ਾਰ ਤੇਜ਼ੀ ਨਾਲ ਪੌੜੀਆਂ ਉਤਰਿਆ ਤੇ ਰੂਪਵੰਤੀ ਰਾਜਕੁਮਾਰੀ ਅਲੀਓਨਾ ਨੂੰ ਕਾਠੀ ਤੋਂ ਉਤਾਰਿਆ ਤੇ ਉਹਦੇ ਗੋਰੇ ਗੋਰੇ ਹੱਥਾਂ ਨੂੰ ਫੜ ਲਿਆ।

"ਏਨੇ ਵਰ੍ਹੇ ਮੈਂ ਤੇਰੀ ਮੁਹੱਬਤ ਹਾਸਲ ਕਰਨ ਲਈ ਆਪਣੇ ਬੰਦੇ ਭੇਜਦਾ ਰਿਹਾ ਤੇ ਆਪ ਜਾਂਦਾ ਰਿਹਾ," ਉਸ ਨੇ ਆਖਿਆ, "ਤੇ ਤੂੰ ਸਦਾ ਇਨਕਾਰ ਹੀ ਕੀਤਾ। ਪਰ ਹੁਣ ਤਾਂ ਤੈਨੂੰ ਮੇਰੇ ਨਾਲ ਵਿਆਹ ਕਰਨਾ ਹੀ ਪਊ।"

ਅਲੀਓਨਾ ਨਿੰਮ੍ਹਾ ਨਿੰਮ੍ਹਾ ਮੁਸਕ੍ਰਾਈ ਤੇ ਜਵਾਬ ਵਿਚ ਬੋਲੀ:

"ਹਜ਼ੂਰ, ਮੈਨੂੰ ਸਫਰ ਦਾ ਥੇਕਵਾਂ ਲਾਹੁਣ ਦਿਓ, ਤੇ ਫੇਰ ਵਿਆਹ ਦੀਆਂ ਗੱਲਾਂ ਛੇੜਿਓ।"

ਸੋ ਜ਼ਾਰ ਭੱਜਾ ਭੱਜਾ ਗਿਆ ਤੇ ਉਹਨੇ ਸੇਵਕਾਵਾਂ, ਦਾਸੀਆਂ ਤੇ ਨੌਕਰਾਣੀਆਂ ਨੂੰ ਵਾਜਾਂ ਮਾਰੀਆਂ।

"ਮੇਰੀ ਪਿਆਰੀ ਮਹਿਮਾਨ ਦੇ ਕਮਰੇ ਵਿਚ ਸਭ ਕੁਝ ਤਿਆਰ, ਠੀਕ ਠਾਕ ਏ?"

"ਚਿਰੋਕਣਾ ਈ, ਹਜ਼ੂਰ।"

"ਠੀਕ ਏ, ਸਮਝ ਲਓ ਫੇਰ ਉਸ ਨੇ ਤੁਹਾਡੀ ਰਾਣੀ ਬਣਨਾ ਏ, ਸੋ ਉਹਦੇ ਹਰ ਹੁਕਮ ਦਾ ਪਾਲਣ ਕਰੋ ਤੇ ਉਹਨੂੰ ਕਿਸੇ ਚੀਜ਼ ਦਾ ਵਿਰੋਚਾ ਨਾ ਆਵੇ!"

ਫੇਰ ਸੇਵਕਾਵਾਂ, ਦਾਸੀਆਂ ਤੇ ਨੌਕਰਾਣੀਆਂ ਨੇ ਰਾਜਕੁਮਾਰੀ ਨੂੰ ਬਾਹੋਂ ਫੜਿਆ ਤੇ ਉਹਦੇ ਕਮਰੇ ਵਿਚ ਲੈ ਗਈਆਂ। ਤੇ ਜ਼ਾਰ ਨੇ ਛੋਟੇ ਇਵਾਨ ਹੁਸ਼ਿਆਰ ਜਵਾਨ ਨੂੰ ਆਖਿਆ:

"ਸ਼ਾਬਾਸ਼, ਇਵਾਨ! ਇਸ ਸੇਵਾ ਬਦਲੇ ਤੂੰ ਮੇਰਾ ਪ੍ਰਧਾਨ ਮੰਤਰੀ ਬਣੇਂਗਾ ਅਤੇ ਮੈਂ ਤਿੰਨ ਸ਼ਹਿਰ ਤੇ ਉਹਨਾਂ ਦੇ ਆਸ ਪਾਸ ਦੀ ਜ਼ਮੀਨ ਤੈਨੂੰ ਇਨਾਮ ਵਿਚ ਦੇਵਾਂਗਾ।"

ਇਕ ਦਿਨ ਬੀਤਿਆ, ਦੋ ਦਿਨ ਬੀਤੇ ਤੇ ਜ਼ਾਰ ਹੋਰ ਵੀ ਬੇਚੈਨ ਰਹਿਣ ਲੱਗਾ। ਉਹ ਤਾਂ ਵਿਆਹ ਕਰਾਉਣ ਲਈ ਸਧਰਾਇਆ ਹੋਇਆ ਸੀ। ਇਸ ਕਰਕੇ ਰੂਪਵੰਤੀ ਰਾਜਕੁਮਾਰੀ ਅਲੀਓਨਾ ਕੋਲ ਆਇਆ ਤੇ ਉਸ ਨੂੰ ਆਖਿਆ:

"ਕਿਹੜੇ ਦਿਨ ਅਸੀਂ ਮਹਿਮਾਨਾਂ ਨੂੰ ਬੁਲਾਵਾਂਗੇ, ਕਿਹੜੇ ਦਿਹਾੜੇ ਅਸੀਂ ਗਿਰਜੇ ਚਲਾਂਗੇ?"

ਪਰ ਉਹਨੇ ਜਵਾਬ ਦਿੱਤਾ:

"ਪਰ ਮੈਂ ਕਿਵੇਂ ਕਰਵਾ ਸਕਦੀ ਆਂ ਵਿਆਹ ਜਦੋਂ ਮੇਰੇ ਕੋਲ ਮੇਰੀ ਵਿਆਹ ਦੀ ਮੁੰਦਰੀ ਨਹੀਂ ਅਤੇ ਮੇਰੀ ਆਪਣੀ ਬੱਘੀ ਨਹੀਂ?"

"ਹੱਛਾ, ਜੇ ਏਹ ਗੱਲ ਏ," ਜ਼ਾਰ ਨੇ ਆਖਿਆ, "ਤਾਂ ਮੇਰੇ ਕੋਲ ਮੇਰੀ ਜ਼ਾਰਸ਼ਾਹੀ ਵਿਚ ਢੇਰ ਸਾਰੀਆਂ ਬੱਘੀਆਂ ਨੇ ਤੇ ਮੁੰਦਰੀਆਂ ਨੇ। ਉਹਨਾਂ ਵਿਚੋਂ ਜਿਹੜੀ ਮਰਜ਼ੀ ਏ ਚੁਣ ਲੈ। ਜੇ ਤੈਨੂੰ ਏਹਨਾਂ ਵਿਚੋਂ ਕੋਈ ਪਸੰਦ ਨਾ ਆਵੇ, ਤਾਂ ਅਸੀਂ ਦੂਤ ਭੇਜ ਕੇ ਸਮੁੰਦਰ ਪਾਰੋਂ ਮੰਗਵਾ ਸਕਦੇ ਆਂ।"

"ਨਹੀਂ, ਹਜ਼ੂਰ, ਮੈਂ ਆਪਣੀ ਬੱਘੀ ਤੋਂ ਬਿਨਾਂ ਕਿਸੇ ਹੋਰ ਵਿਚ ਬਹਿਕੇ ਗਿਰਜੇ ਨਹੀਂ ਜਾਣਾ ਤੇ ਆਪਣੀ ਮੁੰਦਰੀ ਤੋਂ ਬਿਨਾਂ ਕੋਈ ਹੋਰ ਮੁੰਦਰੀ ਪਾਕੇ ਮੈਂ ਵਿਆਹ ਨਹੀਂ ਕਰਾਉਣਾ।"

ਸੋ ਜ਼ਾਰ ਨੇ ਪੁਛਿਆ :

"ਤੇ ਉਹ ਕਿਥੇ ਪਈਆਂ ਨੇ, ਤੇਰੀ ਬੱਘੀ ਤੇ ਤੇਰੀ ਮੁੰਦਰੀ?"

"ਮੇਰੀ ਮੁੰਦਰੀ ਮੇਰੇ ਸਫਰ ਤੇ ਲਿਜਾਣ ਵਾਲੇ ਟਰੰਕ ਵਿਚ ਪਈ ਏ, ਸਫਰ ਤੇ ਲਿਜਾਣ ਵਾਲਾ ਟਰੰਕ ਮੇਰੀ ਬੱਘੀ ਵਿਚ ਤੇ ਮੇਰੀ ਬੱਘੀ ਬੂਯਾਨ ਟਾਪੂ ਦੇ ਨੇੜੇ, ਡੂੰਘੇ ਸਮੁੰਦਰ ਵਿਚ। ਓਥੇ ਪਈਆਂ ਮੇਰੀ ਬੱਘੀ ਤੇ ਮੇਰੀ ਵਿਆਹ ਦੀ ਮੁੰਦਰੀ। ਤੇ ਜਿੰਨਾ ਚਿਰ ਤੂੰ ਇਹ ਨਹੀਂ ਲਿਆਉਂਦਾ, ਓਨਾ ਚਿਰ ਵਿਆਹ ਦੀ ਗੱਲ ਨਾ ਕਰਨਾ ਹੀ ਚੰਗਾ।"

ਜ਼ਾਰ ਨੇ ਆਪਣਾ ਤਾਜ ਲਾਹਿਆ ਤੇ ਆਪਣੀ ਧੌਣ ਤੇ ਖੁਰਕਿਆ।

"ਪਰ ਸਮੁੰਦਰ ਹੇਠੋਂ ਤੇਰੀ ਬੱਘੀ ਮੈਂ ਕਿਵੇਂ ਲਿਆਵਾਂ?"

"ਏਹ ਗੱਲ ਮੇਰੇ ਸੋਚਣ ਦੀ ਨਹੀਂ। ਜਿਵੇਂ ਜੀਅ ਆਵੇ ਕਰੋ।"

ਤੇ ਉਹ ਹਵਾ ਵਾਂਗ ਆਪਣੇ ਕਮਰੇ ਵਿਚ ਚਲੀ ਗਈ।

ਤੇ ਜ਼ਾਰ ਇਕੱਲਾ ਬੈਠਾ ਰਹਿ ਗਿਆ। ਉਹ ਬੈਠਾ ਰਿਹਾ, ਬੈਠਾ ਰਿਹਾ ਤੇ ਸੋਚਦਾ ਰਿਹਾ, ਸੋਚਦਾ ਰਿਹਾ ਤੇ ਅਖੀਰ ਉਹਨੂੰ ਛੋਟੇ ਇਵਾਨ ਹੁਸ਼ਿਆਰ ਜਵਾਨ ਦਾ ਚੇਤਾ ਆਇਆ।

"ਏਹੋ ਬੰਦਾ ਏ ਜਿਹੜਾ ਮੈਨੂੰ ਮੁੰਦਰੀ ਤੇ ਬੱਘੀ ਲਿਆਕੇ ਦੇਵੇਗਾ!"

ਸੋ ਉਹਨੇ ਛੋਟੇ ਇਵਾਨ ਨੂੰ ਤੁਰਤ ਸੱਦ ਭੇਜਿਆ ਤੇ ਉਸ ਨੂੰ ਆਖਿਆ :

"ਮੇਰੇ ਵਫਾਦਾਰ ਸੇਵਕ, ਛੋਟੇ ਇਵਾਨ ਹੁਸ਼ਿਆਰ ਜਵਾਨ, ਲੈ ਸੁਣ ਮੈਂ ਜੋ ਕਹਿੰਦਾ ਹਾਂ। ਆਪੇ-ਵਜਦੀ ਗੁਸਲੀ, ਨਚਣ ਵਾਲਾ ਹੰਸ ਤੇ ਗਾਉਣ ਵਾਲੀ ਬਿੱਲੀ ਮੈਨੂੰ ਤੇਰੇ ਬਿਨਾਂ ਕੋਈ ਨਾ ਲਿਆ ਕੇ ਦੇ ਸਕਿਆ। ਫੇਰ ਤੂੰ ਹੀ ਮੈਨੂੰ ਰੂਪਵੰਤੀ ਰਾਜਕੁਮਾਰੀ ਅਲੀਓਨਾ ਲਿਆਕੇ ਦਿੱਤੀ। ਹੁਣ ਇਕ ਹੋਰ ਤੀਜਾ ਕੰਮ ਵੀ ਕਰ—ਮੈਨੂੰ ਉਹਦੀ ਵਿਆਹ ਵਾਲੀ ਮੁੰਦਰੀ ਤੇ ਬੱਘੀ ਲਿਆ ਦੇ। ਇਹ ਮੁੰਦਰੀ ਉਹਦੇ ਸਫਰ ਤੇ ਲਿਜਾਣ ਵਾਲੇ ਟਰੰਕ ਵਿਚ ਪਈ ਏ, ਤੇ ਸਫਰ ਤੇ ਲਿਜਾਣ ਵਾਲਾ ਟਰੰਕ ਉਹਦੀ ਬੱਘੀ ਵਿਚ, ਤੇ ਉਹਦੀ ਬੱਘੀ—ਬੂਯਾਨ ਟਾਪੂ ਦੇ ਨੇੜੇ ਸਮੁੰਦਰ ਹੇਠਾਂ, ਤੇ ਇਹ ਸਭ ਚੀਜ਼ਾਂ ਤੈਨੂੰ ਮੇਰੀ ਖਾਤਰ ਲਿਆਉਣੀਆਂ ਪੈਣੀਆਂ ਨੇ। ਜੇ ਤੂੰ ਮੈਨੂੰ ਮੁੰਦਰੀ ਤੇ ਬੱਘੀ ਲਿਆ ਦਿੱਤੀ ਤਾਂ ਮੈਂ ਤੈਨੂੰ ਆਪਣੀ ਜ਼ਾਰਸ਼ਾਹੀ ਦੇ ਤੀਜੇ ਹਿੱਸੇ ਦਾ ਮਾਲਕ ਬਣਾ ਦਿਆਂਗਾ।"

ਛੋਟੇ ਇਵਾਨ ਹੁਸ਼ਿਆਰ ਜਵਾਨ ਨੇ ਆਖਿਆ :

"ਪਰ, ਹਜ਼ੂਰ, ਮੈਂ ਵੇਲ੍ਹ ਮੱਛੀ ਤਾਂ ਹੈ ਨਹੀਂ, ਕਿ ਨਹੀਂ? ਮੈਂ ਉਹਦੀ ਮੁੰਦਰੀ ਤੇ ਬੱਘੀ ਲਿਆਉਣ ਲਈ ਸਮੁੰਦਰ ਹੇਠਾਂ ਕਿਵੇਂ ਜਾ ਸਕਦਾਂ?"

ਜ਼ਾਰ ਨੂੰ ਗੁੱਸਾ ਚੜ੍ਹ ਗਿਆ, ਉਸ ਨੇ ਪੈਰ ਜ਼ਮੀਨ ਤੇ ਮਾਰਿਆ ਤੇ ਕੜਕਿਆ :

"ਹੁਣ ਨਾ ਕਰੀਂ ਏਹੋ ਜਿਹੀ ਕੋਈ ਗੱਲ! ਜ਼ਾਰ ਕੌਣ ਏ ਭਲਾ, ਤੂੰ ਜਾਂ ਮੈਂ? ਮੇਰਾ ਕੰਮ ਏ ਹੁਕਮ ਦੇਣਾ ਤੇ ਤੇਰਾ ਕੰਮ ਏ ਹੁਕਮ ਦੀ ਪਾਲਣਾ ਕਰਨਾ! ਚੀਜ਼ਾਂ ਲੈ ਆਵੇਂਗਾ, ਤੈਨੂੰ ਇਨਾਮ ਮਿਲਣਗੇ, ਜੇ ਨਹੀਂ—ਤਾਂ ਤੇਰਾ ਸਿਰ ਲਾਹ ਦਿੱਤਾ ਜਾਏਗਾ!"

ਸੋ ਸੁਣੱਖਾ ਗਭਰੂ ਅਸਤਬਲ ਵਿਚ ਆ ਗਿਆ। ਤੇ ਉਸ ਨੇ ਆਪਣੀ ਸੁਨਹਿਰੀ ਅਯਾਲ ਵਾਲੀ ਘੋੜੀ ਉਤੇ ਕਾਠੀ ਪਾਈ, ਤੇ ਘੋੜੀ ਨੇ ਪੁਛਿਆ: "ਕਿਤੇ ਦੂਰ ਜਾਣਾ ਏ, ਮਾਲਕ?"

"ਇਹ ਤਾਂ ਮੈਨੂੰ ਆਪ ਨੂੰ ਪਤਾ ਨਹੀਂ, ਪਰ ਜਾਣਾ ਪੈਣਾ ਏ, ਹਰ ਹਾਲਤ ਵਿਚ। ਜ਼ਾਰ ਨੇ ਮੈਨੂੰ ਰਾਜਕੁਮਾਰੀ ਦੀ ਮੁੰਦਰੀ ਤੇ ਬੱਘੀ ਲਿਆਉਣ ਦਾ ਹੁਕਮ ਦਿਤੈ। ਮੁੰਦਰੀ ਉਹਦੇ ਸਫ਼ਰ ਤੇ ਲਿਜਾਣ ਵਾਲੇ ਟਰੰਕ ਵਿਚ ਪਈ ਏ, ਤੇ ਸਫ਼ਰ ਤੇ ਲਿਜਾਣ ਵਾਲਾ ਟਰੰਕ ਉਹਦੀ ਬੱਘੀ ਵਿਚ, ਤੇ ਬੱਘੀ ਬੂਯਾਨ ਟਾਪੂ ਦੇ ਨੇੜੇ, ਸਮੁੰਦਰ ਹੇਠਾਂ, ਤੇ ਏਹ ਚੀਜ਼ਾਂ ਲੈਣ ਜਾਣਾ ਏ ਅਸੀਂ।"

ਤੇ ਸੁਨਹਿਰੀ ਅਯਾਲ ਵਾਲੀ ਘੋੜੀ ਨੇ ਆਖਿਆ :

"ਹੁਣ ਤੱਕ ਅਸੀਂ ਜਿੰਨੇ ਕੰਮ ਕੀਤੇ ਨੇ, ਏਹ ਉਹਨਾਂ ਸਾਰਿਆਂ ਨਾਲੋਂ ਔਖਾ ਏ। ਜਾਣਾ ਤੇ ਬਹੁਤੀ ਦੂਰ ਨਹੀਂ, ਪਰ ਅੰਤ ਦੁਖਦਾਈ ਹੋ ਸਕਦੈ। ਮੈਨੂੰ ਪਤਾ ਏ ਕਿ ਬੱਘੀ ਕਿੱਥੇ ਖੜੀ ਏ, ਪਰ ਇਸ ਨੂੰ ਲਿਆਉਣਾ ਸੌਖਾ ਨਹੀਂ। ਮੈਂ ਸਮੁੰਦਰ ਦੇ ਹੇਠਾਂ ਜਾਵਾਂਗੀ ਤੇ ਆਪਣੇ ਆਪ ਨੂੰ ਬੱਘੀ ਨਾਲ ਬੰਨ੍ਹ ਲਵਾਂਗੀ ਤੇ ਇਸ ਨੂੰ ਬਾਹਰ ਖਿੱਚ ਲਿਆਵਾਂਗੀ। ਜੇ ਮੈਂ ਸਮੁੰਦਰੀ ਘੋੜਿਆਂ ਦੇ ਕਾਬੂ ਨਾ ਆ ਗਈ ਤਾਂ ਮੇਰਾ ਵਾਲ ਵਿੰਗਾ ਨਹੀਂ, ਪਰ ਜੇ ਕਾਬੂ ਆ ਗਈ, ਫੇਰ ਤੂੰ ਕਦੇ ਨਾ ਮੈਨੂੰ ਵੇਖੇਂਗਾ ਤੇ ਨਾ ਹੀ ਬੱਘੀ ਨੂੰ।"

ਛੋਟਾ ਇਵਾਨ ਹੁਸ਼ਿਆਰ ਜਵਾਨ ਸੋਚੀਂ ਪੈ ਗਿਆ। ਉਹ ਸੋਚਦਾ ਰਿਹਾ, ਸੋਚਦਾ ਰਿਹਾ ਤੇ ਅਖੀਰ ਉਸ ਨੂੰ ਇਕ ਤਰੀਕਾ ਸੁਝ ਗਿਆ।

ਤੇ ਫੇਰ ਉਹ ਜ਼ਾਰ ਕੋਲ ਗਿਆ।

"ਹਜ਼ੂਰ," ਉਸ ਨੇ ਆਖਿਆ, "ਮੈਨੂੰ ਬਾਰਾਂ ਬੌਲਦਾਂ ਦੀਆਂ ਖੱਲ੍ਹਾਂ, ਬਾਰਾਂ ਪੂਡ* ਲੁਕ-ਚੜ੍ਹੀ ਰੱਸੀ, ਬਾਰਾਂ ਪੂਡ ਲੁਕ ਤੇ ਇਕ ਦੇਗ ਚਾਹੀਦੀ ਏ।"

"ਜੋ ਮਰਜ਼ੀ ਲੈ ਜਾ ਤੇ ਜਿੰਨਾ ਚਾਹੀਦਾ ਈ ਲੈ ਜਾ," ਜ਼ਾਰ ਨੇ ਆਖਿਆ, "ਪਰ ਫਟਾ ਫਟ ਏਹ ਕੰਮ ਮੁਕਾ।"

---

* ਇਕ ਪੂਡ ੧੬ ਕਿਲੋਗ੍ਰਾਮ ਦੇ ਬਰਾਬਰ ਹੁੰਦਾ ਹੈ।—**ਅਨੁ**:

ਸੋ ਸੁਣੱਖੇ ਗਭਰੂ ਨੇ ਬੌਲਦਾਂ ਦੀਆਂ ਖੱਲਾਂ, ਰੱਸੀ ਤੇ ਲੁਕ ਦੀ ਭਰੀ ਦੇਗ ਨੂੰ ਇਕ ਛਕੜੇ ਤੇ ਲੱਦ ਲਿਆ, ਇਸ ਨੂੰ ਆਪਣੀ ਘੋੜੀ ਜੋੜੀ ਤੇ ਤੁਰ ਪਿਆ।

ਹੌਲੀ ਹੌਲੀ ਉਹ ਸਮੁੰਦਰ ਦੇ ਕੰਢੇ, ਜ਼ਾਰ ਦੀਆਂ ਰਾਖਵੀਆਂ ਚਰਾਂਦਾਂ ਵਿਚ ਆ ਗਿਆ। ਤੇ ਏਥੇ ਪਹੁੰਚ ਕੇ ਉਹਨੇ ਖੱਲਾਂ ਘੋੜੀ ਉਤੇ ਪਾ ਦਿੱਤੀਆਂ ਤੇ ਇਹਨਾਂ ਨੂੰ ਰੱਸੀ ਨਾਲ ਘੁਟ ਕੇ ਬੰਨ੍ਹ ਦਿੱਤਾ।

"ਜੇ ਸਮੁੰਦਰੀ ਘੋੜਿਆਂ ਨੇ ਤੈਨੂੰ ਵੇਖ ਲਿਆ, ਤਾਂ ਉਹ ਛੇਤੀ ਕੀਤਿਆਂ ਏਹਨਾਂ ਦੇ ਵਿਚੋਂ ਦੀ ਤੈਨੂੰ ਚੱਕ ਨਹੀਂ ਮਾਰ ਸਕਣਗੇ।"

ਉਹਨੇ ਬਾਰਾਂ ਦੀਆਂ ਬਾਰਾਂ ਖੱਲਾਂ ਲਪੇਟ ਦਿੱਤੀਆਂ ਤੇ ਬਾਰਾਂ ਪੂੜ ਰੱਸੀ ਉਹਨਾਂ ਉਤੇ ਕੱਸ ਕੇ ਬੰਨ੍ਹ ਦਿੱਤੀ। ਫੇਰ ਉਸ ਨੇ ਲੁਕ ਗਰਮ ਕੀਤੀ ਤੇ ਸਾਰੀ ਦੀ ਸਾਰੀ ਬਾਰਾਂ ਪੂੜ ਏਹਦੇ ਉਤੇ ਡੋਲ੍ਹ ਦਿੱਤੀ।

"ਹੁਣ ਨਹੀਂ ਮੈਨੂੰ ਸਮੁੰਦਰੀ ਘੋੜਿਆਂ ਦਾ ਕੋਈ ਡਰ," ਸੁਨਹਿਰੀ ਅਯਾਲ ਵਾਲੀ ਘੋੜੀ ਨੇ ਆਖਿਆ। "ਏਥੇ ਚਰਾਂਦਾਂ ਵਿਚ ਬੈਠ ਤੇ ਤਿੰਨ ਦਿਨ ਤੱਕ ਮੇਰੀ ਉਡੀਕ ਕਰ। ਆਪਣੀ ਗੁਸਲੀ ਵਜਾਉਂਦਾ ਰਹੀਂ ਤੇ ਆਪਣੀਆਂ ਅੱਖਾਂ ਬੰਦ ਨਾ ਕਰੀਂ।"

ਤੇ ਉਹਨੇ ਸਮੁੰਦਰ ਵਿਚ ਛਾਲ ਮਾਰ ਦਿਤੀ ਤੇ ਪਾਣੀ ਵਿਚ ਲੋਪ ਹੋ ਗਈ।

ਅਤੇ ਛੋਟਾ ਇਵਾਨ ਹੁਸ਼ਿਆਰ ਜਵਾਨ ਸਮੁੰਦਰ ਦੇ ਕੰਢੇ ਇਕੱਲਾ ਰਹਿ ਗਿਆ। ਇਕ ਦਿਨ ਬੀਤਿਆ, ਫੇਰ ਦੂਜਾ ਦਿਨ ਬੀਤਿਆ, ਤੇ ਹਾਲੇ ਤੱਕ ਉਹ ਜਾਗਦਾ ਸੀ, ਆਪਣੀ ਗੁਸਲੀ ਵਜਾ ਰਿਹਾ ਸੀ ਅਤੇ ਸਮੁੰਦਰ ਵੱਲ ਵੇਖੀ ਜਾ ਰਿਹਾ ਸੀ। ਪਰ ਤੀਜੇ ਦਿਨ ਉਹਦੀਆਂ ਅੱਖਾਂ ਭਾਰੀਆਂ ਹੋ ਗਈਆਂ ਤੇ ਉਹ ਊਂਘਣ ਲਗ ਪਿਆ—ਗੁਸਲੀ ਵੀ ਉਹਦੀ ਕੋਈ ਮਦਦ ਨਾ ਕਰ ਸਕੀ। ਉਹ ਨੀਂਦ ਨਾਲ ਬਥੇਰਾ ਘੁਲਿਆ, ਜਿੰਨਾ ਘੁਲ ਸਕਦਾ ਸੀ ਘੁਲਿਆ, ਪਰ ਅਖੀਰ ਨੀਂਦ ਨੇ ਉਹਨੂੰ ਦਬਾ ਲਿਆ।

ਉਹਨੂੰ ਸੁਤੇ ਨੂੰ ਅਜੇ ਬਹੁਤਾ ਚਿਰ ਹੋਇਆ ਸੀ, ਜਾਂ ਖਬਰੇ ਨਹੀਂ ਸੀ ਹੋਇਆ ਕਿ ਉਸ ਨੇ ਘੋੜੀ ਦੀਆਂ ਟਾਪਾਂ ਦੀ ਆਵਾਜ਼ ਸੁਣੀ ਤੇ ਉਸ ਨੇ ਧਿਆਨ ਉਪਰ ਕੀਤਾ। ਤੇ ਉਹ ਕੀ ਵੇਖਦਾ ਹੈ ਕੇ ਉਹਦੀ ਘੋੜੀ ਸਮੁੰਦਰ ਕੰਢੇ ਛਾਲਾਂ ਮਾਰਦੀ ਆ ਰਹੀ ਹੈ ਤੇ ਆਪਣੇ ਪਿਛੇ ਬੱਘੀ ਖਿੱਚੀ ਆਉਂਦੀ ਹੈ। ਸੁਨਹਿਰੀ ਅਯਾਲਾਂ ਵਾਲੇ ਛੇ ਸਮੁੰਦਰੀ ਘੋੜੇ ਉਹਦੀਆਂ ਵੱਖੀਆਂ ਨੂੰ ਚੰਬੜੇ ਹੋਏ ਹਨ।

ਛੋਟਾ ਇਵਾਨ ਹੁਸ਼ਿਆਰ ਜਵਾਨ ਭੱਜ ਕੇ ਉਹਨੂੰ ਜਾ ਮਿਲਿਆ, ਤੇ ਸੁਨਹਿਰੀ ਅਯਾਲ ਵਾਲੀ ਘੋੜੀ ਨੇ ਆਖਿਆ:

"ਜੇ ਤੂੰ ਮੇਰੇ ਉਤੇ ਬੌਲਦਾਂ ਦੀਆਂ ਖੱਲਾਂ ਨਾ ਪਾਈਆਂ ਹੁੰਦੀਆਂ ਤੇ ਏਹਨਾਂ ਨੂੰ ਬੰਨ੍ਹਿਆ ਤੇ ਉਤੇ ਲੁਕ ਨਾ ਪਾਇਆ ਹੁੰਦਾ, ਤੂੰ ਕਦੇ ਮੇਰਾ ਮੂੰਹ ਨਹੀਂ ਸੀ ਵੇਖਣਾ। ਏਹਨਾਂ ਸਮੁੰਦਰੀ ਘੋੜਿਆਂ ਦਾ ਏਜੜ ਮੇਰੇ ਉਤੇ ਟੁਟ ਪਿਆ। ਨੌ ਖੱਲਾਂ ਉਹਨਾਂ ਲੀਰਾਂ ਲੀਰਾਂ ਕਰ ਸੁੱਟੀਆਂ ਤੇ ਦੋ ਹੋਰ ਸਾਰੀਆਂ

ਪਾਟ ਗਈਆਂ। ਤੇ ਏਹਨਾਂ ਛੇ ਸਮੁੰਦਰੀ ਘੋੜਿਆਂ ਦੇ ਦੰਦ ਰੱਸੀਆਂ ਤੇ ਲੁਕ ਵਿਚ ਇਉਂ ਖੁਭ ਗਏ ਕਿ ਉਹ ਫੇਰ ਵਿਚੋਂ ਨਿਕਲੇ ਹੀ ਨਹੀਂ। ਪਰ ਏਹ ਚੰਗਾ ਹੀ ਹੋਇਆ, ਤੇਰੇ ਕੰਮ ਆਉਣਗੇ।''

ਸੋ ਸੁਣੱਖੇ ਗਭਰੂ ਨੇ ਸਮੁੰਦਰੀ ਘੋੜਿਆਂ ਨੂੰ ਜ਼ੰਜੀਰ ਪਾਏ, ਆਪਣੀ ਚਾਬਕ ਕੱਢੀ ਤੇ ਲੱਗਾ ਉਹਨਾਂ ਨੂੰ ਮਤ ਸਿਖਾਉਣ। ਤੇ ਜਦੋਂ ਉਸ ਨੇ ਉਹਨਾਂ ਦੇ ਪਾਸੇ ਭੰਨੇ ਤਾਂ ਉਸ ਨੇ ਆਖਿਆ:

''ਮੈਨੂੰ ਮਾਲਕ ਮੰਨੋਗੇ ਕਿ ਨਹੀਂ? ਮੇਰਾ ਹੁਕਮ ਮੰਨੋਗੇ ਕਿ ਨਹੀਂ? ਜੇ ਨਹੀਂ ਤਾਂ ਮੈਂ ਤੁਹਾਡੀ ਜਿਊਂਦਿਆਂ ਦੀ ਖੱਲ ਲਾਹ ਸੁੱਟੂ ਤੇ ਤੁਹਾਡੀਆਂ ਲੋਥਾਂ ਬਘਿਆੜਾਂ ਅੱਗੇ ਸੁਟ ਦਊਂ।''

ਫੇਰ ਸਮੁੰਦਰੀ ਘੋੜਿਆਂ ਨੇ ਗੋਡੇ ਟੇਕ ਦਿਤੇ ਤੇ ਰਹਿਮ ਲਈ ਤਰਲੇ ਕਰਨ ਲਗੇ:

''ਸਾਨੂੰ ਮਾਰ ਨਾ, ਸੁਣੱਖਿਆ ਗਭਰੂਆ, ਸਾਡੇ ਪਾਸੇ ਨਾ ਭੰਨ, ਅਸੀਂ ਤੇਰੇ ਹਰ ਹੁਕਮ ਦਾ ਪਾਲਣ ਕਰਾਂਗੇ ਤੇ ਵਫ਼ਾਦਾਰ ਰਹਿ ਕੇ ਸੇਵਾ ਕਰਾਂਗੇ, ਤੇ ਜੇ ਤੇਰੇ 'ਤੇ ਭੀੜ ਆ ਬਣੀ, ਤਾਂ ਮਦਦ ਕਰਕੇ ਔਖ ਵਿਚੋਂ ਕਢਾਂਗੇ।''

ਸੋ ਇਵਾਨ ਨੇ ਉਹਨਾਂ ਨੂੰ ਮਾਰਨਾ ਕੁਟਣਾ ਬੰਦ ਕਰ ਦਿੱਤਾ ਤੇ ਸੱਤਾਂ ਨੂੰ ਹੀ ਬੱਘੀ ਅੱਗੇ ਜੋੜ ਲਿਆ ਤੇ ਹਨੇਰੀ ਵਾਂਗ ਜ਼ਾਰ ਦੇ ਬਾਹਰਲੇ ਬੂਹੇ ਅੱਗੇ ਆ ਗਿਆ। ਆਪਣੀ ਘੋੜੀ ਤੇ ਸਮੁੰਦਰੀ ਘੋੜਿਆਂ ਨੂੰ ਉਹ ਅਸਤਬਲ ਵਿਚ ਛੱਡ ਆਇਆ ਤੇ ਆਪ ਜ਼ਾਰ ਕੋਲ ਚਲਾ ਗਿਆ।

''ਬੱਘੀ ਸੰਭਾਲੋ, ਹਜ਼ੂਰ, ਤੁਹਾਡੀ ਡਿਉੜੀ ਅੱਗੇ ਖੜੀ ਏ ਤੇ ਸਾਰਾ ਦਾਜ ਦੌਣ ਵੀ ਉਹਦੇ ਵਿਚ ਪਿਐ।''

ਪਰ ਜ਼ਾਰ ਨੇ ਉਹਦਾ ਧੰਨਵਾਦ ਵੀ ਨਾ ਕੀਤਾ। ਉਹ ਭੱਜਾ ਭੱਜਾ ਸਿੱਧਾ ਬੱਘੀ ਕੋਲ ਆਇਆ, ਟਰੰਕ ਚੁੱਕਿਆ ਤੇ ਰੂਪਵੰਤੀ ਰਾਜਕੁਮਾਰੀ ਅਲੀਓਨਾ ਕੋਲ ਲੈ ਗਿਆ।

''ਲੈ, ਅਲੀਓਨਾ, ਰੂਪਵੰਤੀ ਰਾਜਕੁਮਾਰੀ, ਮੈਂ ਤੇਰੇ ਸਾਰੇ ਚਾਅ ਮਲ੍ਹਾਰ ਪੂਰੇ ਕਰ ਦਿੱਤੇ ਨੇ। ਆਹ ਈ ਤੇਰੀ ਮੁੰਦਰੀ ਤੇ ਟਰੰਕ, ਤੇ ਬੱਘੀ ਤੇਰੀ ਉਡੀਕ ਵਿਚ ਬਾਹਰ ਖੜੀ ਏ। ਬੋਲ ਹੁਣ, ਅਸੀਂ ਵਿਆਹ ਕਿਸ ਦਿਨ ਕਰਾਉਣੈ, ਕਿਹੜੇ ਦਿਨ ਦਾ ਮਹਿਮਾਨਾਂ ਨੂੰ ਸੱਦਾ ਦੇਈਏ?''

ਪਰ ਰੂਪਵੰਤੀ ਰਾਜਕੁਮਾਰੀ ਨੇ ਜਵਾਬ ਦਿੱਤਾ:

''ਵਿਆਹ ਮੈਂ ਜ਼ਰੂਰ ਕਰਵਾ ਲਊਂ, ਤੇ ਛੇਤੀ ਹੀ ਅਸੀਂ ਵਿਆਹ ਦਾ ਉਤਸਵ ਮਨਾਵਾਂਗੇ। ਪਰ ਮੈਨੂੰ ਏਹ ਨਹੀਂ ਚੰਗਾ ਲਗਦਾ ਕਿ ਵਿਆਹ ਦੇ ਦਿਨ ਤੂੰ ਬੁਢਾ ਲੱਗੇਂ ਤੇ ਤੇਰੇ ਧੌਲੇ ਨਜ਼ਰ ਆਉਣ। ਲੋਕ ਕੀ ਆਖਣਗੇ? ਉਹ ਸੱਚ ਮੁਚ ਸਾਡਾ ਮਖੌਲ ਉਡਾਉਣਗੇ: 'ਵੇਖੋ ਬੁਢਾ ਠੇਰਾ ਮੁਟਿਆਰ ਕੁੜੀ ਨਾਲ ਵਿਆਹ ਕਰਾਉਣ ਲੱਗਾ ਜੇ! ਏਹਨੂੰ ਪਤਾ ਨਹੀਂ ਪਈ ਬੁੱਢੇ ਖਸਮ ਦੀ ਜਵਾਨ ਵਹੁਟੀ ਉਹਨੂੰ ਛਡ ਕੇ ਹਰ ਇਕ ਨੂੰ ਪਸੰਦ ਕਰਦੀ ਏ?' ਤੈਨੂੰ ਪਤਾ ਏ, ਜਿੱਨੇ ਮੂੰਹ ਓਨੀਆਂ ਗੱਲਾਂ! ਕਿਸ ਕਿਸ ਨੂੰ ਕੋਈ ਰੋਕੇ। ਜੇ ਤੂੰ ਵਿਆਹ ਤੋਂ ਪਹਿਲਾਂ ਜਵਾਨ ਬਣ ਜਾਏਂ ਤਾਂ ਸਭ ਕੁਝ ਠੀਕ ਠਾਕ ਹੋ ਜਾਵੇ।''

ਤੇ ਜ਼ਾਰ ਨੇ ਆਖਿਆ :

"ਜਵਾਨ ਤਾਂ ਮੈਂ ਖ਼ੁਸ਼ੀ ਨਾਲ ਬਣ ਜਾਵਾਂ, ਪਰ ਏਹ ਤਾਂ ਦੱਸ ਪਈ ਕਿਵੇਂ। ਸਾਡੀ ਜ਼ਾਰਸ਼ਾਹੀ ਵਿਚ ਏਦਾਂ ਦੀ ਗੱਲ ਕਦੇ ਵੇਖੀ ਸੁਣੀ ਨਹੀਂ।"

ਸੋ ਅਲੀਓਨਾ ਰੂਪਵੰਤੀ ਰਾਜਕੁਮਾਰੀ ਨੇ ਉਸ ਨੂੰ ਆਖਿਆ :

"ਤਾਂਬੇ ਦੀਆਂ ਤਿੰਨ ਵੱਡੀਆਂ ਵੱਡੀਆਂ ਦੇਗਾਂ ਲੈ ਤੇ ਇਕ ਨੂੰ ਦੁੱਧ ਨਾਲ ਭਰ ਲੈ ਤੇ ਦੋ ਦੇਗਾਂ ਵਿਚ ਚਸ਼ਮੇ ਦਾ ਪਾਣੀ ਭਲ ਲੈ। ਦੁਧ ਤੇ ਪਾਣੀ ਵਾਲੀ ਇਕ ਦੇਗ ਹੇਠਾਂ ਅੱਗ ਬਾਲ ਤੇ ਜਦੋਂ ਏਹ ਉਬਲਣ ਲੱਗ ਪੈਣ ਤਾਂ ਤੂੰ ਪਹਿਲਾਂ ਦੁਧ ਵਾਲੀ ਦੇਗ ਵਿਚ ਛਾਲ ਮਾਰ, ਫੇਰ ਗਰਮ ਪਾਣੀ ਵਾਲੀ ਦੇਗ ਵਿਚ ਤੇ ਅਖੀਰ ਠੰਡੇ ਪਾਣੀ ਵਾਲੀ ਦੇਗ ਵਿਚ। ਤੇ ਜਦੋਂ ਤੂੰ ਤਿੰਨਾਂ ਦੇਗਾਂ ਵਿਚ ਆਪਣੇ ਸਰੀਰ ਨੂੰ ਡੋਬਾ ਦੇ ਲਵੇਗਾ ਤਾਂ ਤੂੰ ਇਉਂ ਜਵਾਨ ਤੇ ਸੁਹਣਾ ਲੱਗੇਂਗਾ ਜਿਵੇਂ ਵੀਹ ਵਰ੍ਹਿਆਂ ਦਾ ਹੋਵੇਂ।"

"ਪਰ ਮੈਂ ਝੁਲਸਿਆ ਨਾ ਜਾਊਂ?" ਜ਼ਾਰ ਨੇ ਪੁਛਿਆ।

"ਮੇਰੀ ਜ਼ਾਰਸ਼ਾਹੀ ਵਿਚ ਕੋਈ ਵੀ ਬੁਢਾ ਬੰਦਾ ਨਹੀਂ। ਸਾਰੇ ਏਦਾਂ ਹੀ ਕਰਦੇ ਨੇ ਤੇ ਕਦੇ ਕੋਈ ਝੁਲਸਿਆ ਗਿਆ ਸੁਣਿਆ ਨਹੀਂ।"

ਸੋ ਜ਼ਾਰ ਨੇ ਜਾਕੇ ਸਭ ਕੁਝ ਉਸ ਤਰ੍ਹਾਂ ਤਿਆਰ ਕਰ ਲਿਆ ਜਿਸ ਤਰ੍ਹਾਂ ਅਲੀਓਨਾ ਨੇ ਉਸ ਨੂੰ ਆਖਿਆ ਸੀ। ਪਰ ਜਦੋਂ ਦੁਧ ਤੇ ਪਾਣੀ ਵਾਲੀ ਇਕ ਦੇਗ ਉਬਾਲੇ ਖਾਣ ਲੱਗ ਪਈ ਤਾਂ ਉਹ ਫੇਰ ਆਪਣੇ ਆਪ ਨੂੰ ਤਿਆਰ ਨਾ ਕਰ ਸਕਿਆ ਤੇ ਡਰ ਗਿਆ। ਤੇ ਉਹ ਲੱਗਾ ਦੇਗਾਂ ਦੇ ਆਲੇ ਦੁਆਲੇ ਚਕਰ ਲਾਉਣ ਤੇ ਅਚਾਨਕ ਉਹਦੇ ਦਿਮਾਗ ਵਿਚ ਇਕ ਫੁਰਨਾ ਫੁਰਿਆ :

"ਮੈਂ ਸੋਚਣ ਕੀ ਡਿਹਾ ਆਂ? ਛੋਟੇ ਇਵਾਨ ਹੁਸ਼ਿਆਰ ਜਵਾਨ ਨੂੰ ਪਹਿਲਾਂ ਏਨ੍ਹਾਂ ਵਿਚ ਵਾੜਦਾ ਆਂ ਤੇ ਆਪੇ ਪਤਾ ਲਗ ਜਾਊ। ਜੇ ਸਭ ਕੁਝ ਠੀਕ ਠਾਕ ਰਿਹਾ, ਤਾਂ ਮੈਂ ਚੁੱਭੀ ਮਾਰ ਲਵਾਂਗਾ। ਜੇ ਉਹ ਝੁਲਸਿਆ ਗਿਆ, ਤਾਂ ਉਹਨੂੰ ਰੋਣ ਵਾਲਾ ਹੀ ਕੌਣ ਏ। ਉਹਦੇ ਸਾਰੇ ਘੋੜੇ ਮੇਰੇ ਕੋਲ ਰਹਿ ਜਾਣਗੇ ਤੇ ਮੈਨੂੰ ਇਕਰਾਰ ਮੁਤਾਬਿਕ ਜ਼ਾਰਸ਼ਾਹੀ ਦਾ ਤੀਜਾ ਹਿੱਸਾ ਨਾ ਦੇਣਾ ਪਊ।"

ਤੇ ਉਹਨੇ ਛੋਟੇ ਇਵਾਨ ਹੁਸ਼ਿਆਰ ਜਵਾਨ ਨੂੰ ਸੱਦ ਭੇਜਿਆ।

"ਕੀ ਚਾਹੁੰਦੇ ਓ, ਹਜ਼ੂਰ? ਤੁਹਾਨੂੰ ਪਤਾ ਹੋਣਾ ਚਾਹੀਦੈ ਕਿ ਮੈਂ ਹੁਣੇ ਅਜੇ ਸਫਰ ਤੋਂ ਮੁੜਿਆਂ ਤੇ ਮੈਨੂੰ ਆਰਾਮ ਕਰਨ ਦੀ ਲੋੜ ਏ।"

"ਮੈਂ ਤੈਨੂੰ ਬਹੁਤਾ ਚਿਰ ਨਹੀਂ ਅਟਕਾਉਂਦਾ—ਬੱਸ ਏਹਨਾਂ ਦੇਗਾਂ ਵਿਚ ਇਕ ਚੁਭੀ ਲਾ ਤੇ ਫੇਰ ਜਾ ਕੇ ਆਰਾਮ ਕਰ।"

ਛੋਟੇ ਇਵਾਨ ਨੇ ਦੇਗਾਂ ਵਿਚ ਨਜ਼ਰ ਮਾਰੀ। ਦੁਧ ਵਾਲੀ ਦੇਗ ਤੇ ਇਕ ਪਾਣੀ ਵਾਲੀ ਦੇਗ ਉਬਾਲੇ ਖਾ ਰਹੀਆਂ ਸਨ ਤੇ ਤੀਜੀ ਵਿਚ ਠੰਡਾ ਤੇ ਨਿਰਮਲ ਪਾਣੀ ਸੀ।

"ਤੁਸੀਂ ਮੈਨੂੰ ਜਿਊਂਦੇ ਨੂੰ ਉਬਾਲਣਾ ਤਾਂ ਨਹੀਂ ਚਾਹੁੰਦੇ, ਹਜ਼ੂਰ?" ਉਸ ਨੇ ਆਖਿਆ। "ਵਫਾਦਾਰੀ ਨਾਲ ਕੀਤੀ ਮੇਰੀ ਸੇਵਾ ਦਾ ਇਹ ਬਦਲਾ?"

"ਓਏ, ਨਹੀਂ, ਇਵਾਨ। ਵੇਖੇਂ ਨਾ, ਜੇ ਕੋਈ ਬੁਢਾ ਏਹਨਾਂ ਵਿਚ ਨਹਾ ਲਵੇ ਤਾਂ ਵੀਹਾਂ ਵਰ੍ਹਿਆਂ ਦਾ ਸੁਹਣਾ ਜਵਾਨ ਬਣ ਜਾਂਦਾ ਏ।"

"ਤੇ ਮੈਂ ਅਜੇ ਬੁਢਾ ਤਾਂ ਨਹੀਂ ਹੋਇਆ, ਹਜ਼ੂਰ, ਤੇ ਮੈਨੂੰ ਹੋਰ ਜਵਾਨ ਬਣਨ ਦੀ ਲੋੜ ਨਹੀਂ।"

ਜ਼ਾਰ ਦਾ ਪਾਰਾ ਚੜ੍ਹਨ ਲਗ ਪਿਆ।

"ਤੂੰ ਕਿੱਦਾਂ ਦਾ ਝਗੜਾਲੂ ਏਂ, ਪਿਆਰੇ! ਹਰ ਵੇਲੇ ਦਲੀਲਬਾਜ਼ੀ। ਜੇ ਤੂੰ ਆਪ ਏਹਨਾਂ ਵਿਚ ਚੁੱਭੀ ਨਾ ਮਾਰੀ ਤਾਂ ਮੈਂ ਤੈਨੂੰ ਚੁਕ ਕੇ ਵਿਚ ਸੁਟ ਦਿਆਂਗਾ। ਜਾਪਦਾ ਏ ਤੂੰ ਆਪਣੀ ਤਬਾਹੀ ਦਾ ਸਵਾਦ ਵੇਖਣਾ ਚਾਹੁਨੈਂ, ਗਭਰੂਆ!"

ਪਰ ਏਨੇ ਨੂੰ ਰੂਪਵੰਤੀ ਰਾਜਕੁਮਾਰੀ ਅਲੀਓਨਾ ਆਪਣੇ ਕਮਰੇ ਵਿਚੋਂ ਭੱਜੀ ਭੱਜੀ ਆ ਗਈ ਤੇ ਉਹਨੇ ਮੌਕਾ ਤਾੜ ਕੇ ਉਹਦੇ ਕੰਨਾਂ ਵਿਚ ਘੁਸਰ ਮੁਸਰ ਕੀਤੀ ਜਿਸ ਦਾ ਕਿਸੇ ਨੂੰ ਪਤਾ ਨਾ ਲਗਾ:

"ਚੁਭੀ ਮਾਰਨ ਤੋਂ ਪਹਿਲਾਂ ਆਪਣੀ ਸੁਨਹਿਰੀ ਅਯਾਲ ਵਾਲੀ ਘੋੜੀ ਤੇ ਸਮੁੰਦਰੀ ਘੋੜਿਆਂ ਨੂੰ ਖਬਰ ਕਰ ਦੇ। ਫੇਰ ਤੂੰ ਨਿਡਰ ਹੋਕੇ ਨਹਾ ਸਕਦੈਂ।"

ਤੇ ਜ਼ਾਰ ਨੂੰ ਉਸ ਨੇ ਆਖਿਆ:

"ਮੈਂ ਵੇਖਣ ਆਈ ਸਾਂ ਕਿ ਜਿਵੇਂ ਮੈਂ ਤੈਨੂੰ ਆਖਿਆ ਸੀ, ਸਭ ਕੁਝ ਉਵੇਂ ਤਿਆਰ ਹੋ ਗਿਐ।" ਤੇ ਉਹ ਦੇਗਾਂ ਦੇ ਕੋਲ ਗਈ ਤੇ ਇਹਨਾਂ ਵਿਚ ਝਾਤੀ ਮਾਰੀ।

"ਸਭ ਕੁਝ ਠੀਕ ਠਾਕ ਏ" ਉਸ ਨੇ ਆਖਿਆ। "ਹੁਣ ਤੂੰ ਨਹਾ ਲੈ ਤੇ ਮੈਂ ਵਿਆਹ ਦੀਆਂ ਤਿਆਰੀਆਂ ਕਰਦੀ ਆਂ।"

ਤੇ ਫੇਰ ਉਹ ਆਪਣੇ ਕਮਰੇ ਵਿਚ ਚਲੀ ਗਈ।

ਛੋਟੇ ਇਵਾਨ ਨੇ ਜ਼ਾਰ ਨੂੰ ਇਕ ਨਜ਼ਰ ਵੇਖਿਆ ਤੇ ਆਖਿਆ:

"ਠੀਕ ਏ, ਮੈਂ ਇਕ ਵਾਰ ਹੋਰ ਤੁਹਾਨੂੰ ਖੁਸ਼ ਕਰ ਦਿਆਂਗਾ, ਆਖਰੀ ਵਾਰ। ਦੋ ਵਾਰੀ ਤਾਂ ਮਰਨਾ ਨਹੀਂ, ਤੇ ਮੌਤ ਨੂੰ ਕੋਈ ਝਾਂਸਾ ਦੇ ਨਹੀਂ ਸਕਦਾ। ਸਿਰਫ ਮੈਨੂੰ ਜਾਕੇ ਆਪਣੀ ਸੁਨਹਿਰੀ ਅਯਾਲ ਵਾਲੀ ਘੋੜੀ ਨੂੰ ਆਖਰੀ ਵਾਰ ਵੇਖ ਆਉਣ ਦਿਓ। ਖਬਰੇ ਮੈਂ ਉਹਨੂੰ ਅੰਤਮ ਵਾਰ ਹੀ ਵੇਖ ਰਿਹਾ ਹੋਵਾਂ, ਤੇ ਅਸੀਂ ਇਕੱਠਿਆਂ ਕਿੰਨਾ ਪੈਂਡਾ ਮਾਰਿਐ।"

"ਜਾ, ਪਰ ਬਹੁਤਾ ਚਿਰ ਨਾ ਲਾਈਂ।"

ਸੋ ਛੋਟਾ ਇਵਾਨ ਅਸਤਬਲ ਵਿਚ ਗਿਆ ਤੇ ਸਾਰੀ ਗੱਲ ਆਪਣੀ ਘੋੜੀ ਤੇ ਸਮੁੰਦਰੀ ਘੋੜਿਆਂ ਨੂੰ ਜਾ ਦੱਸੀ।

"ਜਦੋਂ ਤੂੰ ਤੀਜੀ ਵਾਰ ਸਾਡਾ ਫਰਾਟਾ ਸੁਣ ਲਵੇਂ," ਉਹਨਾਂ ਆਖਿਆ, "ਚੁੱਭੀ ਲਾ ਲਵੀਂ ਤੇ ਡਰੀਂ ਨਾ।"

ਫੇਰ ਇਵਾਨ ਜ਼ਾਰ ਕੋਲ ਵਾਪਸ ਆ ਗਿਆ।

"ਹੁਣ ਮੈਂ ਬਿਲਕੁਲ ਤਿਆਰ ਆਂ, ਹਜ਼ੂਰ," ਉਹਨੇ ਆਖਿਆ, "ਮੈਂ ਹੁਣੇ ਏਸੇ ਪਲ ਚੁੱਭੀ ਲਾਵਾਂਗਾ।"

ਤੇ ਉਹਨੇ ਘੋੜਿਆਂ ਦੇ ਫਰਾਟੇ ਸੁਣੇ : ਇਕ, ਦੋ, ਤਿੰਨ—ਤੇ ਛਿੱਟੇ ਉਡੇ!—ਸੁਣੱਖਾ ਗਭਰੂ ਉਬਲਦੇ ਦੁਧ ਵਿਚ ਸੀ। ਫੇਰ ਉਹ ਬਾਹਰ ਆਇਆ ਤੇ ਉਸ ਉਬਲਦੇ ਪਾਣੀ ਵਿਚ ਛਾਲ ਮਾਰ ਦਿੱਤੀ, ਤੇ ਅਖੀਰ ਉਸ ਨੇ ਠੰਡੇ ਪਾਣੀ ਵਿਚ ਚੁਭੀ ਮਾਰੀ। ਤੇ ਜਦੋਂ ਉਹ ਤੀਜੀ ਦੇਗ ਵਿਚੋਂ ਨਿਕਲਿਆ ਤਾਂ ਉਹ ਸਰਘੀ ਵੇਲੇ ਦੇ ਅਸਮਾਨ ਵਰਗਾ ਸੁਹਣਾ ਸੀ। ਏਡਾ ਸੁਹਣਾ ਜਵਾਨ ਕਦੇ ਦੁਨੀਆ ਵਿਚ ਜੰਮਿਆ ਨਹੀਂ ਹੋਣਾ।

ਜ਼ਾਰ ਨੇ ਉਸ ਨੂੰ ਵੇਖਿਆ ਤੇ ਉਹ ਡੋਲਣੋਂ ਹਟ ਗਿਆ। ਉਹ ਛੇਤੀ ਨਾਲ ਥੜੇ ਉਤੇ ਚੜ੍ਹਿਆ ਤੇ ਦੁਧ ਦੀ ਦੇਗ ਵਿਚ ਕੁੱਦ ਪਿਆ, ਤੇ ਉਥੇ ਹੀ ਉਬਲ ਗਿਆ।

ਅਲੀਓਨਾ ਰੂਪਵੰਤੀ ਰਾਜਕੁਮਾਰੀ ਦੌੜਦੀ ਹੋਈ ਡਿਉੜੀ ਵਿਚ ਆਈ ਤੇ ਉਹਨੇ ਆਪਣੇ ਗੋਰੇ ਗੋਰੇ ਹੱਥਾਂ ਨਾਲ ਛੋਟੇ ਇਵਾਨ ਨੂੰ ਫੜ ਲਿਆ ਅਤੇ ਆਪਣੀ ਮੁੰਦਰੀ ਉਹਦੀ ਉਂਗਲ ਵਿਚ ਪਾ ਦਿੱਤੀ।

ਫੇਰ ਉਹ ਮਿੰਨ੍ਹਾ ਮਿੰਨ੍ਹਾ ਮੁਸਕ੍ਰਾਈ ਤੇ ਬੋਲੀ :

"ਤੂੰ ਮੈਨੂੰ ਜ਼ਾਰ ਦੇ ਹੁਕਮ ਨਾਲ ਚੁਕ ਲਿਆਂਦਾ, ਪਰ ਹੁਣ ਉਹ ਜਿਉਂਦਾ ਨਹੀਂ, ਸੋ ਜਿਵੇਂ ਤੇਰਾ ਜੀਅ ਕਰੇ ਤੂੰ ਕਰ ਸਕਦੈਂ : ਜੇ ਚਾਹੇਂ ਤਾਂ ਮੈਨੂੰ ਵਾਪਸ ਛਡ ਆ, ਜੇ ਨਹੀਂ ਤਾਂ ਤੂੰ ਮੈਨੂੰ ਆਪਣੇ ਕੋਲ ਰਖ ਲੈ।"

ਤੇ ਛੋਟੇ ਇਵਾਨ ਹੁਸ਼ਿਆਰ ਜਵਾਨ ਨੇ ਉਸ ਨੂੰ ਗੋਰੇ ਹੱਥਾਂ ਤੋਂ ਫੜਿਆ ਤੇ ਉਸ ਨੂੰ ਆਪਣੀ ਬਣਾ ਲਿਆ ਤੇ ਆਪਣੀ ਮੁੰਦਰੀ ਉਹਦੀ ਉਂਗਲ ਵਿਚ ਪਾ ਦਿੱਤੀ।

ਤੇ ਇਸ ਤੋਂ ਝਟ ਮਗਰੋਂ ਉਹਨੇ ਹਰਕਾਰੇ ਭੇਜ ਕੇ ਆਪਣੇ ਮਾਪਿਆਂ ਤੇ ਭਰਾਵਾਂ ਨੂੰ ਆਪਣੇ ਵਿਆਹ ਦੀ ਦਾਅਵਤ ਤੇ ਸੱਦਿਆ। ਥੋੜ੍ਹੇ ਚਿਰ ਵਿਚ ਹੀ ਬੱਤੀ ਸੁਣੱਖੇ ਗਭਰੂ, ਉਹਦੇ ਭਰਾ, ਤੇ ਉਹਦੀ ਮਾਂ ਤੇ ਉਹਦਾ ਪਿਓ ਮਹਿਲੀਂ ਆਣ ਪਹੁੰਚੇ।

ਵਿਆਹ ਹੋਇਆ ਤੇ ਦਾਅਵਤ ਖ਼ਤਮ ਹੋਈ ਅਤੇ ਛੋਟਾ ਇਵਾਨ ਤੇ ਉਹਦੀ ਖੂਬਸੂਰਤ ਵਹੁਟੀ ਖੁਸ਼ੀ ਖੁਸ਼ੀ ਰਹਿਣ ਲੱਗੇ ਅਤੇ ਮਾਂ ਪਿਓ ਦੀ ਸੇਵਾ ਸੰਭਾਲ ਕਰਨ ਲੱਗੇ।

ਐਮੇਲੀਆ ਅਤੇ ਪਾਈਕ

ਇਕ ਵਾਰ ਦੀ ਗੱਲ ਹੈ ਇਕ ਬੁਢੇ ਦੇ ਤਿੰਨ ਪੁਤਰ ਸਨ। ਉਹਨਾਂ ਵਿਚੋਂ ਦੋ ਬੜੇ ਸਿਆਣੇ ਗਭਰੂ ਸਨ ਅਤੇ ਤੀਜਾ, ਐਮੇਲੀਆ, ਬੁੱਧੂ ਸੀ।

ਦੋਵੇਂ ਵੱਡੇ ਭਰਾ ਹਮੇਸ਼ਾ ਕੰਮ ਲੱਗੇ ਰਹਿੰਦੇ, ਅਤੇ ਐਮੇਲੀਆ ਸਟੋਵ ਦੀ ਬੰਨੀ ਤੇ ਪਿਆ ਰਹਿੰਦਾ ਤੇ ਉਹਨੂੰ ਦੁਨੀਆਂ ਦੀ ਕੋਈ ਫ਼ਿਕਰ–ਚਿੰਤਾ ਨਾ ਹੁੰਦੀ।

ਇਕ ਦਿਨ ਦੋਵੇਂ ਭਰਾ ਘੋੜਿਆਂ ਤੇ ਸਵਾਰ ਬਾਜ਼ਾਰ ਗਏ ਹੋਏ ਸਨ, ਅਤੇ ਉਹਨਾਂ ਦੀਆਂ ਪਤਨੀਆਂ ਨੇ ਕਿਹਾ:

"ਐਮੇਲੀਆ, ਉਠ ਜਾ ਕੇ ਪਾਣੀ ਲਿਆ ਦੇ ਥੋੜ੍ਹਾ।"

ਅਤੇ ਐਮੇਲੀਆ ਨੇ ਸਟੋਵ ਦੀ ਬੰਨੀ ਤੇ ਪਿਆਂ ਹੀ ਜਵਾਬ ਦਿੱਤਾ:

"ਮੈਂ ਨਹੀਂ। ਮੇਰਾ ਨਹੀਂ ਜੀਅ ਕਰਦਾ।..."

"ਜਾ, ਐਮੇਲੀਆ, ਨਹੀਂ ਤਾਂ ਤੇਰੇ ਭਰਾ ਬਾਜ਼ਾਰੋਂ ਤੇਰੇ ਵਾਸਤੇ ਕੋਈ ਸੁਗਾਤ ਨਹੀਂ ਲੈਆਉਣਗੇ।"

"ਅੱਛਾ, ਠੀਕ ਏ ਫੇਰ।"

ਐਮੇਲੀਆ ਸਟੋਵ ਦੀ ਬੰਨੀ ਤੋਂ ਹੇਠਾਂ ਉਤਰਿਆ, ਆਪਣੇ ਬੂਟ ਅਤੇ ਬੰਡੀ ਪਾਈ. ਦੋ ਬਾਲਟੀਆਂ ਤੇ ਕੁਹਾੜਾ ਲਿਆ, ਅਤੇ ਦਰਿਆ ਨੂੰ ਤੁਰ ਪਿਆ।

ਉਸ ਨੇ ਆਪਣੇ ਕੁਹਾੜੇ ਨਾਲ ਬਰਫ਼ ਵਿੱਚ ਮਘੋਰਾ ਕੀਤਾ, ਦੋਵੇਂ ਬਾਲਟੀਆਂ ਪਾਣੀ ਨਾਲ ਭਰੀਆਂ. ਅਤੇ ਉਹਨਾਂ ਨੂੰ ਉਥੇ ਰਖਕੇ ਆਪ ਬਰਫ਼ ਵਿੱਚ ਕੀਤੇ ਮਘੋਰੇ ਵਿੱਚ ਝਾਕਣ ਲਗ ਪਿਆ। ਉਹ ਦੇਖੀ ਗਿਆ, ਦੇਖੀ ਗਿਆ ਅਤੇ ਕੀ ਦੇਖਦਾ ਹੈ ਕਿ ਪਾਣੀ ਵਿੱਚ ਇਕ ਪਾਈਕ ਮੱਛੀ ਤਰ ਰਹੀ ਹੈ। ਉਸ ਨੇ ਆਪਣੀ ਬਾਂਹ ਲੰਮਕਾਈ ਅਤੇ ਪਾਈਕ ਫੜ ਲਈ।

"ਅੱਜ ਅਸੀਂ ਰੋਟੀ ਨਾਲ ਪਾਈਕ ਦਾ ਵਧੀਆ ਸ਼ੋਰਬਾ ਖਾਵਾਂਗੇ!" ਉਹ ਖੁਸ਼ੀ ਨਾਲ ਬੋਲ ਉਠਿਆ।

ਪਰ ਅਚਾਨਕ ਹੀ ਪਾਈਕ ਮਨੁਖੀ ਆਵਾਜ਼ ਵਿੱਚ ਬੋਲੀ ਅਤੇ ਕਹਿਣ ਲਗੀ:

"ਮੈਨੂੰ ਛੱਡ ਦੇ, ਐਮੇਲੀਆ, ਤੇ ਮੈਂ ਬਦਲੇ ਵਿੱਚ ਕਦੇ ਤੇਰੇ ਕੰਮ ਆਵਾਂਗੀ।"

ਐਮੇਲੀਆ ਨੇ ਸਿਰਫ਼ ਹਸ ਛਡਿਆ।

"ਤੂੰ ਮੇਰੇ ਕਿਹੜੇ ਕੰਮ ਆ ਸਕਦੀ ਏਂ? ਨਹੀਂ, ਸੋਚਦਾਂ ਤੈਨੂੰ ਘਰ ਲੈ ਜਾਵਾਂਗਾ ਤੇ ਭਾਬੀਆਂ ਨੂੰ ਆਖਾਂਗਾ ਥੋੜ੍ਹਾ ਸ਼ੋਰਬਾ ਬਣਾਓ। ਮੈਨੂੰ ਪਾਈਕ ਦਾ ਸ਼ੋਰਬਾ ਬਹੁਤ ਚੰਗਾ ਲਗਦੈ।"

ਪਰ ਪਾਈਕ ਫੇਰ ਉਹਦੇ ਤਰਲੇ ਕਰਨ ਲਗ ਪਈ ਅਤੇ ਆਖਣ ਲਗੀ:

"ਮੈਨੂੰ ਜ਼ਰੂਰ ਛਡ ਦੇ, ਐਮੇਲੀਆ, ਅਤੇ ਮੈਂ, ਜੋ ਤੇਰੀ ਇੱਛਾ ਹੋਵੇਗੀ, ਉਹੋ ਕੰਮ ਕਰਾਂਗੀ।"

"ਠੀਕ ਏ," ਐਮੇਲੀਆ ਨੇ ਜਵਾਬ ਦਿੱਤਾ, "ਪਰ ਪਹਿਲਾਂ ਤੈਨੂੰ ਇਸ ਗੱਲ ਦਾ ਸਬੂਤ ਦੇਣਾ ਪਵੇਗਾ ਕਿ ਤੂੰ ਮੈਨੂੰ ਬੁੱਧੂ ਬਣਾਉਣ ਦੀ ਕੋਸ਼ਿਸ਼ ਨਹੀਂ ਕਰ ਰਹੀ।"

ਪਾਈਕ ਨੇ ਕਿਹਾ:

"ਐਮੇਲੀਆ, ਦੱਸ ਤੂੰ ਕੀ ਚਾਹੁੰਦਾ ਏਂ?"

"ਮੈਂ ਚਾਹੁੰਦਾ ਹਾਂ ਕਿ ਮੇਰੀਆਂ ਬਾਲਟੀਆਂ ਆਪਣੇ ਆਪ ਘਰ ਚਲੀਆਂ ਜਾਣ ਅਤੇ ਪਾਣੀ ਦੀ ਇਕ ਛਿੱਟ ਨਾ ਡੁਲ੍ਹੇ।..."

"ਬਹੁਤ ਅੱਛਾ, ਐਮੇਲੀਆ," ਪਾਈਕ ਨੇ ਆਖਿਆ। "ਜਦੋਂ ਵੀ ਤੇਰੀ ਕੋਈ ਇੱਛਾ ਹੋਵੇ, ਤੈਨੂੰ ਸਿਰਫ਼ ਇਹ ਆਖਣ ਦੀ ਲੋੜ ਏ:

'ਪਾਈਕ ਦੇ ਹੁਕਮ ਨਾਲ, ਮੇਰੀ ਇੱਛਾ ਪੂਰੀ ਹੋਵੇ,'

ਤੇ ਇਕਦਮ ਕੰਮ ਹੋ ਜਾਏਗਾ।"

ਅਤੇ ਐਮੇਲੀਆ ਨੇ, ਮਨ ਵਿਚ ਧਾਰ ਕੇ, ਆਖਿਆ :

"ਪਾਈਕ ਦੇ ਹੁਕਮ ਨਾਲ, ਮੇਰੀ ਇੱਛਾ ਪੂਰੀ ਹੋਵੇ! ਬਾਲਟੀਓ ਆਪਣੇ ਆਪ ਘਰ ਪਹੁੰਚ ਜਾਓ!..."

ਅਤੇ, ਲਓ ਕੀ ਵੇਖਦਾ ਹੈ, ਕਿ ਬਾਲਟੀਆਂ ਨੇ ਪਹਾੜੀ ਵੱਲ ਰੁਖ਼ ਕੀਤਾ ਅਤੇ ਉਪਰ ਚੜ੍ਹਨ ਲਗ ਪਈਆਂ। ਐਮੇਲੀਆ ਨੇ ਪਾਈਕ ਨੂੰ ਬਰਫ਼-ਮਘੋਰੇ ਵਿੱਚ ਸੁਟ ਦਿੱਤਾ ਅਤੇ ਆਪ ਆਪਣੀਆਂ ਬਾਲਟੀਆਂ ਦੇ ਪਿਛੇ ਤੁਰ ਪਿਆ।

ਬਾਲਟੀਆਂ ਪਿੰਡ ਦੀਆਂ ਗਲੀਆਂ ਵਿਚੋਂ ਦੀ ਲੰਘੀਆਂ, ਅਤੇ ਪਿੰਡਵਾਸੀ ਖੜੇ ਬਾਲਟੀਆਂ ਨੂੰ ਵੇਖ ਵੇਖ ਮੂੰਹ ਵਿਚ ਉਂਗਲਾਂ ਪਾ ਰਹੇ ਸਨ ਅਤੇ ਐਮੇਲੀਆ ਮੁਸਕੜੀਏਂ ਹਸਦਾ ਉਹਨਾਂ ਦੇ ਮਗਰ ਮਗਰ ਜਾ ਰਿਹਾ ਸੀ।... ਬਾਲਟੀਆਂ ਸਿੱਧਾ ਐਮੇਲੀਆ ਦੇ ਘਰ ਪਹੁੰਚੀਆਂ ਅਤੇ ਭੁੜਕ ਕੇ ਘੜਵੰਜੀ ਤੇ ਟਿਕ ਗਈਆਂ, ਅਤੇ ਐਮੇਲੀਆ ਫੇਰ ਸਟੋਵ ਦੀ ਬੰਨੀ ਤੇ ਚੜ੍ਹ ਕੇ ਬਹਿ ਗਿਆ।

ਸਮਾਂ ਬੀਤਦਾ ਗਿਆ, ਤੇ ਇਕ ਦਿਨ ਉਹਦੀਆਂ ਭਾਬੀਆਂ ਨੇ ਐਮੇਲੀਆ ਨੂੰ ਆਖਿਆ : "ਐਮੇਲੀਆ, ਏਥੇ ਕਿਉਂ ਲੰਮਾ ਪਿਐਂ? ਉਠ, ਜਾਕੇ ਕੁਝ ਲਕੜਾਂ ਪਾੜ ਦੇ।"

"ਮੈਂ ਨਹੀਂ, ਮੇਰਾ ਨਹੀਂ ਜੀ ਕਰਦਾ," ਐਮੇਲੀਆ ਨੇ ਕਿਹਾ।

"ਜੇ ਤੂੰ ਸਾਡਾ ਆਖਾ ਨਹੀਂ ਮੰਨੇਗਾ, ਤਾਂ ਤੇਰੇ ਭਰਾ ਬਾਜ਼ਾਰੋਂ ਤੇਰੇ ਵਾਸਤੇ ਸੁਗਾਤਾਂ ਨਹੀਂ ਲਿਆਉਣਗੇ।"

ਐਮੇਲੀਆ ਦਾ ਸਟੋਵ ਦੀ ਬੰਨੀ ਤੋਂ ਉਠਣ ਨੂੰ ਜੀਅ ਨਹੀਂ ਸੀ ਕਰਦਾ। ਉਸ ਨੇ ਪਾਈਕ ਨੂੰ ਯਾਦ ਕੀਤਾ ਅਤੇ ਹੌਲੀ ਜਿਹੀ ਕਿਹਾ :

"ਪਾਈਕ ਦੇ ਹੁਕਮ ਨਾਲ, ਮੇਰੀ ਇੱਛਾ ਪੂਰੀ ਹੋਵੇ! ਜਾ ਕੁਹਾੜਿਆ, ਕੁਝ ਲਕੜਾਂ ਪਾੜ ਦੇ, ਅਤੇ ਤੂੰ ਲਕੜੇ ਘਰ ਵਿੱਚ ਆ ਜਾ, ਤੇ ਸਟੋਵ ਵਿੱਚ ਕੁਦ ਪਓ।"

ਤੇ ਲਓ, ਕੀ ਵੇਖਦਾ ਹੈ ਕਿ ਬੈਂਚ ਹੇਠੋਂ ਕੁਹਾੜਾ ਭੁੜਕਿਆ ਤੇ ਵਿਹੜੇ ਵਿੱਚ ਆ ਗਿਆ ਤੇ ਲਕੜਾਂ ਪਾੜਨ ਲਗ ਪਿਆ, ਅਤੇ ਗੱਟੂ ਆਪਣੇ ਆਪ ਮਕਾਨ ਦੇ ਅੰਦਰ ਆ ਗਏ ਅਤੇ ਸਟੋਵ ਵਿਚ ਕੁਦ ਪਏ।

ਸਮਾਂ ਬੀਤਦਾ ਗਿਆ, ਅਤੇ ਇਕ ਦਿਨ ਉਹਦੀਆਂ ਭਾਬੀਆਂ ਨੇ ਐਮੇਲੀਆ ਨੂੰ ਆਖਿਆ :

"ਐਮੇਲੀਆ, ਘਰ ਵਿੱਚ ਲਕੜਾਂ ਹੈ ਨਹੀਂ। ਜਾ, ਜਾਕੇ ਜੰਗਲ ਵਿਚੋਂ ਕੁਝ ਲਕੜਾਂ ਕੱਟ ਲਿਆ।"

ਅਤੇ ਐਮੇਲੀਆ ਨੇ ਸਟੋਵ ਉਤੇ ਹੀ ਪਲਸੇਟੇ ਮਾਰਦਿਆਂ, ਜਵਾਬ ਦਿੱਤਾ : "ਤੇ ਤੁਸੀਂ ਏਥੇ ਕਾਹਦੇ ਲਈ ਜੇ?"

"ਕੀ ਮਤਲਬ ਏ, ਤੇਰਾ, ਐਮੇਲੀਆ?" ਉਹਦੀਆਂ ਭਾਬੀਆਂ ਨੇ ਆਖਿਆ। "ਇਹ ਸਾਡਾ

ਤੋਂ ਤਾਂ ਨਹੀਂ. ਜੰਗਲ ਵਿਚੋਂ ਜਾਕੇ ਲਕੜਾਂ ਲਿਆਈਏ।"

"ਪਰ. ਮੇਰਾ ਵੀ ਜਾਣ ਨੂੰ ਜੀਅ ਨਹੀਂ ਕਰਦਾ," ਐਮੇਲੀਆ ਨੇ ਕਿਹਾ।

"ਚੰਗਾ. ਫੇਰ ਤੈਨੂੰ ਵੀ ਸੁਗਾਤ ਕੋਈ ਨਹੀਂ ਉਂ ਮਿਲਣੀ," ਉਹਨਾਂ ਨੇ ਉਸ ਨੂੰ ਆਖਿਆ।

ਇਸ ਦਾ ਕੋਈ ਚਾਰਾ ਨਹੀਂ ਸੀ, ਇਸ ਲਈ ਐਮੇਲੀਆ ਸਟੋਵ ਤੋਂ ਹੇਠਾਂ ਉਤਰਿਆ, ਅਤੇ ਉਹਨ ਨੇ ਆਪਣੇ ਬੂਟ ਤੇ ਬੰਡੀ ਪਾਈ। ਉਹਨੇ ਰੱਸੀ ਤੇ ਕੁਹਾੜਾ ਚੁਕਿਆ, ਵਿਹੜੇ ਵਿੱਚ ਆਇਆ ਅਤੇ ਸਲੈਜ ਵਿੱਚ ਵੜਕੇ, ਕੜਕਿਆ:

"ਬਾਹਰ ਦਾ ਬੂਹਾ ਖੋਹਲ ਦਿਓ, ਭਾਬੀ!"

ਤੇ ਉਹਦੀਆਂ ਭਾਬੀਆਂ ਉਹਨੂੰ ਕਹਿਣ ਲਗੀਆਂ:

"ਤੂੰ ਸਲੈਜ ਵਿੱਚ ਕੀ ਕਰਨ ਡਿਹੈਂ, ਬੁੱਧੂਆ? ਘੋੜਾ ਤਾਂ ਅਜੇ ਤੂੰ ਜੋੜਿਆ ਨਹੀਂ।"

"ਮੈਂ ਘੋੜੇ ਤੋਂ ਬਿਨਾਂ ਹੀ ਚਲਾ ਸਕਦਾਂ," ਐਮੇਲੀਆ ਨੇ ਜਵਾਬ ਦਿੱਤਾ।

ਉਹਦੀਆਂ ਭਾਬੀਆਂ ਨੇ ਬੂਹਾ ਖੋਹਲ ਦਿੱਤਾ ਅਤੇ ਐਮੇਲੀਆ ਨੇ ਆਪਣੇ ਮੂੰਹ ਵਿੱਚ ਹੀ ਆਖਿਆ:

"ਪਾਈਕ ਦੇ ਹੁਕਮ ਨਾਲ, ਮੇਰੀ ਇੱਛਾ ਪੂਰੀ ਹੋਵੇ! ਚਲ ਸਲੈਜੇ, ਜੰਗਲ ਵਿਚ।"

ਅਤੇ ਕੀ ਵੇਖਦਾ ਹੈ ਕਿ ਸ਼ਾਂ ਦੀ ਆਵਾਜ਼ ਨਾਲ ਸਲੈਜ ਏਨੀ ਤੇਜ਼ੀ ਨਾਲ ਬੂਹੇ ਤੋਂ ਬਾਹਰ ਗਈ ਕਿ ਕੋਈ ਘੋੜਸਵਾਰ ਵੀ ਇਸ ਨੂੰ ਨਾ ਛੂਹ ਸਕੇ।

ਜੰਗਲ ਨੂੰ ਜਾਣ ਵਾਲਾ ਰਾਹ ਇਕ ਸ਼ਹਿਰ ਵਿਚੋਂ ਦੀ ਲੰਘਦਾ ਸੀ, ਅਤੇ ਸਲੈਜ ਨੇ ਕਈ ਬੰਦੇ ਡੇਗ ਦਿੱਤੇ। ਸ਼ਹਿਰ ਦੇ ਲੋਕ ਕੂਕ ਰਹੇ ਸਨ: 'ਫੜੋ ਇਹਨੂੰ! ਫੜੋ ਇਹਨੂੰ!' ਪਰ ਐਮੇਲੀਆ ਨੇ ਕੋਈ ਪਰਵਾਹ ਨਾ ਕੀਤੀ ਅਤੇ ਸਲੈਜ ਨੂੰ ਹੋਰ ਵੀ ਤੇਜ਼ ਚਲਣ ਦਾ ਹੁਕਮ ਦੇਂਦਾ ਰਿਹਾ।

ਉਹ ਜੰਗਲ ਵਿੱਚ ਆਇਆ, ਸਲੈਜ ਨੂੰ ਰੋਕਿਆ ਅਤੇ ਆਖਿਆ:

"ਪਾਈਕ ਦੇ ਹੁਕਮ ਨਾਲ, ਮੇਰੀ ਇੱਛਾ ਪੂਰੀ ਹੋਵੇ! ਚਲ ਕੁਹਾੜਿਆ, ਕੁਝ ਸੁਕੀਆਂ ਲਕੜਾਂ ਕੱਟ, ਅਤੇ ਤੁਸੀਂ ਗਠਿਓ ਸਲੈਜ ਵਿਚ ਟਿਕਦੇ ਜਾਓ, ਆਪਣੇ ਆਪ ਨੂੰ ਬੰਨ੍ਹਦੇ ਜਾਓ।"...

ਅਤੇ ਕੀ ਵੇਖਦਾ ਹੈ, ਕਿ ਕੁਹਾੜੇ ਨੇ ਸੁੱਕੀ ਲਕੜ ਕੱਟਣੀ ਤੇ ਪਾੜਨੀ ਸ਼ੁਰੂ ਕਰ ਦਿੱਤੀ, ਅਤੇ ਗੱਠੇ ਇਕ ਇਕ ਕਰਕੇ ਸਲੈਜ ਵਿਚ ਆ ਟਿੱਕੇ ਤੇ ਉਹਨਾਂ ਨੇ ਆਪਣੇ ਆਪ ਨੂੰ ਬੰਨ੍ਹ ਲਿਆ। ਫੇਰ ਐਮੇਲੀਆ ਨੇ ਕੁਹਾੜੇ ਨੂੰ ਹੁਕਮ ਦਿੱਤਾ ਕਿ ਉਹਦੇ ਲਈ ਇਕ ਡੰਡਾ ਲਾਹਵੇ, ਜਿਹੜਾ ਏਨਾ ਭਾਰਾ ਹੋਵੇ ਕਿ ਚੁਕਿਆ ਨਾ ਜਾ ਸਕੇ। ਉਹ ਲਕੜਾਂ ਦੇ ਉਪਰ ਜਾ ਬੈਠਾ ਅਤੇ ਬੋਲਿਆ:

"ਪਾਈਕ ਦੇ ਹੁਕਮ ਨਾਲ, ਮੇਰੀ ਇੱਛਾ ਪੂਰੀ ਹੋਵੇ! ਚੱਲ ਸਲੈਜੇ, ਘਰ ਨੂੰ ਚੱਲ!"...

ਅਤੇ ਸਲੈਜ ਬੜੀ ਤੇਜ਼ ਤੇਜ਼ ਰਿੜ੍ਹ ਪਈ। ਐਮੇਲੀਆ ਫੇਰ ਉਸ ਸ਼ਹਿਰ ਵਿਚੋਂ ਲੰਘਿਆ ਜਿਥੇ ਉਸ ਨੇ ਕਈ ਬੰਦੇ ਡੇਗੇ ਸਨ, ਅਤੇ ਉਥੇ ਉਹ ਸਾਰੇ ਉਹਦੀ ਉਡੀਕ ਵਿੱਚ ਤਿਆਰ ਖੜੇ

ਸਨ। ਉਹਨਾਂ ਨੇ ਉਸ ਨੂੰ ਕਾਬੂ ਕਰ ਲਿਆ, ਸਲੈਜ ਤੋਂ ਹੇਠਾਂ ਲਾਹ ਲਿਆ ਅਤੇ ਲੱਗੇ ਉਹਨੂੰ ਗਾਲ੍ਹਾਂ ਫਿਟਕਾਰਾਂ ਪਾਉਣ ਅਤੇ ਮਾਰਨ ਕੁਟਣ।

ਆਪਣੇ ਆਪ ਨੂੰ ਕੁਥਾਂ ਫਸਿਆ ਦੇਖਕੇ, ਐਮੇਲੀਆ ਨੇ ਆਪਣੇ ਬੁਲ੍ਹਾਂ ਵਿੱਚ ਹੀ ਆਖਿਆ :

"ਪਾਈਕ ਦੇ ਹੁਕਮ ਨਾਲ, ਮੇਰੀ ਇੱਛਾ ਪੂਰੀ ਹੋਵੇ! ਚੱਲ ਡੰਡਿਆ, ਇਹਨਾਂ ਦੇ ਪਾਸੇ ਭੰਭ।..."

ਅਤੇ ਡੰਡਾ ਭੁੜਕ ਉਠਿਆ, ਤੇ ਲਗਾ ਸੱਜੇ ਖੱਬੇ ਵਰ੍ਹਨ। ਸ਼ਹਿਰਵਾਸੀ ਦੌੜ ਗਏ ਅਤੇ ਐਮੇਲੀਆ ਘਰ ਆ ਗਿਆ ਅਤੇ ਫੇਰ ਸਟੋਵ ਤੇ ਚੜ੍ਹ ਕੇ ਬਹਿ ਗਿਆ।

ਸਮਾਂ ਬੀਤਦਾ ਗਿਆ, ਅਤੇ ਜ਼ਾਰ ਨੂੰ ਐਮੇਲੀਆ ਦੇ ਕਾਰਿਆਂ ਦਾ ਪਤਾ ਲਗਾ ਅਤੇ ਉਸ ਨੇ ਆਪਣਾ ਇਕ ਅਫ਼ਸਰ ਭੇਜਿਆ ਤੇ ਉਹਨੂੰ ਆਪਣੇ ਦਾਰਬਾਰ ਵਿੱਚ ਲਿਆਉਣ ਲਈ ਆਖਿਆ।

ਅਫ਼ਸਰ ਐਮੇਲੀਆ ਦੇ ਪਿੰਡ ਆਇਆ, ਉਹਦੇ ਘਰ ਵਿੱਚ ਦਾਖ਼ਲ ਹੋਇਆ ਤੇ ਉਹਨੂੰ ਪੁਛਣ ਲਗਾ :

"ਬੁੱਧੂ ਐਮੇਲੀਆ ਤੂੰ ਏਂ?"

ਅਤੇ ਐਮੇਲੀਆ ਨੇ ਸਟੋਵ ਦੀ ਬੰਨ੍ਹੀ ਤੋਂ ਹੀ ਜਵਾਬ ਦਿੱਤਾ :

"ਜੇ ਮੈਂ ਈ ਹੋਵਾਂ ਤਾਂ ਫੇਰ?"

"ਛੇਤੀ ਛੇਤੀ ਕਪੜੇ ਪਾ ਅਤੇ ਮੈਂ ਤੈਨੂੰ ਜ਼ਾਰ ਦੇ ਮਹੱਲ ਵਿੱਚ ਲਿਜਾਣਾ ਏਂ।"

"ਨਹੀਂ, ਨਹੀਂ, ਮੈਂ ਨਹੀਂ ਉਥੇ ਜਾਣਾ ਚਾਹੁੰਦਾ," ਐਮੇਲੀਆ ਨੇ ਆਖਿਆ।

ਅਫ਼ਸਰ ਨੂੰ ਗੁੱਸਾ ਆ ਗਿਆ ਤੇ ਉਹਨੇ ਐਮੇਲੀਆ ਦੇ ਮੂੰਹ ਤੇ ਇਕ ਜੜ੍ਹ ਦਿੱਤੀ।

ਅਤੇ ਐਮੇਲੀਆ ਨੇ ਮੂੰਹ ਵਿਚ ਹੀ ਆਖਿਆ :

"ਪਾਈਕ ਦੇ ਹੁਕਮ ਨਾਲ, ਮੇਰੀ ਇੱਛਾ ਪੂਰੀ ਹੋਵੇ! ਚੱਲ ਡੰਡਿਆ, ਇਹਦੇ ਪਾਸੇ ਭੰਭ।...

ਅਤੇ ਡੰਡਾ ਭੁੜਕ ਕੇ ਬਾਹਰ ਆ ਗਿਆ ਤੇ ਉਹਨੇ ਅਫ਼ਸਰ ਨੂੰ ਏਨਾ ਮਾਰਿਆ, ਏਨਾ ਮਾਰਿਆ, ਕਿ ਉਹ ਮਸਾਂ ਹੀ ਆਪਣੇ ਆਪ ਨੂੰ ਧੂਹ ਕੇ ਮਹੱਲ ਤੱਕ ਲਿਆ ਸਕਿਆ।

ਜ਼ਾਰ ਨੂੰ ਇਹ ਜਾਣਕੇ ਬੜੀ ਹੈਰਾਨੀ ਹੋਈ ਕਿ ਉਹਦਾ ਅਫ਼ਸਰ ਐਮੇਲੀਆ ਨੂੰ ਕਾਬੂ ਨਹੀਂ ਕਰ ਸਕਿਆ ਤੇ ਉਸ ਨੇ ਸਭ ਤੋਂ ਵੱਡੇ ਰਾਠ ਨੂੰ ਬੁਲਾ ਭੇਜਿਆ।

"ਐਮੇਲੀਆ ਨੂੰ ਫੜਕੇ ਮੇਰੇ ਮਹੱਲ ਵਿੱਚ ਹਾਜ਼ਰ ਕਰ, ਨਹੀਂ ਤਾਂ ਮੈਂ ਤੇਰਾ ਸਿਰ ਲੁਹਾ ਦਿਆਂਗਾ," ਜ਼ਾਰ ਨੇ ਆਖਿਆ।

ਰਾਠ ਨੇ ਬਹੁਤ ਸਾਰੀ ਸੌਗੀ ਤੇ ਸੁੱਕਾ ਆਲੂਬੁਖਾਰਾ ਅਤੇ ਸ਼ਹਿਦ ਵਾਲੇ ਕੇਕ ਲਏ, ਅਤੇ ਉਸੇ ਪਿੰਡ ਆਕੇ, ਉਸ ਘਰ ਪਹੁੰਚ ਗਿਆ ਅਤੇ ਐਮੇਲੀਆ ਦੀਆਂ ਭਾਬੀਆਂ ਨੂੰ ਪੁਛਿਆ ਕਿ ਐਮੇਲੀਆ ਨੂੰ ਕਿਹੜੀ ਚੀਜ਼ ਸਭ ਤੋਂ ਚੰਗੀ ਲਗਦੀ ਹੈ।

"ਐਮੇਲੀਆ ਨੂੰ ਸਭਿਅ ਤਰੀਕੇ ਨਾਲ ਬੁਲਾਇਆ ਜਾਏ ਤਾਂ ਉਹਨੂੰ ਚੰਗਾ ਲਗਦੈ," ਉਹਨਾਂ ਨੇ ਦੱਸਿਆ। "ਜੇ ਤੁਸੀਂ ਉਹਦੇ ਨਾਲ ਪਿਆਰ ਨਾਲ ਗੱਲ ਕਰੋ ਅਤੇ ਲਾਲ ਬੰਡੀ ਦੀ ਸੁਗാത ਦੇਣ ਦਾ ਇਕਰਾਰ ਕਰੋ, ਤਾਂ ਜੋ ਤੁਸੀਂ ਚਾਹੋ ਉਹ ਕਰੇਗਾ।"

ਇਸ ਤੋਂ ਮਗਰੋਂ ਵੱਡੇ ਰਾਠ ਨੇ ਸੌਂਗੀ, ਸੁੱਕਾ ਆਲੂਬੁਖਾਰਾ ਅਤੇ ਸ਼ਹਿਦ ਵਾਲੇ ਕੇਕ ਜਿਹੜੇ ਉਹ ਲਿਆਇਆ ਸੀ ਐਮੇਲੀਆ ਨੂੰ ਦਿੱਤੇ, ਅਤੇ ਆਖਿਆ:

"ਪਿਆਰੇ ਐਮੇਲੀਆ, ਏਥੇ ਸਟੋਵ ਦੀ ਬੰਨ੍ਹੀ ਤੇ ਕਿਉਂ ਪਿਐਂ? ਆ ਮੇਰੇ ਨਾਲ ਜ਼ਾਰ ਦੇ ਮਹੱਲ ਚਲੀਏ।"

"ਮੈਂ ਜਿਥੇ ਹਾਂ, ਉਥੇ ਹੀ ਠੀਕ ਆਂ," ਉਹਨੇ ਜਵਾਬ ਦਿਤਾ।

"ਓਹ, ਐਮੇਲੀਆ, ਜ਼ਾਰ ਸਾਨੂੰ ਮਠਿਆਈਆਂ ਅਤੇ ਸੁਗਾਤਾਂ ਦੀ ਦਾਅਵਤ ਦੇਵੇਗਾ। ਚੱਲ ਉਠ, ਮਹੱਲ ਵਿਚ ਚਲੀਏ।"

"ਮੈਂ ਨਹੀਂ, ਮੇਰਾ ਨਹੀਂ ਜੀਅ ਕਰਦਾ," ਐਮੇਲੀਆ ਨੇ ਕਿਹਾ।

"ਪਰ ਐਮੇਲੀਆ, ਜ਼ਾਰ ਤੈਨੂੰ ਇਕ ਬਹੁਤ ਸੁਹਣੀ ਲਾਲ ਬੰਡੀ ਦੀ ਸੁਗਾਤ ਦੇਵੇਗਾ ਅਤੇ ਨਾਲੇ ਬੂਟਾਂ ਦਾ ਜੋੜਾ ਅਤੇ ਟੋਪੀ।"

ਐਮੇਲੀਆ ਥੋੜ੍ਹਾ ਚਿਰ ਸੋਚੀਂ ਪੈ ਗਿਆ ਤੇ ਫੇਰ ਉਸ ਨੇ ਆਖਿਆ:

"ਠੀਕ ਆ, ਫੇਰ, ਮੈਂ ਚਲਾਂਗਾ। ਪਰ ਤੂੰ ਇਕੱਲਾ ਹੀ ਚਲਾ ਜਾ, ਮੈਂ ਹੌਲੀ ਹੌਲੀ ਤੇਰੇ ਪਿਛੇ ਆ ਜਾਵਾਂਗਾ।"

ਰਾਠ ਆਪਣੇ ਘੋੜੇ ਤੇ ਸਵਾਰ ਹੋ ਕੇ ਚਲਾ ਗਿਆ ਅਤੇ ਐਮੇਲੀਆ ਥੋੜ੍ਹਾ ਚਿਰ ਉਥੇ ਸਟੋਵ ਤੇ ਹੀ ਪਿਆ ਰਿਹਾ ਤੇ ਫੇਰ ਬੋਲਿਆ:

"ਪਾਈਕ ਦੇ ਹੁਕਮ ਨਾਲ, ਮੇਰੀ ਇੱਛਾ ਪੂਰੀ ਹੋਵੇ! ਚੱਲ ਸਟੋਵ, ਜ਼ਾਰ ਦੇ ਮਹੱਲ।..."

ਕੀ ਵੇਖਦਾ ਹੈ ਕਿ ਮਕਾਨ ਦੀਆਂ ਨੁਕਰਾਂ ਵਿੱਚ ਦਰਾੜ ਪੈਣੀ ਸ਼ੁਰੂ ਹੋ ਗਈ, ਛੱਤ ਡੋਲੀ, ਇਕ ਕੰਧ ਹੇਠਾਂ ਢਹਿ ਪਈ ਅਤੇ ਸਟੋਵ ਆਪਣੇ ਆਪ ਗਲੀ ਵਿਚੋਂ ਅਤੇ ਸੜਕ ਤੋਂ ਉਡਦਾ ਸਿੱਧਾ ਜ਼ਾਰ ਦੇ ਮਹੱਲ ਵੱਲ ਤੁਰ ਪਿਆ।

ਜ਼ਾਰ ਨੇ ਮਹੱਲ ਦੀ ਬਾਰੀ ਵਿਚੋਂ ਦੇਖਿਆ ਤੇ ਦੰਗ ਰਹਿ ਗਿਆ।

"ਇਹ ਕੀ ਹੈ?" ਉਸ ਨੇ ਪੁਛਿਆ।

ਅਤੇ ਵੱਡੇ ਰਾਠ ਨੇ ਜਵਾਬ ਦਿੱਤਾ:

"ਐਮੇਲੀਆ ਆਪਣੇ ਸਟੋਵ ਤੇ ਚੜ੍ਹਿਆ ਤੁਹਾਡੇ ਮਹੱਲ ਵੱਲ ਆ ਰਿਹੈ।"

ਜ਼ਾਰ ਬਾਹਰ ਬਰਾਂਡੇ ਵਿੱਚ ਆਇਆ ਤੇ ਬੋਲਿਆ:

"ਤੇਰੇ ਬਾਰੇ ਬੜੀਆਂ ਸ਼ਿਕਾਇਤਾਂ ਮਿਲੀਆਂ ਨੇ, ਐਮੇਲੀਆ। ਤੂੰ ਕਈ ਬੰਦਿਆਂ ਨੂੰ ਠੋਹਕਰਾਂ ਮਾਰ ਕੇ ਡੇਗ ਦਿਤੈ।"

"ਉਹ ਮੇਰੀ ਸਲੈਜ ਦੇ ਰਾਹ ਵਿੱਚ ਕਿਉਂ ਆਏ?" ਐਮੇਲੀਆ ਨੇ ਆਖਿਆ।

ਓਧਰ ਜ਼ਾਰ ਦੀ ਧੀ ਰਾਜਕੁਮਾਰੀ ਮਾਰੀਆ ਐਨ ਉਸੇ ਵੇਲੇ ਮਹੱਲ ਦੀ ਬਾਰੀ ਵਿਚੋਂ ਝਾਕ ਰਹੀ ਸੀ, ਅਤੇ ਜਦੋਂ ਐਮੇਲੀਆ ਨੇ ਉਸ ਨੂੰ ਦੇਖਿਆ, ਉਸ ਨੇ ਆਪਣੇ ਮੂੰਹ ਵਿੱਚ ਹੀ ਆਖਿਆ:

"ਪਾਈਕ ਦੇ ਹੁਕਮ ਨਾਲ, ਮੇਰੀ ਇੱਛਾ ਪੂਰੀ ਹੋਵੇ! ਜ਼ਾਰ ਦੀ ਧੀ ਨੂੰ ਮੇਰੇ ਨਾਲ ਮੁਹੱਬਤ ਹੋ ਜਾਏ।"

ਅਤੇ ਉਸ ਨੇ ਨਾਲ ਹੀ ਆਖਿਆ:

"ਚੱਲ ਸਟੋਵਾ, ਘਰ ਨੂੰ।..."

ਸਟੋਵ ਨੇ ਪਾਸਾ ਪਰਤਿਆ ਅਤੇ ਸਿੱਧਾ ਐਮੇਲੀਆ ਦੇ ਪਿੰਡ ਵੱਲ ਹੋ ਗਿਆ। ਉਹ ਘਰ ਵਿੱਚ ਦਾਖ਼ਲ ਹੋਇਆ ਅਤੇ ਆਪਣੀ ਥਾਂ ਤੇ ਜਾ ਟਿਕਿਆ, ਅਤੇ ਐਮੇਲੀਆ ਪਹਿਲਾਂ ਵਾਂਗ ਹੀ ਸਟੋਵ ਦੀ ਬੰਨ੍ਹੀ ਤੇ ਪਿਆ ਹੋਇਆ ਸੀ।

ਏਨੇ ਨੂੰ, ਮਹੱਲ ਵਿਚੋਂ ਰੋਣ ਤੇ ਚੀਕਣ ਦੀ ਆਵਾਜ਼ ਆਉਣ ਲਗ ਪਈ। ਰਾਜਕੁਮਾਰੀ ਮਾਰੀਆ ਐਮੇਲੀਆ ਵਾਸਤੇ ਹੰਝੂ ਕੇਰ ਰਹੀ ਸੀ। ਉਹਨੇ ਆਪਣੇ ਪਿਤਾ ਨੂੰ ਦੱਸਿਆ ਕਿ ਉਹ ਉਸ ਦੇ ਬਿਨਾਂ ਜੀਊਂਦੀ ਨਹੀਂ ਰਹਿ ਸਕਦੀ ਅਤੇ ਉਹਦਾ ਤਰਲਾ ਕੀਤਾ ਕਿ ਐਮੇਲੀਆ ਨਾਲ ਉਹਦਾ ਵਿਆਹ ਕਰ ਦੇਵੇ। ਜ਼ਾਰ ਡਾਢੀ ਮੁਸ਼ਕਲ ਵਿੱਚ ਅਤੇ ਦੁਖੀ ਸੀ ਅਤੇ ਉਹਨੇ ਵੱਡੇ ਰਾਠ ਨੂੰ ਆਖਿਆ:

"ਜਾ ਅਤੇ ਮੋਏ ਜਾਂ ਜਿਊਂਦੇ ਐਮੇਲੀਆ ਨੂੰ ਇਥੇ ਲਿਆ। ਜੇ ਤੂੰ ਇਹ ਕੰਮ ਨਾ ਕੀਤਾ ਤਾਂ ਮੈਂ ਤੇਰਾ ਸਿਰ ਲੁਹਾ ਦਿਆਂਗਾ।"

ਵੱਡੇ ਰਾਠ ਨੇ ਕਈ ਤਰ੍ਹਾਂ ਦੀਆਂ ਸਵਾਦੀ ਚੀਜ਼ਾਂ ਅਤੇ ਮਿਠੀਆਂ ਸ਼ਰਾਬਾਂ ਖ਼ਰੀਦੀਆਂ ਅਤੇ ਫੇਰ ਐਮੇਲੀਆ ਦੇ ਪਿੰਡ ਨੂੰ ਤੁਰ ਪਿਆ। ਉਹ ਉਸੇ ਘਰ ਜਾ ਵੜਿਆ ਅਤੇ ਐਮੇਲੀਆ ਨੂੰ ਖ਼ੂਬ ਸ਼ਾਹੀ ਖਾਣੇ ਨਾਲ ਰਜਾਉਣ ਲਗਾ।

ਐਮੇਲੀਆ ਨੇ ਰੱਜ ਕੇ ਖਾਧਾ ਅਤੇ ਸ਼ਰਾਬ ਪੀਤੀ, ਅਤੇ ਉਹਦੇ ਸਿਰ ਨੂੰ ਘੂਕੀ ਚੜ੍ਹ ਗਈ। ਉਹ ਲੰਮਾ ਪੈ ਗਿਆ ਅਤੇ ਗੂੜ੍ਹੀ ਨੀਂਦੇ ਸੌਂ ਗਿਆ। ਅਤੇ ਰਾਠ ਨੇ ਸੁਤੇ ਪਏ ਐਮੇਲੀਆ ਨੂੰ ਆਪਣੀ ਬਘੀ ਵਿੱਚ ਪਾਇਆ ਅਤੇ ਜ਼ਾਰ ਦੇ ਮਹੱਲ ਲੈ ਆਂਦਾ।

ਜ਼ਾਰ ਨੇ ਹੁਕਮ ਦਿੱਤਾ ਕਿ ਫ਼ੌਰਨ ਲੋਹੇ ਦੀਆਂ ਪੱਤੀਆਂ ਵਿੱਚ ਕੱਸਿਆ ਹੋਇਆ ਇਕ ਵੱਡਾ ਸਾਰਾ ਡਰੱਮ ਲਿਆਂਦਾ ਜਾਏ। ਐਮੇਲੀਆ ਅਤੇ ਰਾਜਕੁਮਾਰੀ ਮਾਰੀਆ ਨੂੰ ਇਹਦੇ ਵਿੱਚ ਬੰਦ ਕੀਤਾ ਗਿਆ ਅਤੇ ਡਰੱਮ ਉਤੇ ਲੁੱਕ ਮਲਕੇ ਇਹਨੂੰ ਸਮੁੰਦਰ ਵਿੱਚ ਸੁਟ ਦਿੱਤਾ ਗਿਆ।

ਸਮਾਂ ਬੀਤਿਆ, ਅਤੇ ਐਮੇਲੀਆ ਦੀ ਅੱਖ ਖੁਲ੍ਹੀ। ਆਪਣੇ ਆਪ ਨੂੰ ਹਨੇਰੇ ਵਿੱਚ ਅਤੇ

ਡਰੱਮ ਵਿੱਚ ਬੰਦ ਦੇਖਕੇ, ਉਸ ਨੇ ਕਿਹਾ: "ਮੈਂ ਕਿਥੇ ਹਾਂ?"

ਅਤੇ ਰਾਜਕੁਮਾਰੀ ਮਾਰੀਆ ਨੇ ਜਵਾਬ ਦਿੱਤਾ:

"ਸਾਡੀ ਕਿਸਮਤ ਬੜੀ ਮਾੜੀ ਏ, ਐਮੇਲੀਆ, ਮੇਰੇ ਪਿਆਰੇ! ਉਹਨਾਂ ਨੇ ਸਾਨੂੰ ਇਕ ਲੁੱਕ ਕੀਤੇ ਹੋਏ ਡਰੱਮ ਵਿੱਚ ਬੰਦ ਕਰਕੇ ਨੀਲੇ ਸਮੁੰਦਰ ਵਿੱਚ ਸੁਟ ਦਿਤੈ।"

"ਅਤੇ ਤੂੰ ਕੌਣ ਏਂ?" ਐਮੇਲੀਆ ਨੇ ਪੁਛਿਆ।

"ਮੈਂ ਰਾਜਕੁਮਾਰੀ ਮਾਰੀਆ ਆਂ।"

ਐਮੇਲੀਆ ਨੇ ਕਿਹਾ:

"ਪਾਈਕ ਦੇ ਹੁਕਮ ਨਾਲ, ਮੇਰੀ ਇੱਛਾ ਪੂਰੀ ਹੋਵੇ! ਝਖੜਾ ਝੁਲ, ਡਰੱਮ ਨੂੰ ਸੁੱਕੇ ਕਿਨਾਰੇ ਤੇ ਲਿਆ ਅਤੇ ਪੀਲੀ ਪੀਲੀ ਰੇਤ ਉਤੇ ਰਖ ਦੇ।..."

ਅਤੇ ਕੀ ਹੋਇਆ, ਕਿ ਝਖੜ ਝੁਲ ਪਿਆ। ਸਮੁੰਦਰ ਵਿੱਚ ਕੱਪਰ ਛੱਲਾਂ ਉਠਣ ਲੱਗੀਆਂ ਅਤੇ ਪਾਣੀ ਨੇ ਡਰੱਮ ਨੂੰ ਸੁਕੇ ਕੰਢੇ ਤੇ ਲਿਆਕੇ ਪੀਲੇ ਪੀਲੇ ਰੇਤ ਉਤੇ ਟਿਕਾ ਦਿੱਤਾ। ਐਮੇਲੀਆ ਤੇ ਰਾਜਕੁਮਾਰੀ ਮਾਰੀਆ ਵਿਚੋਂ ਬਾਹਰ ਨਿਕਲੇ, ਅਤੇ ਰਾਜਕੁਮਾਰੀ ਮਾਰੀਆ ਨੇ ਆਖਿਆ:

"ਅਸੀਂ ਰਹਾਂਗੇ ਕਿਥੇ, ਐਮੇਲੀਆ ਮੇਰੇ ਪਿਆਰੇ? ਆਪਣੇ ਵਾਸਤੇ ਕੋਈ ਘਰ ਬਣਾ।"

"ਮੈਂ ਨਹੀਂ, ਮੇਰਾ ਨਹੀਂ ਜੀਅ ਕਰਦਾ।..." ਐਮੇਲੀਆ ਨੇ ਜਵਾਬ ਦਿੱਤਾ।

ਪਰ ਉਹ ਉਸ ਦੇ ਤਰਲੇ ਕਰਦੀ ਗਈ, ਕਰਦੀ ਗਈ ਅਤੇ ਅਖ਼ੀਰ ਵਿੱਚ ਉਹ ਬੋਲਿਆ:

"ਪਾਈਕ ਦੇ ਹੁਕਮ ਨਾਲ, ਮੇਰੀ ਇੱਛਾ ਪੂਰੀ ਹੋਵੇ! ਸੋਨੇ ਦੀ ਛੱਤ ਵਾਲਾ ਪੱਥਰ ਦਾ ਇਕ ਮਹੱਲ ਬਣੇ!.."

ਬੋਲ ਅਜੇ ਮੂੰਹੋਂ ਨਿਕਲੇ ਹੀ ਸਨ ਕਿ ਉਹਨਾਂ ਦੇ ਸਾਮ੍ਹਣੇ ਸੋਨੇ ਦੀ ਛੱਤ ਵਾਲਾ ਪੱਥਰ ਦਾ ਇਕ ਮਹੱਲ ਖੜਾ ਸੀ। ਇਹਦੇ ਚਾਰੇ ਪਾਸੇ ਇਕ ਹਰਿਆ ਭਰਿਆ ਬਾਗ ਸੀ, ਜਿਸ ਵਿੱਚ ਫੁਲ ਖਿੜਦੇ ਅਤੇ ਪੰਛੀ ਗਾਉਂਦੇ ਸਨ। ਰਾਜਕੁਮਾਰੀ ਮਾਰੀਆ ਅਤੇ ਐਮੇਲੀਆ ਮਹੱਲ ਵਿੱਚ ਦਾਖ਼ਲ ਹੋਏ ਅਤੇ ਬਾਰੀ ਵਿੱਚ ਬਹਿ ਗਏ।

ਰਾਜਕੁਮਾਰੀ ਮਾਰੀਆ ਨੇ ਕਿਹਾ:

"ਓਹ, ਐਮੇਲੀਆ, ਤੂੰ ਰੱਤਾ ਕੁ ਹੋਰ ਸੁਹਣਾ ਨਹੀਂ ਬਣ ਸਕਦਾ?"

ਅਤੇ ਐਮੇਲੀਆ ਨੇ ਕੁਝ ਸੋਚਣ ਵਿਚਾਰਨ ਤੋਂ ਪਹਿਲਾਂ ਨੇ ਆਖਿਆ:

"ਪਾਈਕ ਦੇ ਹੁਕਮ ਨਾਲ, ਮੇਰੀ ਇੱਛਾ ਪੂਰੀ ਹੋਵੇ! ਮੈਂ ਏਹੋ ਜਿਹਾ ਸੁਣੱਖਾ ਗਭਰੂ ਬਣ ਜਾਵਾਂ ਜਿਹੋ ਜਿਹਾ ਕਦੇ ਜੰਮਿਆ ਨਾ ਹੋਵੇ।"

ਅਤੇ ਕੀ ਵੇਖਦਾ ਹੈ ਕਿ ਉਹ ਸਰਘੀ ਵਰਗਾ ਸੁਹਣਾ ਤੇ ਜਵਾਨ ਬਣ ਗਿਆ। ਇਹੋ ਜਿਹਾ ਸੁਹਣਾ ਜਵਾਨ ਤਾਂ ਕਦੇ ਜੰਮਿਆ ਨਾ ਹੋਵੇ।

ਓਧਰ ਕੀ ਹੋਇਆ ਕਿ ਜ਼ਾਰ ਸ਼ਿਕਾਰ ਕਰਨ ਆ ਨਿਕਲਿਆ ਅਤੇ ਉਹਨੇ ਇਕ ਮਹੱਲ ਵੇਖਿਆ ਜਿਹੜਾ ਇਥੇ ਪਹਿਲਾਂ ਕਦੇ ਕਿਸੇ ਨਹੀਂ ਸੀ ਵੇਖਿਆ।

"ਕਿਹੜੇ ਬੁੱਧੂ ਨੇ ਮੇਰੀ ਜ਼ਮੀਨ ਉਤੇ ਮਹੱਲ ਖੜਾ ਕਰਨ ਦੀ ਹਿੰਮਤ ਕੀਤੀ ਏ?" ਉਹ ਬੋਲਿਆ ਅਤੇ ਉਸ ਨੇ ਅਪਰਾਧੀ ਦਾ ਪਤਾ ਲਾਉਣ ਲਈ ਆਪਣੇ ਹਰਕਾਰੇ ਭੇਜੇ।

ਜ਼ਾਰ ਦੇ ਹਰਕਾਰੇ ਮਹੱਲ ਵੱਲ ਦੌੜੇ ਆਏ, ਬਾਰੀ ਹੇਠਾਂ ਖੜੇ ਹੋ ਗਏ ਅਤੇ ਉਹਨਾਂ ਨੇ ਐਮੇਲੀਆ ਨੂੰ ਪੁਛਿਆ ਕਿ ਉਹ ਕੌਣ ਹੈ।

"ਜ਼ਾਰ ਨੂੰ ਆਖੋ ਕਿ ਮੇਰੇ ਘਰ ਆਵੇ, ਅਤੇ ਉਹ ਮੇਰੇ ਮੂੰਹੋਂ ਸੁਣ ਲਏਗਾ ਕਿ ਮੈਂ ਕੌਣ ਆਂ," ਐਮੇਲੀਆ ਨੇ ਜਵਾਬ ਦਿੱਤਾ।

ਜ਼ਾਰ ਆ ਗਿਆ, ਅਤੇ ਐਮੇਲੀਆ ਨੇ ਮਹੱਲ ਦੇ ਦਰਵਾਜ਼ੇ ਤੇ ਉਸ ਦਾ ਸਵਾਗਤ ਕੀਤਾ ਉਹਨੂੰ ਮਹੱਲ ਦੇ ਅੰਦਰ ਲਿਆਂਦਾ, ਉਸ ਨੂੰ ਬਿਠਾਇਆ ਅਤੇ ਸ਼ਾਹੀ ਭੋਜਨ ਛਕਾਇਆ। ਜ਼ਾਰ ਨੇ ਖਾਧਾ ਪੀਤਾ ਅਤੇ ਦੰਗ ਰਹਿ ਗਿਆ।

"ਤੂੰ ਕੌਣ ਏਂ, ਮੇਰੇ ਚੰਗੇ ਮਿਤਰ," ਉਸ ਨੇ ਅਖ਼ੀਰ ਪੁਛਿਆ।

"ਬੁੱਧੂ ਐਮੇਲੀਆ ਦਾ ਚੇਤਾ ਜੇ ਜਿਹੜਾ ਆਪਣੇ ਸਟੋਵ ਤੇ ਬੈਠਾ ਤੁਹਾਨੂੰ ਮਿਲਣ ਆਇਆ ਸੀ?" ਐਮੇਲੀਆ ਨੇ ਕਿਹਾ। "ਯਾਦ ਏ ਕਿਵੇਂ ਤੁਸੀਂ ਉਹਨੂੰ ਅਤੇ ਆਪਣੀ ਧੀ ਰਾਜਕੁਮਾਰੀ ਮਾਰੀਆ ਨੂੰ ਇਕ ਲੁਕ ਕੀਤੇ ਡਰੱਮ ਵਿੱਚ ਬੰਦ ਕਰਕੇ ਸਮੁੰਦਰ ਵਿੱਚ ਸੁਟਵਾ ਦਿੱਤਾ ਸੀ? ਤੇ. ਮੈਂ ਉਹੋ ਐਮੇਲੀਆ ਜੇ। ਜੇ ਮੈਂ ਚਾਹਾਂ ਤਾਂ ਤੁਹਾਡੀ ਸਾਰੀ ਜ਼ਾਰਸ਼ਾਹੀ ਨੂੰ ਅੱਗ ਲਾ ਦੇਵਾਂ ਅਤੇ ਮਿੱਟੀ ਵਿੱਚ ਮਿਲਾ ਦੇਵਾਂ।"

ਜ਼ਾਰ ਬੜਾ ਡਰਿਆ ਅਤੇ ਉਸ ਨੇ ਐਮੇਲੀਆ ਦੇ ਤਰਲੇ ਕਰ ਕੇ ਮਾਫ਼ੀ ਮੰਗੀ।

"ਤੂੰ ਮੇਰੀ ਧੀ ਵਿਆਹ ਸਕਦਾ ਏਂ ਅਤੇ ਤੂੰ ਮੇਰੀ ਜ਼ਾਰਸ਼ਾਹੀ ਵੀ ਸੰਭਾਲ ਸਕਦਾ ਏਂ, ਸਿਰਫ ਮੇਰੀ ਜਾਨ ਬਖ਼ਸ਼ੀ ਕਰ ਦੇ, ਐਮੇਲੀਆ," ਜ਼ਾਰ ਨੇ ਆਖਿਆ।

ਫੇਰ ਏਡੀ ਸ਼ਾਨਦਾਰ ਦਾਅਵਤ ਹੋਈ ਜੇਡੀ ਕਿਸੇ ਸੰਸਾਰ ਵਿੱਚ ਵੇਖੀ ਨਾ ਹੋਵੇ। ਐਮੇਲੀਆ ਦਾ ਰਾਜਕੁਮਾਰੀ ਮਾਰੀਆ ਨਾਲ ਵਿਆਹ ਹੋ ਗਿਆ ਅਤੇ ਉਹ ਰਾਜ ਕਰਨ ਲਗਾ ਅਤੇ ਬਾਕੀ ਦਿਨ ਉਹਨਾਂ ਖੁਸ਼ੀ ਖੁਸ਼ੀ ਬਿਤਾਏ।

ਤੇ ਉਹਦੇ ਨਾਲ ਹੀ ਮੇਰੀ ਇਹ ਸੱਚੀ ਕਹਾਣੀ ਖ਼ਤਮ, ਤੇ ਜਿਸ ਕਿਸੇ ਸੁਣੀ ਉਹ ਮੇਰਾ ਦੋਸਤ।

ਖਟੀਕ ਨਿਕੀਤਾ

ਇਕ ਵਾਰ ਕੀਵ ਦੇ ਲਾਗੇ ਇਕ ਅਜਗਰ ਆ ਗਿਆ ਤੇ ਉਹਨੇ ਸ਼ਹਿਰ ਵਾਲਿਆਂ ਕੋਲੋਂ ਵੱਡੀ ਭੇਟਾ ਲਈ। ਹਰ ਟੱਬਰ ਨੂੰ ਵਾਰੀ ਵਾਰੀ ਇਕ ਸੁਹਣੀ ਮੁਟਿਆਰ ਉਹਦੇ ਕੋਲ ਭੇਜਣੀ ਪੈਂਦੀ। ਤੇ ਇਸ ਤਰ੍ਹਾਂ ਜਿਹੜੀ ਵੀ ਮੁਟਿਆਰ ਉਹਦੇ ਕੋਲ ਭੇਜੀ ਗਈ, ਓਸੇ ਨੂੰ ਉਹ ਨਿਗਲ ਲਿਆ।

ਵਕਤ ਆਇਆ ਜਦੋਂ ਜ਼ਾਰ ਦੀ ਧੀ ਅਜਗਰ ਕੋਲ ਆਈ। ਉਹਨੇ ਜ਼ਾਰ ਦੀ ਧੀ ਨੂੰ ਕਾਬੂ ਕੀਤਾ ਤੇ ਧੂਹ ਕੇ ਆਪਣੀ ਗੁਫਾ ਵਿਚ ਲੈ ਗਿਆ। ਪਰ ਉਹ ਮੁਟਿਆਰ ਏਡੀ ਸੁਹਣੀ ਸੀ ਕਿ ਅਜਗਰ ਨੇ ਉਸ ਨੂੰ ਨਾ ਖਾਧਾ ਤੇ ਉਹਨੂੰ ਆਪਣੀ ਵਹੁਟੀ ਬਣਾ ਲਿਆ। ਜਦੋਂ ਉਹ ਬਾਹਰ ਆਪਣੇ ਕੰਮ ਤੇ ਜਾਂਦਾ, ਅਜਗਰ ਆਪਣੀ ਗੁਫਾ ਦਾ ਰਾਹ ਗੇਲੀਆਂ ਨਾਲ ਬੰਦ ਕਰ ਜਾਂਦਾ ਤਾਂ ਕਿ ਜ਼ਾਰ ਦੀ ਧੀ ਭੱਜ ਕੇ ਨਿਕਲ ਨਾ ਜਾਵੇ।

ਜ਼ਾਰ ਦੀ ਧੀ ਦਾ ਇਕ ਛੋਟਾ ਜਿਹਾ ਕੁੱਤਾ ਸੀ ਜਿਹੜਾ ਘਰੋਂ ਆਉਣ ਲੱਗਿਆਂ ਉਹਦੇ ਮਗਰ

ਮਗਰ ਆ ਗਿਆ ਸੀ। ਇਹ ਨਿਕਾ ਜਿਹਾ ਕੁੱਤਾ ਹੁਣ ਜ਼ਾਰ ਦੀ ਧੀ ਦੀ ਵਫ਼ਾਦਾਰੀ ਨਾਲ ਸੇਵਾ ਕਰਦਾ ਸੀ। ਜ਼ਾਰ ਦੀ ਧੀ ਆਪਣੇ ਮਾਂ ਪਿਓ ਨੂੰ ਰੁੱਕਾ ਲਿਖਦੀ ਤੇ ਕੁੱਤੇ ਦੇ ਗਲ ਨਾਲ ਬੰਨ੍ਹ ਦੇਂਦੀ, ਤੇ ਕੁੱਤਾ ਲੈਕੇ ਦੌੜ ਜਾਂਦਾ ਤੇ ਉਹਨਾਂ ਵਲੋਂ ਜਵਾਬ ਵੀ ਐ ਆਉਂਦਾ। ਇਕ੍ ਦਿਨ ਜ਼ਾਰ ਤੇ ਉਹਦੀ ਰਾਣੀ ਨੇ ਆਪਣੀ ਧੀ ਨੂੰ ਸੁਨੇਹਾ ਭੇਜਿਆ ਤੇ ਇਹ ਤਾਕੀਦ ਕੀਤੀ ਕਿ ਉਹ ਇਸ ਗੱਲ ਦਾ ਪਤਾ ਲਾਵੇ ਕਿ ਦੁਨੀਆਂ ਵਿਚ ਅਜਗਰ ਨਾਲੋਂ ਤਰੜਾ ਕੌਣ ਏ।

ਜ਼ਾਰ ਦੀ ਧੀ ਅਜਗਰ ਨਾਲ ਪਿਆਰ ਕਰਨ ਦਾ ਢੌਂਗ ਰਚਨ ਲਗ ਪਈ ਤੇ ਉਹਦੇ ਕੋਲੋਂ ਉਹਦੇ ਭੇਤ ਜਾਣਨ ਲਈ ਮਿੱਠੀਆਂ ਮਿੱਠੀਆਂ ਗੱਲਾਂ ਕਰਦੀ। ਪਹਿਲਾਂ ਪਹਿਲਾਂ ਤਾਂ ਅਜਗਰ ਕੁਝ ਨਾ ਬੋਲਿਆ, ਪਰ ਅਖੀਰ ਉਹਨੇ ਦੱਸਿਆ ਕਿ ਕੀਵ ਵਿਚ ਨਿਕੀਤਾ ਨਾਂ ਦਾ ਇਕ ਖਟੀਕ ਰਹਿੰਦਾ ਹੈ ਜਿਹੜਾ ਤਾਕਤ ਵਿਚ ਉਹਦੇ ਨਾਲੋਂ ਤਕੜਾ ਹੈ। ਜ਼ਾਰ ਦੀ ਧੀ ਨੇ ਆਪਣੇ ਪਿਉ ਜ਼ਾਰ ਨੂੰ ਲਿਖ ਦਿੱਤਾ ਤੇ ਆਖਿਆ ਕਿ ਉਹ ਕੀਵ ਵਿਚੋਂ ਨਿਕੀਤਾ ਖਟੀਕ ਨੂੰ ਲਭੇ ਅਤੇ ਉਹਨੂੰ ਉਹਦੀ ਬੰਦ-ਖਲਾਸੀ ਕਰਾਉਣ ਭੇਜੇ।

ਉਹਦੀ ਧੀ ਦਾ ਸੁਨੇਹਾ ਮਿਲਿਆ। ਜ਼ਾਰ ਨੇ ਨਿਕੀਤਾ ਖਟੀਕ ਨੂੰ ਲਭਿਆ ਤੇ ਆਪ ਉਹਨੂੰ ਬੇਨਤੀ ਕਰਨ ਗਿਆ ਕਿ ਉਹ ਇਸ ਜ਼ਾਲਮ ਅਜਗਰ ਨੂੰ ਉਹਦੇ ਦੇਸ ਵਿਚੋਂ ਬਾਹਰ ਕੱਢੇ ਤੇ ਉਹਦੀ ਧੀ ਦੀ ਬੰਦ-ਖਲਾਸੀ ਕਰਵਾਏ।

ਜਦੋਂ ਜ਼ਾਰ ਨਿਕੀਤਾ ਦੇ ਘਰ ਆਇਆ, ਨਿਕੀਤਾ ਖੱਲਾਂ ਰੰਗ ਰਿਹਾ ਸੀ ਤੇ ਉਹਦੇ ਹੱਥਾਂ ਵਿਚ ਬਾਰਾਂ ਖੱਲਾਂ ਸਨ। ਜ਼ਾਰ ਨੂੰ ਵੇਖਦਿਆਂ ਸਾਰ ਉਹ ਡਰ ਕੇ ਥਰ-ਥਰ ਕੰਬਣ ਲੱਗਾ, ਉਹਦੇ ਹੱਥ ਕੰਬੇ ਡੋਲੇ ਤੇ ਉਹਨੇ ਬਾਰਾਂ ਦੀਆਂ ਬਾਰਾਂ ਖੱਲਾਂ ਲੀਰੋ ਲੀਰ ਕਰ ਦਿੱਤੀਆਂ। ਜਿਵੇਂ ਉਹ ਡਰ ਗਿਆ ਸੀ ਤੇ ਖੱਲਾਂ ਦਾ ਜੋ ਨੁਕਸਾਨ ਹੋਇਆ ਸੀ, ਉਸ ਤੋਂ ਨਿਕੀਤਾ ਨੂੰ ਏਨਾ ਗੁੱਸਾ ਚੜ੍ਹਿਆ ਕਿ ਜ਼ਾਰ ਤੇ ਉਹਦੀ ਰਾਣੀ ਨੇ ਭਾਵੇਂ ਬੜੇ ਤਰਲੇ ਲਏ ਪਰ ਉਹ ਜ਼ਾਰ ਦੀ ਧੀ ਦੀ ਬੰਦ-ਖਲਾਸੀ ਕਰਾਉਣ ਲਈ ਰਾਜ਼ੀ ਨਾ ਹੋਇਆ।

ਫੇਰ ਇਹ ਸਲਾਹ ਬਣੀ ਕਿ ਛੋਟੀ ਉਮਰ ਦੇ ਪੰਜ ਹਜ਼ਾਰ ਬੱਚਿਆਂ ਨੂੰ ਜਮ੍ਹਾ ਕੀਤਾ ਜਾਵੇ ਜਿਹੜੇ ਇਸ ਜ਼ਾਲਮ ਅਜਗਰ ਨੇ ਯਤੀਮ ਬਣਾਏ ਸਨ, ਤੇ ਉਹ ਜਾਕੇ ਇਸ ਖਟੀਕ ਦਾ ਤਰਲਾ ਕਰਨ ਕਿ ਉਹ ਇਸ ਹੈਂਸਿਆਰੇ ਦੈਂਤ ਨੂੰ ਰੂਸ ਦੇਸ ਵਿਚੋਂ ਬਾਹਰ ਕੱਢੇ।

ਯਤੀਮ ਬੱਚੇ ਨਿਕੀਤਾ ਕੋਲ ਆਏ ਤੇ ਉਹਨਾਂ ਨੇ ਅੱਖਾਂ ਵਿਚੋਂ ਅਥਰੂ ਕੇਰਦਿਆਂ ਉਹਦੀਆਂ ਮਿੰਨਤਾਂ ਕੀਤੀਆਂ ਕਿ ਉਹ ਅਜਗਰ ਨੂੰ ਮਾਰ ਮੁਕਾਵੇ। ਉਹਨਾਂ ਦੇ ਅਥਰੂ ਵੇਖਕੇ ਨਿਕੀਤਾ ਦੇ ਦਿਲ ਵਿਚ ਰਹਿਮ ਆ ਗਿਆ। ਉਹਨੇ ਥੋੜੀ ਜਿਹੀ ਸੂਤੜੀ ਲਈ, ਕੋਈ ਤਿੰਨ ਸੌ ਪੂਡ ਤੇ ਇਹਦੇ ਉਤੇ ਲੁਕ ਮਲਿਆ। ਫੇਰ ਉਸ ਨੇ ਇਹ ਸੂਤੜੀ ਆਪਣੇ ਸਰੀਰ ਦੁਆਲੇ ਵਲ੍ਹੇਟ ਲਈ ਤਾਂ ਕਿ ਅਜਗਰ ਦੇ ਦੰਦ ਨਾ ਖੁਭ ਸਕਣ ਤੇ ਉਹਨੂੰ ਮਾਰਨ ਤੁਰ ਪਿਆ।

ਨਿਕੀਤਾ ਅਜਗਰ ਦੀ ਗੁਫਾ ਕੋਲ ਆਇਆ, ਪਰ ਅਜਗਰ ਨੇ ਬੂਹਾ ਅੰਦਰੋਂ ਬੰਦ ਕਰ ਲਿਆ ਤੇ ਬਾਹਰ ਨਾ ਨਿਕਲੇ।

"ਬਾਹਰ ਆ ਜਾ ਤੇ ਖੁਲ੍ਹੇ ਮੈਦਾਨ ਵਿਚ ਮੇਰੇ ਨਾਲ ਦੋ ਹੱਥ ਕਰ, ਵਰਨਾ ਮੈਂ ਤੇਰੀ ਗੁਫਾ ਮਿੱਟੀ ਵਿਚ ਮਿਲਾ ਦਿਆਂਗਾ!" ਖਟੀਕ ਨੇ ਕਿਲਕਾਰੀ ਮਾਰੀ ਤੇ, ਬਹੁਤਾ ਹੋਰ ਰੌਲਾ ਪਾਏ ਬਿਨਾਂ, ਉਹ ਬੂਹਾ ਭੰਨ੍ਹਣ ਲਗ ਪਿਆ।

ਅਜਗਰ ਨੇ ਜਦੋਂ ਆਪਣੇ ਆਪ ਨੂੰ ਭਾਰੀ ਖਤਰੇ ਵਿਚ ਵੇਖਿਆ, ਤਾਂ ਉਹ ਬਾਹਰ ਆ ਗਿਆ ਤੇ ਖੁਲ੍ਹੇ ਮੈਦਾਨ ਵਿਚ ਨਿਕੀਤਾ ਨੂੰ ਆ ਮਿਲਿਆ।

ਖਬਰੇ ਉਹ ਕਿੱਨਾਂ ਕੁ ਚਿਰ ਲੜਦੇ ਰਹੇ, ਪਰ ਅਖੀਰ ਅਜਗਰ ਦਾ ਬੁਰਾ ਹਾਲ ਹੋ ਗਿਆ ਤੇ ਉਹ ਭੁੰਜੇ ਡਿੱਗ ਪਿਆ ਤੇ ਰਹਿਮ ਕਰਨ ਲਈ ਲਿਲ੍ਹਕੜੀਆਂ ਲੈਣ ਲੱਗਾ।

"ਨਿਕੀਤਾ, ਮੈਨੂੰ ਮਾਰ ਨਾ," ਉਹ ਕੂਕਿਆ। "ਦੁਨੀਆਂ ਵਿਚ ਤੇਰੇ ਤੇ ਮੇਰੇ ਨਾਲੋਂ ਤਕੜਾ ਹੋਰ ਕੋਈ ਨਹੀਂ। ਚਲ ਆਪਾਂ ਦੁਨੀਆਂ ਦੋ ਹਿੱਸਿਆਂ ਵਿਚ ਵੰਡ ਲਈਏ। ਅੱਧੇ ਹਿੱਸੇ ਵਿਚ ਤੂੰ ਰਾਜ ਕਰੀਂ ਤੇ ਦੂਜੇ ਅੱਧੇ ਵਿਚ ਮੈਂ।"

"ਹੈਂ, ਏਦਾਂ ਹੀ ਸਹੀ," ਖਟੀਕ ਮੰਨ ਗਿਆ। "ਪਰ ਪਹਿਲਾਂ ਸਾਨੂੰ ਹੱਦ ਦੀ ਲੀਕ ਖਿੱਚ ਲੈਣੀ ਚਾਹੀਦੀ ਏ।"

ਫੇਰ ਨਿਕੀਤਾ ਨੇ ਤਿੰਨ ਸੌ ਪੂਡ ਭਾਰਾ ਲਕੜ ਦਾ ਹੱਲ ਬਣਾਇਆ, ਅਜਗਰ ਨੂੰ ਹੱਲ ਅੱਗੇ ਜੋਇਆ ਤੇ ਸਿਆੜ ਕਢਣ ਲਗ ਪਿਆ।

ਹੱਦ ਕੀਵ ਤੋਂ ਕਾਸਟਰੀਆਨ ਸਾਗਰ ਤੱਕ ਚਲੀ ਗਈ।

"ਚਲੋ," ਅਜਗਰ ਬੋਲਿਆ, "ਹੁਣ ਅਸੀਂ ਸਾਰੀ ਜ਼ਮੀਨ ਵੰਡ ਲਈ ਏ।"

"ਹਾਂ, ਏਹ ਤਾਂ ਹੋ ਗਿਆ," ਨਿਕੀਤਾ ਨੇ ਜਵਾਬ ਦਿੱਤਾ। "ਪਰ ਸਾਨੂੰ ਸਮੁੰਦਰ ਵੀ ਵੰਡ ਲੈਣਾ ਚਾਹੀਦਾ ਏ ਨਹੀਂ ਤਾਂ ਮੈਨੂੰ ਡਰ ਏ ਕਿ ਤੂੰ ਆਖਣੈਂ ਪਈ ਮੈਂ ਤੇਰਾ ਪਾਣੀ ਲੈ ਰਿਹਾਂ।"

ਇਸ ਗੱਲ ਦੀ ਸਹਿਮਤੀ ਹੋ ਗਈ ਤੇ ਜਦੋਂ ਉਹ ਸਮੁੰਦਰ ਦੇ ਵਿਚਕਾਰ ਗਏ ਤਾਂ ਨਿਕੀਤਾ ਨੇ ਅਜਗਰ ਨੂੰ ਕਤਲ ਕਰ ਦਿੱਤਾ ਤੇ ਉਹਦੀ ਲਾਸ਼ ਸਮੁੰਦਰ ਵਿਚ ਡੋਬ ਦਿੱਤੀ।

ਇਉਂ ਉਹਦਾ ਪਾਕ ਪਵਿਤਰ ਕੰਮ ਨੇਪਰੇ ਚੜ੍ਹ ਗਿਆ। ਖਟੀਕ ਨਿਕੀਤਾ ਵਾਪਸ ਆਕੇ ਖੱਲਾਂ ਰੰਗਣ ਲਗ ਪਿਆ ਤੇ ਉਹਨੇ ਕੀਤੇ ਹੋਏ ਕੰਮ ਦਾ ਕੋਈ ਇਵਜ਼ਾਨਾ ਨਾ ਲਿਆ।



ਮੂਰੋਮ ਦੇ ਇਲੀਆ ਦਾ ਪਹਿਲਾ ਹੱਲਾ

ਬੜੇ ਸਾਲਾਂ ਦੀ ਗੱਲ ਹੈ, ਮੂਰੋਮ ਸ਼ਹਿਰ ਦੇ ਲਾਗੇ, ਕਰਾਚਾਰੋਵੋ ਪਿੰਡ ਵਿਚ ਇਵਾਨ ਤੀਮੋਫ਼ੇਯੇਵਿਚ ਨਾਂ ਦਾ ਇਕ ਕਿਸਾਨ ਤੇ ਉਹਦੀ ਵਹੁਟੀ ਯੇਫ਼ਰੋਸੀਨੀਆ ਯਾਕੋਵਲੇਵਨਾ ਰਹਿੰਦੇ ਸਨ। ਉਹਨਾਂ ਦਾ ਇਕੋ ਇਕ ਪੁਤ ਸੀ ਜਿਸ ਦਾ ਨਾਂ ਸੀ ਇਲੀਆ।

ਇਕ ਦਿਨ ਇਲੀਆ ਸਫਰ ਤੇ ਜਾਣ ਲਈ ਤਿਆਰ ਹੋਇਆ ਅਤੇ ਛੇਤੀ ਨਾਲ ਜਾਕੇ ਆਪਣੇ ਮਾਤਾ ਪਿਤਾ ਨੂੰ ਆਖਣ ਲਗਾ:

"ਪਿਆਰੇ ਮਾਪਿਓ, ਮੈਨੂੰ ਆਗਿਆ ਦਿਓ ਕਿ ਮੈਂ ਦੇਸ ਦੀ ਰਾਜਧਾਨੀ ਕੀਵ ਜਾਵਾਂ ਅਤੇ ਰਾਜਾ ਵਲਾਦੀਮੀਰ ਦੀਆਂ ਫੌਜਾਂ ਵਿਚ ਭਰਤੀ ਹੋ ਜਾਵਾਂ। ਮੈਂ ਸੱਚੇ ਦਿਲੋਂ ਤੇ ਦ੍ਰਿੜ੍ਹਤਾ ਨਾਲ ਆਪਣੀ

ਜਨਮ ਭੂਮੀ ਰੂਸ ਦੀ ਸੇਵਾ ਕਰਾਂਗਾ ਤੇ ਰੂਸ ਦੀ ਧਰਤੀ ਦੀ ਦੁਸ਼ਮਣਾਂ ਤੋਂ ਰਖਿਆ ਕਰਾਂਗਾ।"

ਇਹ ਸੁਣਕੇ, ਉਹਦੇ ਪਿਓ ਬੁੱਢੇ ਇਵਾਨ ਨੇ ਆਖਿਆ :

"ਨੇਕ ਕੰਮਾਂ ਲਈ ਮੈਂ ਤੈਨੂੰ ਅਸੀਸ ਦੇਂਦਾ ਹਾਂ, ਪਰ ਮਾੜੇ ਕੰਮਾਂ ਲਈ ਨਹੀਂ। ਆਪਣੀ ਰੂਸੀ ਧਰਤੀ ਦੀ ਰਖਿਆ ਕਰ ਪਰ ਕਿਸੇ ਦੌਲਤ ਜਾਂ ਲਾਭ ਵਾਸਤੇ ਨਹੀਂ, ਸਗੋਂ ਇਸ ਦੇ ਮਾਣ ਵਾਸਤੇ, ਸੂਰਮਿਆਂ ਦੀ ਸ਼ਾਨ ਵਾਸਤੇ। ਮਨੁਖੀ ਲਹੂ ਵਿਅਰਥ ਹੀ ਨਾ ਡੋਹਲੀਂ, ਨਾ ਹੀ ਬਿਲਾ ਵਜਾਹ ਮਾਵਾਂ ਦੀਆਂ ਅੱਖਾਂ ਵਿਚੋਂ ਅਥਰੂ ਵਹਾਈਂ, ਅਤੇ ਭੁੱਲੀਂ ਨਾ ਕਿ ਤੂੰ ਇਕ ਕਿਸਾਨ ਏਂ, ਧਰਤੀ ਦਾ ਜਾਇਆ।"

ਇਲੀਆ ਨੇ ਆਪਣੇ ਪਿਓ ਤੇ ਆਪਣੀ ਮਾਂ ਦੇ ਸਾਮ੍ਹਣੇ ਮੱਥਾ ਟੇਕਿਆ ਅਤੇ ਆਪਣੇ ਘੋੜੇ, ਝੰਡਲ ਲਾਖੇ, ਉਤੇ ਕਾਠੀ ਪਾਉਣ ਚਲਾ ਗਿਆ। ਉਹਨੇ ਘੋੜੇ ਉਤੇ ਪਲਾਣਾ ਪਾਇਆ, ਤੇ ਪਲਾਣੇ ਉਤੇ ਉਸ ਨੇ ਨਮਦਾ ਟਿਕਾਇਆ, ਤੇ ਨਮਦੇ ਉਤੇ ਉਸ ਨੇ ਕਾਠੀ ਰੱਖੀ ਜਿਸ ਦੇ ਬਾਰਾਂ ਤੰਗ ਸਿਲਕ ਦੇ ਸਨ ਤੇ ਇਕ ਤੰਗ ਸੀ ਲੋਹੇ ਦਾ। ਇਹ ਸਜਾਵਟ ਲਈ ਨਹੀਂ ਸਗੋਂ ਮਜ਼ਬੂਤੀ ਦਾ ਕੰਮ ਦੇਣ ਲਈ ਸੀ।

ਹੁਣ ਇਲੀਆ ਦਾ ਇਰਾਦਾ ਆਪਣੀ ਤਾਕਤ ਦੀ ਅਜ਼ਮਾਇਸ਼ ਕਰਨ ਦਾ ਸੀ।

ਉਹ ਘੋੜੇ ਤੇ ਸਵਾਰ ਹੋਕੇ ਓਕਾ ਦਰਿਆ ਤੇ ਆਇਆ, ਦਰਿਆ ਦੇ ਕੰਢੇ ਖੜੀ ਇਕ ਉੱਚੀ ਸਾਰੀ ਚਟਾਨ ਨਾਲ ਮੋਢਾ ਲਾਕੇ ਉਸ ਨੂੰ ਹੁੱਝ ਮਾਰਕੇ ਦਰਿਆ ਵਿਚ ਸੁੱਟ ਦਿੱਤਾ। ਚਟਾਨ ਨੇ ਓਕਾ ਦੇ ਰਾਹ ਵਿਚ ਬੰਨ੍ਹ ਖੜਾ ਕਰ ਦਿੱਤਾ ਤੇ ਦਰਿਆ ਆਪਣੀ ਧਾਰਾ ਦੂਜੇ ਪਾਸੇ ਮੋੜਨ ਲਈ ਮਜਬੂਰ ਹੋ ਗਿਆ।

ਇਲੀਆ ਨੇ ਰਾਈ ਦੀ ਰੋਟੀ ਦਾ ਇਕ ਟੁਕੜਾ ਲਿਆ ਤੇ ਓਕਾ ਦਰਿਆ ਦੇ ਪਾਣੀਆਂ ਉਤੇ ਰੱਖ ਕੇ ਆਖਿਆ :

"ਓਕਾ ਮਾਂ, ਤੂੰ ਮੂਰੋਮ ਦੇ ਇਲੀਆ ਨੂੰ ਮਾਸ ਸ਼ਰਾਬ ਨਾਲ ਪਾਲਿਆ ਏ ਤੇ ਏਹਦੇ ਵਾਸਤੇ ਮੈਂ ਤੇਰਾ ਸ਼ੁਕਰਗੁਜ਼ਾਰ ਆਂ।"

ਤੁਰਨ ਤੋਂ ਪਹਿਲਾਂ ਉਹਨੇ ਆਪਣੀ ਜਨਮ ਭੂਮੀ ਦੀ ਮੁਠ ਕੁ ਮਿੱਟੀ ਆਪਣੇ ਨਾਲ ਲੈ ਲਈ। ਫੇਰ ਉਹ ਆਪਣੇ ਘੋੜੇ ਤੇ ਚੜ੍ਹਿਆ ਤੇ ਹੌਲੀ ਜਿਹੀ ਆਪਣੀ ਚਾਬਕ ਉਸ ਨੂੰ ਛੁਹਾਈ।

ਲੋਕਾਂ ਨੇ ਇਲੀਆ ਨੂੰ ਆਪਣੇ ਘੋੜੇ ਤੇ ਸਵਾਰ ਹੁੰਦੇ ਤਾਂ ਵੇਖਿਆ, ਪਰ ਇਹ ਕਿਸੇ ਨਹੀਂ ਵੇਖਿਆ ਕਿ ਉਹ ਕਿਧਰ ਗਿਆ ਤੇ ਕਿਵੇਂ ਗਿਆ। ਬਸ ਉਹਨਾਂ ਨੂੰ ਮੈਦਾਨ ਵਿਚ ਉਠਦੀ ਧੂੜ ਦੀ ਇਕ ਕੰਧ ਜਿਹੀ ਹੀ ਵਿਖਾਈ ਦਿੱਤੀ।

ਚਾਬਕ ਲਗਣ ਨਾਲ ਇਲੀਆ ਦੇ ਝੰਡਲ ਲਾਖੇ ਨੇ ਅਗਲੀਆਂ ਲੱਤਾਂ ਚੁੱਕੀਆਂ ਤੇ ਇਕੋ

ਛਾਲ ਮਾਰ ਕੇ ਡੇੜ ਵੇਰਸਟ* ਪਾਰ ਕਰ ਗਿਆ। ਜਿਥੇ ਘੋੜੇ ਦੇ ਪੌੜ ਜ਼ਮੀਨ ਤੇ ਲੱਗੇ, ਓਥੇ ਆਬੇਹਯਾਤ ਦਾ ਇਕ ਚਸ਼ਮਾ ਫੁਟ ਪਿਆ। ਇਲੀਆ ਨੇ ਇਕ ਹਰਾ ਭਰਾ ਸ਼ੀਸ਼ਮ ਡੇਗਿਆ ਤੇ ਚਸ਼ਮੇ ਦੁਆਲੇ ਗੇਲੀਆਂ ਦਾ ਇਕ ਚੌਖਟਾ ਖੜਾ ਕਰ ਦਿੱਤਾ, ਤੇ ਇਸ ਚੌਖਟੇ ਉਤੇ ਉਹਨੇ ਇਹ ਲਫਜ਼ ਉਕਰ ਦਿੱਤੇ: "ਕਿਸਾਨ ਇਵਾਨ ਦਾ ਪੁਤਰ, ਰੂਸੀ ਸੂਰਬੀਰ ਇਲੀਆ ਏਥੋਂ ਦੀ ਲੰਘਿਆ ਹੈ।"

ਸ਼ੀਸ਼ਮ ਦੀਆਂ ਗੇਲੀਆਂ ਦੇ ਚੌਖਟੇ ਵਿਚ ਇਸ ਚਸ਼ਮੇ ਵਿਚੋਂ ਅੱਜ ਤੱਕ ਪਾਣੀ ਵਗਦਾ ਹੈ, ਤੇ ਜੰਗਲੀ ਰਿੱਛ ਰਾਤ ਵੇਲੇ ਓਥੋਂ ਠੰਡਾ ਪਾਣੀ ਪੀਣ ਜਾਂਦਾ ਹੈ ਜਿਹੜਾ ਉਸ ਨੂੰ ਦਿਓ ਵਾਂਗ ਤਕੜਾ ਬਣਾ ਦੇਂਦਾ ਹੈ।

ਅਤੇ ਇਲੀਆ ਕੀਵ ਸ਼ਹਿਰ ਵੱਲ ਅੱਗੇ ਤੁਰ ਪਿਆ।

ਉਸ ਨੇ ਸਿੱਧੀ ਸੜਕ ਫੜ ਲਈ ਜਿਹੜੀ ਚੇਰਨੀਗੋਵ ਸ਼ਹਿਰ ਦੇ ਅਗੋਂ ਦੀ ਲੰਘਦੀ ਸੀ। ਜਦੋਂ ਉਸ ਨੂੰ ਚੇਰਨੀਗੋਵ ਨਜ਼ਰ ਆਇਆ ਤਾਂ ਉਸ ਨੂੰ ਇਸ ਦੀਆਂ ਕੰਧਾਂ ਉਤੇ ਭਾਰੀ ਸ਼ੋਰ ਸ਼ਰਾਬਾ ਸੁਣਾਈ ਦਿੱਤਾ। ਹਜ਼ਾਰਾਂ ਦੀ ਗਿਣਤੀ ਵਿਚ ਤਾਤਾਰਾਂ ਨੇ ਸ਼ਹਿਰ ਨੂੰ ਘੇਰਾ ਪਾਇਆ ਹੋਇਆ ਸੀ। ਘੋੜਿਆਂ ਦੇ ਖੁਰਾਂ ਨਾਲ ਉਡਦੀ ਧੂੜ ਤੇ ਮੂੰਹਾਂ ਵਿਚੋਂ ਨਿਕਲਦੀ ਹਵਾੜ ਨੇ ਧਰਤੀ ਉਤੇ ਹਨੇਰੇ ਦਾ ਪਰਦਾ ਤਣਿਆ ਹੋਇਆ ਸੀ ਤੇ ਅਸਮਾਨ ਵਿਚ ਚਮਕਦੇ ਸੂਰਜ ਨੂੰ ਕੱਜਿਆ ਹੋਇਆ ਸੀ। ਤਾਤਾਰਾਂ ਦੀਆਂ ਸਫਾਂ ਏਨੀਆਂ ਸੰਘਣੀਆਂ ਸਨ ਕਿ ਨਾ ਸਲੇਟੀ ਖ਼ਰਗੋਸ਼ ਇਹਨਾਂ ਵਿਚੋਂ ਲੰਘ ਸਕਦਾ ਸੀ ਨਾ ਸੁਣੱਖਾ ਸ਼ਿਕਰਾ ਇਹਨਾਂ ਉਤੇ ਉੱਡ ਸਕਦਾ ਸੀ। ਅਤੇ ਸ਼ਹਿਰ ਦੇ ਅੰਦਰੋਂ ਰੋਣ ਕੁਰਲਾਉਣ ਤੇ ਵੈਣ ਪਾਉਣ ਦੀਆਂ ਆਵਾਜ਼ਾਂ ਅਤੇ ਨੜੋਏ ਦੀਆਂ ਘੰਟੀਆਂ ਦੀਆਂ ਟੁਣਕਾਰਾਂ ਸੁਣ ਰਹੀਆਂ ਸਨ। ਸ਼ਹਿਰ ਦੇ ਲੋਕ ਪੱਥਰ ਦੇ ਗਿਰਜੇ ਵਿਚ ਜਾ ਵੜੇ ਸਨ ਤੇ ਉਥੇ ਰੋ ਧੋ ਰਹੇ ਸਨ, ਅਰਜੋਈਆਂ ਕਰਦੇ ਸਨ ਤੇ ਆਪਣੀ ਮੌਤ ਨੂੰ ਉਡੀਕ ਰਹੇ ਸਨ ਕਿਉਂਕਿ ਤਿੰਨ ਤਾਤਾਰ ਰਜਵਾੜਿਆਂ ਨੇ ਚੇਰਨੀਗੋਵ ਨੂੰ ਘੇਰਿਆ ਹੋਇਆ ਸੀ ਤੇ ਹਰ ਇਕ ਨਾਲ ਚਾਲੀ ਹਜ਼ਾਰ ਦੀ ਗਿਣਤੀ ਵਿਚ ਫੌਜ ਸੀ।

ਇਲੀਆ ਦੇ ਅੰਦਰ ਅੱਗ ਬਲ ਉਠੀ। ਉਸ ਨੇ ਝੱਡਲ ਲਾਖੇ ਦੀਆਂ ਵਾਗਾਂ ਖਿੱਚੀਆਂ, ਇਕ ਹਰਿਆ ਭਰਿਆ ਸ਼ੀਸ਼ਮ ਜੜ੍ਹਾਂ ਤੋਂ ਹੀ ਪੁਟ ਲਿਆ ਤੇ ਤਾਤਾਰਾਂ ਉਤੇ ਟੁੱਟ ਪਿਆ। ਉਸ ਨੇ ਆਸੇ ਪਾਸੇ ਸ਼ੀਸ਼ਮ ਦੇ ਰੁਖ ਨੂੰ ਡੰਡੇ ਵਾਂਗ ਵਰ੍ਹਾਇਆ ਤੇ ਦੁਸ਼ਮਣ ਨੂੰ ਆਪਣੇ ਘੋੜੇ ਦੇ ਖੁਰਾਂ ਹੇਠ ਲਿਤਾੜ ਸੁੱਟਿਆ। ਇਕ ਪਾਸੇ ਉਹਨੇ ਰੁਖ ਲਹਿਰਾਇਆ ਤੇ ਕੀ ਵੇਖਦਾ ਹੈ ਕਿ ਰਾਹ ਸਾਫ ਹੋ ਗਿਆ ਹੈ,

---

* ਵੇਰਸਟ ਲਗਭਗ ਕਿਲੋਮੀਟਰ ਦੇ ਬਰਾਬਰ।—**ਅਨੁ**:

"ਸੁਣੱਖਿਆ ਗਭਰੂਆ, ਬਹਾਦਰ ਰੂਸੀ ਸੂਰਬੀਰਾ, ਤੇਰਾ ਕੁਟੰਬ ਕਬੀਲਾ ਕਿਹੜਾ ਏ? ਤੇਰੀ ਮਾਂ ਕੌਣ ਏ, ਤੇਰਾ ਪਿਓ ਕੌਣ ਏ? ਤੇਰਾ ਨਾਂ ਕੀ ਏ? ਆ, ਤੂੰ ਚੇਰਨੀਗੋਵ ਵਿਚ ਸਾਡਾ ਸਰਦਾਰ ਬਣ ਜਾ। ਅਸੀਂ ਸਾਰੇ ਤੇਰਾ ਹੁਕਮ ਮੰਨਾਂਗੇ, ਤੇਰਾ ਆਦਰ ਮਾਣ ਕਰਾਂਗੇ, ਤੈਨੂੰ ਮਾਸ ਸ਼ਰਾਬ ਨਾਲ ਪਾਲਾਂਗੇ, ਤੇ ਤੂੰ ਦੌਲਤਾਂ ਤੇ ਪ੍ਰਸਿਧੀਆਂ ਮਾਣੇਂਗਾ।"

ਮੁਰੋਮ ਦੇ ਇਲੀਆ ਨੇ ਆਪਣਾ ਸਿਰ ਛੰਡ ਦਿੱਤਾ।

"ਚੇਰਨੀਗੋਵ ਦੇ ਨੇਕ ਲੋਕੋ, ਮੈਂ ਇਕ ਰੂਸੀ ਸੂਰਬੀਰ ਆਂ, ਮੁਰੋਮ ਸ਼ਹਿਰ ਦੇ ਲਾਗੇ, ਕਰਾਚਾਰੋਵੋ ਪਿੰਡ ਦੇ ਇਕ ਸਾਧਾਰਨ ਕਿਸਾਨ ਦਾ ਪੁਤ। ਮੈਂ ਕਿਸੇ ਲਾਭ ਦੀ ਖ਼ਾਤਰ ਤੁਹਾਡੀ ਬੰਦ-ਖਲਾਸ ਨਹੀਂ ਕਰਾਈ। ਮੈਨੂੰ ਸੋਨੇ ਚਾਂਦੀ ਦੀ ਕੋਈ ਪ੍ਰਵਾਹ ਨਹੀਂ। ਮੈਂ ਰੂਸੀ ਮਰਦਾਂ ਨੂੰ, ਸੁਹਣੀਆਂ ਮੁਟਿਆਰਾਂ ਨੂੰ, ਲਾਚਾਰ ਬਾਲਾਂ ਤੇ ਬੁੱਢੀਆਂ ਮਾਵਾਂ ਨੂੰ ਆਜ਼ਾਦ ਕਰਵਾਇਆ ਹੈ। ਨਾ ਮੈਂ ਤੁਹਾਡਾ ਸਰਦਾਰ ਬਣਾਂਗਾ ਤੇ ਨਾ ਮੈਨੂੰ ਦੌਲਤਾਂ ਦੀ ਖਿੱਚ ਏ। ਮੇਰੀ ਦੌਲਤ ਮੇਰੀ ਤਾਕਤ ਏ, ਤੇ ਮੇਰਾ ਕੰਮ ਏ ਰੂਸ ਦੀ ਸੇਵਾ ਕਰਨਾ, ਦੁਸ਼ਮਣ ਤੋਂ ਇਸ ਦੀ ਰਖਿਆ ਕਰਨਾ।"

ਫੇਰ ਚੇਰਨੀਗੋਵ ਦੇ ਵਾਸੀਆਂ ਨੇ ਬੇਨਤੀ ਕੀਤੀ ਕਿ ਇਲੀਆ ਘਟੋ ਘਟ ਇਕ ਦਿਨ ਹੋਰ ਉਹਨਾਂ ਕੋਲ ਠਹਿਰ ਜਾਵੇ ਤੇ ਉਹਨਾਂ ਨਾਲ ਦਾਅਵਤ ਖਾਵੇ। ਪਰ ਇਲੀਆ ਨੇ ਇਸ ਗੱਲ ਤੋਂ ਵੀ ਨਾਂਹ ਕਰ ਦਿੱਤੀ।

"ਚੰਗੇ ਲੋਕੋ, ਮੈਂ ਨਹੀਂ ਰੁਕ ਸਕਦਾ। ਰੂਸ ਦੁਸ਼ਮਣ ਦੇ ਹੱਲਿਆਂ ਤੋਂ ਤੜਫ ਰਿਹਾ ਏ, ਅਤੇ ਮੈਨੂੰ ਛੇਤੀ ਹੀ ਰਾਜੇ ਵਲਾਦੀਮੀਰ ਕੋਲ ਜਾਣਾ ਚਾਹੀਦਾ ਏ। ਮੈਨੂੰ ਰਾਹ ਵਾਸਤੇ ਥੋੜੀ ਜਿਹੀ ਰੋਟੀ ਦੇ ਦਿਓ ਤੇ ਤਿਹ ਬੁਝਾਉਣ ਲਈ ਚਸ਼ਮੇ ਦਾ ਥੋੜਾ ਜਿਹਾ ਪਾਣੀ, ਅਤੇ ਮੈਨੂੰ ਕੀਵ ਨੂੰ ਜਾਂਦੀ ਸਿੱਧੀ ਸੜਕ ਵਿਖਾਓ।"

ਚੇਰਨੀਗੋਵ ਦੇ ਲੋਕ ਉਦਾਸ ਹੋ ਗਏ ਤੇ ਸੋਚੀਂ ਪੈ ਗਏ।

"ਅਫਸੋਸ, ਮੁਰੋਮ ਦੇ ਇਲੀਆ, ਕੀਵ ਦਾ ਸਿੱਧਾ ਰਾਹ ਤਾਂ ਘਾਹ ਬੂਟੇ ਨਾਲ ਭਰਿਆ ਪਿਐ। ਤੀਹ ਵਰ੍ਹਿਆਂ ਤੋਂ ਕੋਈ ਬੰਦਾ ਉਥੋਂ ਦੀ ਨਹੀਂ ਲੰਘਿਆ।"

"ਉਹ ਕਿਉਂ?"

"ਸੀਟੀ ਵਜਾਉਣ ਵਾਲਾ ਡਾਕੂ, ਰਹਿਮਾਨ ਦਾ ਪੁਤ, ਸਾਲੋਵੇਈ ਓਸ ਰਾਹ ਤੇ ਰਹਿੰਦੈ। ਸਮੋਰੋਦੀਨਾਯਾ ਦਰਿਆ ਦੇ ਕੋਲ ਉਹ ਤਿੰਨ ਸ਼ੀਸ਼ਮਾਂ ਤੇ ਨੌਂ ਟਾਹਣੀਆਂ ਉਤੇ ਬੈਠਾ ਰਹਿੰਦਾ ਏ। ਜਦੋਂ ਪੰਛੀ ਵਾਂਗ ਸੀਟੀ ਵਜਾਉਂਦੈ ਤੇ ਜੰਗਲੀ ਜਾਨਵਰਾਂ ਵਾਂਗ ਚਿੰਘਾੜਦੈ ਤਾਂ ਸਾਰੇ ਰੁਖ ਜ਼ਮੀਨ ਵੱਲ ਝੁਕ ਜਾਂਦੇ ਨੇ, ਫੁਲ ਆਪਣੀਆਂ ਪੱਤੀਆਂ ਡੇਗ ਦੇਂਦੇ ਨੇ, ਘਾਹ ਬੂਟੇ ਸੁੰਗੜ ਕੇ ਕੱਠੇ ਹੋ ਜਾਂਦੇ ਨੇ ਤੇ ਬੰਦੇ ਤੇ ਘੋੜੇ ਦਮ ਤੋੜਕੇ ਡਿਗ ਪੈਂਦੇ ਨੇ। ਤੈਨੂੰ ਵਲੇਵੇਂ ਵਾਲਾ ਰਾਹ ਫੜਨਾ ਚਾਹੀਦੈ,

ਏਲੀਆ। ਅਸਲ ਵਿਚ, ਕੀਵ ਦਾ ਨੇੜੇ ਦਾ ਰਾਹ ਤਿੰਨ ਸੌ ਵੇਰਸਟਾਂ ਏ ਤੇ ਲੰਮੇਰਾ ਰਾਹ ਇਕ ਹਜ਼ਾਰ ਵੇਰਸਟਾਂ।''

ਮੂਰੋਮ ਦਾ ਇਲੀਆ ਕੁਝ ਚਿਰ ਚੁਪ ਰਿਹਾ, ਫੇਰ ਉਸ ਨੇ ਸਿਰ ਹਿਲਾਇਆ।

''ਮੈਨੂੰ, ਸੂਰਬੀਰ ਨੂੰ ਏਹ ਗੱਲ ਸੋਹਦੀ ਨਹੀਂ ਕਿ ਲੰਮਾ ਰਾਹ ਫੜਾਂ ਤੇ ਸੀਟੀ ਵਜਾਉਣ ਵਾਲੇ ਡਾਕੂ ਨੂੰ ਕੀਵ ਨੂੰ ਜਾਂਦੀ ਸੜਕ ਉਤੇ ਡਟਿਆ ਰਹਿਣ ਦੇਵਾਂ। ਮੈਂ ਸਿੱਧੇ ਅਣਕੱਛੇ ਰਾਹ ਤੋਂ ਜਾਵਾਂਗਾ।''

ਇਹ ਆਖ ਕੇ ਇਲੀਆ ਪਲਾਕੀ ਮਾਰਕੇ ਕਾਠੀ ਤੇ ਜਾ ਬੈਠਾ, ਝੰਡਲ ਲਾਖੇ ਨੂੰ ਚਾਬਕ ਛੁਹਾਈ ਤੇ ਅੱਖ ਪਲਕਾਰੇ ਵਿਚ ਉਹ ਗਾਇਬ ਹੋ ਗਿਆ।

ਮੂਰੋਮ ਦਾ ਇਲੀਆ ਤੇ ਸੀਟੀ ਵਜਾਉਣ ਵਾਲਾ ਡਾਕੂ ਸਾਲੋਵੇਈ

ਮੂਰੋਮ ਦੇ ਇਲੀਆ ਦਾ ਘੋੜਾ ਹਵਾ ਨਾਲ ਗੱਲਾਂ ਕਰਦਾ ਜਾਂਦਾ ਸੀ। ਝੰਡਲ ਲਾਖਾ ਇਕ ਪਹਾੜੀ ਤੋਂ ਦੂਜੀ ਪਹਾੜੀ ਤੇ ਛੜੱਪਦਾ ਜਾਂਦਾ ਸੀ, ਦਰਿਆਵਾਂ, ਝੀਲਾਂ ਤੇ ਵਾਦੀਆਂ ਨੂੰ ਟੱਪਦਾ ਜਾਂਦਾ ਸੀ।

ਅਖੀਰ ਉਹ ਬਰਿਨਸਕ ਦੇ ਜੰਗਲਾਂ ਵਿਚ ਆ ਗਿਆ। ਇਥੇ ਆ ਕੇ ਝੰਡਲ ਲਾਖਾ ਖਲੋ ਗਿਆ ਤੇ ਅੱਗੇ ਨਾ ਵਧ ਸਕਿਆ। ਚਾਰ ਚੁਫੇਰੇ ਜਿਲ੍ਹਣ ਤੇ ਦਲਦਲ ਸੀ ਤੇ ਘੋੜਾ ਲੱਕ ਤਾਈਂ ਜਿਲ੍ਹਣਾਂ ਵਿਚ ਧਸ ਗਿਆ।

ਇਲੀਆ ਛਾਲ ਮਾਰਕੇ ਕਾਠੀ ਤੋਂ ਲੱਥਾ। ਆਪਣੇ ਖੱਬੇ ਹੱਥ ਨਾਲ ਉਹਨੇ ਝੰਡਲ ਲਾਖੇ ਨੂੰ ਉਤਾਂਹ ਚੁੱਕਿਆ, ਸੱਜੇ ਹੱਥ ਨਾਲ ਸ਼ੀਸ਼ਮ ਦੇ ਰੁਖ ਜੜ੍ਹੋਂ ਪੁਟ ਲਏ ਤੇ ਜਿਲ੍ਹਣ ਵਿਚ ਲਕੜ ਦਾ

ਰਾਹ ਬਣਾ ਦਿੱਤਾ। ਤੀਹ ਵੇਰਸਟ ਲੰਮਾ ਰਾਹ ਬਣ ਗਿਆ ਸੀ, ਅਤੇ ਇਮਾਨਦਾਰ ਲੋਕ ਅੱਜ ਤੱਕ ਇਹਦੀ ਵਰਤੋਂ ਕਰਦੇ ਆ ਰਹੇ ਹਨ।

ਇਸ ਤਰੀਕੇ ਨਾਲ ਇਲੀਆ ਸਮੋਰੋਦੀਨਾਯਾ ਦਰਿਆ ਤੇ ਪਹੁੰਚ ਗਿਆ।

ਚਟਾਨਾਂ ਨਾਲ ਖਹਿੰਦਾ, ਉਹਨਾਂ ਦੇ ਉਤੋਂ ਦੀ ਟੱਪਦਾ ਦਰਿਆ ਚੌੜੇ ਪਾਟ ਵਿਚ ਵੱਗ ਰਿਹਾ ਸੀ।

ਝੰਡਲ ਲਾਖਾ ਹਿਣਕਿਆ, ਆਪਣੀਆਂ ਅਗਲੀਆਂ ਖੁਰਾਂ ਹਨੇਰੇ ਜੰਗਲ ਤੋਂ ਉਪਰ ਤੱਕ ਚੁੱਕ ਲਈਆਂ ਤੇ ਇਕੋ ਛਾਲ ਮਾਰਕੇ ਦਰਿਆ ਪਾਰ ਕਰ ਗਿਆ।

ਦੂਜੇ ਪਾਸੇ ਤਿੰਨ ਸ਼ੀਸ਼ਮਾਂ ਤੇ ਨੌਂ ਟਾਹਣੀਆਂ ਉਤੇ ਸੀਟੀ ਵਜਾਉਣ ਵਾਲਾ ਡਾਕੂ ਸਾਲੋਵੇਈ ਬੈਠਾ ਹੋਇਆ ਸੀ। ਇਹਨਾਂ ਸ਼ੀਸ਼ਮਾਂ ਦੇ ਕੋਲੋਂ ਦੀ ਕੋਈ ਬਾਜ਼ ਨਹੀਂ ਸੀ ਉਡ ਕੇ ਲੰਘ ਸਕਦਾ, ਕੋਈ ਜਾਨਵਰ ਨਹੀਂ ਸੀ ਭੱਜ ਕੇ ਜਾ ਸਕਦਾ, ਕੋਈ ਸਪ ਨਹੀਂ ਸੀ ਰੀਂਗ ਸਕਦਾ। ਸੀਟੀ ਵਜਾਉਣ ਵਾਲੇ ਡਾਕੂ ਕੋਲੋਂ ਸਾਰੇ ਡਰਦੇ ਸਨ ਤੇ ਕੋਈ ਵੀ ਆਪਣੀ ਜਾਨ ਨਹੀਂ ਸੀ ਗੁਆਉਣੀ ਚਾਹੁੰਦਾ।...

ਜਦੋਂ ਸਾਲੋਵੇਈ ਨੇ ਘੋੜੇ ਦੇ ਪੌੜਾਂ ਦੀ ਟੱਪ ਟੱਪ ਸੁਣੀ ਤਾਂ ਉਹ ਸ਼ੀਸ਼ਮਾਂ ਤੇ ਖੜਾ ਹੋ ਗਿਆ ਤੇ ਡਰਾਉਣੀ ਆਵਾਜ਼ ਵਿਚ ਗਰਜਿਆ :

"ਕੌਣ ਸ਼ੈਤਾਨ ਲੰਘ ਰਿਹੈ ਏਥੋਂ ਦੀ, ਵਰਜਿਤ ਸ਼ੀਸ਼ਮਾਂ ਦੇ ਕੋਲੋਂ? ਕਿਸ ਨੂੰ ਹਿੰਮਤ ਪਈ ਸੀਟੀ ਵਜਾਉਣ ਵਾਲੇ ਡਾਕੂ ਦੀ ਨੀਂਦ ਖਰਾਬ ਕਰਨ ਦੀ?"

ਤੇ ਅਚਾਨਕ ਉਹਨੇ ਚਿੜੀ ਦੀ ਚੂਕ ਵਾਂਗ ਸੀਟੀ ਵਜਾਈ, ਉਹ ਦਰਿੰਦੇ ਵਾਂਗ ਚਿੰਘਾੜਿਆ, ਤੇ ਸੱਪ ਵਾਂਗ ਫੂੰਕਾਰਿਆ। ਸਾਰੀ ਧਰਤੀ ਡੋਲ ਗਈ, ਦੇਓਆਂ ਵਰਗੇ ਸ਼ੀਸ਼ਮ ਝੂਲੇ, ਫੁਲਾਂ ਨੇ ਆਪਣੀਆਂ ਪੱਤੀਆਂ ਛੱਡ ਦਿੱਤੀਆਂ ਤੇ ਘਾਹ ਲੰਮਾ ਪੈ ਗਿਆ। ਝੰਡਲ ਲਾਖੇ ਨੇ ਆਪਣੇ ਗੋਡੇ ਟੇਕ ਦਿੱਤੇ।

ਪਰ ਇਲੀਆ ਇਕ ਚਟਾਨ ਵਾਂਗ ਕਾਠੀ ਤੇ ਡਟਿਆ ਰਿਹਾ ਤੇ ਬਿਲਕੁਲ ਨਾ ਡਰਿਆ ਘਬਰਾਇਆ। ਉਹਨੇ ਰੇਸ਼ਮੀ ਚਾਬਕ ਫੜੀ ਤੇ ਘੋੜੇ ਦੀਆਂ ਵੱਖੀਆਂ ਤੇ ਲਾਈ।

"ਤੂੰ ਸੂਰਬੀਰ ਦਾ ਘੋੜਾ ਨਹੀਂ, ਲਿੱਦ ਦੀ ਢੇਰੀ ਏਂ! ਚਿੜੀ ਦੀ ਚੀਂ ਚੀਂ ਜਾਂ ਸੱਪ ਦਾ ਫੂੰਕਾਰਾ ਤੂੰ ਕਦੇ ਸੁਣਿਆ ਨਹੀਂ? ਉਠ ਪੈਰਾਂ ਤੇ ਖਲੋ ਤੇ ਮੈਨੂੰ ਸਾਲੋਵੇਈ ਦੇ ਅੱਡੇ ਤੱਕ ਲੈ ਚਲ, ਨਹੀਂ ਤਾਂ ਮੈਂ ਤੈਨੂੰ ਬਘਿਆੜਾਂ ਅੱਗੇ ਸੁਟ ਦਊਂ।"

ਇਹ ਸੁਣਕੇ ਝੰਡਲ ਲਾਖਾ ਖੜਾ ਹੋ ਗਿਆ ਤੇ ਡਾਕੂ ਦੇ ਅੱਡੇ ਵੱਲ ਭੱਜ ਪਿਆ।

ਸਾਲੋਵੇਈ ਏਡਾ ਹੈਰਾਨ ਪਰੇਸ਼ਾਨ ਕਿ ਉਹਨੇ ਆਪਣੇ ਟਿਕਾਣੇ ਵਿਚੋਂ ਸਿਰ ਬਾਹਰ ਕਢਿਆ।

ਫੌਰਨ ਹੀ ਇਲੀਆ ਨੇ ਆਪਣਾ ਕਮਾਨ ਫੜਿਆ ਤੇ ਲੋਹੇ ਦਾ ਤੀਰ ਚੜ੍ਹਾਇਆ। ਬਿਲਕੁਲ ਛੋਟਾ ਜਿਹਾ ਤੀਰ ਜਿਸ ਦਾ ਭਾਰ ਮਸਾਂ ਇਕ ਪੂਡ ਸੀ।

ਕਮਾਨ ਟੁਣਕਿਆ, ਤੀਰ ਉਡਿਆ ਤੇ ਸਾਲੋਵੇਈ ਦੀ ਸੱਜੀ ਅੱਖ ਨੂੰ ਵਿੰਨ੍ਹਦਾ ਹੋਇਆ,

ਉਹਦੇ ਖੱਬੇ ਕੰਨ ਵਿਚੋਂ ਨਿਕਲ ਗਿਆ। ਸਾਲੋਵੇਈ ਜਵੀ ਦੀ ਭਰੀ ਵਾਂਗ ਆਪਣੇ ਅੱਡੇ ਵਿਚੋਂ ਹੇਠਾਂ ਆ ਡਿੱਗਾ। ਇਲੀਆ ਨੇ ਉਸ ਨੂੰ ਕਾਬੂ ਕਰ ਲਿਆ, ਚੰਮ ਦੀਆਂ ਪੱਟੀਆਂ ਨਾਲ ਉਸ ਨੂੰ ਕੱਸ ਕੇ ਜੂੜਿਆ ਤੇ ਆਪਣੀ ਖੱਬੀ ਰਕਾਬ ਨਾਲ ਬੰਨ੍ਹ ਲਿਆ।

ਸਾਲੋਵੇਈ ਨੇ ਇਲੀਆ ਵੱਲ ਘੂਰ ਕੇ ਵੇਖਿਆ। ਡਰਦਿਆਂ ਮਾਰਿਆਂ ਉਹਦਾ ਸਾਹ ਨਹੀਂ ਸੀ ਨਿਕਲ ਰਿਹਾ।

"ਘੂਰਦਾ ਕੀ ਏਂ, ਡਾਕੂਆ? ਕੋਈ ਰੂਸੀ ਸੂਰਬੀਰ ਪਹਿਲਾਂ ਨਹੀਂ ਕਦੇ ਆਇਆ ਏਥੇ?"

"ਮਰ ਗਏ!" ਸਾਲੋਵੇਈ ਕੂਕਿਆ। "ਮੈਂ ਤਕੜੇ ਹੱਥਾਂ ਵਿਚ ਆ ਗਿਆਂ, ਲਗਦੈ ਮੇਰੀ ਆਜ਼ਾਦੀ ਦੇ ਦਿਨ ਪੁਗ ਗਏ!"

ਇਲੀਆ ਨੇ ਸਿੱਧੀ ਸੜਕੇ ਘੋੜਾ ਉਡਾ ਲਿਆ ਅਤੇ ਸੀਟੀ ਵਜਾਉਣ ਵਾਲੇ ਡਾਕੂ ਦੇ ਘਰ ਆ ਗਿਆ। ਘਰ ਸੱਤਾਂ ਥੰਮੀਆਂ ਤੇ ਖੜਾ ਸੀ। ਤੇ ਇਸ ਦਾ ਵਿਹੜਾ ਸੱਤ ਵੇਰਸਤ ਲੰਮਾ ਸੀ, ਵਿਹੜੇ ਦੇ ਦੁਆਲੇ ਇਕ ਲੋਹੇ ਦਾ ਜੰਗਲਾ ਸੀ, ਜੰਗਲੇ ਦੀ ਹਰ ਸਲਾਖ਼ ਉਤੇ ਕਤਲ ਕੀਤੇ ਗਏ ਸੂਰਬੀਰ ਦਾ ਸਿਰ ਟੰਗਿਆ ਹੋਇਆ ਸੀ। ਤੇ ਇਸ ਵਿਹੜੇ ਵਿਚ ਚਿੱਟੇ ਪੱਥਰ ਦਾ ਇਕ ਸ਼ਾਨਦਾਰ ਮਹਿਲ ਸੀ ਜਿਸ ਦੀਆਂ ਝਾਲ ਫਿਰੀਆਂ ਪੋਰਚਾਂ ਝਮ ਝਮ ਕਰ ਰਹੀਆਂ ਸਨ।

ਸਾਲੋਵੇਈ ਦੀ ਧੀ ਨੇ ਸੂਰਬੀਰ ਦਾ ਘੋੜਾ ਵੇਖਿਆ ਤੇ ਉਹ ਆਪਣੀ ਪੂਰੀ ਆਵਾਜ਼ ਨਾਲ ਚਿਲਾਈ:

"ਸਾਡਾ ਬਾਪੂ, ਸਾਲੋਵੇਈ ਰਹਿਮਾਨੋਵਿਚ ਆ ਰਿਹੈ ਤੇ ਉਹਨੇ ਰਕਾਬ ਨਾਲ ਇਕ ਵਹਿਸ਼ੀ ਬੰਨ੍ਹਿਆ ਹੋਇਐ।"

ਡਾਕੂ ਦੀ ਪਤਨੀ ਨੇ ਬਾਰੀ ਵਿਚੋਂ ਦੀ ਨਜ਼ਰ ਮਾਰੀ ਤੇ ਉਹ ਬਾਹਵਾਂ ਉਪਰ ਨੂੰ ਉਲਾਰਦੀ ਬੋਲੀ:

"ਕੀ ਗੱਲ ਕਰਦੀ ਏਂ, ਮੂਰਖੇ! ਏਹ ਤਾਂ ਵਹਿਸ਼ੀ ਆਉਂਦੈ ਪਿਐ ਤੇਰੇ ਬਾਪੂ ਨੂੰ ਆਪਣੀ ਰਕਾਬ ਨਾਲ ਬੰਨ੍ਹੀ।"

ਇਹ ਸੁਣਕੇ ਡਾਕੂ ਦੀ ਸਭ ਤੋਂ ਵੱਡੀ ਧੀ, ਪੇਲਕਾ, ਭੱਜੀ ਭੱਜੀ ਵਿਹੜੇ ਵਿਚ ਆਈ, ਨੱਬੇ ਪੂਡ ਭਾਰਾ ਲੋਹੇ ਦਾ ਇਕ ਪਟੜਾ ਚੁਕਿਆ ਤੇ ਮੂਰੋਮ ਦੇ ਇਲੀਆ ਵੱਲ ਵਗਾਹ ਮਾਰਿਆ। ਪਰ ਇਲੀਆ ਆਪਣੇ ਬਾਰੇ ਚੌਕਸ ਸੀ। ਉਹਨੇ ਪਟੜੇ ਨੂੰ ਮਜ਼ਬੂਤ ਹੱਥਾਂ ਨਾਲ ਕਾਬੂ ਕਰ ਲਿਆ ਤੇ ਮੋੜਕੇ ਵਗਾਹਤਾ ਮਾਰਿਆ। ਪਟੜਾ ਪੇਲਕਾ ਦੇ ਵੱਜਾ ਤੇ ਉਹ ਡਿਗਦੀ ਹੀ ਦਮ ਤੋੜ ਗਈ।

ਸਾਲੋਵੇਈ ਦੀ ਵਹੁਟੀ ਨੇ ਇਲੀਆ ਦੇ ਪੈਰ ਫੜ ਲਏ।

"ਵੇ ਨੇਕ ਸੂਰਬੀਰਾ," ਉਸ ਨੇ ਉਹਦਾ ਤਰਲਾ ਲਿਆ, "ਸਾਡਾ ਸੋਨਾ ਚਾਂਦੀ ਤੇ ਹੀਰੇ ਜਵਾਹਰ ਲੈ ਜਾ, ਜੋ ਕੁਝ ਤੇਰਾ ਘੋੜਾ ਚੁਕ ਸਕਦਾ ਈ ਲੈ ਜਾ, ਪਰ ਮੇਰੇ ਘਰ ਵਾਲੇ ਦੀ ਜਾਨ ਬਖ਼ਸ਼ ਦੇ।"

ਇਲੀਆ ਨੇ ਜਵਾਬ ਵਿਚ ਆਖਿਆ :

"ਮੈਂ ਖੋਟੇ ਲੋਕਾਂ ਕੋਲੋਂ ਸੁਗਾਤਾਂ ਨਹੀਂ ਲੈਂਦਾ। ਜੋ ਕੁਝ ਤੂੰ ਮੈਨੂੰ ਦੇ ਰਹੀ ਏਂ ਉਹ ਸਭ ਕੁਝ ਰੂਸੀ ਲਹੂ ਤੇ ਬਾਲਾਂ ਦੇ ਅਥਰੂਆਂ ਨਾਲ ਗੜੁਚ ਏ। ਤੇਰੀ ਦੌਲਤ ਗਰੀਬ ਕਿਸਾਨ ਦਾ ਨਚੋੜਿਆ ਲਹੂ ਏ। ਕਾਬੂ ਆਇਆ ਡਾਕੂ ਸਦਾ ਚੰਗੀਆਂ ਗੱਲਾਂ ਕਰਦੈ, ਜਿਹੜਾ ਏਹਨੂੰ ਛੱਡ ਦੇਵੇ ਉਹ ਸਦਾ ਪਛਤਾਉਂਦਾ ਏ। ਮੈਂ ਤਾਂ ਸਾਲੋਵੇਈ ਨੂੰ ਆਪਣੇ ਨਾਲ ਕੀਵ ਸ਼ਹਿਰ ਲੈ ਜਾਵਾਂਗਾ, ਤੇ ਏਹਦੇ ਬਦਲੇ ਜੋ ਮਿਲੇ ਉਹਨਾਂ ਨਾਲ ਬੰਦ ਖਾਊਂ ਤੇ ਕਵਾਸ ਪੀਊਂ।"

ਇਲੀਆ ਨੇ ਆਪਣਾ ਘੋੜਾ ਮੋੜਿਆ ਤੇ ਕੀਵ ਵੱਲ ਉਡ ਤੁਰਿਆ। ਸਾਲੋਵੇਈ ਖਾਮੋਸ਼ ਸੀ, ਉਹ ਬਿਲਕੁਲ ਨਹੀਂ ਹਿਲਿਆ ਜੁਲਿਆ।

ਇਲੀਆ ਕੀਵ ਸ਼ਹਿਰ ਵਿਚੋਂ ਦੀ ਲੰਘਿਆ ਤੇ ਅਖੀਰ ਰਾਜੇ ਦੇ ਮਹਿਲੀਂ ਪਹੁੰਚ ਗਿਆ। ਉਹਨੇ ਆਪਣਾ ਘੋੜਾ ਕਿੱਲੇ ਨਾਲ ਬੰਨ੍ਹਿਆ, ਸੀਟੀ ਵਜਾਉਣ ਵਾਲੇ ਡਾਕੂ ਦੀਆਂ ਰਕਾਬ ਨਾਲ ਮੁਸ਼ਕਾਂ ਕਸੀਆਂ, ਤੇ ਵੱਡੇ ਕਮਰੇ ਵਿਚ ਚਲਾ ਗਿਆ।

ਰਾਜਾ ਵਲਾਦੀਮੀਰ ਖਾ ਪੀ ਰਿਹਾ ਸੀ ਤੇ ਮੇਜ਼ ਦੁਆਲੇ ਰੂਸੀ ਸੂਰਬੀਰ ਵੀ ਬੈਠੇ ਦਾਅਵਤ ਉਡਾ ਰਹੇ ਸਨ। ਇਲੀਆ ਅੰਦਰ ਆਇਆ, ਝੁਕ ਕੇ ਸਲਾਮ ਕੀਤਾ, ਤੇ ਦਹਿਲੀਜ਼ਾਂ ਤੇ ਖਲੋ ਗਿਆ।

"ਸਲਾਮ, ਰਾਜਾ ਵਲਾਦੀਮੀਰ ਤੇ ਮਲਕਾ ਅਪਰਾਕਸੀਆ। ਪ੍ਰਾਹੁਣੇ ਨੂੰ ਜੀ ਆਇਆਂ ਆਖੋਗੇ?"

ਤੇ ਉਜਲੇ ਸੂਰਜ* ਵਲਾਦੀਮੀਰ ਨੇ ਜਵਾਬ ਦਿੱਤਾ :

"ਕਿਧਰੋਂ ਆਇਆ ਏਂ ਤੂੰ, ਭਲੇ ਲੋਕਾ, ਤੇ ਤੇਰਾ ਨਾਂ ਕੀ ਏ? ਤੇਰੇ ਕੁਲ ਕਬੀਲੇ ਦੇ ਲੋਕ ਕੌਣ ਨੇ?"

"ਮੇਰਾ ਨਾਂ ਇਲੀਆ ਏ। ਮੈਂ ਮੂਰੋਮ ਸ਼ਹਿਰ ਦੇ ਲਾਗੇ, ਕਰਾਚਾਰੋਵੋ ਪਿੰਡ ਦੇ ਇਕ ਕਿਸਾਨ ਦਾ ਪੁਤ ਆਂ। ਮੈਂ ਚੇਰਨੀਗੋਵ ਤੋਂ ਸਿੱਧੀ ਸੜਕੇ ਘੋੜਾ ਲਿਆਇਆਂ, ਮੇਰੇ ਹਜ਼ੂਰ ਤੇ ਮੈਂ ਸੀਟੀ ਵਜਾਉਣ ਵਾਲੇ ਡਾਕੂ, ਰਹਿਮਾਨ ਦੇ ਪੁਤ, ਸਾਲੋਵੇਈ ਨੂੰ ਤੁਹਾਡੇ ਕੋਲ ਲੈ ਆਂਦਾ ਏ। ਬਾਹਰ ਏ ਤੁਹਾਡੇ ਵਿਹੜੇ ਵਿਚ, ਮੇਰੇ ਘੋੜੇ ਨਾਲ ਬੱਧਾ ਹੋਇਆ। ਨਜ਼ਰ ਮਾਰੋਗੇ ਉਹਦੇ ਤੇ?"

ਇਹ ਸੁਣਕੇ ਰਾਜਾ ਤੇ ਮਲਕਾ ਤੇ ਸਾਰੇ ਸੂਰਬੀਰ ਉਛਲ ਕੇ ਉਠੇ ਤੇ ਫਟਾ ਫਟ ਇਲੀਆ ਦੇ ਮਗਰ ਮਗਰ ਵਿਹੜੇ ਵਿਚ ਆ ਗਏ। ਉਹ ਭੱਜੇ ਭੱਜੇ ਝੰਡਲ ਲਾਖੇ ਕੋਲ ਆਏ।

ਤੇ ਉਹਨਾਂ ਵੇਖਿਆ ਕਿ ਡਾਕੂ ਘਾਹ ਦੀ ਪੰਡ ਵਾਂਗ ਰਕਾਬ ਨਾਲ ਲਟਕਿਆ ਹੋਇਆ ਸੀ

---

* ਵਲਾਦੀਮੀਰ ਨੂੰ ਪਿਆਰ ਨਾਲ ਲੋਕਾਂ ਦਾ ਦਿੱਤਾ ਨਾਂ।—**ਅਨੁ:**

ਤੇ ਕੀਵ ਵੱਲ ਤੇ ਰਾਜਾ ਵਲਾਦੀਮੀਰ ਵੱਲ ਆਪਣੀ ਖੱਬੀ ਅੱਖ ਨਾਲ ਝਾਕ ਰਿਹਾ ਸੀ।

"ਚਲ ਹੁਣ, ਸਾਨੂੰ ਚਿੜੀ ਵਾਂਗ ਸੀਟੀ ਵਜਾਕੇ ਤੇ ਜੰਗਲੀ ਜਾਨਵਰ ਵਾਂਗ ਚਿੰਘਾੜ ਕੇ ਵਿਖਾ!" ਰਾਜੇ ਵਲਾਦੀਮੀਰ ਨੇ ਉਹਨੂੰ ਆਖਿਆ।

ਪਰ ਸੀਟੀ ਵਜਾਉਣ ਵਾਲੇ ਡਾਕੂ ਨੇ ਪਾਸਾ ਮੋੜ ਲਿਆ ਤੇ ਹੁਕਮ ਨਾ ਮੰਨਿਆ।

"ਮੈਨੂੰ ਕੈਦੀ ਬਣਾਉਣ ਵਾਲੇ ਤੁਸੀਂ ਨਹੀਂ, ਤੇ ਇਸ ਕਰਕੇ ਤੁਸੀਂ ਮੈਨੂੰ ਹੁਕਮ ਨਹੀਂ ਦੇ ਸਕਦੇ," ਉਹਨੇ ਮੂੰਹ ਵੱਟਦਿਆਂ ਕਿਹਾ।

ਸੋ ਰਾਜਾ ਵਲਾਦੀਮੀਰ ਇਲੀਆ ਵੱਲ ਹੋਇਆ ਤੇ ਬੋਲਿਆ:

"ਇਲੀਆ ਇਵਾਨੋਵਿਚ, ਏਹਨੂੰ ਹੁਕਮ ਕਰ ਕਿ ਏਸ ਤਰ੍ਹਾਂ ਕਰੇ।"

"ਬਹੁਤ ਹੱਛਾ, ਹਜ਼ੂਰ, ਪਰ ਨਤੀਜਿਆਂ ਲਈ ਮੈਨੂੰ ਦੋਸ਼ ਨਾ ਦੇਣਾ। ਤੁਹਾਨੂੰ ਤੇ ਮਲਕਾ ਨੂੰ ਮੈਂ ਆਪਣੇ ਕਿਸਾਨਾਂ ਵਾਲੇ ਕਾਫਤਾਨ ਦੇ ਘੇਰੇ ਹੇਠ ਕਰ ਲਵਾਂਗਾ ਤਾਂ ਜੋ ਤੁਹਾਨੂੰ ਕੋਈ ਨੁਕਸਾਨ ਨਾ ਪੁੱਜੇ। ਤੇ ਤੂੰ ਸਾਲੋਵੇਈ, ਕਰ ਜੋ ਤੈਨੂੰ ਹੁਕਮ ਦਿੱਤਾ ਗਿਐ।"

"ਮੈਂ ਸੀਟੀ ਨਹੀਂ ਵਜਾ ਸਕਦਾ," ਡਾਕੂ ਨੇ ਆਖਿਆ। "ਮੇਰਾ ਸੰਘ ਸੁੱਕਾ ਹੋਇਐ।"

"ਨਕੋ ਨੱਕ ਭਰੇ ਪੰਜ ਗੇਲਨ ਮਿੱਠੀ ਸ਼ਰਾਬ, ਇਕ ਗੇਲਨ ਤੁਰਸ਼ ਬੀਅਰ, ਇਕ ਗੇਲਨ ਸ਼ਹਿਦ ਤੋਂ ਬਣੀ ਤੇਜ਼ ਸ਼ਰਾਬ ਇਸ ਨੂੰ ਦਿਓ, ਤੇ ਨਾਲ ਇਕ ਕਾਲਾਚ, ਫੇਰ ਏਹ ਸਾਡੇ ਮਨੋਰੰਜਨ ਲਈ ਸੀਟੀ ਵਜਾਏਗਾ।"

ਸਾਲੋਵੇਈ ਨੂੰ ਖਾਣ ਪੀਣ ਵਾਸਤੇ ਦਿੱਤਾ ਗਿਆ ਤੇ ਉਹ ਸੀਟੀ ਵਜਾਉਣ ਲਈ ਤਿਆਰ ਹੋ ਗਿਆ।

"ਪਰ ਯਾਦ ਰੱਖ, ਡਾਕੂਆ," ਇਲੀਆ ਨੇ ਆਖਿਆ, "ਆਪਣੇ ਪੂਰੇ ਜ਼ੋਰ ਨਾਲ ਸੀਟੀ ਨਾ ਵਜਾਈਂ, ਹੌਲੀ ਜਿਹੀ ਸੀਟੀ ਵਜਾ ਤੇ ਪੋਲੀ ਜਿਹੀ ਚਿੰਘਾੜ, ਨਹੀਂ ਤਾਂ ਤੇਰੀ ਮੁਸੀਬਤ ਆ ਜਾਏਗੀ।"

ਸਾਲੋਵੇਈ ਨੇ ਇਲੀਆ ਦੇ ਹੁਕਮ ਦੀ ਪ੍ਰਵਾਹ ਨਾ ਕੀਤੀ—ਉਹਨੇ ਸੋਚਿਆ ਕਿ ਕੀਵ ਸ਼ਹਿਰ ਨੂੰ ਤਬਾਹ ਕਰ ਦੇਵੇ ਤੇ ਰਾਜੇ ਨੂੰ ਤੇ ਮਲਕਾ ਨੂੰ ਤੇ ਸਾਰੇ ਰੂਸੀ ਸੂਰਬੀਰਾਂ ਨੂੰ ਮਾਰ ਦੇਵੇ। ਜਿੰਨੇ ਜ਼ੋਰ ਨਾਲ ਵਜਾ ਸਕਦਾ ਸੀ ਉਹਨੇ ਸੀਟੀ ਵਜਾਈ, ਜਿੰਨੇ ਜ਼ੋਰ ਨਾਲ ਚਿੰਘਾੜ ਸਕਦਾ ਸੀ ਉਹ ਚਿੰਘਾੜਿਆ ਤੇ ਉਸ ਨੇ ਵਿੰਨ੍ਹ ਸੁਟਣ ਵਾਲਾ ਫੁੰਕਾਰਾ ਮਾਰਿਆ।

ਕਿੱਨਾ ਸ਼ੋਰ ਸ਼ਰਾਬਾ ਮੱਚਿਆ ਸੀ!

ਘਰਾਂ ਦੀਆਂ ਮੱਮਟੀਆਂ ਢਹਿ ਪਈਆਂ, ਪੋਰਚਾਂ ਢੱਠ ਗਈਆਂ, ਬਾਰੀਆਂ ਦੇ ਸ਼ੀਸ਼ੇ ਤਿੜਕ ਗਏ, ਅਸਤਬਲਾਂ ਵਿਚੋਂ ਘੋੜੇ ਭਜ ਨਿਕਲੇ ਤੇ ਸਾਰੇ ਹੀ ਸੂਰਬੀਰ ਡਿਗ ਪਏ ਤੇ ਲੱਤਾਂ ਬਾਹਵਾਂ ਦੇ ਭਾਰ ਵਿਹੜੇ ਵਿਚ ਰੀਂਗਣ ਲੱਗੇ, ਰਾਜਾ ਵਲਾਦੀਮੀਰ, ਮੁਰਦਿਆਂ ਹਾਰ, ਇਲੀਆ ਦੇ

ਦਰਖ਼ਤਾਂ ਦੇ ਘੇਰੇ ਓਹਲੇ ਖੜਾ ਝੂਲ ਰਿਹਾ ਸੀ।

ਇਲੀਆ ਨੂੰ ਬੜਾ ਗੁੱਸਾ ਚੜ੍ਹਿਆ।

"ਮੈਂ ਤੈਨੂੰ ਰਾਜੇ ਤੇ ਮਲਕਾ ਦਾ ਮਨਪਰਚਾਵਾ ਕਰਨ ਲਈ ਆਖਿਆ ਸੀ, ਤੇ ਵੇਖ ਤੂੰ ਕੀ ਕੀਤਾ ਏ!" ਉਸ ਨੇ ਡਾਕੂ ਨੂੰ ਆਖਿਆ। "ਹੁਣ ਮੈਂ ਤੇਰੇ ਨਾਲ ਨਿਬੜੂੰ। ਹੁਣ ਤੂੰ ਮਾਵਾਂ ਪਿਓਆਂ ਨੂੰ ਦੁਖੀ ਨਹੀਂ ਕਰੇਂਗਾ, ਹੁਣ ਤੂੰ ਮੁਟਿਆਰ ਵਹੁਟੀਆਂ ਨੂੰ ਰੰਡੀਆਂ ਨਹੀਂ ਬਣਾਵੇਂਗਾ ਤੇ ਨਾ ਹੀ ਬੱਚਿਆਂ ਨੂੰ ਯਤੀਮ। ਹੁਣ ਤੂੰ ਨਾ ਕਿਸੇ ਨੂੰ ਲੁਟੇਂਗਾ ਤੇ ਨਾ ਮਾਰੇਂਗਾ।"

ਤੇ ਇਲੀਆ ਨੇ ਤੇਜ਼ ਤਲਵਾਰ ਫੜੀ ਤੇ ਸਾਲੋਵੇਈ ਦਾ ਸਿਰ ਲਾਹ ਦਿੱਤਾ। ਤੇ ਇਓਂ ਸੀਟੀ ਵਜਾਉਣ ਵਾਲੇ ਡਾਕੂ ਦਾ ਅੰਤ ਹੋ ਗਿਆ।

"ਸ਼ੁਕਰੀਆ ਤੇਰਾ, ਮੂਰੋਮ ਦੇ ਇਲੀਆ," ਰਾਜੇ ਵਲਾਦੀਮੀਰ ਨੇ ਆਖਿਆ। "ਮੇਰੇ ਅਮਲੇ ਵਿਚ ਸ਼ਾਮਲ ਹੋ ਜਾ। ਤੂੰ ਮੇਰਾ ਪਹਿਲਾ ਸੂਰਬੀਰ ਹੋਵੇਂਗਾ, ਸਾਰਿਆਂ ਨਾਲੋਂ ਵਧ ਸਨਮਾਨਿਤ। ਤੇ ਆਪਣੀ ਰਹਿੰਦੀ ਉਮਰ ਤੱਕ ਕੀਵ ਵਿਚ ਹੀ ਰਹਿ।"



ਨਿਕੀਤਾ ਦਾ ਪੁਤ, ਦੋਬਰੀਨੀਯਾ ਤੇ ਜ਼ਮੇਈ ਗੋਰੀਨਿਚ

ਇਕ ਵਾਰ ਦੀ ਗੱਲ ਹੈ ਕੀਵ ਦੇ ਨੇੜੇ ਮਾਮੇਲਫ਼ਾ ਤੀਮੋਫ਼ੇਯੇਵਨਾ ਨਾਂ ਦੀ ਇਕ ਵਿਧਵਾ ਰਹਿੰਦੀ ਸੀ। ਉਹਦਾ ਇਕ ਪੁਤ ਸੀ ਜਿਸ ਨੂੰ ਉਹ ਬੜਾ ਪਿਆਰ ਕਰਦੀ ਸੀ। ਉਹ ਸੂਰਬੀਰ ਸੀ ਤੇ ਉਹਦਾ ਨਾਂ ਸੀ ਦੋਬਰੀਨੀਯਾ। ਸਾਰਾ ਕੀਵ ਦੋਬਰੀਨੀਯਾ ਦੀ ਵਡਿਆਈ ਦੇ ਗੀਤ ਗਾਉਂਦਾ। ਉਹ ਲੰਮਾ ਉੱਚਾ ਤੇ ਸੁਹਣਾ ਸਣੱਖਾ ਸੀ, ਲੜਾਈ ਵਿਚ ਬਹਾਦਰ ਤੇ ਦਾਅਵਤਾਂ ਵਿਚ ਹਸਣ ਖੇਡਣ ਵਾਲਾ ਤੇ ਚੰਗਾ ਪੜ੍ਹਿਆ ਲਿਖਿਆ। ਉਹ ਬੜਾ ਹਾਜ਼ਰ–ਜਵਾਬ ਸੀ ਤੇ ਉਹ ਗੀਤ ਰਚ ਸਕਦਾ ਤੇ ਗੂਸਲੀ ਵਜਾ ਸਕਦਾ ਸੀ। ਉਹ ਸੁਭਾ ਦਾ ਬੜਾ ਮਿੱਠਾ ਤੇ ਸਾਊ ਸੀ, ਕਦੇ ਰੁੱਖਾ ਨਹੀਂ ਸੀ ਬੋਲਦਾ ਤੇ ਬਿਨਾ ਵਜਾਹ ਕਿਸੇ ਨੂੰ ਮਾੜਾ ਲਫਜ਼ ਨਾ ਆਖਦਾ। ਤੇ ਇਸੇ ਕਰਕੇ ਹੀ ਉਹਨੂੰ ਦੋਬਰੀਨੀਯਾ ਕਹਿੰਦੇ ਸਨ ਜਿਸ ਮਤਲਬ ਹੈ ਕੋਮਲ ਚਿੱਤ।

ਇਕ ਵਾਰ ਗਰਮੀਆਂ ਵਿਚ ਤਪਦੀ ਦੁਪਹਿਰੇ ਦੋਬਰੀਨੀਯਾ ਦੇ ਦਿਲ ਵਿਚ ਦਰਿਆ ਵਿਚ ਨਹਾਉਣ ਦੀ ਇੱਛਾ ਜਾਗੀ। ਉਹ ਆਪਣੀ ਮਾਂ ਮਾਮੇਲਫ਼ਾ ਤੀਮੋਫ਼ੇਯੇਵਨਾ ਕੋਲ ਗਿਆ ਤੇ ਉਹਨੂੰ ਆਖਣ ਲਗਾ :

"ਮਾਂ, ਮਾਂ, ਮੈਂ ਪੁਚਾਈ ਦਰਿਆ ਤੇ ਜਾਕੇ ਨਹਾ ਆਵਾਂ ਠੰਡੇ ਪਾਣੀ ਵਿਚ, ਮੈਨੂੰ ਗਰਮੀਆਂ ਦੀ ਤਪਸ਼ ਨੇ ਥਕਾ ਮਾਰਿਆ ਏ।"

ਮਾਮੇਲਫ਼ਾ ਤੀਮੋਫ਼ੇਯੇਵਨਾ ਬੜੀ ਬੇਚੈਨ ਹੋਈ ਤੇ ਉਹ ਦੋਬਰੀਨੀਯਾ ਨੂੰ ਘਰ ਹੀ ਬੈਠਾ ਰਹਿਣ ਲਈ ਸਮਝਾਉਣ ਲੱਗੀ।

"ਮੇਰਿਆ ਲਾਡਲਿਆ ਪੁੱਤਾ, ਮੇਰਿਆ ਸੁਹਣਿਆ ਦੋਬਰੀਨੀਯਾ," ਉਹਨੇ ਆਖਿਆ, "ਪੁਚਾਈ ਦਰਿਆ ਤੇ ਨਾ ਜਾਈਂ। ਇਹ ਬੜਾ ਮੂੰਹਜ਼ੋਰ ਤੇ ਰੋਹ ਭਰਿਆ ਦਰਿਆ ਈ। ਇਹ ਆਪਣੀ ਪਹਿਲੀ ਧਾਰਾ ਵਿਚੋਂ ਅੱਗ ਵਰ੍ਹਾਉਂਦਾ ਏ, ਤੇ ਆਪਣੀ ਦੂਜੀ ਧਾਰਾ ਵਿਚੋਂ ਚੰਗਿਆੜੇ ਸੁੱਟਦਾ ਏ ਤੇ ਇਸ ਦੀ ਤੀਜੀ ਧਾਰਾ ਵਿਚੋਂ ਧੂਆਂ ਨਿਕਲਦਾ ਏ।"

"ਚੰਗਾ ਮਾਂ," ਦੋਬਰੀਨੀਯਾ ਨੇ ਜਵਾਬ ਦਿੱਤਾ, "ਮੈਂ ਦਰਿਆ ਤੇ ਨਹਾਉਣ ਨਹੀਂ ਜਾਂਦਾ। ਪਰ ਮੈਨੂੰ ਦਰਿਆ ਕੰਢੇ ਘੋੜੇ ਤੇ ਸੈਰ ਕਰ ਆਉਣ ਦੇ ਤੇ ਸੱਜਰੀ ਹਵਾ ਖਾ ਆਉਣ ਦੇ।"

ਮਾਮੇਲਫ਼ਾ ਤੀਮੋਫ਼ੇਯੇਵਨਾ ਨੇ ਉਹਨੂੰ ਸੈਰ ਤੇ ਹਵਾਖੋਰੀ ਕਰਨ ਜਾਣ ਦੀ ਆਗਿਆ ਦੇ ਦਿੱਤੀ, ਤੇ ਦੋਬਰੀਨੀਯਾ ਸਿੱਧਾ ਜਾਕੇ ਆਪਣੀ ਤਿਆਰੀ ਕਰਨ ਲੱਗ ਪਿਆ। ਉਹਨੇ ਆਪਣੀ ਸਵਾਰੀ ਵਾਲੀ ਪੁਸ਼ਾਕ ਪਾਈ ਤੇ ਉੱਚਾ ਯੂਨਾਨੀ ਟੋਪ ਪਾਇਆ ਤੇ ਉਹਨੇ ਆਪਣਾ ਬਰਛਾ, ਆਪਣਾ ਤੀਰ ਕਮਾਨ, ਤੇਜ਼ ਧਾਰ ਵਾਲੀ ਆਪਣੀ ਤਲਵਾਰ ਅਤੇ ਆਪਣੀ ਚਾਬਕ ਲੈ ਲਈ।

ਉਹ ਆਪਣੇ ਬਹਾਦਰ ਘੋੜੇ ਉਤੇ ਜਾ ਬੈਠਾ, ਆਪਣੇ ਜਵਾਨ ਨੌਕਰ ਨੂੰ ਨਾਲ ਚਲਣ ਲਈ ਆਖਿਆ, ਤੇ ਸੈਰ ਕਰਨ ਤੁਰ ਪਿਆ।

ਇਕ ਘੰਟਾ ਬੀਤ ਗਿਆ, ਦੂਜਾ ਘੰਟਾ ਬੀਤ ਗਿਆ ਤੇ ਦੋਬਰੀਨੀਯਾ ਅਜੇ ਘੋੜਾ ਤੋਰੀ ਜਾਂਦਾ ਸੀ। ਸਿਰ ਉਤੇ ਗਰਮੀਆਂ ਦਾ ਸੂਰਜ ਅੱਗ ਵਰ੍ਹਾ ਰਿਹਾ ਸੀ ਅਤੇ ਦੋਬਰੀਨੀਯਾ ਨੇ, ਆਪਣੀ ਮਾਂ ਦੀ ਨਸੀਹਤ ਭੁਲਾ ਕੇ ਆਪਣਾ ਘੋੜਾ ਪੁਚਾਈ ਦਰਿਆ ਵੱਲ ਮੋੜ ਲਿਆ।

ਦਰਿਆ ਵਲੋਂ ਦਿਲ ਨੂੰ ਖੇੜਾ ਦੇਣ ਵਾਲੀ ਠੰਡੀਰ ਆਈ।

ਦੋਬਰੀਨੀਯਾ ਘੋੜੇ ਤੋਂ ਉਤਰਿਆ, ਵਾਗਾਂ ਆਪਣੇ ਨੌਜਵਾਨ ਨੌਕਰ ਨੂੰ ਫੜਾਈਆਂ ਤੇ ਆਖਿਆ :

"ਐਥੇ ਖਲੋ ਤੇ ਘੋੜੇ ਤੇ ਨਿਗਾਹ ਰੱਖ।"

ਫੇਰ ਉਸ ਨੇ ਆਪਣਾ ਯੂਨਾਨੀ ਟੋਪ ਲਾਹਿਆ ਤੇ ਆਪਣੇ ਸਫਰ ਵਾਲੇ ਕਪੜੇ ਲਾਹੇ, ਆਪਣੇ ਸਾਰੇ ਹਥਿਆਰ ਆਪਣੇ ਘੋੜੇ ਦੀ ਪਿੱਠ ਉਤੇ ਰੱਖੇ ਤੇ ਆਪ ਦਰਿਆ ਵਿਚ ਛਾਲ ਮਾਰ ਦਿੱਤੀ।

ਦੋਬਰੀਨੀਯਾ ਨੇ ਪਾਣੀ ਵਿਚ ਤਾਰੀ ਲਾਈ ਤੇ ਉਹ ਹੈਰਾਨ ਰਹਿ ਗਿਆ :

"ਪੁਚਾਈ ਦਰਿਆ ਬਾਰੇ ਜਿਹੜੀ ਗੱਲ ਮਾਂ ਨੇ ਆਖੀ ਸੀ ਉਹ ਤਾਂ ਅਜੀਬ ਸੀ। ਇਹ ਤਾਂ ਮੂੰਹਜ਼ੋਰ ਨਹੀਂ। ਇਹ ਤਾਂ ਮੀਂਹ ਦੇ ਛਿਟਿਆਂ ਵਾਂਗ ਸ਼ਾਂਤ ਏ।"

ਪਰ ਇਹ ਲਫਜ਼ ਅਜੇ ਮਸਾਂ ਦੋਬਰੀਨੀਯਾ ਦੇ ਮੂੰਹ ਵਿਚ ਹੀ ਸਨ ਕਿ ਅਚਨਚੇਤ ਅਸਮਾਨ

ਕਾਲਾ ਸ਼ਾਹ ਹੋ ਗਿਆ। ਅਸਮਾਨ ਵਿਚ ਨਾ ਕੋਈ ਬੱਦਲ ਸੀ ਤੇ ਨਾ ਮੀਂਹ ਵਰ੍ਹਦਾ ਸੀ, ਪਰ ਗੜ, ਗੜ ਹੁੰਦੀ ਸੀ। ਕੋਈ ਤੂਫਾਨ ਨਹੀਂ ਸੀ ਆਇਆ, ਪਰ ਬਿਜਲੀ ਚਮਕਦੀ ਸੀ।

"ਦੋਬਰੀਨੀਯਾ ਨੇ ਆਪਣਾ ਸਿਰ ਉਤਾਂਹ ਕੀਤਾ ਤੇ ਵੇਖਿਆ ਕਿ ਪਹਾੜ ਦਾ ਅਜਗਰ, ਜ਼ਮੇਈ ਗੋਰੀਨਿਚ ਉਹਦੇ ਵੱਲ ਉਡਿਆ ਆਉਂਦਾ ਸੀ, ਤੇ ਇਹ ਬੜਾ ਭਿਆਨਕ ਦੈਂਤ ਸੀ। ਉਹਦੇ ਤਿੰਨ ਸਿਰ ਸਨ ਤੇ ਸੱਤ ਪੂਛਾਂ ਤੇ ਪੰਜੇ ਸਨ ਜਿਵੇਂ ਚਮਕਦਾ ਤਾਂਬਾ। ਉਹਦੀਆਂ ਨਾਸਾਂ ਵਿਚੋਂ ਲਾਟਾਂ ਨਿਕਲਦੀਆਂ ਸਨ ਤੇ ਉਹਦੇ ਕੰਨਾਂ ਵਿਚੋਂ ਧੂਆਂ ਨਿਕਲਦਾ ਸੀ।

ਅਜਗਰ ਨੂੰ ਦੋਬਰੀਨੀਯਾ ਦੀ ਸੂਹ ਲਗ ਗਈ ਸੀ ਤੇ ਉਹ ਬੋਲਿਆ ਜਿਵੇਂ ਬੱਦਲ ਗਜਦਾ ਹੈ:

"ਪੁਰਾਣੇ ਲੋਕ ਕਹਿੰਦੇ ਹੁੰਦੇ ਸੀ ਕਿ ਨਿਕੀਤਾ ਦੇ ਪੁਤ, ਦੋਬਰੀਨੀਯਾ ਦੇ ਹਥੋਂ ਮੇਰਾ ਕਤਲ ਹੋਵੇਗਾ। ਪਰ ਦੋਬਰੀਨੀਯਾ ਆਪ ਹੀ ਮੇਰੇ ਪੰਜੇ ਵਿਚ ਆ ਗਿਐ। ਜਿਵੇਂ ਮੇਰਾ ਜੀਅ ਕਰੇ ਮੈਂ ਉਹਦੇ ਨਾਲ ਕਰ ਸਕਦਾਂ: ਮੈਂ ਉਹਨੂੰ ਜਿਊਂਦੇ ਨੂੰ ਖਾ ਸਕਦਾਂ ਜਾਂ ਮੈਂ ਉਹਨੂੰ ਕੈਦੀ ਬਣਾ ਕੇ ਲਿਜਾ ਸਕਦਾਂ ਤੇ ਆਪਣੇ ਭੋਰੇ ਵਿਚ ਸੁਟ ਸਕਦਾਂ। ਬੜੇ ਰੂਸੀ ਬੰਦੇ ਮੈਂ ਕੈਦ ਕੀਤੇ ਹੋਏ ਨੇ। ਬਸ ਸਿਰਫ ਦੋਬਰੀਨੀਯਾ ਦੀ ਹੀ ਕਸਰ ਸੀ।"

ਤੇ ਦੋਬਰੀਨੀਯਾ ਧੀਮੀ ਜਿਹੀ ਆਵਾਜ਼ ਵਿਚ ਬੋਲਿਆ ਤੇ ਆਖਣ ਲੱਗਾ:

"ਠਹਿਰ ਜਾ ਤੂੰ ਕੁਲਹਿਣਿਆ ਅਜਗਰਾ, ਪਹਿਲਾਂ ਦੋਬਰੀਨੀਯਾ ਨੂੰ ਫੜ ਤਾਂ ਲੈ ਤੇ ਫੇਰ ਆਪਣੀ ਫਤਿਹ ਦੀਆਂ ਡੀਂਗਾਂ ਮਾਰੀਂ। ਦੋਬਰੀਨੀਯਾ ਅਜੇ ਤੇਰੇ ਕਾਬੂ ਨਹੀਂ ਆਇਆ।"

ਦੋਬਰੀਨੀਯਾ ਬਹੁਤ ਵਧੀਆ ਤੈਰਾਕ ਸੀ, ਤੇ ਉਹ ਚੁੱਭੀ ਮਾਰ ਕੇ ਦਰਿਆ ਦੇ ਹੇਠਾਂ ਚਲਾ ਗਿਆ ਤੇ ਪਾਣੀ ਦੇ ਵਿੱਚ ਵਿੱਚ ਤਰਨ ਲੱਗ ਪਿਆ। ਇਕ ਥਾਂ ਢਾਲਵੇਂ ਕੰਢੇ ਤੇ ਉਹ ਪਾਣੀ ਵਿਚੋਂ ਬਾਹਰ ਨਿਕਲਿਆ ਤੇ ਕੰਢੇ ਤੇ ਚੜ੍ਹ ਆਇਆ ਤੇ ਛਪਾ ਛਪ ਆਪਣੇ ਘੋੜੇ ਵੱਲ ਗਿਆ। ਪਰ ਉਥੇ ਉਹਦੇ ਘੋੜੇ ਦਾ ਕੋਈ ਨਾਂ ਨਿਸ਼ਾਨ ਨਹੀਂ ਸੀ। ਉਹਦਾ ਨੌਜਵਾਨ ਨੌਕਰ ਘੋੜਾ ਭਜਾ ਕੇ ਲੈ ਗਿਆ ਸੀ। ਅਜਗਰ ਦੀ ਗਰਜ ਨਾਲ ਉਹਦੇ ਹੱਥ ਪੈਰ ਠੰਡੇ ਪੈ ਗਏ ਸਨ, ਉਹ ਪਲਾਕੀ ਮਾਰਕੇ ਘੋੜੇ ਤੇ ਚੜ੍ਹਿਆ ਤੇ ਦੋਬਰੀਨੀਯਾ ਦੇ ਸਾਰੇ ਹਥਿਆਰ ਲੈਕੇ ਪੱਤੇਤੋੜ ਹੋ ਗਿਆ ਸੀ।

ਦੋਬਰੀਨੀਯਾ ਕੋਲ ਅਜਗਰ ਨਾਲ ਲੜਨ ਵਾਸਤੇ ਆਪਣੇ ਖਾਲੀ ਹੱਥਾਂ ਤੋਂ ਸਿਵਾ ਕੱਖ ਵੀ ਨਹੀਂ ਸੀ।

ਅਜਗਰ ਗਰਜਦਾ ਹੋਇਆ ਦੋਬਰੀਨੀਯਾ ਤੇ ਟੁਟ ਪਿਆ ਤੇ ਉਸਨੇ ਉਹਦੇ ਉਤੇ ਮਘਦੇ ਚੰਗਿਆੜਿਆਂ ਦਾ ਮੀਂਹ ਵਰ੍ਹਾ ਦਿੱਤਾ ਤੇ ਦੋਬਰੀਨੀਯਾ ਦਾ ਗੋਰਾ ਸਰੀਰ ਝੁਲਸ ਗਿਆ ਤੇ ਸੜ ਗਿਆ।

ਸੂਰਬੀਰ ਦੀ ਛਾਤੀ ਵਿਚ ਉਹਦਾ ਦਿਲ ਡਹਿਲ ਗਿਆ। ਉਹਨੇ ਚੁਫੇਰੇ ਨਜ਼ਰ ਮਾਰੀ, ਪਰ ਕੁਝ ਵੀ ਵਿਖਾਈ ਨਾ ਦਿੱਤਾ ਜੋ ਇਸ ਬਿਪਤਾ ਵਿਚ ਕੰਮ ਆਉਂਦਾ। ਨਾ ਲਾਗੇ ਚਾਗੇ ਕੋਈ ਡੰਡਾ

ਨਾ ਪੱਥਰ। ਬਸ ਪੀਲਾ ਰੇਤਾ ਅਤੇ ਉਹਦਾ ਯੂਨਾਨੀ ਟੋਪ ਜਿਹੜਾ ਉਹਦੇ ਕੋਲ ਬੇਕਾਰ ਪਿਆ ਸੀ।

ਦੋਬਰੀਨੀਯਾ ਨੇ ਟੋਪ ਫੜਿਆ ਤੇ ਇਹਦੇ ਵਿਚ ਪੀਲਾ ਰੇਤਾ ਭਰ ਲਿਆ, ਪੂਰੇ ਪੰਜ ਪੂਡ ਤੋਤਾ। ਉਹਨੇ ਟੋਪ ਨੂੰ ਝੁਲਾਇਆ ਤੇ ਵਗਾਹ ਕੇ ਜ਼ਮੇਈ ਗੋਰੀਨਿਚ ਨੂੰ ਦੇ ਮਾਰਿਆ ਤੇ ਉਹਨੇ ਉਸ ਦਾ ਇਕ ਸਿਰ ਪਾੜ ਸੁਟਿਆ।

ਫੇਰ ਉਹ ਪੂਰੇ ਜ਼ੋਰ ਨਾਲ ਅਜਗਰ ਉਤੇ ਟੁਟ ਪਿਆ ਤੇ ਉਹਨੇ ਉਹਨੂੰ ਹੇਠਾਂ ਸੁਟ ਲਿਆ ਤੇ ਜ਼ਮੀਨ ਵਿਚ ਧਸੋੜ ਦਿੱਤਾ। ਉਹ ਉਹਦੇ ਦੋ ਦੂਜੇ ਸਿਰ ਲਾਹੁਣ ਹੀ ਵਾਲਾ ਸੀ ਕਿ ਜ਼ਮੇਈ ਗੋਰੀਨਿਚ ਤਰਲੇ ਕਰਦਾ ਹੋਇਆ ਬੋਲਿਆ :

"ਨੇਕ ਦੋਬਰੀਨੀਯਾ, ਬਹਾਦਰ ਸੂਰਬੀਰਾ, ਮੇਰਾ ਸਿਰ ਨਾ ਲਾਹ ਤੇ ਮੈਨੂੰ ਛਡ ਦੇ ਤੇ ਮੈਂ ਵਚਨ ਦੇਂਦਾ ਆਂ ਕਿ ਤੇਰਾ ਹਰ ਹੁਕਮ ਮੰਨਾਂਗਾ। ਮੈਂ ਤੇਰੇ ਨਾਲ ਬਹੁਤ ਵੱਡਾ ਕਰਾਰ ਕਰਦਾਂ : ਕਦੇ ਤੇਰੇ ਦੇਸ, ਮਹਾਨ ਤੇ ਅਨੰਤ ਰੂਸ ਵਿਚ ਨਹੀਂ ਵੜਾਂਗਾ, ਕਦੇ ਰੂਸੀ ਬੰਦਿਆਂ ਨੂੰ ਕੈਦੀ ਨਹੀਂ ਬਣਾਵਾਂਗਾ। ਬਸ ਮੇਰੀ ਜਾਨ ਬਖ਼ਸ਼ ਦੇ ਦੋਬਰੀਨੀਯਾ, ਤੇ ਮੇਰੇ ਬੱਚਿਆਂ ਨੂੰ ਕੁਝ ਨਾ ਆਖੀਂ।"

ਦੋਬਰੀਨੀਯਾ ਅਜਗਰ ਦੀਆਂ ਗੱਲਾਂ ਵਿਚ ਆ ਗਿਆ, ਤੇ ਇਹ ਸੋਚਕੇ ਕਿ ਕਪਟੀ ਦੈਂਤ ਸੱਚ ਬੋਲਦਾ ਹੈ, ਉਹਨੂੰ ਛੱਡ ਦਿੱਤਾ।

ਅਜੇ ਮਸਾਂ ਅਜਗਰ ਉਪਰ ਬਦਲਾਂ ਵੱਲ ਉਡਿਆ ਹੀ ਸੀ ਕਿ ਉਹ ਇਕਦਮ ਕੀਵ ਵੱਲ ਉਡ ਗਿਆ ਤੇ ਸਿੱਧਾ ਰਾਜੇ ਵਲਾਦੀਮੀਰ ਦੇ ਬਾਗ਼ ਵਿਚ ਚਲਾ ਗਿਆ।

ਓਧਰ ਉਸ ਵੇਲੇ ਰਾਜੇ ਵਲਾਦੀਮੀਰ ਦੀ ਭਣੇਵੀਂ, ਪੂਤੀਆਤਾ ਦੀ ਧੀ, ਮੁਟਿਆਰ ਜ਼ਾਬਾਵਾ ਬਾਗ ਵਿੱਚ ਹਵਾਖੋਰੀ ਕਰ ਰਹੀ ਸੀ।

ਜਦੋਂ ਅਜਗਰ ਨੇ ਸ਼ਹਿਜ਼ਾਦੀ ਨੂੰ ਵੇਖਿਆ ਤਾਂ ਉਹਦੀ ਖ਼ੁਸ਼ੀ ਦਾ ਕੋਈ ਆਰਪਾਰ ਨਾ ਰਿਹਾ। ਉਹ ਬੱਦਲਾਂ ਵਿਚੋਂ ਉਹਦੇ ਉਤੇ ਝਪਟਿਆ, ਉਹਨੂੰ ਆਪਣੇ ਤਾਂਬੇ ਦੇ ਪੰਜਿਆਂ ਵਿਚ ਕਾਬੂ ਕੀਤਾ ਤੇ ਉਹਨੂੰ ਸੋਰੋਚਿਨਸਕ ਪਹਾੜਾਂ ਵਿਚ ਲੈ ਗਿਆ।

ਓਧਰ ਦੋਬਰੀਨੀਯਾ ਆਪਣੇ ਨੌਕਰ ਕੋਲ ਆਇਆ ਤੇ ਆਪਣੀ ਸਫਰੀ ਪੁਸ਼ਾਕ ਪਾਉਣ ਲੱਗ ਪਿਆ ਜਦੋਂ ਅਚਾਨਕ ਅਸਮਾਨ ਹਨੇਰਾ ਹੋ ਗਿਆ ਤੇ ਬੱਦਲ ਗਜਣ ਲੱਗਾ। ਦੋਬਰੀਨੀਯਾ ਨੇ ਧਿਆਨ ਉਤਾਂਹ ਕੀਤਾ ਤੇ ਵੇਖਿਆ ਕਿ ਜ਼ਮੇਈ ਗੋਰੀਨਿਚ, ਪੂਤੀਆਤਾ ਦੀ ਧੀ, ਜ਼ਾਬਾਵਾ ਨੂੰ ਆਪਣੇ ਪੰਜਿਆਂ ਵਿਚ ਕਾਬੂ ਕਰੀ ਕੀਵ ਵਲੋਂ ਉਡਿਆ ਆ ਰਿਹਾ ਸੀ।

ਦੋਬਰੀਨੀਯਾ ਬਹੁਤ ਦੁਖੀ ਹੋਇਆ ਤੇ ਬਹੁਤ ਪ੍ਰੇਸ਼ਾਨ ਹੋਇਆ। ਉਹ ਨਿਮੋਝੂਣਾ ਜਿਹਾ ਆਪਣੇ ਘਰ ਆਇਆ ਤੇ ਸਿਰ ਸੁਟ ਕੇ ਇਕ ਬੰਚ ਉਤੇ ਬਹਿ ਗਿਆ ਤੇ ਮੂੰਹੋਂ ਕੁਝ ਨਾ ਬੋਲਿਆ। ਉਹਨੂੰ ਉਦਾਸ ਵੇਖਕੇ, ਉਹਦੀ ਮਾਂ ਮਾਮੇਲਫ਼ਾ ਤੀਮੋਫ਼ੇਯੇਵਨਾ ਨੇ ਉਹਨੂੰ ਪੁਛਿਆ :

"ਏਡਾ ਉਦਾਸ ਕਿਉਂ ਐ, ਮੇਰਿਆ ਸੁਹਣਿਆ? ਤੈਨੂੰ ਕੀ ਦੁਖ ਆ, ਦੋਬਰੀਨੀਯਾ?"

"ਮੈਨੂੰ ਕੋਈ ਦੁਖ ਨਹੀਂ ਮਾਂ," ਦੋਬਰੀਨੀਆ ਨੇ ਜਵਾਬ ਦਿੱਤਾ, "ਤੇ ਨਾ ਮੈਂ ਉਦਾਸ ਆਂ। ਪਰ ਮੇਰਾ ਘਰ ਬੈਠੇ ਦਾ ਜੀਅ ਨਹੀਂ ਲਗਦਾ। ਮੈਂ ਸੋਚਦਾਂ ਕਿ ਮੈਂ ਕੀਵ ਵਿਚ ਰਾਜੇ ਵਲਾਦੀਮੀਰ ਦੇ ਘਰ ਹੀ ਚਲਾ ਜਾਵਾਂ। ਉਹਦੇ ਅਜ ਰਾਤ ਦਾਅਵਤ ਹੋਣ ਵਾਲੀ ਏ।"

"ਕੀਵ ਨਾ ਜਾਈਂ ਪੁਤਰਾ ਦੋਬਰੀਨੀਆ," ਉਹਦੀ ਮਾਂ ਨੇ ਕਿਹਾ। "ਰਾਜੇ ਦੇ ਘਰ ਨਾ ਜਾਈਂ। ਮੇਰਾ ਦਿਲ ਕਹਿੰਦੈ ਪਈ ਤੇਰਾ ਜਾਣਾ ਸੁੱਖੀ ਸਾਂਦੀ ਨਹੀਂ ਹੋਣਾ। ਜੇ ਤੇਰਾ ਏਡਾ ਈ ਜੀਅ ਕਰਦੈ ਤਾਂ ਅਸੀਂ ਆਪਣੇ ਘਰ ਦਾਅਵਤ ਕਰ ਲੈਂਦੇ ਆਂ।"

ਪਰ ਦੋਬਰੀਨੀਆ ਆਪਣੀ ਮਾਂ ਦੇ ਆਖੇ ਨਾ ਲੱਗਾ, ਤੇ ਉਹ ਕੀਵ ਨੂੰ ਤੁਰ ਪਿਆ, ਰਾਜੇ ਵਲਾਦੀਮੀਰ ਦੇ ਘਰ ਨੂੰ।

ਉਹ ਕੀਵ ਪਹੁੰਚਾ ਤੇ ਸਿੱਧਾ ਰਾਜੇ ਦੇ ਮਹਿਲੀਂ ਚਲਾ ਗਿਆ। ਮੇਜ਼ਾਂ ਉਤੇ ਛੱਤੀ ਪ੍ਰਕਾਰ ਦੇ ਪਦਾਰਥ ਲੱਗੇ ਹੋਏ ਸਨ, ਵੰਨ ਸੁਵੰਨੀਆਂ ਸ਼ਰਾਬਾਂ ਰੱਖੀਆਂ ਹੋਈਆਂ ਸਨ, ਪਰ ਮਹਿਮਾਨ ਸਿਰ ਸੁੱਟੀ ਬੈਠੇ ਸਨ। ਨਾ ਕੋਈ ਕੁਝ ਖਾਂਦਾ ਸੀ ਤੇ ਨਾ ਕੋਈ ਕੁਝ ਪੀਂਦਾ ਸੀ।

ਰਾਜਾ ਕਮਰੇ ਵਿਚ ਸੱਜੇ ਖੱਬੇ ਫਿਰ ਰਿਹਾ ਸੀ ਤੇ ਆਪਣੇ ਮਹਿਮਾਨਾਂ ਨੂੰ ਖਾਣਾ ਖਾਣ ਲਈ ਨਹੀਂ ਸੀ ਆਖਦਾ। ਉਹਦੀ ਵਹੁਟੀ, ਮਲਕਾ, ਮੂੰਹ ਤੇ ਪੱਲਾ ਲਈ ਬੈਠੀ ਸੀ ਤੇ ਉਹ ਬੈਠੇ ਲੋਕਾਂ ਵੱਲ ਵੇਖਦੀ ਤੱਕ ਨਹੀਂ ਸੀ।

ਕੁਝ ਚਿਰ ਮਗਰੋਂ ਰਾਜਾ ਵਲਾਦੀਮੀਰ ਬੋਲਿਆ ਤੇ ਉਸ ਆਖਿਆ:

"ਮੇਰੇ ਪਿਆਰੇ ਮਹਿਮਾਨੋ, ਅਸੀਂ ਦਾਅਵਤਾਂ ਨਹੀਂ ਉਡਾ ਸਕਦੇ, ਏਸ ਗੱਲ ਦਾ ਮੈਨੂੰ ਪਤਾ ਏ। ਮੇਰੀ ਵਹੁਟੀ, ਮਲਕਾ ਦਾ ਦਿਲ ਬਹੁਤ ਪ੍ਰੇਸ਼ਾਨ ਏ ਤੇ ਮੇਰਾ ਵੀ ਘਟ ਦੁਖੀ ਨਹੀਂ। ਜ਼ਮੇਈ ਗੋਰੀਨਿਚ, ਉਹਨੂੰ ਰੱਬ ਦੀ ਮਾਰ ਪਵੇ, ਸਾਡੀ ਪਿਆਰੀ ਭਣੇਵੀਂ, ਪੂਤੀਆਤਾ ਦੀ ਧੀ, ਮੁਟਿਆਰ ਜ਼ਾਬਾਵਾ ਨੂੰ ਚੁੱਕ ਕੇ ਲੈ ਗਿਐ। ਤੁਹਾਡੇ ਵਿਚੋਂ ਕੋਈ ਹੈ ਜਿਹੜਾ ਸੋਰੋਚਿਨਸਕ ਪਹਾੜਾਂ ਨੂੰ ਜਾਵੇ, ਸ਼ਹਿਜ਼ਾਦੀ ਨੂੰ ਲਭੇ ਤੇ ਉਹਨੂੰ ਆਜ਼ਾਦ ਕਰਵਾਏ?"

ਪਰ ਕੋਈ ਨਹੀਂ ਬੋਲਿਆ! ਮਹਿਮਾਨ ਇਕ ਦੂਜੇ ਦੇ ਪਿਛੇ ਮੂੰਹ ਲੁਕਾਉਣ ਲੱਗੇ, ਲੰਮਿਆਂ ਨੇ ਮੱਝਲਿਆਂ ਪਿਛੇ ਤੇ ਮੱਝਲਿਆਂ ਨੇ ਨਢਿਆਂ ਪਿਛੇ ਹੋਕੇ ਮੂੰਹ ਬੰਦ ਕਰ ਰੱਖੇ ਤੇ ਪੱਥਰ ਬਣੇ ਬੈਠੇ ਰਹੇ।

ਅਚਨਚੇਤ ਨੌਜਵਾਨ ਸੂਰਬੀਰ, ਅਲੀਓਸ਼ਾ ਪਾਪੋਵਿਚ, ਖੜਾ ਹੋਇਆ ਤੇ ਬੋਲਿਆ:

"ਮੇਰੀ ਗੱਲ ਸੁਣੋ, ਮਹਾਰਾਜ ਉਜਲੇ ਸੂਰਜ! ਕੱਲ ਮੈਂ ਬਾਹਰ ਗਿਆ ਸਾਂ ਤੇ ਮੈਂ ਕੋਮਲ ਚਿੱਤ ਦੋਬਰੀਨੀਆ ਨੂੰ ਪਚਾਈ ਦਰਿਆ ਤੇ ਵੇਖਿਆ ਸੀ। ਉਹ ਤੇ ਜ਼ਮੇਈ ਗੋਰੀਨਿਚ ਘਿਓ ਖਿਚੜੀ ਹੋਏ ਹੋਏ ਸਨ ਤੇ ਉਹ ਉਸ ਨੂੰ ਆਪਣਾ ਪਿਆਰਾ ਭਰਾ ਕਹਿੰਦਾ ਸੀ। ਦੋਬਰੀਨੀਆ ਨੂੰ ਅਜਗਰ ਦੀ ਗੁਫਾ ਵਿਚ ਭੇਜੋ ਤੇ ਉਹ ਤੁਹਾਡੀ ਪਿਆਰੀ ਭਣੇਵੀਂ ਨੂੰ ਛੁਡਾ ਲਿਆਵੇਗਾ। ਕੋਈ ਸ਼ਕ ਨਹੀਂ ਕਿ ਜ਼ਮੇਈ ਗੋਰੀਨਿਚ ਆਪਣੇ ਭਰਾ ਨਾਲ ਲੜਾਈ ਕੀਤੇ ਬਿਨਾਂ ਹੀ ਉਸ ਨੂੰ ਛੱਡ ਦੇਵੇਗਾ।"

ਰਾਜਾ ਵਲਾਦੀਮੀਰ ਗੁੱਸੇ ਨਾਲ ਲਾਲ ਪੀਲਾ ਹੋ ਗਿਆ ਤੇ ਉਹ ਦੋਬਰੀਨੀਯਾ ਵੱਲ ਮੂੰਹ ਕਰਕੇ ਬੋਲਿਆ :

"ਜੇ ਏਹ ਗੱਲ ਏ, ਤਾਂ ਫੌਰਨ ਸਵਾਰ ਹੋ ਜਾ ਆਪਣੇ ਘੋੜੇ ਤੇ, ਦੋਬਰੀਨੀਯਾ, ਤੇ ਹਵਾ ਹੋ ਜਾ ਸੋਰੋਚਿਨਸਕ ਪਹਾੜਾਂ ਨੂੰ। ਓਥੇ ਜਾਕੇ ਮੇਰੀ ਪਿਆਰੀ ਭਣੇਵੀਂ, ਪੂਤੀਆਤਾ ਦੀ ਧੀ, ਜ਼ਾਬਾਵਾ ਨੂੰ ਲੱਭ ਤੇ ਉਹਨੂੰ ਕੈਦ ਵਿਚੋਂ ਛੁਡਾ। ਉਹਨੂੰ ਨਾਲ ਲੈਕੇ ਵਾਪਸ ਆਵੀਂ, ਵਰਨਾ ਤੇਰਾ ਸਿਰ ਲਾਹ ਦਿੱਤਾ ਜਾਏਗਾ।"

ਦੋਬਰੀਨੀਯਾ ਨੇ ਆਪਣਾ ਲਾਚਾਰ ਸਿਰ ਝੁਕਾਇਆ ਤੇ ਉਹ ਮੂੰਹੋਂ ਕੁਝ ਨਹੀਂ ਬੋਲਿਆ। ਉਹ ਆਪਣੀ ਥਾਂ ਤੋਂ ਉਠਿਆ, ਆਪਣੇ ਘੋੜੇ ਤੇ ਚੜ੍ਹਿਆ ਤੇ ਘਰ ਨੂੰ ਤੁਰ ਪਿਆ।

ਉਹਦੀ ਮਾਂ ਅੰਦਰੋਂ ਬਾਹਰ ਆਈ ਤੇ ਉਹਨੂੰ ਵੇਖਦਿਆਂ ਸਾਰ ਖੁੜਕ ਗਈ ਕਿ ਸੁਖ ਨਹੀਂ ਸੀ। ਦੋਬਰੀਨੀਯਾ ਦੇ ਚਿਹਰੇ ਦਾ ਰੰਗ ਬਦਲਿਆ ਹੋਇਆ ਸੀ।

"ਤੈਨੂੰ ਕੀ ਦੁਖ ਐ, ਦੋਬਰੀਨੀਯਾ ਮੇਰੇ ਲਾਲ?" ਉਹਨੇ ਪੁਛਿਆ। "ਏਡਾ ਉਦਾਸ ਕਿਉਂ ਏਂ? ਕੋਈ ਬਿਪਤਾ ਆ ਪਈ? ਦਾਅਵਤ ਵਿਚ ਕੋਈ ਮੰਦਾ ਸਲੂਕ ਹੋਇਐ? ਕਿਤੇ ਸ਼ਰਾਬ ਵਰਤਾਉਂਦਿਆਂ ਉਹਨਾਂ ਤੈਨੂੰ ਅੱਖੋਂ ਓਹਲੇ ਤਾਂ ਨਹੀਂ ਕਰ ਦਿੱਤਾ ਜਾਂ ਤੈਨੂੰ ਜਿਹੀ ਥਾਂ ਬਿਠਾ ਦਿੱਤਾ ਜਿਹੜੀ ਤੈਨੂੰ ਸੁਹੰਦੀ ਨਹੀਂ ਸੀ?"

"ਨਹੀਂ ਮਾਂ," ਦੋਬਰੀਨੀਯਾ ਨੇ ਜਵਾਬ ਦਿੱਤਾ, "ਮੇਰੇ ਨਾਲ ਕੋਈ ਮਾੜਾ ਸਲੂਕ ਨਹੀਂ ਹੋਇਆ। ਸ਼ਰਾਬ ਵਰਤਾਉਂਦਿਆਂ ਉਹਨਾਂ ਮੈਨੂੰ ਅਖੋਂ ਓਹਲੇ ਵੀ ਨਹੀਂ ਕੀਤੀ ਤੇ ਨਾ ਹੀ ਮੈਨੂੰ ਜਿਹੀ ਥਾਂ ਬਿਠਾਇਆ ਜਿਹੜੀ ਮੈਨੂੰ ਸੁਹੰਦੀ ਨਾ ਹੋਵੇ।"

"ਜੇ ਏਹ ਗੱਲ ਏ ਤਾਂ ਫੇਰ ਤੂੰ ਸਿਰ ਸੁਟ ਕੇ ਕਿਉਂ ਬੈਠਾ ਹੋਇਐਂ?"

"ਗੱਲ ਏਹ ਆ ਕਿ ਰਾਜੇ ਵਲਾਦੀਮੀਰ ਨੇ ਇਕ ਬਹੁਤ ਵੱਡਾ ਕੰਮ ਮੇਰੇ ਜ਼ੁਮੇ ਲਾ ਦਿਤੈ। ਮੈਂ ਸੋਰੋਚਿਨਸਕ ਪਹਾੜ ਤੇ ਜਾਣੈ ਤੇ ਪੂਤੀਆਤਾ ਦੀ ਧੀ, ਜ਼ਾਬਾਵਾ, ਨੂੰ ਲਭ ਕੇ ਆਜ਼ਾਦ ਕਰਾਉਣੈ ਜਿਸ ਨੂੰ ਜ਼ਮੇਈ ਗੋਰੀਨਿਚ ਚੁੱਕ ਕੇ ਲੈ ਗਿਐ।"

ਮਾਮੇਲਫ਼ਾ ਤੀਮੋਫ਼ੇਯੇਵਨਾ ਦਾ ਦਿਲ ਡਰ ਗਿਆ ਪਰ ਉਹਨੇ ਅਖੋਂ ਅਥਰੂ ਨਾ ਕਿਰਨ ਦਿੱਤੇ ਤੇ ਉਹਨੇ ਆਪਣਾ ਦੁਖ ਜ਼ਾਹਰ ਨਾ ਹੋਣ ਦਿੱਤਾ, ਪਰ ਸੋਚੀਂ ਪੈ ਗਈ ਕਿ ਕੀ ਕੀਤਾ ਜਾਏ।

"ਜਾ ਸੌਂ ਜਾਕੇ ਮੇਰੇ ਲਾਲ, ਦੋਬਰੀਨੀਯਾ," ਉਹਨੇ ਆਖਿਆ, "ਆਰਾਮ ਕਰ ਤੇ ਤਕੜਾ ਹੋ। ਰਾਤ ਦੀ ਸਲਾਹ ਨਹੀਂ ਚੰਗੀ, ਸਵੇਰੇ ਵੇਖੀ ਜਾਊ।"

ਫੇਰ ਦੋਬਰੀਨੀਯਾ ਬਿਸਤਰੇ ਤੇ ਜਾ ਪਿਆ ਤੇ ਛੇਤੀ ਹੀ ਉਹ ਸੌਂ ਗਿਆ ਤੇ ਉਹਦੇ ਘੁਰਾੜੇ ਵਜਦੇ ਸੁਣਨ ਲੱਗੇ।

ਪਰ ਮਾਮੇਲਫ਼ਾ ਤੀਮੋਫ਼ੇਯੇਵਨਾ ਬਿਸਤਰੇ 'ਤੇ ਨਹੀਂ ਪਈ। ਉਹ ਇਕ ਬੰਚ ਤੇ ਬਹਿ ਗਈ

ਤੇ ਉਹਨੇ ਸਾਰੀ ਰਾਤ ਇਕ ਚਾਬਕ ਦੀਆਂ ਸੱਤਾਂ ਵਧਰੀਆਂ ਨੂੰ ਵਖਰੇ ਵਖਰੇ ਰੰਗ ਚਾੜ੍ਹਦਿਆਂ ਗੁਜ਼ਾਰ ਦਿੱਤੀ।

ਪਹੁ ਫੁਟਦਿਆਂ ਹੀ ਉਹਨੇ ਆਪਣੇ ਪੁਤ ਨੂੰ ਜਗਾਇਆ ਤੇ ਉਸ ਨੂੰ ਆਖਿਆ :

"ਉਠ ਜਾਗ, ਮੇਰੇ ਬੱਚੇ। ਕਪੜੇ ਪਾ ਤੇ ਛੇਤੀ ਨਾਲ ਪੁਰਾਣੇ ਤਬੇਲੇ ਵਿਚ ਜਾ। ਤੀਜੀ ਕੋਠੜੀ ਦਾ ਬੂਹਾ ਨਹੀਂ ਖੁਲ੍ਹਦਾ ਕਿਉਂਕਿ ਏਹ ਅੱਧਾ ਲਿੱਦ ਵਿਚ ਦਬਿਆ ਹੋਇਐ। ਤੂੰ ਪੂਰੇ ਜ਼ੋਰ ਨਾਲ ਤਖਤੇ ਨੂੰ ਧੱਕਾ ਦੇਵੀਂ ਤੇ ਏਹਨੂੰ ਖੋਹਲੀਂ ਤੇ ਕੋਠੜੀ ਦੇ ਅੰਦਰ ਤੂੰ ਆਪਣੇ ਬਾਬੇ ਦਾ ਘੋੜਾ, ਬੂਰਕਾ, ਵੇਖੇਂਗਾ। ਉਹ ਪੰਦਰਾਂ ਵਰ੍ਹਿਆਂ ਤੋਂ ਏਸ ਕੋਠੜੀ ਵਿਚ ਖਲੋਤੈ ਤੇ ਗੋਡੇ ਗੋਡੇ ਲਿੱਦ ਵਿਚ ਖੁਭਿਆ ਹੋਇਐ। ਉਹਨੂੰ ਚੰਗੀ ਤਰ੍ਹਾਂ ਸਾਫ ਕਰੀਂ ਤੇ ਖਰਖਰਾ ਕਰੀਂ, ਦਾਣਾ ਪਾਈਂ ਤੇ ਪਾਣੀ ਵਿਖਾਈਂ ਤੇ ਉਹਨੂੰ ਆਪਣੇ ਘਰ ਦੀ ਡਿਉੜ੍ਹੀ ਵਿਚ ਲੈ ਆਈਂ।"

ਦੋਬਰੀਨੀਯਾ ਤਬੇਲੇ ਵਿਚ ਗਿਆ, ਉਹਨੇ ਚੂਥੀਆਂ ਤੋਂ ਬੂਹਾ ਪੁਟ ਸੁੱਟਿਆ ਤੇ ਬੂਰਕਾ ਨੂੰ ਬਾਹਰ ਕੱਢ ਲਿਆਂਦਾ। ਉਸ ਨੂੰ ਉਹ ਡਿਉੜ੍ਹੀ ਵਿਚ ਲੈ ਆਇਆ ਤੇ ਉਹਦੇ ਉਤੇ ਕਾਠੀ ਪਾਉਣ ਲਗ ਪਿਆ। ਪਹਿਲਾਂ ਉਹਨੇ ਉਹਦੀ ਪਿੱਠ ਉਤੇ ਪਲਾਣਾ ਰਖਿਆ ਤੇ ਪਲਾਣੇ ਉਤੇ ਉਹਨੇ ਨਮਦਾ ਟਿਕਾਇਆ ਤੇ ਨਮਦੇ ਉਤੇ ਚਰਕਾਸ਼ੀਅਨ ਕਾਠੀ ਰੱਖੀ ਜਿਸ ਉਤੇ ਕੀਮਤੀ ਰੇਸ਼ਮ ਦੀ ਕਢਾਈ ਕੀਤੀ ਹੋਈ ਸੀ ਤੇ ਸੋਨਾ ਜੜਿਆ ਹੋਇਆ ਸੀ। ਫੇਰ ਉਹਨੇ ਇਸ ਨੂੰ ਸਿਲਕ ਦੇ ਬਾਰਾਂ ਤੰਗਾਂ ਨਾਲ ਕੱਸ ਦਿੱਤਾ ਤੇ ਘੋੜੇ ਨੂੰ ਸੋਨੇ ਦੀ ਲਗਾਮ ਪਾਈ। ਫੇਰ ਮਾਮੇਲਫ਼ਾ ਤੀਮੋਫ਼ੇਯੇਵਨਾ ਘਰੋਂ ਬਾਹਰ ਆਈ ਤੇ ਉਹਨੇ ਦੋਬਰੀਨੀਯਾ ਨੂੰ ਸੱਤਾਂ ਵਧਰੀਆਂ ਵਾਲੀ ਚਾਬਕ ਫੜਾਈ ਜਿਹੜੀ ਉਹਨੇ ਤਿਆਰ ਕੀਤੀ ਸੀ।

"ਜਦੋਂ ਤੂੰ ਸੋਰੋਚਿਨਸਕ ਪਹਾੜਾਂ ਤੇ ਪਹੁੰਚ ਜਾਏਂ, ਦੋਬਰੀਨੀਯਾ," ਉਹਨੇ ਆਖਿਆ, "ਜ਼ਮੇਈ ਗੋਰੀਨਿਚ ਬਾਹਰ ਗਿਆ ਹੋਵੇਗਾ। ਤੂੰ ਆਪਣਾ ਘੋੜਾ ਉਡਾ ਕੇ ਸਿਧਾ ਉਹਦੀ ਗੁਫਾ ਵਿਚ ਲੈ ਜਾਈਂ ਤੇ ਅਜਗਰ ਦੇ ਬੱਚੇ ਜ਼ਰੂਰ ਮਿਧ ਸੁੱਟੀਂ। ਉਹ ਬੂਰਕਾ ਦੀਆਂ ਲੱਤਾਂ ਨੂੰ ਵਲੇਵੇਂ ਮਾਰ ਲੈਣਗੇ ਤੇ ਤੂੰ ਆਪਣੀ ਚਾਬਕ ਘੋੜੇ ਦੇ ਕੰਨਾਂ ਵਿਚਕਾਰ ਲਾਈਂ। ਫੇਰ ਬੂਰਕਾ ਉਛਲੇਗਾ ਤੇ ਅਜਗਰ ਦੇ ਬੱਚਿਆਂ ਨੂੰ ਆਪਣੀਆਂ ਲੱਤਾਂ ਨਾਲੋਂ ਛੰਡ ਕੇ ਲਾਹ ਦੇਵੇਗਾ ਤੇ ਉਹਨਾਂ ਨੂੰ ਮਿੱਧ ਕੇ ਮਾਰ ਦੇਵੇਗਾ।"

ਸੇਬ ਦੇ ਰੁਖ ਨਾਲੋਂ ਇਕ ਟਹਿਣੀ ਟੁੱਟੀ ਤੇ ਇਕ ਸੇਬ ਇਹਦੇ ਨਾਲੋਂ ਲੱਥ ਕੇ ਰਿੜ੍ਹ ਗਿਆ। ਲਹੂ ਡੋਲ੍ਹਵੀਂ ਤੇ ਭਿਆਨਕ ਲੜਾਈ ਲੜਨ ਲਈ ਇਕ ਮਾਂ ਦਾ ਪਿਆਰਾ ਪੁਤ ਉਹਦੇ ਨਾਲੋਂ ਵਿਛੜ ਗਿਆ।

ਮੀਂਹ ਦੀਆਂ ਕਣੀਆਂ ਵਾਂਗ ਦਿਨ ਲੰਘਦੇ ਗਏ ਤੇ ਵਗਦੀ ਨਦੀ ਦੇ ਪਾਣੀ ਵਾਂਗ ਹਫਤੇ। ਅਸਮਾਨ ਵਿਚ ਸੁਨਹਿਰੀ ਸੂਰਜ ਚਮਕਦਾ ਜਦੋਂ ਦੋਬਰੀਨੀਯਾ ਤੁਰ ਪੈਂਦਾ, ਤੇ ਚਾਂਦੀ ਰੰਗਾ ਚੰਨ

ਲਿਸ਼ਕਦਾ ਹੁੰਦਾ ਤੇ ਉਹ ਅਜੇ ਵੀ ਘੋੜੇ ਤੇ ਸਵਾਰ ਹੁੰਦਾ। ਉਹਦੇ ਸਾਮ੍ਹਣੇ ਲੰਮਾ ਪੈਂਡਾ ਸੀ, ਪਰ ਅਖੀਰ ਦੋਬਰੀਨੀਯਾ ਸੋਰੋਚਿਨਸਕ ਪਹਾੜਾਂ ਵਿਚ ਪਹੁੰਚ ਗਿਆ।

ਪਹਾੜ ਦੇ ਉਤੇ ਅਜਗਰ ਦੀ ਗੁਫਾ ਸੀ ਤੇ ਆਸ ਪਾਸ ਦੀ ਧਰਤੀ ਉਤੇ ਉਹਦੇ ਬੱਚੇ ਕੁਰਬਲ ਕੁਰਬਲ ਕਰਦੇ ਫਿਰਦੇ ਸਨ। ਉਹਨਾਂ ਨੇ ਬੂਰਕਾ ਦੀਆਂ ਲੱਤਾਂ ਨੂੰ ਵਲੇਵੇਂ ਮਾਰ ਲਏ ਤੇ ਉਹਨਾਂ ਨੇ ਉਹਦੇ ਖੁਰਾਂ ਨੂੰ ਦੰਦੀਆਂ ਵੱਢੀਆਂ। ਬੂਰਕਾ ਕੋਲੋਂ ਭਜਿਆ ਨਾ ਜਾਵੇ ਤੇ ਉਹ ਗੋਡਿਆਂ ਭਾਰ ਡਿਗ ਪਿਆ। ਪਰ ਦੋਬਰੀਨੀਯਾ ਨੂੰ ਆਪਣੀ ਮਾਂ ਦੀ ਨਸੀਹਤ ਯਾਦ ਆਈ। ਉਹਨੇ ਸੱਤਾਂ ਰੰਗਾਂ ਦੇ ਰੇਸ਼ਮ ਦੀ ਬਣੀ ਚਾਬਕ ਫੜੀ ਤੇ ਇਸ ਨੂੰ ਬੂਰਕਾ ਦੇ ਕੰਨਾਂ ਵਿਚਕਾਰ ਲਾਇਆ।

ਦੋਬਰੀਨੀਯਾ ਨੇ ਆਖਿਆ : "ਉਠ ਮਾਰ ਛਾਲ, ਬੂਰਕਾ, ਤੇ ਛੰਡ ਸੁਟ ਅਜਗਰ ਦੇ ਬੱਚਿਆਂ ਨੂੰ ਆਪਣੀਆਂ ਲੱਤਾਂ ਤੋਂ!"

ਜਿਉਂ ਜਿਉਂ ਚਾਬਕ ਲਗਦੀ ਗਈ ਬੂਰਕਾ ਵਿਚ ਨਵੀਂ ਤਾਕਤ ਆਉਂਦੀ ਗਈ। ਉਹ ਉਪਰ ਨੂੰ ਉਛਲਣ ਲਗ ਪਿਆ ਤੇ ਪੱਥਰ ਇਕ ਇਕ ਵੇਰਸਟ ਦੂਰ ਜਾਕੇ ਡਿਗਣ ਲੱਗੇ ਤੇ ਉਹਨੇ ਅਜਗਰ ਦੇ ਬੱਚੇ ਛੰਡ ਸੁੱਟੇ। ਉਹਨੇ ਉਹਨਾਂ ਨੂੰ ਆਪਣੇ ਖੁਰਾਂ ਹੇਠ ਮਧੋਲ ਸੁਟਿਆ ਤੇ ਦੰਦਾਂ ਨਾਲ ਉਹਨਾਂ ਦੀਆਂ ਬੋਟੀਆਂ ਕਰ ਛੱਡੀਆਂ ਤੇ ਸਭ ਦੀ ਮਿੱਝ ਕੱਢ ਦਿੱਤੀ।

ਫੇਰ ਦੋਬਰੀਨੀਯਾ ਘੋੜੇ ਤੋਂ ਉਤਰਿਆ ਤੇ ਉਹਨੇ ਆਪਣੀ ਤੇਜ਼ ਧਾਰ ਵਾਲੀ ਤਲਵਾਰ ਆਪਣੇ ਸੱਜੇ ਹੱਥ ਵਿਚ ਸੂਤ ਲਈ ਤੇ ਆਪਣਾ ਸੂਰਬੀਰਾਂ ਵਾਲਾ ਸਲੋਤਰ ਆਪਣੇ ਖੱਬੇ ਹੱਥ ਵਿਚ ਲੈ ਲਿਆ ਤੇ ਉਹ ਅਜਗਰ ਦੀਆਂ ਗੁਫਾਵਾਂ ਵੱਲ ਵਧਿਆ।

ਅਜੇ ਉਹਨੇ ਮਸਾਂ ਇਕ ਕਦਮ ਹੀ ਪੁਟਿਆ ਹੋਣੈ ਕਿ ਕਾਲਾ ਸ਼ਾਹ ਹਨੇਰਾ ਛਾ ਗਿਆ ਤੇ ਬੱਦਲ ਗੱਜਣ ਲੱਗੇ। ਪਹਾੜ ਦਾ ਅਜਗਰ, ਜ਼ਮੇਈ ਗੋਰੀਨਿਚ ਉਹਦੇ ਵੱਲ ਉਡਦਾ ਆਉਂਦਾ ਸੀ ਤੇ ਉਹਨੇ ਆਪਣੇ ਪੰਜਿਆਂ ਵਿਚ ਇਕ ਲਾਸ਼ ਫੜੀ ਹੋਈ ਸੀ। ਉਹਦੇ ਮੂੰਹ ਵਿਚੋਂ ਲਾਟਾਂ ਦੀਆਂ ਜੀਭਾਂ ਨਿਕਲਦੀਆਂ ਸਨ, ਕੰਨਾਂ ਵਿਚੋਂ ਧੂਆਂ ਉਡ ਰਿਹਾ ਸੀ ਤੇ ਉਹਦੇ ਤਾਂਬੇ ਦੇ ਪੰਜੇ ਅੱਗ ਵਾਂਗ ਦਗਦੇ ਸਨ।

ਜ਼ਮੇਈ ਗੋਰੀਨਿਚ ਨੇ ਦੋਬਰੀਨੀਯਾ ਨੂੰ ਵੇਖਿਆ ਤੇ ਉਹਨੇ ਲਾਸ਼ ਭੁੰਜੇ ਸੁੱਟ ਦਿੱਤੀ। ਉਹ ਬੱਦਲ ਵਾਂਗ ਗਜਦੀ ਆਵਾਜ਼ ਵਿਚ ਚਿੰਘਾੜਿਆ :

"ਦੋਬਰੀਨੀਯਾ, ਤੂੰ ਆਪਣਾ ਇਕਰਾਰ ਕਿਉਂ ਤੋੜਿਐ? ਤੂੰ ਮੇਰੇ ਬੱਚਿਆਂ ਨੂੰ ਕਾਹਦੇ ਲਈ ਮਿਧ ਕੇ ਮਾਰ ਸੁਟਿਐ?"

"ਸੁਣ ਓਏ ਤੂੰ ਨੀਚ ਸੱਪਾ!" ਦੋਬਰੀਨੀਯਾ ਕੂਕਿਆ। "ਮੈਂ ਤੋੜਿਐ ਆਪਣਾ ਇਕਰਾਰ? ਤੂੰ ਕੀਵ ਨੂੰ ਕਿਉਂ ਉਡ ਗਿਆ, ਅਜਗਰਾ? ਤੂੰ ਪੂਤੀਆਤਾ ਦੀ ਧੀ, ਜ਼ਾਬਾਵਾ ਨੂੰ ਕਾਹਦੇ ਲਈ

ਚੁੱਕ ਲਿਆਂਦੈ ? ਮੇਰੇ ਨਾਲ ਲੜਾਈ ਕੀਤੇ ਬਿਨਾਂ ਹੀ ਉਹਨੂੰ ਛਡ ਦੇ। ਫੇਰ ਜਿਹੜੀ ਗ਼ਲਤੀ ਤੂੰ ਕੀਤੀ ਏ ਮੈਂ ਮਾਫ ਕਰ ਦਿਆਂਗਾ।"

"ਕਦੇ ਨਹੀਂ।" ਅਜਗਰ ਗਰਜਿਆ। "ਪੁਤੀਆਤਾ ਦੀ ਧੀ, ਜ਼ਾਬਾਵਾ, ਤੈਨੂੰ ਕਦੇ ਨਹੀਂ ਮਿਲਣੀ। ਮੈਂ ਉਸ ਨੂੰ ਖਾ ਜਾਵਾਂਗਾ ਤੇ ਤੈਨੂੰ ਵੀ ਤੇ ਮੈਂ ਸਾਰੇ ਰੂਸੀ ਲੋਕਾਂ ਨੂੰ ਕੈਦੀ ਬਣਾ ਲਵਾਂਗਾ।"

ਦੋਬਰੀਨੀਯਾ ਨੂੰ ਤਿੰਨੀਂ ਕਪੜੀਂ ਅੱਗ ਲਗ ਗਈ ਤੇ ਉਹ ਅਜਗਰ ਨੂੰ ਟੁੱਟ ਕੇ ਪੈ ਗਿਆ।

ਦੋਹਾਂ ਵਿਚਕਾਰ ਘੋਰ ਯੁਧ ਹੋਇਆ।

ਸੋਰੋਚਿਨਸਕ ਪਹਾੜ ਦੀਆਂ ਚਟਾਨਾਂ ਹੇਠਾਂ ਢਹਿ ਪਈਆਂ, ਵੱਡੇ ਵਡੇ ਸ਼ੀਸ਼ਮ ਜੜ੍ਹੋਂ ਉਖੜ ਗਏ ਤੇ ਘਾਹ ਸਾਰਾ ਮਿੱਟੀ ਵਿਚ ਮਧੋਲਿਆ ਗਿਆ।...

ਪੂਰੇ ਤਿੰਨ ਦਿਨ ਤੇ ਤਿੰਨ ਰਾਤਾਂ ਉਹ ਲੜਦੇ ਰਹੇ। ਜ਼ਮੇਈ ਗੋਰੀਨਿਚ ਦਾ ਪਲੜਾ ਭਾਰਾ ਸੀ ਤੇ ਉਹਨੇ ਦੋਬਰੀਨੀਯਾ ਨੂੰ ਚੁਕਿਆ ਤੇ ਅਸਮਾਨ ਵੱਲ ਉਛਾਲਿਆ। ਪਰ ਦੋਬਰੀਨੀਯਾ ਨੂੰ ਆਪਣੀ ਚਾਬਕ ਦਾ ਚੇਤਾ ਆ ਗਿਆ, ਉਸ ਨੇ ਚਾਬਕ ਫੜੀ ਤੇ ਅਜਗਰ ਦੇ ਕੰਨਾਂ ਵਿਚਕਾਰ ਹੇਠਾਂ ਸੁੱਟੀ। ਜ਼ਮੇਈ ਗੋਰੀਨਿਚ ਗੋਡਿਆਂ ਪਰਨੇ ਡਿਗ ਪਿਆ, ਤੇ ਦੋਬਰੀਨੀਯਾ ਨੇ ਆਪਣੇ ਖੱਬੇ ਹੱਥ ਨਾਲ ਉਹਨੂੰ ਜ਼ਮੀਨ ਵਿਚ ਧਸੋੜ ਦਿੱਤਾ ਤੇ ਫੇਰ ਉਸ ਨੂੰ ਚਾਬਕ ਤੇ ਚਾਬਕ ਮਾਰਨ ਲੱਗਾ ਜਿਹੜੀ ਉਹਨੇ ਆਪਣੇ ਸੱਜੇ ਹੱਥ ਵਿਚ ਫੜੀ ਹੋਈ ਸੀ। ਉਹਨੇ ਆਪਣੀ ਰੇਸ਼ਮੀ ਚਾਬਕ ਨਾਲ ਉਹਨੂੰ ਝੰਬਿਆ, ਖੂਬ ਝੰਬਿਆ ਤੇ ਅਖੀਰ ਅਜਗਰ ਨਿਸੱਤਾ ਹੋ ਗਿਆ ਤੇ ਫੇਰ ਉਹਨੇ ਉਹਦੇ ਸਾਰੇ ਸਿਰ ਲਾਹ ਸੁੱਟੇ।

ਅਜਗਰ ਦਾ ਕਾਲਾ ਲਹੂ ਉਹਦੇ ਸਰੀਰ ਵਿਚੋਂ ਵਗ ਤੁਰਿਆ ਤੇ ਇਹ ਪੂਰਬ ਤੋਂ ਪਛਮ ਸਾਰੀ ਧਰਤੀ ਉਤੇ ਡੁਲ੍ਹ ਗਿਆ ਤੇ ਦੋਬਰੀਨੀਯਾ ਲੱਕ ਲੱਕ ਇਹਦੇ ਵਿਚ ਡੁਬ ਗਿਆ।

ਤਿੰਨ ਦਿਨ ਤੇ ਤਿੰਨ ਰਾਤਾਂ ਦੋਬਰੀਨੀਯਾ ਅਜਗਰ ਦੇ ਲਹੂ ਵਿਚ ਲੱਕ ਲੱਕ ਡੁਬਾ ਖਲੋਤਾ ਰਿਹਾ ਤੇ ਅਖੀਰ ਉਹਦੀਆਂ ਲੱਤਾਂ ਸੁੰਨ ਹੋ ਗਈਆਂ ਤੇ ਉਹਨੂੰ ਠੰਡ ਲਗਣ ਲਗ ਗਈ। ਰੂਸੀ ਧਰਤੀ ਕਿਸੇ ਅਜਗਰ ਦਾ ਲਹੂ ਨਹੀਂ ਪੀਂਦੀ।

ਦੋਬਰੀਨੀਯਾ ਨੇ ਵੇਖਿਆ ਕਿ ਉਹਦਾ ਅੰਤ ਨੇੜੇ ਆ ਗਿਆ ਸੀ ਤੇ ਉਹਨੇ ਸੱਤਾਂ ਰੰਗਾਂ ਦੇ ਰੇਸ਼ਮ ਦੀ ਬਣੀ ਆਪਣੀ ਚਾਬਕ ਫੜੀ ਤੇ ਇਸ ਨੂੰ ਜ਼ਮੀਨ ਉਤੇ ਮਾਰਿਆ।

ਦੋਬਰੀਨੀਯਾ ਬੋਲਿਆ :

"ਹੇ ਮੇਰੀ ਹਰੀ ਭਰੀ ਧਰਤੀ ਮਾਂ, ਤੂੰ ਪਾਟ ਜਾ, ਤੇ ਅਜਗਰ ਦਾ ਲਹੂ ਪੀ ਜਾ!"

ਤੇ ਧਰਤੀ ਪਾਟ ਗਈ ਤੇ ਉਸ ਨੇ ਅਜਗਰ ਦਾ ਸਾਰਾ ਲਹੂ ਪੀ ਲਿਆ।

ਨਿਕੀਤਾ ਦੇ ਪੁਤ, ਦੋਬਰੀਨੀਯਾ, ਨੇ ਆਰਾਮ ਕੀਤਾ ਤੇ ਉਹਨੇ ਹੱਥ ਮੂੰਹ ਧੋਤਾ ਤੇ ਆਪਣੇ

ਸੂਰਬੀਰ ਵਾਲੇ ਸ਼ਸਤਰ ਸਜਾਏ ਤੇ ਫੇਰ ਉਹ ਅਜਗਰ ਦੀਆਂ ਗੁਫ਼ਾਵਾਂ ਵੱਲ ਤੁਰ ਪਿਆ। ਗੁਫ਼ਾਵਾਂ ਨੂੰ ਤਾਂਬੇ ਦੇ ਬੂਹੇ ਲੱਗੇ ਹੋਏ ਸਨ, ਬੂਹਿਆਂ ਨੂੰ ਲੋਹੇ ਦੇ ਕੁੰਡੇ ਲੱਗੇ ਹੋਏ ਸਨ ਤੇ ਕੁੰਡਿਆਂ ਨੂੰ ਸੋਨੇ ਦੇ ਜੰਦਰੇ ਲੱਗੇ ਹੋਏ ਸਨ।

ਪਰ ਦੋਬਰੀਨੀਯਾ ਸੀ ਕਿ ਉਹਨੇ ਤਾਂਬੇ ਦੇ ਬੂਹੇ ਉਖੇੜ ਦਿੱਤੇ ਤੇ ਉਹਨੇ ਜੰਦਰੇ ਤੋੜ ਸੁਟੇ, ਕੁੰਡੇ ਪਟ ਸੁੱਟੇ ਤੇ ਉਹ ਪਹਿਲੀ ਗੁਫ਼ਾ ਵਿਚ ਵੜ ਗਿਆ। ਇਹ ਗੁਫ਼ਾ ਜ਼ਾਰਾਂ ਤੇ ਜ਼ਾਰਾਂ ਦੇ ਪੁਤਰਾਂ ਨਾਲ, ਰਾਜਿਆਂ ਤੇ ਰਾਜਿਆਂ ਦੇ ਪੁਤਰਾਂ ਨਾਲ ਭਰੀ ਹੋਈ ਸੀ ਜਿਹੜੇ ਸੱਤ ਸਮੁੰਦਰੋਂ ਪਾਰੋਂ ਤੇ ਸੱਤਾਂ ਧਰਤੀਆਂ ਤੋਂ ਏਥੇ ਆਏ ਹੋਏ ਸਨ। ਤੇ ਯੋਧੇ ਏਨੇ ਸਨ ਕਿ ਉਹਨਾਂ ਦੀ ਗਿਣਤੀ ਨਹੀਂ ਸੀ ਹੋ ਸਕਦੀ।

ਦੋਬਰੀਨੀਯਾ ਨੇ ਆਖਿਆ:

"ਸੁਣੋ, ਓਪਰੀਆਂ ਧਰਤੀਆਂ ਦੇ ਜ਼ਾਰੋ ਤੇ ਓਪਰੇ ਸਾਗਰਾਂ ਦੇ ਰਾਜਿਓ ਤੇ ਨਾਲੇ ਤੁਸੀਂ ਵੀ ਯੋਧਿਓ! ਆਓ ਬਾਹਰ, ਸੂਰਜ ਦਾ ਮੂੰਹ ਵੇਖੋ ਤੇ ਆਪੋ ਆਪਣੇ ਦੇਸ ਨੂੰ ਚਲੇ ਜਾਓ, ਪਰ ਰੂਸੀ ਸੂਰਬੀਰ ਨੂੰ ਨਾ ਭੁਲਿਓ! ਜੇ ਉਹ ਨਾ ਹੁੰਦਾ ਤਾਂ ਤੁਸੀਂ ਹਾਲੇ ਵੀ ਅਜਗਰ ਦੀ ਕੈਦ ਵਿਚ ਹੁੰਦੇ, ਹਮੇਸ਼ਾ ਹੀ ਰਹਿੰਦੇ।"

ਇਕ ਇਕ ਕਰਕੇ ਉਹ ਬਾਹਰ ਦਿਨ ਦੇ ਚਾਨਣ ਵਿਚ ਆ ਗਏ ਤੇ ਉਹਨਾਂ ਨੇ ਝੁਕ ਕੇ ਦੋਬਰੀਨੀਯਾ ਨੂੰ ਸਲਾਮ ਕੀਤਾ ਤੇ ਆਖਿਆ:

"ਅਸੀਂ ਤੈਨੂੰ ਕਦੇ ਨਹੀਂ ਭੁਲਾਵਾਂਗੇ, ਰੂਸੀ ਸੂਰਬੀਰਾ!"

ਤੇ ਦੋਬਰੀਨੀਯਾ ਅੱਗੇ ਤੁਰਦਾ ਗਿਆ ਤੇ ਉਹ ਇਕ ਤੋਂ ਮਗਰੋਂ ਦੂਜੀ ਗੁਫ਼ਾ ਖੋਹਲਦਾ ਗਿਆ ਤੇ ਉਸ ਨੇ ਅਜਗਰ ਦੇ ਕੈਦੀ ਆਜ਼ਾਦ ਕਰ ਦਿੱਤੇ। ਕੈਦ ਵਿਚ ਬੁਢੇ ਸਨ ਤੇ ਮੁਟਿਆਰਾਂ ਸਨ, ਬੱਚੇ ਸਨ ਤੇ ਬੁਢੀਆਂ ਤੀਵੀਆਂ ਸਨ, ਰੂਸੀ ਲੋਕ ਸਨ, ਬਦੇਸੀ ਧਰਤੀਆਂ ਦੇ ਲੋਕ ਸਨ, ਪਰ ਇਹਨਾਂ ਵਿਚ ਪੂਤੀਆਤਾ ਦੀ ਧੀ, ਜ਼ਾਬਾਵਾ, ਨਹੀਂ ਸੀ।

ਦੋਬਰੀਨੀਯਾ ਯਾਰਾਂ ਗੁਫ਼ਾਵਾਂ ਵਿਚੋਂ ਲੰਘ ਗਿਆ, ਪਰ ਬਾਰ੍ਹਵੀਂ ਗੁਫ਼ਾ ਵਿਚ ਜਾ ਕੇ ਅਖੀਰ ਉਹਨੂੰ ਪੂਤੀਆਤਾ ਦੀ ਧੀ, ਜ਼ਾਬਾਵਾ, ਵਿਖਾਈ ਦਿੱਤੀ। ਇਕ ਸਿਲ੍ਹੀ ਕੰਧ ਨਾਲ ਉਹ ਲਟਕੀ ਹੋਈ ਸੀ, ਉਹਦੇ ਹੱਥ ਸੋਨੇ ਦੀਆਂ ਜ਼ੰਜੀਰਾਂ ਵਿਚ ਜਕੜੇ ਹੋਏ ਸਨ। ਦੋਬਰੀਨੀਯਾ ਨੇ ਜ਼ੰਜੀਰਾਂ ਤੋੜ ਦਿੱਤੀਆਂ ਤੇ ਉਹਨੇ ਸ਼ਹਿਜ਼ਾਦੀ ਨੂੰ ਕੰਧ ਨਾਲੋਂ ਹੇਠਾਂ ਲਾਹਿਆ। ਉਹਨੇ ਉਸ ਨੂੰ ਆਪਣੀਆਂ ਬਾਹਵਾਂ ਵਿਚ ਚੁਕਿਆ ਤੇ ਗੁਫ਼ਾ ਵਿਚੋਂ ਬਾਹਰ ਦਿਨ ਦੇ ਚਾਨਣ ਵਿਚ ਲੈ ਆਇਆ।

ਪਰ ਪੂਤੀਆਤਾ ਦੀ ਧੀ, ਜ਼ਾਬਾਵਾ, ਦੇ ਪੈਰ ਡੋਲਦੇ ਸਨ ਤੇ ਉਹਨੇ ਸੂਰਜ ਤੋਂ ਡਰਦਿਆਂ ਆਪਣੀਆਂ ਅੱਖਾਂ ਬੰਦ ਕਰ ਲਈਆਂ ਤੇ ਉਹਨੇ ਦੋਬਰੀਨੀਯਾ ਵੱਲ ਵੀ ਨਾ ਵੇਖਿਆ। ਫੇਰ ਦੋਬਰੀਨੀਯਾ ਨੇ ਕੀ ਕੀਤਾ ਕਿ ਉਹਨੂੰ ਹਰੇ ਘਾਹ ਉਤੇ ਲਿਟਾ ਦਿੱਤਾ ਤੇ ਉਹਨੇ ਉਸ ਨੂੰ ਖਾਣ ਨੂੰ ਤੇ

ਪੀਣ ਨੂੰ ਦਿੱਤਾ। ਉਹਨੇ ਆਪਣਾ ਚੋਗਾ ਉਹਦੇ ਉਤੇ ਪਾ ਦਿੱਤਾ ਤੇ ਆਪ ਆਰਾਮ ਕਰਨ ਲਈ ਲੰਮਾ ਪੈ ਗਿਆ।

ਕੁਝ ਚਿਰ ਮਗਰੋਂ ਸੂਰਜ ਰਾਤ ਨਾਲ ਮੁਲਾਕਾਤ ਕਰਨ ਲਈ ਅਸਮਾਨ ਤੋਂ ਹੇਠਾਂ ਰਿੜ੍ਹ ਆਇਆ, ਤੇ ਦੋਬਰੀਨੀਯਾ ਜਾਗਿਆ ਤੇ ਉਹਨੇ ਬੂਰਕਾ ਤੇ ਕਾਠੀ ਪਾਈ ਤੇ ਸ਼ਹਿਜ਼ਾਦੀ ਨੂੰ ਜਗਾਇਆ। ਫੇਰ ਉਹ ਘੋੜੇ ਤੇ ਬਹਿ ਗਿਆ ਤੇ ਪੂਤੀਆਤਾ ਦੀ ਧੀ, ਜ਼ਾਬਾਵਾ, ਨੂੰ ਕਾਠੀ ਉਤੇ ਆਪਣੇ ਅੱਗੇ ਬਿਠਾ ਲਿਆ ਤੇ ਆਪਣੇ ਸਫਰ ਤੇ ਤੁਰ ਪਿਆ। ਉਹਦੇ ਆਸੇ ਪਾਸੇ ਬੇਅੰਤ ਲੋਕ ਖੜੇ ਸਨ, ਏਨੇ ਕਿ ਗਿਣਤੀ ਕਰਨਾ ਮੁਸ਼ਕਲ ਸੀ ਤੇ ਉਹਨਾਂ ਸਾਰਿਆਂ ਨੇ ਦੋਬਰੀਨੀਯਾ ਨੂੰ ਝੁਕ ਕੇ ਸਲਾਮ ਕੀਤਾ ਤੇ ਉਹਨਾਂ ਨੂੰ ਆਜ਼ਾਦ ਕਰਨ ਲਈ ਉਸ ਦ੍ਰਾ ਸ਼ੁਕਰੀਆ ਕੀਤਾ ਤੇ ਫੇਰ ਉਹ ਆਪੋ ਆਪਣੇ ਦੇਸਾਂ ਨੂੰ ਚਲੇ ਗਏ।

ਤੇ ਦੋਬਰੀਨੀਯਾ ਘੋੜੇ ਤੇ ਸਵਾਰ ਪੀਲੇ ਸਟੇਪੀ ਨੂੰ ਤੁਰ ਪਿਆ। ਉਹਨੇ ਆਪਣੇ ਘੋੜੇ ਨੂੰ ਅੱਡੀ ਲਾਈ ਤੇ ਪੂਤੀਆਤਾ ਦੀ ਧੀ, ਜ਼ਾਬਾਵਾ, ਨੂੰ ਲੈਕੇ ਕੀਵ ਵੱਲ ਹਵਾ ਹੋ ਗਿਆ।

ਪਾਦਰੀ ਦਾ ਪੁਤ, ਅਲੀਓਸ਼ਾ ਪਾਪੋਵਿਚ

ਜਿਸ ਦਿਨ ਧਰਤੀ ਤੇ, ਗਿਰਜੇ ਦੇ ਬੁਢੇ ਪਾਦਰੀ ਲਿਓਨਤੀ ਦੇ ਘਰ ਇਕ ਬਲਵਾਨ ਸੂਰਬੀਰ ਜੰਮਿਆ, ਉਸ ਦਿਨ ਅਸਮਾਨਾਂ ਵਿਚ ਪਹਿਲੀ ਦਾ ਚਮਕਦਾ ਚੰਨ ਚੜ੍ਹਿਆ ਸੀ। ਮੁੰਡੇ ਦਾ ਨਾਂ ਰਖਿਆ ਗਿਆ ਅਲੀਓਸ਼ਾ ਪਾਪੋਵਿਚ* ਜਿਹੜਾ ਸਚਮੁਚ ਹੀ ਬੜਾ ਸੁਹਣਾ ਫਬਵਾਂ ਨਾਂ ਸੀ।

ਅਲੀਓਸ਼ਾ ਦਾ ਪਾਲਣ ਪੋਸ਼ਣ ਹੋਣ ਲੱਗਾ, ਮਾਪੇ ਅਲੀਓਸ਼ਾ ਨੂੰ ਖੁਆਣ ਪਿਆਉਣ ਲਗੇ ਤੇ ਉਹ ਇਕ ਦਿਨ ਵਿਚ ਏਨਾ ਵਧ ਗਿਆ ਜਿੰਨਾ ਕੋਈ ਇਕ ਸਾਤੇ ਵਿਚ ਵਧੇ, ਤੇ ਉਹ ਇਕ ਸਾਤੇ ਵਿਚ ਏਨਾ ਵਧ ਗਿਆ ਜਿੰਨਾ ਕੋਈ ਵਰ੍ਹੇ ਵਿਚ ਵਧੇ।

ਵੇਲਾ ਆਇਆ ਤਾਂ ਅਲੀਓਸ਼ਾ ਫਿਰਨ ਤੁਰਨ ਲੱਗਾ, ਨਿਕਿਆਂ ਨਿਆਣਿਆਂ ਨਾਲ ਖੇਡਣ ਲੱਗਾ। ਜੇ ਉਹ ਕਿਸੇ ਦਾ ਹੱਥ ਫੜਦਾ ਤਾਂ ਹੱਥ ਟੁਟ ਜਾਂਦਾ, ਜੇ ਉਹ ਕਿਸੇ ਦੀ ਲੱਤ ਨੂੰ ਹੱਥ ਲਾ ਦੇਂਦਾ ਤਾਂ ਅਗਲੇ ਦੀ ਲੱਤ ਟੁਟ ਜਾਂਦੀ।

---

* ਇਸ ਦਾ ਅਰਥ ਹੈ ਪਾਦਰੀ ਦਾ ਪੁਤ।—**ਅਨੁ:**

ਜਦੋਂ ਅਲੀਓਸ਼ਾ ਪਾਪੋਵਿਚ ਜਵਾਨ ਹੋਇਆ ਤਾਂ ਉਹ ਆਪਣੇ ਮਾਂ ਪਿਓ ਕੋਲ ਗਿਆ ਤੇ ਉਸ ਘੋੜੇ ਦੀ ਸਵਾਰੀ ਕਰਨ ਤੇ ਖੁਲ੍ਹੇ ਮੈਦਾਨਾਂ ਵਿਚ ਸ਼ਿਕਾਰ ਚੜ੍ਹਨ ਦੀ ਅਸੀਸ ਮੰਗੀ। ਤੇ ਉਹਦੇ ਪਿਓ ਨੇ ਜਵਾਬ ਦਿੱਤਾ :

"ਅਲੀਓਸ਼ਾ ਪਾਪੋਵਿਚ, ਸੁਣ ਮੇਰੇ ਪੁਤ, ਜੇ ਤੂੰ ਚਾਹੁੰਦਾ ਏਂ ਤਾਂ ਖੁਲ੍ਹੇ ਮੈਦਾਨਾਂ ਵਿਚ ਜ਼ਰੂਰ ਜਾ, ਪਰ ਇਕ ਗੱਲ ਯਾਦ ਰਖ—ਐਸੇ ਬੰਦੇ ਵੀ ਹੈਨ ਜਿਹੜੇ ਤੇਰੇ ਨਾਲੋਂ ਤਕੜੇ ਨੇ, ਇਸ ਕਰਕੇ ਆਪਣੇ ਨਾਲ ਇਕ ਹਮਸਫਰ ਲੈ ਜਾ—ਪਾਰਾਨ ਦਾ ਪੁਤ, ਮਾਰਿਸ਼ਕੋ।"

ਦੋਵੇਂ ਸੁਣੱਖੇ ਗਭਰੂ ਆਪਣੇ ਸੁਹਣੇ ਬਹਾਦਰ ਘੋੜਿਆਂ ਤੇ ਚੜ੍ਹ ਬੈਠੇ ਤੇ ਖੁਲ੍ਹੇ ਮੈਦਾਨਾਂ ਨੂੰ ਤੁਰ ਪਏ। ਉਹ ਹਨੇਰੀ ਦੇ ਬੁੱਲੇ ਵਾਂਗ ਉਡ ਗਏ ਤੇ ਧੂੜ ਉਹਨਾਂ ਦੇ ਪਿੱਛੇ ਬੱਦਲ ਬਣਕੇ ਉਡਣ ਲਗੀ।

ਦੋਵੇਂ ਸੁਣੱਖੇ ਗਭਰੂ ਕੀਵ ਸ਼ਹਿਰ ਵਿਚ ਆ ਗਏ ਤੇ ਇਥੇ ਆਕੇ ਅਲੀਓਸ਼ਾ ਪਾਪੋਵਿਚ ਸਿੱਧਾ ਰਾਜੇ ਵਲਾਦੀਮੀਰ ਕੋਲ ਉਹਦੇ ਚਿੱਟੇ ਪੱਥਰ ਦੇ ਮਹਿਲੀਂ ਚਲਾ ਗਿਆ। ਜਿਵੇਂ ਧਰਮ-ਗ੍ਰੰਥ ਵਿਚ ਹੁਕਮ ਹੈ ਉਹਨੇ ਕਰਾਸ ਦਾ ਨਿਸ਼ਾਨ ਬਣਾਇਆ ਤੇ ਚਾਰੇ ਪਾਸੇ ਸਿਆਣਿਆਂ ਵਾਂਗ ਝੁਕ ਕੇ ਸਲਾਮ ਕੀਤਾ ਤੇ ਰਾਜਾ ਵਲਾਦੀਮੀਰ ਨੂੰ ਵਖਰੇ ਤੌਰ ਤੇ ਸਲਾਮ ਕੀਤਾ।

ਤੇ ਰਾਜਾ ਵਲਾਦੀਮੀਰ ਆਪ ਅੱਗੇ ਵਧਿਆ ਤੇ ਉਸ ਨੇ ਸੁਣੱਖੇ ਗਭਰੂਆਂ ਨੂੰ ਜੀ ਆਇਆਂ ਆਖਿਆ। ਤੇ ਉਸ ਨੇ ਉਹਨਾਂ ਨੂੰ ਸ਼ੀਸ਼ਮ ਦੇ ਮੇਜ਼ ਦੁਆਲੇ ਬਿਠਾਇਆ, ਤਾਂ ਜੋ ਮਾਸ ਸ਼ਰਾਬ ਨਾਲ ਉਹਨਾਂ ਦੀ ਦਾਅਵਤ ਕਰੇ ਤੇ ਉਹਨਾਂ ਕੋਲੋਂ ਹਾਲ ਚਾਲ ਪੁਛੇ ਤੇ ਖਬਰ ਖਬਾਰ ਪੁੱਛੇ। ਤੇ ਸੁਣੱਖੇ ਗਭਰੂਆਂ ਨੇ ਤਰ੍ਹਾਂ ਤਰ੍ਹਾਂ ਦੇ ਭੋਜਨ ਖਾਧੇ ਤੇ ਵਧੀਆ ਵਧੀਆ ਸ਼ਰਾਬਾਂ ਪੀਤੀਆਂ।

ਤੇ ਫੇਰ ਰਾਜੇ ਵਲਾਦੀਮੀਰ ਨੇ ਉਹਨਾਂ ਕੋਲੋਂ ਪੁਛਿਆ :

"ਤੁਸੀਂ ਕੌਣ ਹੋ ਪਈ ਸੁਣੱਖੇ ਗਭਰੂਓ ? ਕੋਈ ਬਹਾਦਰ ਸੂਰਬੀਰ ਜੇ ਜਾਂ ਫਿਰਤੂ ਮੁਸਾਫਰ ?"

ਤੇ ਅਲੀਓਸ਼ਾ ਪਾਪੋਵਿਚ ਨੇ ਜਵਾਬ ਦਿੱਤਾ :

"ਮੈਂ ਆਂ ਅਲੀਓਸ਼ਾ ਪਾਪੋਵਿਚ, ਗਿਰਜੇ ਦੇ ਬੁੱਢੇ ਪਾਦਰੀ ਲਿਓਨਤੀ ਦਾ ਪੁਤ, ਤੇ ਏਹ ਮੇਰਾ ਸਾਥੀ ਏ ਮਾਰਿਸ਼ਕੋ, ਪਾਰਾਨ ਦਾ ਪੁਤ।"

ਅਲੀਓਸ਼ਾ ਪਾਪੋਵਿਚ ਨੇ ਖੂਬ ਰੱਜ ਕੇ ਖਾਧਾ ਸੀ ਤੇ ਖੂਬ ਰੱਜ ਕੇ ਪੀਤੀ ਸੀ ਤੇ ਉਹ ਇੱਟਾਂ ਦੇ ਬਣੇ ਸਟੋਵ ਉਤੇ ਆਰਾਮ ਕਰਨ ਵਾਸਤੇ ਲੰਮਾ ਪੈ ਗਿਆ। ਤੇ ਮਾਰਿਸ਼ਕੋ ਅਜੇ ਮੇਜ਼ ਕੋਲੋਂ ਉਠਿਆ ਹੀ ਨਹੀਂ ਸੀ।

ਏਨੇ ਨੂੰ ਕੀ ਹੋਇਆ ਕਿ ਇਕ ਹੋਰ ਸੂਰਬੀਰ, ਅਜਗਰ ਦਾ ਪੁਤ, ਤੁਗਾਰਿਨ, ਰਾਜੇ ਵਲਾਦੀਮੀਰ ਕੋਲ ਆ ਨਿਕਲਿਆ। ਤੇ ਉਹ, ਅਜਗਰ ਦਾ ਪੁਤ, ਤੁਗਾਰਿਨ, ਸਿੱਧਾ ਚਿੱਟੇ ਪਥਰ ਦੇ ਹਾਲ ਕਮਰੇ ਵਿਚ ਰਾਜੇ ਵਲਾਦੀਮੀਰ ਕੋਲ ਆ ਗਿਆ। ਉਹਦਾ ਖੱਬਾ ਪੈਰ ਹਾਲੇ ਬਰੂਹਾਂ ਵਿਚ ਸੀ ਜਦੋਂ ਉਹਦਾ ਸੱਜਾ ਪੈਰ ਸ਼ੀਸ਼ਮ ਦੇ ਮੇਜ਼ ਕੋਲ ਟਿਕਿਆ ਹੋਇਆ ਸੀ। ਉਹ ਹਪੂੰ ਹਪੂੰ ਕਰਕੇ ਸਭ

ਕੁਝ ਖਾ ਗਿਆ, ਸਭ ਕੁਝ ਪੀ ਗਿਆ ਤੇ ਉਸ ਨੇ ਰਾਜੇ ਦੀ ਵਹੁਟੀ ਨੂੰ ਜੱਫਾ ਮਾਰ ਲਿਆ ਤੇ ਉਸ ਨੇ ਖੁਦ ਵਲਾਦੀਮੀਰ ਨੂੰ ਅਬਾ ਤਬਾ ਬੋਲਿਆ ਤੇ ਝਾੜਿਆ ਝੰਭਿਆ। ਉਹਨੇ ਇਕ ਰੋਟੀ ਮੂੰਹ ਵਿਚ ਇਕ ਪਾਸੇ ਰੱਖੀ, ਦੂਜੀ ਰੋਟੀ ਮੂੰਹ ਵਿਚ ਦੂਜੇ ਪਾਸੇ ਰਖੀ, ਤੇ ਉਹਨੇ ਸਾਬਤਾ ਹੰਸ ਜ਼ਬਾਨ ਉਤੇ ਰਖਿਆ ਤੇ ਇਕ ਪੂੜੇ ਨਾਲ ਇਸ ਨੂੰ ਸੰਘ ਵਿਚ ਧੱਕਿਆ ਤੇ ਇਕੋ ਵੱਡੇ ਬੁਰਕ ਵਿਚ ਉਹ ਸਭ ਕੁਝ ਨਿਗਲ ਗਿਆ।

ਅਲੀਓਸ਼ਾ ਨੇ ਇੱਟਾਂ ਦੇ ਸਟੋਵ 'ਤੇ ਪਿਆਂ ਪਿਆਂ ਹੀ ਅਜਗਰ ਦੇ ਪੁਤ ਨੂੰ ਇਹ ਗੱਲ ਆਖੀ:

"ਮੇਰੇ ਬੁਢੇ ਪਿਓ, ਗਿਰਜੇ ਦੇ ਪਾਦਰੀ ਲਿਓਨਤੀ ਕੋਲ ਇਕ ਬਹੁਤ ਵੱਡੀ ਗਾਂ ਸੀ, ਬਹੁਤ ਚਰਨ ਵਾਲੀ ਗਾਂ। ਏਹ ਗਾਂ, ਵੱਡੀ ਪੇਟੂ ਗਾਂ ਸ਼ਰਾਬ ਦੀਆਂ ਭੱਠੀਆਂ ਤੇ ਜਾਂਦੀ ਤੇ ਲਾਹਣ ਦੇ ਭਰੇ ਹੋਏ ਪੀਪਿਆਂ ਦੇ ਪੀਪੇ ਹੜਪ ਜਾਂਦੀ, ਤੇ ਇਕ ਵਾਰੀ ਏਦਾਂ ਲਾਹਣ ਹੜਪਣ ਮਗਰੋਂ ਉਹ ਝੀਲ ਤੇ ਗਈ ਤੇ ਝੀਲ ਦਾ ਸਾਰਾ ਪਾਣੀ ਪੀ ਗਈ। ਤੇ ਫੇਰ ਓਥੇ ਹੀ ਉਹਦਾ ਢਿੱਡ ਪਾਟ ਗਿਆ। ਤੇ ਮੈਨੂੰ ਜਾਪਦੈ ਕਿ ਤੇਰਾ ਵੀ, ਤੁਗਾਰਿਨ, ਏਥੇ ਮੇਜ਼ ਕੋਲ ਹੀ ਢਿਡ ਪਾਟ ਜਾਣੈ।"

ਅਲੀਓਸ਼ਾ ਦੀ ਇਸ ਗੱਲ ਤੇ ਤੁਗਾਰਿਨ ਗੁੱਸੇ ਵਿਚ ਆ ਗਿਆ ਤੇ ਉਹਨੇ ਅਸਪਾਤ ਦਾ ਫੁਲਦਾਰ ਛੁਰਾ ਉਹਨੂੰ ਵਗਾਹ ਮਾਰਿਆ, ਪਰ ਅਲੀਓਸ਼ਾ ਪਾਪੋਵਿਚ ਦੇ ਹਡ ਪੈਰ ਬੜੇ ਕੂਲੇ ਸਨ ਤੇ ਉਹ ਝਕਾਨੀ ਦੇਕੇ ਸ਼ੀਸ਼ਮ ਦੇ ਮੇਜ਼ ਓਹਲੇ ਹੋ ਗਿਆ। ਤੇ ਅਲੀਓਸ਼ਾ ਨੇ ਉਹਨੂੰ ਆਖਿਆ:

"ਹਾਰਦਿਕ ਧੰਨਵਾਦ ਤੇਰਾ, ਸੂਰਬੀਰ ਤੁਗਾਰਿਨ, ਅਜਗਰ ਦੇ ਪੁਤ ਕਿ ਤੂੰ ਆਪਣਾ ਅਸਪਾਤ ਦਾ ਫੁਲਦਾਰ ਛੁਰਾ ਮੈਨੂੰ ਦੇ ਦਿਤੈ ਕਿ ਮੈਂ ਤੇਰੀ ਗੋਰੀ ਹਿੱਕ ਚੀਰ ਸੁੱਟਾਂ ਤੇ ਤੇਰੀਆਂ ਚਮਕਦਾਰ ਅੱਖਾਂ ਵਿਚੋਂ ਡੇਲੇ ਕੱਢ ਸੁੱਟਾਂ।"

ਏਨੇ ਨੂੰ ਮਾਰਿਸ਼ਕੋ, ਪਾਰਾਨ ਦਾ ਪੁਤ, ਮੇਜ਼ ਕੋਲੋਂ ਉਛਲਿਆ ਤੇ ਉਹਨੇ ਤੁਗਾਰਿਨ ਨੂੰ ਕਾਬੂ ਕਰ ਲਿਆ ਤੇ ਉਹਨੇ ਉਸ ਨੂੰ ਏਡੇ ਜ਼ੋਰ ਨਾਲ ਧੱਕ ਕੇ ਪੱਥਰ ਦੀ ਕੰਧ ਵਿਚ ਮਾਰਿਆ ਕਿ ਬਾਰੀਆਂ ਦੇ ਸ਼ੀਸ਼ੇ ਚੂਰ ਚੂਰ ਹੋਕੇ ਹੇਠਾਂ ਆ ਪਏ।

ਤੇ ਫੇਰ ਮਾਰਿਸ਼ਕੋ ਨੇ ਅਲੀਓਸ਼ਾ ਨੂੰ ਆਖਿਆ:

"ਹਾ ਫੁਲਦਾਰ ਛੁਰਾ ਮੈਨੂੰ ਫੜਾ, ਅਲੀਓਸ਼ਾ, ਮੈਂ ਅਜਗਰ ਦੇ ਪੁਤ ਦੀ ਗੋਰੀ ਹਿੱਕ ਚੀਰ ਸੁਟਾਂਗਾ ਤੇ ਉਹਦੀਆਂ ਅੱਖਾਂ ਕੱਢ ਦਿਆਂਗਾ।"

ਪਰ ਅਲੀਓਸ਼ਾ ਨੇ ਜਵਾਬ ਦਿੱਤਾ:

"ਚਿਟੇ ਪੱਥਰ ਦੇ ਬਣੇ ਹਾਲ ਕਮਰਿਆਂ ਨੂੰ ਖਰਾਬ ਨਾ ਕਰ, ਮਾਰਿਸ਼ਕੋ। ਏਹਨੂੰ ਛੱਡ ਦੇ, ਬਾਹਰ ਖੁਲ੍ਹੇ ਮੈਦਾਨ ਵਿਚ ਚਲਾ ਜਾਵੇ। ਏਹ ਬਹੁਤੀ ਦੂਰ ਨਹੀਂ ਜਾ ਸਕਣ ਲੱਗਾ, ਤੇ ਭਲਕੇ ਖੁਲ੍ਹੇ ਮੈਦਾਨ ਵਿਚ ਆਪਾਂ ਏਹਨੂੰ ਜਾ ਟਕਰਾਂਗੇ।"

ਅਗਲੇ ਦਿਨ ਜਿੰਨਾ ਸਵਖਤੇ ਹੋ ਸਕਦਾ ਸੀ, ਸੂਰਜ ਚੜ੍ਹਦੇ ਨਾਲ ਹੀ ਮਾਰਿਸ਼ਕੋ, ਪਾਰਾਨ

ਦਾ ਪੁਤ, ਉਠ ਪਿਆ ਤੇ ਆਪਣੇ ਹਵਾ ਨਾਲ ਗੱਲਾਂ ਕਰਨ ਵਾਲੇ ਘੋੜਿਆਂ ਨੂੰ ਬਾਹਰ, ਤੇਜ਼ ਵਗਦੇ ਦਰਿਆ ਉਤੇ ਪਾਣੀ ਵਿਖਾਉਣ ਲੈ ਗਿਆ। ਅਤੇ ਉਹ ਕੀ ਵੇਖਦਾ ਹੈ ਕਿ ਤੁਗਾਰਿਨ, ਅਜਗਰ ਦਾ ਪੁਤ, ਅਸਮਾਨ ਵਿਚੋਂ ਉਡ ਕੇ ਹੇਠਾਂ ਆ ਰਿਹਾ ਹੈ ਤੇ ਅਲੀਓਸ਼ਾ ਪਾਪੋਵਿਚ ਨੂੰ ਬਾਹਰ ਖੁਲ੍ਹੇ ਮੈਦਾਨ ਵਿਚ ਆਉਣ ਲਈ ਹਾਕਾਂ ਮਾਰ ਰਿਹਾ ਹੈ। ਮਾਰਿਸ਼ਕੋ, ਪਾਰਾਨ ਦਾ ਪੁਤ, ਘੋੜੇ ਤੇ ਚੜ੍ਹ ਕੇ ਅਲੀਓਸ਼ਾ ਕੋਲ ਮੁੜ ਆਇਆ ਤੇ ਆਖਣ ਲੱਗਾ :

"ਰੱਬ ਦੀ ਕਸਮ, ਅਲੀਓਸ਼ਾ ਪਾਪੋਵਿਚ। ਤੂੰ ਮੈਨੂੰ ਫੁਲਦਾਰ ਛੁਰਾ ਕਿਉਂ ਨਾ ਫੜਾਇਆ? ਮੈਂ ਉਸ ਬੇਦੀਨੇ ਕੁੱਤੇ ਦੀ ਗੋਰੀ ਹਿੱਕ ਚੀਰ ਸੁਟਦਾ ਤੇ ਉਹਦੀਆਂ ਅੱਖਾਂ ਕੱਢ ਦੇਂਦਾ। ਤੇ ਹੁਣ ਅਸੀਂ ਤੁਗਾਰਿਨ ਦਾ ਕੀ ਵਿਗਾੜ ਸਕਦੇ ਆਂ, ਉਹ ਅਸਮਾਨੋਂ ਉਡਦਾ ਹੇਠਾਂ ਆ ਰਿਹੈ?"

ਇਹ ਸੁਣਕੇ ਅਲੀਓਸ਼ਾ ਪਾਪੋਵਿਚ ਆਪਣੇ ਹਵਾ ਨਾਲ ਗੱਲਾਂ ਕਰਨ ਵਾਲੇ ਘੋੜੇ ਨੂੰ ਬਾਹਰ ਲਿਆਇਆ, ਰੇਸ਼ਮ ਦੇ ਬਾਰਾਂ ਤੰਗਾਂ ਵਾਲੀ ਆਪਣੀ ਚਰਕਾਸ਼ੀਅਨ ਕਾਠੀ ਘੋੜੇ ਉਤੇ ਪਾਈ। ਇਹ ਤੰਗ ਸਜਾਵਟ ਲਈ ਨਹੀਂ ਮਜ਼ਬੂਤੀ ਲਈ ਸਨ। ਤੇ ਘੋੜੇ ਤੇ ਸਵਾਰ ਖੁਲ੍ਹੇ ਮੈਦਾਨ ਵਿਚ ਆਇਆ ਤੇ ਉਹਨੇ ਤੁਗਾਰਿਨ, ਅਜਗਰ ਦੇ ਪੁਤ, ਨੂੰ ਅਸਮਾਨੋਂ ਉਡ ਕੇ ਹੇਠਾਂ ਆਉਂਦਿਆਂ ਵੇਖਿਆ। ਤੇ ਅਲੀਓਸ਼ਾ ਪਾਪੋਵਿਚ ਨੇ ਅਸਮਾਨ ਵੱਲ ਨਜ਼ਰ ਮਾਰੀ, ਤੇ ਉਹਨੇ ਗੱਜਦੇ ਬੱਦਲ ਨੂੰ ਵਾਜ ਮਾਰੀ ਕਿ ਆਵੇ ਤੇ ਆਪਣੀਆਂ ਕਣੀਆਂ ਨਾਲ ਤੁਗਾਰਿਨ ਦੇ ਖੰਭ ਭਿਓਂ ਦੇਵੇ।

ਉਸੇ ਵੇਲੇ ਅਸਮਾਨ ਉਤੇ ਗੂੜ੍ਹਾ ਕਾਲਾ ਬੱਦਲ ਛਾ ਗਿਆ, ਤੇ ਉਹਨੇ ਮੀਂਹ ਦਾ ਛੜਾਕਾ ਸੁਟਿਆ ਤੇ ਤੁਗਾਰਿਨ ਦੇ ਘੋੜੇ ਦੇ ਖੰਭ ਗੜੁਚ ਕਰ ਦਿੱਤੇ। ਤੇ ਤੁਗਾਰਿਨ, ਅਜਗਰ ਦਾ ਪੁਤ ਧੜਮ ਕਰਕੇ ਹਰੀ ਭਰੀ ਧਰਤੀ ਆ ਡਿੱਗਾ ਤੇ ਉਹਦਾ ਘੋੜਾ ਖੁਲ੍ਹੇ ਮੈਦਾਨ ਵਿਚ ਤੁਰਨ ਲੱਗਾ।

ਅਲੀਓਸ਼ਾ ਪਾਪੋਵਿਚ ਤੇ ਤੁਗਾਰਿਨ ਜਦੋਂ ਆਪਸ ਵਿਚ ਟਕਰਾਏ ਤਾਂ ਲਗਾ ਜਿਵੇਂ ਦੋ ਪਹਾੜ ਟਕਰਾਏ ਹੋਣ। ਉਹਨਾਂ ਦੇ ਗੁਰਜ ਭਿੜੇ ਤੇ ਦੋ ਟੋਟੇ ਹੋ ਗਏ, ਉਹਨਾਂ ਦੇ ਬਰਛੇ ਭਿੜੇ ਤੇ ਬਰਛੇ ਵਿੰਗੇ ਹੋ ਗਏ, ਉਹਨਾਂ ਦੀਆਂ ਤਲਵਾਰਾਂ ਟਕਰਾਈਆਂ ਤਾਂ ਤਲਵਾਰਾਂ ਨੂੰ ਦੰਦੇ ਪੈ ਗਏ। ਅਚਨਚੇਤ ਅਲੀਓਸ਼ਾ ਕਾਠੀ ਵਿਚ ਡੋਲ ਗਿਆ ਤੇ ਉਹ ਤੂੜੀ ਦੀ ਪੰਡ ਵਾਂਗ ਹੇਠਾਂ ਲੁੜ੍ਹਕ ਪਿਆ। ਤੁਗਾਰਿਨ ਖੁਸ਼ੀ ਵਿਚ ਆਇਆ ਗਰਜਿਆ ਤੇ ਉਹ ਅਲੀਓਸ਼ਾ ਤੇ ਵਾਰ ਕਰਨ ਹੀ ਵਾਲਾ ਸੀ ਪਰ ਅਲੀਓਸ਼ਾ ਬੜਾ ਫੁਰਤੀਲਾ ਸੀ। ਉਹ ਝਕਾਨੀ ਦੇਕੇ ਆਪਣੇ ਘੋੜੇ ਦੇ ਹੇਠਾਂ ਚਲਾ ਗਿਆ ਤੇ ਦੂਜੇ ਪਾਸੇ ਤੋਂ ਸਵਾਰ ਹੋ ਗਿਆ ਤੇ ਉਹਨੇ ਫੁਲਦਾਰ ਛੁਰੇ ਨਾਲ ਤੁਗਾਰਿਨ ਨੂੰ ਉਹਦੀ ਛਾਤੀ ਦੇ ਹੇਠਾਂ ਇਕ ਮਾਰੂ ਵਾਰ ਕੀਤਾ। ਉਹਨੇ ਤੁਗਾਰਿਨ ਨੂੰ ਉਹਦੇ ਬਹਾਦਰ ਘੋੜੇ ਤੋਂ ਧੂਹ ਕੇ ਲਾਹ ਲਿਆ ਤੇ ਕੜਕ ਕੇ ਬੋਲਿਆ :

"ਹਾਰਦਿਕ ਸ਼ੁਕਰੀਆ ਤੇਰਾ, ਤੁਗਾਰਿਨ, ਅਜਗਰ ਦੇ ਪੁਤ, ਏਸ ਫੁਲਦਾਰ ਛੁਰੇ ਲਈ! ਹੁਣ ਮੈਂ ਤੇਰੀ ਗੋਰੀ ਹਿੱਕ ਚੀਰਾਂਗਾ ਤੇ ਤੇਰੀਆਂ ਚਮਕਦਾਰ ਅੱਖਾਂ ਕੱਢਾਂਗਾ।"

ਤੇ ਉਹਨੇ, ਅਲੀਓਸ਼ਾ ਨੇ, ਤੁਗਾਰਿਨ ਦਾ ਸਿਰ ਲਾਹ ਦਿੱਤਾ ਤੇ ਇਸ ਨੂੰ ਰਾਜੇ ਵਲਾਦੀਮੀਰ ਕੋਲ ਲੈ ਤੁਰਿਆ। ਤੇ ਘੋੜੇ ਚੜ੍ਹਿਆ ਉਹ ਸਿਰ ਲਈ ਜਾਂਦਾ ਸੀ, ਇਹਦੇ ਨਾਲ ਖੇਡਦਾ ਜਾਂਦਾ ਸੀ, ਤੇ ਇਹਨੂੰ ਉਪਰ ਅਸਮਾਨ ਵੱਲ ਉਛਾਲਦਾ ਸੀ ਤੇ ਆਪਣੇ ਨੇਜ਼ੇ ਦੀ ਨੋਕ ਉਤੇ ਟੰਗ ਲੈਂਦਾ ਸੀ। ਤੇ ਰਾਜਾ ਵਲਾਦੀਮੀਰ, ਉਹਦਾ ਤ੍ਰਾਹ ਨਿਕਲ ਗਿਆ।

"ਇਹ ਤਾਂ ਅਸਲ ਵਿਚ ਤੁਗਾਰਿਨ ਏ, ਅਜਗਰ ਦਾ ਪੁਤ, ਤੇ ਉਹਨੇ ਅਲੀਓਸ਼ਾ ਪਾਪੋਵਿਚ ਦਾ ਸਿਰ ਚੁਕਿਆ ਹੋਇਐ। ਹੁਣ ਉਹ ਸਾਨੂੰ ਸਭਨਾਂ ਰੂਸੀਆਂ ਨੂੰ ਜੇਲ੍ਹ ਵਿਚ ਸੁੱਟੇਗਾ।"

"ਗਮ ਨਾ ਕਰ, ਓ ਉਜਲੇ ਸੂਰਜ ਵਲਾਦੀਮੀਰ, ਕੀਵ ਦੀ ਸਲਤਨਤ ਦੇ ਰਾਜੇ! ਜੇ ਉਹ ਘੋੜੇ ਤੇ ਸਵਾਰ ਧਰਤੀ ਉਤੇ ਹੈ ਤੇ ਅਸਮਾਨ ਵਿਚ ਨਹੀਂ ਉਡਦਾ, ਉਹ ਬੇਦੀਨ ਕੁੱਤਾ ਤੁਗਾਰਿਨ, ਤਾਂ ਮੈਂ ਆਪਣੇ ਫੁਲਦਾਰ ਛੁਰੇ ਨਾਲ ਉਹਦਾ ਸਿਰ ਲਾਹ ਦਿਆਂਗਾ। ਏਸ ਲਈ ਧੀਰਜ ਰੱਖ, ਰਾਜਾ ਵਲਾਦੀਮੀਰ।"

ਫੇਰ ਮਾਰਿਸ਼ਕੋ, ਪਾਰਾਨ ਦੇ ਪੁਤ, ਨੇ ਆਪਣੀ ਛੋਟੀ ਦੂਰਬੀਨ ਨਾਲ ਵੇਖਿਆ ਤੇ ਉਹਨੂੰ ਪਤਾ ਲਗਿਆ ਕਿ ਇਹ ਤਾਂ ਅਲੀਓਸ਼ਾ ਪਾਪੋਵਿਚ ਸੀ।

"ਮੈਂ ਸੂਰਬੀਰ ਨੂੰ ਉਹਦੇ ਦਲੇਰ ਤੌਰ ਤਰੀਕਿਆਂ ਤੋਂ, ਉਹਦੀ ਬਹਾਦਰਾਨਾ ਚਾਲ ਢਾਲ ਤੋਂ ਪਛਾਣ ਲੈਂਦਾ ਹਾਂ। ਉਸ ਨੇ ਘੋੜੇ ਦੀਆਂ ਵਾਂਗਾਂ ਘੁਟ ਕੇ ਫੜੀਆਂ ਨੇ, ਉਹ ਸਿਰ ਨਾਲ ਖੇਡਦਾ ਏ ਤੇ ਇਸ ਨੂੰ ਅਸਮਾਨ ਵਿਚ ਉਛਾਲਦਾ ਏ ਤੇ ਫੇਰ ਆਪਣੇ ਨੇਜ਼ੇ ਦੀ ਨੋਕ ਤੇ ਟੰਗ ਲੈਂਦਾ ਏ। ਇਹ ਆਉਣ ਵਾਲਾ ਬੇਦੀਨ ਤੁਗਾਰਿਨ ਨਹੀਂ, ਸਗੋਂ ਅਲੀਓਸ਼ਾ ਪਾਪੋਵਿਚ, ਤੇ ਉਹ ਬੇਦੀਨ ਤੁਗਾਰਿਨ, ਅਜਗਰ ਦੇ ਪੁਤ, ਦਾ ਸਿਰ ਲਈ ਆਉਂਦਾ ਏ।



ਹਾਲੀ ਮੀਕੂਲਾ

ਇਕ ਵਾਰ ਦੀ ਗੱਲ ਹੈ ਕਿ ਇਕ ਦਿਨ ਸਵੇਰੇ ਸਵੇਰ ਵੋਲਗਾ ਵਸੇਸਲਾਵੀਏਵਿਚ ਗੁਰਚੇਵੇਤਸ ਤੇ ਓਰੇਖੋਵੇਤਸ ਨਾਂ ਦੇ ਤਜਾਰਤੀ ਸ਼ਹਿਰਾਂ ਤੋਂ ਟੈਕਸ ਉਗਰਾਹੁਣ ਤੁਰ ਪਿਆ।

ਉਹਦੇ ਤਿਆਰ-ਬਰ-ਤਿਆਰ ਬੰਦੇ ਆਪਣੇ ਬਹਾਦਰ ਘੋੜਿਆਂ ਤੇ, ਆਪਣੇ ਲਾਖੇ ਘੋੜਿਆਂ ਤੇ ਬੈਠੇ ਤੇ ਉਹਦੇ ਨਾਲ ਤੁਰ ਪਏ। ਉਹ ਖੁਲ੍ਹੇ ਖੇਤਾਂ, ਲੰਮੇ ਚੌੜੇ ਮੈਦਾਨਾਂ ਵਿਚ ਆਏ ਤਾਂ ਉਹਨਾਂ ਨੇ ਕੰਮ ਕਰਦੇ ਇਕ ਹਾਲੀ ਦੀ ਆਵਾਜ਼ ਸੁਣੀ। ਜਿਸ ਵੇਲੇ ਉਹ ਹਲ ਵਾਹੁੰਦਾ ਸੀ ਤੇ ਹਲ ਦਾ ਫਾਲਾ ਨਿੱਕੇ ਨਿੱਕੇ ਪੱਥਰਾਂ ਨਾਲ ਖਹਿਸਰਦਾ ਸੀ ਓਦੋਂ ਉਹਨਾਂ ਨੂੰ ਉਹਦੇ ਸੀਟੀਆਂ ਵਜਾਉਣ ਦੀ ਆਵਾਜ਼ ਸੁਣਦੀ ਸੀ। ਜਾਪਦਾ ਸੀ ਜਿਵੇਂ ਉਹ ਦੋ ਕਦਮਾ ਦੀ ਵਿਥ ਤੇ ਕਿਤੇ ਲਾਗੇ ਹੀ ਹੋਵੇ।

ਵੋਲਗਾ ਤੇ ਉਹਦੇ ਬੰਦੇ ਸਾਰਾ ਦਿਨ ਪੈਂਡੇ ਪਏ ਰਹੇ, ਰਾਤ ਪੈ ਗਈ ਪਰ ਹਾਲੀ ਅਜੇ ਵੀ ਕਿਧਰੇ ਨਜ਼ਰ ਨਹੀਂ ਸੀ ਆਉਂਦਾ। ਇਸ ਦੇ ਬਾਵਜੂਦ ਉਹਨਾਂ ਨੂੰ ਉਹਦੀਆਂ ਸੀਟੀਆਂ ਦੀ ਆਵਾਜ਼ ਸੁਣਦੀ ਸੀ ਤੇ ਉਹਦੇ ਲਕੜ ਦੇ ਹਲ ਦੀ ਚੀਂ ਚੀਂ ਤੇ ਫਾਲੇ ਦੀ ਰਗੜ ਦੀ ਆਵਾਜ਼ ਸੁਣਦੀ ਸੀ।

ਅਗਲੀ ਭਲਕ ਵੀ ਉਹ ਸਾਰਾ ਦਿਨ ਸਫਰ ਕਰਦੇ ਰਹੇ ਤੇ ਰਾਤ ਪੈ ਗਈ ਪਰ ਹਾਲੀ ਅਜੇ

ਵੀ ਕਿਧਰੇ ਨਜ਼ਰ ਨਹੀਂ ਸੀ ਆਉਂਦਾ। ਉਂਜ ਉਹਨਾਂ ਨੂੰ ਸੀਟੀਆਂ ਸੁਣਦੀਆਂ ਸਨ ਤੇ ਲਕੜ ਦੇ ਹਲ ਦੀ ਚੀਂ ਚੀਂ ਤੇ ਫਾਲੇ ਦੀ ਰਗੜ ਦੀ ਆਵਾਜ਼ ਸੁਣਦੀ ਸੀ।

ਤੀਜਾ ਦਿਨ ਵੀ ਮੁਕ ਗਿਆ ਤੇ ਅਖੀਰ ਵੋਲਗਾ ਤੇ ਉਹਦੇ ਬੰਦਿਆਂ ਨੂੰ ਹਾਲੀ ਵਿਖਾਈ ਦਿੱਤਾ। ਉਹ ਖੇਤ ਵਾਹ ਰਿਹਾ ਸੀ ਤੇ ਆਪਣੀ ਘੋੜੀ ਨੂੰ ਪੁਚਕਾਰ ਰਿਹਾ ਸੀ। ਜਿਹੜੇ ਸਿਆੜ ਉਸ ਕਢੇ ਸਨ ਉਹ ਖਾਈਆਂ ਜਿੱਨੇ ਡੂੰਘੇ ਸਨ। ਉਸ ਨੇ ਹੱਥ ਦੇ ਇਕ ਮਰੋੜੇ ਨਾਲ ਵੱਡੇ ਵੱਡੇ ਸ਼ੀਸ਼ਮ ਜੜ੍ਹੋਂ ਪੁਟਕੇ ਰਖ ਦਿਤੇ ਤੇ ਚਟਾਨਾਂ ਤੇ ਵੱਡੇ ਵਡੇ ਪੱਥਰਾਂ ਨੂੰ ਚੁਕ ਕੇ ਪਾਸੇ ਰਖ ਦਿੱਤਾ ਜਿਵੇਂ ਢੀਮਾਂ ਰੋੜੇ ਹੋਣ। ਜਦੋਂ ਉਹ ਕੰਮ ਕਰਦਾ ਸੀ ਤਾਂ ਉਹਦੇ ਕੁੰਡਲਾਂ ਵਾਲੇ ਵਾਲ ਹਵਾ ਵਿਚ ਲਹਿਰਦੇ ਸਨ ਤੇ ਉਹਦੇ ਮੋਢਿਆਂ ਉਤੇ ਰੇਸ਼ਮ ਵਾਂਗ ਤਿਲਕ ਤਿਲਕ ਪੈਂਦੇ ਸਨ।

ਹਾਲੀ ਦੀ ਘੋੜੀ ਬਹੁਤ ਸਾਧਾਰਨ ਸੀ ਤੇ ਉਹਦਾ ਹੱਲ ਮੈਪਲ ਦਾ ਬਣਿਆ ਹੋਇਆ ਸੀ ਤੇ ਉਹਦੇ ਰੱਸੇ ਸਿਲਕੀ ਸਨ। ਵੋਲਗਾ ਉਹਨੂੰ ਵੇਖਕੇ ਦੰਗ ਰਹਿ ਗਿਆ ਤੇ ਉਹਨੇ ਝੁਕ ਕੇ ਉਹਨੂੰ ਸਲਾਮ ਕੀਤਾ ਤੇ ਆਖਿਆ :

"ਸਲਾਮ ਆਂ, ਸਾਊ ਤੇ ਦਿਆਨਤਦਾਰ ਹਾਲੀਆ!"

"ਜੀ ਆਏ ਨੂੰ, ਵੋਲਗਾ ਵਸੇਸਲਾਵੀਏਵਿਚ। ਕਿਧਰ ਨੂੰ ਕਮਰ-ਕੱਸੇ ਕੀਤੇ ਨੇ?"

"ਮੈਂ ਗੁਰਚੇਵੇਤਸ ਤੇ ਓਰੇਖੋਵੇਤਸ ਸ਼ਹਿਰਾਂ ਨੂੰ ਚਲਿਆਂ ਵਪਾਰੀ ਲੋਕਾਂ ਕੋਲੋਂ ਟੈਕਸ ਉਗਰਾਹੁਣ।"

"ਵਾਹ, ਵੋਲਗਾ ਵਸੇਸਲਾਵੀਏਵਿਚ, ਏਹਨਾਂ ਸ਼ਹਿਰਾਂ ਦੇ ਵਪਾਰੀ ਤਾਂ ਸਭ ਲੁਟੇਰੇ ਨੇ। ਏਹ ਗਰੀਬ ਹਾਲੀ ਦੀ ਖੱਲ ਲਾਹੁੰਦੇ ਈ ਤੇ ਸੜਕ ਉਤੇ ਤੁਰਨ ਦਾ ਬੇਰਹਿਮੀ ਨਾਲ ਟੈਕਸ ਲੈਂਦੇ ਈ। ਇਕ ਵਾਰ ਮੈਂ ਗਿਆ ਸਾਂ ਓਧਰ ਲੂਣ ਲੈਣ ਤੇ ਮੈਂ ਤਿੰਨ ਬੋਰੀਆਂ ਖਰੀਦ ਲਈਆਂ, ਸੌ ਸੌ ਪੂਡ ਭਾਰੀਆਂ, ਤੇ ਉਹਨਾਂ ਨੂੰ ਮੈਂ ਆਪਣੀ ਸਲੇਟੀ ਘੋੜੀ ਤੇ ਲੱਦ ਲਿਆ ਤੇ ਘਰ ਨੂੰ ਤੁਰ ਪਿਆ। ਪਰ ਵਪਾਰੀਆਂ ਨੇ ਮੈਨੂੰ ਘੇਰਾ ਪਾ ਲਿਆ ਤੇ ਆਪਣੀ ਚੁੰਗੀ ਮੰਗਣ ਲਗੇ। ਜਿੱਨਾ ਪੈਸਾ ਮੈਂ ਉਹਨਾਂ ਨੂੰ ਦੇਵਾਂ, ਓਹ ਓਨਾ ਹੀ ਹੋਰ ਮੰਗੀ ਜਾਣ। ਮੈਂ ਬੜਾ ਤੰਗ ਆ ਗਿਆ ਤੇ ਮੈਨੂੰ ਬੜਾ ਰੋਹ ਚੜ੍ਹਿਆ ਤੇ ਮੈਂ ਆਪਣੀ ਰੇਸ਼ਮੀ ਚਾਬਕ ਨਾਲ ਉਹਨਾਂ ਦੀਆਂ ਝੋਲੀਆਂ ਭਰੀਆਂ। ਬਸ ਜਿਹੜਾ ਉਹਨਾਂ ਵਿਚ ਖਲੋਤਾ ਸੀ ਉਹ ਬਹਿ ਗਿਆ, ਤੇ ਜਿਹੜਾ ਬੈਠਾ ਹੋਇਆ ਸੀ ਉਹ ਲੰਮਾ ਪੈ ਗਿਆ।"

ਵੋਲਗਾ ਇਹ ਗੱਲ ਸੁਣ ਕੇ ਹੈਰਾਨ ਰਹਿ ਗਿਆ ਤੇ ਉਹਨੇ ਹਾਲੀ ਨੂੰ ਝੁਕ ਕੇ ਸਲਾਮ ਕੀਤਾ ਤੇ ਆਖਿਆ :

"ਮੇਰਾ ਤਰਲਾ ਈ, ਬੀਬਿਆ ਹਾਲੀਆ, ਤੂੰ ਅਸਲੀ ਸੂਰਬੀਰ ਏਂ, ਆ ਮੇਰੇ ਨਾਲ ਤੇ ਮੇਰਾ ਸਾਥੀ ਬਣ।"

"ਮੈਂ ਚਲਦਾਂ, ਵੋਲਗਾ ਵਸੇਸਲਾਵੀਏਵਿਚ। ਵਪਾਰੀਆਂ ਨੂੰ ਸਬਕ ਮਿਲਣਾ ਚਾਹੀਦੈ ਕਿ ਉਹ ਕਿਸਾਨਾਂ ਨਾਲ ਮਾੜਾ ਨਾ ਵਰਤਣ।"

ਫੇਰ ਹਾਲੀ ਨੇ ਆਪਣੇ ਹਲ ਨਾਲੋਂ ਰੇਸ਼ਮੀ ਰੱਸੇ ਖੋਹਲੇ। ਉਹਨੇ ਆਪਣੀ ਸਲੇਟੀ ਘੋੜੀ ਗਲੋਂ ਹਲ ਲਾਹਿਆ ਤੇ ਉਹਦੇ ਤੇ ਆਪ ਚੜ੍ਹ ਬੈਠਾ ਤੇ ਵੋਲਗਾ ਤੇ ਉਹਦੇ ਬੰਦਿਆਂ ਨਾਲ ਤੁਰ ਪਿਆ।

ਉਹ ਚੰਗੀ ਚਾਲੇ ਤੁਰਦੇ ਗਏ ਤੇ ਸ਼ਹਿਰਾਂ ਦਾ ਉਹਨਾਂ ਆਪਣਾ ਅੱਧਾ ਪੈਂਡਾ ਕਰ ਲਿਆ। ਹਾਲੀ ਨੇ ਵੋਲਗਾ ਵਸੇਸਲਾਵੀਏਵਿਚ ਨੂੰ ਕਿਹਾ :

"ਸਾਥੋਂ ਇਕ ਮਾੜੀ ਗੱਲ ਹੋ ਗਈ, ਵੋਲਗਾ, ਅਸੀਂ ਹਲ ਖੁਲ੍ਹੇ ਮੈਦਾਨ ਵਿਚ ਹੀ ਛੱਡ ਆਏ। ਆਪਣੇ ਬੰਦੇ ਘਲ ਏਹਨੂੰ ਪੁਟ ਕੇ ਬਾਹਰ ਕਢਣ ਤੇ ਮਿਟੀ ਝਾੜਣ ਤੇ ਹਲ ਨੂੰ ਬਰੂਮ ਦੀ ਝਾੜੀ ਹੇਠ ਰਖ ਆਉਣ।

ਤੇ ਵੋਲਗਾ ਨੇ ਆਪਣੇ ਤਿੰਨ ਬੰਦੇ ਇਸ ਕੰਮ ਲਈ ਭੇਜ ਦਿੱਤੇ।

ਉਹਨਾਂ ਨੇ ਹਲ ਨੂੰ ਸੱਜੇ ਖੱਬੇ ਮੋੜਿਆ ਮਰੋੜਿਆ, ਪਰ ਉਹਨਾਂ ਕੋਲੋਂ ਇਹ ਜ਼ਮੀਨ ਵਿਚੋਂ ਪੁਟਿਆ ਨਾ ਗਿਆ।

ਫੇਰ ਵੋਲਗਾ ਨੇ ਆਪਣੇ ਦਸ ਸੂਰਬੀਰ ਹਲ ਪੁਟਣ ਵਾਸਤੇ ਭੇਜੇ। ਉਹਨਾਂ ਦੇ ਵੀਹ ਹੱਥ ਸਨ ਤੇ ਉਹਨਾਂ ਨੇ ਹਲ ਨੂੰ ਸੱਜੇ ਖੱਬੇ ਮੋੜਿਆ ਮਰੋੜਿਆ, ਪਰ ਉਹਨਾਂ ਕੋਲੋਂ ਹਲ ਨਾ ਹਿਲਿਆ।

ਇਸ ਮਗਰੋਂ ਵੋਲਗਾ ਆਪਣੇ ਸਾਰੇ ਬੰਦਿਆਂ ਨਾਲ ਪਿਛੇ ਮੁੜਿਆ ਤੇ ਉਹ ਉਨੰਤੀ ਜਾਣੇ ਸਨ ਅਤੇ ਉਹਨਾਂ ਰਲਕੇ, ਇਕ ਹੋਕੇ ਸਾਰਿਆਂ ਪਾਸਿਆਂ ਤੋਂ ਹਲ ਫੜਿਆ। ਪੂਰਾ ਜ਼ੋਰ ਲਾਕੇ ਉਹ ਥਕ ਗਏ ਹਫ ਗਏ, ਪਰ ਹੱਲ ਉਹਨਾਂ ਕੋਲੋਂ ਵੀ ਨਾ ਹਿਲਿਆ, ਵਾਲ ਭਰ ਵੀ ਨਾ ਹਿਲਿਆ, ਤੇ ਆਪ ਉਹ ਗੋਡੇ ਗੋਡੇ ਜ਼ਮੀਨ ਵਿਚ ਧਸ ਗਏ।

ਫੇਰ ਹਾਲੀ ਘੋੜੇ ਤੋਂ ਉਤਰਿਆ, ਉਹਨੇ ਇਕ ਹੱਥ ਨਾਲ ਹਲ ਨੂੰ ਫੜਿਆ ਤੇ ਇਸ ਨੂੰ ਜ਼ਮੀਨ ਵਿਚੋਂ ਪੁਟ ਲਿਆ। ਉਹਨੇ ਫਾਲਿਆਂ ਨਾਲੋਂ ਮਿਟੀ ਝਾੜੀ, ਉਹਨੇ ਹਲ ਚੁੱਕਿਆ ਤੇ ਝਾੜੀ ਹੇਠ ਵਗਾਹ ਮਾਰਿਆ। ਹਲ ਬੱਦਲਾਂ ਜਿੱਨਾ ਉੱਚਾ ਉਡਿਆ ਤੇ ਝਾੜੀ ਦੇ ਪਾਰ ਭੁੰਜੇ ਆ ਡਿੱਗਾ ਤੇ ਮੁੰਨੀਆਂ ਤੱਕ ਜ਼ਮੀਨ ਵਿਚ ਖੁਭ ਗਿਆ।

ਇਹ ਕੰਮ ਕਰਕੇ, ਸੂਰਬੀਰ ਆਪਣੇ ਰਾਹ ਅਗਾਂਹ ਤੁਰ ਪਏ ਤੇ ਅਖੀਰ ਉਹ ਗੁਰਚੇਵੇਤਸ ਤੇ ਓਰੇਖੋਵੇਤਸ ਸ਼ਹਿਰ ਪਹੁੰਚ ਗਏ। ਪਰ ਓਹਨਾਂ ਸ਼ਹਿਰਾਂ ਦੇ ਵਪਾਰੀ ਬੜੇ ਛਟੇ ਫੂਕੇ ਤੇ ਹੁਸ਼ਿਆਰ ਚਲਾਕ ਸਨ। ਹਾਲੀ ਨੂੰ ਵੇਖਣ ਦੀ ਢਿਲ ਸੀ ਕਿ ਉਹ ਓਰੇਖੋਵੇਤਸ ਦਰਿਆ ਤੇ ਬਣੇ ਸ਼ੀਸ਼ਮ ਦੇ ਪੁਲ ਦੇ ਫੱਟੇ ਢਿਲੇ ਕਰ ਦਿੱਤੇ।

ਵੋਲਗਾ ਦੇ ਬੰਦੇ ਅਜੇ ਮਸਾਂ ਪੁਲ ਉਤੇ ਚੜ੍ਹੇ ਹੀ ਸਨ ਕਿ ਉਹਨਾਂ ਦੇ ਹੇਠੋਂ ਸ਼ੀਸ਼ਮ ਦੇ ਫੱਟੇ ਡਿਗ ਪਏ। ਵੋਲਗਾ ਦੇ ਬੰਦੇ ਲੱਗੇ ਗੋਤੇ ਖਾਣ ਤੇ ਡੁਬਣ, ਉਹ ਬਹਾਦਰ ਤਿਆਰ-ਬਰ-ਤਿਆਰ ਡੁਬ ਗਏ ਤੇ ਤਬਾਹ ਹੋ ਗਏ, ਬੰਦੇ ਵੀ ਤੇ ਘੋੜੇ ਵੀ ਹੇਠਾਂ ਪਾਣੀ ਵਿਚ ਜਾ ਪਏ।

ਵੋਲਗਾ ਤੇ ਮੀਕੂਲਾ ਬੜੇ ਖਿਝੇ ਹੋਏ ਤੇ ਪੂਰੀ ਤਰ੍ਹਾਂ ਰੋਹ ਵਿਚ ਆਏ ਹੋਏ ਸਨ। ਉਹਨਾਂ ਨੇ

ਆਪਣੇ ਘੋੜਿਆਂ ਨੂੰ ਚਾਬਕਾਂ ਲਾਈਆਂ ਤੇ ਉਹ ਇਕੋ ਛਾਲ ਵਿਚ ਦਰਿਆ ਪਾਰ ਕਰ ਗਏ ਤੇ ਦੂਜੇ ਕੰਢੇ ਪਹੁੰਚ ਕੇ ਉਹਨਾਂ ਨੇ ਪਾਜੀ ਵਪਾਰੀਆਂ ਦੀ ਭੁਗਤ ਸਵਾਰਨੀ ਸ਼ੁਰੂ ਕਰ ਦਿੱਤੀ।

ਹਾਲੀ ਮੀਕੂਲਾ ਨੇ ਚਾਰੇ ਪਾਸੇ ਆਪਣੀ ਚਾਬਕ ਵਰ੍ਹਾਈ ਤੇ ਉਸ ਨੇ ਉਹਨਾਂ ਨੂੰ ਆਖਿਆ :

"ਓਏ, ਲਾਲਚੀਓ, ਵਪਾਰੀਓ! ਕਿਸਾਨ ਸ਼ਹਿਰਾਂ ਨੂੰ ਰੋਟੀ ਦੇਵੇ ਤੇ ਮਿਠੀ ਸ਼ਰਾਬ ਨਾਲ ਤੁਹਾਡੀ ਤਿਹ ਬੁਝਾਵੇ, ਪਰ ਤੁਹਾਨੂੰ ਕਿਸਾਨ ਦਾ ਲੂਣ ਵੀ ਸੂਲ ਪਾਉਂਦੈ।"

ਤੇ ਵੋਲਗਾ ਨੇ ਆਪਣੇ ਬੰਦਿਆਂ ਤੇ ਆਪਣੇ ਬਹਾਦਰ ਘੋੜਿਆਂ ਦੀ ਜਾਨ ਦਾ ਬਦਲਾ ਲੈਣ ਲਈ ਆਪਣੇ ਡੰਡੇ ਨਾਲ ਵਪਾਰੀਆਂ ਦੇ ਖੂਬ ਹੱਡ ਸੇਕੇ।

ਫੇਰ ਕੀ ਹੋਇਆ ਕਿ ਗੁਰਚੇਵੇਤਸ ਦੇ ਵਪਾਰੀ ਆਪਣੀ ਕਰਤੂਤ ਤੇ ਪਛਤਾਉਣ ਲੱਗੇ ਤੇ ਰਹਿਮ ਲਈ ਲਿਲ੍ਹਕੜੀਆਂ ਲੈਣ ਲੱਗੇ।

"ਸਾਨੂੰ ਸਾਡੀ ਨੀਚਤਾ ਤੇ ਚਲਾਕੀ ਦੀ ਮਾਫ਼ੀ ਦੇ ਦਿਓ," ਉਹਨਾਂ ਆਖਿਆ। "ਸਾਡੇ ਕੋਲੋਂ ਭੇਟਾ ਲੈ ਲਓ ਤੇ ਹਾਲੀ ਵੀ ਜਾ ਕੇ ਆਰਾਮ ਨਾਲ ਆਪਣਾ ਲੂਣ ਖਰੀਦ ਲਵੇ, ਤੇ ਅਸੀਂ ਉਹਨਾਂ ਕੋਲੋਂ ਕੌਡੀ ਨਹੀਂ ਮੰਗਦੇ।"

ਤੇ ਫੇਰ ਵੋਲਗਾ ਨੇ ਬਾਰਾਂ ਸਾਲਾਂ ਦਾ ਟੈਕਸ ਉਗਰਾਹਿਆ, ਤੇ ਸੂਰਬੀਰ ਆਪਣੇ ਘਰੀਂ ਮੁੜ ਗਏ।

ਵੋਲਗਾ ਨੇ ਹਾਲੀ ਨੂੰ ਆਖਿਆ :

"ਆ, ਮੈਨੂੰ ਦਸ, ਰੂਸੀ ਸੂਰਬੀਰਾ, ਤੇਰਾ ਨਾਂ ਕੀ ਏ ਤੇ ਤੇਰੇ ਪਿਓ ਦਾ ਕੀ ਨਾਂ ਏ ਤਾਂ ਜੋ ਮੈਨੂੰ ਪਤਾ ਲੱਗੇ ਕਿ ਤੈਨੂੰ ਬੁਲਾਇਆ ਕਿਵੇਂ ਕਰਨਾ ਏ?"

"ਆ ਮੇਰੇ ਨਾਲ ਮੇਰੇ ਘਰ, ਵੋਲਗਾ ਵਸੇਸਲਾਵੀਏਵਿਚ," ਹਾਲੀ ਨੇ ਜਵਾਬ ਦਿੱਤਾ। "ਫੇਰ ਤੈਨੂੰ ਪਤਾ ਲਗ ਜਾਊ ਕਿ ਲੋਕ ਕਿਹੜੇ ਨਾਂ ਨਾਲ ਮੇਰਾ ਆਦਰ ਕਰਦੇ ਨੇ।"

ਸੂਰਬੀਰ ਘੋੜਿਆਂ ਤੇ ਸਵਾਰ ਅੱਗੇ ਵਧੇ ਤੇ ਉਹ ਖੇਤ ਵਿਚ ਆ ਗਏ, ਤੇ ਹਾਲੀ ਨੇ ਆਪਣਾ ਹਲ ਪੁਟਿਆ। ਫੇਰ ਉਹਨੇ ਸਾਰਾ ਖੇਤ ਵਾਹਿਆ ਤੇ ਇਹਦੇ ਵਿਚ ਸੁਨਹਿਰੀ ਅਨਾਜ ਬੀਜਿਆ।...

ਅਸਤਦੇ ਸੂਰਜ ਦੀਆਂ ਕਿਰਨਾਂ ਨਾਲ ਅਸਮਾਨ ਦਗ ਉਠਿਆ, ਤੇ ਓਧਰ ਹਾਲੀ ਦੇ ਖੇਤ ਵਿਚ ਰਾਈ ਦੀ ਸਰ ਸਰ ਹੋਣ ਲਗ ਪਈ ਸੀ।

ਹਨੇਰੀ ਰਾਤ ਆ ਲੱਥੀ, ਤੇ ਉਹਨੇ ਫਸਲ ਵੱਢੀ। ਤੜਕੇ ਉਹਨੇ ਫਸਲ ਗਾਹੀ, ਦੁਪਹਿਰੇ ਉਡਾਈ, ਰੋਟੀ ਵੇਲੇ ਤਾਈਂ ਉਹਨੇ ਪੀਹ ਲਈ ਤੇ ਆਟਾ ਗੁੰਨ ਲਿਆ ਤੇ ਤ੍ਰਿਕਾਲਾਂ ਨੂੰ ਉਹਨੇ ਲੋਕ ਨੂੰ ਆਦਰ ਮਾਣ ਨਾਲ ਦਾਅਵਤ ਉਤੇ ਸਦਿਆ।

ਉਹਨਾਂ ਨੇ ਪਾਈ ਖਾਧੀਆਂ, ਘਰ ਦੀ ਕੱਢੀ ਸ਼ਰਾਬ ਪੀਤੀ ਤੇ ਹਾਲੀ ਦੀ ਵਡਿਆਈ ਕੀਤੀ।

ਨੇਕ ਤੇ ਬੀਬੇ ਲੋਕਾਂ ਨੇ ਕਿਹਾ :

"ਅਸੀਂ ਦਿਲੋਂ ਤੇਰੇ ਧੰਨਵਾਦੀ ਆਂ, ਪਿਆਰੇ ਮੀਕੂਲਾ, ਹਾਲੀਆ!"

ਪਾਠਕ ਨੂੰ

ਇਸ ਕਿਤਾਬ ਦੇ ਅਨੁਵਾਦ, ਡੀਜ਼ਾਈਨ ਅਤੇ ਛਪਾਈ ਬਾਰੇ ਤੁਹਾਡੀ ਰਾਏ ਜਾਣ ਕੇ ਸਾਨੂੰ ਬੜੀ ਖ਼ੁਸ਼ੀ ਹੋਵੇਗੀ। ਅੱਗੋਂ ਛਪਣ ਵਾਲੀਆਂ ਕਿਤਾਬਾਂ ਲਈ ਤੁਹਾਡੇ ਸੁਝਾਵਾਂ ਦਾ ਵੀ ਅਸੀਂ ਸੁਆਗਤ ਕਰਾਂਗੇ।

ਸਾਡਾ ਪਤਾ ਹੈ :
ਰਾਦੂਗਾ ਪ੍ਰਕਾਸ਼ਨ
੧੭, ਜ਼ੂਬੋਵਸਕੀ ਬੂਲੇਵਾਰ,
ਮਾਸਕੋ, ਸੋਵੀਅਤ ਯੂਨੀਅਨ

РУССКИЕ НАРОДНЫЕ СКАЗКИ

На языке панджаби

Перевод сделан по книгам:
„Русские народные сказки“ в обработке А. Н. Толстого.
„Детгиз“, 1946. „Русские народные сказки“, М. „Гослит“. 1952 г.